
# ਮਾਰਕਸ ਏਂਗਲਜ਼

## ਧਰਮ



ਸਭਨਾਂ ਦੇਸਾਂ ਦੇ ਮਜ਼ਦੂਰੋ, ਇਕ ਹੋ ਜਾਓ!

# ਕਾ. ਮਾਰਕਸ
# ਫ਼. ਏਂਗਲਜ਼
# ਧਰਮ

ਸ਼ਹੀਦ ਭਗਤ ਸਿੰਘ ਭਵਨ
ਲਾਇਬ੍ਰੇਰੀ
੫੦੧·੨੫
ਰਾਏਕੋਟ

ਪ੍ਰਗਤੀ ਪ੍ਰਕਾਸ਼ਨ
ਮਾਸਕੋ

© ਪੰਜਾਬੀ ਅਨੁਵਾਦ, ਪ੍ਰਗਤੀ ਪ੍ਰਕਾਸ਼ਨ, ਮਾਸਕੋ, ੧੯੮੩

ਸੋਵੀਅਤ ਯੂਨੀਅਨ ਵਿਚ ਛਪਿਆ

МЭ $\frac{0101010000—539}{014(01)—83}$ 360—83

## ਤਤਕਰਾ


ਭੂਮਿਕਾ . . . . . . . . . . . . . . . . . . ੫

ਕਾ. ਮਾਰਕਸ। ਥੀਸਿਸ ਲਈ ਮੁਖ-ਬੰਧ: "ਡੈਮੋਕ੍ਰਾਈਟਸ ਦੇ ਪ੍ਰਕਿਰਤੀ ਸੰਬੰਧੀ ਦਰਸ਼ਨ ਅਤੇ ਐਪੀਕਿਊਰਸ ਦੇ ਪ੍ਰਕਿਰਤੀ ਸੰਬੰਧੀ ਦਰਸ਼ਨ ਵਿਚਕਾਰ ਅੰਤਰ" . . . . . . . . . . . . . ੯

ਕਾ. ਮਾਰਕਸ। «Kölnische Zeitung» ਦੇ ਅੰਕ ੧੭੯ ਵਿਚ ਮੁਖ ਲੇਖ ੧੩

ਕਾ. ਮਾਰਕਸ। ਹੀਗਲ ਦੇ ਕਾਨੂੰਨ ਸੰਬੰਧੀ ਦਰਸ਼ਨ ਦੀ ਆਲੋਚਨਾ ਵਿਚ ਪਾਇਆ ਹਿੱਸਾ। ਭੂਮਿਕਾ ਵਿਚੋਂ . . . . . . . . . . ੪੧

ਕਾ. ਮਾਰਕਸ ਅਤੇ ਫ਼. ਏਂਗਲਜ਼। ਪਵਿਤਰ ਪਰਵਾਰ, ਜਾਂ ਆਲੋਚਨਾਤਮਕ ਆਲੋਚਨਾ ਦੀ ਆਲੋਚਨਾ। ਬਰੂਨੋ ਬਾਵੇਰ ਅਤੇ ਉਹਦੇ ਸਾਥੀਆਂ ਵਿਰੁਧ (ਕਾਂਡ ੬ ਵਿਚੋਂ ਅੰਸ਼) . . . . . . . . . . . ੪੫

ਸ) ਫ਼ਰਾਂਸੀਸੀ ਪਦਾਰਥਵਾਦ ਵਿਰੁਧ ਆਲੋਚਨਾਤਮਕ ਲੜਾਈ . . ੪੫

ਕਾ. ਮਾਰਕਸ। ਫ਼ਿਊਰਬਾਖ਼ ਸੰਬੰਧੀ ਥੀਸਿਸ . . . . . . . . ੫੫

ਕਾ. ਮਾਰਕਸ ਅਤੇ ਫ਼. ਏਂਗਲਜ਼। ਜਰਮਨ ਵਿਚਾਰਧਾਰਾ (ਪਹਿਲੇ ਕਾਂਡ ਵਿਚੋਂ) ੫੯

ਕਾ. ਮਾਰਕਸ। «Rheinische Beobachter» ਦਾ ਕਮਿਊਨਿਜ਼ਮ (ਅੰਸ਼) . . . . . . . . . . . . . . ੬੭

ਕਾ. ਮਾਰਕਸ ਅਤੇ ਫ਼. ਏਂਗਲਜ਼। ਕਮਿਊਨਿਸਟ ਪਾਰਟੀ ਦਾ ਮੈਨੀਫ਼ੈਸਟੋ (ਕਾਂਡ ਦੋ ਅਤੇ ਕਾਂਡ ਤਿੰਨ ਵਿਚੋਂ ਅੰਸ਼) . . . . . . . . ੭੪

ਕਾ. ਮਾਰਕਸ ਅਤੇ ਫ਼. ਏਂਗਲਜ਼। «Neue Rheinische Zeitung. Politisch-Ökonomische Revue» ਦੇ ਦੂਜੇ ਅੰਕ ਵਿਚੋਂ ਦੀ ਸਮੀਖਿਆ। ਗ. ਫ੍ਰ. ਡਾਊਮਰ ਦੀ "ਨਵੇਂ ਜੁਗ ਦਾ ਧਰਮ। ਸੰਜੋਗਿਕ ਅਤੇ ਸੂਤਰਮਈ ਆਧਾਰ ਦਾ ਇਕ ਜਤਨ" ਦਾ ਰੀਵੀਊ (੨ ਸੈਂਚੀਆਂ, ਹੈਮਬਰਗ, ੧੮੫੦) . . . . . . . . ੭੭

ਫ਼. ਏਂਗਲਜ਼। ਜਰਮਨੀ ਵਿਚ ਕਿਸਾਨ ਜੰਗ (ਕਾਂਡ ੨) . . . . ੮੫

ਏਂਗਲਜ਼ ਵਲੋਂ ਮਾਰਕਸ ਦੇ ਨਾਂ, ਕਰੀਬ ੨੬ ਮਈ, ੧੮੫੩ . . . ੧੦੯

ਮਾਰਕਸ ਵਲੋਂ ਏਂਗਲਜ਼ ਦੇ ਨਾਂ, ੨ ਜੂਨ, ੧੮੫੩ . . . . . ੧੧੨


1*

ਏਂਗਲਜ਼ ਵਲੋਂ ਮਾਰਕਸ ਦੇ ਨਾਂ, ੬ ਜੂਨ, ੧੮੫੩ . . . . . . ੧੧੫
ਕਾ. ਮਾਰਕਸ। ਚਰਚ-ਵਿਰੋਧੀ ਲਹਿਰ—ਹਾਈਡ ਪਾਰਕ ਵਿਚ ਮੁਜ਼ਾਹਰਾ ੧੧੮
ਕਾ. ਮਾਰਕਸ। "ਸਰਮਾਇਆ", ਜਿਲਦ ਪਹਿਲੀ (ਅੰਸ਼) . . . ੧੨੭
ਫ਼. ਏਂਗਲਜ਼। ਪਰਵਾਸੀ ਸਾਹਿਤ (ਦੂਜੇ ਲੇਖ ਵਿਚੋਂ ਅੰਸ਼) . . . ੧੩੪
ਕਾ. ਮਾਰਕਸ। ਗੋਥਾ ਪ੍ਰੋਗਰਾਮ ਦੀ ਆਲੋਚਨਾ (ਅੰਸ਼) . . . . ੧੩੬
ਫ਼. ਏਂਗਲਜ਼। ਡੂਹਰਿੰਗ-ਵਿਰੁਧ (ਅੰਸ਼) . . . . . . . ੧੩੭
ਫ਼. ਏਂਗਲਜ਼। ਪ੍ਰਕਿਰਤੀ ਦਾ ਦਵੰਦ (ਅੰਸ਼) . . . . . . . . ੧੪੪
ਭੂਮਿਕਾ . . . . . . . . . . . . . . . ੧੪੪
ਰੂਹ ਦੀ ਦੁਨੀਆਂ ਵਿਚ ਪ੍ਰਾਕਿਰਤਕ ਵਿਗਿਆਨ . . . . . ੧੬੯
ਬਾਂਦਰ ਤੋਂ ਮਨੁਖ ਤੱਕ ਤਬਦੀਲੀ ਵਿਚ ਕਿਰਤ ਵਲੋਂ ਅਦਾ ਕੀਤਾ ਰੋਲ (ਅੰਸ਼) . . . . . . . . . . . . . . ੧੮੫
ਟਿਪਣੀਆਂ ਅਤੇ ਅੰਸ਼ (ਇਤਿਹਾਸਕ) . . . . . . . ੧੮੬
ਫ਼. ਏਂਗਲਜ਼। ਬਰੂਨੋ ਬਾਵੇਰ ਅਤੇ ਮੁਢਲੀ ਈਸਾਈਅਤ . . . . . ੧੯੨
ਫ਼. ਏਂਗਲਜ਼। ਅਗੰਮ-ਗਿਆਨ ਦੀ ਪੁਸਤਕ . . . . . . . ੨੦੪
ਫ਼. ਏਂਗਲਜ਼। ਲੁਡਵਿਗ ਫ਼ਿਊਰਬਾਖ਼ ਅਤੇ ਕਲਾਸੀਕੀ ਜਰਮਨ ਦਰਸ਼ਨ ਦਾ ਅੰਤ ੨੧੩
I . . . . . . . . . . . . . . . ੨੧੩
II . . . . . . . . . . . . . . . ੨੨੪
III . . . . . . . . . . . . . . . ੨੩੬
IV . . . . . . . . . . . . . . . ੨੪੫
ਫ਼. ਏਂਗਲਜ਼। ਕਾਨੂੰਨੀ ਸਮਾਜਵਾਦ (ਅੰਸ਼) . . . . . . . ੨੬੮
ਫ਼. ਏਂਗਲਜ਼ ਵਲੋਂ ਯ. ਬਲੋਖ਼ ਦੇ ਨਾਂ, ੨੧-੨੨ ਸਤੰਬਰ, ੧੮੯੦ . ੨੭੩
ਫ਼. ਏਂਗਲਜ਼। "ਸੋਸ਼ਲਿਜ਼ਮ: ਵਿਗਿਆਨਕ ਅਤੇ ਯੂਟੋਪੀਆਈ" ਦੀ ਅੰਗ੍ਰੇਜ਼ੀ ਛਾਪ ਲਈ ਮੁਖ-ਬੰਧ ਵਿਚੋਂ . . . . . . . . ੨੭੭
ਫ਼. ਏਂਗਲਜ਼। ਮੁਢਲੀ ਈਸਾਈਅਤ ਦੇ ਇਤਿਹਾਸ ਬਾਰੇ . . . . ੩੦੩
I . . . . . . . . . . . . . . . ੩੦੩
II . . . . . . . . . . . . . . . ੩੧੨
III . . . . . . . . . . . . . . . ੩੨੩
[illegible] . . . . . . . . . . . . . . . ੩੩੮
[illegible] . . . . . . . . . . . . . . . ੩੭੪
[illegible] . . . . . . . . ੪੦੬

# ਭੂਮਿਕਾ

ਹਥਲੇ ਸੰਗ੍ਰਹਿ ਵਿਚ ਉਹ ਕਿਰਤਾਂ ਸ਼ਾਮਲ ਹਨ ਜਿਨ੍ਹਾਂ ਵਿਚ ਮਾਰਕਸ ਅਤੇ ਏਂਗਲਜ਼ ਨੇ ਧਰਮ ਦੇ ਸਾਰ-ਤੱਤ ਅਤੇ ਮੂਲ ਬਾਰੇ ਅਤੇ ਜਮਾਤੀ ਸਮਾਜ ਵਿਚ ਇਸ ਦੇ ਰੋਲ ਬਾਰੇ ਆਪਣੇ ਦ੍ਰਿਸ਼ਟੀਕੋਣਾਂ ਦੀ ਵਿਆਖਿਆ ਕੀਤੀ ਹੈ। ਇਹ ਕਿਰਤਾਂ ਪ੍ਰੋਲਤਾਰੀ, ਮਾਰਕਸਵਾਦੀ ਅਨੀਸ਼ਵਰਵਾਦ ਦੀਆਂ ਸਿਧਾਂਤਕ ਬੁਨਿਆਦਾਂ ਰਖਦੀਆਂ ਹਨ। ਜਿਸ ਸੰਸਾਰ ਦ੍ਰਿਸ਼ਟੀਕੋਣ ਦੀ ਮਾਰਕਸ ਅਤੇ ਏਂਗਲਜ਼ ਨੇ ਨੀਂਹ ਰੱਖੀ ਸੀ ਉਹ ਪ੍ਰਕਿਰਤੀ ਅਤੇ ਸਮਾਜ ਦੇ ਵਿਕਾਸ ਦੇ ਬਾਹਰਮੁਖੀ ਨੇਮਾਂ ਉਤੇ ਪੂਰੀ ਤਰ੍ਹਾਂ ਆਧਾਰਤ ਹੈ। ਇਸ ਦਾ ਆਧਾਰ ਉਹ ਤੱਥ ਹਨ ਜਿਹੜੇ ਵਿਗਿਆਨ ਨੇ ਮੁਹਈਆ ਕੀਤੇ ਅਤੇ ਇਹ ਦ੍ਰਿਸ਼ਟੀਕੋਣ ਬੁਨਿਆਦੀ ਤੌਰ ਤੇ ਧਰਮ ਦੇ ਵਿਰੁਧ ਹੈ।

ਆਪਣੇ ਡਾਕਟਰ ਦੀ ਡਿਗਰੀ ਦੇ ਥੀਸਿਸ "ਡੈਮੋਕ੍ਰਾਈਟਸ ਦੇ ਪ੍ਰਕਿਰਤੀ ਸੰਬੰਧੀ ਦਰਸ਼ਨ ਅਤੇ ਐਪੀਕਿਊਰਸ ਦੇ ਪ੍ਰਕਿਰਤੀ ਸੰਬੰਧੀ ਦਰਸ਼ਨ ਵਿਚਕਾਰ ਅੰਤਰ" ਦੀ ਭੂਮਿਕਾ ਵਿਚ, ਜਿਸ ਨਾਲ ਹਥਲੇ ਸੰਗ੍ਰਹਿ ਦਾ ਆਰੰਭ ਹੁੰਦਾ ਹੈ, ਮਾਰਕਸ ਐਪੀਕਿਊਰਸ ਦੇ ਪਦਾਰਥਵਾਦੀ ਦਰਸ਼ਨ ਦੀ ਧਰਮ ਨਾਲ ਬੇਜੋੜਤਾ ਉਤੇ ਜ਼ੋਰ ਦੇਂਦਾ ਹੈ। "ਪਵਿਤਰ ਪਰਵਾਰ ਜਾਂ ਆਲੋਚਨਾਤਮਕ ਆਲੋਚਨਾ ਦੀ ਆਲੋਚਨਾ" ਵਿਚ, ਜਿਨ੍ਹਾਂ ਵਿਚੋਂ ਕੁਝ ਅੰਸ਼ ਇਸ ਸੰਗ੍ਰਹਿ ਵਿਚ ਸ਼ਾਮਲ ਕੀਤੇ ਗਏ ਹਨ, ਮਾਰਕਸ ਤੇ ਏਂਗਲਜ਼ ਨੇ ਪਿਛਾਂਹਖਿਚੂ ਸਾਮੰਤੀ ਅਤੇ ਧਾਰਮਿਕ ਦ੍ਰਿਸ਼ਟੀਕੋਣ ਵਿਰੋਧੀ ਸੰਗਰਾਮ ਵਿਚ ੧੮-ਵੀਂ ਸਦੀ ਦੇ ਫ਼ਰਾਂਸੀਸੀ ਪਦਾਰਥਵਾਦੀਆਂ ਦੇ ਮਹਾਨ ਰੋਲ ਨੂੰ ਦਰਸਾਇਆ ਹੈ ਅਤੇ ਇਕ ਪਾਸੇ ਅਨੀਸ਼ਵਰਵਾਦੀ ਪਰਚਾਰ, ਅਤੇ ਦੂਜੇ ਪਾਸੇ ਪਦਾਰਥਵਾਦੀ ਦਰਸ਼ਨ ਦੇ ਵਿਕਾਸ ਤੇ ਪ੍ਰਾਕਿਰਤਕ ਵਿਗਿਆਨਾਂ ਦੀਆਂ ਪ੍ਰਾਪਤੀਆਂ ਵਿਚਲੇ ਸੰਬੰਧ ਨੂੰ ਪ੍ਰਗਟ ਕੀਤਾ ਹੈ। ਮਾਰਕਸ ਅਤੇ ਏਂਗਲਜ਼ ਵਿਖਾਉਂਦੇ ਹਨ ਕਿ ਅਨੀਸ਼ਵਰਵਾਦ ਅਗਾਂਹ-ਵਧੂ ਜਮਾਤਾਂ ਦੀ ਵਿਲੱਖਣਤਾ ਹੈ, ਕਿ ਅੰਗ੍ਰੇਜ਼ ਤੇ ਫ਼ਰਾਂਸੀਸੀ ਪਦਾਰਥਵਾਦੀ ਅਨੀਸ਼ਵਰਵਾਦੀ ਉਠ ਰਹੀ ਬੁਰਜੂਆਜ਼ੀ ਦੇ ਵਿਚਾਰਵੇਤਾ ਸਨ। ਪਰ ਜਿਵੇਂ ਹੀ ਬੁਰਜੂਆਜ਼ੀ ਨੇ ਪ੍ਰਬਲਤਾ ਪ੍ਰਾਪਤ ਕਰ ਲਈ ਅਤੇ ਪ੍ਰੋਲਤਾਰੀ ਤੇ ਬੁਰਜੂਆਜ਼ੀ ਵਿਚਲੇ ਜਮਾਤੀ ਵੈਰ-ਵਿਰੋਧ ਤਿੱਖੇ ਹੋ ਗਏ, ਬੁਰਜੂਆਜ਼ੀ ਨੇ ਆਪਣੇ ਪਹਿਲੇ

ਸੁਤੰਤਰ-ਚਿੰਤਨ ਨੂੰ ਤਿਲਾਂਜਲੀ ਦੇ ਦਿਤੀ ਅਤੇ ਧਰਮ ਨੂੰ ਇਕ ਨਸ਼ੀਲੀ ਦਵਾਈ ਵਜੋਂ ਆਮ ਲੋਕਾਂ ਲਈ ਵਰਤਣਾ ਸ਼ੁਰੂ ਕਰ ਦਿਤਾ। ਏਂਗਲਜ਼ ਨੇ "ਸਮਾਜਵਾਦ: ਵਿਗਿਆਨਕ ਅਤੇ ਯੂਟੋਪੀਆਈ" ਦੀ ਅੰਗ੍ਰੇਜ਼ੀ ਛਾਪ ਦੀ ਭੂਮਿਕਾ ਵਿਚ ਇਸ ਦੀ ਨਿਗਰ ਤੇ ਸਪਸ਼ਟ ਵਿਆਖਿਆ ਕੀਤੀ ਹੈ। ਇਹ ਕਿਰਤ ਵੀ ਹਥਲੇ ਸੰਗ੍ਰਹਿ ਵਿਚ ਸ਼ਾਮਲ ਕੀਤੀ ਗਈ ਹੈ।

ਪੂਰਬਲੇ ਪਦਾਰਥਵਾਦੀ ਅਤੇ ਅਨੀਸ਼ਵਰਵਾਦੀ ਪਰਚਾਰ ਦੀਆਂ ਸੇਵਾਵਾਂ ਉਤੇ ਜ਼ੋਰ ਦੇਂਦੇ ਹੋਏ (੧੭-ਵੀਂ ਅਤੇ ੧੮-ਵੀਂ ਸਦੀ ਦੇ ਅੰਗ੍ਰੇਜ਼ ਤੇ ਫ਼ਰਾਂਸੀਸੀ ਪਦਾਰਥਵਾਦੀ, ਲ. ਫਿਊਰਬਾਖ਼ ਅਤੇ ਦੂਜੇ), ਮਾਰਕਸਵਾਦ ਦੇ ਬਾਨੀਆਂ ਨੇ ਨਾਲ ਹੀ ਨਾਲ ਬੁਰਜੂਆ ਅਨੀਸ਼ਵਰਵਾਦ ਦੇ, ਬੇਦਿਲੇ ਵਤੀਰੇ, ਇਸ ਦੀ ਡਾਵਾਂਡੋਲਤਾ ਤੇ ਜਮਾਤੀ ਸੀਮਾ, ਇਸ ਦੀ ਸਿਥਲਤਾ ਤੇ ਕਾਲਪਨਿਕ ਚਿੰਤਨਸ਼ੀਲਤਾ, ਧਰਮ ਦੀਆਂ ਸਮਾਜਕ ਜੜ੍ਹਾਂ ਨੰਗੀਆਂ ਕਰ ਸਕਣ ਲਈ ਇਸ ਦੀ ਅਸਮਰਥਾ ਦੀ ਆਲੋਚਨਾ ਵੀ ਕੀਤੀ।

ਸਿਰਫ ਮਾਰਕਸਵਾਦ ਹੀ ਧਰਮ ਦੇ ਸਾਰ-ਤੱਤ ਨੂੰ ਉਜਾਗਰ ਕਰਨ ਵਿਚ ਪੂਰੀ ਤਰ੍ਹਾਂ ਸਮਰਥ ਹੋਇਆ। ਇਸ ਨੇ ਦਸਿਆ ਕਿ ਧਰਮ "ਮਨੁਖਾਂ ਦੇ ਮਨਾਂ ਵਿਚ ਉਹਨਾਂ ਬਾਹਰੀ ਸ਼ਕਤੀਆਂ ਦੇ ਅਣੋਖੇ ਪ੍ਰਤਿਬਿੰਬ" ਤੋਂ ਬਿਨਾਂ ਕੁਝ ਨਹੀਂ "ਜਿਹੜੀਆਂ ਉਹਨਾਂ ਦੇ ਦੈਨਿਕ ਜੀਵਨ ਨੂੰ ਕੰਟਰੋਲ ਕਰਦੀਆਂ ਹਨ। ਉਹ ਪ੍ਰਤਿਬਿੰਬ ਜਿਸ ਵਿਚ ਸੰਸਾਰਕ ਸ਼ਕਤੀਆਂ ਪਰਾ-ਪ੍ਰਾਕਿਰਤਕ ਸ਼ਕਤੀਆਂ ਦਾ ਰੂਪ ਧਾਰ ਲੈਂਦੀਆਂ ਹਨ।" (ਵੇਖੋ ਇਸ ਸੰਗ੍ਰਹਿ ਦਾ ਪੰਨਾ ੧੩੯)

"ਸਰਮਾਇਆ", "ਡੂਹਰਿੰਗ-ਵਿਰੁਧ", "ਲੁਡਵਿਗ ਫ਼ਿਊਰਬਾਖ਼ ਅਤੇ ਕਲਾਸੀਕੀ ਜਰਮਨ ਦਰਸ਼ਨ ਦਾ ਅੰਤ" ਅਤੇ ਦੂਜੀਆਂ ਕਿਰਤਾਂ ਵਿਚ ਮਾਰਕਸ ਅਤੇ ਏਂਗਲਜ਼ ਨੇ ਧਰਮ ਦੀਆਂ ਜੜ੍ਹਾਂ ਨੰਗੀਆਂ ਕੀਤੀਆਂ ਹਨ। ਉਹਨਾਂ ਨੇ ਪ੍ਰਗਟ ਕੀਤਾ ਹੈ ਕਿ ਜਿਥੇ ਮਨੁਖੀ ਵਿਕਾਸ ਦੇ ਮੁਢਲੇ ਪੜਾਵਾਂ ਤੇ ਧਾਰਮਿਕ ਵਿਸ਼ਵਾਸ ਨੇ ਪ੍ਰਕਿਰਤੀ ਦੀਆਂ ਸ਼ਕਤੀਆਂ ਨਾਲ ਸੰਗਰਾਮ ਵਿਚ ਆਦਿ-ਕਾਲੀਨ ਮਨੁਖ ਦੀ ਲਾਚਾਰੀ ਵਿਚੋਂ ਜਨਮ ਲਿਆ ਸੀ, ਉਥੇ ਵਿਰੋਧਾਂ-ਭਰੇ, ਜਮਾਤੀ ਸਮਾਜ ਵਿਚ ਕਿਰਤੀ ਜਨਸਮੂਹ ਦਾ ਸਮਾਜਕ ਦਮਨ ਅਤੇ ਆਪਣੇ ਲੋਟੂਆਂ ਦੇ ਖਿਲਾਫ ਸੰਗਰਾਮ ਵਿਚ ਉਹਨਾਂ ਦੀ ਪ੍ਰਤੱਖ ਲਾਚਾਰੀ ਧਰਮ ਨੂੰ, ਇਸ ਜੀਵਨ ਤੋਂ ਮਗਰੋਂ ਚੰਗੇਰੇ ਜੀਵਨ ਵਿਚ ਵਿਸ਼ਵਾਸ ਨੂੰ, ਧਰਤੀ ਉਤੇ ਦੁਖੜੇ ਝਲਣ ਦੇ ਅਖੌਤੀ ਫਲ ਨੂੰ ਜਨਮ ਦੇਂਦੀ ਅਤੇ ਮਜ਼ਬੂਤ ਬਣਾਉਂਦੀ ਹੈ।

ਮਾਰਕਸ ਤੇ ਏਂਗਲਜ਼ ਦੀਆਂ ਕਿਰਤਾਂ "ਜਰਮਨ ਵਿਚਾਰਧਾਰਾ", "Rheinischer Beobachter ਦਾ ਕਮਿਊਨਿਜ਼ਮ" ਅਤੇ "ਕਮਿਊਨਿਸਟ ਪਾਰਟੀ ਦਾ ਮੈਨੀਫ਼ੈਸਟੋ" ਵਿਚੋਂ ਲਏ ਗਏ ਅੰਸ਼ਾਂ ਵਿਚ ਵਰਣਨ ਕੀਤਾ ਗਿਆ ਹੈ ਕਿ ਧਰਮ ਸਮਾਜਕ ਚੇਤੰਨਤਾ

ਦਾ ਇਕ ਰੂਪ, ਜਮਾਤੀ ਸਮਾਜ ਵਿਚ ਪਰਾਬਣਤਰ ਦਾ ਇਕ ਤੱਤ ਹੈ। ਮਾਰਕਸਵਾਦ ਦੇ ਬਾਨੀਆਂ ਨੇ ਉਜਾਗਰ ਕੀਤਾ ਹੈ ਕਿਵੇਂ ਧਰਮ ਸਮਾਜਕ ਸੰਬੰਧਾਂ ਦੇ ਵਿਕਾਸ ਉਤੇ, ਸਮਾਜ ਦੀ ਜਮਾਤੀ ਬਣਤਰ ਉਤੇ ਨਿਰਭਰ ਹੈ। ਉਹਨਾਂ ਨੇ ਉਜਾਗਰ ਕੀਤਾ ਹੈ ਕਿ ਲੋਟੂ ਜਮਾਤਾਂ ਆਮ ਜਨਤਾ ਨੂੰ ਹਨੇਰੇ ਵਿਚ ਰਖਣ ਅਤੇ ਦਬਾ ਕੇ ਰਖਣ ਦੇ ਇਕ ਸਾਧਨ ਵਜੋਂ ਧਰਮ ਦੀ ਮਜ਼ਬੂਤੀ ਵਿਚ ਦਿਲਚਸਪੀ ਰਖਦੀਆਂ ਹਨ। "ਧਰਮ ਲੋਕਾਂ ਲਈ ਅਫੀਮ ਹੈ," ਮਾਰਕਸ ਨੇ ੧੮੪੪ ਵਿਚ ਲਿਖਿਆ ਸੀ। ਇਹ ਕਥਨ ਧਰਮ ਬਾਰੇ ਸਮੁਚੇ ਮਾਰਕਸਵਾਦੀ ਦ੍ਰਿਸ਼ਟੀਕੋਣ ਦਾ ਕੋਣਵੀਂ-ਪੱਥਰ ਬਣ ਗਿਆ ਹੈ।

ਏਂਗਲਜ਼ ਦੀਆਂ ਕਿਰਤਾਂ "ਬਰੂਨੋ ਬਾਵੇਰ ਅਤੇ ਮੁਢਲੀ ਈਸਾਈਅਤ", "ਅਗੰਮ-ਗਿਆਨ ਦੀ ਪੁਸਤਕ" ਅਤੇ "ਮੁਢਲੀ ਈਸਾਈਅਤ ਦੇ ਇਤਿਹਾਸ ਬਾਰੇ" ਪ੍ਰਾਚੀਨ ਰੋਮਨ ਸ਼ਹਿਨਸ਼ਾਹੀ ਦੇ ਪਤਨ ਦੌਰਾਨ ਸਮਾਜਕ, ਰਾਜਨੀਤਕ ਅਤੇ ਵਿਚਾਰਧਾਰਕ ਸੰਗਰਾਮ ਦੀਆਂ ਇਤਿਹਾਸਕ ਹਾਲਤਾਂ ਉਤੇ ਚਾਨਣਾ ਪਾਉਂਦੀਆਂ ਹਨ ਜਿਨ੍ਹਾਂ ਤੋਂ ਈਸਾਈਅਤ ਦਾ ਜਨਮ ਹੋਇਆ ਸੀ। ਇਹ ਲੇਖ ਸਪਸ਼ਟ ਤੇ ਕਾਇਲ ਕਰਨ ਵਾਲੇ ਢੰਗ ਨਾਲ ਦਰਸਾਉਂਦੇ ਹਨ ਕਿ ਈਸਾਈਅਤ ਦਾ ਜਨਮ ਘੋਰ ਨਿਰਾਸ਼ਾ ਵਿਚ ਡੁਬੇ ਲੋਕਾਂ ਦੇ ਦ੍ਰਿਸ਼ਟੀਕੋਣ ਵਜੋਂ ਓਦੋਂ ਹੋਇਆ ਜਦੋਂ ਰੋਮਨ ਸ਼ਹਿਨਸ਼ਾਹੀ ਦੇ ਜੂਲੇ ਦੇ ਖਿਲਾਫ ਗੁਲਾਮਾਂ, ਮੁਥਾਜ ਲੋਕਾਂ ਅਤੇ ਗੁਲਾਮ ਕੌਮੀਅਤਾਂ ਦੀਆਂ ਅਣਗਿਣਤ ਬਗ਼ਾਵਤਾਂ ਲਹੂ ਵਿਚ ਡੁਬ ਗਈਆਂ।

"ਪ੍ਰਕਿਰਤੀ ਦਾ ਦਵੰਦ" ਦੇ ਕਾਂਡਾਂ ਤੇ ਅੰਸ਼ਾਂ ਵਿਚ ਏਂਗਲਜ਼ ਵਿਗਿਆਨਕ ਤੇ ਧਾਰਮਿਕ ਦ੍ਰਿਸ਼ਟੀਕੋਣਾਂ ਵਿਚਕਾਰ ਨਿਰੰਤਰ ਸੰਗਰਾਮ ਨੂੰ ਨਿੱਗਰ ਰੂਪ ਵਿਚ ਪਰਤੱਖ ਕਹਦਾ ਤੇ ਦਰਸਾਉਂਦਾ ਹੈ ਕਿ ਕਿਵੇਂ ਧਰਮ ਨੇ ਵਿਗਿਆਨ ਦੀ ਪ੍ਰਗਤੀ ਵਿਚ ਰੁਕਾਵਟ ਪਾਈ। ਧਰਮ ਦਾ ਸਾਰਾ ਇਤਿਹਾਸ ਵਿਗਿਆਨਕ ਚਿੰਤਨ ਦੇ ਵਿਕਾਸ ਵਿਰੁਧ ਲੜਾਈ ਦਾ ਇਤਿਹਾਸ ਹੈ। ਚਰਚ ਨੇ ਵੱਡੇ ਵੱਡੇ ਵਿਗਿਆਨੀਆਂ ਉਤੇ ਅੰਨ੍ਹੇ ਜ਼ੁਲਮ ਕੀਤੇ, ਉਹਨਾਂ ਨੂੰ ਤਸੀਹੇ ਦਿੱਤੇ, ਉਹਨਾਂ ਨੂੰ ਖੰਭਿਆਂ ਨਾਲ ਬੰਨ੍ਹਕੇ ਸਾੜਿਆ, ਉਹਨਾਂ ਦੀਆਂ ਲਿਖਤਾਂ ਉਤੇ ਪਾਬੰਦੀਆਂ ਲਾਈਆਂ ਜਾਂ ਉਹਨਾਂ ਨੂੰ ਬਰਬਾਦ ਕਰ ਦਿਤਾ। ਕੈਥੋਲਿਕ ਚਰਚ, ਇਨਕੁਈਜ਼ੀਸ਼ਨ ਜਿਸ ਦਾ ਹਥਿਆਰ ਸੀ, ਇਸ ਪਖੋਂ ਖਾਸ ਕਰਕੇ ਸਰਗਰਮ ਸੀ। ਸਦੀਆਂ ਤੱਕ ਚਰਚ ਨੇ ਅਤਿ ਦਰਜੇ ਦਾ ਪਿਛਾਂਹਖਿਚੂ ਰੋਲ ਅਦਾ ਕੀਤਾ ਅਤੇ ਸੰਸਾਰ ਦੇ ਵਿਗਿਆਨਕ ਸੰਕਲਪ ਵਿਰੁਧ, ਅਤੇ ਜਮਹੂਰੀ ਤੇ ਸਮਾਜਵਾਦੀ ਲਹਿਰ ਵਿਰੁਧ ਬੇਕਿਰਕੀ ਨਾਲ ਲੜਾਈ ਕੀਤੀ। ਪਰ ਪ੍ਰਾਕਿਰਤਕ ਵਿਗਿਆਨ ਦੇ ਵਿਕਾਸ ਨੇ ਅਟੱਲ ਰੂਪ ਵਿਚ ਧਾਰਮਿਕ ਤੇ ਆਦਰਸ਼ਵਾਦੀ ਦ੍ਰਿਸ਼ਟੀਕੋਣ ਵਿਚ ਵਧੇਰੇ ਤੋਂ ਵਧੇਰੇ ਤ੍ਰੇੜਾਂ ਪਾਈਆਂ। ਇਹੋ ਕਾਰਨ ਹੈ ਕਿ ਮਾਰਕਸਵਾਦ ਦੇ ਬਾਨੀ ਵਿਗਿਆਨਕ ਤੇ ਪਦਾਰਥਵਾਦੀ ਪਰਚਾਰ ਨੂੰ ਧਰਮ ਵਿਰੁਧ ਲੜਾਈ ਦਾ ਅਤਿ ਸ਼ਕਤੀਸ਼ਾਲੀ ਹਥਿਆਰ ਸਮਝਦੇ ਸਨ।

ਮਾਰਕਸ ਅਤੇ ਏਂਗਲਜ਼ ਨੇ ਧਰਮ ਦੇ ਖਿਲਾਫ ਦਮਨਕਾਰੀ ਢੰਗਾਂ ਦੀ ਵਰਤੋਂ ਕਰਨ ਲਈ ਅਰਾਜਕਤਾਵਾਦੀਆਂ ਤੇ ਬਲਾਂਕੀਵਾਦੀਆਂ, ਡੂਹਰਿੰਗ ਅਤੇ ਦੂਜਿਆਂ ਦੇ ਜਤਨਾਂ ਦੀ ਨਿਖੇਧੀ ਕੀਤੀ (ਵੇਖੋ "ਡੂਹਰਿੰਗ-ਵਿਰੁਧ" ਅਤੇ "ਪਰਵਾਸੀ ਸਾਹਿਤ", ਜਿਸ ਦੇ ਅੰਸ਼ ਇਸ ਸੰਗ੍ਰਹਿ ਵਿਚ ਸ਼ਾਮਲ ਹਨ)। ਉਹਨਾਂ ਨੇ ਸਿਧ ਕੀਤਾ ਕਿ ਧਰਮ ਉਤੇ ਪਾਬੰਦੀ ਅਤੇ ਅਤਿਆਚਾਰ ਕਰਨ ਨਾਲ ਧਾਰਮਿਕ ਭਾਵ ਕੇਵਲ ਤਿੱਖੇ ਹੀ ਹੋ ਸਕਦੇ ਹਨ। ਦੂਜੇ ਪਾਸੇ, ਮਾਰਕਸਵਾਦ, ਬੁਰਜੂਆ ਅਨੀਸ਼ਵਰਵਾਦ ਦੇ ਅਮੂਰਤ ਵਿਚਾਰਧਾਰਕ ਪਰਚਾਰ ਅਤੇ ਇਸ ਦੇ ਸੌੜੇ ਸਭਿਆਚਾਰਵਾਦ ਦੇ ਉਲਟ, ਦਰਸਾਉਂਦਾ ਹੈ ਕਿ ਧਰਮ ਨੂੰ ਓਨਾ ਚਿਰ ਮੇਟਿਆ ਨਹੀਂ ਜਾ ਸਕਦਾ ਜਿੰਨਾ ਚਿਰ ਉਹ ਸਮਾਜਕ ਤੇ ਰਾਜਨੀਤਕ ਪ੍ਰਸਥਿਤੀਆਂ ਨਹੀਂ ਮਿਟਦੀਆਂ ਜਿਹੜੀਆਂ ਇਸ ਨੂੰ ਮਜ਼ਬੂਤ ਕਰਦੀਆਂ ਹਨ। ਆਪਣੀ ਆਰਥਕ ਤੇ ਰਾਜਨੀਤਕ ਮੁਕਤੀ ਲਈ ਇਨਕਲਾਬੀ ਜਦੋ-ਜਹਿਦ ਵਿਚ ਕਿਰਤੀ ਲੋਕ ਆਪਣੇ ਆਪ ਨੂੰ ਧਾਰਮਿਕ ਵਿਚਾਰਾਂ ਅਤੇ ਵਹਿਮਾਂ ਭਰਮਾਂ ਤੋਂ ਮੁਕਤ ਕਰ ਲੈਂਦੇ ਹਨ। ਉਹਨਾਂ ਨੂੰ ਪਦਾਰਥਵਾਦੀ ਦ੍ਰਿਸ਼ਟੀਕੋਣ ਦੀ ਸਿਖਿਆ ਦੇ ਕੇ ਇਸ ਨੂੰ ਅੱਗੇ ਵਧਾਇਆ ਜਾਂਦਾ ਹੈ। ਮਾਰਕਸਵਾਦ ਦੇ ਬਾਨੀਆਂ ਨੇ ਪ੍ਰੋਲਤਾਰੀ ਪਾਰਟੀਆਂ ਦੇ ਆਗੂਆਂ ਨੂੰ ਸੱਦਾ ਦਿਤਾ ਸੀ ਕਿ ਉਹ ਮਜ਼ਦੂਰਾਂ ਵਿਚ ਪਦਾਰਥਵਾਦੀ ਸਾਹਿਤ ਦੀਆਂ ਸਭ ਤੋਂ ਚੰਗੀਆਂ ਕਿਰਤਾਂ ਅਤੇ ਪ੍ਰਾਕਿਰਤਕ ਤੇ ਸਮਾਜਕ ਵਿਗਿਆਨਾਂ ਦੀਆਂ ਪ੍ਰਾਪਤੀਆਂ ਦਾ ਪ੍ਰਚਾਰ ਕਰਨ।

* * *

ਇਸ ਸੰਗ੍ਰਹਿ ਵਿਚ ਸ਼ਾਮਲ ਰਚਨਾਵਾਂ ਸੋਵੀਅਤ ਯੂਨੀਅਨ ਦੀ ਕਮਿਊਨਿਸਟ ਪਾਰਟੀ ਦੀ ਕੇਂਦਰੀ ਕਮੇਟੀ ਦੇ ਮਾਰਕਸਵਾਦ-ਲੈਨਿਨਵਾਦ ਇੰਸਟੀਚਿਊਟ ਵਲੋਂ ਤਿਆਰ ਕੀਤੀ ਮਾਰਕਸ ਤੇ ਏਂਗਲਜ਼ ਦੀਆਂ ਰਚਨਾਵਾਂ ਦੀ ਦੂਜੀ ਛਾਪ ਵਿਚੋਂ ਲਈਆਂ ਗਈਆਂ ਹਨ।

ਇਸ ਸੰਗ੍ਰਹਿ ਦੀ ਸਾਰੀ ਸਮਗਰੀ ਨੂੰ ਇਤਿਹਾਸਕ ਕ੍ਰਮ ਵਿਚ ਰਖਿਆ ਗਿਆ ਹੈ। ਸੰਗ੍ਰਹਿ ਦੇ ਅੰਤ ਵਿਚ ਸੰਪਾਦਕੀ ਨੋਟ, ਨਾਮਾਵਲੀ, ਬਾਈਬਲ ਦੀ, ਸਾਹਿਤਕ ਅਤੇ ਮਿਥਿਹਾਸਕ ਨਾਮਾਵਲੀ ਅਤੇ ਦਿਤੀ ਗਈ ਹੈ।

# ਥੀਸਿਸ ਲਈ ਮੁਖ-ਬੰਧ:

# "ਡੈਮੋਕ੍ਰਾਈਟਸ ਦੇ ਪ੍ਰਕਿਰਤੀ ਸੰਬੰਧੀ ਦਰਸ਼ਨ ਅਤੇ ਐਪੀਕਿਊਰਸ ਦੇ ਪ੍ਰਕਿਰਤੀ ਸੰਬੰਧੀ ਦਰਸ਼ਨ ਵਿਚਕਾਰ ਅੰਤਰ"

ਜੇ ਇਸ ਨਿਬੰਧ ਦਾ ਮੁਢਲਾ ਮਨੋਰਥ ਡਾਕਟਰ ਦੀ ਡਿਗਰੀ ਲਈ ਖੋਜ-ਨਿਬੰਧ ਲਿਖਣਾ ਨਾ ਹੁੰਦਾ, ਤਾਂ ਇਕ ਪਾਸੇ ਇਸ ਦਾ ਰੂਪ ਵਧੇਰੇ ਸਹੀ ਅਰਥਾਂ ਵਿਚ ਵਿਗਿਆਨਕ, ਅਤੇ ਦੂਜੇ ਪਾਸੇ ਇਸ ਦੀਆਂ ਬਹੁਤ ਸਾਰੀਆਂ ਦਲੀਲਾਂ ਘਟ ਪੰਡਤਾਊ ਹੁੰਦੀਆਂ। ਇਸ ਦੇ ਬਾਵਜੂਦ ਮੈਂ ਬਾਹਰਲੇ ਕਾਰਨਾਂ ਕਰਕੇ ਇਸ ਨੂੰ ਇਸੇ ਰੂਪ ਵਿਚ ਹੀ ਛਪਣ ਲਈ ਭੇਜਣ ਵਾਸਤੇ ਮਜਬੂਰ ਹਾਂ। ਇਸ ਤੋਂ ਇਲਾਵਾ, ਮੇਰਾ ਵਿਸ਼ਵਾਸ ਹੈ ਕਿ ਮੈਂ ਇਸ ਵਿਚ ਉਹ ਸਮੱਸਿਆ ਨਜਿਠ ਲਈ ਹੈ ਜਿਹੜੀ ਹੁਣ ਤੱਕ ਯੂਨਾਨੀ ਦਰਸ਼ਨ ਦੇ ਇਤਿਹਾਸ ਵਿਚ ਅਣਨਜਿਠੀ ਪਈ ਸੀ।

ਵਿਸ਼ੇਸ਼ਗ ਜਾਣਦੇ ਹਨ ਕਿ ਇਸ ਨਿਬੰਧ ਦੇ ਵਿਸ਼ੇ ਲਈ ਕੋਈ ਮੁਢਲੇ ਅਧਿਅਨ ਮੌਜੂਦ ਨਹੀਂ ਜਿਨ੍ਹਾਂ ਤੋਂ ਮਾਮੂਲੀ ਤੋਂ ਮਾਮੂਲੀ ਲਾਭ ਵੀ ਹੋ ਸਕੇ। ਸਿਸਰੋ ਤੇ ਪਲੂਟਾਰਕ ਨੇ ਜਿਹੜੇ ਯੱਕੜ ਮਾਰੇ ਹਨ ਉਹਨਾਂ ਤੋਂ ਮਗਰੋਂ ਅੱਜ ਦਿਨ ਤੱਕ ਉਹੀ ਯੱਕੜ ਮਾਰੇ ਗਏ ਹਨ। ਗਾਸੇਂਦੀ, ਜਿਸ ਨੇ ਐਪੀਕਿਊਰਸ ਨੂੰ ਉਸ ਬੰਧਨ ਤੋਂ ਮੁਕਤ ਕੀਤਾ ਜਿਹੜਾ ਚਰਚ ਦੇ ਮੋਢੀਆਂ ਅਤੇ ਸਮੁਚੇ ਮਧ ਜੁਗ ਨੇ, ਸਾਕਾਰ ਅਤਰਕ ਦੇ ਦੌਰ ਨੇ, ਉਸ ਉਤੇ ਲਾਇਆ ਸੀ, ਆਪਣੀਆਂ ਵਿਆਖਿਆਵਾਂ[1] ਵਿਚ ਕੇਵਲ ਇਕੋ ਇਕ ਦਿਲਚਸਪ ਤੱਤ ਪੇਸ਼ ਕੀਤਾ ਹੈ। ਉਹ ਆਪਣੀ ਕੈਥੋਲਿਕ ਜ਼ਮੀਰ ਨੂੰ ਆਪਣੇ ਕੁਫਰ ਗਿਆਨ ਨਾਲ ਅਤੇ ਐਪੀਕਿਊਰਸ ਨੂੰ ਚਰਚ ਨਾਲ ਸੁਮੇਲਣ ਦਾ ਜਤਨ ਕਰਦਾ ਹੈ ਜੋ ਨਿਸਚੇ ਹੀ ਅਕਾਰਥ ਜਤਨ ਸੀ। ਇਹ ਇਸ ਤਰ੍ਹਾਂ ਹੈ ਜਿਵੇਂ ਕੋਈ ਈਸਾਈ ਸੰਤਣੀ ਦੇ ਕਪੜਿਆਂ ਨੂੰ ਯੂਨਾਨੀ ਲਾਈਜ਼ * ਦੇ ਟਹਿਕਦੇ ਜੋਬਨ ਵਾਲੇ ਪਿੰਡੇ ਉਤੇ ਪਾਉਣਾ ਚਾਹੁੰਦਾ ਹੋਵੇ। ਬਜਾਏ ਇਸ ਦੇ ਕਿ ਉਹ ਐਪੀਕਿਊਰਸ ਦੇ ਦਰਸ਼ਨ ਬਾਰੇ ਸਾਨੂੰ ਸਿਖਿਆ ਦੇ ਸਕਦਾ, ਗਾਸੇਂਦੀ ਐਪੀਕਿਊਰਸ ਕੋਲੋਂ ਦਰਸ਼ਨ ਦੀ ਸਿਖਿਆ ਲੈਂਦਾ ਹੈ।

---

* ਕਰਮਵਾਰ ਪੰਜਵੀਂ ਸਦੀ ਦੀ ਇਕ ਪ੍ਰਸਿਧ ਯੂਨਾਨੀ ਦੇਵੀ ।—ਸੰਪਾ:

ਇਸ ਨਿਬੰਧ ਨੂੰ ਉਸ ਵਡੇਰੀ ਰਚਨਾ ਲਈ ਕੇਵਲ ਇਕ ਮੁਢਲੀ ਸਮਗਰੀ ਸਮਝਿਆ ਜਾਏ ਜਿਸ ਵਿਚ ਮੈਂ ਸਮੁਚੇ ਯੂਨਾਨੀ ਕਿਆਸੀ ਚਿੰਤਨ[2] ਦੇ ਸੰਬੰਧ ਵਿਚ ਐਪੀਕਿਊਰੀਆਈ, ਸਹਿਜ-ਮਾਰਗੀ ਅਤੇ ਸੰਦੇਹਵਾਦੀ ਦਰਸ਼ਨ ਦੇ ਚੱਕਰ ਨੂੰ ਵਿਸਥਾਰ ਨਾਲ ਪੇਸ਼ ਕਰਾਂਗਾ। ਇਸ ਨਿਬੰਧ ਦੀਆਂ ਤਰੁਟੀਆਂ, ਰੂਪ ਵਿਚ ਅਤੇ ਇਸ ਤਰ੍ਹਾਂ ਹੋਰ, ਉਸ ਅਗਲੇਰੀ ਕਿਰਤ ਵਿਚ ਦੂਰ ਕਰ ਲਈਆਂ ਜਾਣਗੀਆਂ।

ਯਕੀਨਨ, **ਹੀਗਲ** ਨੇ ਉਪਰ-ਕਥਿਤ ਪ੍ਰਣਾਲੀਆਂ ਦੇ ਵਿਆਪਕ ਪੱਖਾਂ ਦੀ ਸਮੁਚੇ ਤੌਰ ਤੇ ਸਹੀ ਸਹੀ ਪ੍ਰੀਭਾਸ਼ਾ ਕੀਤੀ ਹੈ। ਪਰ ਉਸ ਦੀ ਦਰਸ਼ਨ ਦੇ ਇਤਿਹਾਸ ਬਾਰੇ ਅਜੀਬ ਢੰਗ ਨਾਲ ਮਹਾਨ ਤੇ ਦਲੇਰ ਯੋਜਨਾ ਵਿਚ, ਕੇਵਲ ਜਿਸ ਤੋਂ ਹੀ ਵਿਆਪਕ ਰੂਪ ਵਿਚ ਦਰਸ਼ਨ ਦੇ ਇਤਿਹਾਸ ਦਾ ਆਰੰਭ ਮੰਨਿਆ ਜਾ ਸਕਦਾ ਹੈ, ਇਕ ਪਾਸੇ ਤਾਂ ਵਿਸਥਾਰ ਵਿਚ ਜਾਣਾ ਅਸੰਭਵ ਸੀ, ਅਤੇ ਦੂਜੇ ਪਾਸੇ, ਇਸ ਮਹਾਨ ਚਿੰਤਕ ਦਾ ਆਪਣਾ ਉਹ ਵਿਚਾਰ ਜਿਸ ਨੂੰ ਉਸ ਨੇ par excellence* ਕਿਆਸੀ ਚਿੰਤਨ ਆਖਿਆ ਇਹਨਾਂ ਪ੍ਰਣਾਲੀਆਂ ਵਿਚ ਯੂਨਾਨੀ ਦਰਸ਼ਨ ਦੇ ਇਤਿਹਾਸ ਲਈ ਅਤੇ ਵਿਆਪਕ ਰੂਪ ਵਿਚ ਯੂਨਾਨੀ ਮਨ ਲਈ ਉਹਨਾਂ ਦੀ ਭਾਰੀ ਮਹੱਤਤਾ ਨੂੰ ਪਛਾਣਨ ਵਿਚ ਰੁਕਾਵਟ ਬਣਿਆ। ਇਹ ਪ੍ਰਣਾਲੀਆਂ ਯੂਨਾਨੀ ਦਰਸ਼ਨ ਦੇ ਸੱਚੇ ਇਤਿਹਾਸ ਦੀ ਕੁੰਜੀ ਹਨ। ਮੇਰੇ ਮਿਤਰ **ਕਿਉਪਨ** ਦੇ ਲੇਖ «Friedrich der Grosse und seine Widersacher»**, ਵਿਚ ਯੂਨਾਨੀ ਜੀਵਨ ਨਾਲ ਸਿਆਣਪ ਦੇ ਸੰਬੰਧ ਵੱਲ ਵਧੇਰੇ ਨਿਗਰ ਇਸ਼ਾਰਾ ਵੇਖਿਆ ਜਾ ਸਕਦਾ ਹੈ।

ਜੇ ਐਪੀਕਿਊਰਸ ਦੇ ਧਰਮ-ਸ਼ਾਸਤ੍ਰ ਵਿਰੁਧ ਪਲੂਟਾਰਕ ਦੇ ਵਿਵਾਦ ਦੀ ਆਲੋਚਨਾ ਨੂੰ ਇਕ ਅੰਤਿਕਾ ਦੇ ਰੂਪ ਵਿਚ ਜੋੜ ਲਿਆ ਜਾਂਦਾ ਹੈ, ਤਾਂ ਇਸ ਦਾ ਕਾਰਨ ਇਹ ਹੈ ਕਿ ਇਹ ਵਿਵਾਦ ਕਿਸੇ ਵੀ ਤਰ੍ਹਾਂ ਨਿਖੜਵਾਂ ਨਹੀਂ, ਸਗੋਂ ਇਕ espèce*** ਦਾ ਪ੍ਰਤਿਨਿਧ ਹੈ, ਕਿਉਂਕਿ ਇਹ ਅਤਿ ਉਘੜਵੇਂ ਢੰਗ ਨਾਲ ਆਪਣੇ ਆਪ ਵਿਚ ਧਰਮ-ਸ਼ਾਸਤ੍ਰੀ ਵਿਧੀ ਨਾਲ ਵਿਚਾਰਨ ਵਾਲੀ ਬੁਧੀ ਦਾ ਦਰਸ਼ਨ ਨਾਲ ਸੰਬੰਧ ਹੋ ਨਿਬੜਦਾ ਹੈ।

ਆਲੋਚਨਾ, ਹੋਰ ਗੱਲਾਂ ਦੇ ਨਾਲ ਹੀ, ਪਲੂਟਾਰਕ ਦੇ ਦ੍ਰਿਸ਼ਟੀਕੋਣ ਦੇ ਵਿਆਪਕ ਕੁਸੱਤ ਨੂੰ ਨਹੀਂ ਛੁਹੰਦੀ ਜਦੋਂ ਉਹ ਧਰਮ ਦੇ ਮੰਚ ਸਾਹਮਣੇ ਦਰਸ਼ਨ ਨੂੰ ਪੇਸ਼ ਕਰਦਾ ਹੈ। ਇਸ ਪੱਖ ਤੋਂ, ਸਾਰੀਆਂ ਦਲੀਲਾਂ ਦੀ ਥਾਂ, ਡੇਵਿਡ ਹਿਊਮ ਦੇ ਇਕ ਰਚਨਾ-ਅੰਸ਼ ਦਾ ਹਵਾਲਾ ਦੇਣਾ ਹੀ ਕਾਫੀ ਹੋਵੇਗਾ:

---

* ਵਧੇਰੇ ਕਰਕੇ। — **ਸੰਪਾ:**

** "ਫ਼ਰੈਡਰਿਕ ਮਹਾਨ ਅਤੇ ਉਹਦੇ ਵਿਰੋਧੀ"। — **ਸੰਪਾ:**

*** ਕਿਸਮ, ਪ੍ਰਕਾਰ। — **ਸੰਪਾ:**

"...ਦਰਸ਼ਨ ਨੂੰ, ਜਿਸ ਦਾ **ਸਰਵਸ੍ਰੇਸ਼ਠ ਅਧਿਕਾਰ** ਹਰ ਥਾਂ ਪ੍ਰਵਾਨ ਕੀਤਾ ਜਾਣਾ ਚਾਹੀਦਾ ਹੈ, ਹਰ ਮੌਕੇ ਆਪਣੇ ਨਿਰਣਿਆਂ ਲਈ ਖਿਮਾ ਯਾਚਨਾ ਕਰਨ ਅਤੇ ਹਰ ਵਿਸ਼ੇਸ਼ ਕਲਾ ਅਤੇ ਵਿਗਿਆਨ ਅੱਗੇ ਜੋ ਉਸ ਉਤੇ ਨਾਰਾਜ਼ ਹੋਵੇ ਆਪਣੀ ਸਫ਼ਾਈ ਪੇਸ਼ ਕਰਨ ਲਈ ਮਜਬੂਰ ਕਰਨਾ ਨਿਸਚੇ ਹੀ ਇਕ ਤਰ੍ਹਾਂ ਨਾਲ ਉਸ ਦੀ ਹੇਠੀ ਹੈ। **ਇਸ ਨਾਲ ਇਕ ਬਾਦਸ਼ਾਹ ਦਾ ਖਿਆਲ ਆਉਂਦਾ ਹੈ ਜਿਸ ਨੂੰ ਆਪਣੀ ਪਰਜਾ ਵਿਰੁਧ ਘੋਰ ਵਿਸਾਹਘਾਤ ਲਈ ਦੋਸ਼ੀ ਠਹਿਰਾਇਆ ਗਿਆ ਹੋਵੇ।**" *

ਦਰਸ਼ਨ ਜਿੰਨਾ ਚਿਰ ਇਸ ਦੇ ਸੰਸਾਰ ਨੂੰ ਵਸ ਵਿਚ ਕਰਨ ਵਾਲੇ ਅਤੇ ਉੱਕਾ ਹੀ ਆਜ਼ਾਦ ਦਿਲ ਵਿਚ ਲਹੂ ਦਾ ਇਕ ਕਤਰਾ ਵੀ ਧੜਕਦਾ ਰਹੇਗਾ, ਐਪੀਕਿਊਰਸ ਦੀ ਲਲਕਾਰ ਨਾਲ ਆਪਣੇ ਵਿਰੋਧੀਆਂ ਨੂੰ ਜਵਾਬ ਦੇਣੋਂ ਕਦੇ ਨਹੀਂ ਥੱਕੇਗਾ: "ἀσβὴς δὲ οὐχ ὁ τοης τῶυ πολλῶυ θεούς ἀναιρῶν, ἀλλ' ὁ τὰς τῶν παλλῶν δὂξας θεοῖς προσάπτων".**

ਦਰਸ਼ਨ ਇਸ ਗੱਲ ਨੂੰ ਲੁਕਾਉਂਦਾ ਨਹੀਂ। ਪ੍ਰੋਮੀਥੀਅਸ ਦਾ ਇਕਬਾਲ:

"ὑπλῶ λόγω τοὺς πἀντας ἐχθαιρω θεοὺς"*** ਸਭਨਾਂ ਅਰਸ਼ੀ ਅਤੇ ਫਰਸ਼ੀ ਦੇਵਤਿਆਂ ਦੇ ਖਿਲਾਫ ਜਿਹੜੇ ਮਾਨਵੀ ਆਤਮ-ਚੇਤੰਨਤਾ ਨੂੰ ਉਚਤਮ ਦੇਵਤੱਵ ਵਜੋਂ ਸਵੀਕਾਰ ਨਹੀਂ ਕਰਦੇ, ਇਸ ਦਾ ਆਪਣਾ ਇਕਬਾਲ, ਇਸ ਦਾ ਆਪਣਾ ਨੀਤੀਬਚਨ ਹੈ। ਇਹ ਆਪਣੇ ਨੇੜੇ ਹੋਰ ਕਿਸੇ ਨੂੰ ਖੜਾ ਨਹੀਂ ਹੋਣ ਦੇਂਦਾ।

ਪਰ ਉਹਨਾਂ ਬੁਜ਼ਦਿਲ ਸਹਿਆਂ ਲਈ ਜਿਹੜੇ ਦਰਸ਼ਨ ਦੀ ਪ੍ਰਤੱਖ ਰੂਪ ਵਿਚ ਵਿਗੜੀ ਸਮਾਜਕ ਸਥਿਤੀ ਉਤੇ ਖੁਸ਼ ਹਨ, ਇਹ ਮੁੜ ਹੁੰਗਾਰਾ ਦੇਂਦਾ ਹੈ ਜਿਵੇਂ ਪ੍ਰੋਮੀਥੀਅਸ ਨੇ ਦੇਵਤਿਆਂ ਦੇ ਦੂਤ, ਹਰਮੇਜ਼, ਨੂੰ ਉਤਰ ਦਿਤਾ:

τῆς σῆς λαυαείας τήν ἐμήν δυσπραξἰαν,
σαφῶς ἐπἰστασ', οὐκ ἄν ἀλλἄξαιμ' ἐγώ.

---

* ਡੇਵਿਡ ਹਿਊਮ, "ਮਨੁੱਖੀ ਪ੍ਰਕਿਰਤੀ ਬਾਰੇ"। — **ਸੰਪਾ:**

** "ਉਹ ਮਨੁਖ ਅਧਰਮੀ ਨਹੀਂ ਜਿਹੜਾ ਬਹੁਗਿਣਤੀ ਵਲੋਂ ਪੂਜੇ ਜਾਂਦੇ ਦੇਵਤਿਆਂ ਤੋਂ ਇਨਕਾਰੀ ਹੈ, ਸਗੋਂ ਉਹ ਜਿਹੜਾ ਦੇਵਤਿਆਂ ਦੀ ਉਸ ਗੱਲ ਦੀ ਪੁਸ਼ਟੀ ਕਰਦਾ ਹੈ ਜਿਸ ਉਤੇ ਉਹਨਾਂ ਨਾਲ ਸੰਬੰਧਤ ਬਹੁਗਿਣਤੀ ਦਾ ਵਿਸ਼ਵਾਸ ਹੈ, ਸਚਮੁਚ ਅਧਰਮੀ ਹੈ।" — **ਸੰਪਾ:**

*** "ਸਿੱਧੇ ਸਾਦੇ ਸ਼ਬਦਾਂ ਵਿਚ, ਮੈਂ ਦੇਵ ਮੰਡਲੀ ਨੂੰ ਨਫਰਤ ਕਰਦਾ ਹਾਂ" (ਐਸ਼ੂਲੀਅਸ, "ਪ੍ਰੋਮੀਥੀਅਸ ਬਾਂਊਂਡ") — **ਸੰਪਾ:**

κρεῖσσον γὰρ οἶμαι τῇδε λατρεύειν πετρᾳ
ἢ πατρὶ φῦναι Ζηνὶ πιδτὸν ἄγγελον.*

ਪ੍ਰੋਮੀਥੀਅਸ ਦਾਰਸ਼ਨਿਕ ਇਤਿਹਾਸ ਵਿਚ ਸਭ ਤੋਂ ਉਘਾ ਸੰਤ ਅਤੇ ਸ਼ਹੀਦ ਹੈ।

ਬਰਲਿਨ, ਮਾਰਚ ੧੮੪੧

ਮੂਲ-ਪਾਠ ਜਰਮਨ ਵਿਚ ਹੈ

---

*"ਤੇਰੀ ਚਾਕਰੀ ਲਈ, ਮੈਂ, ਸੱਚ ਜਾਣੀ
ਬਦਲਣ ਲਗਾ ਨਹੀਂ ਮੰਦੜਾ ਹਾਲ ਆਪਣਾ
ਪਿਤਾ ਜ਼ੀਊਸ ਦੇ ਸਿਦਕੀ ਗੁਲਾਮ ਨਾਲੋਂ
ਚੰਗਾ ਏਸ ਚਟਾਨ ਦਾ ਦਾਸ ਰਹਿਣਾ" (ਉਹੀ)।—ਸੰਪਾ:

# "KÖLNISCHE ZEITUNG" ਦੇ ਅੰਕ ੧੭੯ ਵਿਚ ਮੁਖ ਲੇਖ[3]

ਹੁਣ ਤੱਕ ਅਸੀਂ «Kölnische Zeitung» ਦਾ, ਜੇ "ਰਾਈਨ ਇਲਾਕੇ ਦੇ ਬੁਧੀਜੀਵੀਆਂ ਦਾ ਮੁਖ ਪੱਤਰ" ਵਜੋਂ ਨਹੀਂ, ਤਾਂ ਹਰ ਹਾਲਤ ਵਿਚ "ਰਾਈਨ ਇਲਾਕੇ ਦੇ ਇਸ਼ਤਿਹਾਰਾਂ ਦਾ ਪੱਤਰ" * ਵਜੋਂ, ਆਦਰ ਕਰਦੇ ਰਹੇ ਹਾਂ। ਅਸੀਂ ਸਭ ਤੋਂ ਪਹਿਲਾਂ ਇਸ ਦੇ "ਮੁਖ ਰਾਜਸੀ ਲੇਖਾਂ" ਨੂੰ ਪਾਠਕ ਲਈ ਰਾਜਨੀਤੀ ਨੂੰ ਅਰੁਚੀਪੂਰਨ ਬਣਾਉਣ ਦਾ, ਸਿਆਣਾ ਤੇ ਚੋਣਵਾਂ ਦੋਹਾਂ ਤਰ੍ਹਾਂ ਦਾ, ਸਾਧਨ ਸਮਝਦੇ ਸਾਂ, ਤਾਂ ਜੋ ਉਹ ਵਧੇਰੇ ਉਤਸੁਕਤਾ ਨਾਲ ਇਸ਼ਤਿਹਾਰਾਂ ਦੇ ਬੁਨਿਆਦੀ ਤੌਰ ਤੇ ਤਾਜ਼ਗੀ ਦੇਣ ਵਾਲੇ ਜਗਤ ਵਿਚ ਪਰਤੇਗਾ ਜਿਹੜਾ ਸਨਅਤ ਦੇ ਧੜਕਦੇ ਜੀਵਨ ਦੀ ਝਲਕ ਦੇਂਦਾ ਹੈ ਅਤੇ ਅਕਸਰ ਟਿੱਚਕਰ ਮਖੌਲ ਦੇ ਚਟਖ਼ਾਰੇ ਵਾਲਾ ਹੁੰਦਾ ਹੈ, ਤਾਂ ਜੋ ਇਥੇ ਵੀ ਮਾਟੋ ਹੋਵੇ: per aspera ad astra, ਰਾਜਨੀਤੀ ਰਾਹੀਂ ਸਿਪੀਆਂ ** ਤੱਕ। ਪਰੰਤੂ «Kölnische Zeitung» ਨੇ ਜਿਹੜੀ ਹੁਣ ਤੱਕ ਖ਼ੂਬਸੂਰਤ ਢੰਗ ਨਾਲ ਰਾਜਨੀਤੀ ਅਤੇ ਇਸ਼ਤਿਹਾਰਬਾਜ਼ੀ ਵਿਚਕਾਰ ਸਮਾਨ ਸੰਤੁਲਨ ਰਖਣ ਵਿਚ ਸਫਲਤਾ ਪ੍ਰਾਪਤ ਕੀਤੀ ਸੀ ਉਹ ਪਿਛੇ ਜਿਹੇ ਤੋਂ ਇਕ ਪ੍ਰਕਾਰ ਦੇ ਇਸ਼ਤਿਹਾਰਾਂ ਨਾਲ ਉਖੜ ਗਈ ਹੈ ਜਿਨ੍ਹਾਂ ਨੂੰ "ਰਾਜਨੀਤਕ ਸਨਅਤ ਦੇ ਇਸ਼ਤਿਹਾਰ" ਆਖਿਆ ਜਾ ਸਕਦਾ ਹੈ। ਇਸ ਮੁਢਲੀ ਦੁਚਿੱਤੀ ਵਿਚ ਕਿ ਇਸ ਨਵੀਂ ਸ੍ਰੇਣੀ ਨੂੰ ਕਿਹੜੀ ਥਾਂ ਰਖਿਆ ਜਾਣਾ ਚਾਹੀਦਾ ਹੈ, ਇਹ ਹੋਇਆ

---

* ਮਾਰਕਸ «Blatt der Intelligenz» — "ਬੁਧੀਜੀਵੀਆਂ ਦਾ ਅਖ਼ਬਾਰ" — ਅਤੇ «Intelligenzblatt» — "ਇਸ਼ਤਿਹਾਰਾਂ ਦਾ ਪੱਤਰ" ਦੀ ਵਕ੍ਰੋਕਤੀ ਕਰ ਰਿਹਾ ਹੈ। — ਸੰਪਾ:

** ਔਖੇ ਮਾਰਗਾਂ ਰਾਹੀਂ ਤਾਰਿਆਂ ਤੱਕ। ਲਾਤੀਨੀ ਸ਼ਬਦ «astra» — "ਤਾਰੇ", ਦੀ ਜਰਮਨ ਸ਼ਬਦ «Auster» — "ਸਿਪੀ», ਦੀ ਸਮਾਨਤਾ ਉਤੇ ਆਧਾਰਤ ਵਕ੍ਰੋਕਤੀ। — ਸੰਪਾ:

ਕਿ ਇਕ ਇਸ਼ਤਿਹਾਰ ਨੂੰ ਮੁਖ ਲੇਖ ਵਿਚ, **ਅਤੇ ਮੁਖ ਲੇਖ ਨੂੰ ਇਕ ਇਸ਼ਤਿਹਾਰ** ਵਿਚ ਬਦਲ ਦਿਤਾ ਗਿਆ, ਅਤੇ ਨਿਰਸੰਦੇਹ ਅਜਿਹੇ **ਇਸ਼ਤਿਹਾਰ** ਵਿਚ ਜਿਸ ਨੂੰ ਰਾਜਨੀਤਕ ਸੰਸਾਰ ਦੀ ਭਾਸ਼ਾ ਵਿਚ "ਦੋਸ਼-ਆਰੋਪਣ" * ਆਖਿਆ ਜਾਂਦਾ ਹੈ, ਪਰ ਜੇ ਇਸ ਦੇ ਪੈਸੇ ਮਿਲੇ ਹੋਣ ਤਾਂ ਮਹਿਜ਼ ਇਕ "ਇਸ਼ਤਿਹਾਰ" ਆਖਿਆ ਜਾਂਦਾ ਹੈ।

ਉਤਰ ਵਿਚ ਰਵਾਜ ਹੈ ਕਿ ਘਟੀਆ ਖਾਣੇ ਤੋਂ ਪਹਿਲਾਂ, ਮਹਿਮਾਨਾਂ ਨੂੰ ਅਤਿ ਵਧੀਆ ਸ਼ਰਾਬਾਂ ਪਿਲਾਈਆਂ ਜਾਂਦੀਆਂ ਹਨ। ਇਸ ਰਵਾਜ ਅਨੁਸਾਰ ਚਲਦਿਆਂ, ਸਾਨੂੰ ਆਪਣੇ ਉਤਰੀ ਮਹਿਮਾਨਾਂ ਨੂੰ ਕੁਝ ਹੋਰ Spiritus ** ਪੇਸ਼ ਕਰਕੇ ਵਧੇਰੇ ਖੁਸ਼ੀ ਹੁੰਦੀ ਹੈ ਕਿਉਂਕਿ ਖੁਦ ਖਾਣੇ ਵਿਚ, "Kölnische Zeitung" ਦੇ ਅੰਕ ੧੭੯ ਦੇ "ਕਮਜ਼ੋਰ" *** ਲੇਖ ਵਿਚ, ਸਾਨੂੰ Spiritus ** ਦਾ ਨਾਂ ਨਿਸ਼ਾਨ ਵਖਾਈ ਨਹੀਂ ਦੇਂਦਾ। ਇਸ ਲਈ ਅਸੀਂ ਸਭ ਤੋਂ ਪਹਿਲਾਂ ਲੂਕਿਅਨ ਦੇ "ਦੇਵਤਿਆਂ ਨਾਲ ਸੰਬਾਦ" ਵਿਚੋਂ ਇਕ ਝਾਕੀ ਪੇਸ਼ ਕਰਦੇ ਹਾਂ, ਜਿਸ ਨੂੰ ਇਥੇ ਅਸੀਂ "ਵਿਆਪਕ ਰੂਪ ਵਿਚ ਸਮਝਣ-ਯੋਗ" ਅਨੁਵਾਦ ਵਿਚ ਦੇਂਦੇ ਹਾਂ, ਕਿਉਂਕਿ ਸਾਡੇ ਪਾਠਕਾਂ ਵਿਚ ਘਟੋ ਘਟ **ਇਕ** ਤਾਂ ਅਜਿਹਾ ਹੋਣਾ ਲਾਜ਼ਮੀ ਹੈ ਜਿਹੜਾ ਯੂਨਾਨੀ ਨਹੀਂ।

**ਲੂਕਿਅਨ ਦਾ "ਦੇਵਤਿਆਂ ਨਾਲ ਸੰਬਾਦ"**

੨੪. ਹਰਮੇਜ਼ ਦੀਆਂ ਸ਼ਿਕਾਇਤਾਂ

ਹਰਮੇਜ਼, ਮਾਈਆ

**ਹਰਮੇਜ਼:**— ਪਿਆਰੀ ਮਾਂ, ਕੀ ਸਵਰਗਾਂ ਵਿਚ ਕੋਈ ਅਜਿਹਾ ਦੇਵਤਾ ਹੈ ਜਿਹੜਾ ਇੱਨਾ ਵਿਚਾਰਾ ਹੋਵੇ ਜਿੱਨਾ ਮੈਂ ਹਾਂ?

**ਮਾਈਆ:**— ਅਜਿਹੀਆਂ ਗੱਲਾਂ ਨਾ ਕਰ, ਮੇਰੇ ਬੱਚੇ!

**ਹਰਮੇਜ਼:**— ਕਿਉਂ ਨਾ ਕਰਾਂ ਮੈਂ? ਮੈਂ, ਜਿਸ ਨੂੰ ਏਨੀਆਂ ਬਹੁਤੀਆਂ ਗੱਲਾਂ

---

* ਜਰਮਨ ਸ਼ਬਦ «Anzeige» ਦੀ ਵਕ੍ਰੋਕਤੀ, ਜਿਸ ਦੇ "ਇਸ਼ਤਿਹਾਰ" ਅਤੇ "ਦੋਸ਼-ਆਰੋਪਣ" ਦੋਵੇਂ ਅਰਥ ਹੋ ਸਕਦੇ ਹਨ।— **ਸੰਪਾ:**

** ਸ਼ਬਦ ਦੀ ਵਕ੍ਰੋਕਤੀ ਹੈ, ਜਿਸ ਦਾ ਅਰਥ "ਸ਼ਰਾਬ" ਅਤੇ "ਰੂਹ" ਹੈ।— **ਸੰਪਾ:**

*** ਜਰਮਨ ਸ਼ਬਦਾਂ «leitender Artikel», ਜਿਸ ਦਾ ਅਰਥ ਹੈ "ਮੁਖ ਲੇਖ" ਅਤੇ «leidender Artikel» ਜਿਸ ਦਾ ਅਰਥ ਹੈ "ਕਮਜ਼ੋਰ ਜਮਤੀਲ ਲੇਖ" ਦੀ ਵਕ੍ਰੋਕਤੀ।— **ਸੰਪਾ:**

**ਵੱਲ** ਧਿਆਨ ਦੇਣਾ ਪੈਂਦਾ ਹੈ, ਜਿਸ ਨੂੰ ਸਭ ਕੁਝ ਆਪ ਕਰਨਾ ਪੈਂਦਾ ਹੈ, **ਅਤੇ ਏਨੇ ਸਾਰੇ** ਨੀਚ ਫਰਜ਼ਾਂ ਅੱਗੇ ਸਿਰ ਝੁਕਾਉਣਾ ਪੈਂਦਾ ਹੈ? ਸਵੇਰੇ ਮੇਰੇ ਲਈ ਸਭ ਤੋਂ ਪਹਿਲਾਂ ਉਠਣ ਵਾਲਿਆਂ ਵਿਚ ਹੋਣਾ, ਖਾਣ-ਕਮਰੇ ਵਿਚ **ਝਾੜੂ** ਦੇਣਾ, ਅਤੇ ਦੀਵਾਨਖਾਨੇ ਦੇ ਗੱਦਿਆਂ ਦੇ ਵੱਟ ਕਢਕੇ ਸਿੱਧਾ ਕਰਨਾ ਜ਼ਰੂਰੀ ਹੈ ਤੇ ਜਦੋਂ ਸਭ ਕੁਝ ਠੀਕ ਠਾਕ ਹੋ ਜਾਂਦਾ ਹੈ ਤਾਂ ਮੈਨੂੰ ਜੂਪੀਟਰ ਦੀ ਸੇਵਾ ਵਿਚ ਰਹਿਣਾ ਪੈਂਦਾ ਹੈ, ਸਾਰੀ ਦਿਹਾੜੀ ਉਸ ਦਾ ਹਰਕਾਰਾ ਬਣਕੇ, ਉਸ ਦੇ ਸੁਨੇਹੇ ਲਿਜਾਣ ਲਿਆਉਣ ਵਿਚ ਬਿਤਾਉਣੀ ਪੈਂਦੀ ਹੈ। ਹਾਲੇ ਮਸਾਂ ਪਰਤ ਕੇ ਆਇਆ ਹੀ ਹੁੰਦਾ ਹਾਂ, ਅਤੇ ਅਜੇ ਘੱਟੇ ਮਿੱਟੀ ਨਾਲ ਲਥਪੱਥ ਹੁੰਦਾ ਹਾਂ, ਕਿ ਮੈਨੂੰ ਦੇਵ-ਭੋਜਨ ਵਰਤਾਉਣਾ ਪੈਂਦਾ ਹੈ। ਸਭ ਤੋਂ ਭੈੜੀ ਗੱਲ, ਮੈਂ ਹੀ ਇਕੋ ਇਕ ਹਾਂ ਜਿਸ ਨੂੰ ਰਾਤ ਨੂੰ ਵੀ ਆਰਾਮ ਕਰਨ ਦੀ ਆਗਿਆ ਨਹੀਂ, ਕਿਉਂਕਿ ਮੈਨੂੰ ਮੁਰਦਿਆਂ ਦੀਆਂ ਆਤਮਾਵਾਂ ਨੂੰ ਪਲੂਟੋ ਕੋਲ ਲਿਜਾਣਾ ਪੈਂਦਾ ਹੈ ਅਤੇ ਜਦੋਂ ਮੁਰਦਿਆਂ ਦਾ ਲੇਖਾ ਹੋ ਰਿਹਾ ਹੁੰਦਾ ਹੈ ਦਰਬਾਨ ਦੇ ਫਰਜ਼ ਨਿਭਾਉਣੇ ਪੈਂਦੇ ਹਨ। ਕਿਉਂਕਿ ਏਨਾ ਹੀ ਕਾਫੀ ਨਹੀਂ ਕਿ ਮੈਂ ਆਪਣੇ ਦਿਨ ਦੇ ਕੰਮ ਕਰਾਂ, ਮੈਨੂੰ **ਸਰੀਰਕ ਕਸਰਤਾਂ** ਵਿਚ ਹਾਜ਼ਰ ਹੋਣਾ ਪੈਂਦਾ ਹੈ, ਲੋਕਾਂ ਦੇ ਇਕੱਠਾਂ ਵਿਚ **ਨਕੀਬ** ਦਾ ਕੰਮ ਕਰਨਾ ਪੈਂਦਾ ਹੈ, ਅਤੇ ਲੋਕ ਵਕਤਿਆਂ **ਦੀ** ਉਹਨਾਂ ਦੇ ਭਾਸ਼ਨ ਯਾਦ ਰਖਣ ਵਿਚ ਸਹਾਇਤਾ ਕਰਨੀ ਪੈਂਦੀ ਹੈ। ਨਹੀਂ, ਏਨੇ ਸਾਰੇ ਫਰਜ਼ਾਂ ਵਿਚਕਾਰ ਅੰਜ ਅੰਜ ਹੋਇਆਂ, ਮੇਰੇ ਲਈ ਇਹ ਵੀ ਜ਼ਰੂਰੀ ਹੈ ਕਿ **ਮੁਰਦਿਆਂ ਨਾਲ ਸੰਬੰਧਤ ਸਾਰੇ ਮਾਮਲਿਆਂ** ਦਾ ਧਿਆਨ ਰੱਖਾਂ।

ਹਰਮੇਜ਼, ਓਲੰਪਸ[4] ਤੋਂ ਉਸ ਨੂੰ ਬਾਹਰ ਕੱਢੇ ਜਾਣ ਉਪਰੰਤ, ਆਦਤ ਤੋਂ ਮਜਬੂਰ, ਹਾਲੇ ਵੀ "ਨੀਚ ਫਰਜ਼" ਨਿਭਾਉਂਦਾ ਹੈ ਅਤੇ ਮੁਰਦਿਆਂ ਨਾਲ ਸੰਬੰਧਤ ਸਾਰੇ ਮਾਮਲਿਆਂ ਦਾ ਧਿਆਨ ਰਖਦਾ ਹੈ।

ਅੰਕ ੧੭੯ ਦਾ ਕਮਜ਼ੋਰ ਲੇਖ ਖੁਦ ਹਰਮੇਜ਼ ਨੇ, ਜਾਂ ਉਸ ਦੇ ਪੁਤਰ, ਬਕਰੇ ਦੀਆਂ ਲੱਤਾਂ ਵਾਲੇ ਦੇਵਤੇ, ਪਾਨ, ਨੇ ਲਿਖਿਆ ਸੀ, ਇਸ ਦਾ ਫੈਸਲਾ ਪਾਠਕ ਕਰੇ, ਇਸ ਗੱਲ ਨੂੰ ਧਿਆਨ ਵਿਚ ਰਖਦਿਆਂ ਕਿ ਯੂਨਾਨੀ ਹਰਮੇਜ਼ ਸੁਭਾਸ਼ਨ ਅਤੇ ਵਿਆਪਾਰ ਦਾ ਦੇਵਤਾ ਸੀ।

"ਅਖਬਾਰਾਂ ਰਾਹੀਂ ਦਾਰਸ਼ਨਿਕ ਅਤੇ ਧਾਰਮਿਕ ਵਿਚਾਰ ਫੈਲਾਉਣਾ, ਜਾਂ ਅਖਬਾਰਾਂ ਵਿਚ ਇਹਨਾਂ ਨਾਲ ਟੱਕਰ ਲੈਣਾ, ਅਸੀਂ ਸਮਾਨ ਰੂਪ ਵਿਚ ਵਰਜਿਤ ਸਮਝਦੇ ਹਾਂ।"

ਜਦੋਂ ਬੁਢੇ ਆਦਮੀ ਨੇ ਇਸ ਤਰੀਕੇ ਨਾਲ ਬੱਕ ਬੱਕ ਕੀਤੀ, ਮੈਂ ਭਲੀ ਭਾਂਤ

ਸੁਚੇਤ ਹੋ ਗਿਆ ਕਿ ਉਸ ਦਾ * ਇਰਾਦਾ ਪੈਗ਼ੰਬਰੀ ਘੋਸ਼ਨਾਵਾਂ ਦਾ ਅਕਾਊ ਵਖਿਆਨ ਪੇਸ਼ ਕਰਨ ਦਾ ਹੈ। ਪਰੰਤੂ, ਮੈਂ ਆਪਣੀ ਬੇਸਬਰੀ ਨੂੰ ਦਬਾ ਲਿਆ, ਕਿਉਂਕਿ, ਕੀ ਮੈਨੂੰ ਅਜਿਹੇ ਸਿਆਣੇ ਆਦਮੀ ਤੇ ਵਿਸ਼ਵਾਸ ਨਹੀਂ ਕਰਨਾ ਚਾਹੀਦਾ ਜਿਹੜਾ ਏਨਾ ਸਾਫ਼ ਦਿਲ ਹੈ ਕਿ ਉਹ ਆਪਣੇ ਹੀ ਘਰ ਵਿਚ ਅਤਿ ਦੀ ਸਪਸ਼ਟਤਾ ਨਾਲ ਆਪਣੀ ਰਾਏ ਪ੍ਰਗਟ ਕਰਦਾ ਹੈ, ਅਤੇ ਮੈਂ ਅੱਗੇ ਪੜ੍ਹਦਾ ਗਿਆ। ਪਰ — ਲਓ ਕੀ ਵੇਖਦਾ ਹਾਂ — ਇਹ ਲੇਖ, ਜਿਸ ਨੂੰ, ਇਹ ਠੀਕ ਹੈ ਕਿ ਕਿਸੇ ਦਾਰਸ਼ਨਿਕ ਵਿਚਾਰ ਲਈ ਤ੍ਰਿਸਕਾਰਿਆ ਨਹੀਂ ਜਾ ਸਕਦਾ, ਘਟੋ ਘਟ ਦਾਰਸ਼ਨਿਕ ਵਿਚਾਰਾਂ ਨਾਲ ਟੱਕਰ ਲੈਣ ਅਤੇ ਧਾਰਮਿਕ ਵਿਚਾਰ ਫੈਲਾਉਣ ਦੀ ਪ੍ਰਵਿਰਤੀ ਰਖਦਾ ਹੈ।

ਅਸੀਂ ਉਸ ਲੇਖ ਦਾ ਕੀ ਕਰੀਏ ਜਿਹੜਾ ਆਪਣੀ ਹੀ ਹੋਂਦ ਦੇ ਅਧਿਕਾਰ ਦਾ ਵਿਰੋਧ ਕਰਦਾ ਹੈ, ਜਿਹੜਾ ਆਪਣਾ ਆਰੰਭ ਹੀ ਆਪਣੀ ਅਸਮਰਥਾ ਦੇ ਐਲਾਨ ਨਾਲ ਕਰਦਾ ਹੈ? ਬਾਤੂਨੀ ਲੇਖਕ ਸਾਨੂੰ ਜਵਾਬ ਦੇਵੇਗਾ। ਉਹ ਸਪਸ਼ਟ ਕਰਦਾ ਹੈ ਕਿ ਉਸ ਦੇ ਡੀਂਗ-ਮਾਰ ਲੇਖ ਕਿਵੇਂ ਪੜ੍ਹੇ ਜਾਣ। ਉਹ ਆਪਣੇ ਆਪ ਨੂੰ ਕੁਝ ਟੁਕੜੇ ਪੇਸ਼ ਕਰਨ ਤੱਕ ਸੀਮਤ ਕਰ ਲੈਂਦਾ ਹੈ ਜਿਨ੍ਹਾਂ ਨੂੰ "ਤਰਤੀਬ ਦੇਣਾ ਅਤੇ ਜੋੜਨਾ" ਉਹ "ਪਾਠਕ ਦੀ ਦੂਰ-ਦਰਿਸ਼ਟੀ" ਉਤੇ ਛੱਡ ਦੇਂਦਾ ਹੈ — ਉਸ ਕਿਸਮ ਦੀ ਇਸ਼ਤਿਹਾਰਬਾਜ਼ੀ ਲਈ ਜਿਸ ਨਾਲ ਨਜਿਠਣਾ ਉਹ ਆਪਣਾ ਕਾਰੋਬਾਰ ਬਣਾਉਂਦਾ ਹੈ ਅਤਿਅੰਤ ਸੌਖੀ ਵਿਧੀ। ਅਸੀਂ ਇਹਨਾਂ ਟੁਕੜਿਆਂ ਨੂੰ "ਤਰਤੀਬ ਦੇਣਾ ਅਤੇ ਜੋੜਨਾ" ਪਾਵਾਂਗੇ, ਅਤੇ ਜੇ ਗੱਲ ਮੋਤੀਆਂ ਦੀ ਲੜੀ ਨਾ ਬਣੇ ਤਾਂ ਇਹ ਸਾਡਾ ਕਸੂਰ ਨਹੀਂ।

ਪਰਚਾ ਐਲਾਨ ਕਰਦਾ ਹੈ:

> "ਜਿਹੜੀ ਪਾਰਟੀ ਇਹ ਸਾਧਨ ਵਰਤਦੀ ਹੈ" (ਅਰਥਾਤ, ਅਖ਼ਬਾਰਾਂ ਨਾਲ ਦਾਰਸ਼ਨਿਕ ਅਤੇ ਧਾਰਮਿਕ ਵਿਚਾਰ ਫੈਲਾਉਂਦੀ ਹੈ ਅਤੇ ਅਜਿਹੇ ਵਿਚਾਰਾਂ ਨਾਲ ਟੱਕਰ ਲੈਂਦੀ ਹੈ) "ਉਹ ਇਸ ਤਰ੍ਹਾਂ ਕਰਕੇ, **ਸਾਡੀ** ਰਾਏ ਵਿਚ, ਇਹ ਦਰਸਾਉਂਦੀ ਹੈ ਕਿ ਇਸ ਦੇ ਇਰਾਦੇ **ਨੇਕ ਨਹੀਂ** ਹਨ, ਅਤੇ ਕਿ ਇਹ ਲੋਕਾਂ ਨੂੰ ਸਿਖਿਆ ਦੇਣ ਅਤੇ ਜਾਗ੍ਰਿਤ ਕਰਨ ਬਾਰੇ ਏਨੀ ਫਿਕਰਮੰਦ ਨਹੀਂ ਜਿੱਨੀ **ਦੂਜੇ ਬਾਹਰੀ ਆਸ਼ਿਆਂ** ਦੀ ਪ੍ਰਾਪਤੀ ਬਾਰੇ।"

**ਉਸ** ਦੀ ਇਹ ਰਾਏ ਹੋਣ ਕਰਕੇ, ਬਾਹਰੀ ਆਸ਼ਿਆਂ ਦੀ ਪ੍ਰਾਪਤੀ ਤੋਂ ਬਿਨਾਂ ਲੇਖ ਦਾ ਕੋਈ ਹੋਰ ਮਨਸ਼ਾ ਨਹੀਂ ਹੋ ਸਕਦਾ। ਇਹ "ਬਾਹਰੀ ਆਸ਼ੇ" ਆਪਣੇ ਆਪ ਨੂੰ ਅਵੱਸ਼ ਪ੍ਰਗਟ ਕਰ ਦੇਣਗੇ।

---

* ਹਰਮੇਜ਼, «Kölnische Zeitung» ਦਾ ਸੰਪਾਦਕ। — **ਸੰਪਾ:**

ਉਸ ਕਹਿੰਦਾ ਹੈ ਕਿ "**ਬਿਨ-ਬੁਲਾਏ** ਗਾਲੜੀਆਂ ਦੀਆਂ ਸਰਗਰਮੀਆਂ ਨੂੰ ਬੰਦ **ਕਰਨਾ**" ਰਾਜ ਦਾ ਹੱਕ ਹੀ ਨਹੀਂ ਸਗੋਂ ਫਰਜ਼ ਵੀ ਹੈ। ਲੇਖਕ ਪ੍ਰਤੱਖ ਤੌਰ ਤੇ ਆਪਣੇ ਵਿਚਾਰ ਦੇ **ਵਿਰੋਧੀਆਂ** ਵੱਲ ਇਸ਼ਾਰਾ ਕਰ ਰਿਹਾ ਹੈ, ਕਿਉਂਕਿ ਆਪਣੇ ਆਪ ਨੂੰ ਉਸ ਨੇ ਚਿਰੋਕਣਾ ਵਿਸ਼ਵਾਸ ਕਰਵਾ ਲਿਆ ਹੋਇਆ ਹੈ ਕਿ ਉਹ **ਸੱਦਿਆ ਗਿਆ** ਗਾਲੜੀ ਹੈ।

ਇਸ ਲਈ ਇਹ ਧਾਰਮਿਕ ਮਾਮਲਿਆਂ ਵਿਚ ਸੈਂਸਰਸ਼ਿਪ ਵਿਚ ਨਵੀਂ ਸਖ਼ਤੀ ਲਿਆਉਣ ਦਾ, ਪ੍ਰੈਸ ਦੇ ਖਿਲਾਫ ਜਿਹੜਾ ਮੁਸ਼ਕਲ ਨਾਲ ਹੀ ਅਜੇ ਸਾਹ ਲੈਣ ਦੇ ਸਮਰਥ ਹੋਇਆ ਹੈ, ਨਵੇਂ ਪੁਲਸੀ ਕਦਮਾਂ ਦਾ ਸਵਾਲ ਹੈ।

> "ਸਾਡੀ ਰਾਏ ਵਿਚ, ਰਾਜ ਨੂੰ ਅਤਿ ਦੀ ਸਖ਼ਤੀ ਲਈ ਨਹੀਂ ਸਗੋਂ ਹੱਦੋ ਵਧ ਲਿਹਾਜ਼ ਲਈ ਫਿਟ ਲਾਹਨਤ ਕਰਨ ਦੀ ਲੋੜ ਹੈ।"

ਪਰ ਬਾਦ ਵਿਚ ਮੁਖ ਲੇਖ ਦੇ ਕਰਤਾ ਨੂੰ ਖਿਆਲ ਆਉਂਦਾ ਹੈ ਕਿ ਰਾਜ ਨੂੰ ਬੁਰਾ ਭਲਾ ਕਹਿਣਾ ਖਤਰਨਾਕ ਹੈ। ਇਸ ਲਈ ਉਹ ਅਧਿਕਾਰੀਆਂ ਨੂੰ ਸੰਬੋਧਨ ਕਰਦਾ ਹੈ, ਪ੍ਰੈਸ ਦੀ ਆਜ਼ਾਦੀ ਦੇ ਖਿਲਾਫ ਉਸ ਦਾ ਲਾਇਆ ਦੋਸ਼ ਸੈਂਸਰਾਂ ਵਿਰੁਧ ਦੋਸ਼-ਆਰੋਪਣ ਵਿਚ ਬਦਲ ਜਾਂਦਾ ਹੈ। ਉਹ ਉਹਨਾਂ ਨੂੰ "ਬਹੁਤ ਘਟ ਸੈਂਸਰਸ਼ਿਪ" ਦੀ ਵਰਤੋਂ ਕਰਨ ਦਾ ਦੋਸ਼ ਦੇਂਦਾ ਹੈ।

> "**ਇਹ ਠੀਕ ਹੈ ਕਿ ਰਾਜ ਵਲੋਂ ਨਹੀਂ**, ਸਗੋਂ '**ਵਿਅਕਤੀਗਤ ਅਧਿਕਾਰੀਆਂ**' ਵਲੋਂ ਹੁਣ ਤੱਕ ਨਿੰਦਣਯੋਗ ਲਿਹਾਜ਼ ਇਸ ਗੱਲ ਵਿਚ ਦਰਸਾਇਆ ਗਿਆ ਹੈ ਕਿ ਨਵੀਂ ਦਾਰਸ਼ਨਿਕ ਪਰਪਾਟੀ ਨੂੰ ਜਨਤਕ ਅਖ਼ਬਾਰਾਂ ਵਿਚ ਅਤੇ ਦੂਜੀਆਂ ਪ੍ਰਕਾਸ਼ਨਾਵਾਂ ਵਿਚ ਜਿਹੜੀਆਂ ਅਜਿਹੇ ਪਾਠਕਾਂ ਲਈ ਹਨ ਜੋ ਸ਼ੁਧ ਰੂਪ ਵਿਚ ਵਿਗਿਆਨਕ ਨਹੀਂ, ਈਸਾਈਅਤ ਉਤੇ ਅਤਿਅੰਤ ਅਪਮਾਨਜਨਕ ਹਮਲੇ ਕਰਨ ਦੀ ਆਗਿਆ ਦਿਤੀ ਗਈ ਹੈ।"

ਪਰ ਇਕ ਵਾਰ ਫੇਰ ਲੇਖਕ ਅਟਕ ਜਾਂਦਾ ਹੈ; ਇਕ ਵਾਰ ਫੇਰ ਉਹ ਪੁਨਰ-ਵਿਚਾਰ ਕਰਦਾ ਹੈ। ਅਜੇ ਅੱਠ ਦਿਨ ਨਹੀਂ ਹੋਏ ਜਦੋਂ ਉਸ ਨੇ ਲਿਖਿਆ ਸੀ ਕਿ ਸੈਂਸਰਸ਼ਿਪ ਦੀ ਆਜ਼ਾਦੀ ਪ੍ਰੈਸ ਨੂੰ ਬਹੁਤ ਥੋੜ੍ਹੀ ਆਜ਼ਾਦੀ ਦੇਂਦੀ ਸੀ; ਹੁਣ ਉਹ ਲਿਖਦਾ ਹੈ ਕਿ ਸੈਂਸਰਾਂ ਦੀ ਮਜਬੂਰੀ ਦੇ ਸਿੱਟੇ ਵਜੋਂ ਸੈਂਸਰਸ਼ਿਪ ਦੀ ਬਹੁਤ ਥੋੜ੍ਹੀ ਸਖ਼ਤੀ ਹੈ।

ਇਸ ਦਾ ਫੇਰ ਇਲਾਜ ਕਰਨਾ ਜ਼ਰੂਰੀ ਹੈ।

> "ਜਿੰਨਾ ਚਿਰ ਸੈਂਸਰਸ਼ਿਪ ਦੀ ਹੋਂਦ ਹੈ ਇਸ ਦਾ ਅਤਿਅੰਤ ਜ਼ਰੂਰੀ ਫਰਜ਼ ਹੈ ਕਿ ਬਚਗਾਨਾ ਗੁਸਤਾਖੀ ਦੇ ਅਜਿਹੇ ਘਿਰਣਾਯੋਗ ਮਹੁਕਿਆਂ ਨੂੰ ਕੱਟੇ ਜਿੰਨ੍ਹਾਂ

2 1880

ਨੇ ਪਿਛੇ ਜਿਹੇ ਦੇ ਦਿਨਾਂ ਵਿਚ ਮੁੜ ਮੁੜ ਸਾਡੀਆਂ ਅਖਾਂ ਨੂੰ ਰਿੰਜ ਕੀਤਾ ਹੈ।"

ਕਮਜ਼ੋਰ ਅੱਖਾਂ! ਕਮਜ਼ੋਰ ਅੱਖਾਂ! ਅਤੇ "ਅਤਿਅੰਤ ਕਮਜ਼ੋਰ ਅੱਖਾਂ ਉਸ ਪ੍ਰਗਟਾ ਤੋਂ ਰਿੰਜ ਹੋ ਜਾਣਗੀਆਂ ਜਿਹੜਾ ਕੇਵਲ ਵਿਸ਼ਾਲ ਜਨਸਮੂਹ ਦੀ ਸਮਝ ਦੀ ਪੱਧਰ ਲਈ ਚਿਤਵਿਆ ਗਿਆ ਹੋ ਸਕਦਾ ਹੈ।"

ਜੇ ਰਿਆਇਤ ਕਰਨ ਵਾਲੀ ਸੈਂਸਰਸ਼ਿਪ ਪਹਿਲਾਂ ਹੀ ਘਿਰਣਾਯੋਗ ਮਹੁਕਿਆਂ ਨੂੰ ਪ੍ਰਗਟ ਹੋਣ ਦੀ ਆਗਿਆ ਦੇਂਦੀ ਹੈ, ਤਾਂ ਪ੍ਰੈਸ ਦੀ ਆਜ਼ਾਦੀ ਨਾਲ ਕੀ ਵਾਪਰੇਗਾ? ਜੇ ਸਾਡੀਆਂ ਅੱਖਾਂ ਏਨੀਆਂ ਕਮਜ਼ੋਰ ਹਨ ਕਿ ਸੈਂਸਰ ਹੋਈ ਪ੍ਰੈਸ ਦੀ "ਗੁਸਤਾਖ਼ੀ" ਬਰਦਾਸ਼ਤ ਨਹੀਂ ਕਰ ਸਕਦੀਆਂ, ਤਾਂ ਉਹ ਆਜ਼ਾਦ ਪ੍ਰੈਸ ਦੀ "ਨਿਡਰਤਾ"* ਨੂੰ ਬਰਦਾਸ਼ਤ ਕਰਨ ਲਈ ਚੋਖੀਆਂ ਤਕੜੀਆਂ ਕਿਵੇਂ ਹੋਣਗੀਆ?

"ਜਿੱਨਾ ਚਿਰ ਸੈਂਸਰਸ਼ਿਪ ਦੀ ਹੋਂਦ ਹੈ, ਇਸ ਦਾ ਇਹ ਅਤਿਅੰਤ ਜ਼ਰੂਰੀ ਫਰਜ਼ ਹੈ ਕਿ..." ਅਤੇ ਜਦੋਂ ਇਸ ਦੀ ਹੋਂਦ ਨਾ ਰਹੀ? ਵਾਕ ਦੇ ਇਹ ਅਰਥ ਕੱਢੇ ਜਾਣੇ ਚਾਹੀਦੇ ਹਨ: ਸੈਂਸਰਸ਼ਿਪ ਦਾ ਇਹ ਅਤਿਅੰਤ ਜ਼ਰੂਰੀ ਫਰਜ਼ ਹੈ ਜਿੱਨਾ ਬਹੁਤਾ ਚਿਰ ਸੰਭਵ ਹੋਵੇ ਹੋਂਦ ਵਿਚ ਰਹੇ।

ਪਰ ਇਕ ਵਾਰ ਫੇਰ ਕਰਤਾ ਨੂੰ ਦੋਬਾਰਾ **ਸੋਚ** ਆਉਂਦੀ ਹੈ:

> "**ਗੈਰ-ਸਰਕਾਰੀ** ਦੂਸ਼ਣ ਲਾਉਣ ਵਾਲੇ ਦੇ ਰੂਪ ਵਿਚ ਕੰਮ ਕਰਨਾ ਸਾਡਾ ਕਰਤੱਵ ਨਹੀਂ, ਅਤੇ ਇਸ ਲਈ ਅਸੀਂ ਕਿਸੇ ਹੋਰ ਵਿਸਤ੍ਰਿਤ ਵਰਣਨ ਤੋਂ ਪ੍ਰਹੇਜ਼ ਕਰਦੇ ਹਾਂ।"

ਇਸ ਆਦਮੀ ਵਿਚ ਕਿੱਨੀ ਦੈਵੀ ਦਯਾ ਹੈ! ਉਹ ਕਿਸੇ ਹੋਰ ਵਿਸਤ੍ਰਿਤ "ਵਰਣਨ" ਤੋਂ ਪ੍ਰਹੇਜ਼ ਕਰਦਾ ਹੈ, ਅਤੇ ਤੱਦ ਵੀ ਕੇਵਲ ਬੜੇ ਵਿਸਥਾਰ ਨਾਲ, ਬਿਲਕੁਲ ਨਿਸਚਿਤ ਚਿੰਨ੍ਹਾਂ ਨਾਲ ਉਹ ਸਿਧ ਕਰ ਸਕਿਆ ਅਤੇ ਦਰਸਾ ਸਕਿਆ ਹੈ ਕਿ **ਉਸ** ਦੇ ਵਿਚਾਰ ਦਾ ਉਦੇਸ਼ ਕੀ ਹੈ। ਉਹ ਕੇਵਲ ਧੁੰਦਲੇ, ਅੱਧ-ਸੁਣੀਂਦੇ ਸ਼ਬਦ ਹੀ ਕਿਰਨ ਦੇਂਦਾ ਹੈ ਜਿਨ੍ਹਾਂ ਦਾ ਪ੍ਰਯੋਜਨ ਸ਼ੰਕੇ ਖੜੇ ਕਰਨਾ ਹੈ; **ਗੈਰ-ਸਰਕਾਰੀ** ਦੂਸ਼ਣ ਲਾਉਣ ਵਾਲਾ ਬਣਨਾ ਉਸ ਦਾ ਕਰਤੱਵ ਨਹੀਂ, ਉਸ ਦਾ ਕਰਤੱਵ **ਲੁਕਵਾਂ ਦੂਸ਼ਣ ਲਾਉਣ ਵਾਲਾ** ਬਣਨਾ ਹੈ।

---

*ਜਰਮਨ ਸ਼ਬਦ «Übermut» — "ਅਤਿਆਚਾਰ" ਅਤੇ «Mut» — "ਨਿਡਰਤਾ" ਨਾਲ ਖੇਡ। — **ਸੰਪਾ:**

ਅਭਾਗੇ ਆਦਮੀ ਨੂੰ ਆਖਰੀ ਵਾਰ ਪੁਨਰ-ਵਿਚਾਰ ਆਉਂਦਾ ਹੈ, ਇਹ ਯਾਦ **ਕਰਕੇ** ਕਿ ਉਸ ਦਾ ਕਰਤੱਵ ਉਦਾਰਵਾਦੀ ਮੁਖ ਲੇਖ ਲਿਖਣਾ ਹੈ, ਅਤੇ ਕਿ ਉਸ ਨੇ **ਆਪਣੇ** ਆਪ ਨੂੰ "ਪ੍ਰੈਸ ਦੀ ਆਜ਼ਾਦੀ ਦੇ ਵਫਾਦਾਰ ਮਿਤਰ" ਵਜੋਂ ਪੇਸ਼ ਕਰਨਾ **ਹੈ। ਇਸ ਲਈ** ਉਹ ਝਟਪਟ ਆਪਣੀ ਅੰਤਮ ਪੁਜ਼ੀਸ਼ਨ ਲੈਂਦਾ ਹੈ:

> "ਅਸੀਂ ਅਜਿਹੀ ਨੀਤੀ ਦੇ ਖਿਲਾਫ ਰੋਸ ਪ੍ਰਗਟ ਕੀਤੇ ਬਿਨਾਂ ਨਹੀਂ ਰਹਿ ਸਕਦੇ ਜਿਸ ਦਾ, ਜੇ ਇਹ ਸਬੱਬੀ ਅਣਗਹਿਲੀ ਦਾ ਸਿੱਟਾ ਨਹੀਂ, ਮਨੋਰਥ ਪ੍ਰੈਸ ਦੀ ਵਧੇਰੇ ਆਜ਼ਾਦ ਲਹਿਰ ਨੂੰ ਜਨਤਾ ਦੀਆਂ ਨਜ਼ਰਾਂ ਵਿਚ ਬਦਨਾਮ ਕਰਨ, ਉਹਨਾਂ ਵਿਰੋਧੀਆਂ ਦੇ ਹੱਥਾਂ ਵਿਚ ਖੇਡਣ ਤੋਂ ਬਿਨਾਂ ਹੋਰ ਕੁਝ ਨਹੀਂ ਜਿਹੜੇ ਡਰਦੇ ਹਨ ਕਿ ਜੇ ਉਹਨਾਂ ਖੁਲ੍ਹੇ ਤਰੀਕੇ ਵਰਤੇ ਤਾਂ ਉਹ ਆਪਣਾ ਆਸ਼ਾ ਪ੍ਰਾਪਤ ਕਰਨ ਵਿਚ ਅਸਫਲ ਰਹਿਣਗੇ।"

ਸੈਂਸਰਸ਼ਿਪ—ਸਾਨੂੰ ਪ੍ਰੈਸ ਦੀ ਆਜ਼ਾਦੀ ਦੇ ਇਸ ਹਮਾਇਤੀ ਨੇ ਦਸਿਆ ਹੈ, **ਜਿਹੜਾ** ਓਨਾ ਹੀ ਦਲੇਰ ਹੈ ਜਿੰਨਾ ਤਾਕ-ਚਤਰ—ਜੇ ਇਹ ਅੰਗ੍ਰੇਜ਼ ਚੀਤਾ ਨਹੀਂ **ਜਿਸ** ਤੇ ਲਿਖਿਆ ਹੋਵੇ: "ਮੈਂ ਸੁੱਤਾ ਹਾਂ, ਮੈਨੂੰ ਜਗਾਓ ਨਾ!"*, ਨੇ ਇਹ "**ਤਬਾਹਕੁਨ**" ਰਸਤਾ ਇਸ ਲਈ ਅਪਣਾਇਆ ਹੈ ਤਾਂ ਜੋ ਪ੍ਰੈਸ ਦੀ ਵਧੇਰੇ ਆਜ਼ਾਦ **ਲਹਿਰ** ਨੂੰ ਜਨਤਾ ਦੀਆਂ ਨਜ਼ਰਾਂ ਵਿਚ ਬਦਨਾਮ ਕਰ ਸਕੇ।

ਕੀ ਉਸ ਪ੍ਰੈਸ ਦੀ ਲਹਿਰ ਨੂੰ ਬਦਨਾਮ ਕਰਨ ਲਈ ਹੋਰ ਕਿਸੇ ਗੱਲ ਦੀ **ਲੋੜ ਹੈ** ਜਿਹੜੀ "**ਸੱਬਬੀ ਅਣਗਹਿਲੀਆਂ**" ਵੱਲ ਸੈਂਸਰਸ਼ਿਪ ਦਾ ਧਿਆਨ ਖਿਚਦੀ ਹੈ, **ਅਤੇ** "**ਸੈਂਸਰ ਦੇ ਜੇਬੀ ਚਾਕੂ**" ਰਾਹੀਂ ਲੋਕ ਰਾਏ ਵਿਚ ਆਪਣੀ ਸ਼ੁਹਰਤ ਹਾਸਲ **ਕਰਨ** ਦੀ ਆਸ ਰਖਦੀ ਹੈ?

**ਇਸ** ਲਹਿਰ ਨੂੰ ਉਸੇ ਹੱਦ ਤੱਕ "ਆਜ਼ਾਦ" ਆਖਿਆ ਜਾ ਸਕਦਾ ਹੈ ਜਿਸ ਹੱਦ ਤੱਕ ਬੇਸ਼ਰਮੀ ਦੀ ਬੇਮੁਹਾਰਤਾ ਨੂੰ ਵੀ ਕਈ ਵਾਰ "ਆਜ਼ਾਦ" ਆਖਿਆ ਜਾਂਦਾ ਹੈ, ਅਤੇ ਕੀ ਇਹ ਬੇਹੂਦਗੀ ਤੇ ਦੰਭ ਦੀ ਬੇਸ਼ਰਮੀ ਨਹੀਂ ਕਿ ਪ੍ਰੈਸ ਦੀ ਵਧੇਰੇ ਆਜ਼ਾਦ ਲਹਿਰ ਦੇ ਹਮਾਇਤੀ ਹੋਣ ਦਾ ਦਾਅਵਾ ਕੀਤਾ ਜਾਏ ਅਤੇ ਇਸ ਦੇ ਨਾਲ ਹੀ ਇਹ ਸਿਖਿਆ ਦਿਤੀ ਜਾਏ ਕਿ ਜਿੰਨਾ ਚਿਰ ਪੁਲੀਸ ਦੇ ਦੋ ਸਿਪਾਹੀ ਇਸ ਨੂੰ ਹੱਥਾਂ ਦਾ ਠੁੰਮਣਾ ਨਹੀਂ ਦੇਂਦੇ ਪ੍ਰੈਸ ਇਕ ਦਮ ਗੰਦਗੀ ਵਿਚ ਜਾ ਡਿਗੇਗਾ?

ਅਤੇ ਜੇ ਦਾਰਸ਼ਨਿਕ ਪ੍ਰੈਸ ਆਪਣੇ ਆਪ ਨੂੰ ਜਨਤਾ ਦੀਆਂ ਨਜ਼ਰਾਂ ਵਿਚ ਬਦਨਾਮ ਕਰਦਾ ਹੈ, ਤਾਂ ਇਸ ਸੈਂਸਰਸ਼ਿਪ ਦੀ ਲੋੜ ਹੀ ਕੀ ਹੈ, ਇਸ ਮੁਖ ਲੇਖ

---

*ਮਾਰਕਸ ਨੇ ਇਹ ਸ਼ਬਦ ਅੰਗ੍ਰੇਜ਼ੀ ਵਿਚ ਲਿਖੇ ਹਨ।—**ਸੰਪਾ:**

੨•

ਦੀ ਲੋੜ ਹੀ ਕੀ ਹੈ? ਨਿਰਸੰਦੇਹ, ਲੇਖਕ ਕਿਸੇ ਵੀ ਤਰ੍ਹਾਂ "**ਵਿਗਿਆਨਕ ਖੋਜ ਦੀ ਆਜ਼ਾਦੀ**" ਉਤੇ ਕੋਈ ਰੋਕ ਨਹੀਂ ਲਾਉਣਾ ਚਾਹੁੰਦਾ।

> "ਸਾਡੇ ਸਮੇਂ ਵਿਚ, **ਵਿਗਿਆਨਕ ਖੋਜ** ਨੂੰ ਠੀਕ ਹੀ ਅਤਿ ਵਿਸ਼ਾਲ, ਅਤਿਅੰਤ ਬੇਰੋਕ ਕਾਰਜ-ਖੇਤਰ ਵਿਚ ਕੰਮ ਕਰਨ ਦੀ ਆਗਿਆ ਹੈ।"

ਪਰ ਸਾਡਾ ਲੇਖਕ ਵਿਗਿਆਨਕ ਖੋਜ ਦੇ ਕੀ ਅਰਥ ਲੈਂਦਾ ਹੈ, ਇਹ ਹੇਠ ਲਿਖੇ ਕਥਨ ਤੋਂ ਵੇਖਿਆ ਜਾ ਸਕਦਾ ਹੈ:

> "ਇਸ ਸੰਬੰਧ ਵਿਚ ਉਸ ਵਿਗਿਆਨਕ ਖੋਜ, ਜਿਸ ਤੋਂ ਈਸਾਈਅਤ ਨੂੰ ਕੇਵਲ ਲਾਭ ਹੋ ਸਕਦਾ ਹੈ, ਦੀ ਆਜ਼ਾਦੀ ਦੀਆਂ ਲੋੜਾਂ, ਅਤੇ ਜੋ ਕੁਝ ਵਿਗਿਆਨਕ ਖੋਜ ਦੀਆਂ ਸੀਮਾਵਾਂ ਤੋਂ ਬਾਹਰ ਹੈ, ਵਿਚਕਾਰ ਤਿੱਖਾ ਨਿਖੇੜ ਕਰ ਲੈਣਾ ਜ਼ਰੂਰੀ ਹੈ।"

ਵਿਗਿਆਨਕ ਖੋਜ ਦੀਆਂ ਸੀਮਾਵਾਂ ਬਾਰੇ ਜੇ ਖੁਦ ਵਿਗਿਆਨਕ ਖੋਜ ਨੇ ਨਹੀਂ ਤਾਂ ਕਿਸ ਨੇ ਫੈਸਲਾ ਕਰਨਾ ਹੈ? ਇਸ ਮੁਖ ਲੇਖ ਅਨੁਸਾਰ, ਵਿਗਿਆਨ ਲਈ ਸੀਮਾਵਾਂ ਮੁਕਰਰ ਕੀਤੀਆਂ ਜਾਣੀਆਂ ਚਾਹੀਦੀਆਂ ਹਨ। ਇਸ ਲਈ, ਮੁਖ ਲੇਖ ਨੂੰ ਇਕ "**ਸਰਕਾਰੀ ਤਰਕ**" ਦਾ ਗਿਆਨ ਹੈ ਜਿਹੜਾ ਵਿਗਿਆਨਕ ਖੋਜ ਤੋਂ ਸਿਖਦਾ ਨਹੀਂ, ਸਗੋਂ ਇਸ ਨੂੰ ਸਿਖਿਆ ਦੇਂਦਾ ਹੈ, ਜਿਹੜਾ ਇਕ ਵਿਦਵਾਨ ਵਿਧਾਤਾ ਹੈ ਜਿਹੜਾ ਇਹ ਸਥਾਪਤ ਕਰਦਾ ਹੈ ਕਿ ਇਕ ਵਿਗਿਆਨੀ ਦੀ ਦਾੜ੍ਹੀ ਨੂੰ ਸੰਸਾਰ ਮਹੱਤਤਾ ਵਾਲੀ ਦਾੜ੍ਹੀ ਵਿਚ ਬਦਲਣ ਲਈ ਹਰ ਵਾਲ ਦੀ ਲੰਬਾਈ ਕਿੰਨੀ ਹੋਣੀ ਚਾਹੀਦੀ ਹੈ। ਮੁਖ ਲੇਖ ਸੈਂਸਰਸ਼ਿਪ ਦੀ ਵਿਗਿਆਨਕ ਪ੍ਰੇਰਨਾ ਵਿਚ ਵਿਸ਼ਵਾਸ ਰਖਦਾ ਹੈ।

"ਵਿਗਿਆਨਕ ਖੋਜ" ਦੇ ਵਿਸ਼ੇ ਉਤੇ ਮੁਖ ਲੇਖ ਦੀਆਂ ਇਹਨਾਂ ਬੇਵਕੂਫੀ ਵਾਲੀਆਂ ਵਿਆਖਿਆਵਾਂ ਵਿਚ ਹੋਰ ਅੱਗੇ ਜਾਣ ਤੋਂ ਪਹਿਲਾਂ, ਆਓ ਅਸੀਂ ਸ੍ਰੀਮਾਨ ਹ.* ਦੇ "**ਧਰਮ ਦੇ ਦਰਸ਼ਨ**", ਉਸ ਦੇ "ਆਪਣੇ ਵਿਗਿਆਨ" ਦੇ ਗੁਣਾਂ ਦਾ ਇਕ ਪਲ ਲਈ ਨਮੂਨਾ ਵੇਖੀਏ।

> "ਧਰਮ ਰਾਜ ਦਾ ਆਧਾਰ ਅਤੇ ਹਰ ਸਮਾਜਕ ਸੰਸਥਾ ਲਈ ਅਤਿ ਜ਼ਰੂਰੀ ਸ਼ਰਤ ਹੈ ਜਿਸ ਦਾ ਨਿਸ਼ਾਨਾ ਕੇਵਲ ਕੋਈ ਬਾਹਰੀ ਆਸ਼ਾ ਪ੍ਰਾਪਤ ਕਰਨਾ ਨਹੀਂ।"
>
> **ਸਬੂਤ**: "ਇਹ ਆਪਣੇ ਅਤਿ ਦੇ ਗੰਵਾਰ ਰੂਪ ਜਿਵੇਂ **ਬਚਗਾਨਾ ਜੜ੍ਹਪੂਜਾ** ਦੇ ਬਾਵਜੂਦ ਮਨੁਖ ਨੂੰ ਕਿਸੇ ਹੱਦ ਤੱਕ ਉਸ ਦੀਆਂ ਇੰਦਰਿਆਵੀ

---

* ਹਰਮੇਜ਼। — **ਸੰਪਾ:**

ਇਛਾਵਾਂ ਤੋਂ ਉਪਰ ਚੁਕਦਾ ਹੈ, ਜਿਹੜੀਆਂ, ਜੇ ਉਹ ਆਪਣੇ ਆਪ ਨੂੰ ਨਰੋਲ ਇਹਨਾਂ ਦੇ ਪ੍ਰਭਾਵ ਅਧੀਨ ਹੋ ਜਾਣ ਦੇਵੇ, **ਉਸ ਨੂੰ ਇਕ ਪਸ਼ੂ ਦੀ ਪੱਧਰ ਤੱਕ ਹੇਠਾਂ ਸੁਟ ਸਕਦੀਆਂ** ਅਤੇ ਕੋਈ ਉਚੇਰਾ ਉਦੇਸ਼ ਪੂਰਾ ਕਰਨ ਦੇ ਅਸਮਰਥ ਬਣਾ ਸਕਦੀਆਂ ਹਨ।"

ਮੁਖ ਲੇਖ ਦਾ ਕਰਤਾ ਜੜ੍ਹਪੂਜਾ[5] ਨੂੰ ਧਰਮ ਦਾ "**ਅਤਿ ਗੰਵਾਰ** ਰੂਪ" ਕਹਿੰਦਾ ਹੈ। ਇਸ ਲਈ, ਉਹ ਇਹ ਪ੍ਰਵਾਨ ਕਰਦਾ ਹੈ, ਜਿਸ ਨੂੰ ਸਾਰੇ "ਵਿਗਿਆਨੀ" ਉਸ ਦੀ ਸਹਿਮਤੀ ਤੋਂ ਬਿਨਾਂ ਵੀ ਸਥਾਪਤ ਸਮਝਦੇ ਹਨ, ਕਿ "**ਪਸ਼ੂ ਪੂਜਾ**" ਜੜ੍ਹਪੂਜਾ ਨਾਲੋਂ ਧਰਮ ਦਾ ਇਕ **ਉਚੇਰਾ** ਰੂਪ ਹੈ। ਪਰ ਕੀ ਪਸ਼ੂ ਪੂਜਾ ਮਨੁਖ ਦੇ ਦਰਜੇ ਨੂੰ ਪਸ਼ੂ ਨਾਲੋਂ ਨੀਵਾਂ ਨਹੀਂ ਕਰਦੀ, ਕੀ ਇਹ ਪਸ਼ੂ ਨੂੰ ਮਨੁਖ ਦਾ ਦੇਵਤਾ ਨਹੀਂ ਬਣਾਉਂਦੀ?

ਅਤੇ ਹੁਣ, ਨਿਰਸੰਦੇਹ, "ਜੜ੍ਹਪੂਜਾ" ਬਾਰੇ ਗੱਲਾਂ! **ਸਚਮੁਚ** ਹੀ, ਟਕੇ ਦੇ ਰਸਾਲੇ ਦੀ ਵਿਦਵਤਾ! ਜੜ੍ਹਪੂਜਾ ਮਨੁਖ ਨੂੰ ਆਪਣੀਆਂ ਇੰਦਰਿਆਵੀ ਇਛਾਵਾਂ ਤੋਂ **ਉਪਰ** ਚੁਕਣ ਤੋਂ ਏਨੀ ਦੂਰ ਹੈ ਕਿ, ਇਸ ਦੇ ਉਲਟ, ਇਹ "**ਇੰਦਰਿਆਵੀ ਇਛਾਵਾਂ ਦਾ ਧਰਮ**" ਹੈ। ਇੱਛਾ ਤੋਂ ਜਨਮ ਲੈਣ ਵਾਲੀ ਖਿਆਲ-ਪਰਛਾਈਂ ਜੜ੍ਹ-ਪੂਜ ਨੂੰ ਇਹ ਵਿਸ਼ਵਾਸ ਕਰ ਲੈਣ ਦਾ ਧੋਖਾ ਦੇਂਦੀ ਹੈ ਕਿ "ਪ੍ਰਾਣਹੀਣ ਵਸਤੂ" ਉਸ ਦੀਆਂ ਇਛਾਵਾਂ ਦੀ ਪੂਰਤੀ ਕਰਨ ਲਈ ਆਪਣਾ ਸੁਭਾਵਕ ਚ੍ਰਿਤਰ ਛੱਡ ਦੇਵੇਗੀ। ਇਸ ਲਈ ਜੜ੍ਹ-ਪੂਜ ਦੀ ਗੰਵਾਰ ਇੱਛਾ ਜੜ੍ਹ ਵਸਤੂ ਨੂੰ ਜਦੋਂ ਇਹ ਉਸ ਦੀ ਅਤਿ ਆਗਿਆਕਾਰ ਸੇਵਕ ਨਹੀਂ ਰਹਿੰਦੀ **ਟੁਕੜੇ ਟੁਕੜੇ ਕਰ ਦੇਂਦੀ ਹੈ।**

"ਜਿਨ੍ਹਾਂ ਕੌਮਾਂ ਨੇ ਉਚੇਰੀ ਇਤਿਹਾਸਕ ਮਹੱਤਤਾ ਪ੍ਰਾਪਤ ਕਰ ਲਈ ਸੀ, ਉਹਨਾਂ ਦੇ ਕੌਮੀ ਜੀਵਨ ਦੀ ਪ੍ਰਫੂਲਤਾ ਉਹਨਾਂ ਦੀ ਧਾਰਮਿਕ ਚੇਤੰਨਤਾ ਦੇ ਉਚਤਮ ਵਿਕਾਸ ਦੇ ਸਮੇਂ ਹੁੰਦੀ ਹੈ, ਅਤੇ ਉਹਨਾਂ ਦੀ ਮਹਾਨਤਾ ਤੇ ਉਹਨਾਂ ਦੀ ਸੱਤਾ ਦਾ ਪਤਨ ਉਹਨਾਂ ਦੇ ਧਾਰਮਿਕ ਸਭਿਆਚਾਰ ਦੇ ਪਤਨ ਨਾਲ ਹੋਇਆ ਹੈ।"

ਸਚਾਈ ਤੱਕ ਪੁਜਣ ਲਈ, ਲੇਖਕ ਦੇ ਦ੍ਰਿੜ੍ਹ-ਕਥਨ ਨੂੰ ਸਿਧੇ ਤੌਰ ਤੇ ਉਲਟਾ ਕਰਨਾ ਜ਼ਰੂਰੀ ਹੈ,—ਉਸ ਨੇ ਇਤਿਹਾਸ ਨੂੰ ਸਿਰ ਪਰਨੇ ਖੜਾ ਕਰ ਦਿਤਾ ਹੈ। ਪ੍ਰਾਚੀਨ ਸੰਸਾਰ ਦੀਆਂ ਜਾਤੀਆਂ ਵਿਚ, ਯੂਨਾਨ ਅਤੇ ਰੋਮ ਨਿਸਚੇ ਹੀ ਉਚਤਮ "ਇਤਿਹਾਸਕ ਸਭਿਆਚਾਰ" ਦੇ ਦੇਸ ਹਨ। ਯੂਨਾਨ ਘਰੋਗੀ ਤੌਰ ਤੇ ਪੇਰੀਕਲੀਜ਼ ਦੇ ਸਮੇਂ, ਬਾਹਰੀ ਤੌਰ ਤੇ ਸਿਕੰਦਰ ਦੇ ਸਮੇਂ ਆਪਣੀ ਪ੍ਰਫੂਲਤਾ ਦੀ ਸਿਖਰ ਉਤੇ ਸੀ। ਪੇਰੀਕਲੀਜ਼ ਦੇ ਸਮੇਂ ਭੁਲਾਂਦਰਾਵਾਦੀਆਂ, ਅਤੇ ਸੁਕਰਾਤ ਦੇ ਸਮੇਂ, ਜਿਸ ਨੂੰ ਦਰਸ਼ਨ

ਦੀ ਸਾਕਾਰ-ਮੂਰਤੀ ਆਖਿਆ ਜਾ ਸਕਦਾ ਹੈ, ਕਲਾ ਅਤੇ ਅਲੰਕਾਰ-ਵਿਦਿਆ ਨੇ ਧਰਮ ਦੀ ਥਾਂ ਲੈ ਲਈ ਸੀ। ਸਿਕੰਦਰ ਦਾ ਜੁਗ ਅਰਸਤੂ ਦਾ ਜੁਗ ਸੀ, ਜਿਸ ਨੇ "ਵਿਅਕਤੀਗਤ" ਆਤਮਾ ਅਤੇ ਸਾਕਾਰਾਤਮਕ ਧਰਮਾਂ ਦੇ ਈਸ਼ਵਰ ਦੀ ਅਨੰਤਤਾ ਨੂੰ ਰੱਦ ਕੀਤਾ। ਅਤੇ ਜਿਥੋਂ ਤੱਕ ਰੋਮ ਦਾ ਸੰਬੰਧ ਹੈ! ਸਿਸਰੋ ਨੂੰ ਪੜ੍ਹੋ! ਐਪੀਕਿਊਰੀਆਈ, ਸਹਿਜ-ਮਾਰਗੀ (stoic) ਜਾਂ ਸੰਦੇਹਵਾਦੀ ਦਰਸ਼ਨ ਓਦੋਂ ਸਭਿਅ ਰੋਮਨਾਂ ਦੇ ਧਰਮ ਸਨ ਜਦੋਂ ਰੋਮ ਆਪਣੇ ਵਿਕਾਸ ਦੀ ਸਿਖਰ ਉਤੇ ਪਹੁੰਚਿਆ ਹੋਇਆ ਸੀ। ਇਹ ਗੱਲ ਕਿ ਪ੍ਰਾਚੀਨ ਰਾਜਾਂ ਦੇ ਪਤਨ ਨਾਲ ਉਹਨਾਂ ਦੇ ਧਰਮ ਵੀ ਅਲੋਪ ਹੋ ਗਏ, ਕੋਈ ਹੋਰ ਵਿਆਖਿਆ ਨਹੀਂ ਮੰਗਦੀ, ਕਿਉਂਕਿ ਪ੍ਰਾਚੀਨਾਂ ਦਾ "ਸੱਚਾ ਧਰਮ" ਆਪਣੀ "ਕੌਮੀਅਤ" ਦੀ, ਆਪਣੇ "ਰਾਜ" ਦੀ ਪੂਜਾ ਸੀ। ਇਹ ਪੁਰਾਤਨ ਧਰਮਾਂ ਦਾ ਪਤਨ ਨਹੀਂ ਜਿਹੜਾ ਪ੍ਰਾਚੀਨ ਰਾਜਾਂ ਦੇ ਪਤਨ ਦਾ ਕਾਰਨ ਬਣਿਆ, ਸਗੋਂ ਪ੍ਰਾਚੀਨ ਰਾਜਾਂ ਦਾ ਪਤਨ ਹੈ ਜਿਹੜਾ ਪੁਰਾਤਨ ਧਰਮਾਂ ਦੇ ਪਤਨ ਦਾ ਕਾਰਨ ਬਣਿਆ। ਅਤੇ ਅਜਿਹਾ ਅਗਿਆਨ ਜਿਹੜਾ ਇਸ ਮੁਖ ਲੇਖ ਵਿਚ ਲਭਦਾ ਹੈ ਆਪਣੇ ਆਪ ਨੂੰ "ਵਿਗਿਆਨਕ ਖੋਜ ਦਾ ਵਿਧਾਇਕ" ਘੋਸ਼ਤ ਕਰਦਾ ਹੈ ਅਤੇ ਦਰਸ਼ਨ ਲਈ "ਫਰਮਾਨ" ਲਿਖਦਾ ਹੈ।

> "ਸਮੂਹ ਪ੍ਰਾਚੀਨ ਸੰਸਾਰ ਦਾ ਨਿਘਾਰ ਹੋਣਾ ਹੀ ਸੀ ਕਿਉਂਕਿ ਆਪਣੇ ਵਿਗਿਆਨਕ ਵਿਕਾਸ ਵਿਚ ਜਾਤੀਆਂ ਵਲੋਂ ਪ੍ਰਾਪਤ ਕੀਤੀ ਗਈ ਪ੍ਰਗਤੀ ਅਵੱਸ਼ਕ ਰੂਪ ਵਿਚ ਉਹਨਾਂ ਗ਼ਲਤੀਆਂ ਦੇ ਪ੍ਰਕਾਸ਼ ਵਿਚ ਆਉਣ ਨਾਲ ਬੱਝੀ ਹੋਈ ਸੀ ਜਿਨ੍ਹਾਂ ਉਤੇ ਉਹਨਾਂ ਦੇ ਧਾਰਮਿਕ ਦ੍ਰਿਸ਼ਟੀਕੋਣ ਆਧਾਰਤ ਸਨ।"

ਇਸ ਲਈ, ਮੁਖ ਲੇਖ ਅਨੁਸਾਰ ਸਮੂਹ ਪ੍ਰਾਚੀਨ ਸੰਸਾਰ ਦਾ ਨਿਘਾਰ ਇਸ ਕਰਕੇ ਹੋ ਗਿਆ ਕਿ ਵਿਗਿਆਨਕ ਖੋਜ ਨੇ ਪੁਰਾਤਨ ਧਰਮਾਂ ਦੀਆਂ ਗ਼ਲਤੀਆਂ ਨੂੰ ਪ੍ਰਕਾਸ਼ ਵਿਚ ਲੈ ਆਂਦਾ। ਜੇ ਵਿਗਿਆਨਕ ਖੋਜ ਧਰਮ ਦੀਆਂ ਗ਼ਲਤੀਆਂ ਬਾਰੇ ਚੁਪ ਧਾਰੀ ਰਖਦੀ, ਜੇ ਮੁਖ ਲੇਖ ਦੇ ਕਰਤਾ ਨੇ ਰੋਮਨ ਅਧਿਕਾਰੀਆਂ ਨੂੰ ਲੂਕਰੀਸ਼ਸ ਅਤੇ ਲੂਕਿਅਨ ਦੀਆਂ ਲਿਖਤਾਂ ਜ਼ਬਤ ਕਰ ਲੈਣ ਦੀ ਸਫਾਰਸ਼ ਕੀਤੀ ਹੁੰਦੀ ਤਾਂ ਕੀ ਪ੍ਰਾਚੀਨ ਸੰਸਾਰ ਤਹਿਸ-ਨਹਿਸ ਨਾ ਹੁੰਦਾ?

ਬਾਕੀ ਗੱਲ ਬਾਰੇ, ਅਸੀਂ ਸ੍ਰੀਮਾਨ ਹ. ਦੀ ਵਿਦਵਤਾ ਦਾ ਵਿਸਥਾਰ ਕਿਸੇ ਅਗਲੀ ਲਿਖਤ ਵਿਚ ਕਰਾਂਗੇ।

ਠੀਕ ਉਸੇ ਵੇਲੇ ਜਦੋਂ ਪ੍ਰਾਚੀਨ ਸੰਸਾਰ ਦਾ ਪਤਨ ਨੇੜੇ ਆ ਰਿਹਾ ਸੀ, **ਸਿਕੰਦਰੀਆ ਦੀ ਪਰਪਾਟੀ** ਦਾ ਜਨਮ ਹੋਇਆ, ਜਿਸ ਨੇ ਯੂਨਾਨੀ ਮਿਥਿਹਾਸ ਦੇ "ਸਦੀਵੀ ਸੱਚ" ਅਤੇ "ਵਿਗਿਆਨਕ ਖੋਜਾਂ ਦੇ ਸਿੱਟਿਆਂ ਨਾਲ" ਇਸ ਦੀ ਪੂਰਨ ਅਨੁਰੂਪਤਾ ਨੂੰ ਬਲ ਨਾਲ ਸਿਧ ਕਰਨ ਦਾ ਜਤਨ ਕੀਤਾ। ਸ਼ਹਿਨਸ਼ਾਹ ਜੂਲੀਅਨ

ਵੀ ਇਸੇ ਪ੍ਰਵਿਰਤੀ ਨਾਲ ਸੰਬੰਧ ਰਖਦਾ ਸੀ, ਜਿਹੜੀ ਵਿਸ਼ਵਾਸ ਕਰਦੀ ਸੀ ਕਿ ਇਹ ਜੁਗ ਦੀ ਨਵੀਂ ਵਿਕਸਤ ਹੋ ਰਹੀ ਆਤਮਾ ਨੂੰ, ਆਪਣੀਆਂ ਅੱਖਾਂ ਬੰਦ ਰਖਕੇ ਤਾਂ ਜੋ ਇਹ ਵਖਾਈ ਨਾ ਦੇਵੇ, ਅਲੋਪ ਕਰ ਸਕਦੀ ਹੈ। ਪਰੰਤੂ, ਆਓ ਅਸੀਂ ਉਸ ਨਿਰਣੇ ਦੀ ਗੱਲ ਜਾਰੀ ਰਖੀਏ ਜਿਸ ਉਤੇ ਹ: ਪਹੁੰਚਿਆ। ਪ੍ਰਾਚੀਨ ਜੁਗ ਦੇ ਧਰਮਾਂ ਵਿਚ "ਦੈਵੀ ਦੀ ਕਮਜ਼ੋਰ ਧਾਰਨਾ ਗ਼ਲਤੀ ਦੀ ਅਤਿ ਕਾਲੀ ਰਾਤ ਦੇ ਕਜੱਣ ਵਿਚ ਲਪੇਟੀ ਹੋਈ ਸੀ," ਅਤੇ ਇਸ ਲਈ ਵਿਗਿਆਨਕ ਖੋਜ ਅੱਗੇ ਖਲੋ ਨਾ ਸਕੀ। ਈਸਾਈਅਤ ਅਧੀਨ, ਗੱਲ ਉਲਟੀ ਹੈ, ਜਿਵੇਂ ਕਿ ਹਰ ਚਿੰਤਨਸ਼ੀਲ ਮਸ਼ੀਨ ਸਿੱਟਾ ਕੱਢੇਗੀ। ਹਰ ਹਾਲਤ ਵਿਚ, ਹ. ਕਹਿੰਦਾ ਹੈ:

> "ਵਿਗਿਆਨਕ ਖੋਜ ਦੇ ਸਭ ਤੋਂ ਚੰਗੇ ਸਿੱਟਿਆਂ ਨੇ ਹਾਲੇ ਤੱਕ ਕੇਵਲ ਈਸਾਈ ਧਰਮ ਦੀਆਂ ਸਚਾਈਆਂ ਦੀ ਪੁਸ਼ਟੀ ਕਰਨ ਦਾ ਹੀ ਕੰਮ ਕੀਤਾ ਹੈ।"

ਅਸੀਂ ਇਸ ਤੱਥ ਨੂੰ ਇਕ ਪਾਸੇ ਛਡਦੇ ਹਾਂ ਕਿ ਬਿਨਾਂ ਕਿਸੇ ਛੋਟ ਦੇ ਬੀਤੇ ਦੇ ਸਾਰੇ ਦਰਸ਼ਨਾਂ ਉਤੇ ਧਰਮ-ਸ਼ਾਸਤ੍ਰੀਆਂ ਨੇ ਈਸਾਈ ਧਰਮ ਨੂੰ ਤਿਆਗ ਦੇਣ ਦਾ ਦੋਸ਼ ਲਾਇਆ ਹੈ, ਇਥੋਂ ਤੱਕ ਕਿ ਧਰਮਾਤਮਾ ਮਾਲਬਰਾਂਸ਼ ਅਤੇ ਦੈਵੀ ਰੂਪ ਵਿਚ ਪ੍ਰੇਰਤ ਯਾਕੋਬ ਬਿਓਮੇ ਉਤੇ ਵੀ, ਅਤੇ ਕਿ ਲਾਈਬਨਿਟਸ ਉਤੇ ਬਰਾਊਨਸ਼ਵਾਈਗ ਦੇ ਕਿਸਾਨਾਂ ਵਲੋਂ «Löwenix» (ਅਜਿਹਾ ਬੰਦਾ ਜਿਸ ਨੂੰ ਕਿਸੇ ਗੱਲ ਉਤੇ ਵਿਸ਼ਵਾਸ ਨਾ ਹੋਵੇ) ਹੋਣ ਦਾ, ਅਤੇ ਅੰਗ੍ਰੇਜ਼ ਕਲਾਰਕ ਤੇ ਨਿਊਟਨ ਦੇ ਦੂਜੇ ਸਮਰਥਕਾਂ ਵਲੋਂ ਨਾਸਤਕ ਹੋਣ ਦਾ ਦੋਸ਼ ਲਾਇਆ ਗਿਆ ਸੀ। ਅਸੀਂ ਇਸ ਤੱਥ ਨੂੰ ਵੀ ਇਕ ਪਾਸੇ ਪਿਆ ਰਹਿਣ ਦੇਂਦੇ ਹਾਂ ਕਿ ਈਸਾਈਅਤ ਨੂੰ, ਜਿਵੇਂ ਕਿ ਪ੍ਰੋਟੈਸਟੈਂਟ ਧਰਮ-ਸ਼ਾਸਤ੍ਰੀਆਂ ਦੇ ਅਤਿਅੰਤ ਸਮਰਥ ਅਤੇ ਅਡੋਲ ਹਲਕਿਆਂ ਦਾ ਵਿਚਾਰ ਹੈ, ਤਰਕ ਨਾਲ ਸੁਮੇਲਿਆ ਨਹੀਂ ਜਾ ਸਕਦਾ ਕਿਉਂਕਿ "ਸੰਸਾਰਕ" ਅਤੇ "ਆਤਮਕ" ਤਰਕ ਇਕ ਦੂਜੇ ਦਾ ਵਿਰੋਧ ਕਰਦੇ ਹਨ, ਜਿਸ ਗੱਲ ਨੂੰ ਤੇਰਤੂਲੀਅਨ ਨੇ ਕਲਾਸੀਕੀ ਰੂਪ ਵਿਚ ਇਹ ਆਖ ਕੇ ਪ੍ਰਗਟ ਕੀਤਾ ਸੀ: «Verum est, quia absurdum est» *। ਇਸ ਸਭ ਕੁਝ ਨੂੰ ਇਕ ਪਾਸੇ ਰਖਕੇ, ਅਸੀਂ ਪੁਛਦੇ ਹਾਂ: ਧਰਮ ਨਾਲ ਵਿਗਿਆਨਕ ਖੋਜ ਦੀ ਅਨੁਰੂਪਤਾ ਕਿਵੇਂ ਸਿਧ ਕੀਤੀ

---

* "ਇਹ ਸੱਚ ਹੈ ਕਿਉਂਕਿ ਇਹ ਊਲ-ਜਲੂਲ ਹੈ" (Carne Christi, II, 5)।—ਸੰਪਾ:

ਜਾਏ, ਸਿਵਾਏ ਇਸ ਦੇ ਕਿ ਇਸ ਨੂੰ ਆਪਣਾ ਰਾਹ ਫੜਨ ਦਿਤਾ ਜਾਏ ਅਤੇ ਇਸ ਤਰ੍ਹਾਂ ਇਸ ਨੂੰ ਆਪਣੇ ਆਪ ਨੂੰ ਧਰਮ ਵਿਚ ਵਟ ਜਾਣ ਲਈ ਮਜਬੂਰ ਕੀਤਾ ਜਾਏ? ਕੋਈ ਵੀ ਹੋਰ ਮਜਬੂਰੀ ਘਟੋ ਘਟ ਕੋਈ ਸਬੂਤ ਨਹੀਂ ਹੈ।

ਨਿਰਸੰਦੇਹ, ਜੇ ਸ਼ੁਰੂ ਤੋਂ ਹੀ ਤੁਸੀਂ ਕੇਵਲ ਉਸ ਗੱਲ ਨੂੰ ਵਿਗਿਆਨਕ ਖੋਜ ਦਾ ਸਿੱਟਾ ਮੰਨਦੇ ਹੋ ਜਿਹੜੀ ਤੁਹਾਡੇ ਆਪਣੇ ਵਿਚਾਰ ਦੇ ਅਨੁਸਾਰੀ ਹੈ, ਤਾਂ ਭਵਿਖ-ਬਾਣੀਆਂ ਕਰਨਾ ਤੁਹਾਡੇ ਲਈ ਔਖਾ ਨਹੀਂ, ਪਰ ਉਸ ਹਾਲਤ ਵਿਚ ਤੁਹਾਡੇ ਦਾਹਵੇ ਭਰੇ ਕਥਨ ਹਿੰਦੁਸਤਾਨੀ ਬ੍ਰਾਹਮਣ ਦੇ ਕਥਨਾਂ ਨਾਲੋਂ ਸ੍ਰੇਸ਼ਠ ਕਿਵੇਂ ਹੋਏ ਜਿਹੜਾ ਵੇਦਾਂ ਨੂੰ ਪੜ੍ਹਨ ਦਾ ਹੱਕ ਇਕੱਲਾ ਆਪਣੇ ਲਈ ਹੀ ਰਾਖਵਾਂ ਕਰਕੇ ਇਹਨਾਂ ਦੀ ਪਾਵਨਤਾ ਨੂੰ ਸਿੱਧ ਕਰਦਾ ਹੈ?

ਹਾਂ, ਹ. ਕਹਿੰਦਾ ਹੈ, ਇਹ "ਵਿਗਿਆਨਕ ਖੋਜ" ਹੈ। ਪਰ ਹਰ ਖੋਜ ਜਿਹੜੀ ਈਸਾਈਅਤ ਨੂੰ ਕੱਟਦੀ ਹੈ "ਅਧਵਾਟੇ ਰੁਕ ਜਾਂਦੀ ਹੈ" ਜਾਂ "ਇਕ ਗ਼ਲਤ ਰਾਹ ਫੜਦੀ ਹੈ।" ਦਲੀਲ ਦੇਣ ਦਾ ਕੋਈ ਵਧੇਰੇ ਸੌਖਾ ਰਾਹ ਹੋ ਸਕਦਾ ਹੈ?

ਵਿਗਿਆਨਕ ਖੋਜ, ਜਦੋਂ ਇਕ ਵਾਰ ਇਹ "ਆਪਣੇ ਲਈ ਆਪਣੇ ਸਿੱਟਿਆਂ ਦੀ ਵਸਤੂ **ਸਪਸ਼ਟ ਕਰ ਲੈਂਦੀ ਹੈ**, ਈਸਾਈਅਤ ਦੀਆਂ ਸਚਾਈਆਂ ਨਾਲ ਕਦੇ ਟੱਕਰ ਨਹੀਂ ਖਾਏਗੀ।" ਪਰੰਤੂ, ਇਸ ਦੇ ਨਾਲ ਹੀ, ਰਾਜ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਇਹ "**ਸਪਸ਼ਟੀਕਰਨ**" ਅਸੰਭਵ ਹੈ, ਕਿਉਂਕਿ ਖੋਜ ਲਈ ਜ਼ਰੂਰੀ ਹੈ ਕਿ ਇਹ ਕਦੇ ਵੀ ਆਪਣੇ ਆਪ ਨੂੰ ਵਿਸ਼ਾਲ ਜਨਸਮੂਹ ਦੀ ਸਮਝ ਦੀ ਪੱਧਰ ਦੇ ਅਨੁਕੂਲ ਨਾ ਬਣਾਏ, ਅਰਥਾਤ, ਇਸ ਨੂੰ ਕਦੇ ਵੀ ਲੋਕ-ਪ੍ਰਿਯ ਅਤੇ **ਆਪਣੇ ਆਪ ਵਿੱਚ** ਸਪਸ਼ਟ ਨਹੀਂ ਹੋਣਾ ਚਾਹੀਦਾ! ਜਦੋਂ ਅਵਿਗਿਆਨਕ ਖੋਜੀ ਰਾਜਤੰਤਰ ਦੇ ਸਾਰੇ ਅਖ਼ਬਾਰਾਂ ਵਿਚ ਇਸ ਉਤੇ ਹਮਲਾ ਕਰਦੇ ਹਨ, ਓਦੋਂ ਵੀ ਇਸ ਨੂੰ ਨਿਰਮਾਣ ਬਣਨਾ ਅਤੇ ਚੁਪ ਰਹਿਣਾ ਚਾਹੀਦਾ ਹੈ।

ਈਸਾਈਅਤ "ਕਿਸੇ ਨਵੀਂ ਅਧੋਗਤੀ" ਦੀ ਸੰਭਾਵਨਾ ਨੂੰ ਦੂਰ ਕਰਦੀ ਹੈ, ਪਰ ਪੁਲੀਸ ਨੂੰ ਇਸ ਗੱਲ ਦਾ ਧਿਆਨ ਰਖਣ ਲਈ ਚੌਕਸ ਰਹਿਣਾ ਚਾਹੀਦਾ ਹੈ ਕਿ ਦਾਰਸ਼ਨਿਕੀਕਰਨ ਕਰਨ ਵਾਲੇ ਪਤਰਕਾਰ ਅਜਿਹੀ ਅਧੋਗਤੀ ਨਾ ਪੈਦਾ ਕਰਨ,— ਉਹਨੂੰ ਅਤਿਅੰਤ ਸਖ਼ਤੀ ਨਾਲ ਇਸ ਗੱਲ ਦੇ ਵਿਰੁਧ ਪਹਿਰਾ ਦੇਣਾ ਚਾਹੀਦਾ ਹੈ। ਸੱਚ ਨਾਲ ਸੰਗਰਾਮ ਵਿਚ, ਬਾਹਰੀ ਸ਼ਕਤੀ ਵਲੋਂ ਕਿਸੇ ਦਮਨ ਦੀ ਲੋੜ ਤੋਂ ਬਿਨਾਂ, ਗ਼ਲਤੀ ਆਪਣੇ ਆਪ ਹੀ ਗ਼ਲਤੀ ਵਜੋਂ ਪਛਾਣ ਲਈ ਜਾਏਗੀ; ਪਰ ਰਾਜ ਨੂੰ ਸੱਚ ਦਾ ਇਹ ਸੰਗਰਾਮ ਸੌਖਾ ਬਣਾਉਣਾ ਚਾਹੀਦਾ ਹੈ, ਨਿਰਸੰਦੇਹ, "ਗ਼ਲਤੀ" ਦੇ ਝੰਡਾਬਰਦਾਰਾਂ ਨੂੰ ਅੰਦਰੂਨੀ ਆਜ਼ਾਦੀ ਤੋਂ ਵਿਰਵਾ ਕਰਕੇ ਨਹੀਂ, ਜਿਸ ਨੂੰ ਇਹ ਉਹਨਾਂ ਕੋਲੋਂ ਖੋਹ ਨਹੀਂ ਸਕਦੀ, ਸਗੋਂ ਉਹਨਾਂ ਨੂੰ ਇਸ ਆਜ਼ਾਦੀ ਦੀ ਸੰਭਾਵਨਾ **ਤੋਂ**, ਹੋਂਦ ਦੀ ਸੰਭਾਵਨਾ ਤੋਂ ਵਿਰਵਾ ਕਰਕੇ!

ਈਸਾਈਅਤ ਨੂੰ ਆਪਣੀ ਜਿੱਤ ਦਾ ਯਕੀਨ ਹੈ, ਪਰ ਹ. ਅਨੁਸਾਰ, ਇਸ ਨੂੰ ਇੰਨਾ ਯਕੀਨ ਨਹੀਂ ਕਿ ਪੁਲੀਸ ਦੀ ਸਹਾਇਤਾ ਨੂੰ ਲੱਤ ਮਾਰ ਦੇਵੇ।

ਜੇ ਆਰੰਭ ਤੋਂ ਹੀ ਹਰ ਉਹ ਗੱਲ ਜਿਹੜੀ ਤੁਹਾਡੇ ਵਿਸ਼ਵਾਸ ਨੂੰ ਕੱਟਦੀ ਹੈ ਗ਼ਲਤੀ ਹੈ, ਅਤੇ ਇਸ ਨੂੰ ਗ਼ਲਤੀ ਵਜੋਂ ਹੀ ਲਿਆ ਜਾਣਾ ਹੈ, ਤਾਂ ਤੁਹਾਡੇ ਦਾਹਵਿਆਂ ਨੂੰ ਮੁਸਲਮਾਨਾਂ ਦੇ ਜਾਂ ਕਿਸੇ ਵੀ ਹੋਰ ਧਰਮ ਦੇ ਦਾਹਵਿਆਂ ਨਾਲੋਂ ਕਿਹੜੀ ਗੱਲ ਨਿਖੇੜਦੀ ਹੈ? ਕੀ ਦਰਸ਼ਨ ਨੂੰ, ਤਾਂ ਜੋ ਇਹ ਮੱਤ ਦੇ ਬੁਨਿਆਦੀ ਅਸੂਲਾਂ ਦਾ ਖੰਡਨ ਨਾ ਕਰੇ, ਹਰ ਦੇਸ ਵਿਚ, "ਹਰ ਦੇਸ ਦੇ ਆਪਣੇ ਆਪਣੇ ਰਵਾਜ ਹੁੰਦੇ ਹਨ" ਦੇ ਕਥਨ ਅਨੁਸਾਰ, ਵੱਖ ਵੱਖ ਨੇਮ ਧਾਰਨ ਕਰਨੇ ਚਾਹੀਦੇ ਹਨ? ਕੀ ਇਸ ਨੂੰ ਇਕ ਦੇਸ ਵਿਚ ਇਹ ਵਿਸ਼ਵਾਸ ਕਰਨਾ ਚਾਹੀਦਾ ਹੈ ਕਿ ੩×੧=੧, ਦੂਜੇ ਵਿਚ ਇਹ ਕਿ ਇਸਤ੍ਰੀਆਂ ਦੀਆਂ ਆਤਮਾਵਾਂ ਨਹੀਂ ਹੁੰਦੀਆਂ, ਅਤੇ ਤੀਜੇ ਵਿਚ ਇਹ ਕਿ ਸਵਰਗ ਵਿਚ ਬੀਅਰ ਪੀਤੀ ਜਾਂਦੀ ਹੈ? ਕੀ ਕੋਈ **ਸਰਵ-ਵਿਆਪੀ ਮਨੁਖੀ** ਪ੍ਰਕਿਰਤੀ ਨਹੀਂ, ਜਿਵੇਂ ਪੌਦਿਆਂ ਅਤੇ ਤਾਰਿਆਂ ਦੀ ਸਰਵ-ਵਿਆਪੀ ਪ੍ਰਕਿਰਤੀ ਹੈ? ਦਰਸ਼ਨ ਇਹ ਪੁਛਦਾ ਹੈ ਕਿ ਸੱਚ ਕੀ ਹੈ?—ਇਹ ਨਹੀਂ ਕਿ ਸੱਚ ਕੀ ਸਮਝਿਆ ਜਾਂਦਾ ਹੈ? ਇਹ ਪੁਛਦਾ ਹੈ ਕਿ ਸਾਰੀ ਮਨੁਖਤਾ ਲਈ ਕੀ ਸੱਚ ਹੈ, ਇਹ ਨਹੀਂ ਕਿ ਕੁਝ ਵਿਅਕਤੀਆਂ ਲਈ ਕੀ ਸੱਚ ਹੈ। ਇਸ ਦੀਆਂ ਪਰਾ-ਭੌਤਿਕ ਸਚਾਈਆਂ ਰਾਜਨੀਤਕ ਭੂਗੋਲ ਦੀਆਂ ਸਰਹੱਦਾਂ ਨੂੰ ਨਹੀਂ ਮੰਨਦੀਆਂ, ਇਸ ਦੀਆਂ ਰਾਜਨੀਤਕ ਸਚਾਈਆਂ ਭਲੀ ਪ੍ਰਕਾਰ ਜਾਣਦੀਆਂ ਹਨ ਕਿ ਇਹਦੇ ਲਈ ਇਕ ਵਿਸ਼ੇਸ਼ ਜਾਂ ਕੌਮੀ ਦ੍ਰਿਸ਼ਟੀਕੋਣ ਦੇ ਭੁਲਾਂਦਰਾਮਈ ਦੁਮੇਲ ਨੂੰ ਮਨੁਖੀ ਮਨ ਦੇ ਸੱਚੇ ਦੁਮੇਲ ਨਾਲ ਗਡਮਡ ਕਰਨ ਦੀਆਂ "ਸੀਮਾਵਾਂ" ਕਿਥੋਂ ਸ਼ੁਰੂ ਹੁੰਦੀਆਂ ਹਨ। ਈਸਾਈਅਤ ਦੇ ਸਭਨਾਂ ਹਮਾਇਤੀਆਂ ਵਿਚੋਂ, ਹ. ਸਭ ਤੋਂ ਕਮਜ਼ੋਰ ਹੈ।

ਈਸਾਈਅਤ ਦੀ **ਲੰਮੀ ਹੋਂਦ** ਇਸ ਦੇ ਪੱਖ ਵਿਚ ਉਸ ਦਾ ਇਕੋ ਇਕ ਸਬੂਤ ਹੈ। ਪਰ ਕੀ ਦਰਸ਼ਨ ਵੀ ਥਾਲੇਸ ਦੇ ਸਮੇਂ ਤੋਂ ਅੱਜ ਤੱਕ ਵਿਦਮਾਨ ਨਹੀਂ, ਅਤੇ ਨਿਰਸੰਦੇਹ ਹ. ਆਪ ਹੀ ਐਨ ਇਹੋ ਨਹੀਂ ਕਹਿੰਦਾ ਕਿ ਇਹ ਹੁਣ ਵਡੇਰੇ ਦਾਅਵੇ ਪੇਸ਼ ਕਰਦਾ ਹੈ ਅਤੇ ਪਹਿਲਾਂ ਸਦਾ ਨਾਲੋਂ ਵਧੇਰੇ ਆਪਣੀ ਮਹੱਤਤਾ ਬਾਰੇ ਉਚੇਰੀ ਰਾਇ ਰਖਦਾ ਹੈ?

ਅਖੀਰ, ਹ. ਕਿਵੇਂ ਸਿੱਧ ਕਰਦਾ ਹੈ ਕਿ ਸਮਕਾਲੀ ਰਾਜ ਇਕ "ਈਸਾਈ" ਰਾਜ ਹੈ, ਕਿ ਇਸ ਦਾ ਆਸ਼ਾ ਸਦਾਚਾਰਕ ਮਨੁਖਾਂ ਦਾ ਸੁਤੰਤਰ ਸਮਾਜ ਨਹੀਂ, ਸਗੋਂ ਆਸਤਕਾਂ ਦਾ ਸਮਾਜ, ਆਜ਼ਾਦੀ ਦੀ ਸਾਕਾਰਤਾ ਨਹੀਂ, ਸਗੋਂ ਮੱਤ ਦੀ ਸਾਕਾਰਤਾ ਹੈ? "ਸਾਡੇ ਸਾਰੇ ਯੂਰਪੀ ਰਾਜਾਂ ਦਾ ਆਧਾਰ ਈਸਾਈਅਤ ਹੈ।"

ਫ਼ਰਾਂਸੀਸੀ ਰਾਜ ਦਾ ਵੀ? ਚਾਰਟਰ[6] ਦੀ ਧਾਰਾ ੩ ਇਹ ਨਹੀਂ ਕਹਿੰਦੀ: "ਹਰ ਈਸਾਈ" ਜਾਂ "ਕੇਵਲ ਇਕ ਈਸਾਈ", ਸਗੋਂ:

«*tous les Français* sont également admissibles aux emplois civiles et militaires.»*

ਪਰੂਸ਼ੀਆਈ ਕਾਨੂੰਨ ਵੀ, ਭਾਗ ਦੂਜਾ, ਖੰਡ ੧੩-ਵਾਂ, ਕਹਿੰਦਾ ਹੈ:

"ਸ਼ਾਂਤੀ ਤੇ ਸਲਾਮਤੀ ਕਾਇਮ ਰਖਣਾ, ਅੰਦਰੂਨੀ ਵੀ ਤੇ ਬਾਹਰੀ ਵੀ, ਅਤੇ ਹਰ ਇਕ ਦੀ ਹਿੰਸਾ ਤੋਂ ਅਤੇ ਜੋ ਕੁਝ ਕਿਸੇ ਦੀ ਮਲਕੀਅਤ ਹੈ ਉਸ ਵਿਚ ਦਖਲ ਤੋਂ ਰਖਿਆ ਕਰਨਾ ਰਾਜ ਦੇ ਮੁਖੀ **ਦਾ ਮੁਢਲਾ** ਫਰਜ਼ ਹੈ।"

ਧਾਰਾ ੧ ਅਨੁਸਾਰ, ਰਾਜ ਦਾ ਮੁਖੀ ਆਪਣੇ ਵਿਅਕਤੀਤਵ ਵਿਚ "ਰਾਜ ਦੇ ਸਾਰੇ ਫਰਜ਼ਾਂ ਤੇ ਅਧਿਕਾਰਾਂ" ਨੂੰ ਸੰਜੁਗਤ ਕਰਦਾ ਹੈ। ਇਹ ਧਾਰਾ ਇਹ ਨਹੀਂ ਕਹਿੰਦੀ ਕਿ ਰਾਜ ਦਾ ਮੁਢਲਾ ਫਰਜ਼ ਧਰਮ-ਵਿਰੋਧੀ ਗ਼ਲਤੀਆਂ ਨੂੰ ਕੁਚਲਣਾ ਅਤੇ ਨਾਗਰਿਕਾਂ ਲਈ ਦੂਜੇ ਸੰਸਾਰ ਦੀ ਬਰਕਤ ਦੀ ਜ਼ਾਮਨੀ ਕਰਨਾ ਹੈ।

ਪਰ ਜੇ ਕੁਝ ਯੂਰਪੀ ਰਾਜ ਈਸਾਈਅਤ ਤੇ ਆਧਾਰਤ ਹਨ, ਤਾਂ ਕੀ ਇਹ ਰਾਜ ਆਪਣੇ ਸੰਕਲਪ ਦੇ ਅਨੁਸਾਰੀ ਹਨ ਅਤੇ ਕੀ ਇਕ ਸਥਿਤੀ ਦੀ "ਖਾਲਸ ਹੋਂਦ" ਉਸ ਸਥਿਤੀ ਦੇ ਹੋਂਦ ਵਿਚ ਰਹਿਣ ਦਾ ਅਧਿਕਾਰ ਹੈ?

ਸਾਡੇ ਹ. ਦੇ ਦ੍ਰਿਸ਼ਟੀਕੋਣ ਅਨੁਸਾਰ, ਨਿਰਸੰਦੇਹ, ਇਹੋ ਗੱਲ ਹੈ, ਕਿਉਂਕਿ ਉਹ ਯੁਵਕ ਹੀਗਲਵਾਦ[7] ਦੇ ਸਮਰਥਕਾਂ ਨੂੰ ਯਾਦ ਕਰਾਉਂਦਾ ਹੈ:

"ਕਿ, ਉਹਨਾਂ ਕਾਨੂੰਨਾਂ ਅਨੁਸਾਰ ਜਿਹੜੇ ਰਾਜ ਦੇ ਵਡੇਰੇ ਭਾਗ ਵਿਚ ਲਾਗੂ ਹਨ, **ਚਰਚ ਵਲੋਂ ਪਾਕ ਘੋਸ਼ਤ ਕੀਤੇ ਬਿਨਾਂ ਹਰ ਵਿਆਹ ਧਰੋਵਾ** ਸਮਝਿਆ ਜਾਂਦਾ ਹੈ ਅਤੇ ਅਜਿਹੀ ਹਾਲਤ ਵਿਚ **ਪੁਲਸ** ਉਹਨਾਂ ਨੂੰ ਸਜ਼ਾ ਦੇਂਦੀ ਹੈ।"

ਇਸ ਲਈ, ਜੇ "ਚਰਚ ਵਲੋਂ ਪਾਕ ਘੋਸ਼ਤ ਕੀਤੇ ਬਿਨਾਂ ਵਿਆਹ" ਰਾਈਨ ਕੰਢੇ ਨੈਪੋਲੀਅਨੀ ਸੰਘਤਾ[8] ਅਨੁਸਾਰ "ਵਿਆਹ" ਸਮਝਿਆ ਜਾਂਦਾ ਹੈ, ਪਰ ਸਪਰੀ ਕੰਢੇ ਪਰੂਸ਼ੀਆਈ ਕਾਨੂੰਨ ਅਨੁਸਾਰ "ਧਰੋਵਾ", ਤਾਂ "ਪੁਲਸ" ਵਲੋਂ ਸਜ਼ਾ "ਦਰਸ਼ਨਵੇਤਾਵਾਂ" ਲਈ ਇਕ ਦਲੀਲ ਹੋਣੀ ਚਾਹੀਦੀ ਹੈ ਕਿ ਜੋ ਇਕ ਥਾਂ ਠੀਕ ਹੈ ਉਹ ਦੂਜੀ ਥਾਂ ਗ਼ਲਤ ਹੈ, ਕਿ ਨੈਪੋਲੀਅਨੀ ਸੰਘਤਾ ਨਹੀਂ, ਸਗੋਂ ਪਰੂਸ਼ੀਆਈ ਕਾਨੂੰਨ ਹੈ ਜਿਸ ਕੋਲ ਵਿਆਹ ਦਾ ਵਿਗਿਆਨਕ, ਸਦਾਚਾਰਕ ਅਤੇ ਤਰਕਸ਼ੀਲ ਸੰਕਲਪ ਹੈ। ਇਹ "ਪੁਲਸ ਵਲੋਂ ਸਜ਼ਾ ਦਾ ਦਰਸ਼ਨ" ਕੁਝ ਥਾਈਂ ਕਾਇਲ ਕਰਨ

---

*"**ਸਾਰੇ ਫ਼ਰਾਂਸੀਸੀ** ਸ਼ਹਿਰੀ ਅਤੇ ਸੈਨਿਕ ਪਦਵੀਆਂ ਲਈ ਬਰਾਬਰ ਦੇ ਅਧਿਕਾਰੀ ਹਨ।" —**ਸੰਪਾ:**

ਵਾਲਾ ਹੋ ਸਕਦਾ ਹੈ, ਪਰ ਪਰੂਸ਼ੀਆ ਵਿਚ ਇਹ ਕਾਇਲ ਕਰਨ ਵਾਲਾ ਨਹੀਂ ਹੈ। ਇਸ ਤੋਂ ਅਗਲੀ ਗੱਲ, "ਪਾਵਨ" ਵਿਆਹ ਦਾ ਦ੍ਰਿਸ਼ਟੀਕੋਣ ਪਰੂਸ਼ੀਆਈ ਕਾਨੂੰਨ ਨਾਲ ਕਿੰਨਾ ਘਟ ਮੇਲ ਖਾਂਦਾ ਹੈ, ਇਹ ਖੰਡ ੧, ਭਾਗ ੨, ਧਾਰਾ ੧੨ ਤੋਂ ਵੇਖਿਆ ਜਾ ਸਕਦਾ ਹੈ ਜਿਸ ਵਿਚ ਕਿਹਾ ਗਿਆ ਹੈ:

> "ਇਸ ਦੇ ਬਾਵਜੂਦ, ਦੇਸ ਦਾ ਕਾਨੂੰਨ ਜਿਸ ਵਿਆਹ ਦੀ ਆਗਿਆ ਦੇਂਦਾ ਹੈ ਉਹ ਇਸ ਕਾਰਨ ਆਪਣੀ ਕੋਈ ਵੀ ਸ਼ਹਿਰੀ ਪ੍ਰਮਾਣਿਕਤਾ ਨਹੀਂ ਗੁਆ ਲੈਂਦਾ ਕਿ ਧਾਰਮਿਕ ਅਧਿਕਾਰੀਆਂ ਦੇ ਹੁਕਮ ਦੀ ਸ਼ਰਨ ਨਹੀਂ ਲਈ ਗਈ ਜਾਂ ਇਸ ਤੋਂ ਇਨਕਾਰ ਕੀਤਾ ਗਿਆ ਹੈ।"

ਇਸ ਕਰਕੇ ਪਰੂਸ਼ੀਆ ਵਿਚ ਵੀ ਵਿਆਹ ਭਾਗਸਮ ਰੂਪ ਵਿਚ "ਧਾਰਮਿਕ ਅਧਿਕਾਰੀਆਂ" ਤੋਂ ਮੁਕਤ ਹੈ ਅਤੇ ਇਸ ਦੀ "ਸ਼ਹਿਰੀ" ਪ੍ਰਮਾਣਿਕਤਾ ਇਸ ਦੀ "ਕਲੀਸਾਈ" ਪ੍ਰਮਾਣਿਕਤਾ ਨਾਲੋਂ ਵਖਰੀ ਹੈ।

ਇਹ ਦਸਣ ਦੀ ਤਾਂ ਲੋੜ ਹੀ ਨਹੀਂ ਕਿ ਰਾਜ ਦੇ ਸਾਡੇ ਮਹਾਨ ਈਸਾਈ ਦਰਸ਼ਨਵੇਤਾ ਦੀ ਰਾਜ ਬਾਰੇ "ਉੱਚੀ" ਰਾਏ ਨਹੀਂ ਹੈ।

> "ਕਿਉਂਕਿ ਸਾਡੇ ਰਾਜ ਮਹਿਜ਼ ਕਾਨੂੰਨੀ ਸੰਸਥਾਵਾਂ ਹੀ ਨਹੀਂ, ਸਗੋਂ ਇਸ ਦੇ ਨਾਲ ਹੀ ਸੱਚੀਆਂ ਵਿਦਿਅਕ ਸੰਸਥਾਵਾਂ ਵੀ ਹਨ, ਕੇਵਲ ਇਸ ਫਰਕ ਨਾਲ ਕਿ ਉਹ ਯੁਵਕਾਂ ਦੀ ਵਿਦਿਆ ਨੂੰ ਸਮਰਪਤ ਸੰਸਥਾਵਾਂ ਨਾਲੋਂ ਵਿਸ਼ਾਲਤਰ ਹਲਕੇ ਨੂੰ ਆਪਣੀ ਫਿਕਰਮੰਦੀ ਦੇ ਘੇਰੇ ਵਿਚ ਲੈਂਦੀਆਂ ਹਨ," ਆਦਿ, ਇਸ ਲਈ "ਸਮੁਚੀ ਜਨਤਕ ਵਿਦਿਆ ਈਸਾਈਅਤ ਦੀ ਬੁਨਿਆਦ ਉਤੇ" ਟਿੱਕੀ ਹੋਈ ਹੈ।

ਸਾਡੇ ਸਕੂਲੀ ਬਚਿਆਂ ਦੀ ਵਿਦਿਆ ਠੀਕ ਓਨੀ ਹੀ ਵਿਆਪਕ ਰੂਪ ਵਿਚ ਪ੍ਰਾਚੀਨ ਕਲਾਸੀਕੀ ਸਾਹਿਤ ਅਤੇ ਵਿਗਿਆਨਾਂ ਤੇ ਆਧਾਰਤ ਹੈ ਜਿੰਨੀ ਧਾਰਮਿਕ ਪ੍ਰਸ਼ਨੋਤਰੀ ਉਤੇ।

ਹ. ਅਨੁਸਾਰ, ਰਾਜ ਯਤੀਮਖਾਨੇ ਨਾਲੋਂ ਵਸਤੂ ਕਰਕੇ ਵਖਰਾ ਨਹੀਂ, ਸਗੋਂ ਆਕਾਰ ਕਰਕੇ ਹੈ, ਇਸ ਦੀ "ਫਿਕਰਮੰਦੀ" ਵਿਸ਼ਾਲਤਰ ਹੈ।

ਰਾਜ ਵਲੋਂ ਨੇਪਰੇ ਚਾੜ੍ਹੀ ਜਾਂਦੀ ਸੱਚੀ "ਜਨਤਕ ਵਿਦਿਆ ਦੀ ਜੜ੍ਹ" ਰਾਜ ਦੀ ਤਰਕਸ਼ੀਲ ਅਤੇ ਜਨਤਕ ਹੋਂਦ ਵਿਚ ਹੈ; ਖੁਦ ਰਾਜ ਆਪਣੇ ਮੈਂਬਰਾਂ ਨੂੰ ਵਿਦਿਤ ਬਣਾਉਂਦਾ ਹੈ ਉਹਨਾਂ ਨੂੰ ਆਪਣੇ ਮੈਂਬਰ ਬਣਾਕੇ, ਵਿਅਕਤੀ ਦੇ ਆਸ਼ਿਆਂ ਨੂੰ ਵਿਆਪਕ ਆਸ਼ਿਆਂ ਵਿਚ, ਗੰਵਾਰ ਸਹਿਜ-ਪ੍ਰਵਿਰਤੀ ਨੂੰ ਸਦਾਚਾਰਕ ਪ੍ਰਵਿਰਤੀ ਵਿਚ, ਪ੍ਰਾਕਿਰਤਕ ਸੁਆਧੀਨਤਾ ਨੂੰ ਆਤਮਕ ਆਜ਼ਾਦੀ ਵਿਚ ਤਬਦੀਲ ਕਰਕੇ, ਵਿਅਕਤੀ

ਵਲੋਂ ਆਪਣੀ ਭਲਾਈ ਸਮੁਚੇ ਦੇ ਜੀਵਨ ਵਿਚ, ਅਤੇ ਸਮੁਚੇ ਦੀ ਵਿਅਕਤੀ ਦੇ ਮਾਨਸਿਕ ਚੌਖਟੇ ਵਿਚ ਪ੍ਰਮਾਣਿਤ ਕਰਕੇ।

ਦੂਜੇ ਪਾਸੇ, ਮੁਖ ਲੇਖ ਰਾਜ ਨੂੰ ਆਜ਼ਾਦ ਮਨੁਖਾਂ ਦਾ ਸਮਾਜ ਨਹੀਂ ਬਣਾਉਂਦਾ ਜਿਹੜੇ ਇਕ ਦੂਜੇ ਨੂੰ ਸਿਖਿਆ ਦੇਂਦੇ ਹਨ, ਸਗੋਂ ਬਾਲਗਾਂ ਦੀ ਇਕ ਭੀੜ ਬਣਾਉਂਦਾ ਹੈ ਜਿਨ੍ਹਾਂ ਦੀ ਹੋਣੀ ਉਪਰ ਤੋਂ ਵਿਦਿਤ ਬਣਾਏ ਜਾਣਾ ਅਤੇ ਇਕ "ਤੰਗ" ਸਕੂਲ-ਕਮਰੇ ਤੋਂ ਇਕ "ਵਿਸ਼ਾਲਤਰ" ਕਮਰੇ ਵਿਚ ਦਾਖਲ ਹੋਣਾ ਹੈ।

ਵਿਦਿਆ ਅਤੇ ਸਰਪ੍ਰਸਤੀ ਦਾ ਇਹ ਸਿਧਾਂਤ ਇਥੇ ਪ੍ਰੈਸ ਦੀ ਆਜ਼ਾਦੀ ਦੇ ਉਸ ਮਿਤਰ ਵਲੋਂ ਪੇਸ਼ ਕੀਤਾ ਗਿਆ ਹੈ ਜਿਹੜਾ, ਇਸ ਸੁਹਣੀ ਨਾਲ ਮੁਹੱਬਤ ਕਰਕੇ, "ਸੈਂਸਰਸ਼ਿਪ ਦੀਆਂ ਅਣਗਹਿਲੀਆਂ" ਵੱਲ ਧਿਆਨ ਦੁਆਉਂਦਾ ਹੈ, ਜਿਸ ਨੂੰ ਪਤਾ ਹੈ ਕਿ "ਵਿਸ਼ਾਲ ਜਨਸਮੂਹ ਦੀ ਸਮਝ ਦੀ ਪੱਧਰ" ਦਾ ਉਚਿਤ ਥਾਂ ਤੇ ਕਿਵੇਂ ਵਰਣਨ ਕਰਨਾ ਹੈ (ਸ਼ਾਇਦ "ਵਿਸ਼ਾਲ ਜਨਸਮੂਹ ਦੀ ਸਮਝ ਦੀ ਪੱਧਰ" ਪਿਛੇ ਤੇ «Kölnische Zeitung» ਨੂੰ ਏਨੀ ਸੰਦੇਹਪੂਰਨ ਇਸ ਲਈ ਜਾਪਣ ਲਗ ਪਈ ਹੈ ਕਿ ਇਸ ਸਮੂਹ ਨੇ "ਅਣਦਾਰਸ਼ਨਿਕ ਅਖ਼ਬਾਰ" ਦੀ ਸ੍ਰੇਸ਼ਠਤਾ ਦੀ ਪ੍ਰਸੰਸਾ ਕਰਨਾ ਬੰਦ ਕਰ ਦਿਤਾ ਹੈ?) ਅਤੇ ਜਿਹੜਾ ਵਿਦਵਾਨਾਂ ਨੂੰ ਮੰਚ ਉਤੇ ਇਕ ਦ੍ਰਿਸ਼ਟੀਕੋਣ ਅਤੇ ਉਹਲੇ ਵਿਚ ਦੂਜਾ ਦ੍ਰਿਸ਼ਟੀਕੋਣ ਰਖਣ ਦੀ ਸਲਾਹ ਦੇਂਦਾ ਹੈ!

ਜਿਸ ਤਰੀਕੇ ਨਾਲ ਮੁਖ ਲੇਖ ਰਾਜ ਸੰਬੰਧੀ ਆਪਣੀ "**ਘਟੀਆ**" ਰਾਏ ਦੀ ਦਸਤਾਵੇਜ਼ੀ ਗਵਾਹੀ ਦੇਂਦਾ ਹੈ, ਉਸੇ ਤਰ੍ਹਾਂ ਹੁਣ ਇਹ "**ਈਸਾਈਅਤ ਬਾਰੇ**" ਆਪਣੀ **ਨੀਵੀਂ ਰਾਏ** ਪੇਸ਼ ਕਰਦਾ ਹੈ।

> "ਦੁਨੀਆਂ ਭਰ ਦੇ ਸਾਰੇ ਅਖ਼ਬਾਰੀ ਲੇਖ ਉਸ ਜਾਤੀ ਨੂੰ ਜਿਹੜੀ ਸਮੁਚੇ ਤੌਰ ਤੇ ਖੁਸ਼ ਅਤੇ ਠੀਕ ਠਾਕ ਮਹਿਸੂਸ ਕਰਦੀ ਹੈ ਕਦੇ ਵੀ ਕਾਇਲ ਕਰਨ ਦੇ ਯੋਗ ਨਹੀਂ ਹੋਣਗੇ ਕਿ ਉਹ ਮੰਦਭਾਗੀ ਸਥਿਤੀ ਵਿਚ ਹੈ।"

ਸਾਨੂੰ ਇਸ ਤਰ੍ਹਾਂ ਸੋਚਣਾ ਚਾਹੀਦਾ ਹੈ! ਭਲਾਈ ਅਤੇ ਖੁਸ਼ੀ ਦਾ **ਵਾਸਤਵਿਕ** ਅਹਿਸਾਸ ਅਖ਼ਬਾਰੀ ਲੇਖਾਂ ਦੇ ਖਿਲਾਫ ਧਰਮ ਵਿਚ ਅਨੰਦਪੂਰਨ ਅਤੇ ਸਰਬ-ਜੇਤੂ ਵਿਸ਼ਵਾਸ ਨਾਲੋਂ ਵਧੇਰੇ ਭਰੋਸੇਯੋਗ ਆਸਰਾ ਹੈ! ਹ. ਇਹ ਨਹੀਂ ਗਾਉਂਦਾ: "ਸਾਡਾ ਈਸ਼ਵਰ ਇਕ ਮਜ਼ਬੂਤ ਗੜ੍ਹੀ ਹੈ!"* ਉਸ ਅਨੁਸਾਰ, "ਵਿਸ਼ਾਲ ਜਨਸਮੂਹ" ਦੇ ਸਚਮੁਚ ਵਿਸ਼ਵਾਸੀ ਦਿਲ ਨੂੰ ਸੰਦੇਹ ਦਾ ਜ਼ੰਗਾਲ ਲਗਣ ਦਾ "ਥੋੜ੍ਹਿਆਂ" ਦੇ ਮਾਂਜੇ ਸਵਾਰੇ ਸੰਸਾਰਿਕ ਸਭਿਆਚਾਰ ਨਾਲੋਂ ਵਧੇਰੇ ਖ਼ਤਰਾ ਹੈ!

---

* ਮਾਰਟਨ ਲੂਥਰ ਦੇ ਸਮੂਹ-ਗਾਨ, Ein Feste Burg, ਦੀ ਪਹਿਲੀ ਸਤਰ।—**ਸੰਪਾ:**

"ਸੁਵਿਵਸਥਿਤ ਚਰਚ" ਦੀ ਤੁਲਨਾ ਵਿਚ, ਇਸ ਦੇ ਬਾਵਜੂਦ ਕਿ "ਈਸ਼ਵਰ ਦੀ ਭਾਵਨਾ" ਸਚਾਈ ਤੱਕ ਉਹਦੀ ਅਗਵਾਈ ਕਰਦੀ ਹੈ, "ਇਕ ਸੁਵਿਵਸਥਿਤ ਰਾਜ" ਵਿਚ ਹ. ਨੂੰ "ਵਿਦਰੋਹ ਦੀਆਂ ਉਕਸਾਹਟਾਂ ਦਾ ਵੀ" ਘਟ ਡਰ ਹੈ। ਕਮਾਲ ਦਾ ਵਿਸ਼ਵਾਸੀ ਹੈ ਉਹ! ਅਤੇ ਹੁਣ ਇਸ ਦਾ ਕਾਰਨ! ਉਹ ਕਹਿੰਦਾ ਹੈ, ਜਨਸਮੂਹ ਰਾਜਨੀਤਕ ਲੇਖ ਸਮਝ ਸਕਦਾ ਹੈ ਪਰ ਦਾਰਸ਼ਨਿਕ ਲੇਖ ਉਹਦੀ ਸਮਝ ਤੋਂ ਬਾਹਰ ਹਨ!

ਅਖ਼ੀਰ ਵਿਚ, ਜੇ ਮੁਖ ਲੇਖ ਦੇ ਇਸ ਸੰਕੇਤ ਨੂੰ ਕਿ "ਯੁਵਕ ਹੀਗਲਵਾਦ ਵਿਰੁਧ ਹਾਲ ਵਿਚ ਉਠਾਏ ਗਏ **ਅਧ ਪਚੱਧ ਕਦਮਾਂ ਦੇ ਅਧ ਪਚੱਧ ਕਦਮਾਂ** ਵਾਲੇ ਆਮ ਸਿੱਟੇ ਨਿਕਲੇ ਹਨ" ਇਸ ਨਿਸ਼ਕਪਟ ਇੱਛਾ ਦੇ ਕੋਲ ਰਖ ਲਿਆ ਜਾਏ ਕਿ ਹੀਗਲਵਾਦੀਆਂ ਦੇ ਸਜਰੇ ਜਤਨ "**ਉੱਕਾ ਹੀ ਹਾਨੀਕਾਰਕ** ਸਿੱਟਿਆਂ" ਬਿਨਾਂ ਵਿਹਾ ਸਕਦੇ ਹਨ, ਤਾਂ ਬੰਦੇ ਨੂੰ "ਕਿੰਗ ਲੀਅਰ" ਵਿਚ ਕਾਰਨਵਾਲ ਦੇ ਇਹਨਾਂ ਸ਼ਬਦਾਂ ਦੀ ਸਮਝ ਆ ਸਕਦੀ ਹੈ:

"ਉਹ ਖੁਸ਼ਾਮਦ ਨਹੀਂ ਕਰ ਸਕਦਾ, ਉਹ—
ਇਕ ਨੇਕ ਮਨ ਤੇ ਸਿਧਾ ਸਾਦਾ,—ਉਸ ਅਵੱਸ਼ ਸੱਚ ਬੋਲਣਾ:
ਤੇ ਉਹ ਇਸ ਨੂੰ ਏਦਾਂ ਹੀ ਸਮਝਣਗੇ; ਜੇ ਨਹੀਂ, ਤਾਂ ਉਹ ਸਿੱਧਾ ਸਾਦਾ ਹੈ।
ਇਸ ਕਿਸਮ ਦੇ ਲੁਚਿਆਂ ਨੂੰ ਮੈਂ ਜਾਣਦਾਂ, ਜਿਹੜੇ ਏਸ ਸਾਦਗੀ ਅੰਦਰ
ਵੀਹ ਵਲੱਲੇ ਆਗਿਆਕਾਰੀ ਸੇਵਕਾਂ ਨਾਲੋਂ ਜਿਹੜੇ ਸੁਹਣੀ ਤਰ੍ਹਾਂ ਆਪਣੇ ਫ਼ਰਜ਼
ਨਿਭਾਉਂਦੇ ਵਧ ਹੁਸ਼ਿਆਰੀ, ਅਤੇ ਵਧੇਰੇ ਖੋਟੇ ਆਸ਼ੇ ਕੱਜ ਰੱਖਦੇ ਹਨ।"*

ਸਾਡਾ ਵਿਸ਼ਵਾਸ ਹੈ ਕਿ ਅਸੀਂ «Rheinische Zeitung»[9] ਦੇ ਪਾਠਕਾਂ ਦਾ ਅਪਮਾਨ ਕਰ ਰਹੇ ਹੋਵਾਂਗੇ ਜੇ ਅਸੀਂ ਇਹ ਕਲਪਨਾ ਕਰ ਲਈਏ ਕਿ ਉਹ ਇਕ ਸਾਧਕਾ ਉਦਾਰਵਾਦੀ, "ਬੀਤ ਗਏ ਦਿਨਾਂ ਦੇ ਇਕ ਨੌਜਵਾਨ"[10] ਦੀ, ਜਿਸ ਨੂੰ ਉਸ ਦੀ ਅਸਲੀ ਔਕਾਤ ਦਸੀ ਗਈ ਹੈ, ਗੰਭੀਰ ਨਾਲੋਂ ਵਧੇਰੇ ਹਸਾਉਣੀ ਝਾਕੀ ਤੋਂ ਸੰਤੁਸ਼ਟ ਹੋ ਗਏ ਹੋਣਗੇ। ਅਸੀਂ "**ਗੱਲ ਦੀ ਗੁੱਲੀ ਬਾਰੇ**" ਕੁਝ ਸ਼ਬਦ ਕਹਿਣਾ ਚਾਹਾਂਗੇ। ਜਿੰਨਾ ਚਿਰ ਅਸੀਂ ਕਮਜ਼ੋਰ ਲੇਖ ਦੇ ਖਿਲਾਫ ਵਿਵਾਦ ਵਿਚ ਰੁੱਝੇ ਹੋਏ ਸਾਂ, ਉਨਾ ਚਿਰ ਆਪਣੀਆਂ ਹੀ ਧੱਜੀਆਂ ਉਡਾਉਣ ਵਾਲੇ ਉਸਦੇ ਅਮਲ ਵਿਚ ਵਿਘਨ ਪਾਉਣਾ ਠੀਕ ਨਹੀਂ ਹੋਣਾ ਸੀ।

ਸਭ ਤੋਂ ਪਹਿਲਾਂ, ਸਵਾਲ ਉਠਾਇਆ ਗਿਆ ਹੈ: "ਕੀ ਦਰਸ਼ਨ ਨੂੰ ਅਖ਼ਬਾਰੀ ਲੇਖਾਂ ਵਿਚ ਵੀ ਧਾਰਮਿਕ ਮਾਮਲਿਆਂ ਉਤੇ ਬਹਿਸ ਕਰਨੀ ਚਾਹੀਦੀ ਹੈ?"

---

* ਵਿਲੀਅਮ ਸ਼ੇਕਸਪੀਅਰ, "ਕਿੰਗ ਲੀਅਰ," ਅੰਗ II, ਝਾਕੀ ੨।—**ਸੰਪਾ:**

ਇਸ ਸਵਾਲ ਦਾ ਜਵਾਬ ਕੇਵਲ ਇਸ ਦੀ ਆਲੋਚਨਾ ਕਰਕੇ ਹੀ ਦਿਤਾ ਜਾ ਸਕਦਾ ਹੈ।

ਦਰਸ਼ਨ, ਖਾਸ ਕਰਕੇ ਜਰਮਨ ਦਰਸ਼ਨ, ਵਿਤਰੇਕਤਾ ਲਈ, ਵਿਵਸਥਾਪੂਰਨ ਏਕਾਂਤ ਲਈ, ਬੇਲਾਗ ਆਤਮ-ਨਿਰੀਖਣ ਲਈ ਤਾਂਘ ਰਖਦਾ ਹੈ ਜਿਹੜੀ ਸ਼ੁਰੂ ਤੋਂ ਹੀ ਇਸ ਨੂੰ ਹਾਜ਼ਰ-ਜਵਾਬ ਅਤੇ ਹਾਲਾਤ ਵਲੋਂ ਚੌਕਸ ਅਖ਼ਬਾਰਾਂ ਤੋਂ ਬੇਗਾਨਾ ਬਣਾ ਦੇਂਦੀ ਹੈ, ਜਿਨ੍ਹਾਂ ਦੀ ਇਕੋ ਇਕ ਖੁਸ਼ੀ ਸੂਚਨਾ ਦੇਣਾ ਹੈ। ਦਰਸ਼ਨ, ਇਸ ਦੇ ਸਿਲਸਲੇਵਾਰ ਵਿਕਾਸ ਵਿਚ ਵੇਖਿਆਂ, ਲੋਕ-ਅਪ੍ਰਿਯ ਹੈ; ਖ਼ੁਦ ਆਪਣੇ ਅੰਦਰ ਇਸ ਦਾ ਗੁਪਤ ਜੀਵਨ ਆਮ ਆਦਮੀ ਨੂੰ ਜਿੰਨਾ ਅਣੋਖਾ ਕੰਮ ਲਗਦਾ ਹੈ ਓਨਾ ਹੀ ਅਵਿਹਾਰਕ ਜਾਪਦਾ ਹੈ, ਇਸ ਨੂੰ ਜਾਦੂ ਦਾ ਪ੍ਰੋਫੈਸਰ ਸਮਝਿਆ ਜਾਂਦਾ ਹੈ ਜਿਸ ਦੇ ਮੰਤਰ-ਟੂਣੇ ਭੈ-ਜਗਾਊ ਹਨ ਕਿਉਂਕਿ ਕੋਈ ਵੀ ਇਹਨਾਂ ਨੂੰ ਸਮਝਦਾ ਨਹੀਂ।

ਆਪਣੀ ਪ੍ਰਕਿਰਤੀ ਨੂੰ ਵਫਾਦਾਰ ਰਹਿੰਦਿਆਂ, ਦਰਸ਼ਨ ਨੇ ਅਖ਼ਬਾਰਾਂ ਦੇ ਹਲਕੇ ਫੁਲਕੇ, ਰਵਾਇਤੀ ਚੋਲੇ ਬਦਲੇ ਪਾਦਰੀ ਦਾ ਵੈਰਾਗੀਆਂ ਵਾਲਾ ਚੋਗਾ ਤਿਆਗਣ ਵੱਲ ਕਦੇ ਵੀ ਪਹਿਲਾ ਕਦਮ ਨਹੀਂ ਚੁੱਕਿਆ। ਪਰੰਤੂ, ਦਰਸ਼ਨਵੇਤਾ ਜ਼ਮੀਨ ਵਿਚੋਂ ਖੁੰਬਾਂ ਵਾਂਗ ਨਹੀਂ ਉੱਗ ਪੈਂਦੇ; ਉਹ ਆਪਣੇ ਸਮੇਂ ਦੀ, ਆਪਣੀ ਕੌਮ ਦੀ ਉਪਜ ਹੁੰਦੇ ਹਨ, ਜਿਨ੍ਹਾਂ ਦੇ ਅਤਿ ਸੂਖਮ, ਵਡਮੁਲੇ ਅਤੇ ਅਦਿਖ ਨਚੋੜ ਦਰਸ਼ਨ ਦੇ ਵਿਚਾਰਾਂ ਵਿਚ ਵਹਿ ਤੁਰਦੇ ਹਨ। ਜਿਹੜੀ ਭਾਵਨਾ ਮਜ਼ਦੂਰਾਂ ਦੇ ਹੱਥਾਂ ਨਾਲ ਰੇਲਾਂ ਦੀ ਉਸਾਰੀ ਕਰਦੀ ਹੈ, ਉਹੋ ਹੀ ਦਰਸ਼ਨਵੇਤਾਵਾਂ ਦੇ ਦਿਮਾਗਾਂ ਵਿਚ ਦਾਰਸ਼ਨਿਕ ਪ੍ਰਣਾਲੀਆਂ ਦਾ ਨਿਰਮਾਣ ਕਰਦੀ ਹੈ। ਦਰਸ਼ਨ ਦੀ ਹੋਂਦ ਉਸੇ ਤਰ੍ਹਾਂ ਸੰਸਾਰ ਤੋਂ ਬਾਹਰ ਨਹੀਂ ਜਿਵੇਂ ਦਿਮਾਗ਼ ਦੀ ਹੋਂਦ ਮਨੁਖ ਤੋਂ ਬਾਹਰ ਨਹੀਂ ਕਿਉਂਕਿ ਇਹ ਮਿਹਦੇ ਵਿਚ ਸਥਿਤ ਨਹੀਂ। ਪਰ ਦਰਸ਼ਨ, ਨਿਰਸੰਦੇਹ, ਜ਼ਮੀਨ ਉਪਰ ਆਪਣੇ ਪੈਰਾਂ ਤੇ ਖੜੋਨ ਤੋਂ ਪਹਿਲਾਂ ਦਿਮਾਗ਼ ਰਾਹੀਂ ਸੰਸਾਰ ਵਿਚ ਵਿਦਮਾਨ ਹੁੰਦਾ ਹੈ, ਅਤੇ ਮਨੁਖੀ ਸਰਗਰਮੀ ਦੇ ਬਹੁਤ ਸਾਰੇ ਦੂਜੇ ਖੇਤਰਾਂ ਨੇ ਆਪਣੇ ਪੈਰ ਉਸ ਤੋਂ ਢੇਰ ਚਿਰ ਪਹਿਲਾਂ ਜ਼ਮੀਨ ਵਿਚ ਗੱਡ ਲਏ ਹੁੰਦੇ ਅਤੇ ਆਪਣੇ ਹੱਥਾਂ ਨਾਲ ਸੰਸਾਰ ਦਾ ਫਲ ਤੋੜ ਲਿਆ ਹੁੰਦਾ ਹੈ ਜਦੋਂ ਉਹਨਾਂ ਨੂੰ ਇਸ ਗੱਲ ਦਾ ਕੋਈ ਥਹੁ ਲਗਦਾ ਹੈ ਕਿ "ਸਿਰ" ਵੀ ਇਸ ਸੰਸਾਰ ਨਾਲ ਸੰਬੰਧਤ ਹੈ, ਜਾਂ ਕਿ ਇਹ ਸੰਸਾਰ ਸਿਰ ਦਾ ਸੰਸਾਰ ਹੈ।

ਕਿਉਂਕਿ ਹਰ ਸੱਚਾ ਦਰਸ਼ਨ ਆਪਣੇ ਸਮੇਂ ਦਾ ਬੌਧਿਕ ਸਾਰ ਹੁੰਦਾ ਹੈ, ਇਸ ਲਈ ਉਹ ਸਮਾਂ ਆਉਣਾ ਜ਼ਰੂਰੀ ਹੈ ਜਦੋਂ ਦਰਸ਼ਨ ਕੇਵਲ ਅੰਦਰੂਨੀ ਤੌਰ ਤੇ ਆਪਣੀ ਵਸਤੂ ਦੁਆਰਾ ਹੀ ਨਹੀਂ, ਸਗੋਂ ਬਾਰਹੀ ਤੌਰ ਤੇ ਆਪਣੇ ਰੂਪ ਰਾਹੀਂ ਵੀ, ਆਪਣੇ ਜੁਗ ਦੇ ਯਥਾਰਥਕ ਸੰਸਾਰ ਨਾਲ ਸੰਪਰਕ ਅਤੇ ਪ੍ਰਸਪਰ ਪ੍ਰਭਾਵ ਵਿਚ ਆਉਂਦਾ ਹੈ। ਓਦੋਂ ਦਰਸ਼ਨ ਦੂਜੀਆਂ ਵਿਸ਼ੇਸ਼ ਪ੍ਰਣਾਲੀਆਂ ਦੇ ਸੰਬੰਧ ਵਿਚ ਇਕ ਵਿਸ਼ੇਸ਼ ਪ੍ਰਣਾਲੀ ਨਹੀਂ ਰਹਿੰਦਾ, ਇਹ ਸੰਸਾਰ ਦੇ ਸੰਬੰਧ ਵਿਚ ਵਿਆਪਕ ਰੂਪ ਵਿਚ ਦਰਸ਼ਨ ਬਣ

ਜਾਂਦਾ ਹੈ, ਇਹ ਸਮਕਾਲੀ ਸੰਸਾਰ ਦਾ ਦਰਸ਼ਨ ਬਣ ਜਾਂਦਾ ਹੈ। ਬਾਹਰੀ ਰੂਪ ਜਿਹੜੇ ਇਹ ਪੁਸ਼ਟੀ ਕਰਦੇ ਹਨ ਕਿ ਦਰਸ਼ਨ ਨੇ ਇਹ ਮਹੱਤਤਾ ਪ੍ਰਾਪਤ ਕਰ ਲਈ ਹੈ, ਕਿ ਇਹ ਸਭਿਆਚਾਰ ਦੀ ਜੀਉਂਦੀ ਜਾਗਦੀ ਆਤਮਾ ਹੈ, ਕਿ ਦਰਸ਼ਨ ਸੰਸਾਰਕ ਹੋ ਗਿਆ ਹੈ ਅਤੇ ਸੰਸਾਰ ਦਾਰਸ਼ਨਿਕ ਹੋ ਗਿਆ ਹੈ, ਸਭਨਾਂ ਜੁਗਾਂ ਵਿਚ ਇਕੋ ਹੀ ਰਹੇ ਹਨ। ਇਤਿਹਾਸ ਦੀ ਹਰ ਪੁਸਤਕ ਰੂੜ੍ਹੀਗਤ ਵਫਾਦਾਰੀ ਨਾਲ ਉਹਨਾਂ ਅਤਿ ਸਰਲ ਰੀਤਾਂ ਨੂੰ ਦੁਹਰਾਉਂਦੀ ਹੈ ਜਿਹੜੀਆਂ ਅਚੁਕ ਰੂਪ ਵਿਚ ਦੀਵਾਨਖਾਨਿਆਂ, ਪਾਦਰੀਆਂ ਦੇ ਅਧਿਅਨ ਕਮਰਿਆਂ, ਅਖ਼ਬਾਰਾਂ ਦੇ ਸੰਪਾਦਕੀ ਦਫਤਰਾਂ ਅਤੇ ਸ਼ਾਹੀ ਦਰਬਾਰਾਂ ਵਿਚ, ਸਮਕਾਲਿਆਂ ਦੀ ਮੁਹੱਬਤ ਅਤੇ ਨਫਰਤ ਵਿਚ ਦਰਸ਼ਨ ਦੇ ਧੱਸ ਜਾਣ ਦੀਆਂ ਸੂਚਿਕ ਹਨ। ਦਰਸ਼ਨ ਆਪਣੇ ਦੁਸ਼ਮਣਾਂ ਦੇ ਉਚੇ ਚੀਕ ਚਿਹਾੜੇ ਵਿਚਾਲੇ ਸੰਸਾਰ ਵਿਚ ਆਉਂਦਾ ਹੈ, ਜਿਹੜੇ ਵਿਚਾਰਾਂ ਦੀ ਸਾਹਸੀ ਪ੍ਰਚੰਡਤਾ ਦੇ ਖਿਲਾਫ ਸਹਾਇਤਾ ਲਈ ਹਾਹਾਕਾਰ ਮੱਚਾ ਕੇ ਆਪਣੇ ਅੰਦਰ ਦੀ ਲਾਗ ਦਾ ਭੇਤ ਖੋਹਲਦੇ ਹਨ। ਦਰਸ਼ਨ ਲਈ ਇਸ ਦੇ ਦੁਸ਼ਮਣਾਂ ਦੀਆਂ ਇਹ ਚੀਕਾਂ ਉਹੋ ਮਹੱਤਤਾ ਰਖਦੀਆਂ ਹਨ ਜਿਹੜੀ ਮਾਂ ਦੇ ਉਤਸੁਕਤਾ ਨਾਲ ਸੁਣ ਰਹੇ ਕੰਨਾਂ ਲਈ ਨਵੇਂ ਜੰਮੇ ਬਾਲ ਦੀ ਪਹਿਲੀ ਚੀਕ ਦੀ ਹੁੰਦੀ ਹੈ: ਇਹ ਉਹ ਚੀਕਾਂ ਹਨ ਜਿਹੜੀਆਂ ਇਸ ਦੇ ਵਿਚਾਰਾਂ ਦੀ ਜ਼ਿੰਦਗੀ ਨੂੰ ਪ੍ਰਮਾਣਿਤ ਕਰਦੀਆਂ ਹਨ, ਜਿਹੜੇ ਪ੍ਰਣਾਲੀ ਦੇ ਕ੍ਰਮਬੱਧ ਦੁਰਬੋਧ ਛਿਲਕਿਆਂ ਨੂੰ ਧਮਾਕੇ ਨਾਲ ਉਡਾਕੇ ਸਾਮ੍ਹਣੇ ਆ ਗਏ ਅਤੇ ਸੰਸਾਰ ਦੇ ਨਾਗਰਿਕ ਬਣ ਗਏ ਹਨ। ਕੋਰੀਬਾਂਤੀ ਅਤੇ ਕਾਬੀਰੀ[11], ਜਿਹੜੇ ਨਗਾਰੇ ਦੀ ਚੋਟ ਨਾਲ ਸੰਸਾਰ ਨੂੰ ਬਾਲ ਜ਼ੀਊਸ ਦੇ ਜਨਮ ਦੀ ਖਬਰ ਦੇਂਦੇ ਹਨ, ਸਭ ਤੋਂ ਪਹਿਲਾਂ ਦਰਸ਼ਨਵੇਤਾਵਾਂ ਦੇ ਧਾਰਮਿਕ ਹਲਕੇ ਉਤੇ ਹਮਲਾ ਕਰਦੇ ਹਨ, ਭਾਗਸਮ ਰੂਪ ਵਿਚ ਇਸ ਕਰਕੇ ਕਿ ਇਨਕੁਈਜ਼ੀਸ਼ਨ ਨਾਲ ਸੰਬੰਧਤ ਸਹਿਜ-ਪ੍ਰਵਿਰਤੀ ਦਾ ਜਨਤਾ ਦੇ ਉਪਭਾਵਕ ਪੱਖ ਨੂੰ ਪ੍ਰਭਾਵਤ ਕਰਨਾ ਵਧੇਰੇ ਯਕੀਨੀ ਹੈ, ਭਾਗਸਮ ਰੂਪ ਵਿਚ ਇਸ ਕਰਕੇ ਕਿ ਜਨਤਾ, ਜਿਸ ਵਿਚ ਦਰਸ਼ਨ ਦੇ ਵਿਰੋਧੀ ਵੀ ਸ਼ਾਮਲ ਹਨ, ਦਾਰਸ਼ਨਿਕ ਵਿਚਾਰਾਂ ਦੇ ਖੇਤਰ ਨੂੰ ਕੇਵਲ ਆਪਣੀਆਂ ਆਦਰਸ਼ਕ ਟੋਹਣੀਆਂ ਦੇ ਸਾਧਨ ਨਾਲ ਹੀ ਮਹਿਸੂਸ ਕਰ ਸਕਦੀ ਹੈ, ਅਤੇ ਵਿਚਾਰਾਂ ਦਾ ਕੇਵਲ ਉਹ ਖੇਤਰ ਹੀ ਜਿਨ੍ਹਾਂ ਦੀ ਕਦਰ ਵਿਚ ਜਨਤਾ ਲਗਪਗ ਓਨਾ ਹੀ ਵਿਸ਼ਵਾਸ ਕਰਦੀ ਹੈ ਜਿੰਨਾ ਪਦਾਰਥਕ ਲੋੜਾਂ ਦੀ ਪ੍ਰਣਾਲੀ ਵਿਚ, ਧਾਰਮਿਕ ਵਿਚਾਰਾਂ ਦਾ ਖੇਤਰ ਹੈ, ਅਤੇ ਅਖੀਰ ਇਸ ਕਰਕੇ ਕਿ ਧਰਮ ਦਰਸ਼ਨ ਦੀ ਇਕ ਵਿਸ਼ੇਸ਼ ਪ੍ਰਣਾਲੀ ਵਿਰੁਧ ਨਹੀਂ, ਸਗੋਂ ਸਾਰੀਆਂ ਵਿਸ਼ੇਸ਼ ਪ੍ਰਣਾਲੀਆਂ ਦੇ ਦਰਸ਼ਨ ਵਿਰੁਧ ਵਿਵਾਦ ਰਚਦਾ ਹੈ।

ਅੱਜ ਦਾ ਸੱਚਾ ਦਰਸ਼ਨ ਇਸ ਭਾਵੀ ਦੇ ਪੱਖੋਂ ਬੀਤੇ ਦੇ ਸੱਚੇ ਦਰਸ਼ਨਾਂ ਤੋਂ ਵਖਰਾ ਨਹੀਂ ਹੈ। ਇਸ ਦੇ ਉਲਟ, ਇਹ ਭਾਵੀ ਇਕ ਸਬੂਤ ਹੈ ਜਿਸ ਲਈ ਇਤਿਹਾਸ ਇਸ ਦੇ ਸੱਚ ਦਾ ਦੇਣਦਾਰ ਸੀ।

ਛੇ ਵਰ੍ਹਿਆਂ ਤੋਂ ਜਰਮਨ ਅਖ਼ਬਾਰ ਦਰਸ਼ਨ ਵਿਚ ਧਾਰਮਿਕ ਪ੍ਰਵਿਰਤੀ ਨੂੰ ਭੰਡਣ, ਵਿਗਾੜਨ[12] ਅਤੇ ਤੋੜਨ-ਮਰੋੜਨ ਦੇ ਖਿਲਾਫ ਢੰਡੋਰਾ ਪਿਟ ਰਹੇ ਹਨ। ਆਊਗਸਬੁਰਗ «Allgemeine»[13] ਨੇ ਭੜਕੀਲਾ ਰਾਗ ਅਲਾਪਿਆ ਸੀ, ਲਗਪਗ ਹਰ ਆਰੰਭਕ ਹਿੱਸੇ ਦਾ ਮੁਖ ਵਿਸ਼ਾ ਇਹ ਸੀ ਕਿ ਦਰਸ਼ਨ ਇਸ ਸਿਆਣੀ ਸੁਆਣੀ ਵਲੋਂ ਵਿਚਾਰੇ ਜਾਣ ਦਾ ਅਧਿਕਾਰੀ ਨਹੀਂ ਸੀ, ਕਿ ਇਹ ਜਵਾਨੀ ਦੀ ਇਕ ਡੀਂਗ ਸੀ, ਰਜੀਆਂ ਹੋਈਆਂ ਜੁੰਡੀਆਂ ਦਾ ਇਕ ਫੈਸ਼ਨ ਸੀ। ਪਰ ਇਸ ਸਭ ਕੁਝ ਦੇ ਬਾਵਜੂਦ ਦਰਸ਼ਨ ਤੋਂ ਦੂਰ ਜਾ ਸਕਣਾ ਅਸੰਭਵ ਸੀ, ਅਤੇ ਢੰਡੋਰਾ ਪਿਟਣਾ ਲਗਾਤਾਰ ਮੁੜ ਮੁੜ ਸ਼ੁਰੂ ਕੀਤਾ ਗਿਆ, ਕਿਉਂਕਿ ਆਊਗਸਬੁਰਗ ਦਾ ਅਖ਼ਬਾਰ ਆਪਣੇ ਦਰਸ਼ਨ-ਵਿਰੋਧੀ ਉਚੀ ਉਚੀ ਮਿਆਂਕਣ ਵਿਚ ਕੇਵਲ ਇਕੋ ਹੀ ਸਾਜ਼, ਨੀਰਸ ਨਗਾਰਾ ਵਜਾਉਂਦਾ ਹੈ। ਸਾਰੇ ਜਰਮਨ ਅਖ਼ਬਾਰਾਂ ਵਿਚ «Berliner politisches Wochenblatt» ਅਤੇ «Hamburger-Korrespondent»[14] ਤੋਂ ਲੈਕੇ ਅਪ੍ਰਸਿਧ ਸਥਾਨਕ ਅਖ਼ਬਾਰਾਂ ਤੱਕ, «Kölnische Zeitung» ਤੱਕ, ਹੀਗਲ ਅਤੇ ਸ਼ੈਲਿੰਗ, ਫਿਊਰਬਾਖ਼ ਅਤੇ ਬਾਵੇਰ, «Deutsche Jahrbücher»[15] ਆਦਿ ਨਾਵਾਂ ਦੀ ਗੂੰਜ ਉਠਦੀ ਸੀ। ਅਖੀਰ, ਜਨਤਾ ਦੀ ਉਤਸੁਕਤਾ ਜਾਗ ਪਈ ਅਤੇ ਉਹ ਲੇਵੀਆਥਨ ਨੂੰ ਆਪਣੀਆਂ ਅਖਾਂ ਨਾਲ ਵੇਖਣਾ ਚਾਹੁੰਦੀ ਸੀ, ਇਸ ਕਰਕੇ ਹੋਰ ਵੀ ਵਧੇਰੇ ਕਿ ਅਰਧ-ਸਰਕਾਰੀ ਲੇਖ ਦਰਸ਼ਨ ਲਈ ਸਰਕਾਰੀ ਤੌਰ ਤੇ ਮਨਜ਼ੂਰ ਵਿਧਾਨਕ ਵਿਸ਼ੈ-ਪ੍ਰਣਾਲੀ ਅਪਣਾਉਣ ਦੀਆਂ ਧਮਕੀਆਂ ਦੇਂਦੇ ਸਨ। ਅਤੇ ਠੀਕ ਇਹੋ ਹੀ ਸਮਾਂ ਸੀ ਜਦੋਂ ਦਰਸ਼ਨ ਅਖਬਾਰਾਂ ਵਿਚ ਪ੍ਰਗਟ ਹੋਇਆ। ਦਰਸ਼ਨ ਲੰਮੇ ਸਮੇਂ ਤੱਕ ਆਤਮ-ਸੰਤੁਸ਼ਟ ਖੋਖਲੇਪਨ ਦੇ ਸਾਮ੍ਹਣੇ ਚੁਪ ਰਿਹਾ ਸੀ ਜਿਹੜਾ ਡੀਂਗਾਂ ਮਾਰਦਾ ਸੀ ਕਿ ਇਹ ਕੁਝ ਕੁ ਚਗਲੇ ਹੋਏ ਅਖ਼ਬਾਰੀ ਫਿਕਰਿਆਂ ਨਾਲ ਪ੍ਰਤਿਭਾ ਦੇ ਵਰ੍ਹਿਆਂ ਬੱਧੀ ਦੇ ਅਧਿਅਨ ਨੂੰ, ਆਤਮ-ਬਲੀਦਾਨ ਕਰਨ ਵਾਲੀ ਏਕਾਂਤ ਦੇ ਔਖੇ ਹੋ ਕੇ ਪ੍ਰਾਪਤ ਕੀਤੇ ਫਲ ਨੂੰ, ਲਿਵਲੀਨ ਚਿੰਤਨ ਦੇ ਅਦਿਖ ਪਰ ਹੌਲੀ ਹੌਲੀ ਧੱਕਾ ਦੇਣ ਵਾਲੇ ਸੰਗਰਾਮਾਂ ਦੇ ਸਿੱਟਿਆਂ ਨੂੰ ਫੂਕ ਮਾਰ ਕੇ ਸਾਬਣ ਦੀ ਝੱਗ ਦੇ ਬੁਲਬਲਿਆਂ ਵਾਂਗ ਉਡਾ ਦੇਵੇਗਾ। ਦਰਸ਼ਨ ਨੇ ਇਕ ਅਢੁਕਵੇਂ ਖੇਤਰ ਦੇ ਰੂਪ ਵਿਚ **ਅਖ਼ਬਾਰਾਂ ਵਿਰੁਧ ਰੋਸ ਵੀ ਪ੍ਰਗਟ ਕੀਤਾ ਸੀ**, ਪਰ ਅਖੀਰ ਇਸ ਨੂੰ ਆਪਣੀ ਚੁੱਪ ਤੋੜਨੀ ਪਈ ਸੀ; ਇਹ ਅਖ਼ਬਾਰ ਦਾ ਪਤਰਪ੍ਰੇਰਕ ਬਣ ਗਿਆ, ਅਤੇ ਫੇਰ — ਉਹ ਮੋੜ ਕਟਿਆ ਗਿਆ ਜਿਹੜਾ ਕਦੇ ਸੁਣਿਆ ਨਹੀਂ ਸੀ! — ਅਖ਼ਬਾਰਾਂ ਦੇ ਗਾਲੜੀ ਠੇਕੇਦਾਰਾਂ ਨੂੰ ਅਚਾਨਕ ਸੁੱਝਿਆ ਕਿ ਦਰਸ਼ਨ ਉਹਨਾਂ ਦੇ ਪਾਠਕਾਂ ਲਈ ਢੁਕਵਾਂ ਆਹਾਰ ਨਹੀਂ ਸੀ। ਉਹ ਸਰਕਾਰਾਂ ਦੇ ਧਿਆਨ ਵਿਚ ਲਿਆਉਣੋਂ ਅਸਫਲ ਨਾ ਰਹੇ ਕਿ ਜਨਤਾ ਦੀ ਪ੍ਰਬੁਧਤਾ ਲਈ ਨਹੀਂ ਸਗੋਂ ਬਾਹਰੀ ਆਸ਼ਿਆਂ ਦੀ ਪ੍ਰਾਪਤੀ ਲਈ

ਦਾਰਸ਼ਨਿਕ ਤੇ ਧਾਰਮਿਕ ਸਵਾਲਾਂ ਨੂੰ ਅਖ਼ਬਾਰਾਂ ਦੇ ਖੇਤਰ ਵਿਚ ਲਿਆਉਣਾ ਬੇਈਮਾਨੀ ਸੀ।

ਦਰਸ਼ਨ ਧਰਮ ਬਾਰੇ ਜਾਂ ਆਪਣੇ ਆਪ ਬਾਰੇ ਕੀ ਕੁਝ ਕਹਿ ਸਕਦਾ ਹੈ ਜੋ ਉਸ ਤੋਂ ਭੈੜਾ ਹੋਵੇ ਜੋ ਤੁਹਾਡੇ ਅਖ਼ਬਾਰੀ ਹੋ ਹੱਲੇ ਨੇ ਢੇਰ ਚਿਰ ਪਹਿਲਾਂ ਘਟੀਆ ਤੇ ਹੋਛੇ ਰੂਪ ਵਿਚ ਇਸ ਨਾਲ ਸੰਬੰਧਤ ਦਸਿਆ ਹੈ? ਇਸ ਨੇ ਕੇਵਲ ਉਹ ਕੁਝ ਦੁਹਰਾਉਣਾ ਹੈ ਜੋ ਤੁਸੀਂ ਅਣ-ਦਾਰਸ਼ਨਿਕ ਕਾਪੂਚਨ[16] ਹਜ਼ਾਰ-ਹਾ ਵਿਵਾਦੀ ਭਾਸ਼ਨਾਂ ਵਿਚ ਇਸ ਬਾਰੇ ਉਪਦੇਸ਼ ਦੇਂਦੇ ਹੋ ਹੈ—ਅਤੇ ਉਹ ਇਸ ਤੋਂ ਵਧ ਕੁਝ ਨਹੀਂ ਕਹਿ ਸਕਦਾ।

ਪਰ ਦਰਸ਼ਨ ਧਾਰਮਿਕ ਅਤੇ ਦਾਰਸ਼ਨਿਕ ਮਾਮਲਿਆਂ ਬਾਰੇ ਉਸ ਤੋਂ ਵਖਰੇ ਤਰੀਕੇ ਨਾਲ ਚਰਚਾ ਕਰਦਾ ਹੈ ਜਿਸ ਤਰੀਕੇ ਨਾਲ ਤੁਸੀਂ ਇਹਨਾਂ ਬਾਰੇ ਚਰਚਾ ਕੀਤੀ ਹੈ। ਤੁਸੀਂ ਇਹਨਾਂ ਦਾ ਅਧਿਅਨ ਕੀਤੇ ਬਗ਼ੈਰ ਚਰਚਾ ਕਰਦੇ ਹੋ, ਦਰਸ਼ਨ ਇਹਨਾਂ ਦਾ ਅਧਿਅਨ ਕਰਨ ਤੋਂ ਮਗਰੋਂ ਚਰਚਾ ਕਰਦਾ ਹੈ; ਤੁਸੀਂ ਭਾਵਾਂ ਨੂੰ ਟੁੰਬਦੇ ਹੋ, ਇਹ ਤਰਕ-ਸ਼ਕਤੀ ਨੂੰ ਟੁੰਬਦਾ ਹੈ; ਤੁਸੀਂ ਬਦਅਸੀਸ ਦੇਂਦੇ ਹੋ, ਇਹ ਸਿਖਿਆ ਦੇਂਦਾ ਹੈ; ਤੁਸੀਂ ਲੋਕ ਪਰਲੋਕ ਦੇ ਇਕਰਾਰ ਕਰਦੇ ਹੋ, ਇਹ ਸੱਚ ਤੋਂ ਬਿਨਾਂ ਹੋਰ ਕੋਈ ਇਕਰਾਰ ਨਹੀਂ ਕਰਦਾ; ਤੁਸੀਂ ਆਪਣੇ ਵਿਸ਼ਵਾਸਾਂ ਵਿਚ ਵਿਸ਼ਵਾਸ ਮੰਗਦੇ ਹੋ, ਇਹ ਆਪਣੇ ਸਿੱਟਿਆਂ ਵਿਚ ਵਿਸ਼ਵਾਸ ਦੀ ਨਹੀਂ ਸਗੋਂ ਸ਼ੰਕਿਆਂ ਦੀ ਪਰਖ ਕਰਨ ਦੀ ਮੰਗ ਕਰਦਾ ਹੈ; ਤੁਸੀਂ ਡਰਾਉਂਦੇ ਹੋ, ਇਹ ਸ਼ਾਂਤੀ ਦੇਂਦਾ ਹੈ। ਅਤੇ, ਸੱਚ ਇਹ ਹੈ, ਦਰਸ਼ਨ ਕੋਲ ਇਹ ਪੱਕ ਕਰਨ ਲਈ ਸੰਸਾਰ ਦਾ ਚੋਖਾ ਗਿਆਨ ਹੈ ਕਿ ਇਸ ਦੇ ਸਿੱਟੇ ਦੈਵੀ ਸੰਸਾਰ ਜਾਂ ਲੌਕਿਕ ਸੰਸਾਰ ਦੀ ਅਨੰਦ-ਅਭਿਲਾਖਾ ਅਤੇ ਹਊਮੈਵਾਦ ਨੂੰ ਝੂਠੀ ਆਸ ਨਾ ਬਨ੍ਹਾਉਣ। ਪਰ ਜਨਤਾ, ਜੋ ਸੱਚ ਅਤੇ ਗਿਆਨ ਨੂੰ ਉਹਨਾਂ ਦੀ ਆਪਣੀ ਖ਼ਾਤਰ ਪਿਆਰ ਕਰਦੀ ਹੈ, ਭਲੀ ਭਾਂਤ ਇਸ ਯੋਗ ਹੋਵੇਗੀ ਕਿ ਅਗਿਆਨੀ, ਜੁਤੀ-ਚਟ, ਅਸਥਿਰ ਅਤੇ ਭਰਸ਼ਟ ਕਲਮ-ਘਸੀਟਾਂ ਦੇ ਨਿਰਣੇ ਅਤੇ ਸਦਾਚਾਰ ਦੇ ਖਿਲਾਫ ਇਸ ਦੇ ਨਿਰਣੇ ਅਤੇ ਸਦਾਚਾਰ ਨੂੰ ਮਾਪ ਸਕੇ।

ਨਿਰਸੰਦੇਹ, ਕੁਝ ਵਿਅਕਤੀ ਹੋ ਸਕਦੇ ਹਨ ਜਿਹੜੇ ਆਪਣੀ ਸਮਝ ਅਤੇ ਵਤੀਰੇ ਦੀ ਬਦਨਸੀਬੀ ਸਦਕਾ ਦਰਸ਼ਨ ਦੀ ਗ਼ਲਤ ਵਿਆਖਿਆ ਕਰਨ। ਪਰ ਕੀ ਤੁਹਾਡਾ ਪ੍ਰੋਟੈਸਟੈਂਟਾਂ ਦਾ ਇਹ ਵਿਸ਼ਵਾਸ ਨਹੀਂ ਕਿ ਕੈਥੋਲਿਕ ਈਸਾਈਅਤ ਦੀ ਗ਼ਲਤ ਵਿਆਖਿਆ ਕਰਦੇ ਹਨ, ਕੀ ਤੁਸੀਂ ਅਠਵੀਂ ਅਤੇ ਨੌਵੀਂ ਸਦੀ[17] ਦੇ ਸ਼ਰਮਨਾਕ ਸਮਿਆਂ, ਜਾਂ ਸੇਂਟ ਬਾਰਥੋਲੋਮਿਊ ਦੀ ਰਾਤ[18], ਜਾਂ ਇਨਕੁਈਜ਼ੀਸ਼ਨ[19] ਕਾਰਨ ਈਸਾਈ ਧਰਮ ਨੂੰ ਫਿਟਕਾਰਾਂ ਨਹੀਂ ਪਾਉਂਦੇ? ਇਸ ਗੱਲ ਦਾ ਸਪਸ਼ਟ ਸਬੂਤ ਹੈ ਕਿ ਦਰਸ਼ਨਵੇਤਾਵਾਂ ਪ੍ਰਤਿ ਪ੍ਰੋਟੈਸਟੈਂਟ ਧਰਮ-ਸ਼ਾਸਤ੍ਰ ਦੀ ਨਫਰਤ ਬਹੁਤਾ ਕਰਕੇ ਉਸ ਸਹਿਨਸ਼ੀਲਤਾ ਤੋਂ ਪੈਦਾ ਹੁੰਦੀ ਹੈ ਜਿਹੜੀ ਦਰਸ਼ਨ ਨੇ ਹਰ ਵਿਸ਼ੇਸ਼ ਅਕੀਦੇ ਵੱਲ ਉਸ

ਦੀ ਇਸ ਹੈਸੀਅਤ ਵਿਚ ਦਰਸਾਈ। ਫਿਊਰਬਾਖ਼ ਅਤੇ ਸ਼ਟਰਾਊਸ ਨੂੰ ਇਹ ਐਲਾਨ ਕਰਨ ਨਾਲੋਂ ਕਿ ਈਸਾਈਅਤ ਦੇ ਸਿਧਾਂਤ ਤਰਕ ਸ਼ਕਤੀ ਦੇ ਸਿਧਾਂਤ ਨਹੀਂ ਹਨ ਕੈਥੋਲਿਕ ਸਿਧਾਂਤਾਂ ਨੂੰ ਈਸਾਈ ਸਿਧਾਂਤ ਸਮਝਣ ਲਈ ਵਧੇਰੇ ਫਿਟਕਾਰਿਆ ਗਿਆ ਹੈ।

ਪਰ ਜੇ ਇਕਾ-ਦੁਕਾ ਵਿਅਕਤੀ ਆਧੁਨਿਕ ਦਰਸ਼ਨ ਨੂੰ ਹਜ਼ਮ ਨਹੀਂ ਕਰ ਸਕਦੇ ਅਤੇ ਦਾਰਸ਼ਨਿਕ ਬਦਹਜ਼ਮੀ ਨਾਲ ਮਰ ਜਾਂਦੇ ਹਨ, ਤਾਂ ਇਹ ਦਰਸ਼ਨ ਦੇ ਖਿਲਾਫ ਉਸ ਤੋਂ ਵੱਡੀ ਗਵਾਹੀ ਨਹੀਂ ਹੈ ਜਿੱਨੀ ਇਕ ਇੰਜਨ ਦੇ ਬਾਇਲਰ ਦੇ ਸਬੱਬੀ ਫਟ ਜਾਣ ਕਾਰਨ ਕੁਝ ਮੁਸਾਫਰਾਂ ਦਾ ਟੋਟੇ ਟੋਟੇ ਹੋ ਜਾਣਾ, ਕਲ-ਵਿਦਿਆ ਦੇ ਵਿਗਿਆਨ ਦੇ ਖਿਲਾਫ ਗਵਾਹੀ ਹੈ।

ਇਹ ਸਵਾਲ ਕਿ ਦਾਰਸ਼ਨਿਕ ਅਤੇ ਧਾਰਮਿਕ ਮਾਮਲੇ ਅਖ਼ਬਾਰਾਂ ਵਿਚ ਵਿਚਾਰੇ ਜਾਣੇ ਚਾਹੀਦੇ ਹਨ ਜਾਂ ਨਹੀਂ, ਵਿਚਾਰਾਂ ਦੇ ਆਪਣੇ ਅਭਾਵ ਵਿਚ ਹੀ ਮਰ ਮਿਟ ਜਾਂਦਾ ਹੈ।

ਜਦੋਂ ਅਜਿਹੇ ਸਵਾਲ **ਅਖ਼ਬਾਰਾਂ ਲਈ ਸਵਾਲਾਂ** ਦੇ ਰੂਪ ਵਿਚ ਜਨਤਾ ਦੀ ਦਿਲਚਸਪੀ ਬਣਦੇ ਹਨ, ਓਦੋਂ ਇਹ **ਸਮੇਂ ਦੇ ਸਵਾਲ** ਬਣ ਚੁਕੇ ਹੁੰਦੇ ਹਨ; ਓਦੋਂ ਸਮਸਿਆ ਇਹ ਨਹੀਂ ਹੁੰਦੀ ਕਿ ਇਹਨਾਂ ਉਤੇ ਬਹਿਸ ਹੋਣੀ ਚਾਹੀਦੀ ਹੈ ਜਾਂ ਨਹੀਂ, ਸਗੋਂ ਸਮਸਿਆ ਇਹ ਹੁੰਦੀ ਹੈ ਕਿ ਇਹਨਾਂ ਉਤੇ ਕਿਥੇ ਅਤੇ ਕਿਵੇਂ ਬਹਿਸ ਹੋਣੀ ਚਾਹੀਦੀ ਹੈ, ਕੀ ਪਰਵਾਰਾਂ ਅਤੇ ਦੀਵਾਨਖਾਨਿਆਂ ਦੇ ਅੰਦਰੂਨੀ ਹਲਕਿਆਂ ਵਿਚ, ਸਕੂਲਾਂ ਵਿਚ ਅਤੇ ਗਿਰਜਾਘਰਾਂ ਵਿਚ, ਪਰ ਪ੍ਰੈਸ ਵਲੋਂ ਨਹੀਂ; ਦਰਸ਼ਨ ਦੇ ਵਿਰੋਧੀਆਂ ਵਲੋਂ, ਪਰ ਦਰਸ਼ਨਵੇਤਾਵਾਂ ਵਲੋਂ ਨਹੀਂ, ਨਿੱਜੀ ਰਾਇ ਦੀ ਅਸਪਸ਼ਟ ਭਾਸ਼ਾ ਵਿਚ, ਪਰ ਜਨਤਕ ਤਰਕਸ਼ਕਤੀ ਦੀ ਸਪਸ਼ਟਤਾ ਪ੍ਰਦਾਨ ਕਰਨ ਵਾਲੀ ਭਾਸ਼ਾ ਵਿਚ ਨਹੀਂ। ਓਦੋਂ ਸਵਾਲ ਇਹ ਹੁੰਦਾ ਹੈ ਕਿ ਕੀ ਪ੍ਰੈਸ ਦੇ ਖੇਤਰ ਵਿਚ ਉਹ ਕੁਝ ਸ਼ਾਮਲ ਕਰਨਾ ਚਾਹੀਦਾ ਹੈ ਜਿਸ ਦੀ ਯਥਾਰਥ ਵਜੋਂ ਹੋਂਦ ਹੈ; ਓਦੋਂ ਇਹ ਪ੍ਰੈਸ ਦੀ ਵਿਸ਼ੇਸ਼ ਵਸਤੂ ਦਾ ਮਾਮਲਾ ਨਹੀਂ ਰਹਿੰਦਾ, ਸਗੋਂ ਇਸ ਵਿਆਪਕ ਸਵਾਲ ਦਾ ਮਾਮਲਾ ਹੁੰਦਾ ਹੈ ਕਿ ਕੀ ਪ੍ਰੈਸ ਨੂੰ ਇਕ ਖਰਾ ਪ੍ਰੈਸ, ਅਰਥਾਤ, ਇਕ ਆਜ਼ਾਦ ਪ੍ਰੈਸ ਬਣਨਾ ਚਾਹੀਦਾ ਹੈ ਜਾਂ ਨਹੀਂ।

ਅਸੀਂ ਦੂਜੇ ਸਵਾਲ ਨੂੰ ਪਹਿਲੇ ਨਾਲੋਂ ਉੱਕਾ ਹੀ ਵਖ ਕਰ ਲੈਂਦੇ ਹਨ: "ਕੀ ਅਖੌਤੀ ਈਸਾਈ ਰਾਜ ਵਿਚ ਅਖ਼ਬਾਰਾਂ ਨੂੰ ਰਾਜਨੀਤੀ ਨਾਲ ਦਾਰਸ਼ਨਿਕ ਢੰਗ ਦਾ ਵਿਹਾਰ ਕਰਨਾ ਚਾਹੀਦਾ ਹੈ?"

ਜੇ ਧਰਮ ਇਕ ਰਾਜਨੀਤਕ ਅਨਸਰ, ਰਾਜਨੀਤੀ ਦਾ ਵਿਸ਼ਾ-ਵਸਤੂ ਬਣ ਜਾਂਦਾ ਹੈ, ਤਾਂ ਇਹ ਦਸਣ ਦੀ ਲੋੜ ਹੀ ਨਹੀਂ ਕਿ ਅਖ਼ਬਾਰਾਂ ਨਾ ਕੇਵਲ ਰਾਜਨੀਤਕ ਸਵਾਲਾਂ ਉਤੇ ਬਹਿਸ ਕਰ ਸਕਦੀਆਂ ਹਨ, ਸਗੋਂ ਉਹਨਾਂ ਨੂੰ ਬਹਿਸ ਕਰਨੀ ਚਾਹੀਦੀ ਹੈ। ਇਹ ਪ੍ਰਤੱਖ ਪ੍ਰਤੀਤ ਹੁੰਦਾ ਹੈ ਕਿ ਦਰਸ਼ਨ ਨੂੰ, ਸੰਸਾਰ ਦੀ ਸਿਆਣਪ ਨੂੰ, ਇਸ

ਸੰਸਾਰ ਦੇ ਖੇਤਰ ਨਾਲ, ਰਾਜ ਨਾਲ ਆਪਣਾ ਵਾਹ ਰਖਣ ਦਾ ਉਸ ਤੋਂ ਵਡੇਰਾ ਹੱਕ ਹੈ ਜਿੰਨਾ ਦੂਜੇ ਸੰਸਾਰ ਦੀ ਸਿਆਣਪ, ਧਰਮ ਨੂੰ ਹੈ। ਇਥੇ ਸਵਾਲ ਇਹ ਨਹੀਂ ਕਿ ਰਾਜ ਬਾਰੇ ਦਾਰਸ਼ਨਿਕੀਕਰਨ ਹੋਣਾ ਚਾਹੀਦਾ ਹੈ ਜਾਂ ਨਹੀਂ, ਸਗੋਂ ਸਵਾਲ ਇਹ ਹੈ ਕਿ ਇਹ ਭਲੀ ਭਾਂਤ ਕੀਤਾ ਜਾਣਾ ਚਾਹੀਦਾ ਹੈ ਜਾਂ ਭੈੜੇ ਤਰੀਕੇ ਨਾਲ, ਦਾਰਸ਼ਨਿਕ ਰੂਪ ਵਿਚ ਜਾਂ ਅਣਦਾਰਸ਼ਨਿਕ ਰੂਪ ਵਿਚ, ਤਅਸਬ ਨਾਲ ਜਾਂ ਬਿਨਾਂ ਤਅਸਬ ਦੇ, ਚੇਤੰਨਤਾ ਨਾਲ ਜਾਂ ਬਿਨਾਂ ਚੇਤੰਨਤਾ ਦੇ, ਅਡੋਲਤਾ ਨਾਲ ਜਾਂ ਡਾਵਾਂਡੋਲ ਹੋ ਕੇ, ਬਿਲਕੁਲ ਤਰਕਸ਼ੀਲ ਤਰੀਕੇ ਨਾਲ ਜਾਂ ਅਰਧ-ਤਰਕਸ਼ੀਲ ਤਰੀਕੇ ਨਾਲ। ਜੇ ਤੁਸੀਂ ਧਰਮ ਨੂੰ ਸੰਵਿਧਾਨਕ ਕਾਨੂੰਨ ਦਾ ਇਕ ਸਿਧਾਂਤ ਬਣਾਉਂਦੇ ਹੋ, ਤਾਂ ਫਿਰ ਤੁਸੀਂ ਖ਼ੁਦ ਧਰਮ ਨੂੰ ਇਕ ਪ੍ਰਕਾਰ ਦਾ ਦਰਸ਼ਨ ਬਣਾ ਰਹੇ ਹੋ।

ਕੀ ਇਹ ਸਭ ਤੋਂ ਪਹਿਲਾਂ ਈਸਾਈਅਤ ਹੀ ਨਹੀਂ ਸੀ ਜਿਸ ਨੇ ਚਰਚ ਨੂੰ ਰਾਜ ਨਾਲੋਂ ਵੱਖ ਕੀਤਾ ਸੀ?

ਸੇਂਟ ਆਗਸਟੀਨ ਦੀ «De Civitate Dei»* ਪੜ੍ਹੋ, ਚਰਚ ਦੇ ਮੋਢੀਆਂ ਅਤੇ ਈਸਾਈਅਤ ਦੀ ਭਾਵਨਾ ਦਾ ਅਧਿਅਨ ਕਰੋ, ਅਤੇ ਫੇਰ ਵਾਪਸ ਆਓ ਤੇ ਸਾਨੂੰ ਦੱਸੋ ਕਿ "ਈਸਾਈ ਰਾਜ" ਰਾਜ ਹੈ ਜਾਂ ਚਰਚ! ਜਾਂ ਕੀ ਤੁਹਾਡੇ ਵਿਹਾਰਕ ਜੀਵਨ ਦਾ ਹਰ ਪਲ ਤੁਹਾਡੇ ਸਿਧਾਂਤ ਨੂੰ ਝੂਠਾ ਸਾਬਤ ਨਹੀਂ ਕਰਦਾ? ਜੇ ਤੁਹਾਡੇ ਨਾਲ ਠੱਗੀ ਹੋ ਗਈ ਹੋਵੇ ਤਾਂ ਕੀ ਤੁਸੀਂ ਅਦਾਲਤ ਕੋਲ ਅਪੀਲ ਕਰਨਾ ਗ਼ਲਤ ਸਮਝਦੇ ਹੋ? ਪਰ ਪੈਗੰਬਰ ਲਿਖਦਾ ਹੈ ਕਿ ਇਹ ਗ਼ਲਤ ਹੈ। ਜੇ ਤੁਹਾਡੀ ਖਬੀ ਗਲ੍ਹ ਤੇ ਚਪੇੜ ਪੈਂਦੀ ਹੈ, ਤਾਂ ਤੁਸੀਂ ਸਜੀ ਗਲ੍ਹ ਅੱਗੇ ਕਰਦੇ ਹੋ, ਜਾਂ ਸਗੋਂ ਹਮਲਾ ਕੀਤੇ ਜਾਣ ਦਾ ਮੁਕਦਮਾ ਦਾਇਰ ਕਰਦੇ ਹੋ? ਪਰ ਅੰਜੀਲ ਇਸ ਦੀ ਮਨਾਹੀ ਕਰਦੀ ਹੈ। ਕੀ ਤੁਸੀਂ ਇਸ ਸੰਸਾਰ ਵਿਚ ਤਰਕਸ਼ੀਲ ਅਧਿਕਾਰ ਦੀ ਮੰਗ ਨਹੀਂ ਕਰਦੇ, ਟੈਕਸਾਂ ਦੇ ਮਾੜਾ ਮੋਟਾ ਵਧ ਜਾਣ ਉਤੇ ਬੁੜ ਬੁੜ ਨਹੀਂ ਕਰਦੇ, ਆਪਣੀ ਸ਼ਖ਼ਸੀ ਆਜ਼ਾਦੀ ਦੇ ਮਾਮੂਲੀ ਉਲੰਘਣ ਉਤੇ ਆਪੇ ਤੋਂ ਬਾਹਰ ਨਹੀਂ ਹੋ ਜਾਂਦੇ? ਪਰ ਤੁਹਾਨੂੰ ਦਸਿਆ ਗਿਆ ਹੈ ਕਿ ਇਸ ਜੀਵਨ ਦੇ ਕਸ਼ਟਾਂ ਦੀ ਭਵਿਖ ਦੇ ਸੁਖ ਨਾਲ ਕੋਈ ਤੁਲਨਾ ਨਹੀਂ ਕਰਨੀ ਚਾਹੀਦੀ, ਕਿ ਸਬਰ ਨਾਲ ਦੁਖ ਸਹਿਣਾ ਅਤੇ ਸੁਖਮਈ ਆਸ ਬੁਨਿਆਦੀ ਸਦਗੁਣ ਹਨ।

ਕੀ ਤੁਹਾਡੇ ਬਹੁਤੇ ਅਦਾਲਤੀ ਮੁਕਦਮੇ ਅਤੇ ਤੁਹਾਡੇ ਬਹੁਤੇ ਦੀਵਾਨੀ ਕਾਨੂੰਨ ਜਾਇਦਾਦ ਨਾਲ ਸੰਬੰਧ ਨਹੀਂ ਰਖਦੇ? ਪਰ ਤੁਹਾਨੂੰ ਦਸਿਆ ਗਿਆ ਹੈ ਕਿ ਤੁਹਾਡਾ ਖ਼ਜ਼ਾਨਾ ਇਸ ਸੰਸਾਰ ਦਾ ਖ਼ਜ਼ਾਨਾ ਨਹੀਂ ਹੈ। ਜਾਂ ਜੇ ਤੁਸੀਂ ਉਹ ਵਸਤਾਂ, ਜਿਹੜੀਆਂ ਕੈਸਰ ਦੀਆਂ ਹਨ ਕੈਸਰ ਨੂੰ ਦੇਣ ਅਤੇ ਉਹ ਵਸਤਾਂ, ਜਿਹੜੀਆਂ ਈਸ਼ਵਰ ਦੀਆਂ

* "ਸਵਰਗੀ ਨਗਰ ਸੰਬੰਧੀ"। — ਸੰਪਾ:

ਹਨ, ਈਸ਼ਵਰ ਨੂੰ ਦੇਣ ਉਤੇ ਅਮਲ ਕਰਦੇ ਹੋ ਤਾਂ ਫਿਰ ਤੁਹਾਨੂੰ ਕੇਵਲ ਕੁਬੇਰ ਨੂੰ ਹੀ ਨਹੀਂ, ਸਗੋਂ ਘਟੋ ਘਟ ਓਨਾ ਹੀ ਆਜ਼ਾਦ ਤਰਕਸ਼ਕਤੀ ਨੂੰ, ਇਸ ਸੰਸਾਰ ਦਾ ਹਾਕਮ ਸਮਝਣਾ ਚਾਹੀਦਾ ਹੈ, ਅਤੇ ਜਿਸ ਨੂੰ ਅਸੀਂ ਦਾਰਸ਼ਨਿਕੀਕਰਨ ਕਹਿੰਦੇ ਹਾਂ ਉਹ "ਆਜ਼ਾਦ ਤਰਕਸ਼ਕਤੀ ਦਾ ਅਮਲ" ਹੀ ਹੈ।

ਜਦੋਂ ਪਾਵਨ ਇਤਿਹਾਦ[20] ਦੀ ਸ਼ਕਲ ਵਿਚ ਰਾਜਾਂ ਦੀ ਇਕ ਨੀਮ-ਧਾਰਮਿਕ ਯੂਨੀਅਨ ਸਥਾਪਤ ਕਰਨ ਅਤੇ ਧਰਮ ਨੂੰ ਯੂਰਪ ਦਾ ਰਾਜ ਚਿੰਨ੍ਹ ਬਣਾਉਣ ਦਾ ਸੁਝਾਓ ਰਖਿਆ ਗਿਆ ਸੀ, ਓਦੋਂ **ਪੋਪ** ਨੇ, ਗੂੜ੍ਹ ਸਿਆਣਪ ਅਤੇ ਪੂਰਨ ਸਥਿਰਤਾ ਨਾਲ ਇਸ ਵਿਚ ਸ਼ਾਮਲ ਹੋਣੋਂ ਇਸ ਆਧਾਰ ਉਤੇ ਇਨਕਾਰ ਕਰ ਦਿਤਾ ਸੀ ਕਿ ਕੌਮਾਂ ਵਿਚਕਾਰ ਸਰਵ-ਵਿਆਪੀ ਈਸਾਈ ਕੜੀ ਕੂਟਨੀਤੀ ਨਹੀਂ, ਰਾਜਾਂ ਦੀ ਲੌਕਿਕ ਯੂਨੀਅਨ ਨਹੀਂ, ਸਗੋਂ ਚਰਚ ਹੈ।

ਸਚਮੁਚ ਧਾਰਮਿਕ ਰਾਜ ਧਰਮਤਾਂਤ੍ਰਿਕ ਰਾਜ ਹੈ; ਅਜਿਹੇ ਰਾਜਾਂ ਦਾ ਮੁਖੀ ਜਾਂ ਤਾਂ ਧਰਮ ਦਾ ਈਸ਼ਵਰ, ਜਿਹੋਵਾ, ਆਪ ਹੋਣਾ ਚਾਹੀਦਾ ਹੈ, ਜਿਵੇਂ ਯਹੂਦੀ ਰਾਜ ਵਿਚ, ਜਾਂ ਈਸ਼ਵਰ ਦਾ ਪ੍ਰਤਿਨਿਧ, ਦਲਾਈ ਲਾਮਾ ਤਿੱਬਤ ਵਿਚ, ਜਾਂ ਅਖੀਰੀ ਗੱਲ, ਜਿਵੇਂ ਗਿਓਰੇਸ ਨੇ ਆਪਣੀ ਹਾਲ ਦੀ ਪੁਸਤਕ ਵਿਚ ਠੀਕ ਹੀ ਮੰਗ ਕੀਤੀ ਹੈ, ਸਾਰੇ ਈਸਾਈ ਰਾਜਾਂ ਨੂੰ ਚਾਹੀਦਾ ਹੈ ਕਿ ਉਹ ਆਪਣੇ ਆਪ ਨੂੰ ਉਸ ਚਰਚ ਦੇ ਅਧੀਨ ਕਰ ਦੇਣ ਜਿਹੜਾ "ਅਭੁਲ* ਚਰਚ" ਹੈ। ਕਿਉਂਕਿ ਜਿਥੇ ਕਿਤੇ, ਜਿਵੇਂ ਪ੍ਰੋਟੈਸਟੈਂਟਵਾਦ ਅਧੀਨ, ਚਰਚ ਦਾ ਸਰਵਉਚ ਮੁਖੀ ਨਹੀਂ, ਉਥੇ ਧਰਮ ਦੀ ਪ੍ਰਬਲਤਾ ਹੋਰ ਕੁਝ ਨਹੀਂ ਸਿਰਫ ਪ੍ਰਬਲਤਾ ਦਾ ਧਰਮ ਹੈ, ਸਰਕਾਰ ਦੀ ਇੱਛਾ ਦਾ ਮੱਤ ਹੈ।

ਇਕ ਵਾਰ ਜਦੋਂ ਇਕ ਰਾਜ ਵਿਚ ਬਰਾਬਰ ਦੇ ਅਧਿਕਾਰਾਂ ਵਾਲੇ ਕਈ ਅਕੀਦੇ ਸ਼ਾਮਲ ਹੁੰਦੇ ਹਨ, ਤਾਂ ਇਹ ਰਾਜ ਵਿਸ਼ੇਸ਼ ਅਕੀਦਿਆਂ ਦੇ ਅਧਿਕਾਰਾਂ ਦੀ ਉਲੰਘਣਾ ਕੀਤੇ ਬਿਨਾਂ ਇਕ ਧਾਰਮਿਕ ਰਾਜ ਨਹੀਂ ਹੋ ਸਕਦਾ; ਇਕ ਅਜਿਹਾ ਚਰਚ ਜਿਹੜਾ ਵਖਰੇ ਅਕੀਦੇ ਦੇ ਸਾਰੇ ਸਮਰਥਕਾਂ ਨੂੰ ਧਰਮ-ਵਿਰੋਧੀ ਕਹਿਕੇ ਨਿੰਦਦਾ ਹੈ, ਜਿਹੜਾ ਰੋਟੀ ਦੀ ਹਰ ਬੁਰਕੀ ਨੂੰ ਖੰਦੇ ਦੇ ਵਿਸ਼ਵਾਸ ਉਤੇ ਨਿਰਭਰ ਕਰਦਾ ਹੈ, ਅਤੇ ਜਿਹੜਾ ਮੱਤ ਨੂੰ ਵਿਅਕਤੀਆਂ ਅਤੇ ਰਾਜ ਦੇ ਨਾਗਰਿਕਾਂ ਵਜੋਂ ਉਹਨਾਂ ਦੀ ਹੋਂਦ ਵਿਚਕਾਰ ਕੜੀ ਬਣਾਉਂਦਾ ਹੈ। "ਵਿਚਾਰੇ ਹਰੇ ਅਰੀਨ"** ਦੇ ਕੈਥੋਲਿਕ ਵਾਸੀਆਂ ਨੂੰ ਪੁਛੋ, ਫਰਾਂਸੀਸੀ ਇਨਕਲਾਬ ਤੋਂ ਪਹਿਲਾਂ ਦੇ ਹਿਊਗੇਨਾਟਾਂ[21]

---

*ਸਦਾਚਾਰਕ ਤੇ ਧਾਰਮਿਕ ਮਾਮਲਿਆਂ ਦੀ ਵਿਆਖਿਆ ਕਰਨ ਵਿਚ ਗ਼ਲਤੀ ਜਾਂ ਭੁਲ ਨਾ ਕਰਨ ਵਾਲਾ ਕੈਥੋਲਿਕ ਚਰਚ।—**ਅਨੁ:**

**ਆਇਰਲੈਂਡ।—**ਸੰਪਾ:**

ਨੂੰ ਪੁਛੋ: ਉਹਨਾਂ ਨੇ ਧਰਮ ਅੱਗੇ ਅਪੀਲ ਨਹੀਂ ਸੀ ਕੀਤੀ, ਕਿਉਂਕਿ ਉਹਨਾਂ ਦਾ ਧਰਮ ਰਾਜ-ਧਰਮ ਨਹੀਂ ਸੀ; ਉਹਨਾਂ ਨੇ "ਮਨੁਖਤਾ ਦੇ ਅਧਿਕਾਰਾਂ" ਨੂੰ ਅਪੀਲ ਕੀਤੀ ਸੀ, ਅਤੇ ਦਰਸ਼ਨ ਮਨੁਖਤਾ ਦੇ ਅਧਿਕਾਰਾਂ ਦੀ ਵਿਆਖਿਆ ਕਰਦਾ ਹੈ ਅਤੇ ਮੰਗ ਕਰਦਾ ਹੈ ਕਿ ਰਾਜ ਮਨੁਖੀ ਪ੍ਰਕਿਰਤੀ ਦਾ ਰਾਜ ਹੋਣਾ ਚਾਹੀਦਾ ਹੈ।

ਪਰ, ਅੱਧ-ਪਚੱਧ, ਸੌੜੀ ਸੋਚ ਵਾਲੇ ਤਰਕਵਾਦ ਦੇ ਦਾਅਵਿਆਂ ਅਨੁਸਾਰ, ਜੋ ਇਕੋ ਜਿਹੀ ਮਾਤਰਾ ਵਿਚ ਅਵਿਸ਼ਵਾਸੀ ਅਤੇ ਧਰਮ-ਸ਼ਾਸਤ੍ਰਿਕ ਹੈ, ਅਕੀਦੇ ਦੇ ਫ਼ਰਕਾਂ ਨੂੰ ਇਕ ਪਾਸੇ ਰਖਦਿਆਂ, ਈਸਾਈਅਤ ਦੀ ਵਿਆਪਕ ਆਤਮਾ ਰਾਜ ਦੀ ਆਤਮਾ ਹੋਣੀ ਚਾਹੀਦੀ ਹੈ! ਧਰਮ ਦੀ ਵਿਆਪਕ ਆਤਮਾ ਨੂੰ ਵਾਸਤਵ ਵਿਚ ਵਿਦਮਾਨ ਧਰਮ ਨਾਲੋਂ ਵਖ ਕਰਨਾ, ਇਹ ਸਭ ਤੋਂ ਵੱਡਾ ਅਧਰਮ ਹੈ, ਲੌਕਿਕ ਤਰਕਸ਼ਕਤੀ ਦਾ ਅਭਿਮਾਨ ਹੈ। ਧਰਮ ਨੂੰ ਇਸ ਦੇ ਸਿਧਾਂਤਾਂ ਅਤੇ ਇਸ ਦੀਆਂ ਸੰਸਥਾਵਾਂ ਤੋਂ ਵੱਖ ਕਰਨਾ ਇਹ ਦਾਅਵਾ ਕਰਨ ਦੇ ਤੁਲ ਹੈ ਕਿ ਕਾਨੂੰਨ ਦੀ ਵਿਆਪਕ ਆਤਮਾ ਨੂੰ ਖਾਸ ਕਾਨੂੰਨਾਂ ਅਤੇ ਸਾਕਾਰਾਤਮਕ ਕਾਨੂੰਨੀ ਸੰਸਥਾਵਾਂ ਨੂੰ ਅਖੋਂ ਓਹਲੇ ਕਰਦਿਆਂ ਰਾਜ ਵਿਚ ਪ੍ਰਬਲ ਹੋਣਾ ਚਾਹੀਦਾ ਹੈ।

ਜੇ ਤੁਸੀਂ ਆਪਣੇ ਆਪ ਨੂੰ ਧਰਮ ਤੋਂ ਏਨਾ ਉਚਾ ਉਠਿਆ ਮਿਥ ਲੈਂਦੇ ਹੋ ਕਿ ਤੁਹਾਨੂੰ ਇਸ ਦੀ ਵਿਆਪਕ ਆਤਮਾ ਨੂੰ ਇਸ ਦੀਆਂ ਸਾਕਾਰਾਤਮਕ ਵਿਵਸਥਾਵਾਂ ਤੋਂ ਵੱਖ ਕਰਨ ਦਾ ਅਧਿਕਾਰ ਹੈ, ਤਾਂ ਤੁਸੀਂ ਦਰਸ਼ਨਵੇਤਾਵਾਂ ਨੂੰ ਉਲਾਹਮਾ ਕਿਵੇਂ ਦੇ ਸਕਦੇ ਹੋ ਜੇ ਉਹ ਇਸ ਵਖਰੇਵੇਂ ਨੂੰ ਪੂਰਨਤਾ ਤੱਕ ਲਿਜਾਣਾ ਚਾਹੁੰਦੇ ਹਨ ਅਤੇ ਅਧਵਾਟੇ ਨਹੀਂ ਛਡਦੇ, ਜੇ ਉਹ ਧਰਮ ਦੀ ਵਿਆਪਕ ਆਤਮਾ ਨੂੰ ਈਸਾਈ ਆਤਮਾ ਨਹੀਂ ਸਗੋਂ ਮਨੁਖੀ ਆਤਮਾ ਕਹਿੰਦੇ ਹਨ?

ਈਸਾਈ ਵੱਖ ਵੱਖ ਰਾਜਨੀਤਕ ਸੰਵਿਧਾਨਾਂ ਵਾਲੇ ਰਾਜਾਂ ਵਿਚ ਰਹਿੰਦੇ ਹਨ, ਕੁਝ ਇਕ ਗਣਰਾਜ ਵਿਚ, ਦੂਜੇ ਇਕ ਨਿਰੰਕੁਸ਼ ਰਾਜਤੰਤਰ ਵਿਚ, ਅਤੇ ਕੁਝ ਹੋਰ ਫੇਰ ਇਕ ਸੰਵਿਧਾਨਕ ਰਾਜਤੰਤਰ ਵਿਚ। ਈਸਾਈਅਤ ਇਹ ਫੈਸਲਾ ਨਹੀਂ ਕਰਦੀ ਕਿ ਸੰਵਿਧਾਨ **ਚੰਗੇ** ਹਨ ਜਾਂ ਨਹੀਂ, ਕਿਉਂਕਿ ਇਹ ਉਹਨਾਂ ਵਿਚਕਾਰ ਕੋਈ ਨਿਖੇੜ ਨਹੀਂ ਕਰਦੀ। ਇਹ ਸਿਖਿਆ ਦੇਂਦੀ ਹੈ, ਜਿਵੇਂ ਧਰਮ ਲਈ ਸਿਖਿਆ ਦੇਣਾ ਜ਼ਰੂਰੀ ਹੈ: ਸੱਤਾ-ਅਧਿਕਾਰ ਅੱਗੇ ਸਿਰ ਝੁਕਾਓ, ਕਿਉਂਕਿ **ਕੁਲ ਸੱਤਾ-ਅਧਿਕਾਰ** ਈਸ਼ਵਰ ਤੋਂ ਹਾਸਲ ਹੈ। ਇਸ ਲਈ, ਤੁਸੀਂ ਰਾਜ ਸੰਵਿਧਾਨਾਂ ਦੇ ਜਾਇਜ਼ ਹੋਣ ਦਾ ਨਿਰਣਾ ਈਸਾਈਅਤ ਦੇ ਆਧਾਰ ਉਤੇ ਨਹੀਂ ਕਰ ਸਕਦੇ, ਸਗੋਂ ਰਾਜ ਦੀ ਆਪਣੀ ਪ੍ਰਕਿਰਤੀ ਤੇ ਇਸ ਦੇ ਤੱਤ ਦੇ ਆਧਾਰ ਉਤੇ ਕਰ ਸਕਦੇ ਹੋ, ਈਸਾਈ ਸਮਾਜ ਦੀ ਪ੍ਰਕਿਰਤੀ ਦੇ ਆਧਾਰ ਉਤੇ ਨਹੀਂ, ਸਗੋਂ ਮਨੁਖੀ ਸਮਾਜ ਦੀ ਪ੍ਰਕਿਰਤੀ ਦੇ ਆਧਾਰ ਉਤੇ ਕਰ ਸਕਦੇ ਹੋ।

ਬਾਜ਼ਨਤੀਨੀ ਰਾਜ ਅਸਲ ਧਾਰਮਿਕ ਰਾਜ ਸੀ, ਕਿਉਂਕਿ ਇਸ ਵਿਚ ਮੱਤ ਰਾਜ

ਦੇ ਮਸਲੇ ਸਨ, ਪਰ ਬਾਜ਼ਨਤੀਨੀ ਰਾਜ ਸਭ ਤੋਂ ਭੈੜਾ ਰਾਜ ਸੀ। Ancien régime * ਦੇ ਰਾਜ ਸਭਨਾਂ ਵਿਚੋਂ ਵਧ ਈਸਾਈ ਰਾਜ ਸਨ; ਇਸ ਦੇ ਬਾਵਜੂਦ, ਉਹ "ਦਰਬਾਰ ਦੀ ਇੱਛਾ" ਉਤੇ ਨਿਰਭਰ ਰਾਜ ਸਨ।

ਇਕ ਦੁਬਿਧਾ ਵਿਦਮਾਨ ਹੈ ਜਿਸਨੂੰ "ਆਮ" ਸਮਝ ਹਲ ਨਹੀਂ ਕਰ ਸਕਦੀ।

ਜਾਂ ਈਸਾਈ ਰਾਜ ਤਰਕਸ਼ੀਲ ਆਜ਼ਾਦੀ ਦੀ ਸਾਕਾਰਤਾ ਦੇ ਰੂਪ ਵਿਚ ਰਾਜ ਦੇ ਸੰਕਲਪ ਦਾ ਅਨੁਸਾਰੀ ਹੈ, ਅਤੇ ਫਿਰ ਰਾਜ ਨੂੰ ਕੇਵਲ ਇਕ ਤਰਕਸ਼ੀਲ ਰਾਜ ਬਣਨ ਦੀ ਲੋੜ ਹੈ ਤਾਂ ਜੋ ਈਸਾਈ ਰਾਜ ਬਣ ਸਕੇ ਅਤੇ ਰਾਜ ਦੇ ਮਨੁਖੀ ਸੰਬੰਧਾਂ ਦੇ ਤਰਕਸ਼ੀਲ ਚ੍ਰਿਤਰ ਵਿਚੋਂ ਉਤਪੰਨ ਹੋਣ ਲਈ ਇਹ ਕਾਫੀ ਹੈ, ਇਹ ਕਾਰਜ ਹੈ ਜਿਸ ਨੂੰ ਦਰਸ਼ਨ ਨੇਪਰੇ ਚਾੜ੍ਹਦਾ ਹੈ। ਜਾਂ ਤਰਕਸ਼ੀਲ ਆਜ਼ਾਦੀ ਦਾ ਰਾਜ ਈਸਾਈਅਤ ਵਿਚੋਂ ਉਤਪੰਨ ਨਹੀਂ ਹੋ ਸਕਦਾ, ਅਤੇ ਫਿਰ ਤੁਸੀਂ ਆਪ ਸਵੀਕਾਰ ਕਰੋਗੇ ਕਿ ਇਹ ਉਤਪਤੀ ਈਸਾਈਅਤ ਦਾ ਪ੍ਰਯੋਜਨ ਨਹੀਂ ਹੈ, ਕਿਉਂਕਿ ਈਸਾਈਅਤ ਭੈੜਾ ਰਾਜ ਨਹੀਂ ਚਾਹੁੰਦੀ, ਅਤੇ ਜਿਹੜਾ ਰਾਜ ਤਰਕਸ਼ੀਲ ਆਜ਼ਾਦੀ ਦੀ ਸਾਕਾਰਤਾ ਨਹੀਂ ਹੈ ਉਹ ਇਕ ਭੈੜਾ ਰਾਜ ਹੈ।

ਤੁਸੀਂ ਇਸ ਦੁਬਿਧਾ ਨੂੰ ਜਿਸ ਤਰੀਕੇ ਨਾਲ ਤੁਹਾਡਾ ਜੀ ਚਾਹੇ ਹੱਲ ਕਰ ਸਕਦੇ ਹੋ, ਪਰ ਤੁਹਾਨੂੰ ਇਹ ਮੰਨਣਾ ਪਵੇਗਾ ਕਿ ਰਾਜ ਦੀ ਉਸਾਰੀ ਧਰਮ ਉਤੇ ਨਹੀਂ, ਆਜ਼ਾਦ ਤਰਕਸ਼ਕਤੀ ਦੇ ਆਧਾਰ ਉਤੇ ਹੋਣੀ ਚਾਹੀਦੀ ਹੈ। ਕੇਵਲ ਅਤਿ ਬੌਂਗਾ ਅਗਿਆਨ ਹੀ ਡੱਟ ਕੇ ਆਖ ਸਕਦਾ ਹੈ ਕਿ ਇਹ ਸਿਧਾਂਤ, ਰਾਜ ਦੇ ਸੰਕਲਪ ਦਾ ਇਕ ਸੁਆਧੀਨ ਸੰਕਲਪ ਵਿਚ ਰੂਪਾਂਤਰਣ, ਹਾਲ ਦੇ ਦਰਸ਼ਨਵੇਤਾਵਾਂ ਦਾ ਇਕ ਛਿਣ-ਭੰਗਰੀ ਖ਼ਬਤ ਹੈ।

ਰਾਜਨੀਤੀ ਦੇ ਖੇਤਰ ਵਿਚ, ਦਰਸ਼ਨ ਨੇ ਕੁਝ ਅਜਿਹਾ ਨਹੀਂ ਕੀਤਾ ਜਿਹੜਾ ਭੌਤਿਕ-ਵਿਗਿਆਨ, ਗਣਿਤ-ਵਿਗਿਆਨ, ਚਿਕਿਤਸਾ-ਵਿਗਿਆਨ, ਅਤੇ ਹਰ ਵਿਗਿਆਨ ਨੇ ਆਪੋ ਆਪਣੇ ਖੇਤਰਾਂ ਵਿਚ ਨਾ ਕੀਤਾ ਹੋਵੇ। ਵੇਰੂਲਮ ਦੇ ਬੇਕਨ ਨੇ ਆਖਿਆ ਹੈ ਕਿ ਧਰਮ-ਸ਼ਾਸਤ੍ਰਿਕ ਭੌਤਕ-ਵਿਗਿਆਨ ਈਸ਼ਵਰ ਨੂੰ ਸਮਰਪਤ ਇਕ ਕੰਜਕ ਹੈ ਅਤੇ ਬਾਂਝ ਹੈ **, ਉਸ ਨੇ ਭੌਤਿਕ-ਵਿਗਿਆਨ ਨੂੰ ਧਰਮ-ਸ਼ਾਸਤ੍ਰ ਤੋਂ ਮੁਕਤ ਕੀਤਾ ਅਤੇ ਇਸਦੀ ਕੁਖ ਹਰੀ ਹੋ ਗਈ। ਜਿਵੇਂ ਤੁਸੀਂ ਡਾਕਟਰ ਨੂੰ ਇਹ ਨਹੀਂ ਪੁਛਦੇ ਕਿ ਉਹ ਆਸਤਿਕ ਹੈ ਜਾਂ ਨਹੀਂ ਤਿਵੇਂ ਹੀ ਤੁਹਾਡੇ ਕੋਲ ਕੋਈ ਕਾਰਨ ਨਹੀਂ ਕਿ ਤੁਸੀਂ ਨੀਤੀਵਾਨ ਨੂੰ ਇਹ ਪੁਛੋ। ਅਸਲੀ ਸੂਰਜੀ ਪਰਵਾਰ ਦੀ ਕਾਪਰਨੀਕਸ ਦੀ ਮਹਾਨ ਲਭਤ

---

* ਫ਼ਰਾਂਸੀਸੀ ਇਨਕਲਾਬ (ਮਈ ੧੭੮੯) ਤੋਂ ਪਹਿਲਾਂ ਦਾ ਸਮਾਂ। — **ਅਨੁ:**

** F. Baconi Baronis de Verulamio, «*De dignitate et augmentis scientiarum*», Liber I, 3। — **ਸੰਪਾ:**

ਦੇ ਸਮੇਂ ਤੋਂ ਤੁਰਤ ਪਹਿਲਾਂ ਅਤੇ ਪਿਛੋਂ, ਰਾਜ ਦੀ ਗੁਰੂਤਾ-ਖਿੱਚ ਦਾ ਨੇਮ ਲਭਿਆ ਗਿਆ ਸੀ, ਇਸ ਦੀ ਆਪਣੀ ਗੁਰੂਤਾ ਦਾ ਕੇਂਦਰ ਖੁਦ ਰਾਜ ਵਿਚੋਂ ਹੀ ਲਭਿਆ ਗਿਆ। ਭਿੰਨ ਭਿੰਨ ਯੂਰਪੀ ਸਰਕਾਰਾਂ ਨੇ, ਪਹਿਲੇ ਅਮਲੀ ਜਤਨਾਂ ਦੇ ਸਤਹੀ ਤਰੀਕੇ ਨਾਲ, ਇਸ ਸਿੱਟੇ ਨੂੰ ਰਾਜਾਂ ਦੇ ਸੰਤੁਲਨ ਦੀ ਇਕ ਪ੍ਰਣਾਲੀ ਸਥਾਪਤ ਕਰਨ ਲਈ ਲਾਗੂ ਕਰਨ ਦੀ ਕੋਸ਼ਿਸ਼ ਕੀਤੀ ਸੀ। ਇਸੇ ਤਰ੍ਹਾਂ ਉਹਨਾਂ ਤੋਂ ਪਹਿਲਾਂ ਮਾਕੀਆਵੇਲੀ ਅਤੇ ਕਾਮਪਾਨੇਲਾ ਨੇ, ਅਤੇ ਮਗਰੋਂ ਹਾਬਸ, ਸਪੀਨੋਜ਼ਾ ਅਤੇ ਹਿਊਗੋ ਗਰੋਸ਼ਸ ਨੇ, ਰੂਸੋ, ਫ਼ਿਖ਼ਟੇ ਅਤੇ ਹੀਗਲ ਤੱਕ, ਨੇ ਰਾਜ ਨੂੰ ਮਨੁਖੀ ਅੱਖਾਂ ਰਾਹੀਂ ਵੇਖਣਾ ਅਤੇ ਇਸ ਦੇ ਸੁਭਾਵਿਕ ਨੇਮਾਂ ਦਾ ਨਿਰਣਾ ਧਰਮ-ਸ਼ਾਸਤ੍ਰ ਵਿਚੋਂ ਨਹੀਂ, ਤਰਕਸ਼ਕਤੀ ਅਤੇ ਤਜਰਬੇ ਵਿਚੋਂ ਕਰਨਾ ਸ਼ੁਰੂ ਕੀਤਾ, ਐਨ ਉਸੇ ਤਰ੍ਹਾਂ ਜਿਵੇਂ ਕਾਪਰਨੀਕਸ ਨੇ ਆਪਣੇ ਆਪ ਨੂੰ ਜੋਸ਼ੂਆ ਦੇ ਸੂਰਜ ਨੂੰ ਗਿਦੀਅਨ ਉਤੇ ਅਤੇ ਚੰਨ ਨੂੰ ਅਜਾਲੋਨ ਦੀ ਵਾਦੀ ਉਤੇ ਅਹਿਲ ਖੜੇ ਰਹਿਣ ਦੇ ਹੁਕਮ ਤੋਂ ਪ੍ਰਭਾਵਤ ਨਹੀਂ ਸੀ ਹੋਣ ਦਿਤਾ। ਹਾਲ ਦੇ ਦਰਸ਼ਨ ਨੇ ਕੇਵਲ ਉਸੇ ਕੰਮ ਨੂੰ ਹੀ ਜਾਰੀ ਰਖਿਆ ਹੈ ਜਿਹੜਾ ਹੇਰਾਕਲਾਈਟਸ ਅਤੇ ਅਰੱਸਤੂ ਨੇ ਸ਼ੁਰੂ ਕੀਤਾ ਸੀ। ਇਸ ਲਈ ਤੁਸੀਂ ਹਾਲ ਦੇ ਦਰਸ਼ਨ ਦੇ ਤਰਕਸ਼ੀਲ ਚ੍ਰਿਤਰ ਦੇ ਖਿਲਾਫ ਨਹੀਂ, ਸਗੋਂ ਤਰਕਸ਼ਕਤੀ ਦੇ ਸਦਾ ਨਵੇਂ ਦਰਸ਼ਨ ਦੇ ਖਿਲਾਫ ਵਾਦ-ਵਿਵਾਦ ਖੜਾ ਕਰਦੇ ਹੋ। ਨਿਰਸੰਦੇਹ, ਉਹ ਅਗਿਆਨ ਜਿਸ ਨੇ ਸ਼ਾਇਦ ਕੇਵਲ ਕਲ੍ਹ ਜਾਂ ਪਰਸੋਂ ਹੀ ਰਾਜ ਬਾਰੇ ਸਦੀਆਂ ਪੁਰਾਣੇ ਵਿਚਾਰ «Rheinische» ਜਾਂ «Königsberger Zeitung»[22] ਵਿਚ ਪਹਿਲੀ ਵਾਰ ਲਭੇ ਸਨ, ਸਮਝਦਾ ਹੈ ਕਿ ਇਤਿਹਾਸ ਦੇ ਇਹ ਵਿਚਾਰ ਖਾਸ ਵਿਅਕਤੀਆਂ ਨੂੰ ਰਾਤੋ ਰਾਤ ਅਚਾਨਕ ਸੁਝ ਪਏ ਹਨ, ਕਿਉਂਕਿ ਇਹਦੇ ਲਈ ਉਹ ਨਵੇਂ ਹਨ ਅਤੇ ਇਹਦੇ ਕੋਲ ਕੇਵਲ ਰਾਤੋ ਰਾਤ ਹੀ ਪਹੁੰਚੇ ਸਨ; ਇਹ ਭੁਲ ਜਾਂਦਾ ਹੈ ਕਿ ਇਹ ਆਪ ਸੋਰਬੋਨ ਦੇ ਡਾਕਟਰ[23] ਦਾ ਪੁਰਾਣਾ ਰੋਲ ਅਪਣਾ ਰਿਹਾ ਹੈ ਜਿਸ ਨੇ ਆਪਣਾ ਇਹ ਫਰਜ਼ ਸਮਝਿਆ ਸੀ ਕਿ ਮਾਨਟਸਕਿਊ ਉਤੇ ਖ਼ੁੱਲ੍ਹੇ ਆਮ ਹੋਛਾ ਹੋਣ ਦਾ ਇਹ ਇਲਜ਼ਾਮ ਲਾਵੇ ਕਿ ਉਸ ਨੇ ਐਲਾਨ ਕੀਤਾ ਸੀ ਕਿ ਰਾਜ ਦਾ ਸ੍ਰੇਸ਼ਟ ਗੁਣ ਕਲੀਸਾਈ ਨਹੀਂ ਰਾਜਨੀਤਕ ਗੁਣ ਸੀ। ਇਹ ਭੁਲ ਜਾਂਦਾ ਹੈ ਕਿ ਇਹ ਯੋਆਹਿਮ ਲਾਂਗੇ ਦਾ ਰੋਲ ਅਖਤਿਆਰ ਕਰ ਰਿਹਾ ਹੈ, ਜਿਸ ਨੇ ਇਸ ਆਧਾਰ ਉਤੇ ਵੋਲਫ ਦੀ ਨਿਖੇਧੀ ਕੀਤੀ ਸੀ ਕਿ ਪਰਾਲਭਦ ਸੰਬੰਧੀ ਉਸ ਦੇ ਸਿਧਾਂਤ ਦਾ ਸਿੱਟਾ ਫੌਜੀਆਂ ਵਲੋਂ ਪਲਾਇਨ ਅਤੇ ਇਸ ਪ੍ਰਕਾਰ ਸੈਨਿਕ ਬੰਧੇਜ ਦੇ ਕਮਜ਼ੋਰ ਹੋਣ ਵਿਚ, ਅਤੇ ਅੰਤ ਵਿਚ ਰਾਜ ਦੇ ਢਹਿ-ਢੇਰੀ ਹੋਣ ਵਿਚ ਨਿਕਲੇਗਾ। ਅਖੀਰੀ ਗੱਲ, ਇਹ ਭੁਲ ਜਾਂਦਾ ਹੈ ਕਿ ਪਰੂਸ਼ੀਆਈ ਕਾਨੂੰਨ ਠੀਕ "ਉਸ ਵੋਲਫ" ਦੀ ਦਾਰਸ਼ਨਿਕ ਪਰਪਾਟੀ ਵਿਚੋਂ ਉਤਪੰਨ ਹੋਇਆ ਸੀ, ਅਤੇ ਫਰਾਂਸੀਸੀ ਨੈਪੋਲੀਅਨੀ ਸੰਘਤਾ ਬਾਈਬਲ ਦੀ ਪੁਰਾਤਨ ਸਾਖ[24] ਵਿਚੋਂ ਨਹੀਂ, ਸਗੋਂ ਵਾਲਟੇਅਰ, ਰੂਸੋ, ਕੋਨਦੋਰਸੇ, ਮਿਰਾਬੋ ਅਤੇ ਮਾਨਟਸਕਿਊ

ਦੇ ਵਿਚਾਰਾਂ ਦੀ ਪਰਪਾਟੀ ਅਤੇ ਫਰਾਂਸੀਸੀ ਇਨਕਲਾਬ ਵਿਚੋਂ ਉਤਪੰਨ ਹੋਈ ਸੀ। ਅਗਿਆਨ ਇਕ ਦੈਂਤ ਹੈ, ਸਾਨੂੰ ਡਰ ਹੈ ਕਿ ਇਹ ਹਾਲੇ ਕਈ ਹੋਰ ਤ੍ਰਾਸਦੀਆਂ ਦਾ ਕਾਰਨ ਬਣੇਗਾ; ਮਹਾਨਤਮ ਯੂਨਾਨੀ ਕਵੀਆਂ ਨੇ ਠੀਕ ਹੀ ਮਾਈਕੇਨੇ ਅਤੇ ਥੇਬੇਜ਼ ਦੇ ਸ਼ਾਹੀ ਘਰਾਣਿਆਂ ਦੇ ਦਿਲ-ਕੰਬਾਊ ਨਾਟਕਾਂ ਵਿਚ ਇਸ ਨੂੰ ਤ੍ਰਾਸਦਿਕ ਹੋਣੀ ਵਜੋਂ ਚਿਤਰਿਆ ਸੀ।

ਜਿਥੇ ਰਾਜਕੀ ਕਾਨੂੰਨ ਦੇ ਮੁਢਲੇ ਦਰਸ਼ਨਵੇਤਾ ਲਾਲਸਾ ਦੀ ਜਾਂ ਮਿਲਜੁਲ ਕੇ ਰਹਿਣ ਦੀ ਸਹਿਜ ਪ੍ਰਵਿਰਤੀ, ਜਾਂ ਸਗੋਂ ਤਰਕਸ਼ਕਤੀ ਤੋਂ, ਭਾਵੇਂ ਸਮਾਜਕ ਤਰਕਸ਼ਕਤੀ ਨਹੀਂ, ਸਗੋਂ ਵਿਅਕਤੀ ਦੀ ਤਰਕਸ਼ਕਤੀ ਵਿਚੋਂ ਰਾਜ ਦੀ ਰਚਨਾ ਦਸਦੇ ਸਨ, ਉਥੇ ਹਾਲ ਦੇ ਦਰਸ਼ਨ ਦੀ ਵਧੇਰੇ ਆਦਰਸ਼ਕ ਅਤੇ ਗੂੜ੍ਹ ਦ੍ਰਿਸ਼ਟੀ ਸਮੁਚਤਾ ਦੇ ਵਿਚਾਰ ਤੋਂ ਇਹਦੀ ਰਚਨਾ ਦਸਦੀ ਹੈ। ਇਹ ਰਾਜ ਨੂੰ ਮਹਾਨ ਸੰਗਠਤ ਬਣਤਰ ਸਮਝਦਾ ਹੈ ਜਿਸ ਵਿਚ ਕਾਨੂੰਨੀ, ਸਦਾਚਾਰਕ, ਅਤੇ ਰਾਜਨੀਤਕ ਆਜ਼ਾਦੀ ਦੀ ਪੂਰਤੀ ਹੋਣੀ ਚਾਹੀਦੀ ਹੈ, ਅਤੇ ਜਿਸ ਵਿਚ ਰਾਜ ਦੇ ਕਾਨੂੰਨਾਂ ਦਾ ਪਾਲਣ ਕਰਦਾ ਹੋਇਆ ਵਿਅਕਤੀਗਤ ਨਾਗਰਿਕ ਆਪਣੀ ਹੀ ਤਰਕਸ਼ਕਤੀ ਦੇ, ਮਨੁਖੀ ਤਰਕਸ਼ਕਤੀ ਦੇ ਸੁਭਾਵਿਕ ਕਾਨੂੰਨਾਂ ਦਾ ਪਾਲਣ ਕਰਦਾ ਹੈ। Sapienti sat।*

ਅੰਤ ਵਿਚ ਅਸੀਂ ਅਲਵਿਦਾ ਦੇ ਕੁਝ ਦਾਰਸ਼ਨਿਕ ਸ਼ਬਦਾਂ ਨਾਲ ਇਕ ਵਾਰ ਫੇਰ «Kölnische Zeitung» ਵੱਲ ਆਉਂਦੇ ਹਨ। "ਬੀਤੇ ਸਮਿਆਂ ਦੇ" ਇਕ ਉਦਾਰਵਾਦੀ ਨੂੰ ਇਹਦੇ ਵਲੋਂ ਅਪਣਾ ਲੈਣਾ ਬੜੀ ਸਿਆਣਪ ਵਾਲੀ ਗੱਲ ਹੈ। ਬੰਦਾ ਬੜੇ ਹੀ ਸੌਖ ਨਾਲ ਉਦਾਰਵਾਦੀ ਅਤੇ ਪਿਛਾਂਹਖਿਚੂ ਦੋਵੇਂ ਬਣ ਸਕਦਾ ਹੈ ਜੇ ਬੰਦਾ ਹਮੇਸ਼ਾ ਹੀ ਹਾਲ ਦੇ ਬੀਤੇ ਦੇ ਉਦਾਰਵਾਦੀਆਂ ਨੂੰ ਸੰਬੋਧਨ ਕਰਨ ਲਈ ਚੋਖਾ ਚਾਤਰ ਹੋਵੇ ਜਿਨ੍ਹਾਂ ਨੂੰ ਵਿਦੋਕ ਦੀ ਦੁਬਿਧਾ ਤੋਂ ਇਲਾਵਾ ਕਿਸੇ ਹੋਰ ਦੁਬਿਧਾ ਦਾ ਗਿਆਨ ਨਹੀਂ: "ਜਾਂ ਕੈਦੀ ਜਾਂ ਜੇਲ੍ਹਰ।" ਹਾਲ ਦੇ ਬੀਤੇ ਦੇ ਉਦਾਰਵਾਦੀਆਂ ਲਈ ਵਰਤਮਾਨ ਦੇ ਉਦਾਰਵਾਦੀਆਂ ਨਾਲ ਬਹਿਸ ਵਿਚ ਪੈਣਾ ਹੋਰ ਵੀ ਬਹੁਤੀ ਸਿਆਣਪ ਵਾਲੀ ਗੱਲ ਸੀ। ਧਿਰਾਂ ਤੋਂ ਬਿਨਾਂ ਕੋਈ ਵਿਕਾਸ ਨਹੀਂ ਹੁੰਦਾ, ਨਿਖੜੇ ਤੋਂ ਬਿਨਾਂ ਕੋਈ ਪ੍ਰਗਤੀ ਨਹੀਂ ਹੁੰਦੀ। ਸਾਨੂੰ ਆਸ ਹੈ ਕਿ ਅੰਕ ੧੭੯ ਦੇ ਮੁਖ ਲੇਖ ਨਾਲ «Kölnische Zeitung» ਨੇ ਇਕ ਨਵੇਂ ਜੁਗ ਦਾ, ਚ੍ਰਿਤਰ ਦੇ ਜੁਗ ਦਾ ਆਰੰਭ ਕਰ ਦਿਤਾ ਹੈ।

ਮੂਲ ਪਾਠ ਜਰਮਨ ਵਿਚ ਹੈ

੨੯ ਜੂਨ ਅਤੇ ੪ ਜੁਲਾਈ
੧੮੪੨ ਵਿਚਕਾਰ
ਲਿਖਿਆ ਗਿਆ

---

*ਅਕਲਮੰਦ ਲਈ ਏਨਾ ਹੀ ਕਾਫੀ ਹੈ।—ਸੰਪਾ:

ਕਾਰਲ ਮਾਰਕਸ

# ਹੀਗਲ ਦੇ ਕਾਨੂੰਨ ਸੰਬੰਧੀ ਦਰਸ਼ਨ ਦੀ ਆਲੋਚਨਾ ਵਿਚ ਪਾਇਆ ਹਿਸਾ

## ਭੂਮਿਕਾ ਵਿਚੋਂ

ਜਰਮਨੀ ਲਈ **ਧਰਮ ਦੀ ਆਲੋਚਨਾ** ਮੁਖ ਰੂਪ ਵਿਚ ਮੁਕੰਮਲ ਹੈ, ਅਤੇ ਧਰਮ ਦੀ ਆਲੋਚਨਾ ਕੁਲ ਆਲੋਚਨਾ ਦਾ ਧਰਾਤਲ ਹੈ।

ਇਸ ਦੇ **ਅਰਸ਼ੀ** oratio pro aris et focis * ਦੇ ਰੱਦ ਕਰ ਦਿਤੇ ਜਾਣ ਤੋਂ ਪਿਛੋਂ ਭੁਲ ਦੀ **ਸੰਸਾਰਕ** ਹੋਂਦ ਬਦੂ ਹੋ ਗਈ ਹੈ। ਮਨੁਖ, ਜਿਹੜਾ ਅਰਸ਼ ਦੇ ਅਣੋਖੇ ਯਥਾਰਥ ਵਿਚ ਪਰਮ-ਮਨੁਖੀ ਹੋਂਦ ਦੀ ਭਾਲ ਕਰਦਾ ਸੀ ਅਤੇ ਜਿਸ ਨੂੰ ਉਥੇ ਉਸ ਦੇ ਸਵੈ ਦੇ **ਪ੍ਰਤਿਬਿੰਬ** ਤੋਂ ਬਿਨਾਂ ਕੁਝ ਨਾ ਲਭਾ, ਹੁਣ ਹੋਰ ਆਪਣੀ ਹੀ **ਝਲਕ**, ਕੇਵਲ ਇਕ ਅਣਮਨੁਖੀ ਹੋਂਦ ਵੇਖਣ ਵਿਚ ਰੁਚਿਤ ਨਹੀਂ ਹੋਵੇਗਾ, ਜਿਥੇ ਉਹ ਆਪਣਾ ਅਸਲ ਯਥਾਰਥ ਖੋਜਦਾ ਹੈ ਅਤੇ ਉਸ ਨੂੰ ਖੋਜਣਾ ਚਾਹੀਦਾ ਹੈ।

ਅਧਾਰਮਿਕ ਆਲੋਚਨਾ ਦਾ ਆਧਾਰ ਇਹ ਹੈ: **ਮਨੁਖ ਧਰਮ ਸਿਰਜਦਾ ਹੈ**, ਧਰਮ ਮਨੁਖ ਨਹੀਂ ਸਿਰਜਦਾ। ਧਰਮ ਉਸ ਮਨੁਖ ਦੀ ਆਤਮ-ਚੇਤੰਨਤਾ ਅਤੇ ਆਤਮ-ਭਾਵ ਹੈ ਜਿਸ ਨੇ ਜਾਂ ਤਾਂ ਹਾਲੇ ਆਪਣੇ ਆਪ ਨੂੰ ਪਾਇਆ ਨਹੀਂ ਜਾਂ ਆਪਣੇ ਆਪ ਨੂੰ ਇਕ ਵਾਰ ਫੇਰ ਗੁਆ ਲਿਆ ਹੋਇਆ ਹੈ। ਪਰ **ਮਨੁਖ** ਸੰਸਾਰ ਤੋਂ ਬਾਹਰ ਡੇਰਾ ਲਾਈ ਬੈਠੀ ਕੋਈ ਅਮੂਰਤ ਹਸਤੀ ਨਹੀਂ। ਮਨੁਖ **ਮਨੁਖ ਦਾ ਸੰਸਾਰ**, ਰਾਜ, ਸਮਾਜ ਹੈ। ਇਹ ਰਾਜ, ਇਹ ਸਮਾਜ, ਧਰਮ, ਇਕ **ਉਲਟੀ ਸੰਸਾਰ-ਚੇਤੰਨਤਾ** ਪੈਦਾ ਕਰਦੇ ਹਨ, ਕਿਉਂਕਿ ਉਹ ਇਕ **ਉਲਟਾ ਹੋਇਆ ਸੰਸਾਰ** ਹਨ। ਧਰਮ ਉਸ ਸੰਸਾਰ ਦਾ ਵਿਆਪਕ ਸਿਧਾਂਤ, ਇਸ ਦਾ ਵਿਸ਼ਵਕੋਸ਼ੀ ਤੱਤ, ਇਕ ਆਮ ਸਮਝ ਆਉਣ ਵਾਲੇ ਰੂਪ ਵਿਚ ਇਸ ਦਾ ਨਿਆਇ, ਇਸ ਦਾ ਰੂਹਪ੍ਰਸਤ[25] point d'honneur **, ਇਸਦੇ ਉਤਸ਼ਾਹ, ਇਸਦੀ ਸਦਾਚਾਰਕ ਪ੍ਰਵਾਨਗੀ ਦੀ,

---

* ਅੱਖਰੀ ਅਨੁਵਾਦ: ਵੇਦੀਆਂ ਅਤੇ ਚੁਲ੍ਹਿਆਂ ਲਈ ਭਾਸ਼ਨ। — **ਸੰਪਾ:**

** ਇੱਜ਼ਤ ਦੀ ਗੱਲ। — **ਸੰਪਾ:**

ਮਿਰਜਾਦਾ ਅਨੁਸਾਰ ਪੂਰਨਤਾ ਹੈ, ਇਸ ਦੀ ਢਾਰਸ ਅਤੇ ਉਚਿਤਤਾ ਦਾ ਸਰਵ-ਵਿਆਪਕ ਸੋਮਾ ਹੈ। ਇਹ ਮਨੁਖੀ ਸਾਰੰਸ਼ ਦੀ **ਅਣੋਖੀ ਸਾਕਾਰਤਾ** ਹੈ ਕਿਉਂਕਿ **ਮਨੁਖੀ ਸਾਰੰਸ਼** ਦਾ ਕੋਈ ਸੱਚਾ ਯਥਾਰਥ ਨਹੀਂ। ਇਸ ਲਈ ਧਰਮ ਵਿਰੁਧ ਸੰਗਰਾਮ ਪਰੋਖ ਢੰਗ ਨਾਲ **ਉਸ ਸੰਸਾਰ** ਵਿਰੁਧ ਲੜਾਈ ਹੈ, ਧਰਮ ਜਿਸ ਦੀ ਆਤਮਕ **ਸੁਗੰਧ** ਹੈ।

**ਧਾਰਮਿਕ** ਪੀੜਾ ਨਾਲ ਹੀ ਨਾਲ ਯਥਾਰਥਕ ਪੀੜਾ ਦਾ **ਪ੍ਰਗਟਾ** ਅਤੇ ਯਥਾਰਥਕ ਪੀੜਾ ਵਿਰੁਧ **ਰੋਸ** ਵੀ ਹੈ। ਧਰਮ ਉਵੇਂ ਹੀ ਪੀੜਤ ਜੀਵ ਦਾ ਹੌਕਾ, ਪਥਰ-ਦਿਲ ਸੰਸਾਰ ਦਾ ਦਿਲ ਹੈ, ਜਿਵੇਂ ਇਹ ਆਤਮਾਹੀਣ ਪ੍ਰਸਥਿਤੀਆਂ ਦੀ ਆਤਮਾ ਹੈ। ਇਹ ਲੋਕਾਂ ਲਈ **ਅਫੀਮ** ਹੈ।

ਲੋਕਾਂ ਦੀ **ਭੁਲਾਂਦਰਾਮਈ** ਖੁਸ਼ੀ ਦੇ ਰੂਪ ਵਿਚ ਧਰਮ ਨੂੰ ਖਤਮ ਕਰਨਾ ਉਹਨਾਂ ਦੀ **ਅਸਲ** ਖੁਸ਼ੀ ਲਈ ਮੰਗ ਹੈ। ਵਿਦਮਾਨ ਪ੍ਰਸਥਿਤੀਆਂ ਬਾਰੇ ਭੁਲਾਂਦਰਿਆਂ ਨੂੰ ਤਿਆਗ ਦੇਣ ਦੀ ਮੰਗ ਕਰਨਾ **ਉਸ ਪ੍ਰਸਥਿਤੀ ਨੂੰ ਤਿਆਗ ਦੇਣ ਦੀ ਮੰਗ ਕਰਨਾ ਹੈ ਜਿਸ ਨੂੰ ਭੁਲਾਂਦਰਿਆਂ ਦੀ ਲੋੜ ਹੈ।** ਇਸ ਲਈ ਧਰਮ ਦੀ ਆਲੋਚਨਾ **ਮੁਢਲੇ ਰੂਪ ਵਿਚ ਹੰਝੂਆਂ ਦੀ ਉਸ ਵਾਦੀ ਦੀ ਆਲੋਚਨਾ** ਹੈ, ਧਰਮ ਜਿਸ ਦਾ **ਪ੍ਰਕਾਸ਼-ਮੰਡਲ** ਹੈ।

ਆਲੋਚਨਾ ਨੇ ਜ਼ੰਜੀਰ ਨਾਲੋਂ ਕਾਲਪਨਿਕ ਫੁਲ ਤੋੜ ਸੁਟੇ ਹਨ, ਇਸ ਲਈ ਨਹੀਂ ਕਿ ਮਨੁਖ ਕਿਸੇ ਖ਼ੁਸ਼ੀ ਜਾਂ ਆਨੰਦ ਦੀ ਆਸ ਤੋਂ ਬਿਨਾਂ ਜ਼ੰਜੀਰ ਪਾਵੇਗਾ ਸਗੋਂ ਇਸ ਲਈ ਕਿ ਉਹ ਜ਼ੰਜੀਰ ਲਾਹ ਸੁਟੇਗਾ ਅਤੇ ਜੀਉਂਦਾ ਜਾਗਦਾ ਫੁਲ ਤੋੜੇਗਾ। ਧਰਮ ਦੀ ਆਲੋਚਨਾ ਮਨੁਖ ਨੂੰ ਭਰਮ-ਮੁਕਤ ਕਰਕੇ ਉਸ ਨੂੰ ਉਸ ਮਨੁਖ ਵਾਂਗ ਸੋਚਣ, ਅਮਲ ਕਰਨ ਅਤੇ ਆਪਣੇ ਯਥਾਰਥ ਨੂੰ ਰੂਪ ਦੇਣ ਲਾਉਂਦੀ ਹੈ ਜਿਸ ਦਾ ਭਰਮ ਟੁਟ ਗਿਆ ਹੈ ਅਤੇ ਜੋ ਤਰਕ ਤੇ ਆ ਗਿਆ ਹੈ, ਤਾਂ ਜੋ ਉਹ ਆਪਣੇ ਦੁਆਲੇ ਅਤੇ ਇਸ ਲਈ ਆਪਣੇ ਅਸਲੀ ਸੂਰਜ ਦੁਆਲੇ ਘੁੰਮੇਗਾ। ਧਰਮ ਇਕ ਭੁਲਾਂਦਰਾਮਈ ਸੂਰਜ ਹੈ ਜਿਹੜਾ ਓਨਾ ਚਿਰ ਮਨੁਖ ਦੁਆਲੇ ਘੁੰਮਦਾ ਹੈ ਜਿੰਨਾ ਚਿਰ ਉਹ ਆਪਣੇ ਦੁਆਲੇ ਨਹੀਂ ਘੁੰਮਦਾ।

ਇਸ ਲਈ, ਜਦੋਂ ਇਕ ਵਾਰ **ਸੱਚ ਤੋਂ ਪਾਰ ਦਾ ਸੰਸਾਰ** ਲੋਪ ਹੋ ਜਾਂਦਾ ਹੈ, **ਇਤਿਹਾਸ ਦਾ ਕਾਰਜ ਇਸ ਸੰਸਾਰ ਦਾ ਸੱਚ** ਸਥਾਪਤ ਕਰਨਾ ਹੈ। ਇਕ ਵਾਰ ਜਦੋਂ ਮਨੁਖੀ ਆਤਮ-ਬਿਗਾਨਗੀ ਦੇ **ਪਵਿਤਰ ਰੂਪ** ਤੋਂ ਮੁਖੌਟਾ ਲਹਿ ਜਾਂਦਾ ਹੈ, ਤਾਂ **ਦਰਸ਼ਨ** ਦਾ ਫੌਰੀ **ਕਾਰਜ**, ਜਿਹੜਾ ਇਤਿਹਾਸ ਦੀ ਸੇਵਾ ਵਿਚ ਹਾਜ਼ਰ ਹੈ, ਆਤਮ-ਬਿਗਾਨਗੀ ਤੋਂ ਇਸ ਦੇ **ਅਪਵਿਤਰ ਰੂਪਾਂ** ਦਾ ਮੁਖੌਟਾ ਲਾਹੁਣਾ ਹੈ। ਇਸ ਪ੍ਰਕਾਰ ਅਰਸ਼ ਦੀ ਆਲੋਚਨਾ ਫਰਸ਼ ਦੀ ਆਲੋਚਨਾ ਵਿਚ, **ਧਰਮ ਦੀ ਆਲੋਚਨਾ ਕਾਨੂੰਨ ਦੀ**

**ਆਲੋਚਨਾ** ਵਿਚ, ਅਤੇ **ਧਰਮ-ਸ਼ਾਸਤ੍ਰ ਦੀ ਆਲੋਚਨਾ ਰਾਜਨੀਤੀ ਦੀ ਆਲੋਚਨਾ** ਵਿਚ ਬਦਲ ਜਾਂਦੀ ਹੈ।

ਨਿਰਸੰਦੇਹ, ਆਲੋਚਨਾ ਦਾ ਹਥਿਆਰ, ਹਥਿਆਰ ਦੀ ਆਲੋਚਨਾ ਦੀ ਥਾਂ ਨਹੀਂ ਲੈ ਸਕਦਾ, ਪਦਾਰਥਕ ਸ਼ਕਤੀ ਦੇ ਤਖ਼ਤੇ ਨੂੰ ਪਦਾਰਥਕ ਸ਼ਕਤੀ ਨਾਲ ਹੀ ਉਲਟਾਇਆ ਜਾਣਾ ਜ਼ਰੂਰੀ ਹੈ; ਪਰ ਸਿਧਾਂਤ ਵੀ ਜਿਵੇਂ ਹੀ ਇਹ ਜਨਸਮੂਹ ਨੂੰ ਪਕੜ ਵਿਚ ਲੈ ਲੈਂਦਾ ਹੈ ਇਕ ਪਦਾਰਥਕ ਸ਼ਕਤੀ ਬਣ ਜਾਂਦਾ ਹੈ। ਸਿਧਾਂਤ ਜਿਵੇਂ ਇਹ ad hominem * ਦਾ ਵਖਾਲਾ ਕਰਦਾ ਹੈ ਜਨਸਮੂਹ ਨੂੰ ਪਕੜ ਵਿਚ ਲੈਣ ਦੇ ਸਮਰਥ ਹੋ ਜਾਂਦਾ ਹੈ, ਅਤੇ ਜਿਵੇਂ ਹੀ ਇਹ ਉਗਰਵਾਦੀ ਬਣਦਾ ਹੈ ad hominem ਦਾ ਵਖਾਲਾ ਕਰਦਾ ਹੈ। ਉਗਰਵਾਦੀ ਹੋਣਾ ਮਾਮਲੇ ਦੀ ਜੜ੍ਹ ਨੂੰ ਫੜਨਾ ਹੈ। ਪਰ ਮਨੁਖ ਲਈ ਜੜ੍ਹ ਮਨੁਖ ਆਪ ਹੈ। ਜਰਮਨ ਸਿਧਾਂਤ ਦੇ ਉਗਰਵਾਦ ਦਾ, ਅਤੇ ਇਸ ਕਾਰਨ ਇਸ ਦੀ ਵਿਹਾਰਕ ਸ਼ਕਤੀ ਦਾ, ਪ੍ਰਤੱਖ ਪ੍ਰਮਾਣ ਇਹ ਹੈ ਕਿ ਇਹ ਧਰਮ ਦੇ ਦ੍ਰਿੜ੍ਹ **ਸਾਕਾਰਾਤਮਕ** ਖਾਤਮੇ ਤੋਂ ਤੁਰਦਾ ਹੈ। ਧਰਮ ਦੀ ਆਲੋਚਨਾ ਇਸ ਸਿਖਿਆ ਨਾਲ ਕਿ **ਮਨੁਖ ਮਨੁਖ ਲਈ ਉਚਤਮ ਹਸਤੀ ਹੈ**, ਇਸ ਕਰਕੇ **ਉਹਨਾਂ ਸਾਰੇ ਸੰਬੰਧਾਂ ਦਾ ਤਖ਼ਤਾ ਉਲਟਣ ਦੇ ਦੋ ਟੁਕ ਆਦੇਸ਼ ਨਾਲ ਖਤਮ ਹੁੰਦੀ ਹੈ** ਜਿਨ੍ਹਾਂ ਵਿਚ ਮਨੁਖ ਖੋਟਾ, ਗੁਲਾਮ, ਤਿਆਗਿਆ ਹੋਇਆ, ਘਿਰਣਿਤ ਹਸਤੀ ਬਣਿਆ ਹੋਇਆ ਹੈ, ਸੰਬੰਧ ਜਿਨ੍ਹਾਂ ਨੂੰ ਇਕ ਫ਼ਰਾਂਸੀਸੀ ਦੇ ਵਿਸਮਾਦੀ ਕਥਨ ਨਾਲੋਂ ਵਧੇਰੇ ਚੰਗੀ ਤਰ੍ਹਾਂ ਬਿਆਨ ਕੀਤਾ ਜਾ ਸਕਦਾ ਹੈ ਜਦੋਂ ਕੁੱਤਿਆਂ ਉਤੇ ਟੈਕਸ ਲਾਉਣ ਦੀ ਯੋਜਨਾ ਬਣਾਈ ਗਈ ਸੀ: "ਵਿਚਾਰੇ ਕੁੱਤਿਓ! ਉਹ ਤੁਹਾਡੇ ਨਾਲ ਮਨੁਖਾਂ ਵਾਲਾ ਸਲੂਕ ਕਰਨਾ ਚਾਹੁੰਦੇ ਹਨ!"

ਇਤਿਹਾਸਕ ਤੌਰ ਤੇ ਵੀ, ਸਿਧਾਂਤਕ ਮੁਕਤੀ ਦੀ ਜਰਮਨੀ ਲਈ ਵਿਸ਼ੇਸ਼ ਵਿਹਾਰਕ ਮਹੱਤਤਾ ਹੈ। ਕਿਉਂਕਿ ਜਰਮਨੀ ਦਾ **ਇਨਕਲਾਬੀ** ਭੂਤ ਸਿਧਾਂਤਕ ਹੈ, ਇਹ **ਧਰਮ ਸੁਧਾਰ ਲਹਿਰ**[26] ਹੈ। ਜਿਵੇਂ ਉਸ ਵੇਲੇ ਇਨਕਲਾਬ **ਵਿੱਰਕਤ** ਦੇ ਦਿਮਾਗ਼ ਵਿਚੋਂ ਸ਼ੁਰੂ ਹੋਇਆ ਸੀ, ਤਿਵੇਂ ਹੀ ਇਸ ਵੇਲੇ ਇਹ **ਦਰਸ਼ਨਵੇਤਾ** ਦੇ ਦਿਮਾਗ਼ ਵਿਚੋਂ ਸ਼ੁਰੂ ਹੁੰਦਾ ਹੈ।

ਅਸੀਂ ਮੰਨਦੇ ਹਾਂ ਕਿ **ਲੂਥਰ ਨੇ ਪਾਵਨਤਾ** ਦੇ ਬੰਧਨ ਉਤੇ, **ਨਿਸਚੇ** ਦੇ ਬੰਧਨ ਨੂੰ ਇਹਦੀ ਥਾਂ ਦੇ ਕੇ, ਕਾਬੂ ਪਾਇਆ ਸੀ। ਉਸ ਨੇ ਅਧਿਕਾਰ ਵਿਚ ਵਿਸ਼ਵਾਸ ਨੂੰ ਜੜ੍ਹੋਂ ਹਿਲਾ ਦਿਤਾ ਸੀ ਕਿਉਂਕਿ ਉਸ ਨੇ ਵਿਸ਼ਵਾਸ ਦੇ ਅਧਿਕਾਰ ਨੂੰ ਬਹਾਲ ਕੀਤਾ ਸੀ। ਉਸ ਨੇ ਪਾਦਰੀਆਂ ਨੂੰ ਸੰਸਾਰਕ ਆਦਮੀ ਬਣਾ ਦਿਤਾ ਕਿਉਂਕਿ ਉਸ ਨੇ

---

* argumentum ad hominem — ਇਕ ਮਨੁਖ ਉਤੇ ਲਾਗੂ ਕੀਤੀ ਦਲੀਲ। — **ਸੰਪਾ:**

ਆਮ ਆਦਮੀਆਂ ਨੂੰ ਪਾਦਰੀ ਬਣਾ ਦਿਤਾ ਸੀ। ਉਸ ਨੇ ਮਨੁਖ ਨੂੰ ਬਾਹਰੀ ਧਾਰਮਿਕਤਾ ਤੋਂ ਆਜ਼ਾਦ ਕਰ ਦਿਤਾ ਕਿਉਂਕਿ ਉਸ ਨੇ ਧਾਰਮਿਕਤਾ ਨੂੰ ਅੰਦਰਲਾ ਮਨੁਖ ਬਣਾ ਦਿਤਾ ਸੀ। ਉਸ ਨੇ ਸਰੀਰ ਨੂੰ ਸੰਗਲਾਂ ਤੋਂ ਮੁਕਤ ਕਰ ਦਿਤਾ ਕਿਉਂਕਿ ਉਸ ਨੇ ਦਿਲ ਨੂੰ ਸੰਗਲ ਪਾ ਦਿਤੇ ਸਨ।

ਪਰ ਜੇ ਪ੍ਰੋਟੈਸਟੈਂਟਵਾਦ ਸਹੀ ਹੱਲ ਨਹੀਂ ਸੀ ਤਾਂ ਇਹ ਘਟੋ ਘਟ ਮਸਲੇ ਨੂੰ ਸਹੀ ਢੰਗ ਨਾਲ ਪੇਸ਼ ਕਰਨਾ ਜ਼ਰੂਰ ਸੀ। ਹੁਣ ਮਾਮਲਾ **ਸੰਸਾਰਕ ਆਦਮੀ ਦੇ ਆਪਣੇ ਤੋਂ ਬਾਹਰਲੇ ਪਾਦਰੀ** ਵਿਰੁਧ ਸੰਗਰਾਮ ਦਾ ਨਹੀਂ ਸੀ ਰਿਹਾ, ਸਗੋਂ **ਖ਼ੁਦ ਉਸ ਦੇ ਆਪਣੇ ਅੰਦਰਲੇ ਪਾਦਰੀ**, ਆਪਣੇ **ਪਾਦਰੀਆਂ ਵਾਲੇ ਸੁਭਾ** ਵਿਰੁਧ ਉਸ ਦੇ ਸੰਗਰਾਮ ਸੀ। ਅਤੇ ਜੇ ਸੰਸਾਰਕ ਜਰਮਨ ਆਦਮੀਆਂ ਦੀ ਪਾਦਰੀਆਂ ਵਿਚ ਪ੍ਰੋਟੈਸਟੈਂਟ ਕਾਇਆ-ਕਲਪ ਨੇ ਸੰਸਾਰਕ ਪੋਪਾਂ ਨੂੰ, **ਪ੍ਰਿੰਸਾਂ** ਨੂੰ, ਉਹਨਾਂ ਦੀ ਸਮੁਚੀ ਪਾਦਰੀ ਜੁੰਡੀ ਸਮੇਤ, ਵਿਸ਼ੇਸ਼-ਅਧਿਕਾਰੀ ਅਤੇ ਖੂਹ-ਦੇ-ਡਡੂਆਂ ਨੂੰ, ਮੁਕਤ ਕਰ ਦਿਤਾ ਸੀ, ਤਾਂ ਪਾਦਰੀ ਜਰਮਨਾਂ ਦੀ ਆਦਮੀਆਂ ਵਿਚ ਦਾਰਸ਼ਨਿਕ ਕਾਇਆ-ਕਲਪ **ਲੋਕਾਂ** ਨੂੰ ਮੁਕਤ ਕਰ ਦੇਵੇਗੀ। ਪਰ ਸੰਸਾਰੀਕਰਨ **ਚਰਚਾਂ ਦੀ ਖੋਹਾ-ਮੋਹੀ** ਜੋ ਮੁਖ ਕਰਕੇ ਦੰਭੀ ਪਰੂਸ਼ੀਆ ਵਲੋਂ ਕੀਤੀ ਜਾ ਰਹੀ ਹੈ ਤੇ ਉਸ ਤੋਂ ਵਧ ਨਹੀਂ ਰੁਕ ਜਾਏਗਾ ਜਿੰਨਾ ਮੁਕਤੀ ਪ੍ਰਿੰਸਾਂ ਉਤੇ ਰੁਕ ਜਾਂਦੀ ਹੈ। ਕਿਸਾਨ ਜੰਗ[27] ਦੀ, ਜਰਮਨ ਇਤਿਹਾਸ ਦਾ ਅਤਿਅੰਤ ਉਗਰਵਾਦੀ ਤੱਥ, ਧਰਮ-ਸ਼ਾਸਤ੍ਰ ਕਾਰਨ ਹਾਰ ਹੋਈ ਸੀ। ਅੱਜ, ਜਦੋਂ ਖੁਦ ਧਰਮ-ਸ਼ਾਸਤ੍ਰ ਦੀ ਹਾਰ ਹੋ ਗਈ ਹੈ, ਜਰਮਨ ਇਤਿਹਾਸ ਦਾ ਅਤਿਅੰਤ ਅਸੁਤੰਤਰ ਤੱਥ, ਸਾਡੀ ਜਿਵੇਂ ਤਿਵੇਂ ਦੀ ਸਥਿਤੀ, ਦਰਸ਼ਨ ਦੇ ਖਿਲਾਫ ਫੀਤੀ ਫੀਤੀ ਹੋ ਜਾਏਗਾ। ਧਰਮ ਸੁਧਾਰ ਲਹਿਰ ਦੇ ਮੌਕੇ ਸਰਕਾਰੀ ਜਰਮਨੀ ਰੋਮ ਦਾ ਅਤਿਅੰਤ ਬਿਨਾਂ-ਸ਼ਰਤ ਗੁਲਾਮ ਸੀ। ਆਪਣੇ ਇਨਕਲਾਬ ਦੇ ਮੌਕੇ ਇਹ ਰੋਮ ਨਾਲੋਂ ਘਟ, ਪਰੂਸ਼ੀਆ ਅਤੇ ਆਸਟਰੀਆ ਦਾ, ਦੇਸ ਦੇ ਜਾਗੀਰਦਾਰਾਂ ਅਤੇ ਖੂਹ-ਦੇ-ਡਡੂਆਂ ਦਾ ਬਿਨਾਂ ਸ਼ਰਤ ਗੁਲਾਮ ਹੈ।

ਇਹ ੧੮੪੩ ਦੇ ਅੰਤ
— ਜਨਵਰੀ ੧੮੪੪ ਦੇ
ਵਿਚਕਾਰ ਲਿਖਿਆ
ਗਿਆ

ਮੂਲ ਪਾਠ ਜਰਮਨ
ਵਿਚ ਹੈ

# ਪਵਿਤਰ ਪਰਵਾਰ, ਜਾਂ ਆਲੋਚਨਾਤਮਕ ਆਲੋਚਨਾ ਦੀ ਆਲੋਚਨਾ

## ਬਰੂਨੋ ਬਾਵੇਰ ਅਤੇ ਉਹਦੇ ਸਾਥੀਆਂ ਵਿਰੁਧ

(ਕਾਂਡ ੬ ਵਿਚੋਂ ਅੰਸ਼)

### ਸ) ਫ਼ਰਾਂਸੀਸੀ ਪਦਾਰਥਵਾਦ ਵਿਰੁਧ ਆਲੋਚਨਾਤਮਕ ਲੜਾਈ

"ਅਠਾਰ੍ਹਵੀਂ ਸਦੀ ਵਿਚ **ਸਪੀਨੋਜ਼ਾਵਾਦ**, ਆਪਣੇ ਪਿਛਲੇਰੇ ਫ਼ਰਾਂਸੀਸੀ ਰੂਪ, ਜਿਸ ਨੇ ਪਦਾਰਥ ਨੂੰ ਮੂਲ-ਤੱਤ ਬਣਾਇਆ, ਅਤੇ ਦੇਵਵਾਦ,[28] ਜਿਸ ਨੇ ਪਦਾਰਥ ਨੂੰ ਵਧੇਰੇ ਆਤਮਕ ਨਾਂ ਦਿਤਾ, ਦੋਵਾਂ ਰੂਪਾਂ ਵਿਚ ਪ੍ਰਬਲ ਸੀ।... **ਸਪੀਨੋਜ਼ਾ ਦੀ ਫ਼ਰਾਂਸੀਸੀ ਪਰਪਾਟੀ** ਅਤੇ ਦੇਵਵਾਦ ਦੇ ਸਮਰਥਕ ਉਹ ਦੋ ਸੰਪਰਦਾਵਾਂ ਸਨ ਜਿਹੜੀਆਂ **ਉਸ ਦੀ ਪ੍ਰਣਾਲੀ** ਦੇ ਅਸਲੀ ਅਰਥਾਂ ਉਤੇ ਝਗੜਦੀਆਂ ਰਹਿੰਦੀਆਂ ਸਨ।... ਇਸ ਪ੍ਰਬੁਧੱਤਾ ਦੀ ਸਾਧਾਰਨ ਹੋਣੀ ਪ੍ਰਤਿਕਰਮ ਅੱਗੇ, ਜਿਹੜਾ ਫ਼ਰਾਂਸੀਸੀ ਲਹਿਰ ਤੋਂ ਪਿਛੋਂ ਸ਼ੁਰੂ ਹੋਇਆ ਸੀ, ਹਥਿਆਰ ਸੁਟ ਦੇਣ ਲਈ ਮਜਬੂਰ ਹੋਣ ਤੋਂ ਮਗਰੋਂ **ਰੁਮਾਂਸਵਾਦ** ਵਿਚ ਇਸ ਦਾ ਪਤਨ ਸੀ।"

ਇਹ ਹੈ ਜੋ **ਆਲੋਚਨਾ** ਕਹਿੰਦੀ ਹੈ।

ਫ਼ਰਾਂਸੀਸੀ ਪਦਾਰਥਵਾਦ ਦੇ ਆਲੋਚਨਾਤਮਕ ਇਤਿਹਾਸ ਦੇ ਵਿਰੋਧ ਵਿਚ ਅਸੀਂ ਇਸ ਦੇ ਸਾਧਾਰਨ ਸੰਸਾਰਕ ਇਤਿਹਾਸ ਦੀ ਸੰਖੇਪ ਰੂਪਰੇਖਾ ਰਖਾਂਗੇ। ਅਸੀਂ ਇਤਿਹਾਸ ਜਿਵੇਂ ਇਹ ਯਥਾਰਥ ਵਿਚ ਵਾਪਰਿਆ ਸੀ ਅਤੇ ਉਸ ਇਤਿਹਾਸ ਵਿਚਕਾਰ ਜਿਵੇਂ ਇਹ "**ਨਿਰਪੇਖ ਆਲੋਚਨਾ**" ਦੇ ਫਰਮਾਨ, ਨਵੇਂ ਅਤੇ ਪੁਰਾਣੇ ਦੋਹਾਂ ਦੇ ਇਕੋ ਜਿਹੇ ਸਿਰਜਕ, ਅਨੁਸਾਰ ਵਾਪਰਦਾ ਹੈ, ਖਾਈ ਨੂੰ ਯੋਗ ਆਦਰ ਨਾਲ ਪ੍ਰਵਾਨ ਕਰਾਂਗੇ। ਅਤੇ ਅਖੀਰ ਵਿਚ, **ਆਲੋਚਨਾ** ਦੇ ਆਦੇਸ਼ਾਂ ਦਾ ਪਾਲਣ ਕਰਦਿਆਂ, ਅਸੀਂ ਆਲੋਚਨਾਤਮਕ ਇਤਿਹਾਸ ਦੇ "ਕਿਉਂ?" "ਕਿਸ ਤਰ੍ਹਾਂ?" ਅਤੇ "ਕਿਥੇ?" ਨੂੰ "ਜਤਨਸ਼ੀਲ ਅਧਿਅਨ ਦਾ ਵਿਸ਼ਾ" ਬਣਾਵਾਂਗੇ।

"**ਠੀਕ ਠੀਕ ਅਤੇ ਸ਼ਾਬਦਿਕ ਅਰਥ ਵਿਚ** ਗੱਲ ਕਰਦਿਆਂ," ਅਠਾਰ੍ਹਵੀਂ ਸਦੀ ਦੀ ਫਰਾਂਸੀਸੀ ਪ੍ਰਬੁਧਤਾ ਲਹਿਰ[29], ਅਤੇ ਖਾਸ ਕਰਕੇ **ਫਰਾਂਸੀਸੀ ਪਦਾਰਥਵਾਦ** ਕੇਵਲ ਵਿਦਮਾਨ ਰਾਜਨੀਤਕ ਸੰਸਥਾਵਾਂ ਅਤੇ ਵਿਦਮਾਨ ਧਰਮ ਅਤੇ ਧਰਮ-ਸ਼ਾਸਤ੍ਰ ਵਿਰੁਧ ਸੰਗਰਾਮ ਹੀ ਨਹੀਂ ਸੀ; ਇਹ **ਸਤਾਰ੍ਹਵੀਂ ਸਦੀ ਦੇ ਪਰਾਭੌਤਿਕਵਾਦ**[30] ਵਿਰੁਧ, ਅਤੇ **ਕੁਲ ਪਰਾਭੌਤਿਕਵਾਦ**, ਖਾਸ ਕਰਕੇ **ਡੇਸਕਾਰਟ**, **ਮਾਲਬਰਾਂਸ਼**, **ਸਪੀਨੋਜ਼ਾ** ਅਤੇ **ਲਾਈਬਨਿਟਸ** ਦੇ ਪਰਾਭੌਤਿਕਵਾਦ ਵਿਰੁਧ ਵੀ ਓਨਾ ਹੀ **ਖੁਲ੍ਹਮ-ਖੁਲ੍ਹਾ ਸਪਸ਼ਟ ਰੂਪ ਵਿਚ ਪ੍ਰਤੱਖ** ਸੰਗਰਾਮ ਸੀ। **ਦਰਸ਼ਨ** ਨੂੰ **ਪਰਾਭੌਤਿਕਵਾਦ** ਦੇ ਵਿਰੁਧ ਖੜ੍ਹਾ ਕੀਤਾ ਗਿਆ ਸੀ, ਜਿਵੇਂ ਕਿ **ਫ਼ਿਊਰਬਾਖ਼** ਨੇ, **ਹੀਗਲ** ਉਤੇ ਆਪਣੇ ਪਹਿਲੇ ਦ੍ਰਿੜ੍ਹ ਹੱਲੇ ਵਿਚ, **ਗੰਭੀਰ ਦਰਸ਼ਨ** ਨੂੰ **ਵਿਸਮਾਦੀ ਕਿਆਸ**[31] ਦੇ ਵਿਰੋਧ ਵਿਚ ਖੜ੍ਹਾ ਕੀਤਾ ਸੀ। ਸਤਾਰ੍ਹਵੀਂ ਸਦੀ ਦੇ **ਪਰਾਭੌਤਿਕਵਾਦ** ਦੀ, ਜਿਸ ਨੂੰ ਫਰਾਂਸੀਸੀ ਪ੍ਰਬੁਧਤਾ ਨੇ, ਖਾਸ ਕਰਕੇ ਅਠਾਰ੍ਹਵੀਂ ਸਦੀ ਦੇ **ਫਰਾਂਸੀਸੀ ਪਦਾਰਥਵਾਦ** ਨੇ ਮੈਦਾਨੋਂ ਕੱਢ ਦਿਤਾ ਸੀ, **ਜਰਮਨ ਦਰਸ਼ਨ** ਵਿਚ, ਖਾਸ ਕਰਕੇ ਉਨ੍ਹੀਵੀਂ ਸਦੀ ਦੇ **ਕਿਆਸੀ ਜਰਮਨ ਦਰਸ਼ਨ** ਵਿਚ **ਵਿਜਈ ਅਤੇ ਨਿੱਗਰ ਬਹਾਲੀ** ਹੋ ਗਈ। ਜਦੋਂ **ਹੀਗਲ** ਨੇ ਇਸ ਨੂੰ ਨਿਪੁੰਨ ਢੰਗ ਨਾਲ ਕੁਲ ਆਗਾਮੀ ਪਰਾਭੌਤਿਕਵਾਦ ਨਾਲ ਅਤੇ ਜਰਮਨ ਆਦਰਸ਼ਵਾਦ ਨਾਲ ਜੋੜ ਦਿਤਾ ਅਤੇ ਪਰਾਭੌਤਿਕਵਾਦੀ ਸਰਵ-ਵਿਆਪੀ ਜਗਤ ਦੀ ਬੁਨਿਆਦ ਰੱਖੀ, ਤਾਂ ਧਰਮ-ਸ਼ਾਸਤ੍ਰ ਉਤੇ ਹਮਲਾ ਇਕ ਵਾਰ ਫੇਰ ਅਠਾਰ੍ਹਵੀਂ ਸਦੀ ਵਾਂਗ ਹੀ, **ਕਿਆਸੀ ਪਰਾਭੌਤਿਕਵਾਦ** ਅਤੇ **ਵਿਆਪਕ ਰੂਪ ਵਿਚ ਪਰਾਭੌਤਿਕਵਾਦ** ਉਤੇ ਹਮਲੇ ਦਾ ਅਨੁਸਾਰੀ ਸੀ। ਇਸ ਨੂੰ **ਪਦਾਰਥਵਾਦ** ਸਦਾ ਲਈ ਹਰਾ ਦੇਵੇਗਾ, ਜਿਹੜਾ ਹੁਣ ਖੁਦ **ਕਿਆਸ** ਦੇ ਕੰਮ ਨਾਲ ਪਰੀਪੂਰਨ ਹੋ ਗਿਆ ਹੈ ਅਤੇ **ਮਾਨਵਵਾਦ** ਨਾਲ ਮੇਲ ਖਾਂਦਾ ਹੈ। ਪਰ ਜਿਵੇਂ **ਫਿਊਰਬਾਖ਼ ਸਿਧਾਂਤਕ** ਖੇਤਰ ਵਿਚ **ਮਾਨਵਵਾਦ** ਨਾਲ ਮੇਲ ਖਾਂਦੇ **ਪਦਾਰਥਵਾਦ** ਦਾ ਪ੍ਰਤਿਨਿਧ ਹੈ, ਤਿਵੇਂ ਹੀ ਫ਼ਰਾਂਸੀਸੀ ਅਤੇ ਅੰਗ੍ਰੇਜ਼ **ਸਮਾਜਵਾਦ** ਅਤੇ **ਕਮਿਊਨਿਜ਼ਮ ਅਮਲੀ** ਖੇਤਰ ਵਿਚ ਮਾਨਵਵਾਦ ਨਾਲ ਮੇਲ ਖਾਂਦੇ ਪਦਾਰਥਵਾਦ ਦੇ ਪ੍ਰਤਿਨਿਧ ਹਨ।

"**ਠੀਕ ਠੀਕ ਅਤੇ ਸ਼ਾਬਦਿਕ** ਅਰਥ ਵਿਚ ਗੱਲ ਕਰਦਿਆਂ", **ਫ਼ਰਾਂਸੀਸੀ ਪਦਾਰਥਵਾਦ ਵਿਚ ਦੋ ਪ੍ਰਵਿਰਤੀਆਂ** ਹਨ; ਇਕ ਦਾ ਆਰੰਭ **ਡੇਸਕਾਰਟ** ਨਾਲ ਹੁੰਦਾ ਹੈ, ਦੂਜੀ ਦਾ **ਲਾਕ** ਨਾਲ। ਪਿਛਲੇਰੀ ਪ੍ਰਵਿਰਤੀ **ਮੁਖ ਕਰਕੇ ਫ਼ਰਾਂਸੀਸੀ** ਵਰਤਾਰਾ ਹੈ ਅਤੇ ਇਹ ਸਿੱਧੇ ਤੌਰ ਤੇ **ਸਮਾਜਵਾਦ** ਵੱਲ ਲਿਜਾਂਦੀ ਹੈ। ਪਹਿਲੇਰੀ, **ਯੰਤਰਿਕ** ਪਦਾਰਥਵਾਦ, ਵਾਸਤਵਿਕ ਫ਼ਰਾਂਸੀਸੀ **ਪ੍ਰਾਕਿਰਤਕ ਵਿਗਿਆਨ** ਵਿਚ ਜਾ ਰਲਦੀ ਹੈ। ਵਿਕਾਸ ਦੇ ਦੌਰਾਨ ਦੋਵੇਂ ਪ੍ਰਵਿਰਤੀਆਂ ਇਕ ਦੂਜੀ ਨੂੰ ਕਟਦੀਆਂ ਹਨ। ਸਾਨੂੰ ਇਥੇ ਫ਼ਰਾਂਸੀਸੀ ਪਦਾਰਥਵਾਦ ਵਿਚ ਜਿਹੜਾ ਸਿੱਧੇ ਤੌਰ ਤੇ **ਡੇਸਕਾਰਟ** ਤੋਂ ਉਤਪੰਨ ਹੁੰਦਾ ਹੈ, **ਨਿਊਟਨ** ਦੀ ਫਰਾਂਸੀਸੀ ਪਰਪਾਟੀ ਅਤੇ ਵਿਆਪਕ ਰੂਪ ਵਿਚ ਫਰਾਂਸੀਸੀ ਪ੍ਰਾਕਿਰਤਕ ਵਿਗਿਆਨ ਦੇ ਵਿਕਾਸ ਨਾਲੋਂ ਵਧੇਰੇ ਬਹੁਤਾ ਡੂੰਘਾ ਜਾਣ ਦੀ ਲੋੜ ਨਹੀਂ।

ਇਸ ਲਈ ਅਸੀਂ ਕੇਵਲ ਨਿਮਨ ਲਿਖਤ ਹੀ ਆਖਾਂਗੇ:

**ਡੇਸਕਾਰਟ** ਨੇ ਆਪਣੇ **ਭੌਤਿਕ-ਵਿਗਿਆਨ** ਵਿਚ **ਪਦਾਰਥ** ਨੂੰ ਆਤਮ-ਰਚਨਾਤਮਕ ਸ਼ਕਤੀ ਪ੍ਰਦਾਨ ਕੀਤੀ ਅਤੇ **ਯੰਤਰਿਕ** ਗਤੀ ਨੂੰ ਇਸ ਦੇ ਜੀਵਨ ਦੇ ਪ੍ਰਗਟਾਂ ਵਜੋਂ ਸਮਝਿਆ। ਉਸ ਨੇ ਆਪਣੇ **ਭੌਤਿਕ-ਵਿਗਿਆਨ** ਨੂੰ ਆਪਣੇ **ਪਰਾਭੌਤਿਕਵਾਦ** ਨਾਲੋਂ **ਪੂਰੀ** ਤਰ੍ਹਾਂ ਵੱਖ ਕੀਤਾ। ਉਸ ਦੇ ਭੌਤਿਕ-ਵਿਗਿਆਨ **ਅੰਦਰ**, **ਪਦਾਰਥ** ਇਕੋ ਇਕ **ਮੂਲ-ਤੱਤ** ਹੈ, ਹਸਤੀ ਅਤੇ ਗਿਆਨ ਦਾ ਇਕੋ ਇਕ ਆਧਾਰ ਹੈ।

**ਯੰਤਰਿਕ** ਫਰਾਂਸੀਸੀ ਪਦਾਰਥਵਾਦ ਨੇ **ਡੇਸਕਾਰਟ ਦੇ** ਪਰਾਭੌਤਿਕਵਾਦ ਦੇ ਵਿਰੋਧ ਵਿਚ ਉਸ ਦੇ **ਭੌਤਿਕ-ਵਿਗਿਆਨ** ਨੂੰ ਅਪਣਾਇਆ। ਉਸ ਦੇ ਅਨੁਯਾਈ ਕਿੱਤੇ ਦੇ ਪੱਖੋਂ **ਪਰਾਭੌਤਿਕਵਾਦ-ਵਿਰੋਧੀ**, ਅਰਥਾਤ, **ਭੌਤਿਕ-ਵਿਗਿਆਨੀ** ਸਨ।

**ਡਾਕਟਰ ਲੇ ਰੂਆ** ਨਾਲ ਇਸ ਪਰਪਾਟੀ ਦਾ ਆਰੰਭ ਹੁੰਦਾ ਹੈ, ਡਾਕਟਰ **ਕਾਬਾਨਿਸ** ਨਾਲ ਇਹ ਆਪਣੀ ਸਿਖ਼ਰ ਨੂੰ ਪਹੁੰਚਦੀ ਹੈ, ਅਤੇ ਡਾਕਟਰ **ਲਾ ਮੇਤਰੀ** ਇਸ ਦੇ ਕੇਂਦਰ ਵਿਚ ਹੈ। ਡੇਸਕਾਰਟ ਹਾਲੇ ਜਿਊਂਦਾ ਸੀ ਜਦੋਂ ਲੇ ਰੂਆ ਨੇ, ਅਠਾਰ੍ਹਵੀਂ ਸਦੀ ਵਿਚ **ਲਾ ਮੇਤਰੀ** ਵਾਂਗ ਹੀ, **ਪਸ਼ੂਆਂ** ਦੀ ਡੇਸਕਾਰਟੀਆਈ ਬਣਤਰ ਦੀ ਥਾਂ ਮਨੁਖੀ ਆਤਮਾ ਨੂੰ ਦਿਤੀ ਸੀ ਅਤੇ ਐਲਾਨ ਕੀਤਾ ਸੀ ਕਿ ਆਤਮਾ **ਸਰੀਰ ਦਾ ਵਰਤਾਰਾ** ਹੈ ਅਤੇ **ਵਿਚਾਰ ਯੰਤਰਿਕ ਗਤੀਆਂ** ਹਨ। ਲੇ ਰੂਆ ਦਾ ਇਹ ਵੀ ਖਿਆਲ ਸੀ ਕਿ ਡੇਸਕਾਰਟ ਨੇ ਆਪਣੀ ਅਸਲ ਰਾਏ ਨੂੰ ਗੁਪਤ ਰਖਿਆ ਹੈ। ਡੇਸਕਾਰਟ ਨੇ ਰੋਸ ਪ੍ਰਗਟ ਕੀਤਾ। ਅਠਾਰ੍ਹਵੀਂ ਸਦੀ ਦੇ ਅੰਤ ਵਿਚ **ਕਾਬਾਨਿਸ** ਨੇ ਡੇਸਕਾਰਟੀਆਈ ਪਦਾਰਥਵਾਦ[32] ਨੂੰ ਆਪਣੇ ਨਿਬੰਧ: «Rapports du physique et du moral de l'homme» * ਵਿਚ ਪਰੀਪੂਰਨ ਬਣਾਇਆ।

**ਡੇਸਕਾਰਟੀਆਈ** ਪਦਾਰਥਵਾਦ ਹਾਲੇ ਅੱਜ ਵੀ ਫ਼ਰਾਂਸ ਵਿਚ ਵਿਦਮਾਨ ਹੈ। ਇਸ ਨੇ **ਯੰਤਰਿਕ ਪ੍ਰਕਿਰਤਕ-ਵਿਗਿਆਨ** ਵਿਚ ਵੱਡੀਆਂ ਸਫਲਤਾਵਾਂ ਪ੍ਰਾਪਤ ਕੀਤੀਆਂ ਹਨ ਜਿਸ ਨੂੰ '**ਠੀਕ ਠੀਕ** ਅਤੇ **ਸ਼ਾਬਦਿਕ** ਅਰਥ ਵਿਚ ਗੱਲ ਕਰਦਿਆਂ" **ਰੁਮਾਂਸਵਾਦ** ਦਾ ਉੱਕਾ ਹੀ ਮਿਹਣਾ ਨਹੀਂ ਦਿਤਾ ਜਾ ਸਕਦਾ।

ਸਤਾਰ੍ਹਵੀਂ ਸਦੀ ਦੇ **ਪਰਾਭੌਤਿਕਵਾਦ**, ਫ਼ਰਾਂਸ ਵਿਚ ਜਿਸ ਦਾ ਪ੍ਰਤਿਨਿਧ **ਡੇਸਕਾਰਟ** ਸੀ, ਦੇ ਐਨ ਜਨਮ ਤੋਂ ਹੀ **ਪਦਾਰਥਵਾਦ** ਇਸ ਦਾ **ਵਿਰੋਧੀ** ਸੀ। ਡੇਸਕਾਰਟ ਵੱਲ ਪਦਾਰਥਵਾਦ ਦੇ ਵਿਰੋਧ ਦਾ ਮਨੁਖੀ-ਰੂਪ ਸੀ, **ਗਾਸੇਂਦੀ**, ਐਪੀਕਿਊਰੀਆਈ ਪਦਾਰਥਵਾਦ[33] ਨੂੰ ਬਹਾਲ ਕਰਨ ਵਾਲਾ। ਫ਼ਰਾਂਸੀਸੀ ਅਤੇ ਅੰਗ੍ਰੇਜ਼ ਪਦਾਰਥਵਾਦ ਦਾ **ਡੈਮੋਕਰਾਈਟਸ** ਅਤੇ **ਐਪੀਕਿਊਰਸ** ਨਾਲ ਸਦਾ ਹੀ ਨੇੜਿਓਂ ਸੰਬੰਧ ਰਿਹਾ ਸੀ। **ਅੰਗ੍ਰੇਜ਼** ਪਦਾਰਥਵਾਦੀ **ਹਾਬਸ** ਡੇਸਕਾਰਟੀਆਈ ਪਰਾਭੌਤਿਕਵਾਦ ਦਾ ਇਕ ਹੋਰ ਵਿਰੋਧੀ ਸੀ। ਗਾਸੇਂਦੀ ਅਤੇ ਹਾਬਸ ਨੇ ਆਪਣੀ ਮੌਤ ਤੋਂ ਢੇਰ ਚਿਰ ਮਗਰੋਂ

* "ਮਨੁਖ ਦੇ ਸ੍ਰੀਰ ਅਤੇ ਸਦਾਚਾਰ ਸੰਬੰਧੀ ਵਿਚਾਰ"। —**ਸੰਪਾ:**

ਆਪਣੇ ਵਿਰੋਧੀ ਉਤੇ ਉਸ ਸਮੇਂ ਜਿੱਤ ਪ੍ਰਾਪਤ ਕੀਤੀ ਜਦੋਂ ਉਸ ਦੀ ਸਿਖਿਆ ਸਾਰੇ ਫ਼ਰਾਂਸੀਸੀ ਸਕੂਲਾਂ ਵਿਚ ਸਰਕਾਰੀ ਤੌਰ ਤੇ ਪ੍ਰਬਲ ਹੋ ਚੁਕੀ ਸੀ।

**ਵਾਲਟੇਅਰ** ਨੇ ਧਿਆਨ ਦੁਆਇਆ ਸੀ ਕਿ ਯਸੂਹੀਆਂ ਅਤੇ ਯਾਨਸੇਨਵਾਦੀਆਂ[34] ਵਿਚਕਾਰ ਝਗੜਿਆਂ ਵੱਲ ਅਠਾਰ੍ਹਵੀਂ ਸਦੀ ਦੇ ਫ਼ਰਾਂਸੀਸੀਆਂ ਦੀ ਬੇਪਰਵਾਹੀ ਦਾ ਕਾਰਨ ਏਨਾ ਦਰਸ਼ਨ ਨਹੀਂ ਸੀ ਜਿੰਨਾ **ਲਾ** ਦੇ ਵਿੱਤੀ ਸੱਟੇ। ਇਸ ਲਈ ਅਠਾਰ੍ਹਵੀਂ ਸਦੀ ਦੇ ਪਦਾਰਥਵਾਦੀ ਸਿਧਾਂਤ ਨੂੰ ਸਤਾਰ੍ਹਵੀਂ ਸਦੀ ਦੇ ਪਰਾਭੌਤਿਕਵਾਦ ਦੇ ਪਤਨ ਦਾ ਕਾਰਨ ਕੇਵਲ ਉਸ ਹੱਦ ਤੱਕ ਹੀ ਸਮਝਿਆ ਜਾ ਸਕਦਾ ਹੈ ਜਿਸ ਹਦ ਤੱਕ ਉਸ ਸਮੇਂ ਦੇ ਫ਼ਰਾਂਸੀਸੀ ਜੀਵਨ ਦੀ ਵਿਹਾਰਕ ਪ੍ਰਕਿਰਤੀ ਖ਼ੁਦ ਇਸ ਸਿਧਾਂਤਕ ਲਹਿਰ ਦਾ ਕਾਰਨ ਹੈ। ਇਸ ਫ਼ਰਾਂਸੀਸੀ ਜੀਵਨ ਦਾ ਰੁਖ਼ ਫ਼ੌਰੀ ਵਰਤਮਾਨ ਵੱਲ, ਸੰਸਾਰਕ ਅਨੰਦ ਅਤੇ ਸੰਸਾਰਕ ਦਿਲਚਸਪੀਆਂ ਵੱਲ, **ਸੰਸਾਰਕ** ਜਗਤ ਵੱਲ ਸੀ। **ਇਸ** ਦਾ ਧਰਮ-ਸ਼ਾਸਤ੍ਰ-ਵਿਰੋਧੀ, ਪਰਾਭੌਤਿਕਵਾਦ-ਵਿਰੋਧੀ, ਪਦਾਰਥਵਾਦੀ ਅਮਲ ਅਨੁਸਾਰੀ ਧਰਮ-ਸ਼ਾਸਤ੍ਰ-ਵਿਰੋਧੀ, ਪਰਾਭੌਤਿਕਵਾਦ-ਵਿਰੋਧੀ, ਪਦਾਰਥਵਾਦੀ ਸਿਧਾਂਤ ਦੀ ਮੰਗ ਕਰਦਾ ਸੀ। **ਅਮਲ ਵਿਚ** ਪਰਾਭੌਤਿਕਵਾਦ ਆਪਣੀ ਸਾਰੀ ਭੱਲ ਗੁਆ ਚੁੱਕਾ ਸੀ। ਇਥੇ ਅਸੀਂ ਘਟਨਾਵਾਂ ਦੇ **ਸਿਧਾਂਤਕ** ਪ੍ਰਵਾਹ ਵੱਲ ਕੇਵਲ ਸੰਖੇਪ ਵਿਚ ਹੀ ਇਸ਼ਾਰਾ ਕਰਨਾ ਹੈ।

ਸਤਾਰ੍ਹਵੀਂ ਸਦੀ ਦੇ ਪਰਾਭੌਤਿਕਵਾਦ ਵਿਚ (ਮਿਸਾਲ ਲਈ, ਡੇਸਕਾਰਟ, ਲਾਈਬਨਿਟਸ ਅਤੇ ਦੂਜੇ) ਹਾਲੇ ਇਕ **ਸਾਕਾਰਾਤਮਕ**, ਸੰਸਾਰਕ ਤੱਤ ਸ਼ਾਮਲ ਸੀ। ਇਸ ਨੇ ਗਣਿਤ-ਵਿਗਿਆਨ, ਭੌਤਿਕ-ਵਿਗਿਆਨ ਅਤੇ ਦੂਜੇ ਨਿਸਚਿਤ ਵਿਗਿਆਨਾਂ ਵਿਚ ਜਿਹੜੇ ਇਸ ਦੇ ਘੇਰੇ ਵਿਚ ਆਉਂਦੇ ਪ੍ਰਤੀਤ ਹੁੰਦੇ ਸਨ ਲਭਤਾਂ ਲਭੀਆਂ। ਅਠਾਰ੍ਹਵੀਂ ਸਦੀ ਦੇ ਆਰੰਭ ਵਿਚ ਹੀ ਇਸ ਦਿਖ ਤੋਂ ਪਿਛਾ ਛੁਡਾ ਲਿਆ ਗਿਆ ਸੀ। ਸਾਕਾਰਾਤਮਕ ਵਿਗਿਆਨਾਂ ਨੇ ਪਰਾਭੌਤਿਕਵਾਦ ਨਾਲੋਂ ਨਾਤਾ ਤੋੜ ਲਿਆ ਅਤੇ ਆਪਣੇ ਸੁਤੰਤਰ ਖੇਤਰ ਉਲੀਕ ਲਏ। ਹੁਣ ਪਰਾਭੌਤਿਕਵਾਦ ਦੀ ਸਮੁਚੀ ਦੌਲਤ ਵਿਚ ਕੇਵਲ ਚਿੰਤਨ ਦੀਆਂ ਹੋਂਦਾਂ ਅਤੇ ਅਰਸ਼ੀ ਵਸਤਾਂ ਹੀ ਸ਼ਾਮਲ ਸਨ, ਠੀਕ ਉਸ ਸਮੇਂ ਜਦੋਂ ਅਸਲ ਹੋਂਦਾਂ ਅਤੇ ਫਰਸ਼ੀ ਵਸਤਾਂ ਕੁਲ ਦਿਲਚਸਪੀ ਦਾ ਕੇਂਦਰ ਬਣਨ ਲਗ ਪਈਆਂ ਸਨ। ਪਰਾਭੌਤਿਕਵਾਦ ਨੀਰਸ ਹੋ ਗਿਆ ਸੀ। ਜਿਸ ਸਾਲ ਮਾਲਬਰਾਂਸ਼ ਅਤੇ ਆਰਨੋ, ਸਤਾਰ੍ਹਵੀਂ ਸਦੀ ਦੇ ਆਖਰੀ ਮਹਾਨ ਫ਼ਰਾਂਸੀਸੀ ਪਰਾਭੌਤਿਕਵਾਦੀਆਂ ਦੀ ਮੌਤ ਹੋਈ, ਉਸੇ ਹੀ ਸਾਲ **ਹਲਵੇਟੀਅਸ** ਅਤੇ **ਕੋਨਦੀਲਯਾਕ** ਦਾ ਜਨਮ ਹੋਇਆ ਸੀ।

ਜਿਸ ਆਦਮੀ ਨੇ ਸਤਾਰ੍ਹਵੀਂ ਸਦੀ ਦੇ ਪਰਾਭੌਤਿਕਵਾਦ ਅਤੇ ਵਿਆਪਕ ਰੂਪ ਵਿਚ ਪਰਾਭੌਤਿਕਵਾਦ ਨੂੰ **ਸਿਧਾਂਤ ਦੇ ਖੇਤਰ ਵਿਚ ਸਾਰੀ ਭੱਲ** ਤੋਂ ਵਿਰਵਾ ਕੀਤਾ ਉਹ **ਪਿਯੇਰ ਬੇਈਲ** ਸੀ। ਉਸ ਦਾ ਹਥਿਆਰ **ਸੰਦੇਹਵਾਦ** ਸੀ, ਜਿਹੜਾ ਉਸ ਨੇ ਪਰਾਭੌਤਿਕਵਾਦ ਦੇ ਆਪਣੇ ਹੀ ਜਾਦੂ ਸੂਤਰਾਂ ਵਿਚੋਂ ਘੜਿਆ ਸੀ। ਉਹ ਆਪ ਪਹਿਲਾਂ ਡੇਸਕਾਰਟੀਆਈ ਪਰਾਭੌਤਿਕਵਾਦ ਤੋਂ ਤੁਰਿਆ ਸੀ। ਜਿਵੇਂ **ਫ਼ਿਊਰਬਾਖ਼** ਕਿਆਸੀ

ਧਰਮ-ਸ਼ਾਸਤ੍ਰ ਨਾਲ ਟੱਕਰ ਲੈਂਦਾ ਹੋਇਆ **ਕਿਆਸੀ ਦਰਸ਼ਨ** ਨਾਲ ਟੱਕਰ ਲੈਣ ਲਈ ਅਗਾਂਹ ਧੱਕ ਦਿਤਾ ਗਿਆ ਸੀ, ਠੀਕ ਇਸ ਕਰਕੇ ਕਿ ਉਹ ਕਿਆਸ ਨੂੰ ਧਰਮ-ਸ਼ਾਸਤ੍ਰ ਦਾ ਆਖਰੀ ਠੁਮਣਾ ਮੰਨਦਾ ਸੀ, ਕਿਉਂਕਿ ਉਸ ਨੂੰ ਧਰਮ-ਸ਼ਾਸਤ੍ਰ ਨੂੰ ਨਕਲੀ ਵਿਗਿਆਨ ਤੋਂ ਪਿਛੇ ਹਟ ਕੇ **ਗੰਵਾਰ**, ਘਿਰਣਿਤ **ਵਿਸ਼ਵਾਸ** ਤੇ ਆਉਣ ਲਈ ਮਜਬੂਰ ਕਰਨਾ ਪਿਆ ਸੀ, ਇਸੇ ਤਰ੍ਹਾਂ ਬੇਈਲ ਵੀ ਧਾਰਮਿਕ ਸ਼ੰਕੇ ਦੁਆਰਾ ਪਰਾਭੌਤਿਕਵਾਦ ਬਾਰੇ ਸ਼ੰਕਾ ਕਰਨ ਤੇ ਮਜਬੂਰ ਹੋਇਆ ਸੀ ਜਿਹੜਾ ਉਸ ਵਿਸ਼ਵਾਸ ਦਾ ਠੁਮਣਾ ਸੀ। ਇਸ ਲਈ ਉਸ ਨੇ ਪਰਾਭੌਤਿਕਵਾਦ ਦੀ ਇਸ ਦੇ ਸਮੁਚੇ ਇਤਿਹਾਸਕ ਵਿਕਾਸ ਵਿਚ ਆਲੋਚਨਾਤਮਕ ਤੌਰ ਤੇ ਜਾਂਚ-ਪੜਤਾਲ ਕੀਤੀ। ਉਹ ਇਸ ਦੀ ਮੌਤ ਦਾ ਇਤਿਹਾਸ ਲਿਖਣ ਲਈ ਇਸ ਦਾ ਇਤਿਹਾਸਕਾਰ ਬਣਿਆ। ਉਸ ਨੇ ਮੁਖ ਰੂਪ ਵਿਚ **ਸਪੀਨੋਜ਼ਾ** ਅਤੇ **ਲਾਈਬਨਿਟਸ** ਦਾ ਖੰਡਨ ਕੀਤਾ।

**ਪਿਯੇਰ ਬੇਈਲ** ਨੇ ਆਪਣੇ ਸੰਦੇਹਵਾਦ ਨਾਲ ਪਰਾਭੌਤਿਕਵਾਦ ਨੂੰ ਜੜ੍ਹੋਂ ਹਿਲਾ ਕੇ ਫ਼ਰਾਂਸ ਵਿਚ ਪਦਾਰਥਵਾਦ ਅਤੇ ਸਾਧਾਰਨ-ਬੁੱਧੀ ਦੇ ਦਰਸ਼ਨ ਦੇ ਸਵਾਗਤ ਦੀ ਹੀ ਕੇਵਲ ਤਿਆਰੀ ਨਹੀਂ ਕੀਤੀ। ਉਸ ਨੇ **ਨਾਸਤਕ ਸਮਾਜ** ਦੀ, ਜਿਹੜਾ ਜਲਦੀ ਹੀ ਹੋਂਦ ਵਿਚ ਆਉਣ ਵਾਲਾ ਸੀ, ਇਹ **ਸਿਧ ਕਰਕੇ** ਅਗਾਊਂ ਸੂਚਨਾ ਦਿਤੀ ਕਿ ਕੇਵਲ ਨਾਸਤਕਾਂ ਤੇ ਆਧਾਰਤ ਇਕ ਸਮਾਜ **ਸੰਭਵ** ਹੈ, ਕਿ ਇਕ ਨਾਸਤਕ ਆਦਰਯੋਗ ਮਨੁਖ **ਹੋ ਸਕਦਾ** ਹੈ, ਕਿ ਨਾਸਤਕਤਾ ਦੁਆਰਾ ਨਹੀਂ ਸਗੋਂ ਵਹਿਮ ਅਤੇ ਮੂਰਤੀ-ਪੂਜਾ ਦੁਆਰਾ ਮਨੁਖ ਆਪਣੇ ਆਪ ਵਿਚ ਖੋਟ ਰਲਾਉਂਦਾ ਹੈ।

ਇਕ ਫ਼ਰਾਂਸੀਸੀ ਲੇਖਕ ਦੇ ਸ਼ਬਦਾਂ ਵਿਚ, **ਪਿਯੇਰ ਬੇਈਲ** "**ਸਤਾਰ੍ਹਵੀਂ ਸਦੀ ਦੇ ਅਰਥ ਵਿਚ ਆਖਰੀ ਪਰਾਭੌਤਿਕਵਾਦੀ ਅਤੇ ਅਠਾਰ੍ਹਵੀਂ ਸਦੀ ਦੇ ਅਰਥ ਵਿਚ ਪਹਿਲਾ ਦਰਸ਼ਨਵੇਤਾ**" ਸੀ।

ਸਤਾਰ੍ਹਵੀਂ ਸਦੀ ਦੇ ਧਰਮ-ਸ਼ਾਸਤ੍ਰ ਅਤੇ ਪਰਾਭੌਤਿਕਵਾਦ ਦੇ ਨਾਕਾਰਾਤਮਕ ਖੰਡਨ ਤੋਂ ਇਲਾਵਾ, ਇਕ **ਸਾਕਾਰਾਤਮਕ, ਪਰਾਭੌਤਿਕਵਾਦ-ਵਿਰੋਧੀ** ਪ੍ਰਣਾਲੀ ਦੀ ਲੋੜ ਸੀ। ਇਕ ਅਜਿਹੀ ਪੁਸਤਕ ਦੀ ਲੋੜ ਸੀ ਜਿਹੜੀ ਉਸ ਸਮੇਂ ਦੇ ਜੀਵਨ ਵਿਹਾਰ ਨੂੰ ਪ੍ਰਣਾਲੀਬੱਧ ਕਰਦੀ ਅਤੇ ਸਿਧਾਂਤਕ ਰੂਪ ਵਿਚ ਸਿਧ ਕਰਦੀ। **ਲਾਕ** ਦਾ ਨਿਬੰਧ ਮਨੁਖੀ ਸੂਝ ਬੂਝ ਸੰਬੰਧੀ ਇਕ ਲੇਖ ਜਿਵੇਂ ਇਸ ਮੰਗ ਦੇ ਜਵਾਬ ਵਿਚ ਹੀ ਖਾੜੀ * ਤੋਂ ਪਾਰੋਂ ਆਇਆ ਸੀ। ਕਿਸੇ ਚਿਰ-ਉਡੀਕੇ ਮਹਿਮਾਨ ਵਾਂਗ ਇਸਦਾ ਉਤਸ਼ਾਹ ਨਾਲ ਸੁਆਗਤ ਕੀਤਾ ਗਿਆ।

ਇਸ ਸਵਾਲ ਦਾ: ਕੀ **ਲਾਕ** ਸ਼ਾਇਦ **ਸਪੀਨੋਜ਼ਾ** ਦਾ ਅਨੁਯਾਈ ਸੀ? "ਸੰਸਾਰੀ" ਇਤਿਹਾਸ ਇਹ ਜਵਾਬ ਦੇ ਸਕਦਾ ਹੈ:

---

* ਫ਼ਰਾਂਸ ਅਤੇ ਬਰਤਾਨੀਆ ਵਿਚਕਾਰਲੀ ਖਾੜੀ (British Channal)। — **ਅਨੁ:**

ਪਦਾਰਥਵਾਦ **ਮਹਾਨ ਬਰਤਾਨੀਆ** ਦਾ **ਸੁਭਾਵਿਕ-ਜਨਮਿਆ** ਸਪੂਤ ਹੈ। ਬਰਤਾਨਵੀ ਪੰਡਤ[35], **ਡਨਜ਼ ਸਕਾਟਸ**, ਨੇ ਪਹਿਲਾਂ ਹੀ ਪੁਛਿਆ ਸੀ, "**ਕੀ ਪਦਾਰਥ ਲਈ ਚਿੰਤਨ ਕਰਨਾ ਅਸੰਭਵ ਹੈ?**"

ਇਹ ਚਮਤਕਾਰ ਕਰ ਵਿਖਾਉਣ ਲਈ, ਉਸ ਨੇ ਈਸ਼ਵਰ ਦੀ ਸਰਬ-ਸਮਰਥਤਾ ਦੀ ਸ਼ਰਨ ਲਈ, ਅਰਥਾਤ, ਉਸ ਨੇ **ਧਰਮ-ਸ਼ਾਸਤ੍ਰ** ਤੋਂ **ਪਦਾਰਥਵਾਦ** ਦਾ ਉਪਦੇਸ਼ ਕਰਵਾਇਆ। ਇਸ ਤੋਂ ਇਲਾਵਾ, ਉਹ ਇਕ **ਨਾਂ-ਵਾਦੀ**[36] ਸੀ। ਨਾਂ-ਵਾਦ, **ਅੰਗ੍ਰੇਜ਼** ਪਦਾਰਥਵਾਦ ਦਾ ਅੰਗ ਹੈ ਅਤੇ ਆਮ ਤੌਰ ਉਤੇ ਪਦਾਰਥਵਾਦ ਦਾ **ਪਹਿਲਾ ਪ੍ਰਗਟਾਅ** ਹੈ।

**ਅੰਗ੍ਰੇਜ਼ ਪਦਾਰਥਵਾਦ** ਅਤੇ ਸਾਰੇ **ਆਧੁਨਿਕ ਪ੍ਰਯੋਗਕ** ਵਿਗਿਆਨ ਦਾ ਅਸਲ ਬਾਨੀ **ਬੇਕਨ** ਹੈ। ਉਹਦੇ ਲਈ ਪ੍ਰਾਕਿਰਤਕ ਵਿਗਿਆਨ ਹੀ ਇਕੋ ਇਕ ਅਸਲੀ ਵਿਗਿਆਨ ਹੈ, ਅਤੇ ਗਿਆਨ-ਇੰਦਰੀਆਂ ਦੇ ਅਨੁਭਵ ਤੇ ਆਧਾਰਤ **ਭੌਤਿਕ-ਵਿਗਿਆਨ** ਪ੍ਰਾਕਿਰਤਕ ਵਿਗਿਆਨ ਦਾ ਸਭ ਤੋਂ ਮੁਖ ਭਾਗ ਹੈ। **ਅਨਾਕਸਾਗੋਰਸ** ਅਤੇ ਉਸ ਦੇ **ਹੋਮੀਓਮੇਰੀਆਂ**,[37] **ਡੈਮੋਕ੍ਰਾਈਟਸ** ਅਤੇ ਉਸ ਦੇ ਪ੍ਰਮਾਣੂਆਂ, ਦਾ ਉਹ ਪ੍ਰਮਾਣੀਕ ਪ੍ਰਮਾਣ ਹਨ ਜਿਨ੍ਹਾਂ ਦਾ ਉਹ ਅਕਸਰ ਹਵਾਲਾ ਦੇਂਦਾ ਹੈ। ਉਸ ਅਨੁਸਾਰ **ਗਿਆਨ-ਇੰਦਰੀਆਂ** ਅਭੁਲਣਹਾਰ ਅਤੇ ਕੁਲ ਗਿਆਨ ਦਾ **ਸੋਮਾ** ਹਨ। ਵਿਗਿਆਨ **ਤਜਰਬੇ** ਤੇ ਆਧਾਰਤ ਹੈ, ਅਤੇ ਗਿਆਨ-ਇੰਦਰੀਆਂ ਵਲੋਂ ਮੁਹਈਆ ਕੀਤੀ ਜਾਣਕਾਰੀ ਨੂੰ ਜਾਂਚ-ਪੜਤਾਲ ਦੀ **ਤਰਕਸ਼ੀਲ ਵਿਧੀ** ਦਾ ਵਿਸ਼ੈ ਬਣਾਉਂਦਾ ਹੈ। ਆਗਮਨ, ਵਿਸ਼ਲੇਸ਼ਣ, ਤੁਲਨਾ, ਨਿਰੀਖਣ, ਤਜਰਬਾ ਅਜਿਹੀ ਤਰਕਸ਼ੀਲ ਵਿਧੀ ਦੇ ਮੁਖ ਰੂਪ ਹਨ। **ਪਦਾਰਥ** ਵਿਚ ਮੁਢੋਂ ਮੌਜੂਦ ਗੁਣਾਂ ਵਿਚ, **ਗਤੀ** ਪਹਿਲਾ ਤੇ ਪ੍ਰਮੁਖ ਗੁਣ ਹੈ, ਕੇਵਲ **ਯੰਤਰਿਕ** ਅਤੇ **ਗਣਿਤਕ** ਗਤੀ ਦੇ ਰੂਪ ਵਿਚ ਹੀ ਨਹੀਂ, ਸਗੋਂ ਮੁਖ ਕਰਕੇ ਪਦਾਰਥ ਦੇ ਇਕ **ਵੇਗ**, ਇਕ **ਜੀਵੰਤ ਰੂਹ**, ਇਕ **ਤਣਾਓ** — ਜਾਂ ਯਾਕੋਬ ਬਿਓਮੇ ਦੇ ਸ਼ਬਦਾਂ ਵਿਚ ਇਕ **ਦੁਖ** [Qual] ਦੇ ਰੂਪ ਵਿਚ। ਪਦਾਰਥ ਦੇ ਮੁਢਲੇ ਰੂਪ **ਹਸਤੀ ਦੀਆਂ** ਜਿਊਂਦੀਆਂ-ਜਾਗਦੀਆਂ, **ਅੱਡ ਅੱਡ ਕਰਨ ਵਾਲੀਆਂ ਸ਼ਕਤੀਆਂ** ਹਨ ਜੋ ਇਸ ਵਿਚੋਂ ਮੁਢੋਂ ਮੌਜੂਦ ਹਨ ਅਤੇ ਜਾਤੀਆਂ ਵਿਚਕਾਰ ਨਿਖੇੜ ਪੈਦਾ ਕਰਦੀਆਂ ਹਨ।

ਇਸ ਦੇ ਪਹਿਲੇ ਸਿਰਜਕ, **ਬੇਕਨ** ਵਿਚ ਪਦਾਰਥਵਾਦ ਹਾਲੇ ਆਪਣੇ ਅੰਦਰ ਸਿਧੇ ਸਾਦੇ ਤਰੀਕੇ ਨਾਲ ਬਹੁ-ਪੱਖੀ ਵਿਕਾਸ ਦੇ ਕਿਰਮ ਸਾਂਭੀ ਬੈਠਾ ਹੈ। ਪਦਾਰਥ ਇਕ ਪਾਸੇ ਮਨੁਖ ਵੱਲ ਵੇਖ ਕੇ ਇੰਦਰਿਆਵੀ, ਨਸ਼ੀਲੀ, ਨਿਖਰੀ ਮੁਸਕਾਨ ਮੁਸਕ੍ਰਾਇਆ। ਦੂਜੇ ਪਾਸੇ, ਅਖੌਤਾਂ ਦੇ ਰੂਪ ਵਿਚ ਸੂਤਰਬੱਧ ਕੀਤਾ ਮੱਤ ਧਰਮ-ਸ਼ਾਸਤ੍ਰ ਦੀਆਂ ਵਿਪਰੀਤੀਆਂ ਨਾਲ ਭਰਿਆ ਹੋਇਆ ਸੀ।

ਆਪਣੇ ਅਗਲੇਰੇ ਵਿਕਾਸ ਵਿਚ, ਪਦਾਰਥਵਾਦ **ਇਕ-ਪੱਖੀ** ਬਣਦਾ ਹੈ। **ਹਾਬਸ** ਉਹ ਆਦਮੀ ਹੈ ਜਿਹੜਾ **ਬੇਕਨੀ** ਪਦਾਰਥਵਾਦ ਨੂੰ **ਪ੍ਰਣਾਲੀਬੱਧ ਕਰਦਾ ਹੈ**। ਕਾਮੁਕਤਾ

ਆਧਾਰਿਤ ਗਿਆਨ ਆਪਣਾ ਖੇੜਾ ਗੁਆ ਲੈਂਦਾ ਹੈ, ਇਹ **ਰੇਖਾ-ਗਣਿਤ-ਵਿਗਿਆਨੀ** ਦੀ ਅਮੂਰਤ ਅਨੁਭਵ ਬਣ ਜਾਂਦਾ ਹੈ। **ਭੌਤਿਕੀ** ਗਤੀ ਨੂੰ **ਯੰਤਰਿਕ** ਜਾਂ **ਗਣਿਤਕ** ਗਤੀ ਤੋਂ ਕੁਰਬਾਨ ਕਰ ਦਿਤਾ ਗਿਆ ਸੀ; **ਰੇਖਾ-ਗਣਿਤ** ਨੂੰ ਵਿਗਿਆਨਾਂ ਦੀ ਮਲਕਾ ਘੋਸ਼ਤ ਕੀਤਾ ਜਾਂਦਾ ਹੈ। ਪਦਾਰਥਵਾਦ **ਮਨੁਖਜਾਤੀ ਦਾ ਵਿਰੋਧੀ** ਬਣ ਗਿਆ। ਆਪਣੇ ਖੇਤਰ ਵਿਚ **ਮਨੁਖਤਾ-ਵਿਰੋਧੀ**, **ਸ਼ਰੀਰ-ਰਹਿਤ** ਭਾਵਨਾ ਉਤੇ ਕਾਬੂ ਪਾਉਣ ਲਈ ਪਦਾਰਥਵਾਦ ਆਪਣੇ ਸ਼ਰੀਰ ਨੂੰ ਤਸੀਹੇ ਦੇਣ ਅਤੇ **ਵਿਰੱਕਤ** ਬਣਨ ਤੇ ਮਜਬੂਰ ਹੋ ਗਿਆ। ਇਹ **ਤਰਕ ਦੇ ਜੀਵ** ਵਜੋਂ ਸਾਹਮਣੇ ਆਇਆ, ਪਰ ਇਸਨੇ ਤਰਕ ਦਾ ਸਾਰਾ ਕਰੜਾ ਨਿਆਇ ਵੀ ਪ੍ਰਾਪਤ ਕਰ ਲਿਆ।

ਬੇਕਨ ਦੀ ਗੱਲ ਨੂੰ ਅੱਗੇ ਤੋਰਦਿਆਂ, ਹਾਬਸ, ਇਸ ਪ੍ਰਕਾਰ ਦਲੀਲ ਦੇਂਦਾ ਹੈ: ਜੇ ਮਨੁਖ ਦੇ ਕੁਲ ਗਿਆਨ ਦਾ ਸੋਮਾ ਗਿਆਨ-ਇੰਦਰੀਆਂ ਹੀ ਹਨ, ਤਾਂ ਫਿਰ ਸਾਡੇ ਸੰਕਲਪ, ਸੋਚ, ਅਤੇ ਕਲਪਨਾ ਅਸਲ ਸੰਸਾਰ ਦੀਆਂ, ਇਸ ਦੇ ਇੰਦਰਿਆਵੀ ਰੂਪਾਂ ਤੋਂ ਘਟ ਜਾਂ ਵਧ ਵੰਚਿਤ, ਪਰਛਾਈਆਂ ਮਾਤਰ ਹੀ ਹਨ। ਵਿਗਿਆਨ ਇਹਨਾਂ ਪਰਛਾਈਆਂ ਨੂੰ ਨਾਂ ਹੀ ਦੇ ਸਕਦਾ ਹੈ। ਇਕ ਨਾਂ ਇਹਨਾਂ ਵਿਚੋਂ ਇਕ ਤੋਂ ਵਧੇਰੇ ਲਈ ਵਰਤਿਆ ਜਾ ਸਕਦਾ ਹੈ। ਇਥੋਂ ਤੱਕ ਕਿ ਨਾਵਾਂ ਦੇ ਨਾਂ ਵੀ ਹੋ ਸਕਦੇ ਹਨ। ਇਸ ਗੱਲ ਵਿਚ ਇਕ ਅੰਤਰ-ਵਿਰੋਧ ਦਾ ਭਾਵ ਲੁਕਿਆ ਹੋਵੇਗਾ ਜੇ, ਇਕ ਪਾਸੇ, ਅਸੀਂ ਦਾਈਏ ਨਾਲ ਆਖੀਏ ਕਿ ਸਾਰੇ ਵਿਚਾਰਾਂ ਦਾ ਮੂਲ ਇੰਦਰਿਆਵੀ ਗਿਆਨ ਦੇ ਜਗਤ ਵਿਚ ਹੈ, ਅਤੇ, ਦੂਜੇ ਪਾਸੇ, ਇਕ ਸ਼ਬਦ ਇਕ ਸ਼ਬਦ ਨਾਲੋਂ ਵਧੇਰੇ ਕੁਝ ਹੈ; ਕਿ ਜਿਨ੍ਹਾਂ ਹੱਸਤੀਆਂ ਦਾ ਸਾਨੂੰ ਆਪਣੀਆਂ ਗਿਆਨ-ਇੰਦਰੀਆਂ ਦੁਆਰਾ ਪਤਾ ਹੈ, ਹੱਸਤੀਆਂ ਜੋ ਇਕ ਅਤੇ ਸਭ ਵਿਅਕਤੀਗਤ ਹਨ, ਉਹਨਾਂ ਤੋਂ ਇਲਾਵਾ, ਵਿਅਕਤੀਗਤ ਨਹੀਂ, ਵਿਆਪਕ ਪ੍ਰਕਿਰਤੀ ਵਾਲੀਆਂ ਹੱਸਤੀਆਂ ਵੀ ਵਿਦਮਾਨ ਹਨ। **ਇਕ ਦੇਹਹੀਣ ਮੂਲ-ਤੱਤ** ਉਹੋ ਜਿਹਾ ਬੇਥਵਾਪਨ ਹੈ ਜਿਹੋ ਜਿਹਾ ਇਕ **ਦੇਹਹੀਣ ਪਿੰਡਾ**। **ਪਿੰਡਾ**, **ਹੱਸਤੀ**, **ਮੂਲ-ਤੱਤ**, ਇਕੋ ਇਕ **ਅਸਲੀ** ਯਥਾਰਥ ਹਨ। ਚਿੰਤਨ ਨੂੰ ਉਸ ਪਦਾਰਥ ਤੋਂ ਵਖ ਕਰਨਾ ਅਸੰਭਵ ਹੈ **ਜੋ** ਚਿੰਤਨ ਕਰਦਾ ਹੈ। ਪਦਾਰਥ ਸਭ ਤਬਦੀਲੀਆਂ ਦਾ ਆਧਾਰ ਹੈ। ਸ਼ਬਦ **ਅਸੀਮ ਅਰਥਹੀਣ** ਹੈ, ਜਿੰਨਾ ਚਿਰ ਇਹ ਬਿਆਨ ਨਹੀਂ ਕਰਦਾ ਕਿ ਸਾਡਾ ਮਨ ਵਾਧਾ ਕਰਨ ਦੀ ਅਨੰਤ ਪ੍ਰਕਿਰਿਆ ਕਰਨ ਦੇ ਸਮਰਥ ਹੈ। ਕੇਵਲ ਪਦਾਰਥਕ ਵਸਤਾਂ ਹੀ ਸਾਡੇ ਲਈ ਪ੍ਰਤੱਖਬੋਧ ਵਿਚ, ਗਿਆਨ ਵਿਚ ਆਉਣਯੋਗ ਹੋਣ ਕਾਰਨ, ਅਸੀਂ ਈਸ਼ਵਰ ਦੀ ਹੋਂਦ ਬਾਰੇ **ਕੁਝ ਨਹੀਂ** ਜਾਣਦੇ। ਮੈਨੂੰ ਕੇਵਲ ਆਪਣੀ ਹੋਂਦ ਦਾ ਹੀ ਪਤਾ ਹੈ। ਹਰ ਮਨੁਖੀ ਜਜ਼ਬਾ ਇਕ ਯੰਤਰਿਕ ਗਤੀ ਹੈ ਜਿਸ ਦਾ ਆਦਿ ਅਤੇ ਅੰਤ ਹੈ। ਜਿਨ੍ਹਾਂ ਨੂੰ ਅਸੀਂ ਚੰਗਾ ਕਹਿੰਦੇ ਹਾਂ ਉਹ ਮਨੋਵੇਗ ਦੀਆਂ ਵਸਤਾਂ ਹਨ। ਮਨੁਖ ਉਹਨਾਂ ਹੀ ਨੇਮਾਂ ਦਾ ਵਿਸ਼ੈ ਹੈ ਜਿਨ੍ਹਾਂ ਦੀ ਪ੍ਰਕਿਰਤੀ। ਸ਼ਕਤੀ ਅਤੇ ਸੁਤੰਤਰਤਾ ਸਮਰੂਪ ਹਨ।

ਹਾਬਸ ਨੇ ਬੇਕਨ ਨੂੰ ਪ੍ਰਣਾਲੀਬੱਧ ਕੀਤਾ ਸੀ, ਪਰੰਤੂ ਬੇਕਨ ਦੇ ਬੁਨਿਆਦੀ ਅਸੂਲ, ਸਾਰੇ ਮਨੁਖੀ ਗਿਆਨ ਅਤੇ ਵਿਚਾਰਾਂ ਦਾ ਮੂਲ ਇੰਦਰਿਆਵੀ ਗਿਆਨ ਦਾ ਜਗਤ ਹੈ, ਲਈ ਕੋਈ ਸਬੂਤ ਨਹੀਂ ਸੀ ਦਿਤਾ।

ਇਹ **ਲਾਕ** ਸੀ ਜਿਸ ਨੇ, ਆਪਣੇ ਮਨੁਖੀ ਸੂਝ ਬੂਝ ਬਾਰੇ ਲੇਖ ਵਿਚ, ਇਸ ਦਾ ਸਬੂਤ ਪੇਸ਼ ਕੀਤਾ ਸੀ।

ਜਿਵੇਂ ਹਾਬਸ ਨੇ ਬੇਕਨੀ ਪਦਾਰਥਵਾਦ ਦੇ **ਈਸ਼ਵਰਵਾਦੀ**[38] ਤਅਸਬ ਫੀਤੀ ਫੀਤੀ ਕਰ ਦਿਤੇ ਸਨ; ਉਸੇ ਤਰ੍ਹਾਂ ਕਾਲਿਨਜ਼, ਡਾਡਵੈਲ, ਕਾਵਾਰਡ, ਹਾਰਟਲੇ, ਪਰੀਸਟਲੇ ਅਤੇ ਹੋਰਨਾਂ ਨੇ ਆਖਰੀ ਧਰਮ-ਸ਼ਾਸਤ੍ਰਿਕ ਬੰਦਸ਼ਾਂ ਤੋੜੀਆਂ ਜਿਹੜੀਆਂ ਅਜੇ ਲਾਕ ਦੇ ਅਨੁਭਵਵਾਦ[39] ਨੂੰ ਚੰਬੜੀਆਂ ਹੋਈਆਂ ਸਨ। ਘਟੋ ਘਟ ਪਦਾਰਥਵਾਦੀਆਂ ਲਈ, **ਦੇਵਵਾਦ**[40] ਧਰਮ ਤੋਂ ਖਹਿੜਾ ਛੁਡਾਉਣ ਦਾ ਕੇਵਲ ਇਕ ਸੌਖਾ ਰਾਹ ਹੀ ਹੈ।

ਅਸੀਂ ਪਹਿਲਾਂ ਹੀ ਜ਼ਿਕਰ ਕਰ ਚੁਕੇ ਹਾਂ ਕਿ ਲਾਕ ਦੀ ਰਚਨਾ ਫ਼ਰਾਂਸੀਸੀਆਂ ਲਈ ਕਿੰਨੀ ਬਾਮੌਕਾ ਸੀ। ਲਾਕ ਨੇ bon sens ਦੇ, ਸਾਧਾਰਨ ਬੁਧ ਦੇ ਦਰਸ਼ਨ ਦੀ ਨੀਂਹ ਰਖੀ; ਅਰਥਾਤ, ਉਸ ਨੇ ਅਸਿੱਧੇ ਢੰਗ ਨਾਲ ਆਖਿਆ ਕਿ ਨਰੋਈਆਂ ਮਨੁਖੀ ਗਿਆਨ-ਇੰਦਰੀਆਂ ਅਤੇ ਇਹਨਾਂ ਤੇ ਆਧਾਰਤ **ਤਰਕਸ਼ਕਤੀ** ਨਾਲ ਵਿਰੋਧ ਰਖਦਾ ਕੋਈ ਦਰਸ਼ਨ ਨਹੀਂ ਹੋ ਸਕਦਾ।

ਲਾਕ ਦੇ **ਤਤਕਾਲੀ** ਅਨੁਯਾਈ, **ਕੋਨਦੀਲਯਾਕ** ਨੇ, ਜਿਸ ਨੇ **ਫ਼ਰਾਂਸੀਸੀ ਵਿਚ** ਉਸ ਦੀ ਵਿਆਖਿਆ ਵੀ ਕੀਤੀ ਸੀ, ਇਕਦਮ ਲਾਕ ਦੇ ਅਨੁਭਵਵਾਦ ਨੂੰ ਸਤਾਰ੍ਹਵੀਂ ਸਦੀ ਦੇ **ਪਰਾਭੌਤਿਕਵਾਦ** ਵਿਰੁਧ ਲਾਗੂ ਕੀਤਾ। ਉਸ ਨੇ ਸਿਧ ਕੀਤਾ ਕਿ ਫ਼ਰਾਂਸੀਸੀਆਂ ਨੇ ਇਸ ਪਰਾਭੌਤਿਕਵਾਦ ਨੂੰ ਕਿਆਸ ਅਤੇ ਧਰਮ-ਸ਼ਾਸਤ੍ਰਿਕ ਤਅਸਬਾਂ ਦੀ ਮਹਿਜ਼ ਗੰਢਤੁਪ ਦੇ ਰੂਪ ਵਿਚ ਠੀਕ ਹੀ ਰੱਦ ਕੀਤਾ ਸੀ। ਉਸ ਨੇ **ਡੇਸਕਾਰਟ**, **ਸਪੀਨੋਜ਼ਾ**, **ਲਾਈਬਨਿਟਸ** ਅਤੇ **ਮਾਲਬਰਾਂਸ਼** ਦੀਆਂ ਪ੍ਰਣਾਲੀਆਂ ਦਾ ਖੰਡਨ ਕਰਦੀ ਰਚਨਾ ਪ੍ਰਕਾਸ਼ਤ ਕੀਤੀ।

ਆਪਣੀ «Essai sur l'origine des connaissances humaines»* ਵਿਚ ਉਸ ਨੇ ਲਾਕ ਦੇ ਵਿਚਾਰਾਂ ਦੀ ਵਿਆਖਿਆ ਦਿਤੀ ਅਤੇ ਸਿਧ ਕੀਤਾ ਕਿ ਕੇਵਲ ਆਤਮਾ ਹੀ ਨਹੀਂ, ਸਗੋਂ ਗਿਆਨ-ਇੰਦਰੀਆਂ ਵੀ, ਕੇਵਲ ਵਿਚਾਰਾਂ ਦੀ ਸਿਰਜਣਾ ਦੀ ਕਲਾ ਹੀ ਨਹੀਂ, ਸਗੋਂ ਇੰਦਰਿਆਵੀ ਪ੍ਰਤੱਖਬੋਧ ਦੀ ਕਲਾ ਵੀ, **ਤਜਰਬੇ** ਅਤੇ **ਆਦਤ** ਦੇ ਮਾਮਲੇ ਹਨ। ਇਸ ਲਈ ਮਨੁਖ ਦਾ ਸਮੁਚਾ ਵਿਕਾਸ **ਵਿਦਿਆ** ਅਤੇ **ਬਾਹਰੀ ਪ੍ਰਸਥਿਤੀਆਂ** ਤੇ ਨਿਰਭਰ ਕਰਦਾ ਹੈ। ਇਹ ਕੇਵਲ **ਸਰਬ-ਗ੍ਰਾਹੀ** ਦਰਸ਼ਨ

---

* "ਮਨੁਖੀ ਗਿਆਨ ਦੇ ਮੁੱਢ ਸੰਬੰਧੀ ਨਿਬੰਧ"। — **ਸੰਪਾ:**

ਹੀ ਸੀ ਜਿਸ ਨੇ ਕੋਨਦੀਲਯਾਕ ਨੂੰ ਫ਼ਰਾਂਸੀਸੀ ਪਰਪਾਟੀਆਂ ਵਿਚੋਂ ਬਾਹਰ ਕੱਢਿਆ ਸੀ।

**ਫ਼ਰਾਂਸੀਸੀ** ਅਤੇ **ਅੰਗ੍ਰੇਜ਼** ਪਦਾਰਥਵਾਦ ਵਿਚਲਾ ਫ਼ਰਕ ਦੋਹਾਂ ਕੌਮਾਂ ਵਿਚਲੇ ਫ਼ਰਕ ਨੂੰ ਪ੍ਰਤਿਬਿੰਬਤ ਕਰਦਾ ਹੈ। ਫ਼ਰਾਂਸੀਸੀਆਂ ਨੇ ਅੰਗ੍ਰੇਜ਼ ਪਦਾਰਥਵਾਦ ਨੂੰ ਬੌਧਿਕ-ਵਿਲਾਸ, ਲਹੂ ਤੇ ਮਾਸ, ਅਤੇ ਮਿਠਾਬੋਲ ਪ੍ਰਦਾਨ ਕੀਤਾ ਸੀ। ਉਹਨਾਂ ਨੇ ਇਸ ਨੂੰ ਸੁਭਾਓ ਅਤੇ ਛੱਬ ਦਿਤੀ ਜਿਸ ਦੀ ਇਸ ਵਿਚ ਘਾਟ ਸੀ। ਉਹਨਾਂ ਨੇ ਇਸ ਨੂੰ **ਸਭਿਅ ਬਣਾਇਆ**।

**ਹਲਵੇਟੀਅਸ** ਦੇ ਹੱਥ ਵਿਚ, ਇਸ ਨੇ ਵੀ ਆਪਣੇ ਆਪ ਨੂੰ ਲਾਕ ਤੇ ਆਧਾਰਤ ਕੀਤਾ ਸੀ, ਪਦਾਰਥਵਾਦ ਨੇ ਸਚਮੁਚ ਹੀ ਫ਼ਰਾਂਸੀਸੀ ਚ੍ਰਿਤਰ ਧਾਰਨ ਕਰ ਲਿਆ। ਹਲਵੇਟੀਅਸ ਨੇ ਇਸ ਨੂੰ ਫੌਰੀ ਤੌਰ ਤੇ ਸਮਾਜਕ ਜੀਵਨ ਉਤੇ ਲਾਗੂ ਕਰਕੇ ਗ੍ਰਹਿਣ ਕੀਤਾ ਸੀ (Helvétius, «De l'homme»)।* ਸੰਵੇਦਨੀ ਗੁਣ ਅਤੇ ਆਤਮ-ਪਿਆਰ, ਅਨੰਦ ਅਤੇ ਸਹੀ ਤਰੀਕੇ ਨਾਲ ਸਮਝੇ ਗਏ ਜ਼ਾਤੀ ਹਿੱਤ ਸਾਰੇ ਸਦਾਚਾਰ ਦਾ ਆਧਾਰ ਹਨ। ਮਨੁਖੀ ਸੂਝਾਂ ਦਾ ਸੁਭਾਵਿਕ ਗੁਣ, ਤਰਕਸ਼ਕਤੀ ਦੀ ਪ੍ਰਗਤੀ ਅਤੇ ਉਦਯੋਗ ਦੀ ਪ੍ਰਗਤੀ ਦੀ ਏਕਤਾ, ਮਨੁਖ ਦੀ ਸੁਭਾਵਿਕ ਨੇਕੀ, ਅਤੇ ਵਿਦਿਆ ਦੀ ਸਰਬ-ਸਮਰਥਾ ਉਸ ਦੀ ਪ੍ਰਣਾਲੀ ਦੇ ਮੁਖ ਲਛਣ ਹਨ।

**ਲਾ ਮੇਤਰੀ** ਦੀਆਂ ਰਚਨਾਵਾਂ ਵਿਚ ਅਸੀਂ ਡੇਸਕਾਰਟੀਆਈ ਅਤੇ ਅੰਗ੍ਰੇਜ਼ ਪਦਾਰਥਵਾਦ ਦਾ ਸੰਸਲੇਸ਼ਣ ਵੇਖਦੇ ਹਾਂ। ਉਹ ਡੇਸਕਾਰਟ ਦੇ ਭੌਤਿਕ-ਵਿਗਿਆਨ ਦੀ ਵਿਸਥਾਰ ਨਾਲ ਵਰਤੋਂ ਕਰਦਾ ਹੈ। ਉਸ ਦਾ «L'homme machine»** ਡੇਸਕਾਰਟ ਦੇ ਪਸ਼ੂ-ਮਸ਼ੀਨ ਦੇ ਨਮੂਨੇ ਉਤੇ ਇਕ ਨਿਬੰਧ ਹੈ। ਹੋਲਬਾਖ਼ ਦੀ «Systèm de la nature»*** ਦਾ ਭੌਤਿਕੀ ਭਾਗ ਵੀ ਫ਼ਰਾਂਸੀਸੀ ਅਤੇ ਅੰਗ੍ਰੇਜ਼ ਪਦਾਰਥਵਾਦ ਦੇ ਸੰਜੋਗ ਦਾ ਨਤੀਜਾ ਹੈ, ਅਤੇ ਨੈਤਿਕ ਭਾਗ ਬੁਨਿਆਦੀ ਤੌਰ ਤੇ ਹਲਵੇਟੀਅਸ ਦੀ ਨੈਤਿਕਤਾ ਤੇ ਆਧਾਰਤ ਹੈ। **ਰੋਬੀਨੇ** («De la nature»),**** ਫ਼ਰਾਂਸੀਸੀ ਪਦਾਰਥਵਾਦੀ ਜਿਹੜਾ ਪਰਾਭੌਤਿਕਵਾਦ ਨਾਲ ਸਭ ਤੋਂ ਬਹੁਤਾ ਸੰਬੰਧ ਰਖਦਾ ਸੀ ਅਤੇ ਇਸ ਲਈ ਹੀਗਲ ਤੋਂ ਪ੍ਰਸੰਸਾ ਪ੍ਰਾਪਤ ਕੀਤੀ ਸੀ, ਸਪਸ਼ਟ ਤੌਰ ਤੇ **ਲਾਈਬਨਿਟਸ** ਵੱਲ ਇਸ਼ਾਰਾ ਕਰਦਾ ਹੈ।

ਅਸੀਂ ਵੋਲਨੇਈ, ਦੂਪੂਈ, ਦੀਦਰੋ ਅਤੇ ਦੂਜਿਆਂ ਬਾਰੇ ਭੂਅਰਥ-ਵਿਗਿਆਨੀਆਂ

---

* ਹਲਵੇਟੀਅਸ, "ਮਨੁਖ ਸੰਬੰਧੀ"। — **ਸੰਪਾ**:

** "ਮਨੁਖ-ਮਸ਼ੀਨ"। — **ਸੰਪਾ**:

*** "ਪ੍ਰਕਿਰਤੀ ਦੀ ਪ੍ਰਣਾਲੀ" — **ਸੰਪਾ**:

**** "ਪ੍ਰਕਿਰਤੀ ਸੰਬੰਧੀ"। — **ਸੰਪਾ**;

ਨਾਲੋਂ ਕੋਈ ਵਧੇਰੇ ਚਰਚਾ ਕਰਨ ਦੀ ਲੋੜ ਨਹੀਂ ਸਮਝਦੇ, ਜਦੋਂ ਅਸੀਂ ਡੇਸਕਾਰਟ ਦੇ ਭੌਤਿਕ-ਵਿਗਿਆਨ ਅਤੇ ਅੰਗ੍ਰੇਜ਼ ਪਦਾਰਥਵਾਦ ਤੋਂ ਫ਼ਰਾਂਸੀਸੀ ਪਦਾਰਥਵਾਦ ਦੇ ਦੋਹਰੇ ਮੂਲ ਨੂੰ, ਅਤੇ ਫ਼ਰਾਂਸੀਸੀ ਪਦਾਰਥਵਾਦ ਦੇ ਸਤਾਰ੍ਹਵੀਂ ਸਦੀ ਦੇ **ਪਰਾਭੌਤਿਕਵਾਦ** ਪ੍ਰਤੀ, ਡੇਸਕਾਰਟ, ਸਪੀਨੋਜ਼ਾ, ਮਾਲਬਰਾਂਸ਼ ਅਤੇ ਲਾਈਬਨਿਟਸ ਦੇ ਪਰਾਭੌਤਿਕਵਾਦ ਪ੍ਰਤੀ ਵਿਰੋਧ ਨੂੰ ਸਿੱਧ ਕਰ ਚੁਕੇ ਹਾਂ। ਇਹ ਵਿਰੋਧ ਜਰਮਨਾਂ ਨੂੰ ਕੇਵਲ ਓਦੋਂ ਪ੍ਰਤੱਖ ਹੋਇਆ ਜਦੋਂ ਉਹ ਆਪ **ਕਿਆਸੀ ਪਰਾਭੌਤਿਕਵਾਦ** ਦੇ ਵਿਰੋਧ ਵਿਚ ਆ ਖੜੇ ਹੋਏ ਸਨ।

ਜਿਵੇਂ **ਡੇਸਕਾਰਟੀਆਈ** ਪਦਾਰਥਵਾਦ **ਵਾਸਤਵਿਕ ਰੂਪ ਵਿਚ ਪ੍ਰਾਕਿਰਤਕ ਵਿਗਿਆਨ** ਨਾਲ ਮਿਲ ਜਾਂਦਾ ਹੈ, ਤਿਵੇਂ ਹੀ ਫ਼ਰਾਂਸੀਸੀ ਪਦਾਰਥਵਾਦ ਦੀ ਦੂਜੀ ਪ੍ਰਵਿਰਤੀ ਸਿਧੇ ਤੌਰ ਤੇ **ਸਮਾਜਵਾਦ** ਅਤੇ **ਕਮਿਊਨਿਜ਼ਮ** ਵੱਲ ਲੈ ਜਾਂਦੀ ਹੈ।

ਵਿਅਕਤੀਆਂ ਦੀ ਮੂਲ ਨੇਕੀ ਅਤੇ ਸਮਾਨ ਬੌਧਿਕ ਸਮਰਥਾ, ਤਜਰਬੇ, ਆਦਤ ਤੇ ਵਿਦਿਆ ਦੀ ਸਰਬ-ਸਮਰਥਾ, ਅਤੇ ਮਨੁਖ ਉਤੇ ਵਾਤਾਵਰਣ ਦੇ ਪ੍ਰਭਾਵ, ਉਦਯੋਗ ਦੀ ਵਡੇਰੀ ਮਹੱਤਤਾ, ਅਨੰਦ ਦੀ ਉਚਿਤਤਾ, ਆਦਿ, ਬਾਰੇ ਪਦਾਰਥਵਾਦ ਦੀ ਸਿਖਿਆ ਵਿਚੋਂ ਇਹ ਵੇਖਣ ਲਈ ਬਹੁਤਾ ਡੂੰਘਾ ਹੇਠਾਂ ਲਹਿਣ ਦੀ ਲੋੜ ਨਹੀਂ ਕਿ ਕਿਵੇਂ ਪਦਾਰਥਵਾਦ ਲਾਜ਼ਮੀ ਹੀ ਕਮਿਊਨਿਜ਼ਮ ਅਤੇ ਸਮਾਜਵਾਦ ਨਾਲ ਸੰਬੰਧਤ ਹੈ। ਜੇ ਮਨੁਖ ਆਪਣਾ ਸਾਰਾ ਗਿਆਨ, ਇੰਦਰਿਆਵੀ ਗਿਆਨ, ਆਦਿ, ਗਿਆਨ-ਇੰਦਰੀਆਂ ਦੇ ਜਗਤ ਅਤੇ ਇਸ ਵਿਚ ਹਾਸਲ ਕੀਤੇ ਤਜਰਬੇ ਤੋਂ ਲੈਂਦਾ ਹੈ, ਤਾਂ ਕਰਨਾ ਇਹ ਲੋੜੀਂਦਾ ਹੈ ਕਿ ਅਨੁਭਵਿਕ ਸੰਸਾਰ ਨੂੰ ਅਜਿਹੇ ਤਰੀਕੇ ਨਾਲ ਵਿਉਂਤਿਆ ਜਾਏ ਕਿ ਮਨੁਖ ਉਸੇ ਗੱਲ ਦਾ ਹੀ ਅਨੁਭਵ ਕਰੇ ਅਤੇ ਆਦੀ ਬਣੇ ਜੋ ਇਸ ਵਿਚ ਸਚਮੁਚ ਹੀ ਮਨੁਖੀ ਹੈ ਅਤੇ ਉਹ ਮਨੁਖ ਵਜੋਂ ਆਪਣੇ ਆਪ ਤੋਂ ਜਾਗਰੂਕ ਹੋਵੇ। ਜੇ ਸਹੀ ਤਰੀਕੇ ਨਾਲ ਸਮਝਿਆ ਗਿਆ ਹਿੱਤ ਕੁਲ ਨੈਤਿਕਤਾ ਦਾ ਨੇਮ ਹੈ, ਤਾਂ ਮਨੁਖ ਦੇ ਨਿਜੀ ਹਿੱਤ ਨੂੰ ਮਨੁਖਤਾ ਦੇ ਹਿੱਤ ਦੇ ਅਨੁਸਾਰੀ ਬਣਾਇਆ ਜਾਣਾ ਚਾਹੀਦਾ ਹੈ। ਜੇ ਮਨੁਖ ਪਦਾਰਥਵਾਦੀ ਅਰਥ ਵਿਚ ਅਸੁਤੰਤਰ ਹੈ, ਅਰਥਾਤ, ਇਸ ਜਾਂ ਉਸ ਗੱਲ ਤੋਂ ਬਚਣ ਲਈ ਨਾਕਾਰਾਤਮਕ ਸ਼ਕਤੀ ਰਾਹੀਂ ਨਹੀਂ, ਸਗੋਂ ਆਪਣੇ ਸੱਚੇ ਵਿਅਕਤੀਤਵ ਦਾ ਹੱਕ ਜਮਾਉਣ ਲਈ ਸਾਕਾਰਾਤਮਕ ਸ਼ਕਤੀ ਰਾਹੀਂ ਸੁਤੰਤਰ ਹੈ, ਤਾਂ ਜੁਰਮ ਦੀ ਸਜ਼ਾ ਵਿਅਕਤੀ ਨੂੰ ਨਹੀਂ ਦੇਣੀ ਚਾਹੀਦੀ ਹੈ, ਸਗੋਂ ਜੁਰਮ ਦੇ ਸਮਾਜ-ਵਿਰੋਧੀ ਸੋਮੇ ਤਬਾਹ ਕੀਤੇ ਜਾਣੇ ਚਾਹੀਦੇ ਹਨ, ਅਤੇ ਹਰ ਮਨੁਖ ਨੂੰ ਆਪਣੀ ਹਸਤੀ ਦਾ ਜੀਵੰਤ ਪ੍ਰਗਟਾ ਕਰਨ ਲਈ ਸਮਾਜਕ ਸੰਭਾਵਨਾ ਪ੍ਰਦਾਨ ਕਰਨੀ ਚਾਹੀਦੀ ਹੈ। ਜੇ ਮਨੁਖ ਨੂੰ ਉਸ ਦਾ ਵਾਤਾਵਰਣ ਡੌਲਦਾ ਹੈ, ਤਾਂ ਉਸ ਦਾ ਵਾਤਾਵਰਣ ਮਨੁਖੀ ਬਣਾਇਆ ਜਾਣਾ ਚਾਹੀਦਾ ਹੈ। ਜੇ ਮਨੁਖ ਸੁਭਾਵਿਕ ਹੀ ਸਮਾਜਕ ਹੈ, ਤਾਂ ਉਹ ਆਪਣਾ ਅਸਲੀ ਸੁਭਾ ਕੇਵਲ ਸਮਾਜ ਵਿਚ ਹੀ ਵਿਕਸਤ ਕਰੇਗਾ, ਅਤੇ ਉਸ ਦੇ ਸੁਭਾ ਦੀ ਸ਼ਕਤੀ ਵਖਰੇ ਵਿਅਕਤੀ ਦੀ ਸ਼ਕਤੀ ਦੁਆਰਾ ਨਹੀਂ ਸਮਾਜ ਦੀ ਸ਼ਕਤੀ ਦੁਆਰਾ ਮਾਪੀ ਜਾਣੀ ਚਾਹੀਦੀ ਹੈ।

ਸਤੰਬਰ — ਨਵੰਬਰ ੧੮੪੪ ਵਿਚ ਲਿਖਿਆ ਗਿਆ

ਮੂਲਪਾਠ ਜਰਮਨ ਵਿਚ ਹੈ

ਕਾਰਲ ਮਾਰਕਸ

# ਫ਼ਿਊਰਬਾਖ਼ ਸੰਬੰਧੀ ਥੀਸਿਸ

੧

ਹੁਣ ਤੱਕ ਵਿਦਮਾਨ ਪਦਾਰਥਵਾਦ ਦਾ—ਫ਼ਿਊਰਬਾਖ਼ ਦੇ ਪਦਾਰਥਵਾਦ ਸਮੇਤ—ਮੁਖ ਨੁਕਸ ਇਹ ਹੈ ਕਿ ਵਸਤ [Gegenstand], ਯਥਾਰਥ, ਇੰਦਰੀਅਤਾ ਨੂੰ ਕੇਵਲ **ਪਦਾਰਥ** [Objekt] ਜਾਂ **ਧਿਆਨ** [Anschauung] ਦੇ ਰੂਪ ਵਿਚ ਹੀ ਲਿਆ ਜਾਂਦਾ ਹੈ ਸਗੋਂ **ਮਨੁਖੀ ਇੰਦਰਿਆਵੀ ਸਰਗਰਮੀ**, **ਅਮਲ** ਵਜੋਂ ਨਹੀਂ; ਅੰਤਰਮੁਖੀ ਤੌਰ ਤੇ ਨਹੀਂ ਲਿਆ ਜਾਂਦਾ। ਇਸੇ ਲਈ ਇਹ ਗੱਲ ਵਾਪਰੀ ਕਿ ਪਦਾਰਥਵਾਦ ਦੀ ਵਿਖੇਪਤਾ ਵਿਚ ਆਦਰਸ਼ਵਾਦ ਨੇ ਇਕ **ਸਰਗਰਮ** ਪੱਖ ਵਿਕਸਤ ਕੀਤਾ—ਪਰ ਕੇਵਲ ਸੂਖਮ-ਭਾਵੀ ਤੌਰ ਤੇ ਹੀ, ਕਿਉਂਕਿ ਆਦਰਸ਼ਵਾਦ ਨੂੰ ਅਮਲੀ, ਇੰਦਰਿਆਵੀ ਸਰਗਰਮੀ ਦਾ ਇਹਦੇ ਆਪਣੇ ਰੂਪ ਵਿਚ ਕੋਈ ਗਿਆਨ ਨਹੀਂ। ਫ਼ਿਊਰਬਾਖ਼ ਇੰਦਰਿਆਵੀ ਪਦਾਰਥਾਂ ਨੂੰ ਸਚਮੁਚ ਵਿਚਾਰ ਦੇ ਪਦਾਰਥਾਂ ਨਾਲੋਂ ਵਖਰਿਆਉਣਾ ਚਾਹੁੰਦਾ ਹੈ ਪਰ ਉਹਨੇ ਖ਼ੁਦ ਮਨੁਖੀ ਸਰਗਰਮੀ ਦੀ **ਯਥਾਰਥਕ** (gegenständliche) ਸਰਗਰਮੀ ਵਜੋਂ ਕਲਪਨਾ ਨਹੀਂ ਕੀਤੀ। ਇਸੇ ਲਈ "ਈਸਾਈਅਤ ਦਾ ਤੱਤ" ਵਿਚ ਉਹ ਸਿਧਾਂਤਕ ਵਤੀਰੇ ਨੂੰ ਇਕੋ ਇਕ ਸੱਚਾ ਮਨੁਖੀ ਵਤੀਰਾ ਸਮਝਦਾ ਹੈ ਜਿਥੇ ਕਿ ਅਮਲ ਨੂੰ ਪ੍ਰਗਟ ਹੋਣ ਦੇ ਗੰਦੇ-ਯਹੂਦੀ ਰੂਪ ਵਿਚ ਕਲਪਿਆ ਅਤੇ ਮਿਥਿਆ ਗਿਆ ਹੈ। ਇਸੇ ਲਈ ਉਹ "ਇਨਕਲਾਬੀ", "ਅਮਲੀ-ਪੜਚੋਲੀ" ਸਰਗਰਮੀ ਦੀ ਮਹੱਤਤਾ ਨੂੰ ਨਹੀਂ ਸਮਝਦਾ।

੨

ਇਹ ਸਵਾਲ ਕਿ ਯਥਾਰਥਕ (gegenständliche) ਸੱਚ ਨੂੰ ਮਨੁਖੀ ਸੋਚ ਦਾ ਅੰਗ ਸਮਝਿਆ ਜਾ ਸਕਦਾ ਹੈ ਜਾਂ ਨਹੀਂ ਸਿਧਾਂਤਕ ਨਹੀਂ ਸਗੋਂ **ਅਮਲੀ** ਪ੍ਰਸ਼ਨ ਹੈ। ਅਮਲ ਵਿਚ ਮਨੁਖ ਲਈ ਇਹ ਲਾਜ਼ਮੀ ਹੈ ਕਿ ਉਹ ਆਪਣੇ ਵਿਚਾਰ ਦਾ ਸੱਚ, ਅਰਥਾਤ, ਯਥਾਰਥ ਅਤੇ ਬਲ, ਇਸ-ਪਾਸੇ-ਹੋਣਾ (Diesseitigkeit) ਸਾਬਤ ਕਰੇ। ਸੋਚਣ ਦੇ ਯਥਾਰਥ ਜਾਂ ਅਣਯਥਾਰਥ ਹੋਣ ਸੰਬੰਧੀ ਅਮਲ ਨਾਲੋਂ ਨਿਖੜੀ ਬਹਿਸ ਇਕ ਨਿਰੋਲ **ਪੰਡਤਾਊ** ਸਵਾਲ ਹੈ।

੩

ਇਹ ਪਦਾਰਥਵਾਦੀ ਸਿਧਾਂਤ ਕਿ ਮਨੁਖ ਪ੍ਰਸਥਿਤੀਆਂ ਅਤੇ ਪਾਲਣ-ਪੋਸਣ ਦੀ ਉਪਜ ਹਨ ਅਤੇ ਇਹ ਕਿ, ਇਸ ਲਈ, ਤਬਦੀਲ ਹੋਏ ਮਨੁਖ ਹੋਰ ਪ੍ਰਸਥਿਤੀਆਂ ਅਤੇ ਤਬਦੀਲ ਹੋਏ ਪਾਲਣ-ਪੋਸਣ ਦੀ ਉਪਜ ਹਨ, ਇਹ ਭੁਲ ਜਾਂਦਾ ਹੈ ਕਿ ਪ੍ਰਸਥਿਤੀਆਂ ਨੂੰ ਮਨੁਖ ਤਬਦੀਲ ਕਰਦੇ ਹਨ ਅਤੇ ਇਹ ਕਿ ਸਿਖਿਅਕ ਨੂੰ ਖ਼ੁਦ ਸਿਖਿਆ ਦੀ ਲੋੜ ਹੁੰਦੀ ਹੈ। ਇਸੇ ਲਈ ਇਹ ਸਿਧਾਂਤ ਲਾਜ਼ਮੀ ਤੌਰ ਤੇ ਸਮਾਜ ਨੂੰ ਦੋ ਹਿੱਸਿਆਂ ਵਿਚ ਵੰਡਣ ਤੱਕ ਅਪੜਦਾ ਹੈ, ਜਿਨ੍ਹਾਂ ਵਿਚੋਂ ਇਕ ਸਮਾਜ ਤੋਂ ਉਤਮ ਹੈ (ਮਿਸਾਲ ਵਜੋਂ ਰਾਬਰਟ ਓਵਨ ਦੀਆਂ ਲਿਖਤਾਂ ਵਿਚ)।

ਪ੍ਰਸਥਿਤੀਆਂ ਅਤੇ ਮਨੁਖੀ ਸਰਗਰਮੀ ਦੀ ਤਬਦੀਲੀ ਦੇ ਮੌਕਾ-ਮੇਲ ਦੀ ਕੇਵਲ **ਇਨਕਲਾਬੀ ਬਣਾਉਣ ਵਾਲੇ ਅਮਲ** ਵਜੋਂ ਹੀ ਕਲਪਨਾ ਕੀਤੀ ਜਾ ਸਕਦੀ ਹੈ ਅਤੇ ਇਹਨੂੰ ਤਰਕਵਾਦੀ ਤੌਰ ਤੇ ਸਮਝਿਆ ਜਾ ਸਕਦਾ ਹੈ।

੪

ਫ਼ਿਉਰਬਾਖ਼ ਧਾਰਮਕ ਸਵੈ-ਆਤਮ-ਬਿਗਾਨਗੀ ਦੇ ਤੱਥ ਤੋਂ, ਸੰਸਾਰ ਨੂੰ ਦੋ ਹਿੱਸਿਆਂ, ਇਕ ਧਾਰਮਕ, ਖ਼ਿਆਲੀ ਦੁਨੀਆਂ ਅਤੇ ਇਕ ਵਾਸਤਵਿਕ ਵਿਚ ਵੰਡਣ ਬਣਾਉਣ ਤੋਂ ਸ਼ੁਰੂ ਕਰਦਾ ਹੈ। ਉਹਦੇ ਕੰਮ ਦਾ ਤੱਤ ਧਾਰਮਕ ਦੁਨੀਆਂ ਨੂੰ ਇਹਦੇ ਗ਼ੈਰ-ਧਾਰਮਕ ਆਧਾਰ ਵਿਚ ਮਿਲਾ ਦੇਣਾ ਹੈ। ਉਹ ਇਹ ਭੁਲ ਜਾਂਦਾ ਹੈ ਕਿ ਇਹ ਕੰਮ ਮੁਕੰਮਲ ਕਰਨ ਪਿਛੋਂ ਮੁਖ ਕੰਮ ਕਰਨਾ ਅਜੇ ਬਾਕੀ ਹੈ। ਕਿਉਂਕਿ ਇਸ ਤੱਥ ਦੀ ਕਿ ਗ਼ੈਰ-ਧਾਰਮਕ ਆਧਾਰ ਆਪਣੇ ਆਪ ਨੂੰ ਆਪਣੇ ਆਪ ਤੋਂ ਵਖ ਕਰ ਲੈਂਦਾ ਹੈ ਅਤੇ ਆਪਣੇ ਆਪ ਨੂੰ ਇਕ ਸੁਤੰਤਰ ਦੁਨੀਆਂ ਵਜੋਂ ਬਦਲਾਂ ਵਿਚ ਸਥਾਪਤ ਕਰ ਲੈਂਦਾ ਹੈ, ਵਿਆਖਿਆ ਕੇਵਲ ਗ਼ੈਰ-ਧਾਰਮਕ ਆਧਾਰ ਦੇ ਸਵੈ-ਵਿੱਥ ਅਤੇ ਸਵੈ-ਵਿਰੋਧ ਰਾਹੀਂ ਹੀ ਕੀਤੀ ਜਾ ਸਕਦੀ ਹੈ। ਇਸ ਲਈ ਇਹ ਲਾਜ਼ਮੀ ਹੈ ਕਿ ਪਿਛਲੇਰੇ ਨੂੰ ਖ਼ੁਦ ਉਹਦੇ ਵਿਰੋਧ ਵਿਚ ਜਾਣਿਆ ਜਾਵੇ ਅਤੇ ਫਿਰ, ਇਸ ਵਿਰੋਧ ਦੇ ਦੂਰ ਕੀਤੇ ਜਾਣ ਰਾਹੀਂ, ਅਮਲ ਵਿਚ ਇਨਕਲਾਬੀ ਬਣਾਇਆ ਜਾਵੇ। ਜਿਵੇਂ, ਮਿਸਾਲ ਵਜੋਂ, ਜਦੋਂ ਇਕ ਵਾਰ ਦੁਨਿਆਵੀ ਪ੍ਰਵਾਰ ਪਵਿਤਰ ਪ੍ਰਵਾਰ ਦੇ ਭੇਤ ਵਜੋਂ ਲਭ ਲਿਆ ਜਾਂਦਾ ਹੈ ਤਾਂ ਇਹ ਲਾਜ਼ਮੀ ਹੈ ਕਿ ਪਹਿਲੇ ਉਤੇ ਸਿਧਾਂਤ ਵਿਚ ਪੜਚੋਲ ਕੀਤੀ ਜਾਵੇ ਅਤੇ ਇਹਨੂੰ ਅਮਲ ਵਿਚ ਇਨਕਲਾਬੀ ਬਣਾਇਆ ਜਾਵੇ।

੫

ਫ਼ਿਉਰਬਾਖ਼ **ਅਮੂਰਤ ਚਿੰਤਨ** ਤੇ ਸੰਤੁਸ਼ਟ ਨਾ ਰਹਿੰਦਾ ਹੋਇਆ, **ਇੰਦਰਿਆਵੀ ਧਿਆਨ** ਦਾ ਸੱਦਾ ਦੇਂਦਾ ਹੈ; ਪਰ ਉਹ ਇੰਦਰੀਅਤਾ ਦੀ **ਅਮਲੀ**, ਮਨੁਖੀ-ਇੰਦਰਿਆਵੀ ਸਰਗਰਮੀ ਵਜੋਂ ਕਲਪਨਾ ਨਹੀਂ ਕਰਦਾ।

੬

ਫ਼ਿਊਰਬਾਖ਼ ਧਾਰਮਕ ਤੱਤ ਦਾ **ਮਨੁਖੀ** ਤੱਤ ਵਿਚ ਸਮਾਧਾਨ ਕਰਦਾ ਹੈ। ਪਰ ਮਨੁਖੀ ਤੱਤ ਹਰ ਇਕਲੇ ਵਿਅਕਤੀ ਵਿਚ ਲੁਪਤ ਕੋਈ ਸੂਖਮਤਾ ਨਹੀਂ। ਅਸਲ ਵਿਚ ਇਹ ਸਮਾਜੀ ਸੰਬੰਧਾਂ ਦਾ ਸਮੂਹ ਹੈ।

ਫ਼ਿਊਰਬਾਖ਼, ਜਿਹੜਾ ਇਸ ਅਸਲੀ ਤੱਤ ਦੀ ਪੜਚੋਲ ਨਹੀਂ ਕਰਦਾ, ਇਹਦੇ ਸਿੱਟੇ ਵਜੋਂ ਮਜਬੂਰ ਹੁੰਦਾ ਹੈ:

੧) ਇਤਿਹਾਸਕ ਅਮਲ ਤੋਂ ਤੱਤ ਕੱਢਣ ਅਤੇ ਧਾਰਮਕ ਭਾਵਨਾ (Gemüt) ਨੂੰ ਆਪਣੇ ਆਪ ਵਿਚ ਕੁਝ ਹੋਣ ਵਜੋਂ ਮਿਥਣ ਅਤੇ ਇਕ ਖ਼ਿਆਲੀ — **ਵਿਰਕਤ** — ਮਨੁਖ ਨੂੰ ਪਹਿਲਾਂ ਤੋਂ ਹੀ ਮਿੱਥ ਲੈਣ ਤੇ;

੨) ਇਸ ਲਈ ਉਸ ਵਿਚ ਮਨੁਖੀ ਤੱਤ ਨੂੰ ਕੇਵਲ ਇਕ "ਜਿਨਸ" ਵਜੋਂ ਹੀ ਸਮਝਿਆ ਜਾ ਸਕਦਾ ਹੈ, ਇਕ ਅੰਤ੍ਰੀਵ, ਗੁੰਗੀ ਆਮੀਅਤ ਵਜੋਂ ਹੀ ਸਮਝਿਆ ਜਾ ਸਕਦਾ ਹੈ ਜਿਹੜੀ ਅਨੇਕ ਵਿਅਕਤੀਆਂ ਨੂੰ ਕੇਵਲ **ਸੁਭਾਵਕ ਤੌਰ ਤੇ** ਹੀ ਜੋੜਦੀ ਹੈ।

੭

ਇਹਦੇ ਸਿੱਟੇ ਵਜੋਂ ਫ਼ਿਊਰਬਾਖ਼ ਇਹ ਨਹੀਂ ਵੇਖਦਾ ਕਿ "ਧਾਰਮਕ ਭਾਵਨਾ" ਆਪਣੇ ਆਪ ਵਿਚ ਇਕ **ਸਮਾਜੀ ਉਪਜ** ਹੈ ਅਤੇ ਇਹ ਕਿ ਖ਼ਿਆਲੀ ਮਨੁਖ, ਜਿਸਦਾ ਉਹ ਵਿਸ਼ਲੇਸ਼ਣ ਕਰਦਾ ਹੈ, ਅਸਲ ਵਿਚ ਸਮਾਜ ਦੇ ਇਕ ਵਿਸ਼ੇਸ਼ ਰੂਪ ਦਾ ਹਿੱਸਾ ਹੈ।

੮

ਸਮਾਜੀ ਜੀਵਨ ਬੁਨਿਆਦੀ ਤੌਰ ਤੇ **ਅਮਲੀ** ਹੈ। ਸਭਨਾਂ ਭੇਤਾਂ ਦਾ, ਜਿਹੜੇ ਸਿਧਾਂਤ ਨੂੰ ਰਹੱਸਵਾਦ ਵੱਲ ਲਿਜਾਂਦੇ ਹਨ, ਮੰਤਕੀ ਹਲ ਮਨੁਖੀ ਅਮਲ ਵਿਚ ਅਤੇ ਇਸ ਅਮਲ ਨੂੰ ਸਮਝਣ ਵਿਚ ਹੈ।

੯

**ਅੰਤਰਧਿਆਨੀ** ਪਦਾਰਥਵਾਦ ਨੇ, ਅਰਥਾਤ ਉਸ ਪਦਾਰਥਵਾਦ ਨੇ ਜਿਹੜਾ ਇੰਦਰੀਅਤਾ ਨੂੰ ਅਮਲੀ ਸਰਗਰਮੀ ਵਜੋਂ ਨਹੀਂ ਸਮਝਦਾ, ਜਿਹੜਾ ਉਚੇ ਤੋਂ ਉਚਾ ਨੁਕਤਾ ਪ੍ਰਾਪਤ ਕੀਤਾ ਹੈ ਉਹ "ਨਾਗਰਿਕ ਸਮਾਜ" ਅੰਦਰ ਵਿਅਕਤੀਆਂ ਨੂੰ ਵਿਚਾਰਨਾ ਹੈ।

੧੦

ਪੁਰਾਣੇ ਪਦਾਰਥਵਾਦ ਦਾ ਦ੍ਰਿਸ਼ਟੀਕੋਣ "**ਨਾਗਰਿਕ**" ਸਮਾਜ ਹੈ; ਨਵੇਂ ਪਦਾਰਥਵਾਦ ਦਾ ਦ੍ਰਿਸ਼ਟੀਕੋਣ **ਮਨੁਖੀ** ਸਮਾਜ ਜਾਂ ਸਮਾਜੀਕਰਿਤ ਮਨੁਖਤਾ ਹੈ।

੧੧

ਦਾਰਸ਼ਨਵੇਤਾਵਾਂ ਨੇ ਕੇਵਲ ਵੱਖ ਵੱਖ ਢੰਗਾਂ ਨਾਲ ਦੁਨੀਆਂ ਦੀ **ਵਿਆਖਿਆ ਕੀਤੀ ਹੈ**; ਪਰ ਅਸਲ ਨੁਕਤਾ ਇਹਨੂੰ **ਤਬਦੀਲ ਕਰਨਾ** ਹੈ।

੧੮੪੫ ਦੀ ਬਸੰਤ ਵਿਚ
ਲਿਖਿਆ ਗਿਆ

ਮੂਲ ਪਾਠ ਜਰਮਨ ਵਿਚ ਹੈ

### ਕਾਰਲ ਮਾਰਕਸ ਅਤੇ ਫ਼ਰੈਡਰਿਕ ਏਂਗਲਜ਼

# ਜਰਮਨ ਵਿਚਾਰਧਾਰਾ

## (ਪਹਿਲੇ ਕਾਂਡ ਵਿਚੋਂ)

...ਇਸ ਲਈ ਤੱਥ ਇਹ ਹੈ ਕਿ ਨਿਸ਼ਚਿਤ ਵਿਅਕਤੀ, ਜਿਹੜੇ ਉਤਪਾਦਕ ਤੌਰ ਤੇ ਨਿਸ਼ਚਿਤ ਢੰਗ ਨਾਲ ਸਰਗਰਮ ਹਨ, ਨਿਸ਼ਚਿਤ ਸਮਾਜੀ ਅਤੇ ਰਾਜਸੀ ਸੰਬੰਧ ਸਥਾਪਤ ਕਰਦੇ ਹਨ। ਪ੍ਰਯੋਗਕ ਪੜਤਾਲ ਲਈ ਜ਼ਰੂਰੀ ਹੈ ਕਿ ਹਰ ਵਖਰੀ ਹਾਲਤ ਵਿਚ — ਪ੍ਰਯੋਗਕ ਤੌਰ ਤੇ, ਅਤੇ ਕਿਸੇ ਭੌਂਦਲਾਹਟ ਅਤੇ ਕਿਆਸ ਤੋਂ ਬਿਨਾਂ — ਸਮਾਜੀ ਅਤੇ ਰਾਜਸੀ ਬਣਤਰ ਦੇ ਉਤਪਾਦਨ ਨਾਲ ਸੰਬੰਧ ਨੂੰ ਪੇਸ਼ ਕਰੇ। ਸਮਾਜੀ ਬਣਤਰ ਅਤੇ ਰਾਜ ਨਿਸ਼ਚਿਤ ਵਿਅਕਤੀਆਂ ਦੇ ਜੀਵਨ-ਅਮਲ ਵਿਚੋਂ ਨਿਰੰਤਰ ਉਭਰਦੇ ਹਨ, ਪਰ ਇਹਨਾਂ ਵਿਅਕਤੀਆਂ ਦੇ, ਉਸ ਰੂਪ ਵਿਚੋਂ ਨਹੀਂ ਜਿਸ ਵਿਚ ਉਹ ਖ਼ੁਦ ਆਪਣੀ ਜਾਂ ਹੋਰਨਾਂ ਲੋਕਾਂ ਦੀ ਕਲਪਨਾ ਵਿਚ ਜਾਪਦੇ ਹਨ, ਸਗੋਂ ਜਿਹੋ ਜਿਹੇ ਉਹ **ਵਾਸਤਵ ਵਿਚ** ਹਨ, ਅਰਥਾਤ, ਜਿਵੇਂ ਉਹ ਅਮਲ ਕਰਦੇ ਹਨ, ਪਦਾਰਥਕ ਤੌਰ ਤੇ ਉਤਪਾਦਨ ਕਰਦੇ ਹਨ, ਅਤੇ ਇਹਦੇ ਸਿੱਟੇ ਵਜੋਂ ਜਿਵੇਂ ਉਹ ਨਿਸ਼ਚਿਤ ਪਦਾਰਥਕ ਹੱਦਾਂ, ਪੂਰਬ-ਮਿਥਾਂ ਅਤੇ ਸ਼ਰਤਾਂ ਅਧੀਨ ਕੰਮ ਕਰਦੇ ਹਨ ਜਿਹੜੀਆਂ ਉਹਨਾਂ ਦੀ ਆਜ਼ਾਦ ਇਛਾ ਉਤੇ ਨਿਰਭਰ ਨਹੀਂ।

ਵਿਚਾਰਾਂ ਦਾ, ਸੰਕਲਪਾਂ ਦਾ, ਚੇਤਨਤਾ ਦਾ ਉਤਪਾਦਨ ਮੁਢ ਤੋਂ ਹੀ ਮਨੁਖਾਂ ਦੀ ਪਦਾਰਥਕ ਸਰਗਰਮੀ ਨਾਲ ਅਤੇ ਪਦਾਰਥਕ ਵਰਤੋਂ-ਵਿਹਾਰ, ਜੀਵਨ ਦੀ ਯਥਾਰਥਕ ਭਾਸ਼ਾ ਨਾਲ ਤਾਣਾ ਬਾਣਾ ਮਿਲ ਜਾਂਦਾ ਹੈ। ਮਨੁਖਾਂ ਦੇ ਸੰਕਲਪਾਂ, ਸੋਚਣ ਦਾ ਉਤਪਾਦਨ ਉਹਨਾਂ ਦਾ ਦਿਮਾਗੀ ਵਰਤੋਂ-ਵਿਹਾਰ ਇਸ ਪੜਾਅ ਉਤੇ ਉਹਨਾਂ ਦੀ ਪਦਾਰਥਕ ਪ੍ਰਸਥਿਤੀ ਤੋਂ ਸਿਧਾ ਉਗੰਮਦਾ ਹੈ। ਕਿਸੇ ਕੌਮ ਦੀ ਰਾਜਨੀਤੀ, ਕਾਨੂੰਨਾਂ, ਸਦਾਚਾਰ, ਧਰਮ, ਪਰਾਭੌਤਿਕਵਾਦ, ਆਦਿ ਵਿਚ ਪ੍ਰਗਟ ਹੋਏ ਦਿਮਾਗੀ ਉਤਪਾਦਨ ਬਾਰੇ ਵੀ ਇਹੋ ਗੱਲ ਠੀਕ ਹੈ। ਮਨੁਖਾਂ ਦੇ ਸੰਕਲਪਾਂ, ਵਿਚਾਰਾਂ, ਆਦਿ ਦੇ ਉਤਪਾਦਕ ਮਨੁਖ ਹਨ, ਅਰਥਾਤ ਯਥਾਰਥਕ, ਸਰਗਰਮ ਮਨੁਖ, ਜਿਵੇਂ ਕਿ ਉਹ ਆਪਣੀਆਂ ਉਤਪਾਦਕ ਸ਼ਕਤੀਆਂ ਦੇ, ਅਤੇ ਇਹਦੇ ਅਨੁਸਾਰੀ ਵਰਤੋਂ-ਵਿਹਾਰ ਦੇ, ਇਹਦੇ

ਅਤਿ-ਅੰਤ ਰੂਪਾਂ ਦੇ ਨਿਸ਼ਚਿਤ ਵਿਕਾਸ ਰਾਹੀਂ ਡੌਲੇ ਗਏ ਹਨ। ਚੇਤਨਤਾ [das Bewußtsein] ਚੇਤੰਨ ਹੋਂਦ [das bewußte Sein] ਤੋਂ ਬਿਨਾਂ ਕਦੀ ਕੁਝ ਹੋਰ ਹੋ ਹੀ ਨਹੀਂ ਸਕਦੀ ਅਤੇ ਮਨੁਖਾਂ ਦੀ ਹੋਂਦ ਉਹਨਾਂ ਦਾ ਵਾਸਤਵਿਕ ਜੀਵਨ-ਅਮਲ ਹੈ। ਜੇ ਸਭ ਤਰ੍ਹਾਂ ਦੀ ਵਿਚਾਰਧਾਰਾ ਵਿਚ ਮਨੁਖ ਅਤੇ ਉਹਨਾਂ ਦੇ ਸੰਬੰਧ ਉਸੇ ਤਰ੍ਹਾਂ ਸਿਰ ਭਾਰ ਜਾਪਦੇ ਹਨ ਜਿਵੇਂ camera obscura * ਵਿਚ ਤਾਂ ਇਹ ਵਰਤਾਰਾ ਐਨ ਉਸੇ ਤਰ੍ਹਾਂ ਉਹਨਾਂ ਦੇ ਇਤਿਹਾਸਕ ਜੀਵਨ-ਅਮਲ ਵਿਚੋਂ ਉਗੰਮਦਾ ਹੈ ਜਿਵੇਂ ਉਹਨਾਂ ਦੇ ਭੌਤਕ ਜੀਵਨ-ਅਮਲ ਵਿਚ ਅਖ ਦੇ ਪਰਦੇ ਉਤੇ ਵਸਤੂ ਉਲਟੀ ਹੋ ਜਾਂਦੀ ਹੈ।

ਜਰਮਨ ਦਰਸ਼ਨ ਦੇ ਸਿਧੇ ਉਲਟ, ਜਿਹੜਾ ਅਸਮਾਨ ਤੋਂ ਧਰਤੀ ਉਤੇ ਆਉਂਦਾ ਹੈ, ਇਥੇ ਮਾਮਲਾ ਧਰਤੀ ਤੋਂ ਅਸਮਾਨ ਵੱਲ ਉਠਣ ਦਾ ਹੈ। ਇਹਦਾ ਅਰਥ ਇਹ ਹੈ ਅਸੀਂ ਉਸ ਤੋਂ ਮੁਢ ਨਹੀਂ ਬੰਨ੍ਹਦੇ ਜੋ ਮਨੁਖ ਕਹਿੰਦੇ, ਕਲਪਨਾ ਕਰਦੇ, ਸੰਕਲਪਦੇ ਹਨ, ਨਾ ਹੀ ਉਸ ਤੋਂ ਜਿਵੇਂ ਮਨੁਖਾਂ ਨੂੰ ਬਿਆਨ ਕੀਤਾ ਜਾਂਦਾ ਹੈ, ਉਹਨਾਂ ਬਾਰੇ ਸੋਚਿਆ ਜਾਂਦਾ ਹੈ, ਉਹਨਾਂ ਦੀ ਕਲਪਨਾ ਕੀਤੀ ਜਾਂਦੀ ਹੈ ਜਾਂ ਉਹਨਾਂ ਨੂੰ ਸੰਕਲਪਿਆ ਜਾਂਦਾ ਹੈ ਤਾਂ ਜੁ ਹਡ-ਮਾਸ ਦੇ ਮਨੁਖਾਂ ਤੱਕ ਅਪੜਿਆ ਜਾਵੇ; ਅਸੀਂ ਯਥਾਰਥਕ, ਸਰਗਰਮ ਮਨੁਖਾਂ ਤੋਂ ਮੁਢ ਬੰਨ੍ਹਦੇ ਹਾਂ ਅਤੇ ਉਹਨਾਂ ਦੇ ਯਥਾਰਥਕ ਜੀਵਨ-ਅਮਲਾਂ ਦੇ ਆਧਾਰ ਤੇ ਇਸ ਜੀਵਨ-ਅਮਲ ਦੇ ਵਿਚਾਰਧਾਰਕ ਪਰਤੌਆਂ ਅਤੇ ਗੂੰਜਾਂ ਦਾ ਵਿਕਾਸ ਵੇਖਦੇ ਹਾਂ। ਮਨੁਖਾਂ ਦੇ ਦਿਮਾਗ਼ਾਂ ਵਿਚ ਰੂਪ ਧਾਰਦੇ ਅਤਿ ਧੁੰਦਲੇ ਬਿੰਬ ਵੀ, ਲਾਜ਼ਮੀ ਤੌਰ ਤੇ, ਉਹਨਾਂ ਦੇ ਪਦਾਰਥਕ ਜੀਵਨ-ਅਮਲ ਦੇ ਜੌਹਰ ਹੀ ਹਨ, ਜਿਹੜਾ ਪ੍ਰਯੋਗਕ ਤੌਰ ਤੇ ਪਰਖੇ ਜਾ ਸਕਣ ਵਾਲਾ ਅਤੇ ਪਦਾਰਥਕ ਆਧਾਰਾਂ ਨਾਲ ਜੁੜਿਆ ਹੋਇਆ ਹੈ। ਇਸੇ ਲਈ ਸਦਾਚਾਰ, ਧਰਮ, ਪਰਾਭੌਤਿਕਵਾਦ ਅਤੇ ਹੋਰ ਸਾਰੀ ਵਿਚਾਰਧਾਰਾ ਦੀ ਅਤੇ ਉਹਨਾਂ ਦੇ ਅਨੁਸਾਰੀ ਚੇਤਨਤਾ ਦੇ ਰੂਪਾਂ ਦੀ ਜਾਪਦੀ ਸੁਤੰਤਰਤਾ ਨਹੀਂ ਰਹਿੰਦੀ। ਉਹਨਾਂ ਦਾ ਕੋਈ ਇਤਿਹਾਸ, ਉਹਨਾਂ ਦਾ ਕੋਈ ਵਿਕਾਸ ਨਹੀਂ; ਪਰ ਆਪਣਾ ਪਦਾਰਥਕ ਉਤਪਾਦਨ ਅਤੇ ਆਪਣਾ ਪਦਾਰਥਕ ਵਰਤੋਂ-ਵਿਹਾਰ ਵਿਕਸਤ ਕਰਦੇ ਹੋਏ ਮਨੁਖ, ਆਪਣੇ ਵਾਸਤਵਿਕ ਸੰਸਾਰ ਦੇ ਨਾਲ ਹੀ ਨਾਲ ਆਪਣੀ ਸੋਚ ਅਤੇ ਆਪਣੀ ਸੋਚ ਦੀਆਂ ਉਪਜਾਂ ਨੂੰ ਵੀ ਤਬਦੀਲ ਕਰਦੇ ਹਨ। ਇਹ ਚੇਤਨਤਾ ਨਹੀਂ ਜਿਹੜੀ ਜੀਵਨ ਨੂੰ ਮਿਥਦੀ ਹੈ ਸਗੋਂ ਜੀਵਨ ਚੇਤਨਤਾ ਨੂੰ ਮਿਥਦਾ ਹੈ। ਪਹੁੰਚ ਦੇ ਪਹਿਲੇ ਢੰਗ ਲਈ ਆਦਿ-ਬਿੰਦੂ ਚੇਤਨਤਾ ਹੈ, ਜਿਸਨੂੰ ਜਿਉਂਦੇ ਵਿਅਕਤੀ ਦੇ ਰੂਪ ਵਿਚ ਲਿਆ ਗਿਆ ਹੈ; ਪਹੁੰਚ ਦੇ ਦੂਜੇ ਢੰਗ ਲਈ, ਜਿਹੜਾ ਯਥਾਰਥਕ ਜੀਵਨ ਦਾ ਅਨੁਸਾਰੀ ਹੈ,

---

* ਫ਼ੋਟੋ ਖਿਚਣ ਵਾਲਾ ਕੈਮਰਾ। — ਅਨੁ:

ਇਹ ਅਸਲੀ ਜਿਉਂਦੇ ਵਿਅਕਤੀ ਹਨ ਅਤੇ ਚੇਤਨਤਾ ਨੂੰ ਕੇਵਲ **ਉਹਨਾਂ ਦੀ** ਚੇਤਨਤਾ ਵਜੋਂ ਵਿਚਾਰਿਆ ਜਾਂਦਾ ਹੈ।...

* * *

ਇਸ ਲਈ ਚੇਤਨਤਾ ਐਨ ਮੁਢ ਤੋਂ ਹੀ ਇਕ ਸਮਾਜੀ ਉਪਜ ਹੈ, ਅਤੇ ਉਦੋਂ ਤੱਕ ਇਹੋ ਕੁਝ ਰਹਿੰਦੀ ਹੈ ਜਦੋਂ ਤੱਕ ਮਨੁਖਾਂ ਦੀ ਉਕਾ ਪੁਕਾ ਹੋਂਦ ਹੈ। ਚੇਤਨਤਾ, ਸਭ ਤੋਂ ਪਹਿਲਾਂ ਨਿਰਸੰਦੇਹ, ਕੇਵਲ **ਫ਼ੌਰੀ** ਇੰਦਰਿਆਵੀ ਆਲੇ ਦੁਆਲੇ ਦੀ ਚੇਤਨਤਾ ਹੈ ਅਤੇ ਸਵੈ-ਚੇਤੰਨ ਹੋ ਰਹੇ ਵਿਅਕਤੀ ਤੋਂ ਬਾਹਰਲੇ ਮਨੁਖਾਂ ਅਤੇ ਵਸਤਾਂ ਨਾਲ ਸੀਮਤ ਸੰਬੰਧ ਦੀ ਚੇਤਨਤਾ ਹੈ; ਇਹਦੇ ਨਾਲ ਹੀ ਨਾਲ ਇਹ ਪ੍ਰਕਿਰਤੀ ਦੀ ਚੇਤਨਤਾ ਹੈ, ਜਿਹੜੀ ਪਹਿਲਾਂ ਪਹਿਲ ਇਕ ਉੱਕਾ ਹੀ ਓਪਰੀ, ਸਰਬ-ਸ਼ਕਤੀਮਾਨ ਅਤੇ ਅਜਿੱਤ ਸ਼ਕਤੀ ਵਜੋਂ ਮਨੁਖ ਦੇ ਸਨਮੁਖ ਆਉਂਦੀ ਹੈ, ਜਿਸ ਨਾਲ ਮਨੁਖ ਦੇ ਸੰਬੰਧ ਖ਼ਾਲਸ ਪਸ਼ੂਆਂ ਵਾਲੇ ਹਨ ਅਤੇ ਜਿਸ ਤੋਂ ਉਹ ਪਸ਼ੂਆਂ ਵਾਂਗ ਡਰਦੇ ਹਨ; ਇਉਂ ਇਹ ਪ੍ਰਕਿਰਤੀ ਦੀ ਖ਼ਾਲਸ ਪਸ਼ੂਆਂ ਵਾਲੀ ਚੇਤਨਤਾ ਹੈ (ਪ੍ਰਾਕਿਰਤਕ ਪੂਜਾ)।

ਇਹ ਗੱਲ ਇਕ ਦਮ ਸਪਸ਼ਟ ਹੈ: ਇਹ ਪ੍ਰਾਕਿਰਤਕ ਪੂਜਾ ਜਾਂ ਪ੍ਰਕਿਰਤੀ ਵੱਲ ਇਹ ਵਿਸ਼ੇਸ਼ ਵਤੀਰਾ ਸਮਾਜ ਦੇ ਰੂਪ ਰਾਹੀਂ ਮਿਥਿਆ ਜਾਂਦਾ ਹੈ ਅਤੇ ਇਹਦੇ ਉਲਟ ਵੀ ਸੱਚ ਹੈ। ਇਥੇ, ਜਿਵੇਂ ਹੋਰ ਹਰ ਥਾਂ, ਮਨੁਖ ਅਤੇ ਪ੍ਰਕਿਰਤੀ ਦੀ ਇਕ-ਮਿਕਤਾ ਇਸ ਢੰਗ ਨਾਲ ਪ੍ਰਗਟ ਹੁੰਦੀ ਹੈ ਕਿ ਪ੍ਰਕਿਰਤੀ ਵੱਲ ਮਨੁਖਾਂ ਦਾ ਸੀਮਤ ਵਤੀਰਾ, ਇਕ ਦੂਜੇ ਨਾਲ ਉਹਨਾਂ ਦੇ ਸੀਮਤ ਸੰਬੰਧ ਮਿਥਦਾ ਹੈ ਅਤੇ ਇਕ ਦੂਜੇ ਵੱਲ ਉਹਨਾਂ ਦਾ ਸੀਮਤ ਵਤੀਰਾ ਪ੍ਰਕਿਰਤੀ ਨਾਲ ਉਹਨਾਂ ਦੇ ਸੀਮਤ ਸੰਬੰਧ ਮਿਥਦਾ ਹੈ ਐਨ ਇਸ ਕਰਕੇ ਕਿ ਅਜੇ ਤੱਕ ਇਤਿਹਾਸ ਨੇ ਪ੍ਰਕਿਰਤੀ ਵਿਚ ਘਟ ਵਧ ਹੀ ਤਬਦੀਲੀ ਕੀਤੀ ਹੈ; ਦੂਜੇ ਹੱਥ, ਆਲੇ ਦੁਆਲੇ ਹੋਰ ਮਨੁਖਾਂ ਨਾਲ ਜੁੜਨ ਦੀ ਲੋੜ ਦੀ ਚੇਤਨਤਾ ਸਮਾਜ ਵਿਚ ਰਹਿੰਦੇ ਹੋਣ ਦੀ ਚੇਤਨਤਾ ਦਾ ਮੁਢ ਹੈ। ਇਹ ਮੁਢ ਉਸੇ ਤਰ੍ਹਾਂ ਪਸ਼ੂਆਂ ਜਿਹਾ ਹੈ ਜਿਸ ਤਰ੍ਹਾਂ ਇਸ ਪੜਾਅ ਉਤੇ ਖ਼ੁਦ ਸਮਾਜਕ ਜੀਵਨ; ਇਹ ਕੇਵਲ ਇਜੜ-ਚੇਤਨਤਾ ਹੈ ਅਤੇ ਇਸ ਨੁਕਤੇ ਤੇ ਮਨੁਖ ਭੇਡਾਂ ਤੋਂ ਕੇਵਲ ਇਸ ਪਖੋਂ ਵਖ ਹੈ ਕਿ ਉਹਦੇ ਵਿਚ ਚੇਤਨਤਾ ਅਨੁਭਵਤਾ ਦੀ ਥਾਂ ਲੈ ਲੈਂਦੀ ਹੈ ਜਾਂ ਇਹ ਕਿ ਉਹਦੀ ਅਨੁਭਵਤਾ ਚੇਤੰਨ ਹੈ। ਇਸ ਭੇਡਾਂ ਜਿਹੀ ਜਾਂ ਕਬਾਇਲੀ ਚੇਤਨਤਾ ਨੂੰ ਵਧੀ ਉਪਜਾਇਕਤਾ, ਲੋੜਾਂ ਵਿਚ ਵਾਧੇ ਅਤੇ ਜਿਹੜੀ ਗੱਲ ਇਹਨਾਂ ਦੁਹਾਂ ਲਈ ਬੁਨਿਆਦੀ ਹੈ ਵਸੋਂ ਵਿਚ ਵਾਧੇ ਨਾਲ ਵਿਕਾਸ ਅਤੇ ਵਾਧਾ ਪ੍ਰਾਪਤ ਹੋਇਆ। ਇਹਦੇ ਨਾਲ ਕਿਰਤ ਦੀ ਵੰਡ ਵਿਕਸਤ ਹੁੰਦੀ ਹੈ, ਜਿਹੜੀ ਮੁਢ ਵਿਚ ਲਿੰਗ-ਭੋਗ ਦੇ ਅਮਲ ਵਿਚ ਕਿਰਤ ਦੀ ਵੰਡ ਤੋਂ ਵਧ ਕੁਝ ਨਹੀਂ ਸੀ, ਫਿਰ ਕਿਰਤ ਦੀ ਉਹ ਵੰਡ ਜਿਹੜੀ ਪ੍ਰਾਕਿਰਤਕ ਪ੍ਰਵਿਰਤੀ [ਮਿਸਾਲ ਵਜੋਂ ਸਰੀਰਕ ਸ਼ਕਤੀ], ਲੋੜਾਂ, ਅਕਸਮਾਤ,

ਇਤਿ-ਆਦਿ, ਕਾਰਨ ਆਪ-ਮੁਹਾਰੇ ਜਾਂ "ਪ੍ਰਾਕਿਰਤਕ" ਤੌਰ ਤੇ ਵਿਕਸਤ ਹੁੰਦੀ ਹੈ। ਕਿਰਤ ਦੀ ਵੰਡ ਉਦੋਂ ਹੀ ਸਚਮੁਚ ਅਜਿਹੀ ਬਣਦੀ ਹੈ ਜਦੋਂ ਸਰੀਰਕ ਅਤੇ ਦਿਮਾਗ਼ੀ ਕਿਰਤ ਵਿਚ ਫ਼ਰਕ ਪ੍ਰਗਟ ਹੁੰਦਾ ਹੈ।* ਇਸ ਛਿਣ ਤੋਂ ਚੇਤਨਤਾ ਸਚਮੁਚ ਕਲਪਨਾ ਕਰ **ਸਕਦੀ** ਹੈ ਕਿ ਉਹ ਵਿਦਮਾਨ ਅਮਲ ਦੀ ਚੇਤਨਤਾ ਤੋਂ ਕੁਝ ਵਧ ਹੈ, ਕਿ ਇਹ ਕਿਸੇ ਵਾਸਤਵਿਕ ਸ਼ੈ ਦੀ ਕਲਪਨਾ ਕੀਤੇ ਬਿਨਾਂ **ਸਚਮੁਚ** ਕਿਸੇ ਸ਼ੈ ਦੀ ਕਲਪਨਾ ਕਰਦੀ ਹੈ; ਇਸ ਛਿਣ ਤੋਂ ਚੇਤਨਤਾ ਇਸ ਪ੍ਰਸਥਿਤੀ ਵਿਚ ਹੈ ਕਿ ਆਪਣੇ ਆਪ ਨੂੰ ਸੰਸਾਰ ਤੋਂ ਮੁਕਤ ਕਰ ਲਵੇ, "ਖ਼ਾਲਸ" ਸਿਧਾਂਤ, ਧਰਮ-ਸ਼ਾਸਤ੍ਰ, ਦਰਸ਼ਨ, ਸਦਾਚਾਰ, ਆਦਿ, ਘੜਨਾ ਸ਼ੁਰੂ ਕਰ ਦੇਵੇ। ਪਰ ਜੇ ਇਹ ਸਿਧਾਂਤ, ਧਰਮ-ਸ਼ਾਸਤ੍ਰ ਦਰਸ਼ਨ, ਸਦਾਚਾਰ, ਆਦਿ, ਵਿਦਮਾਨ ਸੰਬੰਧਾਂ ਨਾਲ ਟਕਰਾਉਂਦੇ ਹਨ, ਅਜਿਹਾ ਕੇਵਲ ਤਾਂ ਹੀ ਹੋ ਸਕਦਾ ਹੈ ਕਿਉਂਕਿ ਵਿਦਮਾਨ ਸਮਾਜੀ ਸੰਬੰਧ ਵਿਦਮਾਨ ਉਤਪਾਦਕ ਸ਼ਕਤੀ ਨਾਲ ਟਕਰਾਉਂਦੇ ਹਨ। ਨਾਲੇ, ਸੰਬੰਧਾਂ ਦੇ ਕਿਸੇ ਵਿਸ਼ੇਸ਼ ਕੌਮੀ ਖੇਤਰ ਵਿਚ ਇਹ ਟਕਰਾਅ ਰਾਹੀਂ ਹੀ ਉਪਜ ਸਕਦੇ ਹਨ, ਜਿਹੜਾ ਕੌਮੀ ਘੇਰੇ ਵਿਚ ਨਹੀਂ ਪੈਦਾ ਹੁੰਦਾ, ਸਗੋਂ ਕੌਮੀ ਚੇਤਨਤਾ ਅਤੇ ਹੋਰਨਾਂ ਕੌਮਾਂ ਦੇ ਅਮਲ ਵਿਚਕਾਰ ਟਕਰਾਅ ਰਾਹੀਂ,** ਅਰਥਾਤ, ਕੌਮੀ ਅਤੇ ਕਿਸੇ ਕੌਮ ਦੀ ਆਮ ਚੇਤਨਤਾ ਵਿਚਕਾਰ ਟਕਰਾਅ ਰਾਹੀਂ ਉਪਜ ਸਕਦਾ ਹੈ (ਜਿਵੇਂ ਅਜ ਕਲ ਜਰਮਨੀ ਵਿਚ ਹੋ ਰਿਹਾ ਹੈ)।

ਬਾਕੀ, ਇਸ ਨਾਲ ਉੱਕਾ ਹੀ ਕੋਈ ਫ਼ਰਕ ਨਹੀਂ ਪੈਂਦਾ ਕਿ ਚੇਤਨਤਾ ਆਪਣੇ ਆਪ ਕੀ ਕਰਨਾ ਸ਼ੁਰੂ ਕਰਦੀ ਹੈ; ਇਸ ਸਾਰੇ ਕਾਠ-ਕਬਾੜ ਵਿਚੋਂ ਸਾਨੂੰ ਇਕੋ ਇਕ ਸਿੱਟਾ ਮਿਲਦਾ ਹੈ ਕਿ ਇਹ ਤਿੰਨ ਅੰਸ਼—ਉਤਪਾਦਕ ਸ਼ਕਤੀ, ਸਮਾਜ ਦੀ ਪ੍ਰਸਥਿਤੀ ਅਤੇ ਚੇਤਨਤਾ—ਇਕ ਦੂਜੇ ਨਾਲ ਟਕਰਾ ਸਕਦੇ ਹਨ ਅਤੇ ਉਹਨਾਂ ਨੂੰ ਜ਼ਰੂਰ ਟਕਰਾਉਣਾ ਚਾਹੀਦਾ ਹੈ, ਕਿਉਂਕਿ **ਕਿਰਤ ਦੀ ਵੰਡ** ਵਿਚ ਇਹ ਸੰਭਾਵਨਾ, ਸਗੋਂ ਤੱਥ, ਲੁਪਤ ਹੈ ਕਿ ਬੌਧਕ ਅਤੇ ਪਦਾਰਥਕ ਸਰਗਰਮੀ—ਭੋਗਣਾ ਅਤੇ ਕਿਰਤ, ਉਤਪਾਦਨ ਅਤੇ ਖਪਤ,—ਵਖ ਵਖ ਲੋਕਾਂ ਦੇ ਹਿੱਸੇ ਆਉਂਦੇ ਹਨ ਅਤੇ ਇਹ ਕਿ ਉਹਨਾਂ ਵਿਚਕਾਰ ਟਕਰਾਅ ਖ਼ਤਮ ਹੋਣ ਦੀ ਇਕੋ ਇਕ ਸੰਭਾਵਨਾ ਆਪਣੀ ਵਾਰੀ ਕਿਰਤ ਦੀ ਵੰਡ ਦੇ ਨਖੇਧ ਵਿਚ ਹੈ। ਨਾਲੇ, ਇਹ ਗੱਲ ਸਵੈ-ਪ੍ਰਤਖ ਹੈ ਕਿ "ਪ੍ਰੇਤ", "ਬੰਧਨ," "ਉਚੇਰੀ ਹੱਸਤੀ", "ਮਨੋਭਾਵ," "ਸੰਕੋਚ," ਕੇਵਲ ਆਦਰਸ਼ਵਾਦੀ, ਧਾਰਮਕ ਪ੍ਰਗਟਾਅ ਹਨ, ਨਵੇਕਲੇ ਜਾਪਦੇ ਵਿਅਕਤੀ ਦਾ ਵਿਚਾਰ

---

*[ਹਾਸ਼ੀਏ ਉਤੇ ਮਾਰਕਸ ਵਲੋਂ ਨੋਟ:] "ਵਿਚਾਰਧਾਰਕਾਂ ਦਾ ਪਹਿਲਾ ਰੂਪ ਇਹਦੇ ਨਾਲ ਸਗਵਾਂ ਹੈ—**ਪਾਦਰੀ**"।—**ਸੰਪਾ:**

**[ਹਾਸ਼ੀਏ ਉਤੇ ਮਾਰਕਸ ਵਲੋਂ ਨੋਟ:] **ਧਰਮ**। ਜਰਮਨ ਨਰੋਲ **ਵਿਚਾਰਧਾਰਾ** ਸਹਿਤ।—**ਸੰਪਾ:**

ਹਨ, ਐਨ ਪ੍ਰਯੋਗਕ ਸੰਗਲਾਂ ਅਤੇ ਮਜਬੂਰੀਆਂ ਦੇ ਕੇਵਲ ਬਿੰਬ ਹੀ ਹਨ, ਜਿਨ੍ਹਾਂ ਦੇ ਅੰਦਰ ਜੀਵਨ ਦੇ ਉਤਪਾਦਨ ਦੇ ਢੰਗ ਅਤੇ ਇਹਦੇ ਨਾਲ ਜੁੜੇ ਵਰਤੋਂ-ਵਿਹਾਰ ਦੇ ਰੂਪ ਗਤੀਮਾਨ ਹਨ।...

* * *

ਇਸ ਲਈ ਇਤਿਹਾਸ ਦੇ ਇਸ ਸੰਕਲਪ ਦਾ ਆਧਾਰ ਹੈ ਉਤਪਾਦਨ ਦੇ ਵਾਸਤਵਿਕ ਅਮਲ ਦੀ ਵਿਆਖਿਆ ਕਰਨਾ, ਜਿਸ ਵਿਚ ਖ਼ੁਦ ਤਤਕਾਲੀਨ ਜੀਵਨ ਦਾ ਪਦਾਰਥਕ ਉਤਪਾਦਨ ਆਦਿ-ਬਿੰਦੂ ਹੋਵੇ, ਉਤਪਾਦਨ ਦੇ ਇਸ ਢੰਗ ਨਾਲ ਸੰਬੰਧਤ ਅਤੇ ਉਸ ਵਲੋਂ ਸਿਰਜੇ ਵਰਤੋਂ-ਵਿਹਾਰ ਦੇ ਢੰਗ—ਅਰਥਾਤ ਇਹਦੇ ਵਖ ਵਖ ਪੜਾਆਂ ਉਤੇ ਸ਼ਹਿਰੀ * ਸਮਾਜ—ਨੂੰ ਸਮੁਚੇ ਇਤਿਹਾਸ ਦਾ ਆਧਾਰ ਜਾਣਨ ਉਤੇ ਟੇਕ ਰਖਣਾ; ਰਾਜ ਦੇ ਰੂਪ ਵਿਚ ਇਹਦੇ ਅਮਲਾਂ ਨੂੰ ਬਿਆਨ ਕਰਦੇ ਹੋਏ ਅਤੇ ਇਹ ਵਿਆਖਿਆ ਵੀ ਕਰਦੇ ਹੋਏ ਕਿ ਚੇਤਨਤਾ ਦੀਆਂ ਵਖ ਵਖ ਉਪਜਾਂ ਅਤੇ ਰੂਪ, ਧਰਮ, ਦਰਸ਼ਨ, ਸਦਾਚਾਰ, ਇਤਿ-ਆਦਿ, ਸਭ ਇਸ ਤੋਂ ਪੈਦਾ ਹੁੰਦੇ ਹਨ ਅਤੇ ਇਸ ਆਧਾਰ ਉਤੇ ਉਹਨਾਂ ਦੇ ਰੂਪ ਧਾਰਨ ਦੇ ਅਮਲ ਨੂੰ ਖੋਜਣਾ। ਇਉਂ ਇਹਦੀ ਸੰਪੂਰਨਤਾ ਦੇ ਅਮਲ ਨੂੰ (ਅਤੇ ਇਸੇ ਲਈ ਇਹਨਾਂ ਵਖ ਵਖ ਪੱਖਾਂ ਦੇ ਇਕ ਦੂਜੇ ਉਤੇ ਆਪਸੀ ਅਮਲ) ਨੂੰ ਵੀ ਪੇਸ਼ ਕੀਤਾ ਜਾ ਸਕਦਾ ਹੈ। ਇਤਿਹਾਸ ਦੇ ਆਦਰਸ਼ਵਾਦੀ ਸੰਕਲਪ ਤੋਂ ਉਲਟ ਇਤਿਹਾਸ ਦੇ ਇਸ ਸੰਕਲਪ ਨੂੰ ਹਰ ਜੁਗ ਵਿਚ ਕਿਸੇ ਵਰਗ ਦੀ ਭਾਲ ਨਹੀਂ ਕਰਨੀ ਪੈਂਦੀ ਸਗੋਂ ਇਹ ਸਦਾ ਇਤਿਹਾਸ ਦੀ ਵਾਸਤਵਿਕ **ਭੂਮੀ** ਉਤੇ ਰਹਿੰਦਾ ਹੈ; ਇਹ ਅਮਲ ਦੀ ਵਿਚਾਰ ਤੋਂ ਵਿਆਖਿਆ ਨਹੀਂ ਕਰਦਾ ਸਗੋਂ ਪਦਾਰਥਕ ਅਮਲ ਤੋਂ ਵਿਚਾਰਾਂ ਦਾ ਰੂਪ ਧਾਰਨਾ ਬਿਆਨ ਕਰਦਾ ਹੈ। ਇਸ ਅਨੁਸਾਰ ਇਸ ਸਿੱਟੇ ਉਤੇ ਅਪੜਦਾ ਹੈ ਕਿ ਦਿਮਾਗ਼ੀ ਪੜਚੋਲ ਰਾਹੀਂ, ਉਹਨਾਂ ਨੂੰ "ਸਵੈ-ਚੇਤਨਤਾ" ਵਿਚ ਢਾਲ ਕੇ ਜਾਂ "ਛਾਇਆ", "ਪ੍ਰੇਤਾਂ," "ਖ਼ਬਤਾਂ," ਆਦਿ, ਵਿਚ ਤਬਦੀਲ ਕਰਕੇ ਚੇਤਨਤਾ ਦੀਆਂ ਉਪਜਾਂ ਦਾ ਅੰਤ ਨਹੀਂ ਕੀਤਾ ਜਾ ਸਕਦਾ, ਸਗੋਂ ਉਹਨਾਂ ਵਾਸਤਵਿਕ ਸਮਾਜੀ ਸੰਬੰਧਾਂ ਦਾ ਤਖ਼ਤਾ ਉਲਟਾ ਕੇ ਹੀ ਕੀਤਾ ਜਾ ਸਕਦਾ ਹੈ, ਜਿਨ੍ਹਾਂ ਇਸ ਆਦਰਸ਼ਵਾਦੀ ਵਾਹਯਾਤੀ ਨੂੰ ਜਨਮ ਦਿਤਾ; ਕਿ ਪੜਚੋਲ ਨਹੀਂ ਸਗੋਂ ਇਨਕਲਾਬ ਇਤਿਹਾਸ ਦੀ ਚਾਲਕ ਸ਼ਕਤੀ ਹੈ, ਧਰਮ ਦੀ ਵੀ, ਦਰਸ਼ਨ ਦੀ ਵੀ ਅਤੇ ਹੋਰ ਹਰ ਤਰ੍ਹਾਂ ਦੇ ਸਿਧਾਂਤ ਦੀ ਵੀ। ਇਸ ਤੋਂ ਸਿਧ ਹੁੰਦਾ ਹੈ ਕਿ "ਆਤਮਾ ਦੀ ਆਤਮਾ" ਵਜੋਂ "ਸਵੈ-ਚੇਤਨਤਾ"

---

*ਮਧਕਾਲੀਨ ਯੂਰਪ ਵਿਚ ਇਕ ਜਮਾਤ ਜੋ ਸਭ ਤੋਂ ਪਹਿਲਾਂ ਜਿਨਸ ਦੇ ਉਤਪਾਦਨ ਤੇ ਵਪਾਰ ਵਿਚ ਜੁਟੀ।—**ਅਨੁ:**

ਵਿਚ ਹਲ ਹੋ ਜਾਣ ਨਾਲ ਇਤਿਹਾਸ ਦਾ ਅੰਤ ਨਹੀਂ ਹੋ ਜਾਂਦਾ, ਸਗੋਂ ਹਰ ਪੜਾਅ ਉਤੇ ਇਹਦੇ ਵਿਚ ਪਦਾਰਥਕ ਸਿੱਟਾ, ਉਤਪਾਦਕ ਸ਼ਕਤੀਆਂ ਦਾ ਜੋੜ ਹੁੰਦਾ ਹੈ, ਇਤਿਹਾਸਕ ਤੌਰ ਤੇ ਘੜਿਆ ਪ੍ਰਕਿਰਤੀ ਨਾਲ ਅਤੇ ਵਿਅਕਤੀਆਂ ਦਾ ਪ੍ਰਸਪਰ ਸੰਬੰਧ ਹੁੰਦਾ ਹੈ, ਪ੍ਰਸਪਰ, ਜਿਹੜਾ ਹਰ ਪੀੜ੍ਹੀ ਨੂੰ ਆਪਣੇ ਤੋਂ ਪਹਿਲੀ ਵਲੋਂ ਵਿਰਸੇ ਵਿਚ ਮਿਲਦਾ ਹੈ, ਉਤਪਾਦਕ ਸ਼ਕਤੀਆਂ, ਰਾਸ ਨਿਧੀਆਂ ਅਤੇ ਜੀਵਨ ਦੀਆਂ ਪ੍ਰਸਥਿਤੀਆਂ ਦਾ ਸਮੂਹ, ਜਿਸਨੂੰ ਨਿਰਸੰਦੇਹ ਇਕ ਹੱਥ ਨਵੀਂ ਪੀੜ੍ਹੀ ਤਬਦੀਲ ਕਰਦੀ ਹੈ ਪਰ ਜਿਹੜਾ ਦੂਜੇ ਹੱਥ, ਉਸ ਪੀੜ੍ਹੀ ਦੀਆਂ ਜੀਵਨ-ਪ੍ਰਸਥਿਤੀਆਂ ਮਿਥਦਾ ਹੈ ਅਤੇ ਉਹਨੂੰ ਇਕ ਨਿਸ਼ਚਿਤ ਵਿਕਾਸ, ਇਕ ਵਿਸ਼ੇਸ਼ ਖ਼ਾਸਾ ਦੇਂਦਾ ਹੈ। ਇਸ ਲਈ ਪ੍ਰਸਥਿਤੀਆਂ ਹੀ ਮਨੁਖ ਨੂੰ ਘੜਦੀਆਂ ਹਨ, ਐਨ ਉਸੇ ਤਰ੍ਹਾਂ ਜਿਵੇਂ ਮਨੁਖ ਪ੍ਰਸ਼ਥਿਤੀਆਂ ਨੂੰ ਘੜਦਾ ਹੈ। ਉਤਪਾਦਕ ਸ਼ਕਤੀਆਂ, ਰਾਸ ਨਿੱਧੀਆਂ ਅਤੇ ਸਮਾਜੀ ਵਰਤੋਂ-ਵਿਹਾਰ ਦੇ ਰੂਪਾਂ ਦਾ ਇਹ ਸਮੂਹ, ਜਿਹੜਾ ਹਰ ਵਿਅਕਤੀ ਅਤੇ ਹਰ ਪੀੜ੍ਹੀ ਨੂੰ ਪਹਿਲਾਂ ਤੋਂ ਹੋਂਦ ਵਿਚ ਮਿਲਦਾ ਹੈ, ਉਸ ਕੁਝ ਦਾ ਅਸਲ ਆਧਾਰ ਹੈ, ਜਿਸਨੂੰ ਦਾਰਸ਼ਨਿਕਾਂ ਨੇ "ਮੂਲ-ਤੱਤ" ਅਤੇ "ਮਨੁਖ ਦੇ ਤੱਤ" ਵਜੋਂ ਚਿਤਵਿਆ ਹੈ, ਅਤੇ ਜਿਸ ਨੂੰ ਉਹਨਾਂ ਦੇਵਤਿਆਇਆ ਹੈ ਅਤੇ ਜਿਸ ਵਿਰੁਧ ਉਹ ਲੜੇ ਹਨ, ਇਕ ਵਾਸਤਵਿਕ ਆਧਾਰ ਜਿਹੜਾ ਮਨੁਖ ਦੇ ਵਿਕਾਸ ਉਤੇ ਆਪਣੇ ਪ੍ਰਭਾਵ ਅਤੇ ਅਸਰ ਵਿਚ ਇਸ ਲਈ ਰੰਚਕ ਮਾਤਰ ਵੀ ਨਹੀਂ ਤਬਦੀਲ ਹੁੰਦਾ, ਜਿਸਨੂੰ ਇਹਨਾਂ ਦਾਰਸ਼ਨਿਕਾਂ ਨੇ "ਸਵੈ-ਚੇਤਨਤਾ" ਅਤੇ "ਅਦੁਤੀ" ਦਾ ਉਹਦੇ ਵਿਰੁਧ ਬਗ਼ਾਵਤ ਕਰਨਾ ਦਸਿਆ ਹੈ। ਵਖ ਵਖ ਪੀੜ੍ਹੀਆਂ ਦੀਆਂ ਇਹ ਪਹਿਲੋਂ ਹੀ ਵਿਦਮਾਨ ਜੀਵਨ ਦੀਆਂ ਪ੍ਰਸਥਿਤੀਆਂ, ਇਹ ਮਿਥਦੀਆਂ ਹਨ ਕਿ ਸਮੇਂ ਸਮੇਂ ਇਤਿਹਾਸ ਵਿਚ ਆਉਣ ਵਾਲੀਆਂ ਇਨਕਲਾਬੀ ਹਲਚਲਾਂ ਇੱਨੀਆਂ ਬਲਵਾਨ ਹਨ ਜਾਂ ਨਹੀਂ ਕਿ ਹਰ ਵਿਦਮਾਨ ਸ਼ੈ ਦੀ ਬੁਨਿਆਦ ਹਿਲਾ ਦੇਣ; ਜੇ ਮੁਕੰਮਲ ਕਾਇਆ-ਪਲਟ ਦੇ ਇਹ ਪਦਾਰਥਕ ਅੰਸ਼ ਮੌਜੂਦ ਨਹੀਂ ਹਨ, ਅਰਥਾਤ ਇਕ ਹੱਥ ਵਿਦਮਾਨ ਉਤਪਾਦਕ ਸ਼ਕਤੀਆਂ ਅਤੇ ਦੂਜੇ ਹੱਥ ਇਨਕਲਾਬੀ ਸਮੂਹ ਦੀ ਬਣਤਰ ਜਿਹੜਾ ਕੇਵਲ ਵਿਦਮਾਨ ਸਮਾਜ ਦੀਆਂ ਵਖ ਵਖ ਪ੍ਰਸਥਿਤੀਆਂ ਵਿਰੁਧ ਹੀ ਨਹੀਂ ਸਗੋਂ ਖ਼ੁਦ ਵਿਦਮਾਨ "ਜੀਵਨ-ਉਤਪਾਦਨ" ਵਿਰੁਧ, ਜਿਸ "ਸਮੁਚੀ ਸਰਗਰਮੀ" ਉਤੇ ਇਹ ਆਧਾਰਤ ਸੀ, ਉਸ ਵਿਰੁਧ ਬਗਾਵਤ ਕਰਦਾ ਹੈ—ਜੇ ਇਹ ਪਦਾਰਥਕ ਅੰਸ਼ ਪ੍ਰਾਪਤ ਨਹੀਂ ਅਮਲੀ ਵਿਕਾਸ ਲਈ ਇਸ ਦੀ ਉੱਕਾ ਹੀ ਕੋਈ ਅਹਿਮੀਅਤ ਨਹੀਂ, ਜਿਵੇਂ ਕਮਿਊਨਿਜ਼ਮ ਦਾ ਇਤਿਹਾਸ ਸਾਬਤ ਕਰਦਾ ਹੈ, ਕਿ ਇਸ ਇਨਕਲਾਬ ਦਾ **ਵਿਚਾਰ** ਪਹਿਲਾਂ ਸੌ ਵਾਰ ਸੂਤਰਬੱਧ ਕੀਤਾ ਗਿਆ ਹੈ ਜਾਂ ਨਹੀਂ।

ਇਤਿਹਾਸ ਦੇ ਇਸ ਤੋਂ ਪਹਿਲਾਂ ਦੇ ਸਮੁਚੇ ਸੰਕਲਪ ਵਿਚ ਇਤਿਹਾਸ ਦੇ ਇਸ ਵਾਸਤਵਿਕ ਆਧਾਰ ਨੂੰ ਜਾਂ ਤਾਂ ਉਕਾ ਹੀ ਅਖੋਂ ਉਹਲੇ ਕੀਤਾ ਜਾਂਦਾ ਰਿਹਾ ਹੈ ਜਾਂ

ਸੰਬਧੀ ਮਾਮਲਾ ਸਮਝਿਆ ਜਾਂਦਾ ਰਿਹਾ ਹੈ, ਜਿਹੜਾ ਇਤਿਹਾਸ ਦੀ ਰੌ ਨਾਲ ਉਕਾ ਹੀ ਅਸੰਬੰਧਤ ਹੈ। ਇਸ ਲਈ ਇਹ ਲਾਜ਼ਮੀ ਸੀ ਕਿ ਇਤਿਹਾਸ ਬਾਹਰਲੀ ਪੱਧਰ ਅਨੁਸਾਰ ਲਿਖਿਆ ਜਾਵੇ; ਵਾਸਤਵਿਕ ਜੀਵਨ-ਉਤਪਾਦਨ ਪੂਰਬ-ਇਤਿਹਾਸਕ ਜਾਪਦਾ ਹੈ, ਜਿਥੇ ਕਿ ਅਸਲ ਇਤਿਹਾਸਕ ਸਾਧਾਰਨ ਜੀਵਨ ਤੋਂ ਵਖ ਹੋਈ ਕਿਸੇ ਸ਼ੈ ਵਜੋਂ, ਕੁਝ ਅਤਿ-ਪਰਾ-ਭੂਮਿਆਈ ਜਾਪਦਾ ਹੈ। ਇਸ ਤਰ੍ਹਾਂ ਪ੍ਰਕਿਰਤੀ ਨਾਲ ਮਨੁਖ ਦੇ ਸੰਬੰਧ ਨੂੰ ਇਤਿਹਾਸ ਵਿਚੋਂ ਕੱਢ ਦਿਤਾ ਗਿਆ ਜਿਸਦੇ ਸਿੱਟੇ ਵਜੋਂ ਪ੍ਰਕਿਰਤੀ ਅਤੇ ਇਤਿਹਾਸ ਦਾ ਅੰਤਰ-ਵਿਰੋਧ ਸਿਰਜਿਆ ਗਿਆ। ਇਹਦੇ ਸਿੱਟੇ ਵਜੋਂ ਇਤਿਹਾਸ ਦੇ ਇਸ ਸੰਕਲਪ ਨੇ ਇਤਿਹਾਸ ਵਿਚ ਕੇਵਲ ਦਰਸ਼ਨੀ ਅਮਲ ਅਤੇ ਧਾਰਮਕ ਅਤੇ ਆਮ ਤੌਰ ਤੇ ਸਿਧਾਂਤਕ ਘੋਲ ਹੀ ਵੇਖੇ; ਵਿਸ਼ੇਸ਼ ਤੌਰ ਤੇ ਇਹਨੂੰ ਇਤਿਹਾਸਕ ਜੁਗ ਦੇ ਸੰਬੰਧ ਵਿਚ **ਉਸ ਜੁਗ ਦੇ ਭਰਮਾਂ ਵਿਚ ਭਿਆਲ ਹੋਣਾ ਪਿਆ।** ਮਿਸਾਲ ਵਜੋਂ ਜੇ ਕੋਈ ਜੁਗ ਇਹ ਫ਼ਰਜ਼ ਕਰਦਾ ਹੈ ਕਿ ਉਹਦੀ ਚਾਲਕ ਸ਼ਕਤੀ ਖ਼ਾਲਸ "ਰਾਜਸੀ" ਜਾਂ "ਧਾਰਮਕ" ਮੰਤਵ ਹਨ, ਭਾਵੇਂ "ਧਰਮ" ਅਤੇ "ਰਾਜਨੀਤੀ" ਇਹਦੇ ਅਸਲੀ ਮੰਤਵਾਂ ਦੇ ਰੂਪ ਹੀ ਹਨ, ਉਹਦੇ ਇਤਿਹਾਸਕਾਰ ਇਹ ਰਾਇ ਕਬੂਲ ਕਰ ਲੈਂਦਾ ਹੈ। ਆਪਣੇ ਵਾਸਤਵਿਕ ਅਮਲ ਬਾਰੇ ਇਹਨਾਂ ਨਿਸ਼ਚਿਤ ਲੋਕਾਂ ਦੀ "ਲਲ੍ਹ", "ਸੰਕਲਪ" ਨੂੰ ਇਕੋ ਇਕ ਨਿਰਣਾਇਕ ਅਤੇ ਕਾਰਗਰ ਸ਼ਕਤੀ ਵਿਚ ਤਬਦੀਲ ਕਰ ਦਿਤਾ ਜਾਂਦਾ ਹੈ, ਜਿਹੜੀ ਉਹਨਾਂ ਦੇ ਅਮਲ ਉਤੇ ਭਾਰੂ ਹੋ ਜਾਂਦੀ ਅਤੇ ਉਹਨੂੰ ਮਿਥਦੀ ਹੈ। ਜਦੋਂ ਕਿਰਤ ਦੀ ਉਹ ਆਦਿ-ਕਾਲੀਨ ਜਿਹੀ ਵੰਡ ਜਿਹੜੀ ਹਿੰਦੁਸਤਾਨੀਆਂ ਅਤੇ ਮਿਸਰੀਆਂ ਵਿਚ ਹੋਂਦ ਵਿਚ ਆਈ, ਉਹਨਾਂ ਦੇ ਰਾਜ ਅਤੇ ਧਰਮ ਵਿਚ ਵਰਣ-ਪ੍ਰਣਾਲੀ ਨੂੰ ਜਨਮ ਦੇਂਦੀ ਹੈ ਤਾਂ ਇਤਿਹਾਸਕਾਰ ਇਹ ਮੰਨ ਲੈਂਦਾ ਹੈ ਕਿ ਵਰਣ-ਪ੍ਰਣਾਲੀ ਉਹ ਸ਼ਕਤੀ ਹੈ ਜਿਸਨੇ ਉਹ ਕੋਝੇ ਸਮਾਜੀ ਰੂਪ ਪੈਦਾ ਕੀਤੇ ਹਨ।

ਜਿਥੇ ਅੰਗ੍ਰੇਜ਼ ਅਤੇ ਫ਼ਰਾਂਸੀਸੀ ਘਟੋ ਘਟ ਰਾਜਸੀ ਭਰਮ ਨੂੰ ਚੰਬੜੇ ਰਹਿੰਦੇ ਹਨ, ਜਿਹੜਾ ਘਟੋ ਘਟ ਵਾਸਤਵ ਦੇ ਵਧੇਰੇ ਨੇੜੇ ਹੈ, ਜਰਮਨ "ਖ਼ਾਲਸ ਆਤਮਾ" ਦੇ ਖੇਤਰ ਵਿਚ ਘੁੰਮਦੇ ਹਨ ਅਤੇ ਧਾਰਮਕ ਭਰਮ ਨੂੰ ਇਤਿਹਾਸ ਦੀ ਚਾਲਕ ਸ਼ਕਤੀ ਬਣਾ ਦੇਂਦੇ ਹਨ। ਹੀਗਲਵਾਦੀ ਇਤਿਹਾਸ ਦਾ ਦਰਸ਼ਨ ਸਾਰੇ ਜਰਮਨ ਇਤਿਹਾਸ-ਲੇਖਣ ਦਾ ਆਪਣੇ "ਅਤਿ-ਸਪਸ਼ਟ ਪ੍ਰਗਟਾਅ" ਤੱਕ ਘਟਾਇਆ ਅਖ਼ੀਰੀ ਸਿੱਟਾ ਹੈ, ਜਿਸ ਲਈ ਮਸਲਾ ਵਾਸਤਵਿਕ, ਜਾਂ ਇਥੋਂ ਤੱਕ ਕਿ ਰਾਜਸੀ ਹਿੱਤਾਂ ਦਾ ਨਹੀਂ, ਸਗੋਂ ਖ਼ਾਲਸ ਵਿਚਾਰਾਂ ਦਾ ਹੈ, ਜਿਹੜੇ ਫਿਰ ਸੇਂਟ ਬਰੂਨੋ ਨੂੰ ਅਜਿਹੇ "ਵਿਚਾਰਾਂ" ਦੀ ਇਕ ਲੜੀ ਵਜੋਂ ਦਿਸਦੇ ਹਨ, ਜਿਨ੍ਹਾਂ ਵਿਚੋਂ ਇਕ ਦੂਜੇ ਨੂੰ ਹੜਪਦਾ ਹੈ ਅਤੇ ਅਖ਼ੀਰ "ਸਵੈ-ਚੇਤਨਤਾ" ਤੱਕ ਨਿਘਰ ਜਾਂਦੇ ਹਨ। ਅਤੇ ਹੋਰ ਵਧੇਰੇ ਇਕਸਾਰਤਾ ਨਾਲ ਇਹ ਲਾਜ਼ਮੀ ਹੈ ਕਿ ਸੇਂਟ ਮਾਕਸ ਸ਼ਟਿਰਨਰ ਨੂੰ, ਜਿਸ ਨੂੰ ਅਸਲ ਇਤਿਹਾਸ

ਦਾ ਕੋਈ ਇਲਮ ਨਹੀਂ, ਇਤਿਹਾਸ ਦਾ ਇਹ ਪਰਵਾਹ ਕੇਵਲ "ਸੂਰਮਿਆਂ," ਡਾਕੂਆਂ ਅਤੇ ਭੂਤਾਂ ਦਾ ਕਿਸਾ ਹੀ ਜਾਪੇ, ਜਿਨ੍ਹਾਂ ਦੇ ਖ਼ਿਆਲੀ-ਰੂਪ ਤੋਂ ਉਹ ਆਪਣੇ ਆਪ ਨੂੰ ਕੇਵਲ ਨਾਸਤਕਤਾ ਰਾਹੀਂ ਹੀ ਬਚਾ ਸਕਦਾ ਹੈ। ਇਹ ਸੰਕਲਪ ਅਸਲ ਵਿਚ ਧਾਰਮਕ ਹੈ। ਇਹ ਧਾਰਮਕ ਮਨੁਖ ਨੂੰ ਆਦਿ-ਕਾਲੀਨ ਮਨੁਖ ਵਜੋਂ ਮਿਥ ਲੈਂਦਾ ਹੈ, ਜੋ ਸਾਰੇ ਇਤਿਹਾਸ ਦਾ ਸੋਮਾ ਹੈ ਅਤੇ ਆਪਣੀ ਕਲਪਨਾ ਵਿਚ ਭਰਮਾਂ ਦੇ ਧਾਰਮਕ ਉਤਪਾਦਨ ਉਪਜੀਵਕਾ ਦੇ ਸਾਧਨਾਂ ਅਤੇ ਖ਼ੁਦ ਜੀਵਨ ਦੇ ਉਤਪਾਦਨ ਦੀ ਥਾਂ ਰਖਦਾ ਹੈ। ਇਤਿਹਾਸ ਦਾ ਇਹ ਸਾਰਾ ਸੰਕਲਪ, ਇਹਦੇ ਵਿਘਟਣ ਅਤੇ ਇਸ ਤੋਂ ਪੈਦਾ ਹੁੰਦੇ ਵਿਸਵਾਸਿਆਂ ਅਤੇ ਸੰਕੋਚਾਂ ਸਮੇਤ, ਜਰਮਨਾਂ ਲਈ ਖ਼ਾਲਸ ਕੌਮੀ ਮਾਮਲਾ ਹੈ ਅਤੇ ਇਹ ਕੇਵਲ ਜਰਮਨੀ ਲਈ ਸਥਾਨਕ ਦਿਲਚਸਪੀ ਵਾਲਾ ਹੈ। ਇਕ ਮਿਸਾਲ ਵਜੋਂ ਮਹੱਤਵ-ਪੂਰਨ ਅਤੇ ਪਿਛੇ ਜਿਹੇ ਤੋਂ ਬਹਿਸ ਦਾ ਵਿਸ਼ਾ ਰਿਹਾ ਪ੍ਰਸ਼ਨ ਹੈ: ਐਨ ਕਿਵੇਂ ਮਨੁਖ "ਰੱਬ ਦੇ ਖੇਤਰ ਤੋਂ ਮਨੁਖ ਦੇ ਖੇਤਰ ਵਿਚ ਆਉਂਦਾ ਹੈ"—ਜਿਵੇਂ ਇਸ "ਰੱਬ ਦੇ ਖੇਤਰ" ਦੀ ਕਲਪਨਾ ਤੋਂ ਛੁਟ ਕਿਧਰੇ ਹੋਰ ਥਾਂ ਕਦੀ ਹੋਂਦ ਸੀ ਅਤੇ ਇਹ ਵਿਦਵਾਨ ਲੋਕ ਇਸ ਗੱਲ ਬਾਰੇ ਜਾਣੂ ਹੋਏ ਬਿਨਾਂ "ਮਨੁਖ ਦੇ ਖੇਤਰ" ਵਿਚ ਸਦਾ ਹੀ ਨਾ ਰਹਿ ਰਹੇ ਹੋਣ, ਜਿਸ ਵੱਲ ਉਹ ਹੁਣ ਰਾਹ ਲਭ ਰਹੇ ਹਨ ਜਾਂ ਜਿਵੇਂ ਇਸ ਸਿਧਾਂਤਕ ਬੁਲਬੁਲੇ ਉਡਾਉਣ ਦੇ ਰਹੱਸ ਦੀ ਵਿਆਖਿਆ ਕਰਨ ਦਾ ਵਿਦਵਾਨ ਵਾਲਾ ਸ਼ੁਗਲ (ਕਿਉਂਕਿ ਇਹ ਇਸ ਤੋਂ ਵਧ ਹੋਰ ਕੁਝ ਨਹੀਂ) ਇਹਦੇ ਉਲਟ ਇਹਦਾ ਆਦਿ ਇਹਦੇ ਵਾਸਤਵਿਕ ਸੰਸਾਰਕ ਸੰਬੰਧਾਂ ਵਿਚ ਵਿਖਾਉਣ ਵਿਚ ਨਹੀਂ। ਇਹਨਾਂ ਜਰਮਨਾਂ ਲਈ ਮਸਲਾ ਸਦਾ ਇਹ ਰਿਹਾ ਹੈ, ਪਹਿਲਾਂ ਦੇ ਲੇਖਕਾਂ ਦੀ ਵਾਹਯਾਤੀ ਨੂੰ ਕਿਸੇ ਹੋਰ ਅਣੋਖ ਵਿਚ ਹਲ ਹੋਣ ਦਾ, ਅਰਥਾਤ, ਇਹ ਪਹਿਲੋਂ ਹੀ ਮੰਨ ਲੈਣ ਦਾ ਕਿ ਇਸ ਸਾਰੀ ਵਾਹਯਾਤੀ ਵਿਚ ਇਕ ਵਿਸ਼ੇਸ਼ ਭਾਵ ਹੈ, ਜਿਹੜਾ ਲਭਿਆ ਜਾ ਸਕਦਾ ਹੈ; ਜਿਥੇ ਕਿ ਮਸਲਾ ਕੇਵਲ ਇਹਨਾਂ ਸਿਧਾਂਤਕ ਵਾਕੰਸ਼ਾਂ ਦੀ ਵਾਸਤਵਿਕ ਵਿਦਮਾਨ ਸੰਬੰਧਾਂ ਤੋਂ ਵਿਆਖਿਆ ਕਰਨਾ ਹੈ। ਇਹਨਾਂ ਵਾਕੰਸ਼ਾਂ ਦਾ ਯਥਾਰਥਕ, ਅਮਲੀ ਹਲ, ਇਹਨਾਂ ਭਾਵਾਂ ਦਾ ਮਨੁਖਾਂ ਦੀ ਚੇਤਨਤਾ ਵਿਚੋਂ ਕੱਢਿਆ ਜਾਣਾ, ਜਿਹਾ ਕਿ ਅਸਾਂ ਪਹਿਲਾਂ ਕਿਹਾ ਹੈ, ਸਿਧਾਂਤਕ ਸਿੱਟਿਆਂ ਰਾਹੀਂ ਨਹੀਂ ਸਗੋਂ ਤਬਦੀਲ ਹੋਈਆਂ ਪ੍ਰਸਥਿਤੀਆਂ ਰਾਹੀਂ ਹੋਵੇਗਾ। ਮਨੁਖ ਦੇ ਸਮੂਹ, ਅਰਥਾਤ ਪ੍ਰੋਲਤਾਰੀ, ਲਈ ਇਹਨਾਂ ਸਿਧਾਂਤਕ ਭਾਵਾਂ ਦੀ ਹੋਂਦ ਨਹੀਂ ਅਤੇ ਇਸੇ ਲਈ ਉਹਨਾਂ ਦੇ ਹਲ ਕੀਤੇ ਜਾਣ ਦੀ ਲੋੜ ਨਹੀਂ, ਅਤੇ ਜੇ ਇਸ ਸਮੂਹ ਦੇ ਕਦੀ ਕੋਈ ਸਿਧਾਂਤਕ ਭਾਵ, ਮਿਸਾਲ ਲਈ, ਧਰਮ, ਸਨ ਤਾਂ ਪ੍ਰਸਥਿਤੀਆਂ ਨੇ ਉਹਨਾਂ ਨੂੰ ਬੜੇ ਲੰਮੇ ਸਮੇਂ ਤੋਂ ਸਮਾਪਤ ਕਰ ਦਿਤਾ ਹੋਇਆ ਹੈ।...

੧੮੪੫-੧੮੪੬ ਵਿਚ
ਲਿਖਿਆ ਗਿਆ

ਮੂਲ ਪਾਠ ਜਰਮਨ
ਵਿਚ ਹੈ

ਕਾਰਲ ਮਾਰਕਸ

# "RHEINISCHE BEOBACHTER"[41] ਦਾ ਕਮਿਊਨਿਜ਼ਮ

(ਅੰਸ਼)

...ਆਮਦਨ ਟੈਕਸ ਤੋਂ ਇਲਾਵਾ ਬਿਸ਼ਪ ਪ੍ਰੀਸ਼ਦ ਦੇ ਮੈਂਬਰ ਕੋਲ ਕਮਿਊਨਿਜ਼ਮ ਲਾਗੂ ਕਰਨ ਲਈ, ਜਿਵੇਂ ਉਹ ਇਸ ਨੂੰ ਸਮਝਦਾ ਹੈ, ਅਜੇ ਇਕ ਹੋਰ ਸਾਧਨ ਹੈ:

> "ਈਸਾਈ ਧਰਮ ਦਾ ਆਦਿ ਤੇ ਅੰਤ ਕੀ ਹੈ? ਆਦਿ ਗੁਨਾਹ ਅਤੇ ਨਿਸਤਾਰੇ ਦਾ ਮੱਤ। ਅਤੇ ਆਪਣੀ ਉਚਤਮ ਸੰਭਵਤਾ ਵਿਚ ਮਨੁਖਤਾ ਦੀ ਇਕਮੁਠਤਾ ਦੀ ਸਹਿਚਾਰਤਾ ਇਸੇ ਵਿਚ ਹੈ: ਇਕ ਸਭਨਾਂ ਲਈ ਅਤੇ ਸਭੇ ਇਕ ਲਈ।"

ਖੁਸ਼ ਲੋਕ! **ਬੁਨਿਆਦੀ ਸਵਾਲ** ਅਨੰਤ ਕਾਲ ਲਈ ਹੱਲ ਹੋ ਗਿਆ ਹੈ। ਪਰੂਸ਼ੀਆਈ ਉਕਾਬ ਅਤੇ ਪਵਿਤਰ ਰੂਹ ਦੇ ਦੂਹਰੇ ਪਰਾਂ ਹੇਠ, ਪ੍ਰੋਲਤਾਰੀ ਜੀਵਨ ਦੇ ਦੋ ਅਖੁਟ ਸੋਮੇ ਪ੍ਰਾਪਤ ਕਰੇਗਾ: ਪਹਿਲਾ, ਰਾਜ ਦੀਆਂ ਸਾਧਾਰਨ ਤੇ ਅਸਾਧਾਰਨ ਲੋੜਾਂ ਤੋਂ ਉਪਰ ਆਮਦਨ ਟੈਕਸ ਵਿਚੋਂ ਵਾਧੂ, ਜਿਹੜਾ ਵਾਧੂ ਸਿਫਰ ਦੇ ਬਰਾਬਰ ਹੈ, ਅਤੇ ਦੂਜਾ, ਆਦਿ ਗੁਨਾਹ ਅਤੇ ਨਿਸਤਾਰੇ ਦੇ ਅਰਸ਼ੀ ਖੇਤਰਾਂ ਵਿਚੋਂ ਆਮਦਨ, ਜੋ ਪਹਿਲੇ ਵਾਂਗ ਹੀ ਸਿਫਰ ਦੇ ਬਰਾਬਰ ਹੈ। ਇਹ ਦੋਵੇਂ ਸਿਫਰ ਜਾਤੀ ਦੇ ਇਕ-ਤਿਹਾਈ ਹਿੱਸੇ ਲਈ ਜਿਸ ਕੋਲ ਆਪਣੀ ਹੋਂਦ ਦਾ ਕੋਈ ਆਧਾਰ ਨਹੀਂ ਹੈ ਇਕ ਸ਼ਾਨਦਾਰ ਆਧਾਰ ਅਤੇ ਇਕ ਹੋਰ ਤਿਹਾਈ ਲਈ ਜਿਸ ਦਾ ਪਤਨ ਹੋ ਰਿਹਾ ਹੈ ਇਕ ਸ਼ਕਤੀਸ਼ਾਲੀ ਸਹਾਰਾ ਮੁਹਈਆ ਕਰਦੇ ਹਨ। ਖਿਆਲੀ ਵਾਧੂ, ਆਦਿ ਗੁਨਾਹ ਅਤੇ ਨਿਸਤਾਰਾ, ਨਿਰਸੰਦੇਹ ਲੋਕਾਂ ਦੀ ਭੁਖ ਨੂੰ ਉਸ ਤੋਂ ਬਿਲਕੁਲ ਵਖਰੇ ਤਰੀਕੇ ਨਾਲ ਤ੍ਰਿਪਤ ਕਰਨਗੇ ਜਿਸ ਨਾਲ ਉਦਾਰਵਾਦੀ ਪ੍ਰਤਿਨਿਧਾਂ ਦੀਆਂ ਲੰਮੀਆਂ ਤਕਰੀਰਾਂ ਕਰਦੀਆਂ ਹਨ! ਅੱਗੋਂ ਆਖਿਆ ਗਿਆ ਹੈ:

> "ਅਸੀਂ 'ਪ੍ਰਭੂ ਦੀ ਪ੍ਰਾਰਥਨਾ' ਵਿਚ, ਇਹ ਪ੍ਰਾਰਥਨਾ ਵੀ ਕਰਦੇ ਹਾਂ: 'ਸਾਨੂੰ ਭਰਮ ਦੇ ਰਾਹ ਨਾ ਪੈਣ ਦੇ।' ਅਤੇ ਜਿਸ ਗੱਲ ਦੀ ਅਸੀਂ ਆਪਣੇ ਲਈ ਮੰਗ ਕਰਦੇ ਹਾਂ, ਆਪਣੇ ਗੁਆਂਢੀ ਮਨੁਖਾਂ ਦੇ ਸੰਬੰਧ ਵਿਚ ਸਾਨੂੰ ਉਹਦੇ ਤੇ

ਅਮਲ ਕਰਨਾ ਚਾਹੀਦਾ ਹੈ। ਸਾਡੀਆਂ ਸਮਾਜਕ ਪ੍ਰਸਥਿਤੀਆਂ ਨਿਰਸੰਦੇਹ ਮਨੁਖ ਨੂੰ ਭਰਮਾਉਂਦੀਆਂ ਹਨ, ਅਤੇ ਅਤਿ ਦੀ ਥੁੜ ਜੁਰਮ ਕਰਨ ਲਈ ਉਕਸਾਉਂਦੀ ਹੈ।"

ਅਤੇ **ਅਸੀਂ**, ਭਦਰ ਪੁਰਸ਼, ਅਸੀਂ ਪਰੂਸ਼ੀਆਈ ਰਾਜ ਦੇ ਨੌਕਰਸ਼ਾਹ, ਜੱਜ ਅਤੇ ਬਿਸ਼ਪ ਪ੍ਰੀਸ਼ਦ ਦੇ ਮੈਂਬਰ ਲੋਕਾਂ ਨੂੰ ਚਰਖੜੀਆਂ ਉਤੇ ਚੜ੍ਹਾ ਕੇ, ਸਿਰ ਕਲਮ ਕਰਕੇ, ਜੇਲ੍ਹਾਂ ਵਿਚ ਬੰਦ ਕਰਕੇ ਅਤੇ ਜੀਅ ਭਰਕੇ ਕੋਰੜੇ ਮਾਰਕੇ ਇਸ ਵਿਚਾਰ ਤੇ ਅਮਲ ਕਰਦੇ ਹਾਂ, ਤੇ ਇਸ ਤਰ੍ਹਾਂ ਪ੍ਰੋਲਤਾਰੀ ਨੂੰ ਇਸ ਗੱਲ ਵਾਸਤੇ "ਭਰਮਾਉਣ ਵੱਲ ਲਿਜਾਂਦੇ ਹਾਂ" ਕਿ ਅਗੋਂ ਜਾਕੇ ਉਹ ਇਸੇ ਤਰ੍ਹਾਂ ਹੀ ਸਾਨੂੰ ਚਰਖੜੀਆਂ ਉਤੇ ਚਾੜ੍ਹੇ, ਸਿਰ ਕਲਮ ਕਰੇ, ਜੇਲ੍ਹਾਂ ਵਿਚ ਬੰਦ ਕਰੇ ਅਤੇ ਕੋਰੜੇ ਮਾਰੇ। ਜੋ ਕੁਝ ਵਾਪਰਨਾ ਅਟੱਲ ਹੈ।

"ਅਜਿਹੀਆਂ ਪ੍ਰਸਥਿਤੀਆਂ," ਬਿਸ਼ਪ ਦੀ ਪ੍ਰੀਸ਼ਦ ਦਾ ਮੈਂਬਰ ਐਲਾਨ ਕਰਦਾ ਹੈ, "ਈਸਾਈ ਰਾਜ ਵਲੋਂ ਬਰਦਾਸ਼ਤ **ਨਹੀਂ** ਕੀਤੀਆਂ ਜਾਣੀਆਂ **ਚਾਹੀਦੀਆਂ**, ਇਸ ਨੂੰ ਇਹਨਾਂ ਦਾ ਇਲਾਜ ਕਰਨਾ ਚਾਹੀਦਾ ਹੈ।"

ਨਿਰਸੰਦੇਹ, ਇਕਮੁਠਤਾ ਸੰਬੰਧੀ ਸਮਾਜ ਦੇ ਫ਼ਰਜ਼ਾਂ ਬਾਰੇ ਬੇਹੂਦਾ ਲੂਤਰ ਲੂਤਰ ਕਰਕੇ, ਖਿਆਲੀ ਵਾਧੂ ਅਤੇ ਈਸ਼ਵਰ ਪਿਤਾ, ਪੁਤਰ ਤੇ ਕੰਪਨੀ ਦੇ ਨਾਂ ਅਸਵੀਕਾਰੀਆਂ ਹੁੰਡੀਆਂ ਨਾਲ।

"ਅਸੀਂ ਕਮਿਊਨਿਜ਼ਮ ਬਾਰੇ ਇਸ ਸਾਰੀ ਜ਼ਿੱਚ ਕਰਨ ਵਾਲੀ ਗੱਲਬਾਤ ਤੋਂ ਆਪਣੇ ਆਪ ਨੂੰ ਬਚਾ ਸਕਦੇ ਹਾਂ," ਸਾਡਾ ਨਿਰੀਖਕ ਬਿਸ਼ਪ ਦੀ ਪ੍ਰੀਸ਼ਦ ਦਾ ਮੈਂਬਰ ਰਾਏ ਪੇਸ਼ ਕਰਦਾ ਹੈ। "ਜੇਕਰ ਉਹ ਲੋਕ ਜਿਨ੍ਹਾਂ ਦਾ ਕਿੱਤਾ ਈਸਾਈਅਤ ਦੇ ਸਮਾਜਕ ਨੇਮ ਵਿਕਸਤ ਕਰਨਾ ਹੈ, ਅਜਿਹਾ ਕਰਨ ਤਾਂ ਛੇਤੀ ਹੀ ਕਮਿਊਨਿਸਟਾਂ ਦਾ ਮੂੰਹ ਬੰਦ ਕਰ ਦਿਤਾ ਜਾਵੇਗਾ।"

ਈਸਾਈਅਤ ਦੇ ਸਮਾਜਕ ਨੇਮਾਂ ਨੂੰ ਵਿਕਸਤ ਹੁੰਦਿਆਂ ਹੁਣ ਅਠਾਰ੍ਹਾਂ ਸੌ ਸਾਲ ਹੋ ਗਏ ਹਨ, ਅਤੇ ਇਹਨਾਂ ਨੂੰ ਪਰੂਸ਼ੀਆਈ ਬਿਸ਼ਪ ਦੀ ਪ੍ਰੀਸ਼ਦ ਦੇ ਮੈਂਬਰਾਂ ਵਲੋਂ ਹੋਰ ਅਗੋਂ ਵਿਕਸਤ ਕਰਨ ਦੀ ਲੋੜ ਨਹੀਂ।

ਈਸਾਈਅਤ ਦੇ ਸਮਾਜਕ ਨੇਮਾਂ ਨੇ ਪ੍ਰਾਚੀਨ ਕਾਲ ਦੀ ਗੁਲਾਮੀ ਨੂੰ ਉਚਿਤ ਸਿਧ ਕੀਤਾ ਸੀ, ਮਧ ਜੁਗ ਦੀ ਖੇਤ-ਗੁਲਾਮੀ ਦੀ ਮਹਿਮਾ ਕੀਤੀ ਸੀ ਅਤੇ ਲੋੜ ਪੈਣ ਦੀ ਹਾਲਤ ਵਿਚ ਪ੍ਰੋਲਤਾਰੀ ਉਤੇ ਜਬਰ ਦਾ ਪੱਖ ਪੂਰਨ ਦੇ, ਭਾਵੇਂ ਕੁਝ ਕੁਝ ਸੋਗਵਾਨ ਮੂੰਹ ਬਣਾ ਕੇ ਹੀ, ਸਮਰਥ ਹਨ।

ਈਸਾਈਅਤ ਦੇ ਸਮਾਜਕ ਨੇਮ ਇਕ ਹਾਕਮ ਅਤੇ ਇਕ ਪੀੜਤ ਜਮਾਤ ਦੀ ਲੋੜ ਦਾ ਉਪਦੇਸ਼ ਦੇਂਦੇ ਹਨ, ਅਤੇ ਪੀੜਤ ਜਮਾਤ ਨੂੰ ਭੇਟ ਕਰਨ ਲਈ ਉਹਨਾਂ ਕੋਲ ਇਹ ਧਰਮੀ ਕਾਮਨਾ ਹੀ ਹੈ ਕਿ ਹਾਕਮ ਜਮਾਤ ਦਇਆਵਾਨ ਹੋਵੇ।

ਈਸਾਈਅਤ ਦੇ ਸਮਾਜਕ ਨੇਮ ਬਿਸ਼ਪ ਦੀ ਪ੍ਰੀਸ਼ਦ ਦੇ ਮੈਂਬਰ ਦੀਆਂ ਕੁਲ ਖੁਆਰੀਆਂ ਦੀ ਕਸਰ ਸਵਰਗ ਵਿਚ ਪੂਰੀ ਕਰਦੇ ਹਨ, ਅਤੇ ਇਸ ਤਰ੍ਹਾਂ ਧਰਤੀ ਉਤੇ ਇਹਨਾਂ ਖੁਆਰੀਆਂ ਦੇ ਜਾਰੀ ਰਹਿਣ ਨੂੰ ਉਚਿਤ ਠਹਿਰਾਉਂਦੇ ਹਨ।

ਈਸਾਈਅਤ ਦੇ ਸਮਾਜਕ ਨੇਮ ਐਲਾਨ ਕਰਦੇ ਹਨ ਕਿ ਪੀੜਤਾਂ ਦੇ ਖਿਲਾਫ ਜਾਬਰਾਂ ਦੇ ਸਾਰੇ ਬੁਰੇ ਅਮਲ ਜਾਂ ਤਾਂ ਆਦਿ ਗੁਨਾਹ ਅਤੇ ਦੂਜੇ ਗੁਨਾਹਾਂ ਦੀ ਜਾਇਜ਼ ਸਜ਼ਾ ਹਨ, ਜਾਂ ਉਹ ਅਜ਼ਮਾਇਸ਼ਾਂ ਜਿਹੜੀਆਂ ਪ੍ਰਭੂ, ਆਪਣੀ ਅਸੀਮ ਸਿਆਣਪ ਨਾਲ, ਨਿਸਤਾਰਿਆਂ ਦੇ ਭਾਗਾਂ ਵਿਚ ਲਿਖਦਾ ਹੈ।

ਈਸਾਈਅਤ ਦੇ ਸਮਾਜਕ ਨੇਮ ਬੁਜ਼ਦਿਲੀ, ਆਤਮ-ਗਿਲਾਨੀ, ਨਕਦਰੀ, ਤਾਬੇਦਾਰੀ, ਨਿਮਰਤਾ, ਮੁਕਦੀ ਗੱਲ, ਲੰਡੀ ਬੁੱਚੀ ਦੇ ਸਭਨਾਂ ਗੁਣਾਂ ਦਾ ਉਪਦੇਸ਼ ਦੇਂਦੇ ਹਨ, ਅਤੇ ਪ੍ਰੋਲਤਾਰੀ ਨੂੰ, ਜਿਹੜਾ ਆਪਣੇ ਆਪ ਨਾਲ ਲੰਡੀ ਬੁੱਚੀ ਵਾਲਾ ਵਿਹਾਰ ਕੀਤੇ ਜਾਣ ਦੀ ਆਗਿਆ ਨਹੀਂ ਦੇਵੇਗਾ, ਆਪਣੇ ਹੌਂਸਲੇ, ਆਪਣੇ ਆਤਮ-ਵਿਸ਼ਵਾਸ, ਆਪਣੇ ਗੌਰਵ ਅਤੇ ਆਪਣੀ ਸੁਆਧੀਨਤਾ ਦੀ ਭਾਵਨਾ ਦੀ ਆਪਣੀ ਰੋਟੀ ਨਾਲੋਂ ਵੀ ਵਧੇਰੇ ਲੋੜ ਹੈ।

ਈਸਾਈਅਤ ਦੇ ਸਮਾਜਕ ਨੇਮ ਸਾਜ਼ਸ਼ੀ ਅਤੇ ਦੰਭੀ ਹਨ, ਅਤੇ ਪ੍ਰੋਲਤਾਰੀ ਇਨਕਲਾਬੀ ਹੈ।

ਇਹ ਤਾਂ ਹੋਈ ਈਸਾਈਅਤ ਦੇ ਸਮਾਜਕ ਨੇਮਾਂ ਦੀ ਗੱਲ।

ਇਸ ਤੋਂ ਅੱਗੇ:

> "ਅਸੀਂ ਸਮਾਜਕ ਸੁਧਾਰਾਂ ਨੂੰ ਰਾਜਤੰਤਰ ਦਾ ਅਤਿ ਉੱਚਾ ਕਰਤੱਵ ਮੰਨਦੇ ਹਾਂ।"

ਕੀ ਅਸਾਂ ਮੰਨਿਆ ਹੈ? ਹੁਣ ਤੱਕ ਇਸ ਬਾਰੇ ਇਕ ਵੀ ਸ਼ਬਦ ਨਹੀਂ ਕਿਹਾ ਗਿਆ। ਪਰੰਤੂ, ਇਹ ਮੰਨ ਲਓ। ਅਤੇ ਰਾਜਤੰਤਰ ਦੇ ਸਮਾਜਕ ਸੁਧਾਰ ਦਾ ਕੀ ਅਰਥ ਹੈ? ਉਦਾਰਵਾਦੀ ਪ੍ਰੈਸ ਵਿਚੋਂ ਫੜਿਆ ਆਮਦਨ ਟੈਕਸ ਲਾਗੂ ਕਰਨ, ਜਿਹੜਾ ਉਹ ਕੁਝ ਵਾਧੂ ਮੁਹਈਆ ਕਰੇਗਾ ਜਿਸ ਦਾ ਵਿੱਤ ਮੰਤਰੀ ਨੂੰ ਕੋਈ ਪਤਾ ਹੀ ਨਹੀਂ; ਨਿਸਫਲ ਭੂਮੀ ਵਾਰਸ਼ਿਕੀ ਬੈਂਕ, ਪਰੂਸ਼ੀਆਈ ਪੂਰਬੀ ਰੇਲਵੇ, ਅਤੇ ਖਾਸ ਕਰਕੇ ਆਦਿ ਗੁਨਾਹ ਤੇ ਨਿਸਤਾਰੇ ਦੀ ਵਿਸ਼ਾਲ ਪੂੰਜੀ ਤੋਂ ਮੁਨਾਫੇ!

"ਖੁਦ ਰਾਜਤੰਤਰ ਦਾ ਹਿੱਤ ਇਸ ਗੱਲ ਨੂੰ ਯੋਗ ਬਣਾਉਂਦਾ ਹੈ"—ਫੇਰ ਰਾਜਤੰਤਰ ਕਿੰਨਾ ਹੇਠਾਂ ਗਰਕ ਗਿਆ ਹੋਣਾ ਹੈ!

"ਸਮਾਜ ਵਿਚ ਸੰਤਾਪ ਇਸ ਦੀ ਮੰਗ ਕਰਦਾ ਹੈ"—ਹਾਲ ਦੀ ਘੜੀ ਇਹ ਮੱਤਾਂ ਨਾਲੋਂ ਕਿਤੇ ਵਧੇਰੇ ਰਖਿਆਮਈ ਰਸਮ ਰਵਾਜਾਂ ਦੀ ਮੰਗ ਕਰਦਾ ਹੈ।

"ਅੰਜੀਲ ਇਸ ਦੀ ਸਫਾਰਸ਼ ਕਰਦੀ ਹੈ"—ਵਿਆਪਕ ਰੂਪ ਵਿਚ ਹਰ ਗੱਲ ਇਸ ਦੀ ਸਫਾਰਸ਼ ਕਰਦੀ ਹੈ, ਕੇਵਲ ਪਰੂਸ਼ੀਆਈ ਰਾਜ ਖ਼ਜ਼ਾਨੇ ਦੀ ਭਿਆਨਕ ਰੂਪ ਵਿਚ ਬਾਂਝ ਹਾਲਤ ਹੀ ਅਜਿਹਾ ਨਹੀਂ ਕਰਦੀ, ਉਹ ਖਾਈ, ਜਿਹੜੀ ਤਿੰਨ ਸਾਲਾਂ ਦੇ ਅੰਦਰ ਅੰਦਰ, ਰੂਸ ਤੋਂ ਮਿਲੇ ਡੇਢ ਕਰੋੜ ਅਟੱਲ ਤੌਰ ਤੇ ਨਿਗਲ ਜਾਵੇਗੀ। ਅੰਜੀਲ ਇਸ ਤੋਂ ਇਲਾਵਾ ਬੜੇ ਕੁਝ ਦੀ ਮੰਗ ਕਰਦੀ ਹੈ, ਹੋਰ ਗੱਲਾਂ ਦੇ ਨਾਲ ਹੀ ਖੁਦ ਸਮਾਜਕ ਸੁਧਾਰ ਦੇ ਆਰੰਭ ਵੱਜੋਂ ਨਿਪੁੰਨਸਕੀਕਰਨ ਦੀ (ਮੈਥੀਊ/੨੯)।

"ਰਾਜਤੰਤਰ" ਸਾਡਾ ਬਿਸ਼ਪ ਦੀ ਪ੍ਰੀਸ਼ਦ ਦਾ ਮੈਂਬਰ ਐਲਾਨ ਕਰਦਾ ਹੈ, "ਲੋਕਾਂ ਨਾਲ ਇਕਮਿਕ ਹੈ।"

ਇਹ ਐਲਾਨ ਪੁਰਾਣੇ «l'état c'est moi» * ਦਾ ਕੇਵਲ ਇਕ ਹੋਰ ਰੂਪ ਹੈ, ਅਤੇ ਅਸਲ ਵਿਚ, ਠੀਕ ਉਹੋ ਰੂਪ, ਜਿਸ ਨੂੰ ਲੂਈ ੧੬-ਵੇਂ ਨੇ ੨੩ ਜੂਨ, ੧੭੮੯ ਨੂੰ ਆਪਣੇ ਬਾਗ਼ੀ ਵਰਗਾਂ ਦੇ ਖਿਲਾਫ ਵਰਤਿਆ ਸੀ: "ਜੇ ਤੁਸੀਂ ਹੁਕਮ ਨਹੀਂ ਮੰਨਦੇ, ਤਾਂ ਮੈਂ ਤੁਹਾਨੂੰ ਵਾਪਸ ਘਰਾਂ ਨੂੰ ਭੇਜ ਦੇਵਾਂਗਾ"— «et seul je ferai le bonheur de mon peuple»**

ਰਾਜਤੰਤਰ ਨਿਰਸੰਦੇਹ ਬਹੁਤ ਬੁਰੀ ਤਰ੍ਹਾਂ ਫਸਿਆ ਹੋਵੇਗਾ ਜੇ ਇਹ ਇਸ ਗੁਰ ਦੀ ਵਰਤੋਂ ਕਰਨ ਦਾ ਫੈਸਲਾ ਕਰਦਾ ਹੈ, ਅਤੇ ਬਿਸ਼ਪ ਦੀ ਪ੍ਰੀਸ਼ਦ ਦਾ ਸਾਡਾ ਵਿਦਵਾਨ ਮੈਂਬਰ ਨਿਸਚੇ ਹੀ ਜਾਣਦਾ ਹੈ ਕਿ ਫ਼ਰਾਂਸੀਸੀ ਲੋਕਾਂ ਨੇ ਉਸ ਮੌਕੇ ਲੂਈ ੧੬-ਵੇਂ ਵਲੋਂ ਇਸ ਦੀ ਵਰਤੋਂ ਕਰਨ ਲਈ ਉਹਦਾ ਧੰਨਵਾਦ ਕੀਤਾ ਸੀ।

"ਤਖ਼ਤ", ਬਿਸ਼ਪ ਦੀ ਪ੍ਰੀਸ਼ਦ ਦਾ ਸ੍ਰੀਮਾਨ ਮੈਂਬਰ ਸਾਨੂੰ ਅਗੋਂ ਯਕੀਨ ਦੁਆਉਂਦਾ ਹੈ, "ਲੋਕਾਂ ਦੀ ਵਿਸ਼ਾਲ ਬੁਨਿਆਦ ਉਤੇ ਟਿਕਿਆ ਹੋਣਾ ਚਾਹੀਦਾ ਹੈ; ਇਥੇ ਇਹ ਸਭ ਤੋਂ ਚੰਗੀ ਤਰ੍ਹਾਂ ਟਿਕਿਆ ਰਹੇਗਾ।"

ਓਨਾ ਚਿਰ, ਅਰਥਾਤ, ਜਿੰਨਾ ਚਿਰ ਇਹ ਚੌੜੇ ਮੋਢੇ, ਇਕ ਬਲਵਾਨ ਹੁਝਕਾ ਮਾਰ ਕੇ, ਇਸ ਭਾਰੀ ਭਰਕਮ ਪਰਾ-ਬਣਤਰ ਨੂੰ ਗੰਦੇ ਨਾਲੇ ਵਿਚ ਨਹੀਂ ਸੁਟ ਦੇਂਦੇ।

---

* "ਮੈਂ ਰਾਜ ਹਾਂ" (ਲੂਈ ੧੪-ਵੇਂ ਨਾਲ ਜੁੜਿਆ ਬੋਲ)।—**ਸੰਪਾ:**

** "ਮੈਂ ਇਕੱਲਾ ਹੀ ਆਪਣੇ ਲੋਕਾਂ ਦੀ ਖੁਸ਼ੀ ਸਿਰਜਾਂਗਾ।"—**ਸੰਪਾ:**

" **ਅਮੀਰਸ਼ਾਹੀ** " ਬਿਸ਼ਪ ਦੀ ਪ੍ਰੀਸ਼ਦ ਦਾ ਸ੍ਰੀਮਾਨ ਮੈਂਬਰ ਇਸ ਤਰ੍ਹਾਂ ਗੱਲ ਖਤਮ ਕਰਦਾ ਹੈ, "ਰਾਜਤੰਤਰ ਦੀ ਸ਼ੋਭਾ ਉਹਦੇ ਕੋਲ ਰਹਿਣ ਦੇਂਦੀ ਹੈ ਅਤੇ ਇਸ ਨੂੰ ਕਾਵਿਮਈ ਢੰਗ ਨਾਲ ਸ਼ਿੰਗਾਰਦੀ ਹੈ, ਪਰ ਇਸ ਨੂੰ ਅਸਲ ਤਾਕਤ ਤੋਂ ਵਿਰਵਾ ਕਰ ਦੇਂਦੀ ਹੈ। **ਬੁਰਜੂਆਜ਼ੀ** ਇਹਦੇ ਕੋਲੋਂ ਇਸ ਦੀ ਤਾਕਤ ਤੇ ਇਸ ਦੀ ਸ਼ੋਭਾ ਦੋਵੇਂ ਖੋਹ ਲੈਂਦੀ ਹੈ, ਅਤੇ ਕੇਵਲ ਇਸ ਨੂੰ ਸ਼ਾਹੀ ਖਰਚੇ ਦੇਂਦੀ ਹੈ। **ਲੋਕ** ਰਾਜਤੰਤਰ ਲਈ ਇਸ ਦੀ ਤਾਕਤ, ਇਸ ਦੀ ਸ਼ੋਭਾ ਅਤੇ ਇਸ ਦੀ ਕਵਿਤਾ ਇਸਦੇ ਕੋਲ ਰਹਿਣ ਦੇਂਦੇ ਹਨ।"

ਇਥੇ ਅਪੜ ਕੇ ਬਿਸ਼ਪ ਦੀ ਪ੍ਰੀਸ਼ਦ ਦਾ ਸ੍ਰੀਮਾਨ ਮੈਂਬਰ ਬਦਕਿਸਮਤੀ ਨਾਲ ਫ਼ਰੈਡਰਿਕ ਵਿਲੀਅਮ ਵਲੋਂ ਤਖ਼ਤ ਤੋਂ ਆਪਣੇ ਭਾਸ਼ਣ[42] ਵਿਚ **ਆਪਣੇ ਲੋਕਾਂ ਦੇ ਨਾਂ** ਕੀਤੀ ਸ਼ੇਖ਼ੀ-ਖੋਰ ਅਪੀਲ ਨੂੰ ਲੋੜੋਂ ਵਧ ਗੰਭੀਰਤਾ ਨਾਲ ਲੈ ਗਿਆ ਹੈ। ਉਸਦੇ ਆਖਰੀ ਸ਼ਬਦ ਸਨ—ਅਮੀਰਸ਼ਾਹੀ ਦਾ ਤਖ਼ਤਾ ਉਲਟਾਉਣਾ, ਬੁਰਜੂਆਜ਼ੀ ਦਾ ਤਖ਼ਤਾ ਉਲਟਾਉਣਾ, ਲੋਕਾਂ ਦੀ ਹਮਾਇਤ ਉਤੇ ਆਧਾਰਤ ਰਾਜਤੰਤਰ ਦੀ ਸਿਰਜਣਾ ਕਰਨਾ।

ਜੇ ਇਹ ਮੰਗਾਂ ਖਾਲਸ ਖ਼ਿਆਲੀ ਮੂਰਤਾਂ ਨਾ ਹੁੰਦੀਆਂ ਤਾਂ ਉਹਨਾਂ ਦੇ ਆਪਣੇ ਅੰਦਰ ਇਕ ਮੁਕੰਮਲ ਇਨਕਲਾਬ ਹੁੰਦਾ।

ਸਾਡੀ ਇਸ ਬਾਰੇ ਵਿਸਥਾਰ ਨਾਲ ਦਲੀਲ ਦੇਣ ਦੀ ਅਤਿ ਮਾਮੂਲੀ ਇੱਛਾ ਵੀ ਨਹੀਂ ਕਿ ਅਮੀਰਸ਼ਾਹੀ ਦਾ ਤਖ਼ਤਾ ਕੇਵਲ ਬੁਰਜੂਆਜ਼ੀ ਅਤੇ ਲੋਕ ਰਲਕੇ ਹੀ ਉਲਟਾ ਸਕਦੇ ਹਨ, ਕਿ ਜਿਸ ਦੇਸ ਵਿਚ ਅਮੀਰਸ਼ਾਹੀ ਅਤੇ ਬੁਰਜੂਆਜ਼ੀ ਹਾਲੇ ਨਾਲ ਨਾਲ ਹੀ ਵਿਦਮਾਨ ਹੋਣ ਉਥੇ ਲੋਕਾਂ ਦੀ ਹਕੂਮਤ ਦੀ ਗੱਲ ਨਿਪਟ ਵਾਹਯਾਤੀ ਦੀ ਗੱਲ ਹੈ। ਆਈਖਖੋਰਨ ਦੀ ਬਿਸ਼ਪ ਦੀ ਪ੍ਰੀਸ਼ਦ ਦੇ ਇਕ ਮੈਂਬਰ ਦੀਆਂ ਅਜਿਹੀਆਂ ਪਰੀ ਕਹਾਣੀਆਂ ਗੰਭੀਰ ਦਲੀਲਾਂ ਨਾਲ ਜਵਾਬ ਦੇਣ ਦੇ ਯੋਗ ਨਹੀਂ।

ਸਾਡੀ ਇਹਨਾਂ ਭਦਰ ਪੁਰਸ਼ਾਂ ਸਾਮ੍ਹਣੇ ਨੇਕ ਇਰਾਦੇ ਨਾਲ ਕੁਝ ਟਿਪਣੀਆਂ ਕਰਨ ਦੀ ਹੀ ਇੱਛਾ ਹੈ ਜਿਹੜੇ ਉਲਟਬਾਜ਼ੀ ਲਾਕੇ ਲੋਕ ਬਣ ਕੇ ਖਤਰੇ ਵਿਚ ਪਏ ਪਰੂਸ਼ੀਆਈ ਰਾਜਤੰਤਰ ਨੂੰ ਬਚਾਉਣਾ ਚਾਹੁੰਦੇ ਹਨ।

ਸਾਰੇ ਰਾਜਨੀਤਕ ਤੱਤਾਂ ਵਿਚੋਂ ਲੋਕ ਇਕ ਬਾਦਸ਼ਾਹ ਲਈ ਸਭ ਤੋਂ ਵਧ ਖਤਰਨਾਕ ਹਨ। ਉਹ ਲੋਕ ਨਹੀਂ ਜਿਨ੍ਹਾਂ ਦੀ ਫਰੈਡਰਿਕ ਵਿਲੀਅਮ ਗੱਲ ਕਰਦਾ ਹੈ, ਜਿਹੜੇ ਇਕ ਠੁਡੇ ਲਈ ਅਤੇ ਚਾਂਦੀ ਦੇ ਇਕ ਗਰੋਸ਼ਨ * ਲਈ ਸਿਲ੍ਹੀਆਂ ਅੱਖਾਂ ਨਾਲ ਧੰਨਵਾਦ ਕਰਦੇ ਹਨ; ਇਹ ਲੋਕ ਬਿਲਕੁਲ ਹਾਨੀਕਾਰਕ ਨਹੀਂ, ਕਿਉਂਕਿ ਇਹਨਾਂ

---

*ਸਭ ਤੋਂ ਘਟ ਕੀਮਤੀ ਸਿਕਾ।—ਅਨੁ:

ਦੀ ਹੋਂਦ ਕੇਵਲ ਬਾਦਸ਼ਾਹ ਦੀ ਕਲਪਨਾ ਵਿਚ ਹੀ ਹੈ। ਪਰ ਅਸਲ ਲੋਕ, ਪ੍ਰੋਲਤਾਰੀ, ਛੋਟੇ ਕਿਸਾਨ ਅਤੇ ਸ਼ਹਿਰ ਦੇ ਗਰੀਬ — ਇਹ ਹੈ, ਜਿਵੇਂ ਹਾਬਸ ਕਹਿੰਦਾ ਹੈ, puer robustus, sed malitiosus, ਇਕ ਹੱਟਾ-ਕੱਟਾ, ਪਰ ਮਾੜੇ ਸੁਭਾ ਵਾਲਾ ਮੁੰਡਾ, ਜਿਹੜਾ ਕਿਸੇ ਬਾਦਸ਼ਾਹ ਨੂੰ, ਭਾਵੇਂ ਪਤਲਾ ਹੋਵੇ ਜਾਂ ਮੋਟਾ, ਇਹ ਆਗਿਆ ਨਹੀਂ ਦੇਂਦਾ ਕਿ ਉਹ ਉਹਨੂੰ ਉਲੂ ਬਣਾਏ।

ਇਹ ਲੋਕ ਹੋਰ ਸਭ ਤੋਂ ਪਹਿਲਾਂ ਆਪਣੇ ਸ੍ਰੀ ਹਜ਼ੂਰ ਤੋਂ ਸਾਰਿਆਂ ਲਈ ਵੋਟ ਦੇ ਹੱਕ, ਸੰਸਥਾ ਬਣਾਉਣ ਦੀ ਆਜ਼ਾਦੀ, ਪ੍ਰੈਸ ਦੀ ਆਜ਼ਾਦੀ ਅਤੇ ਦੂਜੀਆਂ ਅਸੁਖਾਵੀਆਂ ਗੱਲਾਂ ਸਮੇਤ, ਇਕ ਸੰਵਿਧਾਨ ਲੈਕੇ ਰਹਿਣਗੇ।

ਅਤੇ ਇਹ ਸਭ ਪ੍ਰਾਪਤ ਕਰ ਲੈਣ ਪਿਛੋਂ, ਉਹ ਇਸ ਨੂੰ ਜਿੰਨੀ ਛੇਤੀ ਸੰਭਵ ਹੋ ਸਕਿਆ ਇਹ ਦਸਣ ਲਈ ਵਰਤਨਗੇ ਕਿ ਉਹ ਰਾਜਤੰਤਰ ਦੀ ਤਾਕਤ, ਸ਼ੋਭਾ ਅਤੇ ਕਵਿਤਾ ਦੇ ਕੀ ਅਰਥ ਲੈਂਦੇ ਹਨ।

ਇਸ ਰਾਜਤੰਤਰ ਦਾ ਵਰਤਮਾਨ ਯੋਗ ਕਾਬਜ਼ ਆਪਣੇ ਆਪ ਨੂੰ ਖੁਸ਼ਕਿਸਮਤ ਗਿਣ ਸਕਦਾ ਹੈ ਜੇ ਲੋਕ ਉਸ ਨੂੰ ੨੫੦ ਥਾਲ'ਰ ਦੇ ਸ਼ਾਹੀ ਖਰਚੇ ਅਤੇ ਠੰਡੀ ਪੀਲੀ ਏਲ* ਰੋਜ਼ਾਨਾ ਦੇ ਕੇ ਬਰਲਿਨ ਦੇ ਕਾਰੀਗਰਾਂ ਦੀ ਸਭਾ ਦੇ ਜਨਤਕ ਭੌਂਕੇ ਵਜੋਂ ਕੰਮ ਦੇਣ।

ਜੇ ਪਰੂਸ਼ੀਆਈ ਰਾਜਤੰਤਰ ਅਤੇ «Rheinischer Beobachter» ਦੀ ਭਾਵੀ ਦਾ ਇਸ ਵੇਲੇ ਨਿਰਦੇਸ਼ਨ ਕਰਨ ਵਾਲੇ ਬਿਸ਼ਪ ਦੀ ਪ੍ਰੀਸ਼ਦ ਦੇ ਭਦਰ ਪੁਰਸ਼ਾਂ ਨੂੰ ਇਸ ਤੇ ਸ਼ੱਕ ਹੋਵੇ, ਤਾਂ ਉਹ ਇਤਿਹਾਸ ਉਤੇ ਕੇਵਲ ਇਕ ਸਰਸਰੀ ਝਾਤ ਮਾਰਨ। ਜਿਹੜੇ ਬਾਦਸ਼ਾਹਾਂ ਨੇ ਲੋਕਾਂ ਅਗੇ ਅਪੀਲਾਂ ਕੀਤੀਆਂ ਇਤਿਹਾਸ ਉਹਨਾਂ ਲਈ ਹੋਰ ਹੀ ਤਰ੍ਹਾਂ ਦੀਆਂ ਜਨਮ-ਪਤਰੀਆਂ ਲਿਖਦਾ ਹੈ।

ਇੰਗਲੈਂਡ ਦੇ ਚਾਰਲਸ ਪਹਿਲੇ ਨੇ ਵੀ ਆਪਣੇ ਵਰਗਾਂ ਦੇ ਖਿਲਾਫ ਆਪਣੇ ਲੋਕਾਂ ਨੂੰ ਅਪੀਲ ਕੀਤੀ ਸੀ। ਉਸ ਨੇ ਆਪਣੇ ਲੋਕਾਂ ਨੂੰ ਪਾਰਲੀਮੈਂਟ ਦੇ ਖਿਲਾਫ ਹਥਿਆਰ ਚੁਕਣ ਦਾ ਸੱਦਾ ਦਿਤਾ ਸੀ। ਪਰੰਤੂ, ਲੋਕਾਂ ਨੇ ਆਪਣੇ ਆਪ ਨੂੰ ਬਾਦਸ਼ਾਹ ਦੇ ਖਿਲਾਫ ਘੋਸ਼ਤ ਕੀਤਾ, ਉਹਨਾਂ ਸਾਰੇ ਮੈਂਬਰਾਂ ਨੂੰ ਜਿਹੜੇ ਲੋਕਾਂ ਦੇ ਪ੍ਰਤਿਨਿਧ ਨਹੀਂ ਸਨ ਪਾਰਲੀਮੈਂਟ ਵਿਚੋਂ ਬਾਹਰ ਕੱਢ ਮਾਰਿਆ ਅਤੇ ਅਖੀਰ ਪਾਰਲੀਮੈਂਟ ਤੋਂ, ਜਿਹੜੀ ਇਸ ਪ੍ਰਕਾਰ ਲੋਕਾਂ ਦੀ ਅਸਲ ਪ੍ਰਤਿਨਿਧ ਬਣ ਗਈ ਸੀ, ਬਾਦਸ਼ਾਹ ਦਾ ਸਿਰ ਕਲਮ ਕਰਵਾਇਆ। ਆਪਣੇ ਲੋਕਾਂ ਨੂੰ ਚਾਰਲਸ ਪਹਿਲੇ ਦੀ ਅਪੀਲ ਦਾ ਇਉਂ ਅੰਤ ਹੋਇਆ ਸੀ। ਇਹ ੩੦ ਜਨਵਰੀ, ੧੬੪੯ ਨੂੰ ਵਾਪਰਿਆ ਸੀ ਅਤੇ ੧੮੪੯ ਦੇ ਸਾਲ ਵਿਚ ਇਸ ਦੀ ਦੂਜੀ ਸ਼ਤਾਬਦੀ ਹੈ।

---

*ਇਕ ਤਰ੍ਹਾਂ ਦੀ ਬੀਅਰ। — ਅਨੁ:

ਫ਼ਰਾਂਸ ਦੇ ਲੂਈ ੧੬-ਵੇਂ ਨੇ ਵੀ **ਆਪਣੇ ਲੋਕਾਂ** ਨੂੰ ਅਪੀਲ ਕੀਤੀ ਸੀ। ਤਿੰਨ ਸਾਲ ਤੱਕ ਉਹ ਲੋਕਾਂ ਦੇ ਇਕ ਹਿੱਸੇ ਅਗੇ ਦੂਜੇ ਵਿਰੁਧ ਅਪੀਲ ਕਰਦਾ ਰਿਹਾ, ਉਸ ਨੇ **ਆਪਣੇ** ਲੋਕਾਂ ਦੀ, ਅਸਲ ਲੋਕਾਂ ਦੀ, ਉਹਦੇ ਲਈ ਡੁਲ੍ਹ ਡੁਲ੍ਹ ਪੈਂਦੇ ਉਤਸਾਹ ਵਾਲੇ ਲੋਕਾਂ ਦੀ ਖੋਜ ਕੀਤੀ, ਅਤੇ ਉਹ ਉਸ ਨੂੰ ਕਿਧਰੇ ਨਾ ਲਭੇ। ਅਖੀਰ ਵਿਚ ਉਹ ਉਸ ਨੂੰ ਪਰੂਸ਼ੀਆਈ ਅਤੇ ਆਸਟਰਵੀਆਈ ਸੈਨਾ ਦੀਆਂ ਸਫਾਂ ਪਿਛੇ, ਕੋਬਲੇਨਟਸ ਦੀ ਛਾਉਣੀ ਵਿਚ ਲਭੇ। ਪਰੰਤੂ ਇਹ ਫ਼ਰਾਂਸ ਵਿਚ ਉਹਦੇ ਲੋਕਾਂ ਲਈ ਹਦੋਂ ਟਪ ਜਾਣਾ ਸੀ। ੧੦ ਅਗਸਤ, ੧੭੯੨ ਨੂੰ ਉਹਨਾਂ ਨੇ ਅਪੀਲ ਕਰਨ ਵਾਲੇ ਨੂੰ ਤਾਮਪਲ[43] ਵਿਚ ਬੰਦ ਕਰ ਦਿਤਾ ਅਤੇ ਕੌਮੀ ਕਨਵੈਨਸ਼ਨ ਸਦ ਲਈ, ਜਿਹੜੀ ਹਰ ਪੱਖ ਤੋਂ ਉਹਨਾਂ ਦੀ ਪ੍ਰਤਿਨਿਧ ਸੀ।

ਇਸ ਕਨਵੈਨਸ਼ਨ ਨੇ ਆਪਣੇ ਆਪ ਨੂੰ ਸਾਬਕਾ ਬਾਦਸ਼ਾਹ ਦੀ **ਅਪੀਲ** ਦਾ ਨਿਰਣਾ ਕਰਨ ਦੇ ਸਮਰਥ ਘੋਸ਼ਤ ਕੀਤਾ, ਅਤੇ ਕੁਝ ਬਹਿਸ ਮਗਰੋਂ ਇਹਨੇ ਅਪੀਲ ਕਰਨ ਵਾਲੇ ਨੂੰ Place de la Revolution* ਭੇਜ ਦਿਤਾ, ਜਿਥੇ ੨੧ ਜਨਵਰੀ, ੧੭੯੩ ਨੂੰ ਗਿਲੋਟੀਨ ਨਾਲ ਉਹਦਾ ਸਿਰ ਵਢ ਦਿਤਾ ਗਿਆ।

ਜਦੋਂ ਬਾਦਸ਼ਾਹ **ਆਪਣੇ ਲੋਕਾਂ ਨੂੰ ਅਪੀਲ ਕਰਦੇ ਹਨ** ਤਾਂ ਇਹ ਕੁਝ ਵਾਪਰਦਾ ਹੈ। ਪਰੰਤੂ, ਜਦੋਂ ਬਿਸ਼ਪ ਦੀ ਪ੍ਰੀਸ਼ਦ ਦੇ ਮੈਂਬਰ ਇਕ ਜਮਹੂਰੀ ਰਾਜਤੰਤਰ ਦੀ ਨੀਂਹ ਰਖਣ ਦੇ ਇੱਛਕ ਹਨ ਓਦੋਂ ਕੀ ਵਾਪਰਦਾ ਹੈ, ਇਹਦੇ ਲਈ ਸਾਨੂੰ ਉਡੀਕਣਾ ਤੇ ਵੇਖਣਾ ਪਵੇਗਾ।

੫ ਸਤੰਬਰ ੧੮੪੭ ਨੂੰ
ਲਿਖਿਆ ਗਿਆ

ਮੂਲ ਪਾਠ ਜਰਮਨ ਵਿਚ ਹੈ

---

* ਇਨਕਲਾਬ ਦਾ ਚੌਕ। —**ਅਨੁ:**

ਕਾਰਲ ਮਾਰਕਸ ਅਤੇ ਫ਼ਰੈਡਰਿਕ ਏਂਗਲਜ਼

# ਕਮਿਊਨਿਸਟ ਪਾਰਟੀ ਦਾ ਮੈਨੀਫ਼ੈਸਟੋ

(ਕਾਂਡ ਦੋ ਅਤੇ ਕਾਂਡ ਤਿੰਨ ਵਿਚੋਂ ਅੰਸ਼)

...ਧਾਰਮਕ, ਦਾਰਸ਼ਨਿਕ, ਅਤੇ, ਆਮ ਕਰਕੇ, ਵਿਚਾਰਧਾਰਕ ਦ੍ਰਿਸ਼ਟੀਕੋਨ ਤੋਂ ਕਮਿਊਨਿਜ਼ਮ ਦੇ ਖਿਲਾਫ ਲਾਏ ਜਾਂਦੇ ਦੋਸ਼ ਵਿਸਤ੍ਰਿਤ ਨਿਰਖ-ਪਰਖ ਦੇ ਹੱਕਦਾਰ ਨਹੀਂ।

ਕੀ ਇਹ ਸਮਝਣ ਲਈ ਕਿਸੇ ਡੂੰਘੀ ਅੰਤਰ-ਸੂਝ ਦੀ ਲੋੜ ਹੈ ਕਿ ਮਨੁਖ ਦੇ ਵਿਚਾਰ, ਦ੍ਰਿਸ਼ਟੀਕੋਨ ਅਤੇ ਸੰਕਲਪ, ਮਤਲਬ ਕੀ ਕਿ ਮਨੁਖ ਦੀ ਚੇਤਨਤਾ, ਉਸਦੀ ਪਦਾਰਥਕ ਹੋਂਦ ਦੀਆਂ ਹਾਲਤਾਂ ਵਿਚਲੀ, ਉਸਦੇ ਸਮਾਜਕ ਸੰਬੰਧਾਂ ਵਿਚਲੀ ਅਤੇ ਉਸਦੇ ਸਮਾਜਕ ਜੀਵਨ ਵਿਚਲੀ ਹਰ ਤਬਦੀਲੀ ਨਾਲ ਬਦਲਦੀ ਹੈ?

ਵਿਚਾਰਾਂ ਦਾ ਇਤਿਹਾਸ ਇਸ ਗੱਲ ਤੋਂ ਛੁਟ ਹੋਰ ਕਿਹੜੀ ਗੱਲ ਸਿੱਧ ਕਰਦਾ ਹੈ ਕਿ ਜਿਸ ਨਿਸਬਤ ਨਾਲ ਪਦਾਰਥਕ ਉਤਪਾਦਨ ਵਿਚ ਤਬਦੀਲੀ ਆਉਂਦੀ ਹੈ, ਉਸੇ ਨਿਸਬਤ ਨਾਲ ਬੌਧਕ ਉਤਪਾਦਨ ਦਾ ਵੀ ਖਾਸਾ ਬਦਲ ਜਾਂਦਾ ਹੈ? ਹਰ ਯੁਗ ਦੇ ਪ੍ਰਧਾਨ ਵਿਚਾਰ ਹਮੇਸ਼ਾ ਹੀ ਇਸਦੀ ਹਾਕਮ ਜਮਾਤ ਦੇ ਵਿਚਾਰ ਰਹੇ ਹਨ।

ਜਦੋਂ ਲੋਕ ਐਸੇ ਵਿਚਾਰਾਂ ਦੀ ਗੱਲ ਕਰਦੇ ਹਨ ਜਿਹੜੇ ਸਮਾਜ ਵਿਚ ਇਨਕਲਾਬ ਲੈ ਆਉਂਦੇ ਹਨ, ਤਾਂ ਉਹ ਸਿਰਫ ਇਹ ਤੱਥ ਹੀ ਪ੍ਰਗਟ ਕਰ ਰਹੇ ਹੁੰਦੇ ਹਨ ਕਿ ਪੁਰਾਣੇ ਸਮਾਜ ਦੇ ਅੰਦਰ, ਨਵੇਂ ਸਮਾਜ ਦੇ ਅੰਸ਼ ਪੈਦਾ ਹੋ ਚੁਕੇ ਹਨ, ਅਤੇ ਪੁਰਾਣੇ ਵਿਚਾਰਾਂ ਦਾ ਖਤਮ ਹੋਣਾ ਹੋਂਦ ਦੀਆਂ ਪੁਰਾਣੀਆਂ ਹਾਲਤਾਂ ਦੇ ਖੇਰੂੰ-ਖੇਰੂੰ ਹੋਣ ਨਾਲ ਕਦਮ ਮਿਲਾ ਕੇ ਚਲਦਾ ਹੈ।

ਜਦੋਂ ਪੁਰਾਤਨ ਦੁਨੀਆਂ ਆਪਣੀਆਂ ਆਖਰੀ ਪੀੜਾਂ ਸਹਿ ਰਹੀ ਸੀ, ਤਾਂ ਪੁਰਾਤਨ ਧਰਮਾਂ ਉਪਰ ਈਸਾਈ ਮੱਤ ਜੇਤੂ ਹੋ ਗਿਆ। ਜਦੋਂ ਅਠਾਰ੍ਹਵੀਂ ਸਦੀ ਵਿਚ ਈਸਾਈ ਵਿਚਾਰ ਪ੍ਰਬੁੱਧਤਾ ਦੇ ਵਿਚਾਰਾਂ ਅੱਗੇ ਹਾਰ ਗਏ, ਤਾਂ ਸਾਮੰਤੀ ਸਮਾਜ ਉਦੋਂ ਦੀ ਇਨਕਲਾਬੀ ਬੁਰਜੂਆਜ਼ੀ ਨਾਲ ਜ਼ਿੰਦਗੀ ਮੌਤ ਦੀ ਲੜਾਈ ਲੜ ਰਿਹਾ ਸੀ। ਧਾਰਮਕ ਆਜ਼ਾਦੀ ਅਤੇ ਜ਼ਮੀਰ ਦੀ ਆਜ਼ਾਦੀ ਦੇ ਵਿਚਾਰਾਂ ਨੇ ਗਿਆਨ ਦੇ ਘੇਰੇ ਦੇ ਅੰਦਰ ਅੰਦਰ ਹੀ ਆਜ਼ਾਦ ਮੁਕਾਬਲੇ ਦੇ ਗ਼ਾਲਬ ਹੋਣ ਨੂੰ ਪ੍ਰਗਟ ਕੀਤਾ।

"ਨਿਰਸੰਦੇਹ," ਇਹ ਕਿਹਾ ਜਾਏਗਾ, "ਧਾਰਮਕ, ਇਖਲਾਕੀ, ਦਾਰਸ਼ਨਿਕ

ਅਤੇ ਕਾਨੂੰਨੀ ਵਿਚਾਰ ਇਤਿਹਾਸਕ ਵਿਕਾਸ ਦੇ ਦੌਰਾਨ ਬਦਲਦੇ ਰਹੇ ਹਨ। ਪਰ ਧਰਮ, ਇਖਲਾਕ, ਫਿਲਾਸਫੀ, ਰਾਜਨੀਤੀ ਵਿਗਿਆਨ, ਅਤੇ ਕਾਨੂੰਨ ਲਗਾਤਾਰ ਇਸ ਤਬਦੀਲੀ ਵਿਚੋਂ ਬਚ ਕੇ ਨਿਕਲ ਆਉਂਦੇ ਰਹੇ ਹਨ।

ਇਸ ਤੋਂ ਛੁਟ, ਕੁਝ ਸਦੀਵੀ ਸਚਾਈਆਂ ਵੀ ਹਨ, ਜਿਵੇਂ ਕਿ ਆਜ਼ਾਦੀ, ਇਨਸਾਫ, ਆਦਿ, ਜਿਹੜੀਆਂ ਸਮਾਜ ਦੀ ਹਰ ਅਵਸਥਾ ਲਈ ਸਾਂਝੀਆਂ ਹਨ। ਪਰ ਕਮਿਊਨਿਜ਼ਮ ਸਦੀਵੀ ਸਚਾਈਆਂ ਨੂੰ ਖਤਮ ਕਰਦਾ ਹੈ, ਇਹ ਸਭ ਧਰਮ, ਅਤੇ ਸਭ ਇਖਲਾਕ ਖਤਮ ਕਰ ਦੇਂਦਾ ਹੈ, ਬਜਾਏ ਇਸਦੇ ਕਿ ਉਹਨਾਂ ਨੂੰ ਨਵੇਂ ਆਧਾਰ ਉਤੇ ਉਸਾਰੇ; ਇਸ ਲਈ ਇਹ ਸਾਰੇ ਪਿਛਲੇ ਇਤਿਹਾਸਕ ਤਜਰਬੇ ਦੇ ਉਲਟ ਚਲਦਾ ਹੈ।"

ਇਹ ਆਰੋਪ ਕੀ ਹੋ ਨਿਬੜਦਾ ਹੈ? ਸਾਰੇ ਪਿਛਲੇ ਸਮਾਜਾਂ ਦਾ ਇਤਿਹਾਸ ਜਮਾਤੀ ਵਿਰੋਧਾਂ ਦੇ ਵਿਕਾਸ ਦਾ ਇਤਿਹਾਸ ਰਿਹਾ ਹੈ, ਜਿਹੜੇ ਵਿਰੋਧ ਵਖੋ ਵਖਰੇ ਦੌਰਾਂ ਵਿਚ ਵਖੋ ਵਖਰੇ ਰੂਪ ਧਾਰਨ ਕਰਦੇ ਰਹੇ ਹਨ।

ਪਰ ਉਹਨਾਂ ਨੇ ਭਾਵੇਂ ਕੋਈ ਵੀ ਰੂਪ ਧਾਰਨ ਕੀਤਾ ਹੋਵੇ, ਪਿਛਲੇ ਸਾਰੇ ਯੁਗਾਂ ਵਿਚ ਇਕ ਤੱਥ ਸਾਂਝਾ ਹੈ, ਭਾਵ, ਸਮਾਜ ਦੇ ਇਕ ਹਿੱਸੇ ਵਲੋਂ ਦੂਜੇ ਹਿੱਸੇ ਦੀ ਲੁੱਟ-ਖਸੁੱਟ ਦਾ ਤੱਥ। ਤਾਂ ਫਿਰ, ਕੋਈ ਹੈਰਾਨੀ ਵਾਲੀ ਗੱਲ ਨਹੀਂ ਕਿ ਪਿਛਲੇ ਯੁਗਾਂ ਦੀ ਸਮਾਜਕ ਚੇਤਨਤਾ, ਇਸ ਵਿਚ ਦਿਸਦੀ ਸਭ ਅਨੇਕਤਾ ਅਤੇ ਵੰਨ-ਸੁਵੰਨਤਾ ਦੇ ਬਾਵਜੂਦ, ਨਿਸਚਿਤ ਆਮ ਰੂਪਾਂ, ਚੇਤਨਤਾ ਦੇ ਰੂਪਾਂ ਦੇ ਅੰਦਰ ਅੰਦਰ ਚਲਦੀ ਹੈ, ਜਿਹੜੇ ਪੂਰੀ ਤਰ੍ਹਾਂ ਲੋਪ ਨਹੀਂ ਹੋ ਸਕਦੇ, ਜਦੋਂ ਤੱਕ ਜਮਾਤੀ ਵਿਰੋਧ ਪੂਰੀ ਤਰ੍ਹਾਂ ਖਤਮ ਨਹੀਂ ਹੋ ਜਾਂਦੇ।

ਕਮਿਊਨਿਸਟ ਇਨਕਲਾਬ ਪ੍ਰੰਪਰਾਈ ਜਾਇਦਾਦੀ ਸੰਬੰਧਾਂ ਨਾਲੋਂ ਵਧ ਤੋਂ ਵਧ ਤੱਤ ਰੂਪ ਵਿਚ ਟੁੱਟਣਾ ਹੈ; ਇਸ ਲਈ ਕੋਈ ਹੈਰਾਨੀ ਵਾਲੀ ਗੱਲ ਨਹੀਂ ਕਿ ਇਸਦੇ ਵਿਕਾਸ ਵਿਚ ਪ੍ਰੰਪਰਾਈ ਵਿਚਾਰਾਂ ਨਾਲੋਂ ਵਧ ਤੋਂ ਵਧ ਤੱਤ ਰੂਪ ਵਿਚ ਟੁੱਟਣਾ ਆ ਜਾਂਦਾ ਹੈ।...

* * *

...ਜਿਸ ਤਰ੍ਹਾਂ ਪਾਦਰੀ ਹਮੇਸ਼ਾ ਹੀ ਭੂਮੀਪਤੀ ਨਾਲ ਮੋਢੇ ਨਾਲ ਮੋਢਾ ਡਾਹ ਕੇ ਚਲਦਾ ਰਿਹਾ ਹੈ, ਇਸੇ ਤਰ੍ਹਾਂ ਪਾਦਰੀਆਂ ਦਾ ਸੋਸ਼ਲਿਜ਼ਮ ਵੀ ਸਾਮੰਤੀ ਸੋਸ਼ਲਿਜ਼ਮ[44] ਨਾਲ ਚਲਦਾ ਰਿਹਾ ਹੈ।

ਈਸਾਈ ਵਿਰਕਤਤਾ ਨੂੰ ਸੋਸ਼ਲਿਸਟ ਰੰਗਤ ਦੇਣ ਨਾਲੋਂ ਸੌਖੀ ਹੋਰ ਕੋਈ ਚੀਜ਼ ਨਹੀਂ। ਕੀ ਈਸਾਈ ਮੱਤ ਨੇ ਨਿੱਜੀ ਜਾਇਦਾਦ ਦੇ ਖਿਲਾਫ, ਵਿਆਹ ਦੇ ਖਿਲਾਫ, ਰਾਜ ਦੇ ਖਿਲਾਫ ਵਖਿਆਨ ਨਹੀਂ ਕੀਤੇ? ਕੀ ਇਹਨਾਂ ਦੀ ਥਾਂ ਇਸਨੇ ਦਾਨ ਅਤੇ

ਕੰਗਾਲੀ ਦਾ, ਬ੍ਰਹਮਚਰਯ ਦਾ ਅਤੇ ਸਰੀਰ ਦੀਆਂ ਇੰਦਰੀਆਂ ਨੂੰ ਮਾਰਨ ਦਾ, ਮੱਠਵਾਸੀ ਜੀਵਨ ਅਤੇ ਮਾਂ ਚਰਚ ਦਾ ਪ੍ਰਚਾਰ ਨਹੀਂ ਕੀਤਾ ? ਈਸਾਈ ਸੋਸ਼ਲਿਜ਼ਮ[45] ਉਹ ਪਵਿਤਰ ਜਲ ਹੈ ਜਿਸ ਨਾਲ ਪਾਦਰੀ ਅਮੀਰਸ਼ਾਹ ਦੇ ਦਿਲ ਦੀ ਜਲਣ ਨੂੰ ਪਵਿਤਰ ਬਣਾਉਂਦਾ ਹੈ।...

ਦਸੰਬਰ ੧੮੪੭—ਜਨਵਰੀ ੧੮੪੮
ਦੇ ਵਿਚਕਾਰ ਲਿਖਿਆ ਗਿਆ

ਮੂਲ ਪਾਠ ਜਰਮਨ ਵਿਚ ਹੈ

# "NEUE RHEINISCHE ZEITUNG. POLITISCH-ÖKONOMISCHE REVUE"[46] ਦੇ ਦੂਜੇ ਅੰਕ ਵਿਚੋਂ ਦੀ ਸਮੀਖਿਆ

ਗ. ਫ਼. ਡਾਊਮਰ ਦੀ "ਨਵੇਂ ਜੁਗ ਦਾ ਧਰਮ।
ਸੰਜੋਗਿਕ ਅਤੇ ਸੂਤਰਮਈ ਆਧਾਰ ਦਾ ਇਕ ਜਤਨ" ਦੀ ਰੀਵੀਊ।
੨ ਸੈਂਚੀਆਂ, ਹੈਮਬਰਗ, ੧੮੫੦

"ਨੂਰਮਬਰਗ ਵਿਚ ਹੋਰ ਹਰ ਤਰ੍ਹਾਂ ਸੁਤੰਤਰ-ਚਿੰਤਨ ਵਾਲਾ ਮਨੁਖ ਜਿਹੜਾ ਨਵੇਂ ਲਈ ਅਸੰਵੇਦਨਸ਼ੀਲ ਨਹੀਂ ਸੀ ਜਮਹੂਰੀ ਸਰਗਰਮੀਆਂ ਨੂੰ ਅੰਤਾਂ ਦੀ ਘਿਰਣਾ ਕਰਦਾ ਸੀ। ਉਹ ਰੋਨਗੇ ਦਾ ਭਗਤ ਸੀ ਜਿਸ ਦੀ ਤਸਵੀਰ ਉਹਨੇ ਆਪਣੇ ਕਮਰੇ ਵਿਚ ਲਾਈ ਹੋਈ ਸੀ। ਪਰ ਜਦੋਂ ਉਸ ਨੇ ਇਹ ਸੁਣਿਆ ਕਿ ਰੋਨਗੇ ਨੇ ਜਮਹੂਰੀਅਤ ਪਸੰਦਾਂ ਦਾ ਸਾਥ ਦਿਤਾ ਹੈ ਤਾਂ ਉਸ ਨੇ ਤਸਵੀਰ ਲਾਹ ਕੇ ਪਖਾਨੇ ਵਿਚ ਲਾ ਦਿਤੀ। ਇਕ ਵਾਰ ਉਹਨੇ ਆਖਿਆ ਸੀ: 'ਉਹ, ਜੇ ਕਿਤੇ ਅਸੀਂ ਰੂਸੀ ਕਨੂਤ * ਹੇਠ ਰਹਿੰਦੇ ਹੁੰਦੇ, ਮੈਂ ਕਿੰਨੀ ਖੁਸ਼ੀ ਮਹਿਸੂਸ ਕਰਦਾ!' ਉਹ ਗੜਬੜਾਂ ਵਿਚ ਮਰ ਗਿਆ ਸੀ ਅਤੇ ਮੈਂ ਸਮਝਦਾ ਹਾਂ ਕਿ, ਭਾਵੇਂ ਉਹ ਬੁਢਾ ਹੋ ਗਿਆ ਹੋਇਆ ਸੀ, ਇਹ ਘਟਨਾਵਾਂ ਦੇ ਪ੍ਰਵਾਹ ਬਾਰੇ ਨਿਰਾਸ਼ਾ ਅਤੇ ਦੁਖ ਸੀ ਜਿਹੜੇ ਉਸ ਨੂੰ ਕਬਰ ਵਿਚ ਲੈ ਗਏ।" (ਸੈਂਚੀ ੨, ਪੰਨੇ ੩੨੧-੩੨੨)।

ਜੇ ਮਰਨ ਦੀ ਥਾਂ, ਇਸ ਤਰਸਯੋਗ ਨੂਰਮਬਰਗਵਾਸੀ ਨੇ "ਜਰਮਨੀ ਬਾਰੇ ਅਤੇ ਲਈ ਚਿੱਠੀ ਪਤਰ" ਵਿਚੋਂ, ਸ਼ਿਲਰ ਜਾਂ ਗੋਇਥੇ ਤੋਂ, ਸਕੂਲਾਂ ਦੀਆਂ

---

*ਪ੍ਰਾਚੀਨ ਸਮਿਆਂ ਵਿਚ ਰੂਸ ਵਿਚ ਸਜ਼ਾ ਦੇਣ ਲਈ ਵਰਤਿਆ ਜਾਣ ਵਾਲਾ ਕੋੜਾ। ਇਹ ਮੋਟਾ ਹੁੰਦਾ ਸੀ ਅਤੇ ਇਹਦੀ ਮਾਰ ਹੋਰ ਪੀੜ-ਭਰੀ ਬਣਾਉਣ ਲਈ ਇਹਦੇ ਵਿਚ ਗੰਢਾਂ ਮਾਰੀਆਂ ਹੁੰਦੀਆਂ ਸਨ।—ਅਨੁ:

ਪੁਰਾਣੀਆਂ ਕਿਤਾਬਾਂ ਜਾਂ ਪੁਸਤਕਾਂ ਮਾਂਗਵੀਆਂ ਦੇਣ ਵਾਲੀਆਂ ਲਾਇਬ੍ਰੇਰੀਆਂ ਦੀਆਂ ਨਵੀਨ ਕਿਤਾਬਾਂ ਤੋਂ ਆਪਣੇ ਖਿਆਲਾਂ ਦਾ ਚੂਰਾ ਇਕੱਠਾ ਕੀਤਾ ਹੁੰਦਾ ਤਾਂ ਉਸ ਨੇ ਆਪਣੇ ਆਪ ਨੂੰ ਮਰਨ ਦੀ ਅਤੇ ਸ੍ਰੀਮਾਨ ਡਾਊਮਰ ਨੂੰ ਉਸ ਦੀਆਂ ਤੁਰਸ਼ ਢੰਗ ਨਾਲ ਵਿਸਥਾਰੀਆਂ ਸੰਜੋਗਿਕ ਅਤੇ ਸੂਤਰਮਈ ਆਧਾਰ ਦੀਆਂ ਦੋ ਸੈਂਚੀਆਂ ਦੀ ਜ਼ਹਿਮਤ ਤੋਂ ਬਚਾ ਲਿਆ ਹੁੰਦਾ। ਨਿਰਸੰਦੇਹ, ਫੇਰ ਸਾਨੂੰ ਨਵੇਂ ਜੁਗ ਦੇ ਧਰਮ ਅਤੇ ਨਾਲ ਹੀ ਇਸ ਦੇ ਪਹਿਲੇ ਸ਼ਹੀਦ ਤੋਂ ਜਾਣੂ ਹੋਣ ਦਾ ਗਿਆਨ-ਵਧਾਊ ਮੌਕਾ ਨਹੀਂ ਸੀ ਮਿਲਣਾ।

ਸ੍ਰੀਮਾਨ ਡਾਊਮਰ ਦੀ ਰਚਨਾ ਦੋ ਭਾਗਾਂ ਵਿਚ ਵੰਡੀ ਹੋਈ ਹੈ, "ਮੁਢਲਾ" ਅਤੇ "ਮੁਖ" ਭਾਗ। ਮੁਢਲੇ ਭਾਗ ਵਿਚ ਜਰਮਨ ਦਰਸ਼ਨ ਦਾ ਵਫ਼ਾਦਾਰ ਏਕਾਰਟ ਆਪਣੀ ਡੂੰਘੀ ਚਿੰਤਾ ਪ੍ਰਗਟ ਕਰਦਾ ਹੈ ਕਿ ਚਿੰਤਨਸ਼ੀਲ ਅਤੇ ਪੜ੍ਹੇ ਲਿਖੇ ਜਰਮਨਾਂ ਨੇ ਵੀ ਪਿਛਲੇ ਦੋ ਵਰ੍ਹਿਆਂ ਤੋਂ ਆਪਣੇ ਆਪ ਨੂੰ ਰਾਹੋਂ ਭਟਕ ਜਾਣ ਦਿਤਾ ਹੈ ਅਤੇ ਮਹਿਜ਼ "ਬਾਹਰੀ" ਇਨਕਲਾਬੀ ਸਰਗਰਮੀ ਲਈ ਚਿੰਤਨ ਦੀਆਂ ਅਗਾਧ ਪ੍ਰਾਪਤੀਆਂ ਤਿਆਗ ਦਿਤੀਆਂ ਹਨ। ਉਹ ਵਰਤਮਾਨ ਪਲ ਨੂੰ ਕੌਮ ਦੀਆਂ ਚੰਗੇਰੀਆਂ ਭਾਵਨਾਵਾਂ ਨੂੰ ਇਕ ਵਾਰ ਫੇਰ ਅਪੀਲ ਕਰਨ ਲਈ ਢੁਕਵਾਂ ਸਮਝਦਾ ਹੈ ਅਤੇ ਧਿਆਨ ਦੁਆਉਂਦਾ ਹੈ ਕਿ ਸਾਰੇ ਜਰਮਨ ਸਭਿਆਚਾਰ ਨੂੰ, ਜਿਸ ਰਾਹੀਂ ਹੀ ਕੇਵਲ ਜਰਮਨ ਬਰਗਰ ਅੱਜੇ ਤੱਕ ਉੱਕਾ ਹੀ ਕੁਝ ਹੈ, ਇਉਂ ਹਲਕੇ ਰੌਂ ਨਾਲ ਅਲੋਪ ਹੋ ਜਾਣ ਦੀ ਆਗਿਆ ਦੇਣ ਦੇ ਕੀ ਅਰਥ ਹਨ। ਉਹ ਅਤਿਅੰਤ ਸੰਖਿਪਤ ਅਖੌਤਾਂ ਵਿਚ ਜਿਹੜੀਆਂ ਉਸ ਦੇ ਗਿਆਨ ਦੀ ਪਟਾਰੀ ਵਿਚ ਪਈਆਂ ਹਨ ਜਰਮਨ ਸਭਿਆਚਾਰ ਦੀ ਸਮੁਚੀ ਵਸਤੂ ਇਕੱਠੀ ਕਰਦਾ ਹੈ ਅਤੇ ਇਸ ਪ੍ਰਕਾਰ ਜਰਮਨ ਸਭਿਆਚਾਰ ਨੂੰ ਜਰਮਨ ਦਰਸ਼ਨ ਜਿੰਨਾ ਹੀ ਬਦਨਾਮ ਕਰਦਾ ਹੈ। ਜਰਮਨ ਬੁਧੀ ਦੀਆਂ ਅਤਿ ਉਤਮ ਉਪਜਾਂ ਦਾ ਉਹਦਾ ਸੰਗ੍ਰਹਿ ਥੋਥੇਪਨ ਅਤੇ ਤੁਛਤਾ ਦੇ ਪਖੋਂ ਪੜ੍ਹੇ ਲਿਖੇ ਖੇਤਰਾਂ ਵਿਚ ਨੌਜਵਾਨ ਸੁਆਣੀਆਂ ਲਈ ਪੜ੍ਹਨ ਦੀਆਂ ਅਤਿ ਸਾਧਾਰਨ ਪੁਸਤਕਾਂ ਨੂੰ ਵੀ ਪਿਛੇ ਛਡ ਜਾਂਦਾ ਹੈ। ਪਹਿਲੇ ਫ਼ਰਾਂਸੀਸੀ ਇਨਕਲਾਬ ਦੇ ਖਿਲਾਫ ਸ਼ਿਲਰ ਅਤੇ ਗੋਇਥੇ ਦੇ ਖੂਹ-ਦੇ-ਡਡੂਆਂ ਵਾਲੇ ਹੱਲਿਆਂ ਤੋਂ, ਕਲਾਸੀਕੀ "ਬਬਰ-ਸ਼ੇਰ ਨੂੰ ਜਗਾਉਣਾ ਖਤਰਨਾਕ ਹੈ"* ਤੋਂ ਲੈਕੇ ਅਤਿਅੰਤ ਆਧੁਨਿਕ ਸਾਹਿਤ ਤੱਕ, ਨਵੇਂ ਧਰਮ ਦਾ ਉੱਚ ਪਾਦਰੀ ਜੋਸ਼ ਖ਼ਰੋਸ਼ ਨਾਲ ਹਰ ਉਹ ਪੈਰਾ ਕੱਢ ਲੈਂਦਾ ਹੈ ਜਿਸ ਵਿਚ ਜਰਮਨ ਕੱਟੜਪੁਣਾ ਇਤਿਹਾਸਕ ਲਹਿਰ ਦੇ ਖਿਲਾਫ, ਜਿਸ ਨੂੰ ਇਹ ਨਫਰਤ ਕਰਦਾ ਹੈ, ਅਲਸਾਏ ਚਿੜਚਿੜੇਪਨ ਨਾਲ ਬੁੜਬੁੜਾਉਂਦਾ ਹੈ। ਫਰੈਡਰਿਖ ਰਾਊਮਰ, ਬਰਥੋਲਡ ਅਵੇਰਬਾਖ਼, ਲੋਖਨਰ, ਮੋਰਿਟਸ ਕਾਰੀਯੇਰ, ਅਲਫਰੈਡ ਮਾਈਸਨਰ, ਕਰੂਗ, ਡਿੰਗਲਸ਼ਟਡਟ, ਰੋਨਗੇ, «Nürnberger Bote», ਮਾਕਸ ਵਾਲਡਾਊ,

---

*ਸ਼ਿੱਲਰ ਦੀ "ਅੰਟੇ ਬਾਰੇ ਕਵਿਤਾ" ਵਿਚੋਂ।—ਸੰਪਾ:

ਸ਼ਟਰਨਬਰਗ, ਹਰਮਾਨ ਮਿਓਈਰਰ, ਲੂਈਜ਼ੇ ਆਸਟਨ, ਏਕਾਰਮਾਨ, ਨੌਆਕ, «Blätter für literarische Unterhaltung», ਏ. ਕੂਨਟਸੇ, ਘਿਲਾਨੀ, ਥ. ਮੁੰਡਟ, ਸਾਫਿਰ, ਗੁਟਸਕੋਵ, ਕੋਈ «née Gatterer»* ਵਰਗੇ ਅਸਰ ਵਾਲੇ ਪ੍ਰਮਾਣੀਕ ਅਧਿਕਾਰੀ ਉਹ ਥੰਮ ਹਨ ਜਿਨ੍ਹਾਂ ਆਸਰੇ ਨਵੇਂ ਧਰਮ ਦਾ ਮੰਦਰ ਖੜਾ ਹੈ। ਇਨਕਲਾਬੀ ਲਹਿਰ, ਜਿਸ ਨੂੰ ਇਥੇ ਏਨੀਆਂ ਸਾਰੀਆਂ ਆਵਾਜ਼ਾਂ ਵਿਚ ਹਰਾਮ ਐਲਾਨਿਆ ਗਿਆ ਹੈ, ਸ੍ਰੀਮਾਨ ਡਾਊਮਰ ਲਈ ਇਕ ਪਾਸੇ "ਜਰਮਨੀ ਬਾਰੇ ਅਤੇ ਲਈ ਚਿੱਠੀ ਪਤਰ" ਦੀ ਸਰਪ੍ਰਸਤੀ ਹੇਠ ਨੂਰਮਬਰਗ ਵਿਚ ਕੀਤੀ ਜਾ ਰਹੀ ਰਾਜਨੀਤੀ ਬਾਰੇ ਅਤਿ ਤੁਛ ਲੂਤਰ ਲੂਤਰ ਤੱਕ, ਅਤੇ ਦੂਜੇ ਪਾਸੇ ਧਾੜ ਦੀਆਂ ਜ਼ਿਆਦਤੀਆਂ ਤੱਕ ਸੀਮਤ ਹੈ ਜਿਸ ਬਾਰੇ ਉਸ ਦਾ ਵਿਚਾਰ ਅਤਿਅੰਤ ਅਣੋਖਾ ਹੈ। ਜਿਨ੍ਹਾਂ ਵਸੀਲਿਆਂ ਤੇ ਉਹ ਟੇਕ ਰਖਦਾ ਹੈ ਉਹ ਪਹਿਲਾਂ ਦੱਸੇ ਜਾ ਚੁਕਿਆਂ ਨਾਲ ਬਰਾਬਰ ਦੀ ਥਾਂ ਤੇ ਰਖੇ ਜਾਣ ਯੋਗ ਹਨ: ਨੂਰਮਬਰਗ ਦੇ «Korrespondent» ਜਿਸ ਦਾ ਅਕਸਰ ਨਾਂ ਲਿਆ ਗਿਆ ਹੈ ਦੇ ਨਾਲ ਨਾਲ «Bamberger Zeitung», ਮਿਊਨਿਖ ਦੇ «Landbötin», ਆਗਸਬਰਗ ਦੇ «Allgemeine Zeitung» ਅਤੇ ਦੂਜੇ ਸਾਮ੍ਹਣੇ ਆਉਂਦੇ ਹਨ। ਉਹੋ ਨਿਕ-ਬੁਰਜੂਆ ਬਾਜ਼ਾਰੀਪਨ ਜਿਸ ਨੂੰ ਪ੍ਰੋਲਤਾਰੀ ਇਕ ਘਿਰਣਾਯੋਗ, ਭ੍ਰਿਸ਼ਟ ਗੰਦੇ ਆਦਮੀ ਤੋਂ ਬਿਨਾਂ ਹੋਰ ਕੁਝ ਨਹੀਂ ਦਿਸਦਾ ਅਤੇ ਜਿਹੜਾ ਜੂਨ ੧੮੪੮ ਵਿਚ ਪੈਰਿਸ ਦੇ ਕਤਲਾਮ[47] ਉਤੇ ਤਸੱਲੀ ਨਾਲ ਆਪਣੇ ਹੱਥ ਮਲਦਾ ਹੈ, ਜਦੋਂ ਇਹ ੩,੦੦੦ "ਗੰਦੇ ਆਦਮੀ" ਵੱਢੇ ਟੁੱਕੇ ਗਏ ਸਨ—ਉਹੋ ਬਾਜ਼ਾਰੀਪਨ ਉਸ ਠੱਠੇ ਮਖੌਲ ਤੇ ਨਾਰਾਜ਼ ਹੈ ਜਿਸ ਦਾ ਨਿਸ਼ਾਨਾ ਪਸ਼ੂਆਂ ਉਤੇ ਜ਼ੁਲਮ ਰੋਕਣ ਲਈ ਉਪਭਾਵਕ ਸਭਾਵਾਂ ਬਣੀਆਂ ਹੋਈਆਂ ਹਨ।

> "ਉਹ ਭਿਆਨਕ ਤਸੀਹੇ," ਸ੍ਰੀਮਾਨ ਡਾਊਮਰ ਸੈਂਚੀ ੧ ਦੇ ਪੰਨਾ ੨੯੩ ਤੇ ਦੁਹਾਈ ਦੇਂਦਾ ਹੈ, "ਜਿਹੜੇ ਮਨੁਖ ਦੇ ਅਤਿਆਚਾਰੀ ਅਤੇ ਜ਼ਾਲਮ ਹੱਥੋਂ ਬਦਕਿਸਮਤ ਜਾਨਵਰਾਂ ਨੂੰ ਸਹਾਰਨੇ ਪੈਂਦੇ ਹਨ ਇਹਨਾਂ ਵਹਿਸ਼ੀਆਂ ਲਈ 'ਫਜ਼ੂਲ ਬਕਵਾਸ' ਹੈ ਜਿਸ ਦੀ ਕਿਸੇ ਆਦਮੀ ਨੂੰ ਚਿੰਤਾ ਨਹੀਂ ਕਰਨੀ ਚਾਹੀਦੀ!"

ਸਾਡੇ ਜੁਗ ਦਾ ਸਮੁਚਾ ਜਮਾਤੀ ਸੰਗਰਾਮ ਸ੍ਰੀਮਾਨ ਡਾਊਮਰ ਨੂੰ ਕੇਵਲ "ਸਭਿਆਚਾਰ" ਦੇ ਖਿਲਾਫ "ਉਜੱਡਪੁਣੇ" ਦਾ ਸੰਗਰਾਮ ਪ੍ਰਤੀਤ ਹੈ। ਇਹਨਾਂ ਜਮਾਤਾਂ ਦੀਆਂ ਇਤਿਹਾਸਕ ਹਾਲਤਾਂ ਨੂੰ ਇਸ ਦਾ ਕਾਰਨ ਸਮਝਣ ਦੀ ਥਾਂ, ਉਹ ਇਸ ਦੀ ਜੜ੍ਹ ਕੁਝ ਕੁ ਦੁਰਭਾਵੀ ਵਿਅਕਤੀਆਂ ਦੀਆਂ ਵਿਦਰੋਹੀ ਕਰਨੀਆਂ ਵਿਚ

* ਵਿਆਹ ਤੋਂ ਪਹਿਲਾਂ ਨਾਂ ਗਾਟਰਰ। — **ਸੰਪਾ:**

ਵੇਖਦਾ ਹੈ ਜਿਹੜੇ ਪੜ੍ਹੇ ਲਿਖੇ ਵਰਗਾਂ ਦੇ ਖਿਲਾਫ ਆਮ ਲੋਕਾਂ ਦੀਆਂ ਨੀਚ ਅਭਿਲਾਸ਼ਾਵਾਂ ਨੂੰ ਉਕਸਾਉਂਦੇ ਹਨ।

> "ਇਹ ਜਮਹੂਰੀ ਸੁਧਾਰਵਾਦ... ਉਪਰਲੀਆਂ ਜਮਾਤਾਂ ਦੇ ਖਿਲਾਫ ਸਮਾਜ ਦੀਆਂ ਹੇਠਲੀਆਂ ਜਮਾਤਾਂ ਦੀ ਈਰਖਾ, ਗੁੱਸਾ, ਹਾਬੜ ਨੂੰ ਉਤੇਜਿਤ ਕਰਦਾ ਹੈ—ਮਨੁਖ ਨੂੰ ਚੰਗੇਰਾ ਅਤੇ ਵਧੇਰੇ ਉਤਮ ਬਣਾਉਣ ਦਾ ਅਤੇ ਉੱਚ ਦਰਜੇ ਦੇ ਸਭਿਆਚਾਰ ਦੀ ਨੀਂਹ ਰਖਣ ਦਾ ਅਤਿ ਵਧੀਆ ਢੰਗ!" (ਸੈਂਚੀ ੧, ਪੰਨਾ ੨੮੯)

ਸ੍ਰੀਮਾਨ ਡਾਊਮਰ ਨੂੰ ਇਹ ਪਤਾ ਨਹੀਂ ਕਿ "ਉਪਰਲੀਆਂ ਜਮਾਤਾਂ ਦੇ ਖਿਲਾਫ ਸਮਾਜ ਦੀਆਂ ਹੇਠਲੀਆਂ ਜਮਾਤਾਂ" ਦੇ ਕਿਹੜੇ ਸੰਗਰਾਮਾਂ ਨੇ ਨੂਰਮਬਰਗ ਦੇ "ਦਰਜੇ ਦੇ ਸਭਿਆਚਾਰ" ਤੱਕ ਨੂੰ ਜਨਮ ਦਿਤਾ ਅਤੇ ਮੋਲੋਕ-ਲੜਾਕੇ á la* ਡਾਊਮਰ ਨੂੰ ਸੰਭਵ ਬਣਾਇਆ।

ਦੂਜੇ "ਮੁਖ" ਭਾਗ ਵਿਚ ਨਵੇਂ ਧਰਮ ਦਾ ਸਾਕਾਰਾਤਮਕ ਪੱਖ ਦਿਤਾ ਗਿਆ ਹੈ। ਇਸ ਵਿਚ ਜਰਮਨ ਦਰਸ਼ਨਵੇਤਾ ਉਸ ਅਸਮ੍ਰਿਤੀ ਉਤੇ ਜਿਸ ਵਿਚ ਈਸਾਈਅਤ ਵਿਰੋਧੀ ਉਹਦੇ ਸੰਗਰਾਮ ਜਾ ਪਏ ਹਨ, ਧਰਮ ਵੱਲ, ਜੋ ਇਕ ਦਰਸ਼ਨਵੇਤਾ ਦੇ ਵਿਚਾਰਨਯੋਗ ਇਕੋ ਇਕ ਵਸਤੂ ਹੈ, ਲੋਕਾਂ ਦੀ ਬੇਰੁਖੀ ਉਤੇ ਸਾਰੀ ਖਿਝ ਪ੍ਰਗਟ ਕਰਦਾ ਹੈ। ਆਪਣੇ ਕਿੱਤੇ ਦੀ ਭੱਲ ਬਹਾਲ ਕਰਨ ਲਈ, ਜਿਸਨੂੰ ਮੁਕਾਬਲੇ ਨੇ ਮੈਦਾਨੋਂ ਕੱਢ ਦਿਤਾ ਹੈ ਸਾਡਾ ਸੰਸਾਰ-ਸਿਆਣਾ ਕੇਵਲ ਇਹੋ ਹੀ ਕਰ ਸਕਦਾ ਹੈ ਕਿ ਪੁਰਾਣੇ ਧਰਮ ਦੇ ਖਿਲਾਫ ਢੇਰ ਚਿਰ ਭੌਂਕਣ ਮਗਰੋਂ ਇਕ ਨਵਾਂ ਧਰਮ ਈਜਾਦ ਕਰੇ। ਪਰ, ਪਹਿਲੇ ਭਾਗ ਅਨੁਸਾਰ, ਇਹ ਨਵਾਂ ਧਰਮ ਨੀਤੀ-ਬਚਨਾਂ, ਬੰਸਾਵਲੀ ਵਹੀਆਂ ਵਿਚੋਂ ਕਾਵਿ-ਪੰਗਤੀਆਂ ਅਤੇ ਜਰਮਨ ਨਿਕ-ਬੁਰਜੂਆ ਸਭਿਆਚਾਰ ਦੀਆਂ versus memoriales**, ਦੇ ਸੰਗ੍ਰਹਿ ਨੂੰ ਜਾਰੀ ਰਖਣ ਤੱਕ ਸੀਮਤ ਹੈ। ਨਵੇਂ ਕੁਰਾਨ[48] ਦੇ ਕਾਂਡ ਵਿਦਮਾਨ ਜਰਮਨ ਪ੍ਰਸਥਿਤੀਆਂ ਨੂੰ ਸਦਾਚਾਰਕ ਤੌਰ ਤੇ ਮੋੜਾ ਪਾਉਣ ਅਤੇ ਕਾਵਿਕ ਰੂਪ ਵਿਚ ਸ਼ਿੰਗਾਰਨ ਵਾਲੇ ਕਥਨਾਂ ਦੇ ਸਿਲਸਲੇ ਤੋਂ ਵਧ ਕੁਝ ਨਹੀਂ, ਕਥਨ ਜਿਹੜੇ, ਭਾਵੇਂ ਆਪਣੇ ਫੌਰੀ ਧਾਰਮਿਕ ਰੂਪ ਤੋਂ ਵਿਰਵੇ ਹਨ, ਅਜੇ ਵੀ ਪੁਰਾਣੇ ਧਰਮ ਦਾ ਅਨਿਖੜਵਾਂ ਅੰਗ ਹਨ।

> "ਪੂਰਨ ਰੂਪ ਵਿਚ ਨਵੇਂ ਸੰਸਾਰ ਹਾਲਾਤ ਅਤੇ ਸੰਸਾਰ ਸੰਬੰਧ ਕੇਵਲ ਨਵੇਂ ਧਰਮਾਂ ਰਾਹੀਂ ਹੀ ਜਨਮ ਲੈ ਸਕਦੇ ਹਨ। ਧਰਮ ਕਿਹੜੀ ਗੱਲ ਦੇ ਸਮਰਥ

---

* ਵਾਂਗ। — ਸੰਪਾ:

** "ਯਾਦਗਾਰੀ ਕਵਿਤਾਵਾਂ"। — ਸੰਪਾ:

ਹਨ, ਈਸਾਈਅਤ ਅਤੇ ਇਸਲਾਮ ਇਸ ਦੀਆਂ ਉਦਾਹਰਣਾਂ ਅਤੇ ਸਬੂਤ ਹਨ; ਸਾਲ ੧੮੪੮ ਵਿਚ ਸ਼ੁਰੂ ਹੋਈਆਂ ਲਹਿਰਾਂ ਅਮੂਰਤ, ਅਨੰਨ ਰਾਜਨੀਤੀ ਦੀ ਨਿਰਬਲਤਾ ਅਤੇ ਨਿਰਾਰਥਕਤਾ ਦਾ ਅਤਿਅੰਤ ਪ੍ਰਤੱਖ ਅਤੇ ਸੁਘੜ ਪ੍ਰਮਾਣ ਪੇਸ਼ ਕਰਦੀਆਂ ਹਨ।" (ਸੈਂਚੀ ੧, ਪੰਨਾ ੩੧੩)।

ਵਸਤੂ ਨਾਲ ਏਨਾ ਭਰਪੂਰ ਇਹ ਪ੍ਰਸਤਾਵ ਜਰਮਨ "ਚਿੰਤਕ" ਦੀ ਮੂਰਖਤਾ ਅਤੇ ਅਗਿਆਨ ਨੂੰ ਫੌਰੀ ਤੌਰ ਤੇ ਨੰਗਾ ਕਰ ਦੇਂਦਾ ਹੈ ਜਿਹੜਾ ਛੋਟੀਆਂ ਮੋਟੀਆਂ ਜਰਮਨ ਅਤੇ ਖਾਸ ਕਰਕੇ ਬਾਵੇਰੀਆਈ "ਮਾਰਚ ਪ੍ਰਾਪਤੀਆਂ" ਨੂੰ ੧੮੪੮ ਅਤੇ ੧੮੪੯ ਦੀ ਯੂਰਪੀ ਲਹਿਰ ਸਮਝਦਾ ਹੈ ਅਤੇ ਜਿਹੜਾ ਮੰਗ ਕਰਦਾ ਹੈ ਕਿ ਸਹਿਜੇ ਸਹਿਜੇ ਵਿਕਸਤ ਹੋ ਰਹੇ ਅਤੇ ਇਕਾਗਰ ਹੋ ਰਹੇ ਵੱਡੇ ਇਨਕਲਾਬ ਦੇ ਪਹਿਲੇ, ਆਪਣੇ ਆਪ ਵਿਚ ਬਹੁਤ ਸਤਹੀ, ਵਿਸਫੋਟਾਂ ਨੂੰ "ਪੂਰਨ ਰੂਪ ਵਿਚ ਨਵੇਂ ਸੰਸਾਰ ਹਾਲਾਤ ਅਤੇ ਸੰਸਾਰ ਸੰਬੰਧ" ਪੈਦਾ ਕਰਨੇ ਚਾਹੀਦੇ ਹਨ। ਸੰਸਾਰ-ਸਿਆਣਾ ਡਾਊਮਰ ਸਾਰੇ ਗੁੰਝਲਦਾਰ ਸਮਾਜਕ ਸੰਗਰਾਮ ਨੂੰ ਜਿਸ ਦੀਆਂ ਪਹਿਲੀਆਂ ਝੜਪਾਂ ਦਾ ਖੇਤਰ ਪਿਛਲੇ ਦੋ ਸਾਲਾਂ ਵਿਚ ਪੈਰਿਸ ਤੋਂ ਦੇਬਰੇਤਸੇਨ ਅਤੇ ਬਰਲਿਨ ਤੋਂ ਪਾਲੇਰਮੋ ਤੱਕ ਸੀ ਇਸ ਹਕੀਕਤ ਤੱਕ ਕਿ ਜਨਵਰੀ ੧੮੪੯ ਵਿਚ "ਅਰਲਾਂਗਨ ਦੀਆਂ ਸੰਵਿਧਾਨਕ ਸਭਾਵਾਂ ਦੀਆਂ ਆਸਾਂ ਅਣਮਿਥੇ ਸਮੇਂ ਲਈ ਪਿਛੇ ਪਾ ਦਿਤੀਆਂ ਗਈਆਂ" (ਸੈਂਚੀ ੧, ਪੰਨਾ. ੩੧੨) ਅਤੇ ਉਸ ਨਵੇਂ ਸੰਗਰਾਮ ਦੇ ਡਰ ਤੱਕ ਸੰਕੁਚਿਤ ਕਰ ਦੇਂਦਾ ਹੈ ਜਿਹੜਾ ਸ੍ਰੀਮਾਨ ਡਾਊਮਰ ਲਈ ਹਾਫਿਜ਼, ਮੁਹੰਮਦ ਅਤੇ ਬਰਥੋਲਡ ਅਵੇਰਬਾਖ਼ ਨਾਲ ਉਸ ਦੇ ਰੁਝੇਵਿਆਂ ਵਿਚ ਇਕ ਵਾਰ ਫਿਰ ਬੁਰੀ ਤਰ੍ਹਾਂ ਸਦਮਾ ਪਹੁੰਚਾਣ ਵਾਲਾ ਹੋ ਸਕਦਾ ਹੈ।

ਉਹੋ ਹੀ ਬੇਹਯਾ ਸਤਹੀਪਨ ਸ੍ਰੀਮਾਨ ਡਾਊਮਰ ਤੋਂ ਇਹ ਗੱਲ ਪੂਰੀ ਤਰ੍ਹਾਂ ਅਖੋਂ ਪਰੋਖੇ ਕਰਵਾ ਦੇਂਦਾ ਹੈ ਕਿ ਈਸਾਈਅਤ ਤੋਂ ਪਹਿਲਾਂ ਉਹ ਪ੍ਰਾਚੀਨ "ਸੰਸਾਰ ਹਾਲਾਤ" ਪੂਰੀ ਤਰ੍ਹਾਂ ਢਹਿ-ਢੇਰੀ ਹੋਏ ਸਨ ਜਿਨ੍ਹਾਂ ਦਾ ਈਸਾਈਅਤ ਮਹਿਜ਼ ਇਕ ਪ੍ਰਗਟਾ ਸੀ; ਕਿ ਉਹ "ਪੂਰਨ ਰੂਪ ਵਿਚ ਨਵੇਂ ਸੰਸਾਰ ਹਾਲਾਤ" ਅੰਦਰੂਨੀ ਤੌਰ ਤੇ ਈਸਾਈਅਤ ਰਾਹੀਂ ਨਹੀਂ ਸਗੋਂ ਕੇਵਲ ਓਦੋਂ ਪੈਦਾ ਹੋਏ ਸਨ ਜਦੋਂ ਹੁਨ ਅਤੇ ਜਰਮਨ "ਬਾਹਰੋਂ ਰੋਮਨ ਸ਼ਹਿਨਸ਼ਾਹੀ ਦੀ ਲੋਥ ਉਤੇ ਟੁਟ ਪਏ", ਕਿ ਜਰਮਨ ਧਾਵੇ ਤੋਂ ਮਗਰੋਂ "ਨਵੀਆਂ ਸੰਸਾਰ ਹਾਲਾਤਾਂ" ਨੇ ਆਪਣੇ ਆਪ ਨੂੰ ਈਸਾਈਅਤ ਦੇ ਅਨੁਕੂਲ ਨਹੀਂ ਢਾਲਿਆ ਸਗੋਂ ਕਿ ਖੁਦ ਈਸਾਈਅਤ ਉਵੇਂ ਹੀ ਇਹਨਾਂ ਨਵੀਆਂ ਹਾਲਾਤਾਂ ਦੇ ਹਰ ਨਵੇਂ ਦੌਰ ਨਾਲ ਬਦਲੀ ਸੀ। ਅਸੀਂ ਚਾਹਾਂਗੇ ਕਿ ਸ੍ਰੀਮਾਨ ਡਾਊਮਰ ਸਾਨੂੰ ਕੋਈ ਅਜਿਹੀ ਮਿਸਾਲ ਦੇਵੇ ਜਦੋਂ ਪੁਰਾਣੇ ਸੰਸਾਰ ਹਾਲਾਤ ਇਕ ਨਵੇਂ ਧਰਮ ਨਾਲ, ਇਸ ਦੇ ਨਾਲ ਹੀ ਅਤਿ ਬਲਵਾਨ "ਬਾਹਰੀ ਅਤੇ ਅਮੂਰਤ ਰਾਜਨੀਤਕ" ਹਲਚਲਾਂ ਸ਼ੁਰੂ ਹੋਏ ਬਿਨਾਂ ਪੈਦਾ ਹੋਏ ਹੋਣ।

ਇਹ ਸਪਸ਼ਟ ਹੈ ਕਿ ਸਮਾਜਕ ਹਾਲਤਾਂ ਵਿਚ ਹਰ ਮਹਾਨ ਇਤਿਹਾਸਕ ਇਨਕਲਾਬ ਨਾਲ ਵਿਅਕਤੀਆਂ ਦੇ ਦ੍ਰਿਸ਼ਟੀਕੋਣਾਂ ਅਤੇ ਵਿਚਾਰਾਂ, ਅਤੇ ਫਲਸਰੂਪ ਉਹਨਾਂ ਦੇ ਧਾਰਮਿਕ ਵਿਚਾਰਾਂ, ਵਿਚ ਇਨਕਲਾਬ ਆਉਂਦਾ ਹੈ। ਵਰਤਮਾਨ ਇਨਕਲਾਬ ਅਤੇ ਪਹਿਲਾਂ ਦੇ ਸਾਰੇ ਇਨਕਲਾਬਾਂ ਵਿਚਲਾ ਫ਼ਰਕ ਇਸ ਤੱਥ ਵਿਚ ਹੈ ਕਿ ਮਨੁਖ ਨੇ ਇਹਨਾਂ ਇਤਿਹਾਸਕ ਇਨਕਲਾਬਾਂ ਦਾ ਭੇਤ ਪਾ ਲਿਆ ਹੈ ਅਤੇ ਇਸ ਕਰਕੇ, ਇਕ ਵਾਰ ਫਿਰ ਇਸ ਅਮਲੀ "ਬਾਹਰੀ" ਪ੍ਰਕਿਰਿਆ ਨੂੰ ਨਵੇਂ ਧਰਮ ਦੇ ਆਡੰਬਰੀ ਤੌਰ ਉਤੇ ਨਿਰਗੁਣ ਰੂਪਾਂ ਤੱਕ ਉਛਾਲਣ ਦੀ ਥਾਂ, ਕੁਲ ਧਰਮ ਨੂੰ ਤਿਆਗ ਦਿਤਾ ਹੈ।

ਨਵੀਂ ਸੰਸਾਰ ਸਿਆਣਪ ਦੇ ਸਾਊ ਸਦਾਚਾਰਕ ਮੱਤਾਂ ਤੋਂ ਮਗਰੋਂ, ਜਿਹੜੇ ਕਨੀਗੇ ਨਾਲੋਂ ਵੀ ਸ੍ਰੇਸ਼ਠ ਹਨ ਕਿਉਂਕਿ ਇਹਨਾਂ ਵਿਚ ਉਹ ਸਭ ਕੁਝ ਸ਼ਾਮਲ ਹੈ ਜੋ ਕੇਵਲ ਮਨੁਖਾਂ ਨਾਲ ਮੇਲਜੋਲ ਲਈ ਹੀ ਨਹੀਂ, ਸਗੋਂ ਪਸ਼ੂਆਂ ਨਾਲ ਮੇਲਜੋਲ ਲਈ ਵੀ ਜ਼ਰੂਰੀ ਹੈ—ਸਾਲੋਮਨ ਦੇ ਅਖਾਣਾਂ ਪਿਛੋਂ ਨਵੇਂ ਸਾਲੋਮਨ ਦਾ ਗੀਤ ਆਉਂਦਾ ਹੈ।

> "**ਪ੍ਰਕਿਰਤੀ** ਅਤੇ **ਇਸਤ੍ਰੀ**, **ਮਨੁਖੀ** ਅਤੇ **ਮਰਦ** ਦੇ ਉਲਟ ਸਚਮੁਚ ਦੈਵੀ ਹਨ।... ਮਨੁਖ ਦੀ ਪ੍ਰਕਿਰਤੀ ਅਗੇ, ਨਰ ਦੀ ਮਦੀਨ ਅਗੇ ਕੁਰਬਾਨੀ, ਅਸਲੀ, ਇਕੋ ਇਕ ਸੱਚੀ ਅਧੀਨਗੀ ਅਤੇ ਆਤਮ-ਵਿਜੋਗ, ਉਚਤਮ, ਨਹੀਂ, ਇਕੋ ਇਕ ਸਦਗੁਣ ਅਤੇ ਧਰਮਗਤਾ ਹੈ।" (ਸੈਂਚੀ ੨, ਪੰਨਾ ੨੫੭)

ਇਥੇ ਅਸੀਂ ਵੇਖਦੇ ਹਾਂ ਕਿ ਇਕ ਧਰਮ ਦੇ ਕਲਪਨਾਸ਼ੀਲ ਬਾਨੀ ਦਾ ਸਤਹੀਪਨ ਤੇ ਅਗਿਆਨ ਬਹੁਤ ਐਲਾਨੀਆ ਕਾਇਰਤਾ ਦਾ ਰੂਪ ਧਾਰ ਲੈਂਦਾ ਹੈ। ਸ੍ਰੀਮਾਨ ਡਾਊਮਰ ਇਤਿਹਾਸਕ ਤ੍ਰਾਸਦੀ ਸਾਮ੍ਹਣੇ ਜਿਹੜੀ ਉਹਦੇ ਲਈ ਅਖੌਤੀ ਪ੍ਰਕਿਰਤੀ, ਅਰਥਾਤ, ਮਹਿਜ਼ ਗੰਵਾਰ ਗ੍ਰਾਮੀਣਤਾ ਦੇ ਵਸ ਪਾਉਣ ਦਾ ਬਹੁਤ ਜ਼ਬਰਦਸਤ ਖਤਰਾ ਬਣੀ ਹੋਈ ਹੈ, ਭਜ ਉਠਦਾ ਹੈ, ਅਤੇ ਆਪਣੇ ਜ਼ਨਾਨੜੇ ਆਤਮ-ਸਮਰਪਣ ਉਤੇ ਪਰਦਾ ਪਾਉਣ ਲਈ ਮਦੀਨ ਦੀ ਪੂਜਾ ਦਾ ਉਪਦੇਸ਼ ਦੇਂਦਾ ਹੈ।

ਗੱਲਾਂ ਵਿਚੋਂ ਗੱਲ, ਸ੍ਰੀਮਾਨ ਡਾਊਮਰ ਦੀ ਪ੍ਰਕਿਰਤੀ ਪੂਜਾ ਅਣੋਖੀ ਕਿਸਮ ਦੀ ਹੈ। ਉਸ ਨੇ ਈਸਾਈਅਤ ਦੀ ਤੁਲਨਾ ਵਿਚ ਵੀ ਪਿਛਾਂਹਖਿਚੂ ਬਣਨ ਦਾ ਰਾਹ ਲਭ ਲਿਆ ਹੈ। ਉਹ ਪੁਰਾਣੇ ਪੂਰਵ-ਈਸਾਈ ਪ੍ਰਾਕਿਰਤਕ ਧਰਮ ਨੂੰ ਇਕ ਆਧੁਨਿਕ ਬਣਾਏ ਰੂਪ ਵਿਚ ਸਥਾਪਤ ਕਰਨ ਦਾ ਜਤਨ ਕਰਦਾ ਹੈ। ਇਸ ਲਈ ਉਹ ਪ੍ਰਕਿਰਤੀ ਬਾਰੇ ਈਸਾਈ-ਜਰਮਨੀ-ਪਿਤਾਮਾਵਾਦੀ ਯਕੜ ਤੋਂ ਬਿਨਾਂ ਕੁਝ ਪ੍ਰਾਪਤ ਨਹੀਂ ਕਰਦਾ ਜਿਹੜਾ, ਮਿਸਾਲ ਲਈ, ਹੇਠ ਲਿਖੇ ਅਨੁਸਾਰ ਪ੍ਰਗਟਾਇਆ ਗਿਆ ਹੈ:

ਹੇ ਪ੍ਰਕਿਰਤੀ, ਸਿਖਿਆ ਦੇ ਹੇ ਪਿਆਰੀ ਮਾਂ
ਹਰ ਥਾਂ ਤੇਰੇ ਦਰਸ਼ਨ ਪਾਵਾਂ
ਅਤੇ ਨਿਮਰਤਾ ਨਾਲ ਤੇਰੀਆਂ
ਪੈੜਾਂ ਉਤੇ ਤੁਰਦਾ ਜਾਵਾਂ

"ਅਜਿਹੀਆਂ ਗੱਲਾਂ ਦਾ ਹੁਣ ਰਵਾਜ ਨਹੀਂ ਰਿਹਾ, ਪਰ ਇਹ ਸਭਿਆਚਾਰ, ਪ੍ਰਗਤੀ ਜਾਂ ਮਨੁਖੀ ਖੁਸ਼ੀ ਦੇ ਲਾਭ ਵਿਚ ਨਹੀਂ।" (ਸੈਂਚੀ ੨, ਪੰਨਾ ੧੫੭)।

ਅਸੀਂ ਵੇਖਦੇ ਹਾਂ ਕਿ ਪ੍ਰਕਿਰਤੀ ਦੀ ਇਹ ਪੂਜਾ ਇਕ ਛੋਟੇ ਜਿਹੇ ਸੂਬਾਈ ਨਗਰ ਦੇ ਉਸ ਵਾਸੀ ਦੀਆਂ ਐਤਵਾਰ ਦੀਆਂ ਸੈਰਾਂ ਤੱਕ ਸੀਮਤ ਹੈ ਜਿਹੜਾ ਕੋਇਲ ਨੂੰ ਆਪਣੇ ਆਂਡੇ ਇਕ ਹੋਰ ਪੰਛੀ ਦੇ ਆਲ੍ਹਣੇ ਵਿਚ ਰਖਦਿਆਂ ਵੇਖਕੇ (ਸੈਂਚੀ ੨, ਪੰਨਾ ੪੦), ਅੱਖਾਂ ਦੇ ਤੱਲ ਨੂੰ ਸਿਲ੍ਹਾ ਰਖਣ ਦੀ ਇੱਛਾ ਨਾਲ ਬਣਾਏ ਗਏ ਅਥਰੂਆਂ (ਸੈਂਚੀ ੨, ਪੰਨਾ ੭੩), ਅਤੇ ਇਸ ਤਰ੍ਹਾਂ ਦੀਆਂ ਗੱਲਾਂ ਤੇ ਬਚਿਆਂ ਵਾਂਗ ਹੈਰਾਨ ਹੁੰਦਾ ਹੈ, ਅਤੇ ਅਖੀਰ ਵਿਚ ਜਦੋਂ ਉਹ ਆਪਣੇ ਬਚਿਆਂ ਨੂੰ ਕਲੋਪਸ਼ਟੋਕ ਦੀ ਬਹਾਰ ਦਾ ਗੀਤ ਸੁਣਾਉਂਦਾ ਹੈ ਤਾਂ ਸਨਮਾਨ ਨਾਲ ਕੰਬਣ ਲੱਗ ਜਾਂਦਾ ਹੈ। (ਸੈਂਚੀ ੨, ਪੰਨਾ ੨੩ ਤੇ ਅਗੋਂ)। ਨਿਰਸੰਦੇਹ, ਅਜਿਹੇ ਆਧੁਨਿਕ ਪ੍ਰਾਕਿਰਤਕ-ਵਿਗਿਆਨ ਦਾ ਸਵਾਲ ਹੀ ਨਹੀਂ, ਜਿਸ ਨੇ, ਆਧੁਨਿਕ ਸਨਅਤ ਨਾਲ, ਸਮੁਚੀ ਪ੍ਰਕਿਰਤੀ ਵਿਚ ਇਨਕਲਾਬ ਲੈ ਆਂਦਾ ਹੈ ਅਤੇ ਪ੍ਰਕਿਰਤੀ ਵੱਲ ਮਨੁਖ ਦੇ ਬਚਿਆਂ ਵਾਲੇ ਵਤੀਰੇ ਦਾ ਅਤੇ ਬਚਗਾਨਾਪਨ ਦੇ ਦੂਜੇ ਰੂਪਾਂ ਦਾ ਅੰਤ ਕਰ ਦਿਤਾ ਹੈ। ਪਰ ਇਸ ਦੀ ਥਾਂ ਸਾਨੂੰ ਨੋਸਤਰਾਦਾਮੂਸ ਦੀਆਂ ਭਵਿਖਬਾਣੀਆਂ ਬਾਰੇ ਰੱਹਸਮਈ ਇਸ਼ਾਰੇ ਅਤੇ ਅਸਚਰਜਮਈ ਖੂਹ-ਦੇ-ਡਡੂ ਵਾਲੇ ਅਨੁਮਾਨ , ਸਕਾਟਲੈਂਡੀਆਂ ਅਤੇ ਪਸ਼ੂ ਚੁੰਬਕ-ਸ਼ਕਤੀ[49] ਵਿਚ ਦੂਜੀ ਝਾਤ ਮਿਲਦੀ ਹੈ। ਬਾਕੀ, ਇਹ ਯੋਗ ਹੋਵੇਗਾ ਕਿ ਬਾਵੇਰੀਆ ਦੀ ਜ਼ਿਲ੍ਹੀ ਕਿਸਾਨ ਆਰਥਕਤਾ ਨੂੰ, ਉਸ ਜ਼ਮੀਨ ਨੂੰ ਜਿਸ ਵਿਚ ਪਾਦਰੀ ਅਤੇ ਡਾਊਮਰ ਦੋਵੇਂ ਪੈਦਾ ਹੁੰਦੇ ਹਨ, ਆਖਰ ਆਧੁਨਿਕ ਕਾਸ਼ਤ ਵਿਧੀ ਅਤੇ ਆਧੁਨਿਕ ਮਸ਼ੀਨਾਂ ਨਾਲ ਵਾਹਿਆ ਬੀਜਿਆ ਜਾਏ।

ਜਿਥੋਂ ਤੱਕ ਮਦੀਨ ਦੀ ਪੂਜਾ ਦਾ ਸੰਬੰਧ ਹੈ ਸਥਿਤੀ ਉਹੋ ਹੈ ਜਿਹੜੀ ਪ੍ਰਕਿਰਤੀ ਦੀ ਪੂਜਾ ਬਾਰੇ ਹੈ। ਸੁਭਾਵਿਕ ਹੀ ਸ੍ਰੀਮਾਨ ਡਾਊਮਰ ਇਸਤ੍ਰੀਆਂ ਦੀ ਵਰਤਮਾਨ ਸਮਾਜਕ ਸਥਿਤੀ ਬਾਰੇ ਇਕ ਵੀ ਸ਼ਬਦ ਨਹੀਂ ਕਹਿੰਦਾ; ਇਸ ਦੇ ਉਲਟ, ਇਹ ਕੇਵਲ ਵਾਸਤਵ ਵਿਚ ਮਦੀਨ ਦਾ ਹੀ ਸਵਾਲ ਹੈ। ਉਹ ਇਸਤ੍ਰੀਆਂ ਨੂੰ ਉਹਨਾਂ ਦੀ ਸਮਾਜਕ ਪੀੜਾ ਲਈ ਧਰਵਾਸ ਦੇਣ ਦੇ ਜਤਨ ਵਿਚ ਉਹਨਾਂ ਨੂੰ ਸ਼ਬਦਾਂ ਵਿਚ ਪੂਜਾ ਦਾ ਪਾਤਰ ਬਣਾਉਂਦਾ ਹੈ ਜਿਹੜੀ ਗੱਲ ਓਨੀ ਹੀ ਥੋਥੀ ਹੈ ਜਿੰਨੀ ਇਹ ਜਿਵੇਂ ਕਿਵੇਂ ਭੇਤ-ਭਰੀ ਲਗਦੀ ਇਸ ਪ੍ਰਕਾਰ ਉਹ ਉਹਨਾਂ ਨੂੰ ਇਸ ਗੱਲ

ਵਲੋਂ ਕਿ ਵਿਆਹ ਨਾਲ ਉਹਨਾਂ ਦੀਆਂ ਯੋਗਤਾਵਾਂ ਦਾ ਅੰਤ ਹੋ ਜਾਂਦਾ ਹੈ ਕਿਉਂਕਿ ਉਹ ਬਚਿਆਂ ਦੀ ਸਾਂਭ ਸੰਭਾਲ ਦੇ ਕੰਮ (ਸੈਂਚੀ ੨, ਪੰਨਾ ੨੩੭) ਲੱਗ ਜਾਂਦੀਆਂ ਹਨ, ਉਹਨਾਂ ਨੂੰ ਇਹ ਦਸ ਕੇ ਸ਼ਾਂਤ ਕਰਦਾ ਹੈ ਕਿ ਉਹ ਸੱਠਾਂ ਦੀ ਉਮਰ ਤੱਕ ਬਾਲਾਂ ਨੂੰ ਦੁਧ ਚੁੰਘਾ ਸਕਦੀਆਂ ਹਨ (ਸੈਂਚੀ ੨, ਪੰਨਾ ੨੫੧), ਇਤਿ-ਆਦਿ। ਸ੍ਰੀਮਾਨ ਡਾਊਮਰ ਇਸ ਨੂੰ "ਮਦੀਨ ਅਗੇ ਨਰ ਦੀ ਕੁਰਬਾਨੀ" ਕਹਿੰਦਾ ਹੈ। ਆਪਣੀ ਜਨਮ-ਭੂਮੀ ਵਿਚ ਆਪਣੇ ਨਰ ਦੀ ਕੁਰਬਾਨੀ ਲਈ ਜ਼ਰੂਰੀ ਆਦਰਸ਼ ਇਸਤ੍ਰੀ ਪਾਤਰਾਂ ਨੂੰ ਲਭਣ ਲਈ, ਉਹ ਪਿਛਲੀ ਸਦੀ ਦੀਆਂ ਭਿੰਨ ਭਿੰਨ ਕੁਲੀਨ ਸੁਆਣੀਆਂ ਦਾ ਸਹਾਰਾ ਲੈਣ ਲਈ ਮਜਬੂਰ ਹੁੰਦਾ ਹੈ। ਇਸ ਪ੍ਰਕਾਰ ਉਸ ਦੀ ਇਸਤ੍ਰੀ ਪੂਜਾ ਆਦਰਯੋਗ ਸਰਪ੍ਰਸਤਣੀਆਂ ਵੱਲ ਇਕ ਲੇਖਕ ਦਾ ਉਦਾਸ ਵਤੀਰਾ ਬਣਕੇ ਰਹਿ ਜਾਂਦੀ ਹੈ (ਵੇਖੋ ਵਿਲਹੈਲਮ ਮਾਈਸਟਰ[50])।

ਜਿਹੜੇ "ਸਭਿਆਚਾਰ" ਦੇ ਪਤਨ ਉਤੇ ਸ੍ਰੀਮਾਨ ਡਾਊਮਰ ਕੀਰਨੇ ਪਾਉਂਦਾ ਹੈ ਉਹ ਉਸ ਸਮੇਂ ਦਾ ਸਭਿਆਚਾਰ ਹੈ ਜਦੋਂ ਨੂਰਮਬਰਗ ਇਕ ਸੁਤੰਤਰ Rheichsstadt* ਵਜੋਂ ਪ੍ਰਫੁਲਤ ਸੀ, ਜਿਸ ਵਿਚ ਨੂਰਮਬਰਗ ਦੀ ਸਨਅਤ ਨੇ—ਜਿਹੜੀ ਕਲਾ ਅਤੇ ਦਸਤਕਾਰੀ ਦੀ ਦੋਗਲੀ ਉਪਜ ਸੀ—ਮਹੱਤਤਾ-ਭਰਿਆ ਰੋਲ ਅਦਾ ਕੀਤਾ ਸੀ, ਜਰਮਨ ਨਿਕ-ਬੁਰਜੂਆ ਸਭਿਆਚਾਰ ਹੈ ਜਿਹੜਾ ਨਿਕੀ ਬੁਰਜੂਆਜ਼ੀ ਦੇ ਨਾਲ ਹੀ ਢਹਿ-ਢੇਰੀ ਹੋ ਰਿਹਾ ਹੈ। ਜੇ ਸਾਬਕਾ ਜਮਾਤਾਂ ਜਿਵੇਂ ਕਿ ਸੂਰਮਾਸ਼ਾਹੀ, ਦਾ ਪਤਨ ਕਲਾ ਦੀਆਂ ਸ਼ਾਨਦਾਰ ਤ੍ਰਾਸਦਿਕ ਰਚਨਾਵਾਂ ਲਈ ਵਿਸ਼ੈ ਪੇਸ਼ ਕਰ ਸਕਿਆ, ਖੂਹ-ਦੀ-ਡਡੂ ਬੁਰਜੂਆਜ਼ੀ ਕਟੜ ਖੁਣਸ ਦੇ ਕਮਜ਼ੋਰ ਪ੍ਰਗਟਾਵਾਂ ਅਤੇ ਸਾਂਚੋ ਪਾਂਸਾ ਦੇ ਨੀਤੀ-ਬਚਨਾਂ ਅਤੇ ਸਿਆਣਪ ਦੇ ਨੇਮਾਂ ਤੋਂ ਬਿਨਾਂ ਕੁਝ ਪ੍ਰਾਪਤ ਨਹੀਂ ਕਰ ਸਕਦੀ। ਸ੍ਰੀਮਾਨ ਡਾਊਮਰ ਹਾਂਸ ਸਾਖ਼ਸ ਦੀ ਖੁਸ਼ਕ, ਉੱਕਾ ਹੀ ਹਾਸੋ-ਹੀਣ ਨਿਰੰਤਰਤਾ ਹੈ। ਜਰਮਨ ਦਰਸ਼ਨ, ਆਪਣੇ ਪਾਲਕ ਪਿਤਾ ਦੇ ਮਰਨ-ਬਿਸਤਰੇ ਉਤੇ ਆਪਣੇ ਹੱਥ ਮਰੋੜਦਾ ਹੋਇਆ ਅਤੇ ਵਿਰਲਾਪ ਕਰਦਾ ਹੋਇਆ, ਜਰਮਨ ਖੂਹ-ਦੀ-ਡਡੂ ਬੁਰਜੂਆਜ਼ੀ—ਅਜਿਹੀ ਹੈ ਦਰਦਨਾਕ ਤਸਵੀਰ ਜਿਹੜੀ ਨਵੇਂ ਜੁਗ ਦੇ ਧਰਮ ਵਲੋਂ ਸਾਡੇ ਅੱਗੇ ਪੇਸ਼ ਕੀਤੀ ਗਈ ਹੈ।

ਜਨਵਰੀ-ਫ਼ਰਵਰੀ<br>੧੯੫੦ ਨੂੰ ਲਿਖਿਆ<br>ਗਿਆ

ਮੂਲ ਪਾਠ ਜਰਮਨ<br>ਵਿਚ ਹੈ

---

* ਸ਼ਹਿਨਸ਼ਾਹੀ ਨਗਰ। —**ਸੰਪਾ:**

ਫ਼ਰੈਡਰਿਕ ਏਂਗਲਜ਼

# ਜਰਮਨੀ ਵਿਚ ਕਿਸਾਨ ਜੰਗ

(ਕਾਂਡ ੨)

ਉਸ ਵੇਲੇ ਦੇ ਅਣਗਿਣਤ ਅਤੇ ਬਹੁਰੰਗ ਵਰਗਾਂ ਦੀ ਵਡੇਰੀਆਂ ਹੋਂਦਾਂ ਵਿਚ ਦਲਬੰਦੀ ਅਕੇਂਦਰੀਕਰਨ, ਸਥਾਨਕ ਤੇ ਪ੍ਰਾਂਤਿਕ ਸੁਆਧੀਨਤਾ, ਪ੍ਰਾਂਤਾਂ ਦੀ ਇਕ ਦੂਜੇ ਨਾਲੋਂ ਸਨਅਤੀ ਅਤੇ ਵਾਣਜਿਕ ਅਲਹਿਦਗੀ, ਅਤੇ ਕਮਜ਼ੋਰ ਸੰਚਾਰ ਪ੍ਰਬੰਧ ਨੇ ਵਾਸਤਵ ਵਿਚ ਅਸੰਭਵ ਬਣਾ ਦਿਤੀ ਸੀ। ਧਰਮ ਸੁਧਾਰ ਲਹਿਰ ਦੌਰਾਨ ਇਨਕਲਾਬੀ, ਰਾਜਨੀਤਕ-ਧਾਰਮਿਕ ਵਿਚਾਰਾਂ ਦੇ ਵਿਆਪਕ ਫੈਲਾਓ ਨਾਲ ਹੀ ਕੇਵਲ ਇਸ ਦਾ ਵਿਕਾਸ ਹੋਇਆ। ਭਿੰਨ ਭਿੰਨ ਵਰਗਾਂ ਨੇ ਜਿਨ੍ਹਾਂ ਨੇ ਜਾਂ ਤਾਂ ਇਹਨਾਂ ਵਿਚਾਰਾਂ ਨੂੰ ਪ੍ਰਵਾਨ ਕੀਤਾ ਜਾਂ ਇਹਨਾਂ ਦਾ ਵਿਰੋਧ ਕੀਤਾ ਕੌਮ ਨੂੰ, ਦੁਖਦਾਈ ਰੂਪ ਵਿਚ ਅਤੇ ਕੇਵਲ ਕਰੀਬ ਕਰੀਬ ਹੀ, ਤਿੰਨ ਵਡੇ ਧੜਿਆਂ—ਪਿਛਾਂਹਖਿਚੂ ਜਾਂ ਕੈਥੋਲਿਕ ਧੜਾ, ਲੂਥਰਪੱਖੀ ਬੁਰਜੂਆ ਸੁਧਾਰਵਾਦੀ ਧੜਾ, ਅਤੇ ਇਨਕਲਾਬੀ ਧੜਾ—ਵਿਚ ਕੇਂਦਰਿਤ ਕਰ ਦਿਤਾ। ਅਤੇ ਜੇ ਕੌਮ ਦੀ ਇਸ ਵੱਡੀ ਵੰਡ ਵਿਚ ਸਾਨੂੰ ਕੋਈ ਮਨਤਕ ਨਹੀਂ ਲਭਦਾ ਅਤੇ ਅਸੀਂ ਪਹਿਲੇ ਦੋ ਧੜਿਆਂ ਵਿਚ ਭਾਗਸਮ ਰੂਪ ਵਿਚ ਇਕੋ ਜਿਹੇ ਹੀ ਤੱਤ ਵੇਖਦੇ ਹਾਂ, ਤਾਂ ਇਸ ਦਾ ਕਾਰਨ ਬਹੁਤੇ ਅਧਿਕਾਰੀ ਵਰਗਾਂ ਦਾ ਜਿਹੜੇ ਮਧ ਜੁਗ ਦਾ ਵਿਰਸਾ ਸਨ ਖੁਰਨਾ, ਅਤੇ ਅਕੇਂਦਰੀਕਰਨ ਹੋ ਜਾਣਾ ਸੀ ਜਿਸ ਨੇ, ਹਾਲ ਦੀ ਘੜੀ, ਵੱਖ ਵੱਖ ਇਲਾਕਿਆਂ ਵਿਚ ਇਹਨਾਂ ਵਰਗਾਂ ਨੂੰ ਵਿਰੋਧੀ ਰੁਖ ਦਿਤੇ ਸਨ! ਹਾਲ ਦੇ ਸਾਲਾਂ ਵਿਚ ਜਰਮਨੀ ਵਿਚ ਏਹੋ ਜਿਹੇ ਤੱਥਾਂ ਨਾਲ ਸਾਡਾ ਏਨੀ ਵਾਰ ਸਾਮ੍ਹਣਾ ਹੋਇਆ ਹੈ ਕਿ ਸੋਲ੍ਹਵੀਂ ਸਦੀ ਦੀਆਂ ਬਹੁਤ ਵਧੇਰੇ ਗੁੰਝਲਦਾਰ ਹਾਲਤਾਂ ਅਧੀਨ ਵਰਗਾਂ ਅਤੇ ਜਮਾਤਾਂ ਦੀ ਇਹ ਪ੍ਰਤੱਖ ਗੜਮਡ ਸਾਨੂੰ ਉੱਕਾ ਹੀ ਹੈਰਾਨ ਨਹੀਂ ਕਰਦੀ।

ਅਤਿ ਸੱਜਰੇ ਤਜਰਬਿਆਂ ਦੇ ਬਾਵਜੂਦ, ਜਰਮਨ ਵਿਚਾਰਧਾਰਾ ਨੂੰ ਹਾਲੇ ਵੀ ਉਹਨਾਂ ਸੰਗਰਾਮਾਂ ਵਿਚ ਜਿਨ੍ਹਾਂ ਦਾ ਮਧ ਜੁਗ ਨਾਲ ਅੰਤ ਹੋ ਗਿਆ ਜ਼ਬਰਦਸਤ ਧਰਮਸ਼ਾਸਤ੍ਰਿਕ ਖਹਿ-ਮਖਹਿ ਤੋਂ ਬਿਨਾਂ ਹੋਰ ਕੁਝ ਵਖਾਈ ਨਹੀਂ ਦੇਂਦਾ। ਜਿਵੇਂ ਜੇ ਉਸ ਸਮੇਂ ਦੇ ਲੋਕਾਂ, ਸਮਝੋ ਸਾਡੇ ਸਥਾਨਕ ਇਤਿਹਾਸਕਾਰ ਅਤੇ ਗਿਆਨੀ, ਵਿਚ ਅਰਸ਼ੀ ਮਾਮਲਿਆਂ ਸੰਬੰਧੀ ਇਕ ਸੂਝ ਬੂਝ ਪੈਦਾ ਹੋ ਜਾਂਦੀ, ਤਾਂ ਸੰਸਾਰੀ ਮਾਮਲਿਆਂ

ਉਤੇ ਝਗੜਨ ਲਈ ਕਿਸੇ ਕਿਸਮ ਦਾ ਕੋਈ ਆਧਾਰ ਨਾ ਹੁੰਦਾ। ਇਹ ਵਿਚਾਰਵੇਤਾ ਉਹਨਾਂ ਸਾਰੇ ਭੁਲਾਂਦਰਿਆਂ ਨੂੰ ਕੋਈ ਕਿੰਤੂ ਕੀਤੇ ਬਿਨਾਂ ਸਵੀਕਾਰ ਕਰਨ ਲਈ ਕਾਫੀ ਭੋਲੇ ਹਨ ਜਿਹੜੇ ਇਕ ਜੁਗ ਆਪਣੇ ਬਾਰੇ ਖੜੇ ਕਰਦਾ ਹੈ ਜਾਂ ਜਿਹੜੇ ਕਿਸੇ ਜੁਗ ਦੇ ਵਿਚਾਰਵੇਤਾ ਉਸ ਜੁਗ ਬਾਰੇ ਸਿਰਜਦੇ ਹਨ। ਮਿਸਾਲ ਲਈ, ਇਸ ਕਿਸਮ ਦੇ ਲੋਕਾਂ ਨੂੰ ੧੭੮੯ ਦੇ ਇਨਕਲਾਬ ਵਿਚ ਨਿਰੰਕੁਸ਼ਵਾਦ ਨਾਲੋਂ ਸੰਵਿਧਾਨਿਕ ਰਾਜਤੰਤਰ ਦੇ ਲਾਭਦਾਇਕ ਹੋਣ ਬਾਰੇ ਕੁਝ ਕੁਝ ਗਰਮਾ ਗਰਮ ਬਹਿਸ, ਜੁਲਾਈ ਇਨਕਲਾਬ ਵਿਚ "ਰੱਬ ਦੀ ਕਿਰਪਾ" ਨਾਲ ਅਧਿਕਾਰ ਦੀ ਅਣਉਚਿਤਤਾ ਬਾਰੇ ਵਿਹਾਰਕ ਵਿਵਾਦ, ਅਤੇ ਫ਼ਰਵਰੀ ਇਨਕਲਾਬ[51] ਵਿਚ ਗਣਰਾਜ ਜਾਂ ਰਾਜਤੰਤਰ ਸਵਾਲ ਦਾ ਜਵਾਬ ਦੇਣ ਦੇ ਜਤਨ, ਆਦਿ, ਤੋਂ ਬਿਨਾਂ ਕੁਝ ਵਖਾਈ ਨਹੀਂ ਦੇਂਦਾ। ਉਹਨਾਂ ਨੂੰ ਅੱਜ ਦਿਨ ਤੱਕ ਉਹਨਾਂ **ਜਮਾਤੀ ਸੰਗਰਾਮਾਂ** ਦਾ ਕੋਈ ਇਲਮ ਨਹੀਂ ਜਿਹੜੇ ਇਹਨਾਂ ਉਥਲਾਂ ਪੁੱਥਲਾਂ ਵਿਚ ਲੜੇ ਗਏ ਸਨ ਅਤੇ ਜਿਨ੍ਹਾਂ ਦੇ ਪਰਚਮ ਉਤਲਾ ਰਾਜਨੀਤਕ ਨਾਹਰਾ ਹਰ ਵਾਰ ਮਸਾਂ ਭਾਵ-ਪ੍ਰਗਟਾਊ ਹੀ ਹੁੰਦਾ ਹੈ, ਭਾਵੇਂ ਉਹਨਾਂ ਦੀ ਚਿਤਾਉਣੀ ਕੇਵਲ ਬਦੇਸ ਤੋਂ ਹੀ ਨਹੀਂ, ਸਗੋਂ ਦੇਸ ਦੇ ਹਜ਼ਾਰ-ਹਾ ਪ੍ਰੋਲਤਾਰੀਆਂ ਦੀ ਗਰਜ ਅਤੇ ਗੜ੍ਹਕ ਵਿਚ ਵੀ ਕਾਫੀ ਸੁਣੀਂਦੀ ਹੈ।

ਸੋਲ੍ਹਵੀਂ ਸਦੀ ਦੀਆਂ ਅਖੌਤੀ ਧਾਰਮਿਕ ਜੰਗਾਂ ਵੀ ਮੁਖ ਰੂਪ ਵਿਚ ਨਿਸਚਿਤ ਪਦਾਰਥਕ ਜਮਾਤੀ ਹਿਤਾਂ ਨਾਲ ਸੰਬੰਧਤ ਸਨ; ਉਹ ਵੀ ਜਮਾਤੀ ਜੰਗਾਂ ਸਨ, ਬਿਲਕੁਲ ਉਵੇਂ ਜਿਵੇਂ ਇੰਗਲੈਂਡ ਅਤੇ ਫ਼ਰਾਂਸ ਵਿਚ ਮਗਰੋਂ ਦੀਆਂ ਅੰਦਰੂਨੀ ਟੱਕਰਾਂ ਜਮਾਤੀ ਜੰਗਾਂ ਸਨ। ਭਾਵੇਂ ਉਸ ਸਮੇਂ ਦੇ ਜਮਾਤੀ ਸੰਗਰਾਮ ਧਾਰਮਿਕ ਰੂੜ੍ਹੀਗਤ ਵਿਚਾਰਾਂ ਅਧੀਨ ਲੜੇ ਗਏ, ਅਤੇ ਭਾਵੇਂ ਵੱਖ ਵੱਖ ਜਮਾਤਾਂ ਦੇ ਹਿਤਾਂ, ਉਹਨਾਂ ਦੀਆਂ ਲੋੜਾਂ ਅਤੇ ਮੰਗਾਂ ਨੂੰ ਧਾਰਮਿਕ ਪਰਦੇ ਪਿਛੇ ਲੁਕਾਇਆ ਗਿਆ ਸੀ, ਪਰ ਇਸ ਨਾਲ ਮਸਲੇ ਵਿਚ ਕੋਈ ਤਬਦੀਲੀ ਨਹੀਂ ਸੀ ਆਉਂਦੀ ਅਤੇ ਇਸ ਨੂੰ ਸਮੇਂ ਦੀਆਂ ਹਾਲਤਾਂ ਦੁਆਰਾ ਸੌਖਿਆਂ ਹੀ ਸਮਝਿਆ ਜਾ ਸਕਦਾ ਹੈ।

ਮਧ ਜੁਗਾਂ ਦਾ ਉੱਕਾ ਹੀ ਅਪ੍ਰੌਢ ਸਥਿਤੀ ਤੋਂ ਵਿਕਾਸ ਹੋਇਆ ਸੀ। ਉਹਨਾਂ ਨੇ ਹਰ ਗੱਲ ਵਿਚ ਨਵੇਂ ਸਿਰੇ ਤੋਂ ਅਰੰਭ ਕਰਨ ਲਈ, ਪੁਰਾਣੀ ਸਭਿਅਤਾ, ਪੁਰਾਣੇ ਦਰਸ਼ਨ, ਨੀਤੀ-ਸ਼ਾਸਤ੍ਰ ਅਤੇ ਕਾਨੂੰਨ-ਸ਼ਾਸਤ੍ਰ ਨੂੰ ਹੂੰਝਾ ਫੇਰ ਦਿਤਾ ਸੀ। ਪੁਰਾਣੇ ਚੀਨਾ ਚੀਨਾ ਹੋਏ ਸੰਸਾਰ ਤੋਂ ਜਿਹੜੀ ਚੀਜ਼ ਉਹਨਾਂ ਸਾਂਭ ਰਖੀ ਸੀ ਉਹ ਸੀ ਕੇਵਲ ਈਸਾਈਅਤ ਅਤੇ ਆਪਣੀ ਕੁਲ ਸਭਿਅਤਾ ਤੋਂ ਵਿਰਵੇ ਕੀਤੇ ਕੁਝ ਇਕ ਅਧ-ਉਜੜੇ ਨਗਰ। ਨਤੀਜੇ ਵਜੋਂ, ਵਿਕਾਸ ਦੇ ਹਰ ਆਦਿ-ਕਾਲੀਨ ਪੜਾ ਵਾਂਗ ਹੀ, ਪਾਦਰੀਆਂ ਨੇ ਬੌਧਿਕ ਵਿਦਿਆ ਉਤੇ ਅਜਾਰੇਦਾਰੀ ਪ੍ਰਾਪਤ ਕਰ ਲਈ, ਅਤੇ ਖ਼ੁਦ ਵਿਦਿਆ ਲਾਜ਼ਮੀ ਤੌਰ ਤੇ ਧਰਮ-ਸ਼ਾਸਤ੍ਰਿਕ ਬਣ ਗਈ। ਪਾਦਰੀਆਂ ਦੇ ਹੱਥਾਂ ਵਿਚ ਨੀਤੀ-ਸ਼ਾਸਤ੍ਰ ਅਤੇ ਕਾਨੂੰਨ-ਸ਼ਾਸਤ੍ਰ, ਬਹੁਤ ਕਰਕੇ ਦੂਜੇ ਸਭਨਾਂ ਵਿਗਿਆਨਾਂ ਵਾਂਗ, ਧਰਮ-

ਸ਼ਾਸਤ੍ਰ ਦੀਆਂ ਸ਼ਾਖ਼ਾਂ ਮਾਤਰ ਹੀ ਰਹੇ, ਅਤੇ ਇਹਨਾਂ ਨਾਲ ਧਰਮ-ਸ਼ਾਸਤ੍ਰ ਵਿਚ ਪ੍ਰਚਲਤ ਨੇਮਾਂ ਅਨੁਸਾਰ ਹੀ ਵਿਹਾਰ ਕੀਤਾ ਗਿਆ। ਚਰਚ ਦੇ ਮੱਤ ਨਾਲ ਹੀ ਰਾਜਨੀਤਕ ਪ੍ਰਮਾਣਕ ਨੇਮ ਵੀ ਸਨ, ਅਤੇ ਅੰਜੀਲ ਦੀਆਂ ਟੂਕਾਂ ਕਿਸੇ ਵੀ ਅਦਾਲਤ ਵਿਚ ਕਾਨੂੰਨ ਦੀ ਸ਼ਕਤੀ ਰਖਦੀਆਂ ਸਨ। ਇਥੋਂ ਤੱਕ ਕਿ ਜਦੋਂ ਕਾਨੂੰਨਦਾਨਾਂ ਦਾ ਇਕ ਵਿਸ਼ੇਸ਼ ਵਰਗ ਹੋਂਦ ਵਿਚ ਆ ਰਿਹਾ ਸੀ, ਕਾਨੂੰਨ-ਸ਼ਾਸਤ੍ਰ ਢੇਰ ਚਿਰ ਤੱਕ ਧਰਮ-ਸ਼ਾਸਤ੍ਰ ਦੀ ਸਰਪ੍ਰਸਤੀ ਹੇਠ ਹੀ ਰਿਹਾ। ਅਤੇ ਬੌਧਿਕ ਸਰਗਰਮੀ ਦੇ ਸਮੁਚੇ ਖੇਤਰ ਵਿਚ ਧਰਮ-ਸ਼ਾਸਤ੍ਰ ਦੀ ਇਹ ਸ੍ਰੇਸ਼ਟਤਾ ਇਸ ਦੇ ਨਾਲ ਹੀ ਚਰਚ ਦੇ ਉਸ ਸਥਾਨ ਦਾ ਅਟੱਲ ਸਿੱਟਾ ਸੀ ਜਿਹੜਾ ਇਸ ਨੂੰ ਵਿਦਮਾਨ ਸਾਮੰਤੀ ਗ਼ਲਬੇ ਦੇ ਅਤਿ ਵਿਆਪਕ ਸੰਜੋਗ ਅਤੇ ਆਦੇਸ਼ ਵਜੋਂ ਪ੍ਰਾਪਤ ਸੀ।

ਇਹ ਸਪਸ਼ਟ ਹੈ ਕਿ ਪ੍ਰਸਥਿਤੀਆਂ ਅਧੀਨ, ਸਾਮੰਤਵਾਦ ਵਿਰੁਧ ਸਾਰੇ ਵਿਆਪਕ ਰੂਪ ਵਿਚ ਕੀਤੇ ਗਏ ਹਮਲੇ ਸਭ ਤੋਂ ਪਹਿਲਾਂ ਚਰਚ ਵਿਰੁਧ ਹਮਲੇ ਸਨ, ਅਤੇ ਸਾਰੇ — ਸਮਾਜਕ ਅਤੇ ਰਾਜਨੀਤਕ — ਇਨਕਲਾਬੀ ਮੱਤ ਲਾਜ਼ਮੀ ਤੌਰ ਤੇ ਨਾਲ ਹੀ ਅਤੇ ਮੁਖ ਕਰਕੇ ਧਰਮ-ਸ਼ਾਸਤ੍ਰਿਕ ਕੁਫ਼ਰ ਸਨ। ਵਿਦਮਾਨ ਸਮਾਜਕ ਹਾਲਤਾਂ ਉਤੋਂ, ਇਸ ਤੋਂ ਪਹਿਲਾਂ ਕਿ ਉਹਨਾਂ ਤੇ ਹਮਲਾ ਕੀਤਾ ਜਾ ਸਕਦਾ, ਉਹਨਾਂ ਦੀ ਪਵਿਤਰਤਾ ਦੇ ਪਰਵਾਰ ਨੂੰ ਹਟਾਇਆ ਜਾਣਾ ਜ਼ਰੂਰੀ ਸੀ।

ਸਾਮੰਤਵਾਦ ਦਾ ਇਨਕਲਾਬੀ ਵਿਰੋਧ ਮਧ ਜੁਗਾਂ ਦੇ ਇਕ ਸਿਰੇ ਤੋਂ ਦੂਜੇ ਸਿਰੇ ਤੱਕ ਹੋਇਆ। ਇਸ ਨੇ ਰੱਹਸਵਾਦ, ਖੁਲ੍ਹਮ-ਖੁਲ੍ਹਾ ਧਰਮ-ਵਿਰੋਧ, ਜਾਂ ਹਥਿਆਰਬੰਦ ਬਗ਼ਾਵਤ ਦਾ ਰੂਪ ਲਿਆ, ਇਹ ਸਭ ਸਮੇਂ ਦੀਆਂ ਹਾਲਤਾਂ ਉਤੇ ਨਿਰਭਰ ਸੀ। ਜਿਥੋਂ ਤੱਕ ਰਹੱਸਵਾਦ ਦਾ ਸਵਾਲ ਹੈ, ਇਹ ਸਭ ਨੂੰ ਪਤਾ ਹੈ ਕਿ ਸੋਲ੍ਹਵੀਂ ਸਦੀ ਦੇ ਸੁਧਾਰਵਾਦੀ ਇਸ ਉਤੇ ਕਿੰਨਾ ਨਿਰਭਰ ਕਰਦੇ ਸਨ। ਖ਼ੁਦ ਮਿਊਨਟਸਰ ਵਡੀ ਹੱਦ ਤੱਕ ਇਸ ਦਾ ਦੇਣਦਾਰ ਸੀ। ਧਰਮ-ਵਿਰੋਧਾਂ ਨੇ ਭਾਗਸਮ ਰੂਪ ਵਿਚ ਐਲਪਸ ਪ੍ਰਬਤ ਦੇ ਇਲਾਕੇ ਦੇ ਪਿਤਾਮਾਵਾਦੀ ਆਜੜੀਆਂ ਦੇ ਉਹਨਾਂ ਵੱਲ ਵਧੇ ਆ ਰਹੇ ਸਾਮੰਤਵਾਦ ਵਿਰੁਧ ਪ੍ਰਤਿਕਰਮ ਨੂੰ ਪ੍ਰਗਟਾ ਦਿਤਾ (ਵਾਲਦੇਨਸ[52]), ਭਾਗਸਮ ਰੂਪ ਵਿਚ ਸ਼ਹਿਰਾਂ ਦੇ ਸਾਮੰਤਵਾਦ ਦੇ ਵਿਰੋਧ ਨੂੰ ਜਿਹੜਾ ਇਸ ਤੋਂ ਬਹੁਤ ਜ਼ਿਆਦਾ ਵਧ ਗਿਆ (ਅਲਬੀਗੇਨਸ[53], ਬਰੇਸ਼ੀਆ ਦਾ ਆਰਨਲਡ, ਆਦਿ), ਅਤੇ ਭਾਗਸਮ ਰੂਪ ਵਿਚ ਸਿੱਧੀਆਂ ਕਿਸਾਨ ਬਗ਼ਾਵਤਾਂ ਨੂੰ (ਜਾਨ ਬਾਲ, ਪਿਕਾਰਦੀ ਵਿਚ ਹਗੇਰੀਆਈ ਅਧਿਆਪਕ[54], ਆਦਿ)। ਅਸੀਂ ਇਥੇ ਵਾਲਦੇਨਸਾਂ ਦੇ ਪਿਤਾਮਾਵਾਦੀ ਧਰਮ-ਵਿਰੋਧ, ਅਤੇ ਸਵਿਟਜ਼ਰਲੈਂਡ ਦੀ ਬਗ਼ਾਵਤ ਨੂੰ ਇਕ ਪਾਸੇ ਛਡ ਸਕਦੇ ਹਾਂ, ਕਿਉਂਕਿ ਇਹ ਰੂਪ ਅਤੇ ਵਸਤੂ ਵਿਚ ਪਿਛਾਂਹਖਿਚੂ ਸੀ, ਇਤਿਹਾਸ ਦੇ ਜਵਾਰ ਨੂੰ ਰੋਕਣ ਦਾ ਖਾਲਸ ਸਥਾਨਕ ਜਤਨ। ਮਧਜੁਗੀ ਧਰਮ-ਵਿਰੋਧ ਦੇ ਦੂਜੇ ਦੋ ਰੂਪਾਂ ਵਿਚ ਅਸੀਂ, ਬਾਰ੍ਹਵੀਂ ਸਦੀ ਦੇ ਸ਼ੁਰੂ ਵਿਚ ਹੀ, ਬਰਗਰ ਅਤੇ ਕਿਸਾਨ-

ਨਿਮਨਵਰਗ ਵਿਰੋਧਾਂ ਵਿਚਕਾਰ, ਜਿਹੜੇ ਕਿਸਾਨ ਜੰਗ ਦੀ ਅਸਫਲਤਾ ਦਾ ਕਾਰਨ ਬਣੇ, ਵੱਡੀ ਵਿਪਰੀਤਤਾ ਦੇ ਅਗਵਾਨੂੰ ਵੇਖਦੇ ਹਾਂ। ਪੂਰੇ ਦੇ ਪੂਰੇ ਪਿਛਲੇਰੇ ਮਧ ਜੁਗ ਵਿਚ ਇਹ ਵਿਪਰੀਤਤਾ ਪ੍ਰਤਖ ਹੈ।

ਸ਼ਹਿਰ ਦੇ ਧਰਮ-ਵਿਰੋਧ — ਅਤੇ ਮਧ ਜੁਗ ਦਾ ਅਸਲ ਵਿਚ ਇਹੋ ਰਸਮੀ ਧਰਮ-ਵਿਰੋਧ ਸੀ — ਦੀ ਸੇਧ ਬੁਨਿਆਦੀ ਤੌਰ ਉਤੇ ਪਾਦਰੀਆਂ ਦੇ ਖਿਲਾਫ ਸੀ, ਜਿਨ੍ਹਾਂ ਦੀ ਦੌਲਤ ਅਤੇ ਰਾਜਨੀਤਕ ਮਹੱਤਤਾ ਉਤੇ ਇਸ ਨੇ ਹਮਲਾ ਕੀਤਾ। ਜਿਸ ਤਰ੍ਹਾਂ ਅਜੋਕੀ ਬੁਰਜੂਆਜ਼ੀ «gouvernement à bon marché» (ਸਸਤੀ ਸਰਕਾਰ) ਦੀ ਮੰਗ ਕਰਦੀ ਹੈ, ਬਿਲਕੁਲ ਉਸੇ ਤਰ੍ਹਾਂ ਮਧਕਾਲੀਨ ਬਰਗਰਾਂ ਨੇ ਮੁਖ ਤੌਰ ਤੇ «église à bon marché» (ਸਸਤੇ ਚਰਚ) ਦੀ ਮੰਗ ਕੀਤੀ ਸੀ। ਰੂਪ ਵਿਚ ਪਿਛਾਂਹਖਿਚੂ, ਕਿਸੇ ਵੀ ਧਰਮ-ਵਿਰੋਧ ਵਾਂਗ ਜਿਹੜਾ ਚਰਚ ਅਤੇ ਮੱਤ ਦੇ ਹੋਰ ਅੱਗੇ ਵਿਕਾਸ ਵਿਚ ਕੇਵਲ ਅਧੋਗਤੀ ਹੀ ਵੇਖਦਾ ਹੈ, ਬਰਗਰ ਧਰਮ-ਵਿਰੋਧ ਨੇ ਸਰਲ ਮੁਢਲੇ ਈਸਾਈ ਚਰਚ ਸੰਵਿਧਾਨ ਦੀ ਸੁਰਜੀਤੀ ਅਤੇ ਇਕ ਮਾਤਰ ਪਾਦਰੀਤਵ ਦੇ ਖਾਤਮੇ ਦੀ ਮੰਗ ਕੀਤੀ ਸੀ। ਇਸ ਸਸਤੇ ਪ੍ਰਬੰਧ ਨੇ ਭਿਖਸ਼ੂਆਂ, ਮਹੰਤਾਂ, ਅਤੇ ਰੋਮ ਵਿਚ ਪੋਪ ਦੇ ਦਰਬਾਰ ਨੂੰ, ਸੰਖੇਪ ਵਿਚ, ਚਰਚ ਦੀ ਹਰ ਉਸ ਚੀਜ਼ ਨੂੰ ਖਤਮ ਕਰ ਦਿਤਾ ਹੁੰਦਾ ਜਿਹੜੀ ਮਹਿੰਗੀ ਸੀ। ਸ਼ਹਿਰਾਂ ਨੇ, ਜੋ ਆਪਣੇ ਆਪ ਵਿਚ ਗਣਰਾਜ ਸਨ ਭਾਵੇਂ ਬਾਦਸ਼ਾਹਾਂ ਦੀ ਰਖਿਆ ਅਧੀਨ ਹੀ, ਪੋਪ ਪ੍ਰਣਾਲੀ ਉਤੇ ਆਪਣੇ ਹਮਲਿਆਂ ਰਾਹੀਂ ਵਿਆਪਕ ਸ਼ਬਦਾਂ ਵਿਚ ਪਹਿਲਾਂ ਇਹ ਐਲਾਨ ਕੀਤਾ ਕਿ ਇਕ ਗਣਰਾਜ ਬੁਰਜੂਆ ਹਕੂਮਤ ਦਾ ਸਾਧਾਰਨ ਰੂਪ ਹੈ। ਕਈ ਇਕ ਮੱਤਾਂ ਅਤੇ ਚਰਚ ਦੇ ਕਾਨੂੰਨਾਂ ਵੱਲ ਉਹਨਾਂ ਦੇ ਵੈਰ-ਭਾਵ ਦਾ ਕਾਰਨ ਭਾਗਸਮ ਰੂਪ ਵਿਚ ਤਾਂ ਉਹ ਸੀ ਜੋ ਕੁਝ ਪਹਿਲਾਂ ਆਖਿਆ ਜਾ ਚੁਕਾ ਹੈ ਅਤੇ ਭਾਗਸਮ ਰੂਪ ਵਿਚ ਉਹ ਹਾਲਤਾਂ ਜਿਨ੍ਹਾਂ ਵਿਚ ਉਹ ਰਹਿੰਦੇ ਸਨ। ਮਿਸਾਲ ਲਈ, ਬ੍ਰਹਮਚਰਜ ਪ੍ਰਤੀ ਉਹਨਾਂ ਦੇ ਸਖ਼ਤ ਵਿਰੋਧ ਦੀ ਵਿਆਖਿਆ ਜਿੰਨੀ ਚੰਗੀ ਤਰ੍ਹਾਂ ਬੋਕਾਚੀਓ ਨੇ ਕੀਤੀ ਹੈ ਕਦੇ ਨਹੀਂ ਹੋਈ। ਇਟਲੀ ਅਤੇ ਜਰਮਨੀ ਵਿਚ ਬਰੇਸ਼ੀਆ ਦਾ ਆਰਨਲਡ, ਦਖਣੀ ਫ਼ਰਾਂਸ ਵਿਚ ਅਲਬੀਗੇਨਸ, ਇੰਗਲੈਂਡ ਵਿਚ ਜਾਨ ਵਿਕਲਫ਼, ਬੋਹੀਮੀਆ ਵਿਚ ਹੂਸ ਅਤੇ ਕਲਿਕਸਤੀਨਤਸ[55], ਇਸ ਪ੍ਰਵਿਰਤੀ ਦੇ ਮੁਖ ਪ੍ਰਤਿਨਿਧ ਸਨ। ਸ਼ਹਿਰ ਪਹਿਲਾਂ ਹੀ ਹਰ ਥਾਂ ਮਾਨਤਾ-ਪ੍ਰਾਪਤ ਵਰਗ ਸਨ, ਅਤੇ ਆਪਣੇ ਵਿਸ਼ੇਸ਼-ਅਧਿਕਾਰਾਂ ਦੀ ਵਰਤੋਂ ਕਰਦਿਆਂ, ਹਥਿਆਰਾਂ ਦੀ ਤਾਕਤ ਨਾਲ ਜਾਂ ਵਰਗੀ ਅਸੈਂਬਲੀਆਂ ਵਿਚ, ਸੰਸਾਰੀ ਸਾਮੰਤਵਾਦ ਨਾਲ ਜੂਝਣ ਦੀ ਚੋਖੀ ਸਮਰਥਾ ਵਾਲੇ ਸਨ, ਅਤੇ ਇਹ ਇਸ ਗੱਲ ਦਾ ਸਿੱਧਾ ਸਾਦਾ ਜਵਾਬ ਹੈ ਕਿ ਸਾਮੰਤਵਾਦ ਦਾ ਵਿਰੋਧ ਕੇਵਲ **ਪਾਦਰੀ** ਸਾਮੰਤਵਾਦ ਦੇ ਵਿਰੋਧ ਵਜੋਂ ਹੀ ਕਿਉਂ ਪ੍ਰਗਟ ਹੋਇਆ।

ਅਸੀਂ ਦਖਣੀ ਫ਼ਰਾਂਸ ਵਿਚ ਅਤੇ ਇੰਗਲੈਂਡ ਤੇ ਬੋਹੀਮੀਆ ਵਿਚ ਵੀ ਵੇਖਦੇ

ਹਾਂ ਕਿ ਛੁਟੇਰੀ ਰਾਠਸ਼ਾਹੀ ਦਾ ਬਹੁਤਾ ਹਿੱਸਾ ਪਾਦਰੀਆਂ ਵਿਰੁਧ ਸ਼ਹਿਰਾਂ ਦੇ ਸੰਗਰਾਮਾਂ ਵਿਚ, ਅਤੇ ਉਹਨਾਂ ਦੇ ਧਰਮ-ਵਿਰੋਧ ਵਿਚ ਉਹਨਾਂ ਦੇ ਨਾਲ ਰਲ ਗਿਆ — ਇਕ ਵਰਤਾਰਾ ਜਿਸ ਦਾ ਕਾਰਨ ਛੁਟੇਰੀ ਰਾਠਸ਼ਾਹੀ ਦੀ ਸ਼ਹਿਰਾਂ ਉਤੇ ਨਿਰਭਰਤਾ, ਅਤੇ ਰਜਵਾੜਿਆਂ ਤੇ ਮਹੰਤਾਂ ਦੇ ਉਲਟ ਉਹਨਾਂ ਦੇ ਹਿਤਾਂ ਦੀ ਸਾਂਝ ਸੀ। ਇਹੋ ਗੱਲ ਅਸੀਂ ਕਿਸਾਨ ਜੰਗ ਵਿਚ ਵੇਖਾਂਗੇ।

ਜਿਸ ਧਰਮ-ਵਿਰੋਧ ਨੇ ਕਿਸਾਨਾਂ ਅਤੇ ਨਿਮਨ-ਵਰਗ ਦੀਆਂ ਮੰਗਾਂ ਦਾ ਸਿਧੇ ਤੌਰ ਤੇ ਪ੍ਰਗਟਾ ਕੀਤਾ, ਅਤੇ ਜਿਸ ਦੇ ਨਾਲ ਲਗਪਗ ਸਦਾ ਹੀ ਇਕ ਬਗ਼ਾਵਤ ਹੋਈ, ਉਹ ਬਿਲਕੁਲ ਵਖਰੀ ਪ੍ਰਕਿਰਤੀ ਵਾਲਾ ਸੀ। ਭਾਵੇਂ ਇਹ ਪਾਦਰੀਆਂ, ਪੋਪ-ਪ੍ਰਣਾਲੀ ਦੇ ਸੰਬੰਧ ਵਿਚ ਬਰਗਰ ਧਰਮ-ਵਿਰੋਧ ਦੀਆਂ ਸਾਰੀਆਂ ਮੰਗਾਂ, ਅਤੇ ਮੁਢਲੇ ਈਸਾਈ ਚਰਚ ਸੰਵਿਧਾਨ ਦੀ ਸੁਰਜੀਤੀ ਨਾਲ ਸੰਮਤੀ ਰਖਦਾ ਸੀ, ਇਹ ਅਸੀਮ ਤੌਰ ਤੇ ਇਸ ਤੋਂ ਅੱਗੇ ਵੀ ਗਿਆ। ਇਸ ਨੇ ਭਾਈਚਾਰੇ ਦੇ ਮੈਂਬਰਾਂ ਵਿਚਾਲੇ ਮੁਢਲੀ ਈਸਾਈ ਸਮਾਨਤਾ ਦੀ ਪੁਨਰ-ਸਥਾਪਨਾ ਅਤੇ ਸ਼ਹਿਰੀ ਸੰਸਾਰ ਲਈ ਵੀ ਇਕ ਆਦੇਸ਼ ਵਜੋਂ ਇਸ ਸਮਾਨਤਾ ਦੀ ਮਾਨਤਾ ਦੀ ਮੰਗ ਕੀਤੀ। ਇਸਨੇ "ਈਸ਼ਵਰ ਦੇ ਬੱਚਿਆਂ ਦੀ ਸਮਾਨਤਾ" ਤੋਂ ਸ਼ਹਿਰੀ ਸਮਾਨਤਾ, ਅਤੇ ਭਾਗਸਮ ਰੂਪ ਵਿਚ ਜਾਇਦਾਦ ਦੀ ਸਮਾਨਤਾ ਦਾ ਅਰਥ ਕੱਢਿਆ। ਰਾਠ ਅਤੇ ਕਿਸਾਨ ਦੀ, ਖਾਨਦਾਨੀ ਅਮੀਰ, ਵਿਸ਼ੇਸ਼-ਅਧਿਕਾਰੀ ਸ਼ਹਿਰੀ ਅਤੇ ਨਿਮਨ-ਵਰਗ ਦੀ ਸਮਾਨਤਾ, corvée,* ਭੂਮੀ-ਲਗਾਨਾਂ, ਟੈਕਸਾਂ, ਵਿਸ਼ੇਸ਼-ਅਧਿਕਾਰਾਂ, ਅਤੇ ਘਟੋ ਘਟ ਜਾਇਦਾਦ ਦੇ ਅਤਿਅੰਤ ਵੱਡੇ ਫ਼ਰਕਾਂ ਦਾ ਖਾਤਮਾ — ਇਹ ਸਨ ਮੰਗਾਂ ਜਿਹੜੀਆਂ ਮੁਢਲੇ ਈਸਾਈ ਮੱਤ ਦੇ ਸੁਭਾਵਿਕ ਭਾਵਾਂ ਵਜੋਂ ਵਧ ਜਾਂ ਘਟ ਦ੍ਰਿੜ੍ਹਤਾ ਨਾਲ ਪੇਸ਼ ਕੀਤੀਆਂ ਗਈਆਂ। ਜਦੋਂ ਸਾਮੰਤਵਾਦ ਆਪਣੇ ਜੋਬਨ ਉਤੇ ਸੀ ਓਦੋਂ, ਮਿਸਾਲ ਲਈ, ਅਲਬੀਗੇਨਸਾਂ ਵਿਚ ਇਸ ਕਿਸਾਨ-ਨਿਮਨ-ਵਰਗ ਧਰਮ-ਵਿਰੋਧ ਅਤੇ ਬਰਗਰ ਵਿਰੋਧ ਵਿਚਕਾਰ ਚੋਣ ਕਰਨ ਲਈ ਕੁਝ ਨਹੀਂ ਸੀ, ਪਰ ਚੌਦਵੀਂ ਅਤੇ ਪੰਦਰਵੀਂ ਸਦੀ ਵਿਚ ਇਹ ਇਕ ਸਪਸ਼ਟ ਰੂਪ ਵਿਚ ਪ੍ਰੀਭਾਸ਼ਤ ਪਾਰਟੀ ਰਾਏ ਵਿਚ ਵਿਕਸਤ ਹੋ ਗਿਆ ਅਤੇ ਆਮ ਕਰਕੇ ਬਰਗਰਾਂ ਦੇ ਧਰਮ-ਵਿਰੋਧ ਦੇ ਨਾਲ ਨਾਲ ਇਸ ਨੇ ਇਕ ਸੁਆਧੀਨ ਨੀਤੀ ਧਰਨ ਕੀਤੀ। ਵਿਕਲਫ ਲਹਿਰ ਦੇ ਨਾਲ ਨਾਲ, ਇੰਗਲੈਂਡ ਵਿਚ ਵਾਟ ਟਾਈਲਰ ਦੀ ਬਗ਼ਾਵਤ[56] ਦੇ ਉਪਦੇਸ਼ਕ, ਜਾਨ ਬਾਲ, ਅਤੇ ਬੋਹੀਮੀਆ ਵਿਚ ਕਾਲਿਕਸਤੀਨਸਾਂ ਦੇ ਨਾਲ ਨਾਲ, ਤਾਬੋਰੀਤਾਂ ਦੀ ਇਹੋ ਸਥਿਤੀ ਸੀ। ਤਾਬੋਰੀਤਾਂ ਨੇ ਤਾਂ ਧਰਮਤਾਂਤ੍ਰਿਕ ਪਰਦੇ ਹੇਠਾਂ ਇਕ ਗਣਰਾਜੀ ਪ੍ਰਵਿਰਤੀ ਵੀ ਵਿਖਾਈ, ਜਿਸ ਦ੍ਰਿਸ਼ਟੀਕੋਣ ਨੂੰ ਪੰਦਰ੍ਹਵੀਂ

---

* ਵਗਾਰ। — ਅਨੁ:

ਸਦੀ ਦੇ ਅੰਤ ਵਿਚ ਅਤੇ ਸੋਲ੍ਹਵੀਂ ਸਦੀ ਦੇ ਸ਼ੁਰੂ ਵਿਚ ਵਿਚ ਜਰਮਨੀ ਵਿਚ ਨਿਮਨ-ਵਰਗਾਂ ਦੇ ਪ੍ਰਤਿਨਿਧਾਂ ਨੇ ਅਗੋਂ ਵਿਕਸਤ ਕੀਤਾ।

ਰਹੱਸਵਾਦੀ ਸੋਚ ਵਾਲੇ ਫਿਰਕਿਆਂ, ਫਲਾਗੇਲਾਂਤਾਂ ਅਤੇ ਲਾਲਰਡਾਂ[57], ਆਦਿ, ਦੀ ਹਠਧਰਮੀ, ਜਿਨ੍ਹਾਂ ਨੇ ਦਮਨ ਦੇ ਸਮਿਆਂ ਵਿਚ ਇਨਕਲਾਬੀ ਪਰੰਪਰਾ ਜਾਰੀ ਰੱਖੀ, ਧਰਮ-ਵਿਰੋਧ ਦੇ ਇਸ ਰੂਪ ਦੁਆਲੇ ਇਕੱਠੀ ਹੋ ਗਈ।

ਉਸ ਵੇਲੇ ਨਿਮਨ-ਵਰਗ ਇਕੋ ਇਕ ਜਮਾਤ ਸਨ ਜਿਹੜੇ ਵਿਦਮਾਨ ਅਧਿਕਾਰੀ ਸਮਾਜ ਤੋਂ ਬਾਹਰ ਖੜੇ ਸਨ। ਉਹ ਸਾਮੰਤੀ ਅਤੇ ਬਰਗਰ ਦੋਹਾਂ ਜੁਟਾਂ ਤੋਂ ਬਾਹਰ ਸਨ। ਉਹਨਾਂ ਕੋਲ ਨਾ ਕੋਈ ਵਿਸ਼ੇਸ਼-ਅਧਿਕਾਰ ਸਨ ਨਾ ਹੀ ਜਾਇਦਾਦ; ਉਹਨਾਂ ਕੋਲ ਉਸ ਕਿਸਮ ਦੀ ਜਾਇਦਾਦ ਵੀ ਨਹੀਂ ਸੀ ਜਿਹੜੀ ਕਿਸਾਨ ਜਾਂ ਨਿਕੇ ਬਰਗਰ ਕੋਲ ਸੀ, ਜਿਹੜਾ ਭਾਰੇ ਟੈਕਸਾਂ ਹੇਠ ਨੱਪਿਆ ਹੋਇਆ ਸੀ। ਉਹ ਹਰ ਪੱਖ ਤੋਂ ਜਾਇਦਾਦ-ਵਿਹੂਣੇ ਅਤੇ ਅਧਿਕਾਰਹੀਣ ਸਨ; ਉਹਨਾਂ ਦੀਆਂ ਜੀਵਨ ਹਾਲਤਾਂ ਨੇ ਉਹਨਾਂ ਨੂੰ ਕਦੇ ਵੀ ਵਿਦਮਾਨ ਸੰਸਥਾਵਾਂ, ਜਿਨ੍ਹਾਂ ਨੇ ਉਹਨਾਂ ਨੂੰ ਪੂਰੀ ਤਰ੍ਹਾਂ ਅਖੋਂ ਓਹਲੇ ਕੀਤਾ ਸੀ, ਨਾਲ ਸਿੱਧੇ ਸੰਪਰਕ ਵਿਚ ਨਹੀਂ ਸੀ ਲਿਆਂਦਾ। ਉਹ ਸਾਮੰਤੀ ਅਤੇ ਕਿਰਤ-ਬਰਾਦਰੀ-ਬਰਗਰ ਸਮਾਜ ਦੇ ਜਰਜਰੇ ਹੋ ਜਾਣ ਦਾ ਜਿਊਂਦਾ ਜਾਗਦਾ ਚਿੰਨ੍ਹ ਸਨ ਅਤੇ ਇਸ ਦੇ ਨਾਲ ਹੀ ਆਧੁਨਿਕ ਬੁਰਜੂਆ ਸਮਾਜ ਦੇ ਪਹਿਲੇ ਅਗਵਾਨੂੰ ਵੀ ਸਨ।

ਇਸ ਤੋਂ ਪਤਾ ਲਗਦਾ ਹੈ ਕਿ ਨਿਮਨ-ਵਰਗ ਦਾ ਵਿਰੋਧ ਓਦੋਂ ਵੀ ਆਪਣੇ ਆਪ ਨੂੰ ਕੇਵਲ ਸਾਮੰਤਵਾਦ ਅਤੇ ਵਿਸ਼ੇਸ਼-ਅਧਿਕਾਰ ਬਰਗਰਾਂ ਨਾਲ ਜੂਝਣ ਤੱਕ ਸੀਮਤ ਕਿਉਂ ਨਾ ਰਖ ਸਕਿਆ; ਕਿਉਂ ਇਹ, ਘਟੋ ਘਟ ਖਿਆਲ ਉਡਾਰੀ ਵਿਚ ਹੀ, ਹਾਲੇ ਮਸਾਂ ਹੀ ਉਦੈ ਹੋ ਰਹੇ ਆਧੁਨਿਕ ਬੁਰਜੂਆ ਸਮਾਜ ਤੋਂ ਪਾਰ ਪਹੁੰਚ ਗਿਆ; ਕਿਉਂ ਇਸ, ਉੱਕਾ ਹੀ ਜਾਇਦਾਦ-ਵਿਹੂਣੇ ਦਲ ਨੇ, ਉਹਨਾਂ ਸੰਸਥਾਵਾਂ, ਦ੍ਰਿਸ਼ਟੀਕੋਣਾਂ ਅਤੇ ਸੰਕਲਪਾਂ ਉਤੇ ਉਜ਼ਰ ਕੀਤਾ ਜੋ ਜਮਾਤੀ ਵੈਰ-ਵਿਰੋਧਾਂ ਤੇ ਆਧਾਰਤ ਸਾਰੇ ਸਮਾਜਾਂ ਵਿਚ ਸਾਂਝੇ ਹਨ। ਇਸ ਪੱਖ ਤੋਂ, ਮੁਢਲੀ ਈਸਾਈਅਤ ਦੀਆਂ ਸਹੰਸਰਵਾਦੀ ਸੁਪਨ-ਦ੍ਰਿਸ਼ਟੀਆਂ[58] ਇਕ ਬਹੁਤ ਹੀ ਅਨੁਕੂਲ ਆਰੰਭ-ਬਿੰਦੂ ਪੇਸ਼ ਕਰਦੀਆਂ ਸਨ। ਦੂਜੇ ਪਾਸੇ, ਵਰਤਮਾਨ ਅਤੇ ਭਵਿਖ ਤੋਂ ਵੀ ਪਾਰ ਦਾ ਇਹ ਧਾਵਾ ਜ਼ੋਰਦਾਰ ਅਤੇ ਅਨੂਠਾ ਹੀ ਹੋ ਸਕਦਾ ਸੀ, ਅਤੇ ਇਸ ਲੋੜ ਕਾਰਨ ਇਹਨੇ ਸਮਕਾਲੀ ਸਥਿਤੀ ਵਲੋਂ ਮਿਥੀਆਂ ਸੌੜੀਆਂ ਸੀਮਾਵਾਂ ਵਿਚ ਹੀ ਆਸਰਾ ਲਿਆ। ਲਾਜ਼ਮੀ ਸੀ ਕਿ ਨਿੱਜੀ ਜਾਇਦਾਦ ਉਤੇ ਹਮਲਾ, ਸਾਂਝੀ ਮਾਲਕੀ ਦੀ ਮੰਗ ਖੈਰਾਤ ਦੇ ਆਦਿ ਸੰਗਠਨ ਵਿਚ ਵਟਦੀ; ਧੁੰਦਲੀ ਈਸਾਈ ਸਮਾਨਤਾ ਵਧ ਤੋਂ ਵਧ "ਕਾਨੂੰਨ ਸਾਮ੍ਹਣੇ" ਬੁਰਜੂਆ "ਸਮਾਨਤਾ" ਦਾ ਰੂਪ ਧਾਰ ਸਕਦੀ ਸੀ; ਕੁਲ ਅਧਿਕਰਣਾਂ ਦਾ ਖਾਤਮਾ ਅਖੀਰ ਵਿਚ ਲੋਕਾਂ ਦੀਆਂ ਚੁਣੀਆਂ ਹੋਈਆਂ ਗਣਰਾਜੀ ਸਰਕਾਰਾਂ ਦੀ ਸਥਾਪਤੀ ਵਿਚ

ਸਿਖਰ ਨੂੰ ਪਹੁੰਚਦਾ ਹੈ। ਖਿਆਲ ਉਡਾਰੀ ਦੁਆਰਾ ਕਮਿਊਨਿਜ਼ਮ ਦੀ ਪੂਰਵ-ਕਲਪਨਾ ਯਥਾਰਥ ਵਿਚ ਆਧੁਨਿਕ ਬੁਰਜੂਆ ਪ੍ਰਸਥਿਤੀਆਂ ਦੀ ਪੂਰਵ-ਕਲਪਨਾ ਬਣ ਗਈ।

ਹੋਣ ਵਾਲੇ ਇਤਿਹਾਸਕ ਘਟਨਾ-ਕ੍ਰਮ ਦਾ ਇਹ ਤੀਬਰ ਪੂਰਵ-ਅਨੁਮਾਨ, ਜਿਸ ਦਾ ਨਿਮਨ-ਵਰਗ ਦੇ ਲੋਕਾਂ ਦੀਆ ਜੀਵਨ ਹਾਲਤਾਂ ਤੋਂ ਸੌਖਿਆਂ ਹੀ ਪਤਾ ਲਗਦਾ ਸੀ, ਸਭ ਤੋਂ ਪਹਿਲਾਂ **ਜਰਮਨੀ** ਵਿਚ, **ਥਾਮਸ ਮਿਊਨਟਸਰ** ਅਤੇ ਉਸ ਦੀ ਪਾਰਟੀ ਵਿਚ ਵੇਖਣ ਵਿਚ ਆਉਂਦਾ ਹੈ। ਟਾਬੋਰੀਤਾਂ ਵਿਚ ਇਕ ਕਿਸਮ ਦੀ ਸਹੰਸਰਵਾਦੀ ਸਾਂਝੀ ਮਾਲਕੀ ਸੀ, ਪਰ ਇਹ ਨਰੋਲ ਇਕ ਸੈਨਿਕ ਕਦਮ ਸੀ। ਕੇਵਲ ਮਿਊਨਟਸਰ ਦੀ ਸਿਖਿਆ ਵਿਚ ਹੀ ਇਹ ਕਮਿਊਨਿਸਟ ਪ੍ਰਵਿਰਤੀਆਂ ਸਮਾਜ ਦੀ ਅਸਲ ਜਨਤਕ ਟੋਲੀ ਦੀਆਂ ਉਮੰਗਾਂ ਪ੍ਰਗਟ ਕਰਦੀਆਂ ਸਨ। ਉਹ ਪਹਿਲਾ ਆਦਮੀ ਸੀ ਜਿਸ ਨੇ ਇਹਨਾਂ ਨੂੰ ਇਕ ਖਾਸ ਨਿਸਚਿਤਤਾ ਨਾਲ ਸੂਤਰਬੱਧ ਕੀਤਾ, ਅਤੇ ਉਸ ਤੋਂ ਉਪਰੰਤ ਇਹ ਲੋਕਾਂ ਦੀ ਹਰ ਮਹਾਨ ਉਥਲ ਪੁਥਲ ਵਿਚ ਵੇਖਣ ਵਿਚ ਆਈਆਂ ਹਨ, ਅਖੀਰ ਇਹ ਸਹਿਜੇ ਸਹਿਜੇ ਆਧੁਨਿਕ ਪ੍ਰੋਲਤਾਰੀ ਲਹਿਰ ਨਾਲ ਉਸ ਤਰ੍ਹਾਂ ਇਕਮਿਕ ਹੋ ਗਈਆਂ ਜਿਸ ਤਰ੍ਹਾਂ ਮਧ ਜੁਗ ਵਿਚ ਸਾਮੰਤੀ ਗ਼ਲਬੇ ਦੇ ਖਿਲਾਫ, ਜਿਹੜਾ ਉਹਨਾਂ ਨੂੰ ਦਿਨੋ ਦਿਨ ਵਧੇਰੇ ਬੰਧਣ ਵਿਚ ਬੰਨ੍ਹ ਰਿਹਾ ਸੀ, ਆਜ਼ਾਦ ਕਿਸਾਨਾਂ ਦੇ ਸੰਗਰਾਮ ਸਾਮੰਤੀ ਪ੍ਰਬੰਧ ਦੇ ਮੁਕੰਮਲ ਖਾਤਮੇ ਲਈ ਖੇਤ-ਗੁਲਾਮਾਂ ਅਤੇ ਬੱਡੇ-ਕਾਮਿਆਂ ਦੇ ਸੰਗਰਾਮਾਂ ਨਾਲ ਇਕਮਿਕ ਹੋ ਗਏ ਸਨ।

ਜਦੋਂ ਕਿ ਤਿੰਨ ਵੱਡੇ ਧੜਿਆਂ ਵਿਚੋਂ ਪਹਿਲੇ, **ਰੂੜ੍ਹੀਵਾਦੀ ਕੈਥੋਲਿਕ** ਧੜੇ ਨੇ ਵਿਦਮਾਨ ਪ੍ਰਸਥਿਤੀਆਂ ਨੂੰ ਕਾਇਮ ਰਖਣ ਵਿਚ ਦਿਲਚਸਪੀ ਲੈਣ ਵਾਲੇ ਸਾਰੇ ਤੱਤਾਂ ਨੂੰ, ਅਰਥਾਤ, ਸ਼ਾਹੀ ਅਧਿਕਾਰੀਆਂ, ਕਲੀਸਾਈ ਹਲਕੇ ਅਤੇ ਸੰਸਾਰਕ ਰਜਵਾੜਿਆਂ ਦਾ ਇਕ ਹਿੱਸਾ, ਵਧੇਰੇ ਅਮੀਰ ਰਾਠਸ਼ਾਹੀ, ਮਹੰਤ ਅਤੇ ਸ਼ਹਿਰੀ ਖਾਨਦਾਨੀ ਅਮੀਰ, ਆਪਣੇ ਕਲਾਵੇ ਵਿਚ ਲਿਆ, ਉਥੇ **ਬਰਗਰ-ਨਰਮ-ਲੂਥਰਵਾਦੀ** ਸੁਧਾਰਾਂ ਦੇ ਧੜੇ ਨੇ ਵਿਰੋਧ ਦੇ ਸਾਰੇ ਹੀ ਜਾਇਦਾਦ-ਮਾਲਕ ਤੱਤਾਂ, ਛੁਟੇਰੀ ਰਾਠਸ਼ਾਹੀ ਦੇ ਵਧੇਰੇ ਹਿੱਸੇ, ਬਰਗਰਾਂ, ਅਤੇ ਸੰਸਾਰਕ ਰਜਵਾੜਿਆਂ ਦੇ ਇਕ ਹਿੱਸੇ ਨੂੰ ਵੀ ਆਪਣੇ ਵੱਲ ਖਿਚਿਆ ਜਿਹੜਾ ਗਿਰਜਿਆਂ ਦੀਆਂ ਜਾਗੀਰਾਂ ਦੀ ਜ਼ਬਤੀ ਰਾਹੀਂ ਆਪਣੇ ਆਪ ਨੂੰ ਅਮੀਰ ਬਣਾਉਣ ਦੀ ਆਸ ਕਰਦਾ ਸੀ ਅਤੇ ਸ਼ਹਿਨਸ਼ਾਹੀ ਤੋਂ ਵਧੇਰੇ ਸੁਆਧੀਨਤਾ ਪ੍ਰਾਪਤ ਕਰਨ ਦਾ ਮੌਕਾ ਹਥਿਆਉਣਾ ਚਾਹੁੰਦਾ ਸੀ। ਜਿਥੋਂ ਤੱਕ ਕਿਸਾਨਾਂ ਅਤੇ ਨਿਮਨ-ਵਰਗ ਦਾ ਸਵਾਲ ਸੀ, ਉਹ ਇਕ **ਇਨਕਲਾਬੀ** ਪਾਰਟੀ ਵਿਚ ਇਕਮੁਠ ਹੋਏ ਸਨ ਜਿਸ ਦੀਆਂ ਮੰਗਾਂ ਅਤੇ ਮੱਤਾਂ ਨੂੰ ਮਿਊਨਟਸਰ ਨੇ ਅਤਿਅੰਤ ਸਪਸ਼ਟਤਾ ਨਾਲ ਪ੍ਰਗਟ ਕੀਤਾ ਸੀ।

ਲੂਥਰ ਅਤੇ ਮਿਊਨਟਸਰ ਦੋਵਾਂ ਨੇ ਆਪਣੇ ਮੱਤ ਅਤੇ ਆਪਣੇ ਚ੍ਰਿਤਰ ਤੇ ਅਮਲਾਂ ਨਾਲ ਆਪਣੀ ਆਪਣੀ ਪਾਰਟੀ ਦੀ ਭਰਪੂਰ ਰੂਪ ਵਿਚ ਪ੍ਰਤਿਨਿਧਤਾ ਕੀਤੀ।

੧੫੧੭ ਤੋਂ ੧੫੨੫ ਤੱਕ **ਲੂਥਰ** ਵਿਚ ਬਿਲਕੁਲ ਉਹੋ ਹੀ ਤਬਦੀਲੀਆਂ ਆਈਆਂ ਜਿਹੜੀਆਂ ਅਜੋਕੇ ਜਰਮਨ ਸੰਵਿਧਾਨਵਾਦੀਆਂ ਵਿਚ ੧੮੪੬ ਅਤੇ ੧੮੪੯ ਵਿਚਕਾਰ ਆਈਆਂ, ਅਤੇ ਜਿਹੜੀਆਂ ਹਰ ਉਸ ਬੁਰਜੂਆ ਪਾਰਟੀ ਵਿਚ ਆਉਂਦੀਆਂ ਹਨ ਜਿਹੜੀ, ਥੋੜ੍ਹੇ ਚਿਰ ਲਈ ਲਹਿਰ ਦੀ ਅਗਵਾਈ ਵਿਚ ਰਹਿ ਕੇ, ਆਪਣੇ ਪਿਛੇ ਖੜੀ ਨਿਮਨ-ਵਰਗੀ ਜਾਂ ਪ੍ਰੋਲਤਾਰੀ ਪਾਰਟੀ ਵਲੋਂ ਇਕ ਪਾਸੇ ਧੱਕ ਦਿਤੀ ਜਾਂਦੀ ਹੈ।

ਜਦੋਂ ੧੫੧੭ ਵਿਚ ਲੂਥਰ ਨੇ ਕੈਥੋਲਿਕ ਚਰਚ ਦੇ ਮੱਤਾਂ ਅਤੇ ਕਾਨੂੰਨਾਂ ਦਾ ਪਹਿਲੀ ਵਾਰੀ ਵਿਰੋਧ ਕੀਤਾ ਸੀ, ਉਸ ਦੀ ਵਿਰੋਧਤਾ ਦਾ ਕਿਸੇ ਵੀ ਤਰ੍ਹਾਂ ਕੋਈ ਨਿਸਚਿਤ ਚ੍ਰਿਤਰ ਨਹੀਂ ਸੀ। ਜਿਥੇ ਇਸ ਨੇ ਮੁਢਲੇ ਬਰਗਰ ਧਰਮ-ਵਿਰੋਧ ਦੀਆਂ ਮੰਗਾਂ ਨੂੰ ਨਹੀਂ ਸੀ ਉਲੰਘਿਆ, ਉਥੇ ਇਸ ਨੇ ਕਿਸੇ ਪ੍ਰਵਿਰਤੀ ਨੂੰ ਜਿਹੜੀ ਇਸ ਤੋਂ ਅੱਗੇ ਵਧੀ ਸੀ ਰੱਦ ਨਹੀਂ ਸੀ ਕੀਤਾ, ਨਾ ਹੀ ਕਰ ਸਕਦੀ ਸੀ। ਉਸ ਮੁਢਲੇ ਪੜਾ ਉਤੇ ਸਾਰੇ ਵਿਰੋਧੀ ਤੱਤਾਂ ਦਾ ਇਕਮੁਠ ਹੋਣਾ, ਅਤਿਅੰਤ ਆਕਰਮਣਕਾਰੀ ਇਨਕਲਾਬੀ ਸ਼ਕਤੀ ਦਾ ਵਖਾਵਾ ਕਰਨਾ ਲਾਜ਼ਮੀ ਸੀ, ਅਤੇ ਕੈਥੋਲਿਕ ਰੂੜ੍ਹੀਵਾਦ ਦੇ ਖਿਲਾਫ ਵਿਦਮਾਨ ਧਰਮ-ਵਿਰੋਧ ਦੇ ਸਮੂਹ ਲਈ ਇਕ ਹਮਾਇਤੀ ਲਭਣਾ ਜ਼ਰੂਰੀ ਸੀ। ਬਹੁਤ ਕਰਕੇ ਉਸੇ ਹੀ ਤਰੀਕੇ ਨਾਲ ੧੮੪੭ ਦੀ ਸਾਡੀ ਉਦਾਰ ਬੁਰਜੂਆਜ਼ੀ ਹਾਲੇ ਇਨਕਲਾਬੀ ਸੀ, ਆਪਣੇ ਆਪ ਨੂੰ ਸਮਾਜਵਾਦੀ ਅਤੇ ਕਮਿਊਨਿਸਟ ਕਹਿੰਦੀ ਸੀ, ਅਤੇ ਮਜ਼ਦੂਰ ਜਮਾਤ ਦੀ ਮੁਕਤੀ ਲਈ ਚੀਕ ਚਿਹਾੜਾ ਪਾਉਂਦੀ ਸੀ। ਲੂਥਰ ਦੇ ਕਰੜੇ ਕਿਸਾਨ ਸੁਭਾ ਨੇ ਆਪਣੀਆਂ ਸਰਗਰਮੀਆਂ ਦੇ ਪਹਿਲੇ ਦੌਰ ਵਿਚ ਅਤਿ-ਅੰਤ ਤੂਫਾਨੀ ਤਰੀਕੇ ਨਾਲ ਆਪਣਾ ਦਾਅਵਾ ਕੀਤਾ।

> "ਜੇ ਖੌਰੂ ਪਾ ਰਿਹਾ ਪਾਗਲਪਨ" (ਰੋਮਨ ਪਾਦਰੀਆਂ ਦੇ) "ਜਾਰੀ ਰਹਿੰਦਾ ਹੈ, ਤਾਂ ਮੈਨੂੰ ਪ੍ਰਤੀਤ ਹੁੰਦਾ ਹੈ ਕਿ ਇਸ ਦੇ ਖਿਲਾਫ ਇਸ ਤੋਂ ਚੰਗੇਰਾ ਮਸ਼ਵਰਾ ਅਤੇ ਇਲਾਜ ਹੋਰ ਕੋਈ ਨਹੀਂ ਹੋ ਸਕਦਾ ਕਿ ਬਾਦਸ਼ਾਹ ਅਤੇ ਰਾਜਵਾੜੇ ਤਾਕਤ ਦੀ ਵਰਤੋਂ ਕਰਨ, ਆਪਣੇ ਆਪ ਨੂੰ ਹਥਿਆਰਬੰਦ ਕਰਨ, ਇਹਨਾਂ ਬਦ ਲੋਕਾਂ ਉਤੇ ਹਮਲਾ ਕਰਨ ਜਿਨ੍ਹਾਂ ਨੇ ਸਮੁਚੇ ਸੰਸਾਰ ਨੂੰ ਵਿਹੁਲਾ ਬਣਾ ਦਿਤਾ ਹੈ, ਅਤੇ **ਗੱਲਾਂ ਨਾਲ ਨਹੀਂ, ਹਥਿਆਰਾਂ ਨਾਲ** ਇਸ ਖੇਡ ਦਾ ਸਦਾ ਸਦਾ ਲਈ ਅੰਤ ਕਰ ਦੇਣ। ਕਿਉਂਕਿ ਅਸੀਂ ਚੋਰਾਂ ਨੂੰ ਗਲ ਵਿਚ ਪਾਉਣ ਵਾਲੇ ਰੱਸੇ ਨਾਲ, ਕਾਤਲਾਂ ਨੂੰ ਤਲਵਾਰ ਨਾਲ, ਅਤੇ ਧਰਮ-ਵਿਰੋਧੀਆਂ ਨੂੰ ਅੱਗ ਵਿਚ ਸਾੜ ਕੇ ਸਜ਼ਾ ਦੇਂਦੇ ਹਾਂ, ਇਸ ਲਈ ਅਸੀਂ **ਹੱਥ ਵਿਚ ਹੱਥਿਆਰ**

**ਫੜਕੇ** ਤਬਾਹੀ ਦੇ ਇਹਨਾਂ ਸਾਰੇ ਪਾਪੀ ਉਪਦੇਸ਼ਕਾਂ ਵੱਲ, ਇਹਨਾਂ ਪੋਪਾਂ, ਕਾਰਡੀਨਲਾਂ ਅਤੇ ਬਿਸ਼ਪਾਂ ਵੱਲ, ਅਤੇ ਰੋਮ ਅਧੀਨ ਸੋਦੋਮ * ਦੀ ਸਮੁਚੀ ਭੀੜ ਵੱਲ ਰੁਖ਼ ਕਿਉਂ ਨਹੀਂ ਕਰਦੇ, **ਅਤੇ ਇਹਨਾਂ ਦੇ ਲਹੂ ਨਾਲ ਆਪਣੇ ਹੱਥ ਕਿਉਂ ਨਹੀਂ ਧੋਂਦੇ?"**

ਪਰ ਇਹ ਇਨਕਲਾਬੀ ਲਗਨ ਥੋੜ-ਚਿਰੀ ਸੀ। ਲੂਥਰ ਦੀ ਬਿਜਲੀ ਨੇ ਕਾਰੀ ਸੱਟ ਲਾ ਦਿਤੀ ਸੀ। ਸਮੁਚੇ ਜਰਮਨ ਲੋਕਾਂ ਵਿਚ ਹਰਕਤ ਆ ਗਈ ਸੀ। ਇਕ ਪਾਸੇ, ਕਿਸਾਨਾਂ ਅਤੇ ਨਿਮਨ-ਵਰਗਾਂ ਨੇ ਪਾਦਰੀਆਂ ਵਿਰੁਧ ਉਸ ਦੀਆਂ ਅਪੀਲਾਂ ਵਿਚ ਅਤੇ ਈਸਾਈ ਆਜ਼ਾਦੀ ਸੰਬੰਧੀ ਉਸਦੇ ਉਪਦੇਸ਼ ਵਿਚ ਵਿਦਰੋਹ ਦਾ ਸੰਕੇਤ ਵੇਖਿਆ; ਅਤੇ ਦੂਜੇ ਪਾਸੇ, ਨਰਮ-ਖ਼ਿਆਲ-ਬਰਗਰ ਅਤੇ ਛੁਟੇਰੀ ਰਾਠਸ਼ਾਹੀ ਦਾ ਇਕ ਵੱਡਾ ਹਿੱਸਾ ਉਹਦੇ ਨਾਲ ਰਲ ਗਿਆ, ਅਤੇ ਇਥੋਂ ਤੱਕ ਕਿ ਰਜਵਾੜੇ ਵੀ ਇਸ ਧਾਰਾ ਵਿਚ ਖਿੱਚੇ ਗਏ। ਪਹਿਲਿਆਂ ਦਾ ਵਿਸ਼ਵਾਸ ਸੀ ਕਿ ਉਹਨਾਂ ਉਤੇ ਜਬਰ ਕਰਨ ਵਾਲੇ ਸਾਰਿਆਂ ਕੋਲੋਂ ਬਦਲਾ ਲੈਣ ਦਾ ਦਿਨ ਆ ਗਿਆ ਸੀ, ਅਤੇ ਮਗਰਲੇ ਕੇਵਲ ਪਾਦਰੀਆਂ ਦੀ ਸੱਤਾ ਦਾ, ਰੋਮ ਅਤੇ ਕੈਥੋਲਿਕ ਅਧਿਸ਼੍ਰੇਣੀ ਉਤੇ ਨਿਰਭਰਤਾ ਦਾ ਲੱਕ ਤੋੜਨ, ਅਤੇ ਗਿਰਜਿਆਂ ਦੀ ਜਾਇਦਾਦ ਦੀ ਜ਼ਬਤੀ ਨਾਲ ਆਪਣੇ ਆਪ ਨੂੰ ਅਮੀਰ ਬਣਾਉਣ ਦੇ ਇਛਕ ਸਨ। ਪਾਰਟੀਆਂ ਨੇ ਆਪਣੀਆਂ ਸਥਿਤੀਆਂ ਸਪਸ਼ਟ ਕੀਤੀਆਂ ਅਤੇ ਹਰ ਇਕ ਨੇ ਆਪਣੇ ਆਪਣੇ ਬੁਲਾਰੇ ਲਭੇ। ਲੂਥਰ ਨੇ ਇਹਨਾਂ ਵਿਚਕਾਰ ਚੋਣ ਕਰਨੀ ਸੀ। ਉਹ, ਸੈਕਸੋਨੀ ਦੇ ਇਲੈਕਟਰ ** ਦਾ ਪਾਲਤੂ, ਵਿਟਨਬਰਗ ਦਾ ਸਤਿਕਾਰਿਤ ਪ੍ਰੋਫੈਸਰ ਜਿਹੜਾ ਰਾਤੋ ਰਾਤ ਹੀ ਤਾਕਤਵਾਰ ਤੇ ਪ੍ਰਸਿਧ ਹੋ ਗਿਆ ਸੀ, ਅਤੇ ਨੀਚ ਆਦਮੀਆਂ ਤੇ ਚਾਪਲੂਸਾਂ ਦੀ ਆਪਣੀ ਜੁੰਡੀ ਵਿਚ ਮਹਾਨ ਆਦਮੀ, ਇਕ ਪਲ ਲਈ ਵੀ ਨਹੀਂ ਸੀ ਝਿਜਕਿਆ। ਉਸਨੇ ਲਹਿਰ ਦੇ ਜਨਤਕ ਤੱਤਾਂ ਨੂੰ ਤਿਆਗਿਆ, ਅਤੇ ਬਰਗਰਾਂ, ਰਾਠਸ਼ਾਹੀ, ਅਤੇ ਰਜਵਾੜਿਆਂ ਦੀ ਧਿਰ ਮੱਲੀ। ਹੁਣ ਰੋਮ ਵਿਰੁਧ ਵਿਨਾਸ਼ ਦੀਆਂ ਉਸ ਦੀਆਂ ਅਪੀਲਾਂ ਨਹੀਂ

---

*ਪ੍ਰਾਚੀਨ ਫਲਸਤੀਨ ਦਾ ਇਕ ਸ਼ਹਿਰ, ਜਿਸ ਵਿਚ ਮੁੰਡੇਬਾਜ਼ੀ ਬਹੁਤ ਪ੍ਰਚਲਤ ਸੀ। ਅੰਜੀਲ ਅਨੁਸਾਰ ਇਹ ਪ੍ਰਮਾਤਮਾ ਦੇ ਕ੍ਰੋਧ ਦਾ ਭਾਗੀ ਬਣਿਆ ਅਤੇ ਤਬਾਹ ਹੋ ਗਿਆ। ਹੁਣ ਇਹ ਉਸ ਥਾਂ ਲਈ ਸੰਕੇਤਕ ਸ਼ਬਦ ਬਣ ਗਿਆ ਹੈ ਜਿਥੇ ਬਦਚਲਨੀ ਆਮ ਹੋਵੇ। —**ਅਨੁ:**

**ਯੂਰਪ ਦੇ ਕਈ ਛੋਟੇ ਵਡੇ ਰਾਜਾਂ ਦੇ ਹਾਕਮ ਰਲ ਕੇ ਸ਼ਹਿਨਸ਼ਾਹ ਦੀ ਚੋਣ ਕਰਦੇ ਸਨ। ਇਸ ਲਈ ਜਰਮਨੀ ਵਿਚ ਉਹਨਾਂ ਹਾਕਮਾਂ ਨੂੰ **ਇਲੈਕਟਰ**— ਚੋਣਕਾਰ — ਕਿਹਾ ਜਾਂਦਾ ਸੀ। —**ਅਨੁ:**

ਸੁਣਦੀਆਂ ਸਨ। ਹੁਣ ਲੂਥਰ **ਸ਼ਾਂਤਮਈ ਪ੍ਰਗਤੀ ਅਤੇ ਸਿਥਲ ਵਿਰੋਧ** ਦਾ ਉਪਦੇਸ਼ ਦੇਂਦਾ ਸੀ (ਮਿਸਾਲ ਲਈ, ਵੇਖੋ: "ਜਰਮਨ ਰਾਠਸ਼ਾਹੀ ਨੂੰ ਪਤਰ", ੧੫੨੦, ਆਦਿ)। ਐਬਰਨਬੁਰਗ ਵਿਚ, ਜੋ ਪਾਦਰੀਆਂ ਅਤੇ ਰਜਵਾੜਿਆਂ ਦੇ ਖਿਲਾਫ ਰਾਠਸ਼ਾਹੀ ਦੀ ਸਾਜ਼ਸ਼ ਦਾ ਅੱਡਾ ਸੀ, ਹੂਟਨ ਨੇ ਲੂਥਰ ਨੂੰ ਸੱਦਾ ਦਿਤਾ ਕਿ ਉਸ ਨੂੰ ਤੇ ਸਿਕਿੰਗਨ ਨੂੰ ਮਿਲੇ, ਜਿਸ ਦੇ ਜਵਾਬ ਵਿਚ ਉਸ ਨੇ ਕਿਹਾ:

> "ਮੈਂ **ਤਾਕਤ ਤੇ ਖੂਨ ਖਰਾਬੇ ਨਾਲ** ਅੰਜੀਲ ਦੀ ਰਖਿਆ ਕਰਨ ਦਾ ਇੱਛਕ ਨਹੀਂ। ਸੰਸਾਰ ਬਾਣੀ ਨਾਲ ਜਿਤਿਆ ਗਿਆ ਸੀ, ਚਰਚ ਬਾਣੀ ਨਾਲ ਹੀ ਕਾਇਮ ਹੈ, ਚਰਚ ਬਾਣੀ ਨਾਲ ਹੀ ਸੁਰਜੀਤ ਕੀਤਾ ਜਾਏਗਾ, ਅਤੇ ਈਸਾ-ਵਿਰੋਧੀ,* ਜਿਸ ਨੇ ਹਿੰਸਾ ਬਿਨਾਂ ਹੀ ਸਥਾਨ ਪ੍ਰਾਪਤ ਕੀਤਾ ਸੀ, ਹਿੰਸਾ ਤੋਂ ਬਿਨਾਂ ਹੀ ਢਹਿ ਪਵੇਗਾ।"

ਇਸ ਮੋੜ ਤੋਂ, ਜਾਂ ਵਧੇਰੇ ਠੀਕ ਗੱਲ ਕਰਦਿਆਂ, ਲੂਥਰ ਦੀ ਨੀਤੀ ਦੀ ਇਸ ਵਧੇਰੇ ਠੀਕ ਪ੍ਰੀਭਾਸ਼ਾ ਤੋਂ ਕਾਇਮ ਰਖੇ ਜਾਣ ਜਾਂ ਸੁਧਾਰੇ ਜਾਣ ਵਾਲੀਆਂ ਸੰਸਥਾਵਾਂ ਅਤੇ ਮੱਤਾਂ ਉਤੇ ਉਸ ਵਟੇ-ਸਟੇ ਅਤੇ ਲੈਣ ਦੇਣ ਨੇ, ਉਸ ਘ੍ਰਿਣਤ ਚਾਲਬਾਜ਼ੀ, ਮੰਨਮਨੌਤੀ, ਸਾਜ਼ਸ਼ਬਾਜ਼ੀ ਅਤੇ ਸਮਝੌਤਿਆਂ ਨੇ ਜਨਮ ਲਿਆ, ਜਿਸ ਦਾ ਨਤੀਜਾ ਆਊਗਸਬੁਰਗ ਇਕਬਾਲ, ਸੁਧਾਰੇ ਹੋਏ ਬਰਗਰਾਂ ਦੇ ਚਰਚ[59] ਦੀਆਂ ਅੰਤਮ ਰੂਪ ਵਿਚ ਗੱਲਬਾਤਾਂ ਨਾਲ ਨਜਿਠੀਆਂ ਧਾਰਾਵਾਂ ਵਿਚ ਨਿਕਲਿਆ। ਇਹ ਬਿਲਕੁਲ ਉਸੇ ਕਿਸਮ ਦੀ ਹੀ ਤੁਛ ਸੌਦੇਬਾਜ਼ੀ ਸੀ ਜਿਹੜੀ ਪਿਛੇ ਜਿਹੇ ਜਰਮਨ ਕੌਮੀ ਅਸੈਂਬਲੀਆਂ, ਮੰਨਮਨੌਤੀ ਦੀਆਂ ਇਕੱਤਰਤਾਵਾਂ, ਸੋਧ ਦੇ ਸਦਨਾਂ, ਅਤੇ ਐਰਫੁਰਟ ਪਾਰਲੀਮੈਂਟ[60] ਵਿਖੇ ਘਿਰਣਾ ਪੈਦਾ ਕਰਨ ਦੀ ਹੱਦ ਤੱਕ ਰਾਜਨੀਤਕ ਰੂਪ ਵਿਚ ਦੁਹਰਾਈ ਗਈ। ਅਧਿਕਾਰਿਤ ਸੁਧਾਰ ਲਹਿਰ ਦੀ ਖੂਹ-ਦੇ-ਡਡੂ ਵਾਲੀ ਪ੍ਰਕਿਰਤੀ ਇਹਨਾਂ ਸਮਝੌਤਾ-ਵਾਰਤਾਵਾਂ ਵਿਖੇ ਅਤਿਅੰਤ ਉਘੜਵੇਂ ਰੂਪ ਵਿਚ ਪ੍ਰਤੱਖ ਸੀ।

ਹੁਣ ਤੋਂ ਬਰਗਰ ਸੁਧਾਰ ਦੇ ਮਾਨਤਾ-ਪ੍ਰਾਪਤ ਪ੍ਰਤਿਨਿਧ, ਲੂਥਰ ਲਈ ਕਾਨੂੰਨ ਦੀਆਂ ਹੱਦਾਂ ਦੇ ਅੰਦਰ ਪ੍ਰਗਤੀ ਦਾ ਪਰਚਾਰ ਕਰਨ ਲਈ ਉਚਿਤ ਕਾਰਨ ਸਨ। ਸ਼ਹਿਰਾਂ ਦੀ ਵੱਡੀ ਗਿਣਤੀ ਨੇ ਨਰਮ-ਖ਼ਿਆਲ ਸੁਧਾਰ ਦੇ ਉਦੇਸ਼ ਦੀ ਪੁਸ਼ਟੀ ਕੀਤੀ ਸੀ, ਨਿਕੀ ਰਾਠਸ਼ਾਹੀ ਦਿਨੋ ਦਿਨ ਵਧੇਰੇ ਇਸ ਨੂੰ ਸਮਰਪਤ ਹੁੰਦੀ ਗਈ, ਅਤੇ ਰਜਵਾੜਿਆਂ ਦਾ ਇਕ ਹਿੱਸਾ ਵਿਚ ਆ ਦਾਖਲ ਹੋਇਆ ਸੀ, ਅਤੇ ਦੂਜਾ ਹਿੱਸਾ ਡਾਵਾਂਡੋਲ ਸੀ। ਸਫਲਤਾ, ਘਟੋ ਘਟ ਜਰਮਨੀ ਦੇ ਵੱਡੇ ਹਿੱਸੇ ਵਿਚ ਤਾਂ ਜਿਵੇਂ

---

*ਈਸਾ ਦਾ ਮਹਾਨ ਵਿਰੋਧੀ, ਜਿਹੜਾ ਈਸਾਈ ਧਰਮ ਅਨੁਸਾਰ ਸੰਸਾਰ ਦੇ ਅਤ ਤੋਂ ਪਹਿਲਾਂ ਪ੍ਰਗਟ ਹੋਵੇਗਾ। —**ਅਨੁ:**

ਪ੍ਰਾਪਤ ਹੋ ਹੀ ਗਈ ਸੀ। ਨਿਰੰਤਰ ਸ਼ਾਂਤਮਈ ਵਿਕਾਸ ਦੀ ਹਾਲਤ ਵਿਚ ਬਾਕੀ ਦੇ ਨਰਮ-ਖ਼ਿਆਲ ਵਿਰੋਧ ਦੇ ਦਬਾ ਅੱਗੇ ਡਟੇ ਨਹੀਂ ਰਹਿ ਸਕਦੇ ਸਨ। ਇਚਰ ਨੂੰ, ਕਿਸੇ ਵੀ ਜ਼ਬਰਦਸਤ ਉਥੱਲ ਪੁੱਥਲ ਦਾ ਨਰਮ-ਖ਼ਿਆਲ ਪਾਰਟੀ ਨੂੰ ਅਤਿ ਪੱਖੀ ਪ੍ਰਦੇਸ਼ ਨਿਮਨ-ਵਰਗ ਅਤੇ ਕਿਸਾਨ ਪਾਰਟੀ ਨਾਲ ਟਕੱਰਾ ਦੇਣਾ, ਰਜਵਾੜਿਆਂ, ਰਾਠਸ਼ਾਹੀ, ਅਤੇ ਕੁਝ ਸ਼ਹਿਰਾਂ ਨੂੰ ਲਹਿਰ ਤੋਂ ਵਿਜੋਗ ਦੇਣਾ ਜ਼ਰੂਰੀ ਸੀ ਜਿਸ ਨਾਲ ਦੋ ਹੀ ਰਾਹ ਰਹਿ ਜਾਂਦੇ ਸਨ ਜਾਂ ਤਾਂ ਕਿਸਾਨ ਅਤੇ ਨਿਮਨ-ਵਰਗ ਬਰਗਰ ਪਾਰਟੀ ਨੂੰ ਇਕ ਪਾਸੇ ਧੱਕ ਦੇਣ, ਜਾਂ ਕੈਥੋਲਿਕ ਪੁਨਰ-ਸਥਾਪਨਾ ਸਮੁਚੀ ਲਹਿਰ ਨੂੰ ਹੀ ਕੁਚਲ ਕੇ ਰਖ ਦੇਵੇ। ਅਤੇ ਪਿਛੇ ਜਿਹੇ ਤੋਂ ਇਸ ਦੀਆਂ ਚੋਖੀਆਂ ਮਿਸਾਲਾਂ ਮਿਲੀਆਂ ਹਨ ਕਿ ਕਿਵੇਂ ਬੁਰਜੂਆ ਪਾਰਟੀਆਂ ਇਨਕਲਾਬ ਦੇ ਸਿਲਾ ਅਤੇ ਪੁਨਰ-ਸਥਾਪਨਾ ਦੇ ਕਾਰਿਬਡਿਸ * ਵਿਚਕਾਰ, ਜਿਵੇਂ ਹੀ ਉਹਨਾਂ ਨੂੰ ਮਾਮੂਲੀ ਤੋਂ ਮਾਮੂਲੀ ਫਤਿਹ ਹਾਸਲ ਹੋ ਜਾਂਦੀ ਹੈ ਕਾਨੂੰਨ ਦੀਆਂ ਹੱਦਾਂ ਅੰਦਰ ਪ੍ਰਗਤੀ ਦੁਆਰਾ ਆਪਣਾ ਰਾਹ ਬਣਾਉਣ ਦਾ ਜਤਨ ਕਰਦੀਆਂ ਹਨ।

ਉਸ ਸਮੇਂ ਵਿਦਮਾਨ ਵਿਆਪਕ ਸਮਾਜਕ ਅਤੇ ਰਾਜਨੀਤਕ ਪ੍ਰਸਥਿਤੀਆਂ ਅਧੀਨ ਹਰ ਤਬਦੀਲੀ ਦੇ ਸਿੱਟੇ ਲਾਜ਼ਮੀ ਹੀ ਰਜਵਾੜਿਆਂ ਦੇ ਲਾਭ ਵਿਚ ਸਨ, ਅਤੇ ਇਹਨਾਂ ਨੇ ਅਟੱਲ ਤੌਰ ਤੇ ਉਹਨਾਂ ਦੀ ਤਾਕਤ ਵਧਾਈ। ਇਸ ਲਈ ਬਰਗਰ ਸੁਧਾਰ ਜਿੰਨਾ ਵਧੇਰੇ ਤਿੱਖੇ ਰੂਪ ਵਿਚ ਨਿਮਨ-ਵਰਗ ਅਤੇ ਕਿਸਾਨ ਤੱਤਾਂ ਨਾਲੋਂ ਸੰਬੰਧ ਤੋੜਦਾ ਸੀ, ਇਸ ਦਾ ਓਨਾ ਹੀ ਵਧੇਰੇ ਪੂਰੀ ਤਰ੍ਹਾਂ ਸੁਧਾਰੇ ਰਜਵਾੜਿਆਂ ਦੇ ਅਧੀਨ ਆਉਣਾ ਜ਼ਰੂਰੀ ਸੀ। ਲੂਥਰ ਆਪ ਵਧੇਰੇ ਤੋਂ ਵਧੇਰੇ ਉਹਨਾਂ ਦਾ ਸੇਵਕ ਬਣਦਾ ਗਿਆ, ਅਤੇ ਲੋਕਾਂ ਨੂੰ ਚੰਗੀ ਤਰ੍ਹਾਂ ਪਤਾ ਸੀ ਕਿ ਉਹ ਕੀ ਕਰ ਰਹੇ ਸਨ ਜਦੋਂ ਉਹਨਾਂ ਨੇ ਉਹਦੇ ਉਤੇ, ਦੂਜਿਆਂ ਵਾਂਗ ਹੀ, ਰਜਵਾੜਿਆਂ ਦਾ ਟੁਕੜਬੋਚ ਬਣ ਜਾਣ ਦਾ ਦੋਸ਼ ਲਾਇਆ ਸੀ, ਅਤੇ ਜਦੋਂ ਉਹਨਾਂ ਨੇ ਓਰਲਾਮਿਉਂਦੇ ਵਿਖੇ ਉਹਨੂੰ ਪੱਥਰ ਮਾਰੇ ਸਨ।

ਜਦੋਂ ਕਿਸਾਨ ਜੰਗ ਛਿੜ ਪਈ ਤਾਂ ਲੂਥਰ ਨੇ ਉਹਨਾਂ ਇਲਾਕਿਆਂ ਵਿਚ ਜਿਥੇ ਰਾਠਸ਼ਾਹੀ ਅਤੇ ਰਜਵਾੜੇ ਬਹੁਤਾ ਕਰਕੇ ਕੈਥੋਲਿਕ ਸਨ ਵਿਚੋਲਗੀ ਵਾਲਾ ਵਤੀਰਾ ਧਾਰਨ ਕਰਨ ਦਾ ਜਤਨ ਕੀਤਾ। ਉਸ ਨੇ ਦ੍ਰਿੜ੍ਹਤਾ ਨਾਲ ਸਰਕਾਰਾਂ ਉਤੇ ਹੱਲਾ ਬੋਲਿਆ ਸੀ। ਉਸਨੇ ਆਖਿਆ ਸੀ ਕਿ ਉਹਨਾਂ ਦੇ ਜਬਰ ਕਾਰਨ ਉਹ ਬਗ਼ਾਵਤ ਲਈ ਜ਼ਿੰਮੇਵਾਰ ਹਨ; ਇਹ ਕਿਸਾਨ ਨਹੀਂ, ਸਗੋਂ ਖੁਦ ਈਸ਼ਵਰ ਸੀ, ਜਿਹੜਾ ਉਹਨਾਂ ਦੇ ਖਿਲਾਫ ਉਠ ਖੜਾ ਹੋਇਆ ਸੀ। ਇਸ ਦੇ ਬਾਵਜੂਦ, ਦੂਜੇ ਪਾਸੇ, ਉਸ ਨੇ ਆਖਿਆ ਕਿ ਬਗ਼ਾਵਤ ਅਧਰਮੀ ਸੀ, ਅਤੇ ਅੰਜੀਲ ਦੇ ਉਲਟ ਸੀ। ਅੰਤ ਵਿਚ ਉਸਨੇ ਦੋਵਾਂ

---

* ਅੱਗੇ ਖੂਹ ਪਿੱਛੇ ਖਾਈ। — **ਅਨੁ :**

ਧਿਰਾਂ ਨੂੰ ਰਜ਼ਾਮੰਦ ਹੋ ਜਾਣ ਅਤੇ ਦੋਸਤਾਨਾ ਨਿਬੇੜੇ ਤੱਕ ਪਹੁੰਚਣ ਦਾ ਸੱਦਾ ਦਿਤਾ।

ਪਰ ਵਿਚੋਲਗੀ ਦੀਆਂ ਇਹਨਾਂ ਅਰਥ-ਭਰਪੂਰ ਪੇਸ਼ਕਸ਼ਾਂ ਦੇ ਬਾਵਜੂਦ ਬਗ਼ਾਵਤ ਤੇਜ਼ੀ ਨਾਲ ਫੈਲਦੀ ਗਈ ਅਤੇ "ਚੌਕਸ" ਬਰਗਰ ਸੁਧਾਰ ਨੂੰ ਤੇਜ਼ੀ ਨਾਲ ਪਛਾੜਕੇ, ਲੂਥਰੀ ਰਜਵਾੜਿਆਂ, ਸਾਮੰਤਾਂ ਅਤੇ ਸ਼ਹਿਰਾਂ ਦੀ ਪ੍ਰਬਲਤਾ ਵਾਲੇ ਪ੍ਰੋਟੈਸਟੈਂਟ ਇਲਾਕਿਆਂ ਨੂੰ ਵੀ ਆਪਣੇ ਘੇਰੇ ਵਿਚ ਲੈ ਲਿਆ। ਮਿਊਨਟਸਰ ਅਧੀਨ ਬਾਗ਼ੀਆਂ ਦੇ ਅਤਿਅੰਤ ਦ੍ਰਿੜ੍ਹ ਦਲ ਨੇ ਲੂਥਰ ਦੇ ਬਿਲਕੁਲ ਨੇੜੇ ਦੇ ਇਲਾਕੇ ਥੁਰਿੰਗੀਆ ਵਿਚ ਆਪਣਾ ਮੁਖ ਟਿਕਾਣਾ ਬਣਾ ਲਿਆ ਸੀ। ਕੁਝ ਹੋਰ ਸਫਲਤਾਵਾਂ, ਅਤੇ ਸਮੁਚਾ ਜਰਮਨੀ ਲਾਟਾਂ ਦੀ ਲਪੇਟ ਵਿਚ ਹੋਵੇਗਾ, ਲੂਥਰ ਘਿਰਿਆ ਹੋਵੇਗਾ ਅਤੇ ਇਕ ਗ਼ਦਾਰ ਦੇ ਰੂਪ ਵਿਚ ਉਹਨੂੰ ਬਰਛੀ ਮਾਰ ਦਿਤੀ ਜਾਏਗੀ, ਅਤੇ ਕਿਸਾਨ ਨਿਮਨ-ਵਰਗ ਇਨਕਲਾਬ ਦੀ ਕਾਂਗ ਬਰਗਰ ਸੁਧਾਰ ਨੂੰ ਰੋੜ੍ਹ ਕੇ ਲੈ ਜਾਵੇਗੀ। ਚੌਕਸੀ ਲਈ ਕੋਈ ਸਮਾਂ ਨਹੀਂ ਸੀ ਰਿਹਾ। ਇਨਕਲਾਬ ਦੇ ਸਾਮ੍ਹਣੇ ਸਾਰੀਆਂ ਪੁਰਾਣੀਆਂ ਦੁਸ਼ਮਣੀਆਂ ਭੁਲਾ ਦਿਤੀਆਂ ਗਈਆਂ ਸਨ। ਕਿਸਾਨਾਂ ਦੀਆਂ ਧਾੜਾਂ ਦੀ ਤੁਲਨਾ ਵਿਚ, ਰੋਮ ਦੇ ਸੋਦੋਮ ਦੇ ਸੇਵਕ ਭੋਲੇ ਲੇਲੇ, ਈਸ਼ਵਰ ਦੇ ਬੀਬੇ ਬੱਚੇ ਸਨ। ਬਰਗਰ ਤੇ ਰਜਵਾੜਾ , ਰਾਠ ਅਤੇ ਪਾਦਰੀ, ਲੂਥਰ ਅਤੇ ਪੋਪ, "ਕਾਤਲਾਨਾ ਅਤੇ ਧਾੜਵੀ ਕਿਸਾਨ ਧਾੜਾਂ[61] ਦੇ ਖਿਲਾਫ," ਸਭ ਇੱਕਠੇ ਹੋ ਗਏ ਸਨ।

"ਹਰ ਇਕ ਨੂੰ, ਜਿਹੜਾ ਵੀ ਕਰ ਸਕਦਾ ਹੈ, ਚਾਹੀਦਾ ਹੈ ਕਿ ਉਹਨਾਂ ਦੀ **ਬੋਟੀ ਬੋਟੀ ਕਰ ਦੇਵੇ, ਸੰਘੀ ਘੁਟ ਦੇਵੇ** ਅਤੇ, **ਲੁਕ ਕੇ** ਜਾਂ **ਪ੍ਰਤੱਖ, ਛੁਰਾ ਮਾਰ ਦੇਵੇ**, ਬਿਲਕੁਲ ਉਵੇਂ ਜਿਵੇਂ ਬੰਦੇ ਨੂੰ **ਪਾਗਲ ਕੁੱਤਾ** ਮਾਰ ਦੇਣਾ ਚਾਹੀਦਾ ਹੈ!" ਲੂਥਰ ਕੂਕਿਆ। "ਇਸ ਲਈ, ਪਿਆਰੇ ਸ੍ਰੀਮਾਨੋ, ਇਧਰ ਸਹਾਇਤਾ ਕਰੋ, ਉਧਰ ਬਚਾਓ ਕਰੋ, ਹਰ ਕੋਈ ਜਿਹੜਾ ਵੀ ਕਰ ਸਕਦਾ ਹੈ ਉਹਨਾਂ ਨੂੰ ਛੁਰਾ ਮਾਰੇ, ਕੁੱਟੇ, ਸੰਘੀ ਨੱਪੇ, ਅਤੇ ਜੇ ਤੁਹਾਡੀ ਆਪਣੀ ਜਾਨ ਚਲੀ ਜਾਂਦੀ ਹੈ, ਇਹ ਤੁਹਾਡੇ ਤੇ ਰੱਬੀ ਮਿਹਰ ਹੈ, ਇਸ ਤੋਂ ਚੰਗੇਰੀ ਮੌਤ ਤੁਸੀਂ ਕਦੇ ਮਰ ਨਹੀਂ ਸਕਦੇ।" ਕੇਵਲ ਏਨੀ ਗੱਲ ਹੈ ਕਿ ਕਿਸਾਨ ਲਈ ਕੋਈ ਝੂਠੀ ਦਇਆ ਨਹੀਂ ਹੋਣੀ ਚਾਹੀਦੀ। ਜਿਨ੍ਹਾਂ ਉਤੇ ਈਸ਼ਵਰ ਤਰਸ ਨਹੀਂ ਕਰਦਾ, ਜਿਨ੍ਹਾਂ ਨੂੰ ਸਜ਼ਾ ਦੇਣਾ ਅਤੇ ਤਬਾਹ ਕਰਨਾ ਉਸ ਦੀ ਇੱਛਾ ਹੈ, ਉਹਨਾਂ ਉਤੇ ਜਿਹੜਾ ਵੀ ਤਰਸ ਕਰਦਾ ਹੈ ਉਹ ਆਪ ਬਾਗ਼ੀਆਂ ਦਾ ਸਾਥੀ ਹੈ। ਮਗਰੋਂ ਕਿਸਾਨ ਖੁਦ ਹੀ ਈਸ਼ਵਰ ਦਾ ਧੰਨਵਾਦ ਕਰਨਾ ਸਿਖ ਜਾਣਗੇ ਜਦੋਂ ਉਹਨਾਂ ਨੂੰ ਇਕ ਗਊ ਦੇਣੀ ਪਵੇਗੀ ਤਾਂ ਜੋ ਅਮਨ ਚੈਨ ਨਾਲ ਦੂਜੀ ਦਾ ਅਨੰਦ ਲੈ ਸਕਣ, ਅਤੇ ਰਜਵਾੜੇ ਇਨਕਲਾਬ ਰਾਹੀਂ ਵਾਹਰ ਦੀ ਭਾਵਨਾ ਤੋਂ ਜਾਣੂੰ ਹੋ ਜਾਣਗੇ ਜਿਸ ਉਤੇ ਕੇਵਲ ਤਾਕਤ ਨਾਲ ਹੀ ਹਕੂਮਤ ਕੀਤੀ ਜਾਣੀ ਚਾਹੀਦੀ ਹੈ। "ਸਿਆਣਾ

ਮਨੁਖ ਕਹਿੰਦਾ ਹੈ: cibus, onus et virga asino»*। ਕਿਸਾਨਾਂ ਨੂੰ ਤੂੜੀ ਬਿਨਾਂ ਕੁਝ ਨਹੀਂ ਮਿਲਣਾ ਚਾਹੀਦਾ। ਉਹ ਬਾਣੀ ਕੰਨ ਦੇ ਕੇ ਨਹੀਂ ਸੁਣਦੇ, ਅਤੇ ਮੂਰਖ ਹਨ, ਇਸ ਲਈ ਉਹਨਾਂ ਨੂੰ ਡੰਡੇ ਅਤੇ ਬੰਦੂਕ ਦੀ ਗੱਲ ਸੁਣਨੀ ਚਾਹੀਦੀ ਹੈ, ਅਤੇ ਉਹਨਾਂ ਨਾਲ ਇਸੇ ਤਰ੍ਹਾਂ ਹੋਣਾ ਚਾਹੀਦਾ ਹੈ। ਸਾਨੂੰ ਉਹਨਾਂ ਲਈ ਦੁਆ ਕਰਨੀ ਚਾਹੀਦੀ ਹੈ ਕਿ ਉਹ ਹੁਕਮ ਮੰਨਣ। ਜਿਥੇ ਉਹ ਨਹੀਂ ਮੰਨਦੇ ਉਹਨਾਂ ਉਤੇ ਬਹੁਤੀ ਦਇਆ ਨਹੀਂ ਹੋਣੀ ਚਾਹੀਦੀ। **ਉਹਨਾਂ ਵਿਚਕਾਰ ਬੰਦੂਕਾਂ ਗਰਜਣ ਦਿਓ**, ਵਰਨਾ ਉਹ ਸਥਿਤੀ ਨੂੰ ਹਜ਼ਾਰ ਗੁਣਾ ਵਿਗਾੜ ਦੇਣਗੇ।"

ਠੀਕ ਇਹੋ ਗੱਲ ਸੀ ਜਿਹੜੀ ਸਾਡੀ ਸਵਰਗਵਾਸੀ ਸੋਸ਼ਲਿਸਟ ਅਤੇ ਪਰ-ਉਪਕਾਰੀ ਬੁਰਜੂਆਜ਼ੀ ਨੇ ਆਖੀ ਸੀ ਜਦੋਂ ਪ੍ਰੋਲਤਾਰੀ ਨੇ ਮਾਰਚ ਦੀਆਂ ਘਟਨਾਵਾਂ[62] ਤੋਂ ਮਗਰੋਂ ਜਿੱਤ ਦੇ ਫਲ ਵਿਚੋਂ ਆਪਣਾ ਹਿੱਸਾ ਮੰਗਿਆ।

ਲੂਥਰ ਨੇ ਅੰਜੀਲ ਦਾ ਅਨੁਵਾਦ ਕਰਕੇ ਨਿਮਨ-ਵਰਗ ਦੀ ਲਹਿਰ ਦੇ ਹੱਥਾਂ ਵਿਚ ਇਕ ਸ਼ਕਤੀਸ਼ਾਲੀ ਹਥਿਆਰ ਦੇ ਦਿਤਾ ਸੀ। ਅੰਜੀਲ ਰਾਹੀਂ ਉਸ ਨੇ ਆਪਣੇ ਸਮੇਂ ਦੀ ਸਾਮੰਤਿਆਈ ਈਸਾਈਅਤ ਦਾ ਪਹਿਲੀ ਸਦੀ ਦੀ ਸਾਦ-ਮੁਰਾਦੀ ਈਸਾਈਅਤ ਨਾਲ ਟਾਕਰਾ ਕੀਤਾ, ਅਤੇ ਜਰਜਰੇ ਹੋ ਰਹੇ ਸਾਮੰਤੀ ਸਮਾਜ ਦਾ ਉਸ ਸਮਾਜ ਦੀ ਤਸਵੀਰ ਨਾਲ ਜਿਸ ਨੂੰ ਜਟਿਲ ਅਤੇ ਅਸੁਭਾਵਿਕ ਸਾਮੰਤੀ ਅਧਿਸ਼੍ਰੇਣੀ ਦਾ ਕੋਈ ਗਿਆਨ ਨਹੀ ਸੀ। ਕਿਸਾਨਾਂ ਨੇ ਰਜਵਾੜਿਆਂ, ਰਾਠਸ਼ਾਹੀ ਅਤੇ ਪਾਦਰੀਆਂ ਦੇ ਖਿਲਾਫ ਇਸ ਹਥਿਆਰ ਦੀ ਵਿਸ਼ਾਲ ਵਰਤੋਂ ਕੀਤੀ ਸੀ। ਹੁਣ ਲੂਥਰ ਨੇ ਇਸ ਦਾ ਮੂੰਹ ਉਹਨਾਂ ਦੇ ਖਿਲਾਫ ਹੀ ਕਰ ਦਿਤਾ ਸੀ, ਅੰਜੀਲ ਵਿਚੋਂ ਈਸ਼ਵਰ-ਥਾਪੇ ਅਧਿਕਾਰੀਆਂ ਲਈ ਅਸਲੀ ਭਜਨ ਖੋਜ ਕੇ ਜਿਹੋ ਜਿਹਾ ਨਿਰੰਕੁਸ਼ ਰਾਜਤੰਤਰ ਦਾ ਕੋਈ ਵੀ ਜੁੱਤੀ ਚੱਟ ਕਦੇ ਪ੍ਰਾਪਤ ਕਰਨ ਦੇ ਯੋਗ ਨਹੀਂ ਸੀ ਹੋਇਆ। ਰੱਬ ਦੀ ਕਿਰਪਾ ਨਾਲ ਰਜਵਾੜਾਸ਼ਾਹੀ, ਸਾਬਰ ਆਗਿਆਕਾਰੀ, ਇਥੋਂ ਤੱਕ ਕਿ ਖੇਤ-ਗ਼ੁਲਾਮੀ ਨੂੰ ਵੀ ਅੰਜੀਲ ਦੀ ਸਹਾਇਤਾ ਨਾਲ ਹੱਕੀ ਠਹਿਰਾਇਆ ਗਿਆ। ਇਸ ਤਰ੍ਹਾਂ, ਇਕੱਲੀ ਕਿਸਾਨ ਬਗ਼ਾਵਤ ਤੋਂ ਹੀ ਨਹੀਂ, ਸਗੋਂ ਕਲੀਸਾਈ ਅਤੇ ਸੰਸਾਰੀ ਸੱਤਾ-ਅਧਿਕਾਰ ਦੇ ਖਿਲਾਫ ਲੂਥਰ ਦੇ ਆਪਣੇ ਗ਼ਦਰ ਤੋਂ ਵੀ ਇਨਕਾਰ ਕਰ ਦਿਤਾ ਗਿਆ; ਅਤੇ ਕੇਵਲ ਜਨਤਾ ਦੀ ਲਹਿਰ ਹੀ ਨਹੀਂ ਸਗੋਂ ਬਰਗਰ ਲਹਿਰ ਵੀ ਰਜਵਾੜਿਆਂ ਦੇ ਰਹਿਮ ਤੇ ਛਡ ਦਿਤੀ ਗਈ।

ਕੀ ਇਸ ਗੱਲ ਦੀ ਲੋੜ ਹੈ ਕਿ ਅਸੀਂ ਉਸ ਬੁਰਜੂਆ ਦਾ ਨਾਂ ਲਈਏ ਜਿਸ ਨੇ ਪਿਛੇ ਜਿਹੇ ਆਪਣੇ ਬੀਤੇ ਤੋਂ ਇਨਕਾਰ ਦੀਆਂ ਅਜਿਹੀਆਂ ਉਦਾਹਰਣਾਂ ਪੇਸ਼ ਕੀਤੀਆਂ ਸਨ ?

---

* ਲਾਤੀਨੀ ਸ਼ਬਦਾਂ ਦਾ ਅਰਥ ਹੈ: "ਖੋਤੇ ਲਈ ਚਾਰਾ, ਖੁਰਜੀ ਤੇ ਛਾਂਟਾ"।— ਸੰਪਾ:

ਆਓ ਹੁਣ ਅਸੀਂ ਨਿਮਨ-ਵਰਗ ਇਨਕਲਾਬੀ **ਮਿਊਨਟਸਰ** ਦੀ ਬਰਗਰ ਸੁਧਾਰਵਾਦੀ ਲੂਥਰ ਨਾਲ ਤੁਲਨਾ ਕਰੀਏ।

**ਥਾਮਸ ਮਿਊਨਟਸਰ** ਦਾ ਜਨਮ ਲਗਪਗ ੧੪੯੮ ਵਿਚ, ਹਾਰਟਸ ਵਿਚ, **ਸ਼ਟੋਲਬਰਗ** ਵਿਖੇ ਹੋਇਆ ਸੀ। ਦਸਿਆ ਜਾਂਦਾ ਹੈ ਕਿ ਉਹਦਾ ਪਿਤਾ, ਸ਼ਟੋਲਬਰਗ ਦੇ ਕਾਊਂਟ ਦੇ ਅਤਿਆਚਾਰ ਦਾ ਸ਼ਿਕਾਰ ਹੋਕੇ, ਫਾਹੇ ਲੱਗ ਕੇ ਮਰਿਆ ਸੀ। ਪੰਦਰਾਂ ਸਾਲਾਂ ਦੀ ਉਮਰ ਵਿਚ ਮਿਊਨਟਸਰ ਨੇ ਮਾਗਡੇਬੁਰਗ ਦੇ ਵਡੇ ਲਾਟ ਪਾਦਰੀ ਅਤੇ ਵਿਆਪਕ ਰੂਪ ਵਿਚ ਰੋਮਨ ਚਰਚ ਦੇ ਖਿਲਾਫ ਹਾਲੇ ਸਕੂਲ ਵਿਖੇ ਇਕ ਗੁਪਤ ਯੂਨੀਅਨ ਜਥੇਬੰਦ ਕੀਤੀ ਸੀ। ਆਪਣੇ ਸਮੇਂ ਦੇ ਧਰਮ-ਸ਼ਾਸਤ੍ਰ ਵਿਚ ਆਪਣੀ ਵਿਦਵਤਾ ਕਾਰਨ ਉਸਨੇ ਛੋਟੀ ਉਮਰ ਵਿਚ ਹੀ ਡਾਕਟਰ ਦੀ ਡਿਗਰੀ ਅਤੇ ਹਾਲੇ ਦੇ ਸਾਧਣੀਆਂ ਦੇ ਮਠ ਵਿਚ ਪਾਦਰੀ ਦਾ ਸਥਾਨ ਪ੍ਰਾਪਤ ਕਰ ਲਿਆ। ਇਥੇ ਉਸ ਨੇ ਚਰਚ ਦੇ ਮੱਤ ਅਤੇ ਰੀਤਾਂ ਨਾਲ ਵਧ ਤੋਂ ਵਧ ਘਿਰਣਾ ਦਾ ਵਿਹਾਰ ਕੀਤਾ। ਪੂਜਾ ਸਮਾਰੋਹ ਵਿਖੇ ਉਹ ਤੱਤ-ਪਰਿਵਰਤਨ* ਦੇ ਸ਼ਬਦ ਨਾ ਵਰਤਦਾ, ਅਤੇ ਸਰਬਸ਼ਕਤੀਮਾਨ ਦੇਵਤਿਆਂ ਨੂੰ, ਜਿਵੇਂ ਕਿ ਲੂਥਰ ਨੇ ਕਿਹਾ ਸੀ, ਪਵਿਤਰ ਬਣਾਏ ਬਿਨਾਂ ਖਾ ਜਾਂਦਾ। ਮਧਕਾਲੀਨ ਰਹੱਸਵਾਦੀ, ਅਤੇ ਖਾਸ ਕਰਕੇ ਕਲਾਬਰੀ ਦੇ ਜੋਚਿਮ ਦੀਆਂ ਸਹੰਸਰਵਾਦੀ ਲਿਖਤਾਂ, ਉਸ ਦੇ ਅਧਿਅਨ ਦਾ ਮੁਖ ਵਿਸ਼ੈ ਸਨ। ਧਰਮ-ਸੁਧਾਰ ਅਤੇ ਉਸ ਦੇ ਸਮੇਂ ਦੀ ਵਿਆਪਕ ਬੇਚੈਨੀ ਦੀਆਂ ਪ੍ਰਸਥਿਤੀਆਂ ਅਧੀਨ, ਅਧੋਗਤ ਚਰਚ ਅਤੇ ਭ੍ਰਿਸ਼ਟ ਸੰਸਾਰ ਉਤੇ ਜਿਸ ਦੀ ਵਿਆਖਿਆ ਅਤੇ ਵਰਣਨ ਉਸ ਰਹੱਸਵਾਦੀ ਨੇ ਕੀਤਾ ਸੀ ਕਿਆਮਤ ਦਾ ਦਿਨ ਅਤੇ ਹਜ਼ਾਰ ਵਰ੍ਹੇ ਦਾ ਸਵਰਨ ਜੁਗ, ਮਿਊਨਟਸਰ ਨੂੰ ਬਹੁਤ ਨੇੜੇ ਪ੍ਰਤੀਤ ਹੁੰਦਾ ਸੀ। ਉਸ ਨੇ ਆਂਢ ਗੁਆਂਢ ਦੇ ਇਲਾਕੇ ਵਿਚ ਬੜੀ ਸਫਲਤਾ ਨਾਲ ਉਪਦੇਸ਼ ਦਿਤਾ। ੧੫੨੦ ਵਿਚ ਉਹ ਧਰਮ-ਗ੍ਰੰਥਾਂ** ਦਾ ਪਹਿਲਾ ਉਪਦੇਸ਼ਕ ਬਣਕੇ ਟਸਵਿਕਾਊ ਗਿਆ। ਉਥੇ ਉਸ ਨੇ ਉਹਨਾਂ ਹਠਧਰਮੀ ਸਹੰਸਰਵਾਦੀ ਫਿਰਕਿਆਂ ਵਿਚੋਂ ਇਕ ਫਿਰਕਾ ਵੇਖਿਆ ਜਿਹੜੇ ਬਹੁਤ ਸਾਰੇ ਇਲਾਕਿਆਂ ਵਿਚ ਚੋਰੀ ਚੋਰੀ ਆਪਣੀ ਹੋਂਦ ਜਾਰੀ ਰਖ ਰਹੇ ਸਨ, ਅਤੇ ਜਿਨ੍ਹਾਂ ਦੀ ਆਰਜ਼ੀ ਉਪਰਾਮਤਾ ਅਤੇ ਵਿੱਰਕਤੀ ਨੇ ਵਿਦਮਾਨ ਹਾਲਤਾਂ ਪ੍ਰਤੀ ਸਮਾਜ ਦੀਆਂ ਸਭ ਤੋਂ ਨੀਵੀਆਂ ਪਰਤਾਂ ਦੇ ਲਗਾਤਾਰ ਵਧ ਰਹੇ ਵਿਰੋਧ ਨੂੰ ਛੁਪਾਇਆ ਹੋਇਆ ਸੀ, ਅਤੇ ਜਿਹੜੇ ਹੁਣ, ਵਧ ਰਹੀ ਬੇਚੈਨੀ ਕਾਰਨ, ਨਿਤ ਵਧੇਰੇ ਦਲੇਰ ਅਤੇ ਸਿਰੜੀ ਬਣਕੇ

---

*ਰੋਮਨ ਕੈਥੋਲਿਕ ਚਰਚ ਅਨੁਸਾਰ ਰੱਬੀ ਭੋਜ ਦੇ ਤੱਤਾਂ ਦਾ, ਰੋਟੀ ਅਤੇ ਸ਼ਰਾਬ ਦਾ ਈਸਾ ਦੇ ਮਾਸ ਅਤੇ ਲਹੂ ਵਿਚ ਪਰਿਵਰਤਨ। — **ਅਨੁ:**

**ਚਰਚ ਸੰਸਥਾਵਾਂ ਦੀ ਥਾਂ ਈਸਾਈ ਧਰਮ-ਗ੍ਰੰਥਾਂ, ਖਾਸ ਕਰਕੇ, ਅੰਜੀਲ ਦੀ ਪੁਰਾਤਨ ਸਾਖ ਉਤੇ ਜ਼ੋਰ ਦੇਣ ਵਾਲਾ ਉਪਦੇਸ਼ਕ। — **ਅਨੁ:**

ਖੁਲ੍ਹਕੇ ਸਾਮ੍ਹਣੇ ਆ ਗਏ ਸਨ। ਇਹ ਪੁਨਰ-ਬਪਤਿਸਮਾਵਾਦੀਆਂ[63] ਦਾ ਫਿਰਕਾ ਸੀ ਜਿਸ ਦਾ ਮੁਖੀ ਸੀ ਨਿਕਲਸ **ਸ਼ਟੋਰਖ**। ਉਹ ਕਿਆਮਤ ਦੇ ਦਿਨ ਅਤੇ ਹਜ਼ਾਰ ਵਰ੍ਹੇ ਦੇ ਸਵਰਨ ਜੁਗ ਦੇ ਨੇੜੇ ਢੁਕਣ ਦਾ ਉਪਦੇਸ਼ ਦੇਂਦੇ ਸਨ; ਉਹਨਾਂ ਕੋਲ "ਸੁਰਤੀਆਂ, ਹਾਲ ਆਉਣਾ, ਅਤੇ ਅਲਹਾਮੀ ਭਾਵਨਾ" ਸੀ। ਛੇਤੀ ਹੀ ਟਸਵਿਕਾਊ ਦੀ ਪ੍ਰੀਸ਼ਦ ਨਾਲ ਉਹਨਾਂ ਦੀ ਟੱਕਰ ਹੋ ਗਈ। ਮਿਊਨਟਸਰ ਨੇ ਉਹਨਾਂ ਦਾ ਪੱਖ ਪੂਰਿਆ, ਭਾਵੇਂ ਉਹ ਕਦੇ ਵੀ ਬਿਨਾਂ-ਸ਼ਰਤ ਉਹਨਾਂ ਨਾਲ ਨਹੀਂ ਸੀ ਰਲਿਆ ਅਤੇ ਸਗੋਂ ਉਹਨਾਂ ਨੂੰ ਆਪਣੇ ਪ੍ਰਭਾਵ ਹੇਠ ਲੈ ਆਉਣਾ ਚਾਹੁੰਦਾ ਸੀ। ਪ੍ਰੀਸ਼ਦ ਨੇ ਉਹਨਾਂ ਦੇ ਖਿਲਾਫ ਸਖ਼ਤ ਕਦਮ ਚੁਕੇ; ਉਹਨਾਂ ਨੂੰ ਸ਼ਹਿਰ ਛੱਡ ਕੇ ਜਾਣਾ ਪਿਆ, ਅਤੇ ਉਹਨਾਂ ਦੇ ਨਾਲ ਹੀ ਮਿਊਨਟਸਰ ਨੂੰ ਵੀ। ਇਹ ੧੫੨੧ ਦੇ ਅਖ਼ੀਰ ਦੀ ਗੱਲ ਹੈ।

ਉਹ ਪਰਾਗ ਚਲਾ ਗਿਆ ਅਤੇ ਹੂਸਵਾਦੀ ਲਹਿਰ[64] ਦੀ ਰਹਿੰਦ-ਖੂੰਹਦ ਵਿਚ ਸ਼ਾਮਲ ਹੋਕੇ ਪੈਰ ਟਿਕਾਉਣ ਦਾ ਜਤਨ ਕੀਤਾ। ਪਰ ਉਸ ਦੀ ਘੋਸ਼ਣਾ ਦਾ ਕੇਵਲ ਇਹ ਅਸਰ ਹੋਇਆ ਕਿ ਉਸ ਨੂੰ ਬੋਹੀਮੀਆ ਵਿਚੋਂ ਵੀ ਭੱਜ ਜਾਣ ਲਈ ਮਜਬੂਰ ਹੋਣਾ ਪਿਆ। ੧੫੨੨ ਵਿਚ ਉਹ ਥੂਰਿੰਗੀਆ ਵਿਚ ਅਲਸ਼ਟੇਡਟ ਵਿਖੇ ਉਪਦੇਸ਼ਕ ਬਣ ਗਿਆ। ਇਥੇ ਉਸ ਨੇ ਪੂਜਾ-ਪਾਠ ਦਾ ਸੁਧਾਰ ਕਰਨਾ ਆਰੰਭ ਕੀਤਾ। ਲੂਥਰ ਵਲੋਂ ਵੀ ਏਨਾ ਅਗਾਂਹ ਚਲੇ ਜਾਣ ਦਾ ਹੌਸਲਾ ਕਰਨ ਤੋਂ ਪਹਿਲਾਂ, ਉਸ ਨੇ ਲਾਤੀਨੀ ਭਾਸ਼ਾ ਨੂੰ ਪੂਰੀ ਤਰ੍ਹਾਂ ਤੱਜ ਦਿਤਾ ਅਤੇ ਹੁਕਮ ਦਿਤਾ ਕਿ ਲੋਕਾਂ ਨੂੰ ਕੇਵਲ ਨੀਅਤ ਕੀਤੀਆਂ ਐਤਵਾਰ ਨੂੰ ਸੁਣਾਈਆਂ ਜਾਣ ਵਾਲੀਆਂ ਈਸਾ ਦੇ ਜੀਵਨ ਦੀਆਂ ਕਥਾਵਾਂ ਅਤੇ ਈਸਾ ਦੇ ਆਦਿ ਸ਼ਿਸਾਂ ਦੇ ਪੱਤਰ ਹੀ ਨਹੀਂ ਸਗੋਂ ਪੂਰੀ ਅੰਜੀਲ ਪੜ੍ਹਕੇ ਸੁਣਾਈ ਜਾਏ। ਇਸ ਦੇ ਨਾਲ ਹੀ, ਉਸ ਨੇ ਆਪਣੇ ਇਲਾਕੇ ਵਿਚ ਪਰਚਾਰ ਦਾ ਸੰਗਠਨ ਕੀਤਾ। ਸਭ ਪਾਸਿਆਂ ਤੋਂ ਲੋਕ ਵਹੀਰਾਂ ਘਤ ਕੇ ਉਹਦੇ ਕੋਲ ਆਉਂਦੇ, ਅਤੇ ਛੇਤੀ ਹੀ ਅਲਸ਼ਟੇਡਟ ਸਮੁਚੇ ਥੂਰਿੰਗੀਆ ਲਈ ਪਾਦਰੀ-ਵਿਰੋਧੀ ਲੋਕ ਲਹਿਰ ਦਾ ਕੇਂਦਰ ਬਣ ਗਿਆ।

ਮਿਊਨਟਸਰ ਹਾਲੇ ਹੋਰ ਸਭ ਕੁਝ ਤੋਂ ਪਹਿਲਾਂ ਇਕ ਧਰਮ-ਸ਼ਾਸਤ੍ਰੀ ਸੀ। ਅਜੇ ਵੀ ਉਸਦੇ ਹੱਲਿਆਂ ਦੀ ਸੇਧ ਲਗਪਗ ਨਰੋਲ ਪਾਦਰੀਆਂ ਦੇ ਵਿਰੁਧ ਸੀ। ਪਰੰਤੂ, ਉਹ ਸ਼ਾਂਤ ਵਿਵਾਦ ਅਤੇ ਸ਼ਾਂਤਮਈ ਪ੍ਰਗਤੀ ਦਾ ਉਪਦੇਸ਼ ਨਹੀਂ ਸੀ ਦੇਂਦਾ, ਜਿਵੇਂ ਕਿ ਲੂਥਰ ਓਦੋਂ ਕਰਨ ਲੱਗ ਪਿਆ ਸੀ, ਸਗੋਂ ਉਸ ਨੇ ਲੂਥਰ ਦੇ ਪਹਿਲੇਰੇ ਤੂਫ਼ਾਨੀ ਉਪਦੇਸ਼ ਹੀ ਜਾਰੀ ਰਖੇ ਅਤੇ ਸੈਕਸੋਨੀ ਦੇ ਰਜਵਾੜਿਆਂ ਅਤੇ ਲੋਕਾਂ ਨੂੰ ਰੋਮਨ ਕੈਥੋਲਿਕ ਪਾਦਰੀਆਂ ਦੇ ਖਿਲਾਫ ਹਥਿਆਰ ਲੈਕੇ ਉਠਣ ਦਾ ਸੱਦਾ ਦਿਤਾ।

"ਕੀ ਈਸਾ ਕਹਿੰਦਾ ਨਹੀਂ, 'ਮੈਂ ਅਮਨ ਸਥਾਪਤ ਕਰਨ ਲਈ ਨਹੀਂ ਸਗੋਂ ਤਲਵਾਰ ਸਥਾਪਤ ਕਰਨ ਲਈ ਆਇਆ ਸੀ?' ਤੁਹਾਨੂੰ" [ਸੈਕਸੋਨੀ

ਦੇ ਰਜਵਾੜਿਆਂ ਨੂੰ ] "ਉਸ ਤਲਵਾਰ ਨਾਲ ਕੀ ਕਰਨਾ ਚਾਹੀਦਾ ਹੈ ? ਕੇਵਲ ਇਕ ਗੱਲ ਜੇ ਤੁਸੀਂ ਈਸ਼ਵਰ ਦੇ ਸੇਵਕ ਬਣਨ ਦੇ ਇਛੱਕ ਹੋ, ਅਤੇ ਉਹ ਹੈ ਉਹਨਾਂ ਦੁਸ਼ਟਾਂ ਨੂੰ ਭਜਾਉਣਾ ਅਤੇ ਤਬਾਹ ਕਰ ਦੇਣਾ ਜਿਹੜੇ ਈਸਾ ਦੀ ਸਿਖਿਆ ਦੇ ਰਾਹ ਵਿਚ ਖੜੇ ਹਨ। ਈਸਾ ਨੇ ਬਹੁਤ ਗੰਭੀਰਤਾ ਨਾਲ ਹੁਕਮ ਦਿਤਾ ਸੀ (ਲੂਕ, ੧੯, ੨੭): 'ਮੇਰੇ ਦੁਸ਼ਮਣਾਂ ਨੂੰ ਇਧਰ ਲਿਆਓ ਅਤੇ ਮੇਰੇ ਸਾਮ੍ਹਣੇ ਇਹਨਾਂ ਨੂੰ ਕਤਲ ਕਰੋ।...' ਸਾਨੂੰ ਕੋਈ ਥੋਥੀ ਲਫਾਜ਼ੀ ਨਾ ਦਿਓ ਕਿ ਈਸ਼ਵਰ ਦੀ ਸ਼ਕਤੀ ਤੁਹਾਡੀ ਤਲਵਾਰ ਦੀ ਸਹਾਇਤਾ ਬਿਨਾਂ ਕੰਮ ਸਾਰ ਲਵੇਗੀ, ਕਿਉਂਕਿ ਫੇਰ ਇਸ ਨੂੰ ਮਿਆਨ ਵਿਚ ਜ਼ੰਗ ਲਗ ਜਾਵੇਗਾ।... ਜਿਹੜੇ ਈਸ਼ਵਰ ਦੇ ਅਗਮ-ਗਿਆਨ ਦੇ ਰਾਹ ਵਿਚ ਖਲੋਂਦੇ ਹਨ ਉਹ ਬੇਰਹਿਮੀ ਨਾਲ ਕਤਲ ਕਰ ਦਿਤੇ ਜਾਣੇ ਚਾਹੀਦੇ ਹਨ, ਜਿਵੇਂ ਹੇਜ਼ਕੀਆ, ਸਾਈਰਸ, ਜੋਸ਼ੀਆ, ਡੇਨੀਅਲ ਅਤੇ ਇਲੀਆਸ ਨੇ ਬਾਲ ਦੇ ਪਾਦਰੀ ਕਤਲ ਕੀਤੇ ਸਨ, ਨਹੀਂ ਤਾਂ ਈਸਾਈ ਚਰਚ ਕਦੇ ਆਪਣੇ ਸੋਮੇ ਵੱਲ ਨਹੀਂ ਪਰਤ ਸਕੇਗਾ। ਤੁਹਾਨੂੰ ਵਾਢੀ ਸਮੇਂ ਈਸ਼ਵਰ ਦੇ ਅੰਗੂਰਵਾੜੇ ਵਿਚੋਂ ਘਾਹ ਬੂਟ ਪੁਟ ਸੁਟਣੇ ਚਾਹੀਦੇ ਹਨ।... ਈਸ਼ਵਰ ਨੇ ਮੂਸਾ ਦੀ ਪੰਜਵੀਂ ਪੁਸਤਕ ਵਿਚ ਆਖਿਆ ਸੀ, ੭: 'ਤੁਸੀਂ ਬੁਤਪੂਜਾਂ ਉਤੇ ਕੋਈ ਰਹਿਮ ਨਹੀਂ ਕਰੋਗੇ, ਸਗੋਂ ਤੁਸੀਂ ਉਹਨਾਂ ਦੀਆਂ ਵੇਦੀਆਂ ਤਬਾਹ ਕਰੋਗੇ, ਅਤੇ ਉਹਨਾਂ ਦੀਆਂ ਮੂਰਤੀਆਂ ਤੋੜੋਗੇ ਅਤੇ ਉਹਨਾਂ ਨੂੰ ਅੱਗ ਵਿਚ ਸਾੜੋਗੇ ਕਿ ਮੈਂ ਤੁਹਾਡੇ ਉਤੇ ਕੋਪਵਾਨ ਨਹੀਂ ਹੋਵਾਂਗਾ'"

ਪਰ ਰਜਵਾੜਿਆਂ ਨੂੰ ਕੀਤੀਆਂ ਇਹਨਾਂ ਅਪੀਲਾਂ ਦਾ ਕੋਈ ਅਸਰ ਨਹੀਂ ਹੋਇਆ, ਜਦੋਂ ਕਿ ਲੋਕਾਂ ਵਿਚ ਇਨਕਲਾਬੀ ਭਾਵਨਾਵਾਂ ਦਿਨੋ ਦਿਨ ਵਧਦੀਆਂ ਗਈਆਂ। ਮਿਊਨਟਸਰ, ਜਿਸ ਦੇ ਵਿਚਾਰ ਨਿਤ ਵਧੇਰੇ ਤਿਖੇ ਰੂਪ ਵਿਚ ਸਪਸ਼ਟ ਅਤੇ ਵਧੇਰੇ ਦਲੇਰ ਹੁੰਦੇ ਗਏ, ਨੇ ਹੁਣ ਬਰਗਰ ਸੁਧਾਰ ਲਹਿਰ ਨਾਲੋਂ ਨਾਤਾ ਦ੍ਰਿੜ੍ਹਤਾ ਨਾਲ ਤੋੜ ਲਿਆ, ਅਤੇ ਇਸ ਸਮੇਂ ਤੋਂ ਉਹ ਪੂਰੀ ਤਰ੍ਹਾਂ ਰਾਜਨੀਤਕ ਅੰਦੋਲਨਕਾਰ ਬਣ ਗਿਆ ਸੀ।

ਉਸ ਦਾ ਦਾਰਸ਼ਨਿਕ-ਧਰਮ-ਸ਼ਾਸਤ੍ਰਿਕ ਮੱਤ ਕੇਵਲ ਕੈਥੋਲਿਕਵਾਦ ਦੇ ਹੀ ਨਹੀਂ, ਸਗੋਂ ਵਿਆਪਕ ਰੂਪ ਵਿਚ ਈਸਾਈਅਤ ਦੇ ਸਭਨਾਂ ਹੀ ਮੁਖ ਨੁਕਤਿਆਂ ਉਤੇ ਹੱਲਾ ਸੀ। ਈਸਾਈ ਰੂਪਾਂ ਦੇ ਓਹਲੇ ਵਿਚ ਉਸ ਨੇ ਇਕ ਤਰ੍ਹਾਂ ਦੇ ਸਰਬ-ਈਸ਼ਵਰਵਾਦ[65] ਦਾ ਉਪਦੇਸ਼ ਦਿਤਾ, ਜਿਹੜਾ ਅਨੋਖੇ ਢੰਗ ਨਾਲ ਆਧੁਨਿਕ ਕਿਆਸੀ ਵਿਚਾਰਾਂ[66] ਨਾਲ ਮਿਲਦਾ ਜੁਲਦਾ ਹੈ ਅਤੇ ਸਗੋਂ ਸਮੇਂ ਸਮੇਂ ਨਾਸਤਕਤਾ ਦੇ ਨੇੜੇ ਪੁਜ ਜਾਂਦਾ ਹੈ। ਉਸ ਨੇ ਇਕੋ ਇਕ ਅਤੇ ਅਭੁਲ ਦੋਹਾਂ ਰੂਪਾਂ ਵਿਚ ਅਗਮ-ਗਿਆਨ ਵਜੋਂ ਅੰਜੀਲ ਦਾ ਖੰਡਨ ਕੀਤਾ। ਉਸ ਨੇ ਆਖਿਆ ਕਿ ਅਸਲੀ ਤੇ ਜੀਵੰਤ ਅਗਮ-ਗਿਆਨ

ਤਰਕਸ਼ਕਤੀ ਹੈ, ਉਹ ਅਗਮ-ਗਿਆਨ ਜਿਸ ਦੀ ਸਦਾ ਹੀ ਸਭਨਾਂ ਸਮਿਆਂ ਦੀਆਂ ਸਭਨਾਂ ਜਾਤੀਆਂ ਵਿਚ ਹੋਂਦ ਰਹੀ ਹੈ। ਉਸ ਦਾ ਮੱਤ ਸੀ ਕਿ ਤਰਕਸ਼ਕਤੀ ਦੇ ਵਿਰੁਧ ਅੰਜੀਲ ਦੀ ਹਮਾਇਤ ਕਰਨਾ ਭਾਵ ਨੂੰ ਅੱਖਰ ਨਾਲ ਮਾਰਨਾ ਹੈ, ਕਿਉਂਕਿ ਪਾਵਨ ਆਤਮਾ ਜਿਸ ਦੀ ਅੰਜੀਲ ਚਰਚਾ ਕਰਦੀ ਹੈ ਕੋਈ ਅਜਿਹੀ ਚੀਜ਼ ਨਹੀਂ ਜਿਹੜੀ ਬਾਹਰ ਵਿਦਮਾਨ ਹੋਵੇ; ਪਾਵਨ ਆਤਮਾ ਸਾਡੀ ਤਰਕਸ਼ਕਤੀ ਹੈ। ਵਿਸ਼ਵਾਸ ਮਨੁਖ ਦੇ ਅੰਦਰ ਸਜੀਵ ਹੋਈ ਤਰਕਸ਼ਕਤੀ ਤੋਂ ਬਿਨਾਂ ਕੁਝ ਵੀ ਨਹੀਂ, ਅਤੇ ਇਸ ਲਈ ਪੈਗਨਾਂ * ਦਾ ਵੀ ਵਿਸ਼ਵਾਸ ਹੋ ਸਕਦਾ ਹੈ। ਇਸ ਵਿਸ਼ਵਾਸ ਰਾਹੀਂ, ਸਜੀਵ ਰੂਪ ਹੋਈ ਤਰਕਸ਼ਕਤੀ ਰਾਹੀਂ, ਮਨੁਖ ਦੇਵਤਾ ਸਰੂਪ ਅਤੇ ਭਾਗਵਾਨ ਹੋ ਜਾਂਦਾ ਹੈ। ਇਸ ਲਈ ਸਵਰਗ ਕਿਸੇ ਦੂਜੀ ਦੁਨੀਆਂ ਦੀ ਚੀਜ਼ ਨਹੀਂ, ਅਤੇ ਇਸ ਜੀਵਨ ਵਿਚ ਖੋਜਿਆ ਜਾਣਾ ਚਾਹੀਦਾ ਹੈ, ਅਤੇ ਇਸ ਸਵਰਗ ਨੂੰ, ਈਸ਼ਵਰ ਦੀ ਬਾਦਸ਼ਾਹੀ ਨੂੰ, ਇਥੇ ਧਰਤੀ ਉਤੇ ਸਥਾਪਤ ਕਰਨਾ ਆਸਤਕਾਂ ਦਾ ਕਾਰਜ ਹੈ। ਜਿਸ ਤਰ੍ਹਾਂ ਇਸ ਸੰਸਾਰ ਤੋਂ ਪਰ੍ਹੇ ਕੋਈ ਸਵਰਗ ਨਹੀਂ, ਇਸੇ ਹੀ ਤਰ੍ਹਾਂ ਕੋਈ ਨਰਕ ਵੀ ਨਹੀਂ ਅਤੇ ਕੋਈ ਸਦੀਵੀ ਦੰਡ ਨਹੀਂ। ਇਸੇ ਹੀ ਤਰ੍ਹਾਂ ਮਨੁਖ ਦੀਆਂ ਚੰਦਰੀਆਂ ਹਵਸਾਂ ਅਤੇ ਲਾਲਚ ਬਿਨਾਂ ਕੋਈ ਸ਼ੈਤਾਨ ਨਹੀਂ ਹੈ। ਈਸਾ ਉਵੇਂ ਹੀ ਇਕ ਮਨੁਖ ਸੀ ਜਿਵੇਂ ਅਸੀਂ ਹਾਂ, ਇਕ ਪੈਗੰਬਰ ਤੇ ਇਕ ਅਧਿਆਪਕ, ਅਤੇ ਉਸ ਦਾ ਰੱਬੀ-ਭੋਜ ਕੇਵਲ ਯਾਦਗਾਰੀ ਭੋਜਨ ਹੈ ਜਿਸ ਵਿਚ ਰੋਟੀ ਅਤੇ ਸ਼ਰਾਬ ਨੂੰ ਕਿਸੇ ਰਹੱਸਵਾਦੀ ਢੰਗ ਨਾਲ ਸਜਾਏ ਬਿਨਾਂ ਖਾਧਾ ਜਾਂਦਾ ਹੈ।

ਮਿਊਨਟਸਰ ਨੇ ਇਹਨਾਂ ਮੱਤਾਂ ਦਾ ਉਪਦੇਸ਼ ਬਹੁਤਾ ਕਰਕੇ ਉਸੇ ਈਸਾਈ ਲਫ਼ਾਜ਼ੀ ਵਿਚ ਲਪੇਟ ਕੇ ਕੀਤਾ ਜਿਸ ਅਧੀਨ ਨਵੇਂ ਦਰਸ਼ਨ ਨੂੰ ਕੁਝ ਚਿਰ ਲਈ ਲੁਕਣਾ ਪਿਆ ਸੀ। ਪਰ ਉਸ ਦੀਆਂ ਸਾਰੀਆਂ ਲਿਖਤਾਂ ਵਿਚ ਮਹਾਂ ਅਸ਼ਰਧਕ ਬੁਨਿਆਦੀ ਵਿਚਾਰ ਸੌਖਿਆਂ ਹੀ ਪਛਾਣ ਵਿਚ ਆ ਜਾਂਦਾ ਹੈ, ਅਤੇ ਉਸ ਨੇ ਪ੍ਰਤੱਖ ਰੂਪ ਵਿਚ ਅੰਜੀਲੀ ਪਰਦੇ ਨੂੰ ਆਧੁਨਿਕ ਜੁਗ ਵਿਚ ਹੀਗਲ ਦੇ ਕਈ ਸ਼ਾਗਿਰਦਾਂ ਨਾਲੋਂ ਬਹੁਤ ਘਟ ਗੰਭੀਰਤਾ ਨਾਲ ਵਰਤਿਆ। ਅਤੇ ਹਾਲਾਂਕਿ ਆਧੁਨਿਕ ਦਰਸ਼ਨ ਅਤੇ ਮਿਊਨਟਸਰ ਵਿਚ ਤਿੰਨ ਸੌ ਵਰ੍ਹਿਆਂ ਦਾ ਅੰਤਰ ਹੈ।

ਮਿਊਨਟਸਰ ਦਾ ਰਾਜਨੀਤਕ ਮੱਤ ਉਸ ਦੇ ਇਨਕਲਾਬੀ ਧਾਰਮਿਕ ਸੰਕਲਪਾਂ ਦਾ ਬਹੁਤ ਨੇੜਿਓਂ ਪਾਲਣ ਕਰਦਾ ਹੈ, ਅਤੇ ਜਿਸ ਤਰ੍ਹਾਂ ਉਸ ਦਾ ਧਰਮ-ਸ਼ਾਸਤ੍ਰ ਆਪਣੇ ਸਮੇਂ ਦੇ ਪ੍ਰਚਲਤ ਸੰਕਲਪਾਂ ਤੋਂ ਅੱਗੇ ਨਿਕਲ ਗਿਆ ਸੀ, ਬਿਲਕੁਲ ਉਸ ਤਰ੍ਹਾਂ ਉਸ ਦਾ ਰਾਜਨੀਤਕ ਮੱਤ ਪ੍ਰਤੱਖ ਤੌਰ ਤੇ ਵਿਦਮਾਨ ਸਮਾਜਕ ਅਤੇ ਰਾਜਨੀਤਕ ਹਾਲਤਾਂ ਤੋਂ ਅਗਾਂਹ ਲੰਘ ਗਿਆ ਸੀ। ਜਿਸ ਤਰ੍ਹਾਂ ਮਿਊਨਟਸਰ ਦਾ ਧਾਰਮਿਕ

---

* ਜਿਹੜਾ ਈਸਾਈ, ਯਹੂਦੀ ਜਾਂ ਮੁਸਲਮਾਨ ਨਹੀਂ। — **ਅਨੁ:**

ਦਰਸ਼ਨ ਨਾਸਤਕਤਾ ਦੇ ਨੇੜੇ ਪਹੁੰਚਦਾ ਸੀ, ਬਿਲਕੁਲ ਉਸੇ ਤਰ੍ਹਾਂ ਉਸ ਦਾ ਰਾਜਨੀਤਕ ਪ੍ਰੋਗਰਾਮ ਕਮਿਊਨਿਜ਼ਮ ਦੇ ਨੇੜੇ ਪਹੁੰਚਦਾ ਸੀ, ਅਤੇ ਇਥੋਂ ਤੱਕ ਕਿ ਫ਼ਰਵਰੀ ਇਨਕਲਾਬ ਤੋਂ ਐਨ ਪਹਿਲਾਂ, ਇਕ ਤੋਂ ਵਧੇਰੇ ਅਜਿਹੇ ਆਧੁਨਿਕ ਕਮਿਊਨਿਸਟ ਫਿਰਕੇ ਸਨ ਜਿਨ੍ਹਾਂ ਦਾ ਸਿਧਾਂਤਕ ਅਸਲਾਖਾਨਾ ਅਜਿਹੀ ਚੰਗੀ ਤਰ੍ਹਾਂ ਭਰਪੂਰ ਨਹੀਂ ਸੀ ਜਿਵੇਂ ਸੋਲ੍ਹਵੀਂ ਸਦੀ ਵਿਚ "ਮਿਊਨਟਸਰਾਂ ਦਾ" ਸੀ। ਇਹ ਪ੍ਰੋਗਰਾਮ, ਜੋ ਉਸ ਸਮੇਂ ਦੇ ਨਿਮਨ-ਵਰਗ ਦੀਆਂ ਮੰਗਾਂ ਦਾ ਸੰਗ੍ਰਹਿ ਘਟ ਅਤੇ ਪ੍ਰੋਲਤਾਰੀ ਤੱਤਾਂ ਦੀ ਮੁਕਤੀ ਲਈ, ਜਿਹੜੇ ਨਿਮਨ-ਵਰਗ ਵਿਚ ਮਸਾਂ ਵਿਕਸਤ ਹੋਣੇ ਸ਼ੁਰੂ ਹੋਏ ਹੀ ਸਨ, ਸਥਿਤੀਆਂ ਦੀ ਪ੍ਰਤਿਭਾਸ਼ਾਲੀ ਪੂਰਵ-ਕਲਪਨਾ ਵਧ ਸੀ —ਇਸ ਪ੍ਰੋਗਰਾਮ ਨੇ ਚਰਚ ਨੂੰ ਇਸ ਦੀ ਮੂਲਕ ਸਥਿਤੀ ਬਹਾਲ ਕਰਕੇ ਅਤੇ ਉਹਨਾਂ ਸਾਰੀਆਂ ਸੰਸਥਾਵਾਂ ਨੂੰ ਜਿਹੜੀਆਂ ਇਸ ਕਥਿਤ ਮੁਢਲੇ-ਈਸਾਈ, ਪਰ ਅਸਲ ਵਿਚ, ਬਹੁਤ ਹੀ ਨਵੇਂ ਢੰਗ ਦੇ ਚਰਚ ਨਾਲ ਟੱਕਰ ਖਾਂਦੀਆਂ ਸਨ ਖਤਮ ਕਰਕੇ, ਈਸ਼ਵਰ ਦੀ ਬਾਦਸ਼ਾਹੀ ਦੀ, ਅਗਾਊਂ ਦੱਸੇ ਹਜ਼ਾਰ ਵਰ੍ਹੇ ਦੇ ਸਵਰਨ ਜੁਗ ਦੀ ਤੁਰਤ ਸਥਾਪਤੀ ਦੀ ਮੰਗ ਕੀਤੀ। ਈਸ਼ਵਰ ਦੀ ਬਾਦਸ਼ਾਹੀ ਤੋਂ ਮਿਊਨਟਸਰ ਦਾ ਭਾਵ ਇਕ ਅਜਿਹੇ ਸਮਾਜ ਤੋਂ ਸੀ ਜਿਸ ਵਿਚ ਜਮਾਤੀ ਅੰਤਰ ਜਾਂ ਨਿੱਜੀ ਜਾਇਦਾਦ ਨਹੀਂ ਹੋਵੇਗੀ ਅਤੇ ਸਮਾਜ ਦੇ ਮੈਂਬਰਾਂ ਤੋਂ ਸੁਆਧੀਨ ਜਾਂ ਓਪਰੀ ਕੋਈ ਰਾਜ ਸੱਤਾ ਨਹੀਂ ਹੋਵੇਗੀ। ਸਾਰੀਆਂ ਵਿਦਮਾਨ ਸੱਤਾਵਾਂ, ਜਿਸ ਹੱਦ ਤੱਕ ਉਹ ਇਨਕਲਾਬ ਅੱਗੇ ਝੁਕਣ ਤੇ ਇਸ ਵਿਚ ਸ਼ਾਮਲ ਹੋਣ ਤੋਂ ਇਨਕਾਰੀ ਸਨ, ਦਾ ਤਖ਼ਤਾ ਉਲਟਾਇਆ ਜਾਣਾ ਸੀ, ਸਾਰਾ ਕੰਮ ਅਤੇ ਸਾਰੀ ਜਾਇਦਾਦ ਸਾਂਝੀ ਕਰ ਦਿਤੀ ਜਾਣੀ ਸੀ, ਅਤੇ ਪੂਰਨ ਬਰਾਬਰੀ ਸਥਾਪਤ ਕੀਤੀ ਜਾਣੀ ਸੀ। ਨਾ ਕੇਵਲ ਜਰਮਨੀ ਵਿਚ, ਸਗੋਂ ਪੂਰੇ ਈਸਾਈ ਜਗਤ ਵਿਚ, ਇਸ ਸਭ ਕੁਝ ਨੂੰ ਲਾਗੂ ਕਰਨ ਲਈ ਇਕ ਯੂਨੀਅਨ ਸਥਾਪਤ ਕੀਤੀ ਜਾਣੀ ਸੀ। ਰਜਵਾੜਿਆਂ ਅਤੇ ਰਾਠਾਂ ਨੂੰ ਇਸ ਵਿਚ ਸ਼ਾਮਲ ਹੋਣ ਦਾ ਸੱਦਾ ਦਿਤਾ ਜਾਣਾ ਸੀ, ਅਤੇ ਜੇ ਉਹ ਇਨਕਾਰ ਕਰ ਦੇਣ, ਤਾਂ ਯੂਨੀਅਨ ਨੇ ਹਥਿਆਰ ਚੁਕਣੇ ਸਨ ਅਤੇ ਪਹਿਲਾ ਹੀ ਮੌਕਾ ਮਿਲਣ ਤੇ ਉਹਨਾਂ ਦਾ ਤਖ਼ਤਾ ਉਲਟ ਦੇਣਾ ਸੀ ਜਾਂ ਉਹਨਾਂ ਨੂੰ ਮਾਰ ਦੇਣਾ ਸੀ।

ਮਿਊਨਟਸਰ ਇਕ ਦਮ ਯੂਨੀਅਨ ਦਾ ਸੰਗਠਨ ਕਰਨ ਦੇ ਕੰਮ ਵਿਚ ਜੁਟ ਗਿਆ। ਉਸਦੇ ਉਪਦੇਸ਼ ਹੋਰ ਵਧੇਰੇ ਜੁਝਾਰ ਅਤੇ ਇਨਕਲਾਬੀ ਬਣਦੇ ਗਏ। ਉਹ ਰਜਵਾੜਿਆਂ, ਰਾਠਸ਼ਾਹੀ ਅਤੇ ਸ਼ਹਿਰੀ ਰਈਸਾਂ ਦੇ ਖਿਲਾਫ ਜਿਸ ਜੋਸ਼ ਨਾਲ ਗਰਜਿਆ ਉਹ ਪਾਦਰੀਆਂ ਉਤੇ ਉਸਦੇ ਹੱਲੇ ਦੇ ਜੋਸ਼ ਦੇ ਬਰਾਬਰ ਸੀ। ਉਸ ਨੇ ਪ੍ਰਚਲਤ ਜਬਰ ਨੂੰ ਭੜਕਵੇਂ ਰੰਗਾਂ ਵਿਚ ਪੇਸ਼ ਕੀਤਾ, ਅਤੇ ਸਮਾਜਕ ਗਣਰਾਜੀ ਬਰਾਬਰੀ ਦੇ ਹਜ਼ਾਰ ਵਰ੍ਹੇ ਦੇ ਸਵਰਨ ਜੁਗ ਸੰਬੰਧੀ ਆਪਣੀ ਸੁਪਨ-ਦ੍ਰਿਸ਼ਟੀ ਨਾਲ ਇਸ ਦਾ ਟਾਕਰਾ ਕੀਤਾ। ਉਸ ਨੇ ਇਕ ਤੋਂ ਪਿਛੋਂ ਦੂਜਾ ਇਨਕਲਾਬੀ ਪੈਂਫਲਿਟ ਪ੍ਰਕਾਸ਼ਤ ਕੀਤਾ

ਅਤੇ ਸਭ ਪਾਸੇ ਆਪਣੇ ਦੂਤ ਭੇਜੇ, ਜਦੋਂ ਕਿ ਆਪ ਅਲਸ਼ਟੇਡਟ ਤੇ ਇਸ ਦੇ ਆਸ ਪਾਸ ਯੂਨੀਅਨ ਦਾ ਸੰਗਠਨ ਕਰਦਾ ਰਿਹਾ।

ਇਸ ਪ੍ਰਚਾਰ ਦਾ ਪਹਿਲਾ ਫਲ ਅਲਸ਼ਟੇਡਟ ਦੇ ਨੇੜੇ ਮੇਲਰਬਾਖ਼ ਵਿਖੇ ਸੇਂਟ ਮੈਰੀ ਛੋਟੇ ਗਿਰਜੇ ਦੀ, ਅੰਜੀਲ ਦੇ ("ਡੂਟ", ੭, ੬) ਹੁਕਮ ਅਨੁਸਾਰ, ਤਬਾਹੀ ਸੀ: "ਤੁਸੀਂ ਉਹਨਾਂ ਦੀਆਂ ਵੇਦੀਆਂ ਤਬਾਹ ਕਰੋਗੇ, ਅਤੇ ਉਹਨਾਂ ਦੇ ਥੰਮ੍ਹ ਤੋੜੋਗੇ ਅਤੇ ਉਹਨਾਂ ਦੀਆਂ ਸਾਜੀਆਂ ਮੂਰਤੀਆਂ ਨੂੰ ਅੱਗ ਵਿਚ ਸਾੜੋਗੇ।" ਸੈਕਸਨੀ ਦੇ ਰਜਵਾੜੇ ਬੇਚੈਨੀ ਨੂੰ ਸ਼ਾਂਤ ਕਰਨ ਲਈ ਜ਼ਾਤੀ ਤੌਰ ਤੇ ਅਲਸ਼ਟੇਡਟ ਆਏ, ਅਤੇ ਮਿਊਨਟਸਰ ਨੂੰ ਕਿਲ੍ਹੇ ਵਿਚ ਸੱਦਿਆ। ਉਥੇ ਉਸ ਨੇ ਜਿਹੜਾ ਉਪਦੇਸ਼ ਦਿਤਾ ਉਹੋ ਜਿਹਾ ਉਹਨਾਂ ਨੇ ਲੂਥਰ, "ਵਿਟਨਬਰਗ ਦਾ ਮੌਜਾਂ ਮਾਣਦਾ ਭੋਗੀ" ਜਿਵੇਂ ਕਿ ਮਿਊਨਟਸਰ ਉਸ ਨੂੰ ਆਖਦਾ ਹੁੰਦਾ ਸੀ, ਕੋਲੋਂ ਨਹੀਂ ਸੀ ਸੁਣਿਆ। ਮਿਊਨਟਸਰ ਦਾ ਵਿਚਾਰ ਸੀ ਕਿ ਅਧਰਮੀ ਹਾਕਮਾਂ, ਖਾਸ ਕਰਕੇ ਪਾਦਰੀਆਂ ਅਤੇ ਭਿਖਸ਼ੂਆਂ ਨੂੰ, ਜਿਹੜੇ ਅੰਜੀਲ ਨੂੰ ਧਰਮ-ਵਿਰੋਧ ਸਮਝਦੇ ਸਨ, ਮਾਰ ਦਿਤਾ ਜਾਣਾ ਚਾਹੀਦਾ ਹੈ, ਅਤੇ ਪੁਸ਼ਟੀ ਲਈ ਅੰਜੀਲ ਦੀ ਨਵੀਂ ਸਾਖ ਦਾ ਸਹਾਰਾ ਲਿਆ। ਈਸ਼ਵਰ ਦੇ ਨੀਯਤ ਕੀਤੇ ਹੋਏ ਦੀ ਦਇਆ ਤੋਂ ਬਿਨਾਂ ਅਧਰਮੀਆਂ ਨੂੰ ਜਿਊਂਦੇ ਰਹਿਣ ਦਾ ਕੋਈ ਅਧਿਕਾਰ ਨਹੀਂ। ਜੇ ਰਜਵਾੜੇ ਅਧਰਮੀਆਂ ਦਾ ਵਿਨਾਸ਼ ਨਹੀਂ ਕਰਦੇ, ਈਸ਼ਵਰ ਉਹਨਾਂ ਕੋਲੋਂ ਉਹਨਾਂ ਦੀ ਤਲਵਾਰ ਲੈ ਲਵੇਗਾ, **ਕਿਉਂਕਿ ਸਮੂਹ ਭਾਈਚਾਰੇ ਕੋਲ ਤਲਵਾਰ ਦੀ ਤਾਕਤ ਸੀ।** ਰਜਵਾੜੇ ਅਤੇ ਰਾਠ ਸੂਦਖੋਰੀ, ਚੋਰੀ ਅਤੇ ਲੁਟ-ਮਾਰ ਦੇ ਮੁਖ ਪ੍ਰੇਰਕ ਹਨ; ਉਹ ਸਭਨਾਂ ਪ੍ਰਾਣੀਆਂ ਨੂੰ ਆਪਣੀ ਨਿੱਜੀ ਮਲਕੀਅਤ ਵਿਚ ਲੈ ਲੈਂਦੇ ਹਨ — ਪਾਣੀ ਵਿਚ ਮੱਛੀਆਂ, ਹਵਾ ਵਿਚ ਪੰਛੀ, ਅਤੇ ਧਰਤੀ ਵਿਚ ਪੌਦੇ — ਅਤੇ ਤਾਂ ਵੀ ਗਰੀਬਾਂ ਨੂੰ ਇਸ ਰੱਬੀ ਹੁਕਮ ਦਾ ਉਪਦੇਸ਼ ਦੇਂਦੇ ਹਨ, "ਤੁਹਾਨੂੰ ਚੋਰੀ ਨਹੀਂ ਕਰਨੀ ਚਾਹੀਦੀ", ਜਦੋਂ ਕਿ ਉਹ ਆਪ ਜਿਹੜੀ ਚੀਜ਼ ਵੇਖਦੇ ਹਨ ਕਾਬੂ ਕਰ ਲੈਂਦੇ ਹਨ, ਕਿਸਾਨ ਅਤੇ ਕਾਰੀਗਰ ਨੂੰ ਲੁਟਦੇ ਅਤੇ ਉਹਨਾਂ ਤੇ ਜਬਰ ਕਰਦੇ ਹਨ; ਪਰ ਜਦੋਂ ਉਹਨਾਂ ਵਿਚੋਂ ਕੋਈ ਅਤਿ ਮਾਮੂਲੀ ਜਿਹੀ ਅਵਿਗਿਆ ਕਰਦਾ ਹੈ, ਉਹ ਫਾਹੇ ਲਾਇਆ ਜਾਂਦਾ ਹੈ, ਅਤੇ ਡਾ. ਲੂਗਨਰ * ਇਸ ਸਭ ਕੁਝ ਤੇ ਕਹਿੰਦਾ ਹੈ: ਆਮੀਨ।

> "ਖੁਦ ਮਾਲਕ ਇਸ ਦੇ ਜ਼ਿਮੇਵਾਰ ਹਨ ਕਿ ਗਰੀਬ ਆਦਮੀ ਉਹਨਾਂ ਦਾ ਦੁਸ਼ਮਣ ਬਣਦਾ ਹੈ। ਜੇ ਉਹ ਉਥੱਲ ਪੁੱਥਲ ਦੇ ਕਾਰਨ ਦੂਰ ਨਹੀਂ ਕਰਦੇ, ਤਾਂ ਅੰਤ ਨੂੰ ਸਥਿਤੀ ਠੀਕ ਕਿਵੇਂ ਹੋ ਸਕਦੀ ਹੈ? ਉਫ, ਪਿਆਰੇ ਸ੍ਰੀਮਾਨੋ,

---

* ਇਹ ਸ਼ਬਦਾਂ ਦੀ ਖੇਡ ਹੈ "ਲੂਗਨਰ" (Lügner) ਦੇ ਅਰਥ ਹਨ "ਝੂਠਾ" (ਮਿਊਨਟਸਰ ਦਾ ਮਤਲਬ ਲੂਥਰ ਤੋਂ ਹੈ)। — **ਸੰਪਾ:**

ਕਿਵੇਂ ਪ੍ਰਭੂ ਇਹਨਾਂ ਪੁਰਾਣੇ ਭਾਂਡਿਆਂ ਨੂੰ ਲੋਹੇ ਦੀ ਲੱਠ ਨਾਲ ਦੰਡ ਦੇਵੇਗਾ! ਜੇ ਮੈਂ ਇਹ ਕਹਿੰਦਾ ਹਾਂ ਤਾਂ ਮੈਂ ਲੋਕਾਂ ਵਿਚ ਹਲਚਲ ਪੈਦਾ ਕਰਾਂਗਾ। ਇਸੇ ਤਰ੍ਹਾਂ ਹੀ ਸਹੀ!" (ਟਸਿਮਰਮਾਨ ਦੀ "ਕਿਸਾਨ ਜੰਗ" ਦੀ ਤੁਲਨਾ ਕਰੋ, ਭਾਗ ੨, ਪੰਨਾ ੭੫)

ਮਿਊਨਟਸਰ ਨੇ ਉਪਦੇਸ਼ ਛਪਵਾਇਆ। ਉਸ ਦੇ ਅਲਸ਼ਟੇਡਟ ਵਾਲੇ ਛਾਪਕ ਨੂੰ ਸੈਕਸਨੀ ਦੇ ਡਿਊਕ ਯੋਹਾਨ ਨੇ ਜਲਾਵਤਨੀ ਦੀ ਸਜ਼ਾ ਦਿਤੀ, ਅਤੇ ਮਿਊਨਟਸਰ ਦੀਆਂ ਲਿਖਤਾਂ ਇਸ ਤੋਂ ਮਗਰੋਂ ਵਾਈਮਰ ਦੇ ਡਿਊਕ ਦੀ ਸਰਕਾਰ ਵਲੋਂ ਸੈਂਸਰ ਕੀਤੀਆਂ ਜਾਣ ਲਗੀਆਂ। ਪਰ ਉਸ ਨੇ ਇਸ ਹੁਕਮ ਦੀ ਕੋਈ ਪ੍ਰਵਾਹ ਨਾ ਕੀਤੀ। ਉਸ ਨੇ ਝਟ ਹੀ ਮਗਰੋਂ ਸ਼ਹਿਨਸ਼ਾਹੀ ਨਗਰ ਮਿਊਲਹਾਊਜ਼ਨ ਤੋਂ ਬੇਹੱਦ ਵਿਦਰੋਹੀ ਮਜ਼ਮੂਨ ਪ੍ਰਕਾਸ਼ਤ ਕੀਤਾ, ਜਿਸ ਵਿਚ ਉਸ ਨੇ ਲੋਕਾਂ ਨੂੰ

"ਛੇਕ ਚੌੜਾ ਕਰਨ ਦਾ" ਸੱਦਾ ਦਿਤਾ, "ਤਾਂ ਜੋ ਸਾਰਾ ਸੰਸਾਰ ਵੇਖ ਅਤੇ ਸਮਝ ਸਕੇ ਕਿ ਸਾਡੀਆਂ ਮਹਾਨ ਸ਼ਖ਼ਸੀਅਤਾਂ ਕੌਣ ਹਨ ਜਿਨ੍ਹਾਂ ਨੇ ਬੇਅਦਬੀ ਨਾਲ ਸਾਡੇ ਪ੍ਰਭੂ ਨੂੰ ਸ਼ਿੰਗਾਰਿਆ ਬੌਣਾ ਬਣਾ ਦਿਤਾ ਹੈ"।

ਅਤੇ ਜਿਹੜਾ ਹੇਠ ਲਿਖੇ ਸ਼ਬਦਾਂ ਨਾਲ ਸਮਾਪਤ ਹੁੰਦਾ ਹੈ:

"ਸਾਰੇ ਸੰਸਾਰ ਨੂੰ ਇਕ ਵੱਡਾ ਝਟਕਾ ਲਗਣਾ ਚਾਹੀਦਾ ਹੈ। ਅਜਿਹੀ ਖੇਡ ਖੇਡੀ ਜਾਏਗੀ ਕਿ ਅਧਰਮੀਆਂ ਨੂੰ ਉਹਨਾਂ ਦੀਆਂ ਗੱਦੀਆਂ ਤੋਂ ਪਟਕਾ ਦਿਤਾ ਜਾਏਗਾ, ਅਤੇ ਦਲਿਤ ਉਠਣਗੇ।"

ਥਾਮਸ ਮਿਊਨਟਸਰ, "ਹਥੌੜੇ ਵਾਲੇ ਮਨੁਖ" ਨੇ ਮੁਖ ਪੰਨੇ ਉਤੇ ਹੇਠ ਲਿਖਿਆ ਆਦਰਸ਼-ਵਾਕ ਲਿਖਿਆ ਸੀ:

"ਵੇਖ, ਮੈਂ ਆਪਣੇ ਬੋਲ ਤੇਰੇ ਮੂੰਹੋਂ ਅਖਵਾਏ ਹਨ। ਮੈਂ ਅੱਜ ਦੇ ਦਿਨ ਤੱਕ ਤੈਨੂੰ ਕੌਮਾਂ ਉਤੇ ਅਤੇ ਬਾਦਸ਼ਾਹੀਆਂ ਉਤੇ ਥਾਪਿਆ ਹੈ ਪੁਟਣ ਲਈ, ਅਤੇ ਡੇਗਣ ਲਈ, ਅਤੇ ਤਬਾਹ ਕਰਨ ਲਈ, ਅਤੇ ਉਸਾਰਨ ਵਾਸਤੇ ਹੇਠਾਂ ਸੁਟਣ ਲਈ, ਅਤੇ ਬੀਜਣ ਲਈ। ਬਾਦਸ਼ਾਹਾਂ, ਰਜਵਾੜਿਆਂ, ਪਾਦਰੀਆਂ ਦੇ ਖਿਲਾਫ, ਅਤੇ ਧਰਤੀ ਦੇ ਲੋਕਾਂ ਦੇ ਖਿਲਾਫ ਲੋਹੇ ਦੀ ਇਕ ਕੰਧ ਖੜੀ ਕਰ ਦਿਤੀ ਗਈ ਹੈ। ਇਹਨਾਂ ਨੂੰ ਲੜਨ ਦਿਓ, ਕਿਉਂਕਿ ਜਿਤ ਅਦਭੁਤ ਤਰੀਕੇ ਨਾਲ ਤਕੜੇ ਅਤੇ ਬੇਦੀਨ ਅਤਿਆਚਾਰੀਆਂ ਦੇ ਵਿਨਾਸ਼ ਤੱਕ ਲੈ ਜਾਏਗੀ।"*

---

*ਆਦਰਸ਼ ਵਾਕ ਵਿਚ ਮਿਊਨਟਸਰ ਪੈਗੰਬਰ ਜਰਮੀਆ ਦੀ ਪੁਸਤਕ ਵਿਚੋਂ ਇਕ ਟੂਕ ਦਾ ਭਾਵ-ਅਰਥ ਪੇਸ਼ ਕਰਦਾ ਹੋਇਆ ਇਸ ਵਿਚ ਇਨਕਲਾਬੀ ਅਰਥ ਭਰ ਦੇਂਦਾ ਹੈ। — **ਸੰਪਾ:**

ਮਿਊਨਟਸਰ ਤੇ ਲੂਥਰ ਅਤੇ ਉਸ ਦੀ ਪਾਰਟੀ ਨਾਲੋਂ ਵਖੇਵਾਂ ਢੇਰ ਚਿਰ ਤੋਂ ਇਕ ਸਥਾਪਤ ਤੱਥ ਸੀ। ਲੂਥਰ ਨੂੰ ਉਹਦੇ ਨਾਲ ਮਸ਼ਵਰਾ ਕੀਤੇ ਬਿਨਾਂ ਮਿਊਨਟਸਰ ਵਲੋਂ ਲਾਗੂ ਕੀਤੇ ਕੁਝ ਚਰਚ ਸੁਧਾਰ ਪ੍ਰਵਾਨ ਕਰਨੇ ਪਏ ਸਨ। ਉਹ ਮਿਊਨਟਸਰ ਦੀਆਂ ਸਰਗਰਮੀਆਂ ਨੂੰ ਵਧੇਰੇ ਉਤਸ਼ਾਹੀ ਦੂਰ-ਉਦੇਸ਼ੀ ਪਾਰਟੀ ਦੇ ਨਰਮ-ਖ਼ਿਆਲ ਸੁਧਾਰਕ ਲਈ ਡੰਗੀ ਹੋਈ ਬੇਵਿਸ਼ਵਾਸੀ ਨਾਲ ਵਾਚਦਾ ਸੀ। ੧੫੨੪ ਦੀ ਬਹਾਰ ਵਿਚ, ਮੇਲਾਂਖ਼ਟੋਨ ਨੂੰ, ਉਤੇਜਿਤ ਘਰ-ਬੈਠੇ ਖੂਹ-ਦੇ-ਡਡੂ ਦੇ ਨਮੂਨੇ ਨੂੰ, ਇਕ ਚਿੱਠੀ ਵਿਚ, ਮਿਊਨਟਸਰ ਨੇ ਲਿਖਿਆ ਸੀ ਕਿ ਉਸ ਨੂੰ ਅਤੇ ਲੂਥਰ ਨੂੰ ਲਹਿਰ ਦੀ ਉੱਕਾ ਹੀ ਸਮਝ ਨਹੀਂ ਸੀ ਆਈ। ਉਸ ਨੇ ਕਿਹਾ ਕਿ ਉਹਨਾਂ ਨੇ ਅੰਜੀਲ ਦੇ ਅੱਖਰਾਂ ਨਾਲ ਇਸ ਦਾ ਗਲ ਘੁਟਣ ਦਾ ਜਤਨ ਕੀਤਾ, ਅਤੇ ਕਿ ਉਹਨਾਂ ਦਾ ਮੱਤ ਘੁਣ-ਖਾਧਾ ਹੋਇਆ ਸੀ।

> "ਪਿਆਰੇ ਭਰਾਓ," ਉਸ ਨੇ ਲਿਖਿਆ, "ਆਪਣੀ ਢਿਲ-ਮੱਠ ਅਤੇ ਡਾਵਾਂਡੋਲਤਾ ਛਡ ਦਿਓ। ਇਹ ਸਮਾਂ ਹੈ, ਹੁਨਾਲ ਬਰੂਹਾਂ ਉਤੇ ਖੜਾ ਹੈ। ਅਧਰਮੀਆਂ ਨਾਲ ਦੋਸਤੀ ਨਾ ਰਖੋ ਜਿਹੜੇ ਬਾਣੀ ਦੇ ਆਪਣੀ ਪੂਰੀ ਸ਼ਕਤੀ ਨਾਲ ਕੰਮ ਕਰਨ ਵਿਚ ਰੁਕਾਵਟ ਪਾਉਂਦੇ ਹਨ। ਆਪਣੇ ਰਜਵਾੜਿਆਂ ਦੀ ਚਾਪਲੂਸੀ ਨਾ ਕਰੋ, ਵਰਨਾ ਤੁਸੀਂ ਉਹਨਾਂ ਦੇ ਨਾਲ ਫਨਾਹ ਹੋ ਸਕਦੇ ਹੋ। ਤੁਸੀਂ ਕੋਮਲ ਕਿਤਾਬੀ ਵਿਦਵਾਨੋ, ਕੋਪਵਾਨ ਨਾ ਹੋਣਾ, ਕਿਉਂਕਿ ਮੈਂ ਇਸ ਤੋਂ ਬਿਨਾਂ ਕੁਝ ਕਰ ਨਹੀਂ ਸਕਦਾ।"

ਲੂਥਰ ਨੇ ਮਿਊਨਟਸਰ ਨੂੰ ਖੁਲ੍ਹੇ ਵਿਵਾਦ ਲਈ ਇਕ ਤੋਂ ਵਧੇਰੇ ਵਾਰ ਵੰਗਾਰਿਆ ਸੀ। ਪਰੰਤੂ, ਮਿਊਨਟਸਰ, ਲੜਾਈ ਨੂੰ ਲੋਕਾਂ ਸਾਮ੍ਹਣੇ ਲੜਨ ਲਈ ਸਦਾ ਤਿਆਰ, ਵਿਟਨਬਰਗ ਯੂਨੀਵਰਸਿਟੀ ਦੀ ਪੱਖਪਾਤੀ ਜਨਤਾ ਸਾਮ੍ਹਣੇ ਆਪਣੇ ਆਪ ਨੂੰ ਧਰਮ-ਸ਼ਾਸਤ੍ਰਿਕ ਝਗੜੇ ਵਿਚ ਪਾਉਣ ਦਾ ਉੱਕਾ ਹੀ ਚਾਹਵਾਨ ਨਹੀਂ ਸੀ। ਉਹ "ਨਰੋਲ ਵਿਦਿਆ ਦੇ ਉੱਚ ਸਕੂਲ ਸਾਮ੍ਹਣੇ ਆਤਮਾ ਦਾ ਪ੍ਰਮਾਣ ਲਿਆਉਣ" ਦਾ ਇਛੱਕ ਨਹੀਂ ਸੀ। ਜੇ ਲੂਥਰ ਸੁਹਿਰਦ ਸੀ, ਤਾਂ ਉਸ ਨੂੰ ਉਸ ਦੇ, ਮਿਊਨਟਸਰ ਦੇ ਛਾਪਕ, ਦੇ ਖਿਲਾਫ ਕਾਨੂੰਨੀ ਛੱਲ ਬੰਦ ਕਰਾਉਣ ਲਈ, ਅਤੇ ਸੈਂਸਰਸ਼ਿਪ ਚੁਕਣ ਲਈ ਆਪਣੇ ਅਸਰ ਰਸੂਖ਼ ਦੀ ਵਰਤੋਂ ਕਰਨੀ ਚਾਹੀਦੀ ਸੀ ਤਾਂ ਜੋ ਉਹਨਾਂ ਦਾ ਝਗੜਾ ਸੁਤੰਤਰ ਰੂਪ ਵਿਚ ਪ੍ਰੈਸ ਵਿਚ ਲੜਿਆ ਜਾ ਸਕਦਾ।

ਪਰ ਹੁਣ, ਜਦੋਂ ਮਿਊਨਟਸਰ ਦਾ ਉਪਰੋਕਤ ਇਨਕਲਾਬੀ ਪੈਂਫਲਿਟ ਪ੍ਰਕਾਸ਼ਤ ਹੋਇਆ, ਲੂਥਰ ਨੇ ਖੁਲ੍ਹਮ-ਖੁਲ੍ਹਾ ਉਸ ਦੀ ਨਿਖੇਧੀ ਕੀਤੀ। "ਬਾਗ਼ੀ ਆਤਮਾ ਦੇ ਖਿਲਾਫ ਸੈਕਸਨੀ ਦੇ ਰਜਵਾੜਿਆਂ ਨੂੰ ਚਿੱਠੀ" ਵਿਚ ਉਸ ਨੇ ਮਿਊਨਟਸਰ ਨੂੰ ਸ਼ੈਤਾਨ ਦਾ ਹੱਥਠੋਕਾ ਐਲਾਨ ਕੀਤਾ, ਅਤੇ ਰਜਵਾੜਿਆਂ ਕੋਲੋਂ ਮੰਗ ਕੀਤੀ ਕਿ ਉਹ

ਦਖਲ ਦੇਣ ਅਤੇ ਉਥਲ ਪੁਥੱਲ ਨੂੰ ਸ਼ਹਿ ਦੇਣ ਵਾਲਿਆਂ ਨੂੰ ਦੇਸ਼ ਬਦਰ ਕਰਨ, ਕਿਉਂਕਿ ਉਹ ਆਪਣੇ ਆਪ ਨੂੰ ਆਪਣੇ ਸ਼ੈਤਾਨੀ ਮੱਤ ਪਰਚਾਰਨ ਤੱਕ ਹੀ ਸੀਮਤ ਨਹੀਂ ਰਖਦੇ, ਸਗੋਂ ਅਧਿਕਾਰੀਆਂ ਦੇ ਖਿਲਾਫ ਬਗ਼ਾਵਤ, ਹਿੰਸਕ ਕਾਰਵਾਈ ਲਈ ਵੀ ਉਕਸਾਉਂਦੇ ਸਨ।

ਪਹਿਲੀ ਅਗਸਤ ਨੂੰ, ਮਿਊਨਟਸਰ ਨੂੰ ਗ਼ਦਰ ਉਕਸਾਉਣ ਦੇ ਦੋਸ਼ ਵਿਚ ਵਾਈਮਰ ਦੇ ਕਿਲ੍ਹੇ ਵਿਚ ਰਜਵਾੜਿਆਂ ਸਾਮ੍ਹਣੇ ਪੇਸ਼ ਹੋਣ ਲਈ ਮਜਬੂਰ ਹੋਣਾ ਪਿਆ। ਉਹਦੇ ਖਿਲਾਫ ਬੇਹੱਦ ਸ਼ੱਕੀ ਤੱਥ ਲਿਆਂਦੇ ਗਏ: ਉਹਨਾਂ ਨੂੰ ਉਸ ਦੀ ਗੁਪਤ ਯੂਨੀਅਨ ਦੀ ਸੂਹ ਲਗ ਗਈ ਸੀ; ਖਾਣਪੁਟਾਂ ਅਤੇ ਕਿਸਾਨਾਂ ਦੀਆਂ ਸਭਾਵਾਂ ਵਿਚ ਉਸ ਦਾ ਹੱਥ ਵੇਖਿਆ ਗਿਆ। ਉਸ ਨੂੰ ਜਲਾਵਤਨੀ ਦੀ ਧਮਕੀ ਦਿਤੀ ਗਈ ਸੀ। ਅਜੇ ਉਹ ਅਲਸ਼ਟੇਡਟ ਪਰਤਿਆ ਹੀ ਸੀ ਕਿ ਉਸ ਨੂੰ ਪਤਾ ਲਗਾ ਕਿ ਸੈਕਸਨੀ ਦੇ ਡਿਊਕ ਗੇਓਰਗ ਨੇ ਉਸ ਦੀ ਹਵਾਲਗੀ ਦੀ ਮੰਗ ਕੀਤੀ ਸੀ। ਉਸ ਦੇ ਹੱਥ ਦੀਆਂ ਲਿਖੀਆਂ ਯੂਨੀਅਨ ਦੀਆਂ ਚਿੱਠੀਆਂ ਰਾਹ ਵਿਚ ਫੜ ਲਈਆਂ ਗਈਆਂ ਸਨ, ਜਿਸ ਵਿਚ ਉਸ ਨੇ ਗੇਓਰਗ ਦੀ ਪਰਜਾ ਨੂੰ ਈਸਾ ਦੀ ਸਿਖਿਆ ਦੇ ਦੁਸ਼ਮਣਾਂ ਵਿਰੁਧ ਹਥਿਆਰਬੰਦ ਵਿਰੋਧ ਕਰਨ ਦਾ ਸੱਦਾ ਦਿਤਾ ਸੀ। ਜੇ ਉਹ ਸ਼ਹਿਰ ਨਾ ਛੱਡ ਗਿਆ ਹੁੰਦਾ ਤਾਂ ਪ੍ਰੀਸ਼ਦ ਨੇ ਉਸ ਨੂੰ ਹਵਾਲੇ ਕਰ ਦੇਣਾ ਸੀ।

ਇਹਰ, ਕਿਸਾਨਾਂ ਅਤੇ ਨਿਮਨ-ਵਰਗ ਵਿਚ ਵਧ ਰਹੀ ਬੇਚੈਨੀ ਨੇ ਮਿਊਨਟਸਰ ਦੇ ਪਰਚਾਰ-ਕੰਮ ਨੂੰ ਅਤੁਲ ਰੂਪ ਵਿਚ ਸੌਖੇਰਾ ਬਣਾ ਦਿਤਾ ਸੀ। ਪੁਨਰ-ਬਪਤਿਸਮਾਵਾਦੀਆਂ ਵਿਚ ਉਸ ਨੂੰ ਇਸ ਮਨੋਰਥ ਲਈ ਵਡਮੁਲੇ ਕਾਰਿੰਦੇ ਮਿਲ ਗਏ ਸਨ। ਇਸ ਫਿਰਕੇ ਦਾ ਕੋਈ ਨਿਸਚਿਤ ਮੱਤ ਨਹੀਂ ਸੀ, ਸਭਨਾਂ ਹਾਕਮ ਜਮਾਤਾਂ ਪ੍ਰਤੀ ਇਸ ਦੇ ਸਾਂਝੇ ਵਿਰੋਧ ਅਤੇ ਦੂਜੇ ਬਪਤਿਸਮਾ ਦੇ ਸਾਂਝੇ ਪ੍ਰਤੀਕ ਦੁਆਰਾ ਹੀ ਇਹ ਇਕੱਠਾ ਸੀ, ਆਪਣੇ ਜੀਵਨ ਢੰਗ ਵਿਚ ਬਹੁਤ ਸਾਦੇ, ਪਰਚਾਰ ਜਾਰੀ ਰਖਣ ਵਿਚ ਅਣਥੱਕ, ਕਟੜ ਅਤੇ ਨਿਡਰ, ਇਸ ਫਿਰਕੇ ਨੇ ਆਪਣੇ ਆਪ ਨੂੰ ਵਧੇਰੇ ਤੋਂ ਵਧੇਰੇ ਨੇੜਿਓ ਮਿਊਨਟਸਰ ਦੁਆਲੇ ਦਲਬੰਦ ਕਰ ਲਿਆ ਸੀ। ਅਤਿਆਚਾਰਾਂ ਕਾਰਨ ਘਰੋਂ ਬੇਘਰ ਹੋਏ, ਇਸ ਦੇ ਮੈਂਬਰ ਸਾਰੇ ਜਰਮਨੀ ਵਿਚ ਭਟਕਦੇ ਫਿਰਦੇ ਸਨ ਅਤੇ ਨਵੀਂ ਸਿਖਿਆ ਦੇ ਸ਼ਬਦ ਹਰ ਥਾਂ ਲੈ ਗਏ ਸਨ, ਜਿਸ ਵਿਚ ਮਿਊਨਟਸਰ ਨੇ ਉਹਨਾਂ ਦੀਆਂ ਆਪਣੀਆਂ ਮੰਗਾਂ ਅਤੇ ਇਛਾਵਾਂ ਉਹਨਾਂ ਲਈ ਸਪਸ਼ਟ ਕੀਤੀਆਂ ਸਨ। ਅਣਗਿਣਤ ਪੁਨਰ-ਬਪਤਿਸਮਾਵਾਦੀ ਸ਼ਿਕੰਜੇ ਵਿਚ ਕੱਸੇ ਗਏ, ਸਾੜੇ ਜਾਂ ਹੋਰ ਢੰਗਾਂ ਨਾਲ ਮਾਰੇ ਗਏ, ਪਰ ਇਹਨਾਂ ਦੂਤਾਂ ਦਾ ਹੌਸਲਾ ਅਤੇ ਸਬਰ ਨਹੀਂ ਸੀ ਡੋਲਿਆ, ਅਤੇ ਲੋਕਾਂ ਦੀ ਤੇਜ਼ੀ ਨਾਲ ਵਧ ਰਹੀ ਬੇਚੈਨੀ ਵਿਚਕਾਰ ਉਹਨਾਂ ਦੀਆਂ ਸਰਗਰਮੀਆਂ ਨੂੰ ਬਹੁਤ ਵੱਡੀ ਸਫਲਤਾ ਮਿਲੀ ਸੀ। ਇਸ ਪ੍ਰਕਾਰ, ਥੂਰਿੰਗੀਆ ਤੋਂ ਦੌੜ ਕੇ, ਮਿਊਨਟਸਰ ਜਿਥੇ ਕਿਤੇ ਵੀ ਗਿਆ ਉਸ ਨੂੰ ਜ਼ਮੀਨ ਤਿਆਰ ਮਿਲੀ।

ਨੂਰਮਬਰਗ ਦੇ ਨੇੜੇ, ਜਿਥੇ ਮਿਊਨਟਸਰ ਸਭ ਤੋਂ ਪਹਿਲਾਂ ਗਿਆ ਸੀ[67], ਇਕ ਮਹੀਨਾ ਪਹਿਲਾਂ ਇਕ ਕਿਸਾਨ ਵਿਦਰੋਹ ਦੀ ਜੰਮਦਿਆਂ ਹੀ ਸੰਘੀ ਨੱਪ ਦਿਤੀ ਗਈ ਸੀ। ਮਿਊਨਟਸਰ ਨੇ ਲੁਕ ਛਿਪ ਕੇ ਆਪਣਾ ਪਰਚਾਰ ਕੀਤਾ; ਛੇਤੀ ਹੀ ਲੋਕ ਪ੍ਰਗਟ ਹੋ ਗਏ ਜਿਨ੍ਹਾਂ ਅੰਜੀਲ ਦੀ ਗ਼ੈਰ-ਜ਼ਰੂਰੀ ਪ੍ਰਕਿਰਤੀ ਅਤੇ ਧਾਰਮਿਕ ਸੰਸਕਾਰਾਂ ਦੀ ਅਰਥਹੀਣਤਾ ਬਾਰੇ ਉਸਦੇ ਅਤਿਅੰਤ ਨਿਧੜਕ ਧਰਮ-ਸ਼ਾਸਤ੍ਰਿਕ ਪ੍ਰਸਤਾਵਾਂ ਦਾ ਪੱਖ ਪੂਰਿਆ, ਜਿਨ੍ਹਾਂ ਨੇ ਈਸਾ ਨੂੰ ਮਹਿਜ਼ ਇਕ ਮਨੁਖ, ਅਤੇ ਸੰਸਾਰੀ ਅਧਿਕਾਰੀਆਂ ਦੀ ਸੱਤਾ ਨੂੰ ਅਧਰਮੀ ਐਲਾਨ ਕੀਤਾ। "ਇਥੇ ਸ਼ੈਤਾਨ, ਅਲਸ਼ਟੇਡਟ ਦੀ ਰੂਹ ਫਿਰ ਰਹੀ ਹੈ!" ਲੂਥਰ ਕੂਕ ਉਠਿਆ। ਨੂਰਮਬਰਗ ਵਿਚ ਮਿਊਨਟਸਰ ਨੇ ਲੂਥਰ ਨੂੰ ਆਪਣਾ ਜਵਾਬ ਛਾਪਿਆ। ਉਸ ਨੇ ਉਹਦੇ ਉਤੇ ਰਜਵਾੜਿਆਂ ਦੀ ਚਾਪਲੂਸੀ ਕਰਨ ਦਾ ਅਤੇ ਆਪਣੀ ਰੁੱਖੀ ਨਰਮੀ ਰਾਹੀਂ ਪਿਛਾਂਹਖਿਚੂ ਪਾਰਟੀ ਦੀ ਹਮਾਇਤ ਕਰਨ ਦਾ ਦੋਸ਼ ਲਾਇਆ। ਪਰ ਇਸ ਦੇ ਬਾਵਜੂਦ ਲੋਕ ਆਪਣੇ ਆਪ ਨੂੰ ਸੁਤੰਤਰ ਕਰ ਲੈਣਗੇ, ਉਸ ਨੇ ਲਿਖਿਆ, ਅਤੇ ਡਾ. ਲੂਥਰ ਨਾਲ ਉਹੋ ਸਲੂਕ ਹੋਵੇਗਾ ਜੋ ਪਕੜੇ ਗਏ ਲੂੰਬੜ ਨਾਲ ਹੁੰਦਾ ਹੈ। ਪ੍ਰੀਸ਼ਦ ਨੇ ਪੈਂਫਲਿਟ ਨੂੰ ਜ਼ਬਤ ਕਰਨ ਦਾ ਹੁਕਮ ਦੇ ਦਿਤਾ, ਅਤੇ ਮਿਊਨਟਸਰ ਨੂੰ ਨੂਰਮਬਰਗ ਛਡਣਾ ਪਿਆ।

ਇਸ ਤੋਂ ਮਗਰੋਂ ਉਹ ਸ਼ਵਾਬੀਆ ਦੇ ਰਸਤੇ ਅਲਸਾਸ, ਫੇਰ ਸਵਿਟਜ਼ਰਲੈਂਡ ਗਿਆ, ਅਤੇ ਫੇਰ ਉਪਰਲੇ ਸ਼ਵਾਰਟਸਵਾਲਡ ਦੇ ਇਲਾਕੇ ਵਿਚ ਆ ਗਿਆ, ਜਿਥੇ ਕਈ ਮਹੀਨੇ ਪਹਿਲਾਂ ਇਕ ਬਗ਼ਾਵਤ ਛਿੜ ਪਈ ਸੀ ਜਿਸ ਨੂੰ ਬਹੁਤਾ ਕਰਕੇ ਉਸ ਦੇ ਪੁਨਰ-ਬਪਤਿਸਮਾਵਾਦੀ ਦੂਤਾਂ ਨੇ ਤਿਖਾ ਕੀਤਾ ਸੀ। ਮਿਊਨਟਸਰ ਦੀ ਇਸ ਪਰਚਾਰ ਯਾਤਰਾ ਨੇ ਲੋਕ ਪਾਰਟੀ ਸਥਾਪਤ ਕਰਨ, ਇਸ ਦੀਆਂ ਮੰਗਾਂ ਨੂੰ ਸਪਸ਼ਟ ਸੂਤਰਬੱਧ ਕਰਨ ਅਤੇ ਅਪ੍ਰੈਲ ੧੫੨੫ ਵਿਚ ਅੰਤਮ ਤੌਰ ਤੇ ਵਿਆਪਕ ਬਗ਼ਾਵਤ ਸ਼ੁਰੂ ਕਰਨ ਵਿਚ ਨਿਰਸੰਦੇਹ ਅਤੇ ਨਿੱਗਰ ਹਿੱਸਾ ਪਾਇਆ। ਇਸ ਫੇਰੀ ਨਾਲ ਮਿਊਨਟਸਰ ਦੀਆਂ ਸਰਗਰਮੀਆਂ ਦਾ ਦੂਹਰਾ ਅਸਰ ਖਾਸ ਕਰਕੇ ਪ੍ਰਤੱਖ ਹੋਇਆ— ਇਕ ਪਾਸੇ, ਲੋਕਾਂ ਉਤੇ ਜਿਨ੍ਹਾਂ ਨੂੰ ਉਸ ਨੇ ਕੇਵਲ ਉਸ ਭਾਸ਼ਾ ਵਿਚ ਸੰਬੋਧਨ ਕੀਤਾ ਜਿਸ ਨੂੰ ਉਸ ਵੇਲੇ ਉਹ ਸਮਝ ਸਕਦੇ ਸਨ, ਧਾਰਮਿਕ ਭਵਿਖਬਾਣੀ ਦੀ ਭਾਸ਼ਾ; ਅਤੇ, ਦੂਜੇ ਪਾਸੇ, ਦੀਖਿਅਤਾਂ ਉਤੇ, ਜਿਨ੍ਹਾਂ ਕੋਲ ਉਹ ਆਪਣੇ ਅੰਤਮ ਨਿਸ਼ਾਨਿਆਂ ਦਾ ਭੇਤ ਖੋਹਲ ਸਕਦਾ ਸੀ। ਆਪਣੀ ਯਾਤਰਾ ਤੋਂ ਵੀ ਪਹਿਲਾਂ, ਉਸ ਨੇ ਲੋਕਾਂ ਅਤੇ ਹੇਠਲੇ ਪਾਦਰੀਆਂ ਵਿਚੋਂ ਦ੍ਰਿੜ੍ਹ ਬੰਦਿਆਂ ਦਾ ਇਕ ਦੱਲ ਥੂਰਿੰਗੀਆ ਵਿਚ ਇਕੱਠਾ ਕੀਤਾ ਸੀ, ਜਿਨ੍ਹਾਂ ਨੂੰ ਉਸ ਨੇ ਆਪਣੀ ਗੁਪਤ ਸਭਾ ਦੇ ਆਗੂ ਬਣਾਇਆ ਸੀ। ਹੁਣ ਉਹ ਦਖਣ-ਪਛਮੀ ਜਰਮਨੀ ਵਿਚ ਸਮੁਚੀ ਇਨਕਲਾਬੀ ਲਹਿਰ ਦੀ ਜਿੰਦ ਜਾਨ ਬਣ ਗਿਆ ਸੀ, ਉਸ ਨੇ ਫਰਾਂਕੋਨੀਆ ਅਤੇ ਸ਼ਵਾਬੀਆ ਰਾਹੀਂ ਅਲਸਾਸ ਅਤੇ ਸਵਿਟਜ਼ਰਲੈਂਡ ਦੀ ਸਰਹੱਦ ਤੱਕ ਸੈਕਸਨੀ ਅਤੇ ਥੂਰਿੰਗੀਆ ਵਿਚਕਾਰ ਸੰਬੰਧ ਸਥਾਪਤ

ਕੀਤੇ, ਅਤੇ ਹੁਣ ਉਸ ਦੇ ਅਨੁਆਈਆਂ ਅਤੇ ਯੂਨੀਅਨ ਦੇ ਮੁਖੀਆਂ ਵਿਚਕਾਰ ਦਖਣ-ਜਰਮਨ ਅੰਦੋਲਨਕਰਤਾ ਸ਼ਾਮਲ ਸਨ ਜਿਵੇਂ ਵਾਲਡਸਹੂਟ ਦਾ ਹੂਬਮਾਈਰ, ਜ਼ੂਰਿਖ਼ ਦਾ ਕੋਨਰਾਡ ਗਰੇਬਲ, ਗਰੀਸਨ ਦਾ ਫਰਾਂਟਸ ਰਾਬਮਾਨ, ਮੇਮਿਨਗਨ ਦਾ ਸ਼ਾਪਲਰ, ਲਾਈਨਹਾਈਮ ਦਾ ਯਾਕੋਬ ਵੇਹੇ, ਅਤੇ ਸ਼ਟੁਟਗਾਰਟ ਵਿਚ ਡਾ. ਮਾਨਟਲ, ਜਿਹੜੇ ਬਹੁਤ ਕਰਕੇ ਇਨਕਲਾਬੀ ਪਾਦਰੀ ਸਨ। ਉਹ ਆਪ ਬਹੁਤਾ ਕਰਕੇ ਸ਼ਾਫਹਾਊਜ਼ਨ ਸਰਹੱਦ ਉਤੇ ਗਰੀਸਨ ਵਿਚ ਰਹਿੰਦਾ, ਜਿਥੋਂ ਉਹ ਹੇਗਾਊ, ਕਲੇਟਗਾਊ, ਆਦਿ, ਰਾਹੀਂ ਸਫਰ ਕਰਦਾ ਰਹਿੰਦਾ ਸੀ। ਇਸ ਨਵੇਂ ਨਿਮਨ-ਵਰਗ ਧਰਮ-ਵਿਰੋਧ ਦੇ ਖਿਲਾਫ ਪਰੇਸ਼ਾਨ ਹੋਏ ਰਜਵਾੜਿਆਂ ਅਤੇ ਰਾਠਾਂ ਵਲੋਂ ਹਰ ਥਾਂ ਕੀਤੇ ਗਏ ਖ਼ੂਨੀ ਅਤਿਆਚਾਰਾਂ ਨੇ, ਬਗ਼ਾਵਤ ਦੀ ਭਾਵਨਾ ਨੂੰ ਪ੍ਰਚੰਡ ਕਰਨ ਅਤੇ ਯੂਨੀਅਨ ਦੀਆਂ ਸਫਾਂ ਨੂੰ ਸੰਘਣਾ ਬਣਾਉਣ ਵਿਚ ਥੋੜ੍ਹਾ ਹਿੱਸਾ ਨਹੀਂ ਪਾਇਆ। ਇਸ ਤਰੀਕੇ ਨਾਲ ਮਿਊਨਟਸਰ ਨੇ ਲਗਪਗ ਪੰਜ ਮਹੀਨੇ ਉਤਲੇ ਜਰਮਨੀ ਵਿਚ ਆਪਣਾ ਅੰਦੋਲਨ ਚਲਾਇਆ, ਅਤੇ ਉਦੋਂ ਥੂਰਿੰਗੀਆ ਪਰਤ ਆਇਆ ਜਦੋਂ ਸਾਜ਼ਸ਼ ਦਾ ਆਰੰਭ ਹੋਣਾ ਬਹੁਤ ਨੇੜੇ ਆ ਗਿਆ ਸੀ, ਕਿਉਂਕਿ ਉਹ ਜ਼ਾਤੀ ਤੌਰ ਤੇ ਲਹਿਰ ਦੀ ਅਗਵਾਈ ਕਰਨ ਦਾ ਇਛੱਕ ਸੀ। ਉਥੇ ਉਸ ਨੂੰ ਅਸੀਂ ਅਗੋਂ ਚਲਕੇ ਵੇਖਾਂਗੇ।

ਅਸੀਂ ਵੇਖਾਂਗੇ ਕਿ ਕਿਵੇਂ ਦੋ ਪਾਰਟੀਆਂ ਦੇ ਆਗੂਆਂ ਦਾ ਚ੍ਰਿਤਰ ਅਤੇ ਵਿਹਾਰ ਉਹਨਾਂ ਦੀਆਂ ਆਪੋ ਆਪਣੀਆਂ ਪਾਰਟੀਆਂ ਦੇ ਵਤੀਰੇ ਦਾ ਪ੍ਰਤਿਬਿੰਬ ਸੀ, ਕਿਵੇਂ ਲਹਿਰ ਸੰਬੰਧੀ ਲੂਥਰ ਦੀ ਦੁਬਿਧਾ ਅਤੇ ਲਹਿਰ ਦਾ, ਜਿਹੜੀ ਗੰਭੀਰ ਪਸਾਰ ਧਾਰਨ ਕਰ ਰਹੀ ਸੀ, ਡਰ ਅਤੇ ਰਜਵਾੜਿਆਂ ਪ੍ਰਤੀ ਉਸ ਦੀ ਬੁਜ਼ਦਿਲਾਂ ਵਾਲੀ ਚਾਪਲੂਸੀ ਬਰਗਰਾਂ ਦੀ ਝਿਜਕ ਵਾਲੀ ਤੇ ਅਸਪਸ਼ਟ ਨੀਤੀ ਦੇ ਪੂਰੀ ਤਰ੍ਹਾਂ ਅਨੁਸਾਰੀ ਸੀ, ਅਤੇ ਕਿਵੇਂ ਮਿਊਨਟਸਰ ਦੀ ਇਨਕਲਾਬੀ ਸ਼ਕਤੀ ਅਤੇ ਦ੍ਰਿੜ੍ਹਤਾ ਨਿਮਨ-ਵਰਗ ਅਤੇ ਕਿਸਾਨਾਂ ਦੇ ਅਤਿ ਉੱਨਤ ਹਲਕੇ ਵਿਚ ਪੁਨਰ-ਉਤਪੰਨ ਹੋਈ ਸੀ। ਫ਼ਰਕ ਸਿਰਫ ਇਹ ਸੀ ਕਿ ਜਿਥੇ ਲੂਥਰ ਨੇ ਆਪਣੇ ਆਪ ਨੂੰ ਆਪਣੀ ਜਮਾਤ ਦੀ ਬਹੁਗਿਣਤੀ ਦੇ ਸੰਕਲਪਾਂ ਅਤੇ ਇਸ ਦੀਆਂ ਇਛਾਵਾਂ ਨੂੰ ਪ੍ਰਗਟ ਕਰਨ ਤੱਕ ਸੀਮਤ ਰਖਿਆ ਅਤੇ ਇਸ ਤਰ੍ਹਾਂ ਇਸ ਵਿਚ ਬੇਹੱਦ ਸੱਸਤੀ ਸ਼ੁਹਰਤ ਹਾਸਲ ਕਰ ਲਈ , ਉਥੇ, ਇਸ ਦੇ ਉਲਟ, ਮਿਊਨਟਸਰ ਨਿਮਨ-ਵਰਗ ਅਤੇ ਕਿਸਾਨਾਂ ਦੇ ਫੌਰੀ ਵਿਚਾਰਾਂ ਅਤੇ ਮੰਗਾਂ ਤੋਂ ਬਹੁਤ ਦੂਰ ਗਿਆ, ਅਤੇ ਸਭ ਤੋਂ ਪਹਿਲਾਂ ਉਸ ਵੇਲੇ ਵਿਦਮਾਨ ਇਨਕਲਾਬੀ ਤੱਤਾਂ ਦੇ ਪ੍ਰਤਿਸ਼ਠ-ਲੋਕਾਂ ਦੀ ਇਕ ਪਾਰਟੀ ਜਥੇਬੰਦ ਕੀਤੀ, ਜਿਹੜੇ, ਜਿਸ ਹੱਦ ਤੱਕ ਉਹ ਉਸ ਦੇ ਵਿਚਾਰਾਂ ਅਤੇ ਸ਼ਕਤੀ ਵਿਚ ਹਿੱਸੇਦਾਰ ਸਨ, ਬਾਗ਼ੀ ਜਨਸਮੂਹ ਦੀ ਛੋਟੀ ਜਿਹੀ ਘਟਗਿਣਤੀ ਨਾਲੋਂ ਕਦੇ ਵੀ ਵਧੇਰੇ ਨਹੀਂ ਸਨ।

੧੯੫੦ ਦੇ ਹੁਨਾਲ ਵਿਚ
ਲਿਖਿਆ ਗਿਆ

ਮੂਲ ਪਾਠ ਜਰਮਨ ਵਿਚ ਹੈ

# ਏਂਗਲਜ਼ ਵਲੋਂ ਮਾਰਕਸ ਦੇ ਨਾਂ

[ਮਾਨਚੈਸਟਰ, ਕਰੀਬ ੨੬ ਮਈ, ੧੮੫੩]

...ਕਲ ਮੈਂ ਅਰਬੀ ਉਕਰਾਈਆਂ ਬਾਰੇ ਉਹ ਪੁਸਤਕ ਪੜ੍ਹੀ ਜਿਸ ਸੰਬੰਧੀ ਮੈਂ ਤੈਨੂੰ ਦਸਿਆ ਸੀ। ਇਹ ਸ਼ੈ ਦਿਲਚਸਪੀ ਤੋਂ ਸਖਣੀ ਨਹੀਂ ਭਾਵੇਂ ਪਾਦਰੀ ਅਤੇ ਅੰਜੀਲ ਦੇ ਪੱਖੀਆਂ ਦਾ ਇਸ ਵਿਚ ਥਾਂ ਪਰ ਥਾਂ ਉਲੇਖ ਅਕਾ ਮਾਰਦਾ ਹੈ। ਉਸ ਦੀ ਸਭ ਤੋਂ ਵੱਡੀ ਜਿੱਤ ਇਹ ਸਿਧ ਕਰਨ ਦੇ ਯੋਗ ਹੋਣ ਵਿਚ ਹੈ ਕਿ **ਗਿਬਨ** ਨੇ ਪ੍ਰਾਚੀਨ ਭੂਗੋਲ ਵਿਚ ਕੁਝ ਵੱਡੀਆਂ ਗਲਤੀਆਂ ਕੀਤੀਆਂ ਸਨ, ਅਤੇ ਇਸ ਤੋਂ ਇਹ ਸਿੱਟਾ ਕੱਢਣ ਵਿਚ ਹੈ ਕਿ ਗਿਬਨ ਦਾ ਧਰਮ-ਸ਼ਾਸਤ੍ਰ ਵੀ ਗ਼ਲਤ ਹੈ। ਇਹ ਸ਼ੈ ਹੈ "ਪਾਦਰੀ ਚਾਰਲਸ ਫਾਸਟਰ ਦੀ ਅਰਬ ਦਾ ਇਤਿਹਾਸਕ ਭੂਗੋਲ"। ਇਸ ਵਿਚੋਂ ਜੋ ਵਧ ਤੋਂ ਵਧ ਹਾਸਲ ਹੋ ਸਕਦਾ ਹੈ ਉਹ ਹੇਠ ਲਿਖੇ ਅਨੁਸਾਰ ਹੈ:

੧. ਉਤਪਤੀ ਕਾਂਡ* ਵਿਚ ਦਿਤੀ ਬੰਸਾਵਲੀ, ਨੂਹ, ਇਬਰਾਹੀਮ, ਆਦਿ, ਦੀ ਬੰਸਾਵਲੀ ਦਾ ਸਾਰੰਸ਼, ਉਸ ਵੇਲੇ ਦੇ ਬੱਦੂ ਕਬੀਲਿਆਂ ਦੀ, ਉਹਨਾਂ ਦੀ ਉਪਭਾਖਾਈ ਰਿਸ਼ਤੇਦਾਰੀ, ਆਦਿ, ਦੀ ਵਡੇਰੀ ਜਾਂ ਛੁਟੇਰੀ ਹੱਦ ਅਨੁਸਾਰ, ਚੋਖੀ ਠੀਕ ਠੀਕ ਗਣਨਾ ਹੈ। ਜਿਵੇਂ ਕਿ ਅਸੀਂ ਜਾਣਦੇ ਹਾਂ, ਬੱਦੂ ਕਬੀਲੇ ਅੱਜ ਦਿਨ ਤੱਕ ਹਮੇਸ਼ਾ ਹੀ ਆਪਣੇ ਆਪ ਨੂੰ ਬਨੀ ਸਾਲਦ, ਬਨੀ ਯੂਸਫ, ਇਤਿ ਆਦਿ, ਅਰਥਾਤ, ਫਲਾਣੇ ਫਲਾਣੇ ਦੇ ਪੁਤਰ, ਅਖਵਾਉਂਦੇ ਹਨ। ਇਸ ਨਾਂ ਦਾ ਸਿੱਟਾ, ਜਿਹੜਾ ਪ੍ਰਾਚੀਨ ਪਿਤਾ-ਪ੍ਰਧਾਨ ਪ੍ਰਥਾ ਦੀ ਜੀਵਨ ਪ੍ਰਣਾਲੀ ਵਿਚੋਂ ਜਨਮ ਲੈਂਦਾ ਹੈ, ਅਖੀਰ ਵਿਚ ਇਸ ਕਿਸਮ ਦੀ ਬੰਸਾਵਲੀ ਵਿਚ ਨਿਕਲਦਾ ਹੈ। ਉਤਪਤੀ ਕਾਂਡ ਵਿਚ ਦਿਤੀ ਗਣਨਾ ਦੀ ਪ੍ਰਾਚੀਨ ਭੂਗੋਲ-ਵਿਗਿਆਨੀਆਂ ਵਲੋਂ ਵਧ ਜਾਂ ਘਟ ਤਸਦੀਕ ਕੀਤੀ ਗਈ ਹੈ, ਅਤੇ ਵਧੇਰੇ ਹਾਲ ਦੇ ਸੈਲਾਨੀ ਸਿਧ ਕਰਦੇ ਹਨ ਕਿ ਪੁਰਾਣੇ ਨਾਂ, ਉਪਭਾਖਾਈ ਤਬਦੀਲੀਆਂ ਸਹਿਤ, ਆਪਣੀ ਬਹੁਗਿਣਤੀ ਵਿਚ ਅਜੇ ਤੱਕ ਮੌਜੂਦ

---

*ਅੰਜੀਲ ਦਾ ਪਹਿਲਾ ਕਾਂਡ, ਜਿਸ ਵਿਚ ਸੰਸਾਰ ਦੀ ਉਤਪਤੀ ਦਾ ਮਧ-ਏਸ਼ਿਆਈ ਧਰਮਾਂ ਦੇ ਮੱਤ ਅਨੁਸਾਰ ਵਰਨਣ ਹੈ।—**ਅਨੁ:**

ਹਨ। ਪਰੰਤੂ, ਇਸ ਤੋਂ ਇਹ ਸਿੱਟਾ ਨਿਕਲਦਾ ਹੈ ਕਿ ਬਾਕੀਆਂ ਵਾਂਗ ਹੀ, ਖ਼ੁਦ ਯਹੂਦੀ ਇਕ ਛੋਟੇ ਜਿਹੇ ਬੱਦੂ ਕਬੀਲੇ ਤੋਂ ਵਧ ਕੁਝ ਨਹੀਂ ਸਨ, ਜਿਸ ਨੂੰ ਸਥਾਨਕ ਪ੍ਰਸਥਿਤੀਆਂ, ਜ਼ਰਾਇਤ, ਇਤਿ ਆਦਿ ਨੇ ਦੂਜੇ ਬੱਦੂਆਂ ਦੇ ਵਿਰੋਧ ਵਿਚ ਰਖ ਦਿਤਾ।

੨. ਮਹਾਨ ਅਰਬ ਧਾਵੇ ਦੇ ਸੰਬੰਧ ਵਿਚ ਜਿਸ ਦੀ ਅਸਾਂ ਪਹਿਲਾਂ ਚਰਚਾ ਕੀਤੀ ਸੀ: ਕਿ ਬੱਦੂਆਂ ਨੇ, ਐਨ ਮੰਗੋਲਾਂ ਵਾਂਗ ਹੀ, ਸਮੇਂ ਸਮੇਂ ਧਾਵੇ ਕੀਤੇ, ਕਿ ਅਸੀਰੀਆਈ ਸ਼ਹਿਨਸ਼ਾਹੀ ਅਤੇ ਬਾਬਲ ਦੀ ਸ਼ਹਿਨਸ਼ਾਹੀ ਦੀ ਨੀਂਹ ਬੱਦੂ ਕਬੀਲਿਆਂ ਨੇ ਰੱਖੀ ਸੀ, ਠੀਕ ਉਸ ਥਾਂ ਜਿਥੇ ਮਗਰੋਂ ਬਗ਼ਦਾਦ ਦੀ ਖਿਲਾਫਤ ਉਠ ਖੜੀ ਹੋਈ। ਬਾਬਲ ਦੀ ਸ਼ਹਿਨਸ਼ਾਹੀ ਦੇ ਬਾਨੀ, ਖਾਲਦੂਨੀ, ਉਸੇ ਇਲਾਕੇ ਵਿਚ ਉਸੇ ਨਾਂ, ਬਨੀ ਖਾਲਦ, ਹੇਠ ਅਜੇ ਤੱਕ ਮੌਜੂਦ ਹਨ। ਨੈਨਵਾਹ ਅਤੇ ਬਾਬਲ ਵਰਗੇ ਵੱਡੇ ਸ਼ਹਿਰਾਂ ਦਾ ਤੇਜ਼ੀ ਨਾਲ ਉਭਰਨਾ ਠੀਕ ਉਸੇ ਹੀ ਤਰੀਕੇ ਨਾਲ ਵਾਪਰਿਆ ਸੀ, ਜਿਵੇਂ ਤਿੰਨ ਸੌ ਵਰ੍ਹੇ ਪਹਿਲਾਂ ਅਫਗਾਨ ਜਾਂ ਤਾਤਾਰ ਹਮਲੇ ਨਾਲ ਆਗਰਾ, ਦਿੱਲੀ, ਲਾਹੌਰ ਅਤੇ ਮਟਨ ਦੀ ਪੂਰਬ ਭਾਰਤ ਵਿਚ ਸਥਾਪਨਾ ਹੋ ਗਈ ਸੀ। ਇਸ ਪ੍ਰਕਾਰ ਮੁਸਲਿਮ ਹਮਲਾ ਆਪਣੇ ਨਿਖੜਵੇਂ ਚ੍ਰਿਤਰ ਦਾ ਬਹੁਤ ਹਿੱਸਾ ਗੁਆ ਲੈਂਦਾ ਹੈ।

੩. ਜਾਪਦਾ ਹੈ ਕਿ ਅਰਬ, ਜਿਥੇ ਉਹ ਟਿੱਕ ਕੇ ਬਹਿ ਗਏ ਸਨ, ਦਖਣ ਪਛਮ ਵਿਚ ਬਿਲਕੁਲ ਉਵੇਂ ਹੀ ਸਭਿਅ ਲੋਕ ਸਨ ਜਿਵੇਂ ਮਿਸਰੀ, ਅਸੀਰੀਆਈ, ਆਦਿ, ਜਿਵੇਂ ਉਹਨਾਂ ਇਮਾਰਤਾਂ ਤੋਂ ਸਿਧ ਹੁੰਦਾ ਹੈ ਜਿਹੜੀਆਂ ਉਹਨਾਂ ਉਸਾਰੀਆਂ। ਇਸ ਤੋਂ ਮੁਸਲਿਮ ਹਮਲੇ ਵਿਚੋਂ ਬਹੁਤ ਕੁਝ ਦਾ ਪਤਾ ਲਗਦਾ ਹੈ। ਜਿਥੋਂ ਤੱਕ ਉਸ ਦੰਭ, ਧਰਮ, ਦਾ ਸਵਾਲ ਹੈ, ਦਖਣ ਵਿਚ ਪ੍ਰਾਚੀਨ ਉਕਰਾਈਆਂ ਤੋਂ, ਜਿਨ੍ਹਾਂ ਵਿਚ ਇਕੀਸ਼ਵਰਵਾਦ[68] ਦੀ ਪੁਰਾਣੀ ਕੌਮੀ-ਅਰਬੀ ਪਰੰਪਰਾ ਅਜੇ ਤੱਕ ਭਾਰੂ ਹੈ (ਜਿਵੇਂ ਇਹ ਅਮ੍ਰੀਕੀ ਇੰਡੀਅਨਾਂ ਵਿਚ ਹੈ) ਅਤੇ ਇਬਰਾਨੀ ਪਰੰਪਰਾ ਜਿਸ ਦਾ ਕੇਵਲ **ਇਕ ਛੋਟਾ ਜਿਹਾ ਭਾਗ** ਹੈ, ਕਿ ਮੁਹੰਮਦ ਦਾ ਧਾਰਮਿਕ ਇਨਕਲਾਬ, **ਹਰ** ਧਾਰਮਿਕ ਲਹਿਰ ਵਾਂਗ, **ਰਸਮੀ ਤੌਰ ਤੇ ਇਕ ਪ੍ਰਤਿਕਰਮ** ਸੀ, ਕਥਿਤ ਰੂਪ ਵਿਚ ਪੁਰਾਣੇ, ਸਿਧੇ ਸਾਦੇ ਵੱਲ ਪਰਤਣਾ ਸੀ।

ਯਹੂਦੀਆਂ ਦਾ ਅਖੌਤੀ ਪਾਵਨ ਗ੍ਰੰਥ ਪੁਰਾਣੀ ਅਰਬੀ ਧਾਰਮਿਕ ਅਤੇ ਕਬੀਲਾ ਪਰੰਪਰਾ ਦੀ ਦਸਤਾਵੇਜ਼ ਤੋਂ ਵਧ ਕੁਝ ਨਹੀਂ, ਜਿਹੜੀ ਯਹੂਦੀਆਂ ਦੀ ਆਪਣੇ ਸਗੋਤਰ ਪਰ ਟਪਰੀਵਾਸੀ ਗੁਆਂਢੀਆਂ ਤੋਂ ਮੁਢਲੀ ਅਲਹਿਦਗੀ ਦੁਆਰਾ ਅਦੱਲ ਬਦਲ ਗਈ ਹੈ—ਇਹ ਗੱਲ ਹੁਣ ਮੇਰੇ ਲਈ ਬਿਲਕੁਲ ਸਪਸ਼ਟ ਹੋ ਗਈ ਹੈ। ਇਸ ਪ੍ਰਸਥਿਤੀ ਤੋਂ ਕਿ ਫਿਲਸਤੀਨ ਨੂੰ ਅਰਬੀ ਪਾਸੇ ਵਲੋਂ ਕੇਵਲ ਰੇਗਿਸਤਾਨ, ਬੱਦੂ ਧਰਤੀ ਨੇ ਘੇਰਿਆ ਹੋਇਆ ਹੈ, ਉਹਨਾਂ ਦੇ ਵਿਲੱਖਣ ਵਿਕਾਸ ਦੀ ਵਿਆਖਿਆ ਮਿਲਦੀ ਹੈ।

ਪਰ ਪ੍ਰਾਚੀਨ ਅਰਬੀ ਉਕਰਾਈਆਂ, ਪਰੰਪਰਾਵਾਂ, ਅਤੇ ਕੁਰਾਨ ਤੋਂ, ਅਤੇ ਉਸ ਸੋਖ ਤੋਂ ਜਿਸ ਨਾਲ ਕੁਲ ਬੰਸਾਵਲੀਆਂ, ਆਦਿ, ਹੁਣ ਸੁਲਝਾਈਆਂ ਜਾ ਸਕਦੀਆਂ ਹਨ, ਸਿਧ ਹੁੰਦਾ ਹੈ ਕਿ ਮੁਖ ਵਸਤੂ ਅਰਬੀ ਸੀ ਜਾਂ ਸਗੋਂ ਵਿਆਪਕ ਰੂਪ ਵਿਚ ਸਾਮੀ, ਸਾਡੀ ਐਡਾ[69] ਅਤੇ ਜਰਮਨ ਵੀਰ ਗਾਥਾ ਵਾਂਗ ਹੀ।

ਮੂਲ ਪਾਠ ਜਰਮਨ
ਵਿਚ ਹੈ

# ਮਾਰਕਸ ਵਲੋਂ ਏਂਗਲਜ਼ ਦੇ ਨਾਂ

[ਲੰਦਨ] ੨ ਜੂਨ, ੧੮੫੩

...ਇਬਰਾਨੀਆਂ ਅਤੇ ਅਰਬਾਂ ਦੇ ਸੰਬੰਧ ਵਿਚ ਤੇਰੀ ਚਿੱਠੀ ਮੇਰੇ ਲਈ ਬਹੁਤ ਦਿਲਚਸਪ ਸੀ। ਅਤੇ ਹਾਂ: ੧) ਕਿਉਂਕਿ ਸਾਰੇ ਪੂਰਬੀ ਕਬੀਲਿਆਂ ਵਿਚ ਇਤਿਹਾਸ ਦਾ ਆਰੰਭ ਕਬੀਲਿਆਂ ਦੇ ਇਕ ਹਿੱਸੇ ਦੇ ਟਿੱਕ ਕੇ ਬਹਿ ਜਾਣ ਅਤੇ ਦੂਜਿਆਂ ਦੇ ਨਿਰੰਤਰ ਟਪਰੀਵਾਸੀ ਜੀਵਨ ਦੇ ਵਿਚਕਾਰ ਹੋਇਆ, ਇਸ ਲਈ ਇਹਨਾਂ ਵਿੱਚ ਇਕ ਆਮ ਸੰਬੰਧ ਸਿਧ ਕੀਤਾ ਜਾ ਸਕਦਾ ਹੈ। ੨) ਮੁਹਮੰਦ ਦੇ ਸਮੇਂ ਯੂਰਪ ਤੋਂ ਏਸ਼ੀਆ ਵੱਲ ਦਾ ਤਜਾਰਤੀ ਰਾਹ ਮਹੱਤਵਪੂਰਨ ਤੌਰ ਤੇ ਬਦਲ ਗਿਆ ਸੀ ਅਤੇ ਅਰਬ ਦੇ ਸ਼ਹਿਰ, ਜਿਨ੍ਹਾਂ ਨੇ ਹਿੰਦੁਸਤਾਨ, ਆਦਿ, ਨਾਲ ਤਜਾਰਤ ਵਿਚ ਬਹੁਤ ਵਡਾ ਹਿੱਸਾ ਲਿਆ ਸੀ, ਵਪਾਰਕ ਪਤਨ ਦੀ ਹਾਲਤ ਵਿਚ ਸਨ; ਹਰ ਹਾਲਤ ਵਿਚ ਇਸ ਗੱਲ ਨੇ ਵੀ ਉਤਸਾਹ ਦਿਤਾ। ੩) ਜਿਥੋਂ ਤੱਕ ਧਰਮ ਦਾ ਸੰਬੰਧ ਹੈ, ਪ੍ਰਸ਼ਨ ਆਪਣੇ ਆਪ ਨੂੰ ਆਮ ਰੂਪ ਦੇ ਲੈਂਦਾ ਹੈ ਅਤੇ ਇਸ ਲਈ ਸੌਖਿਆ ਹੀ ਇਸ ਦਾ ਉਤਰ ਮਿਲ ਜਾਂਦਾ ਹੈ: ਪੂਰਬ ਦਾ ਇਤਿਹਾਸ ਧਰਮਾਂ ਦੇ ਇਤਿਹਾਸ ਵਜੋਂ ਕਿਉਂ **ਪ੍ਰਤੀਤ ਹੁੰਦਾ ਹੈ**?

ਪੂਰਬ ਦੇ ਸ਼ਹਿਰਾਂ ਦੀ ਸਥਾਪਨਾ ਬਾਰੇ ਬੁਢੇ ਫ਼ਰਾਂਸੁਆ ਬਰਨੀਯੇ (ਨੌਂ ਸਾਲ ਔਰੰਗਜ਼ੇਬ ਦਾ ਡਾਕਟਰ ਰਿਹਾ) ਦੀ ਪੁਸਤਕ: "ਮਹਾਨ ਮੁਗ਼ਲ ਦੇ ਇਲਾਕਿਆਂ, ਆਦਿ, ਦਾ ਵਰਣਨ ਕਰਦੇ ਸਫਰ" ਜਿੱਨੀ ਸ਼ਾਨਦਾਰ, ਸਪਸ਼ਟ ਅਤੇ ਟੁੰਬਵੀਂ ਕੋਈ ਹੋਰ ਚੀਜ਼ ਪੜ੍ਹਨ ਵਾਲੀ ਨਹੀਂ ਹੋ ਸਕਦੀ। ਉਹ ਸੈਨਿਕ ਪ੍ਰਣਾਲੀ ਦਾ, ਜਿਸ ਤਰੀਕੇ ਨਾਲ ਇਹਨਾਂ ਵੱਡੀਆਂ ਸੈਨਾਵਾਂ ਦਾ ਢਿਡ ਭਰਿਆ ਜਾਂਦਾ ਸੀ, ਆਦਿ, ਦਾ ਵੀ ਬਹੁਤ ਚੰਗੀ ਤਰ੍ਹਾਂ ਵਰਣਨ ਕਰਦਾ ਹੈ। ਇਹਨਾਂ ਦੋ ਨੁਕਤਿਆਂ ਬਾਰੇ, ਹੋਰ ਗੱਲਾਂ ਤੋਂ ਇਲਾਵਾ, ਉਹ ਲਿਖਦਾ ਹੈ:

> "ਰਸਾਲਾ ਮੁਖ ਭਾਗ ਹੈ, ਪਿਆਦਾ ਫੌਜ ਏਨੀ ਵੱਡੀ ਨਹੀਂ ਜਿੱਨੀ ਆਮ ਕਰਕੇ ਅਫਵਾਹ ਹੈ, ਜੇਕਰ ਯਥਾਰਥ ਦੀ ਗੱਲ ਕਰਦਿਆਂ ਫੌਜੀ ਜਵਾਨਾਂ

ਨੂੰ ਬਾਜ਼ਾਰਾਂ ਜਾਂ ਮੰਡੀਆਂ ਦੇ ਉਹਨਾਂ ਸਭਨਾਂ ਨੌਕਰਾਂ ਅਤੇ ਲੋਕਾਂ ਨੂੰ **ਯਥਾਰਥ** ਵਿਚ ਲੜਨ ਵਾਲੀ ਫ਼ੌਜ ਵਿਚ ਸ਼ਾਮਲ ਨਾ ਕਰ ਲਿਆ ਜਾਵੇ ਜਿਹੜੇ ਫੌਜ ਦੇ ਪਿਛੇ ਪਿਛੇ ਜਾਂਦੇ ਹਨ; ਕਿਉਂਕਿ ਉਸ ਹਾਲਤ ਵਿਚ ਮੈਂ ਠੀਕ ਵਿਸ਼ਵਾਸ ਕਰ ਸਕਦਾ ਹਾਂ ਕਿ ਉਹ ਕੇਵਲ ਬਾਦਸ਼ਾਹ ਦੇ ਨਾਲ ਜਾਂਦੇ ਜਵਾਨਾਂ ਦੀ ਗਿਣਤੀ ੨,੦੦,੦੦੦ ਜਾਂ ੩,੦੦,੦੦੦ ਅਤੇ ਕਈ ਵਾਰੀ ਇਸ ਤੋਂ ਵੀ ਬਹੁਤੀ, ਦਸਣ ਵਿਚ ਠੀਕ ਹੋਣਗੇ, ਜਦੋਂ, ਮਿਸਾਲ ਲਈ, ਇਹ ਨਿਸਚਿਤ ਹੋਵੇ ਕਿ ਉਹ ਲੰਮੇ ਸਮੇਂ ਲਈ ਰਾਜਧਾਨੀ ਵਿਚੋਂ ਬਾਹਰ ਰਹੇਗਾ। ਅਤੇ ਇਹ ਗੱਲ ਉਹਨਾਂ ਲੋਕਾਂ ਨੂੰ ਬਹੁਤੀ ਅਣੋਖੀ ਨਹੀਂ ਜਾਪੇਗੀ ਜਿਹੜੇ ਤੰਬੂਆਂ, ਰਸੋਈਘਰਾਂ, ਕਪੜਿਆਂ, ਫਰਨੀਚਰ ਅਤੇ ਆਮ ਕਰਕੇ ਹੀ ਇਸਤ੍ਰੀਆਂ ਦੇ, ਅਤੇ ਫਲਸਰੂਪ ਹਾਥੀਆਂ, ਊਠਾਂ, ਬਲਦਾਂ, ਘੋੜਿਆਂ, ਪਾਂਡੀਆਂ, ਘਾਹੀਆਂ, ਰਸਦੀਆਂ ਹਰ ਕਿਸਮ ਦੇ ਵਪਾਰੀਆਂ ਅਤੇ ਸੇਵਕਾਂ ਦੇ ਅਜੀਬ ਭਾਰ ਤੋਂ ਜਾਣੂ ਹਨ ਜਿਨ੍ਹਾਂ ਨੂੰ ਇਹ ਫੌਜਾਂ ਆਪਣੇ ਨਾਲ ਲਿਜਾਂਦੀਆਂ ਹਨ; ਅਤੇ ਜਿਹੜੇ ਇਕ ਦੇਸ ਦੀ ਖਾਸ ਸਥਿਤੀ ਅਤੇ ਸਰਕਾਰ ਨੂੰ ਸਮਝਦੇ ਹਨ, ਜਿਥੇ **ਬਾਦਸ਼ਾਹ ਬਾਦਸ਼ਾਹੀ ਦੀ ਸਾਰੀ ਜ਼ਮੀਨ ਦਾ ਇਕੋ ਇਕ ਮਾਲਕ ਹੈ**, ਜਿਸ ਤੋਂ ਲਾਜ਼ਮੀ ਨਤੀਜੇ ਵਜੋਂ ਇਹ ਨਿਰਣਾ ਹੁੰਦਾ ਹੈ ਕਿ ਦਿੱਲੀ ਜਾਂ ਆਗਰੇ ਵਰਗੀ **ਰਾਜਧਾਨੀ** ਦਾ ਸਮੁਚਾ ਸ਼ਹਿਰ ਲਗਪਗ ਪੂਰੀ ਤਰ੍ਹਾਂ ਫੌਜ ਦੇ ਸਿਰ ਤੇ ਜਿਊਂਦਾ ਹੈ ਅਤੇ ਇਸ ਲਈ ਬਾਦਸ਼ਾਹ ਜਿੱਨੇ ਵੀ ਲੰਮੇ ਸਮੇਂ ਲਈ ਮੈਦਾਨ ਵਿਚ ਡੇਰੇ ਲਾਉਂਦਾ ਹੈ ਉਸ ਦੇ ਨਾਲ ਜਾਣਾ ਇਸ ਦਾ ਫਰਜ਼ ਹੈ। ਇਸ ਲਈ ਇਹ ਸ਼ਹਿਰ, **ਵਾਸਤਵ ਵਿਚ ਫੌਜੀ ਕੈਂਪਾਂ** ਤੋਂ ਵਧ ਕੁਝ ਨਾ ਹੋਕੇ, ਪੈਰਿਸ ਵਰਗੇ ਨਾ ਹਨ ਅਤੇ ਨਾ ਹੋ ਸਕਦੇ ਹਨ, ਖੁਲ੍ਹੇ ਮੈਦਾਨ ਵਿਚ ਹੋਣ ਦੀ ਥਾਂ ਰਤਾ ਕੁ ਚੰਗੇਰੇ ਅਤੇ ਵਧੇਰੇ ਸੁਵਿਧਾਜਨਕ ਸਥਾਨ ਤੇ ਸਥਿਤ ਹਨ।"

੪,੦੦,੦੦੦ ਜਵਾਨਾਂ ਦੀ ਫੌਜ, ਆਦਿ, ਨਾਲ ਕਸ਼ਮੀਰ ਵਿਚ ਮਹਾਨ ਮੁਗਲ ਦੇ ਕੂਚ ਦੇ ਮੌਕੇ ਬਾਰੇ, ਉਹ ਲਿਖਦਾ ਹੈ:

"ਇਹ ਜਾਣਨਾ ਮੁਸ਼ਕਲ ਹੈ ਕਿ ਏਨੀ ਵੱਡੀ ਫੌਜ, ਬੰਦਿਆਂ ਅਤੇ ਪਸ਼ੂਆਂ ਦੀ ਏਨੀ ਵੱਡੀ ਗਿਣਤੀ ਰਣ ਖੇਤਰ ਵਿਚ ਕਿਥੋਂ ਤੇ ਕਿਵੇਂ ਉਪਜੀਵਕਾ ਪ੍ਰਾਪਤ ਕਰ ਸਕਦੀ ਹੈ। ਇਹਦੇ ਲਈ ਕੇਵਲ ਏਨਾ ਹੀ ਫਰਜ਼ ਕਰਨਾ ਜ਼ਰੂਰੀ ਹੈ, ਜੋ ਕਿ ਬਿਲਕੁਲ ਸੱਚ ਹੈ, ਕਿ ਖੁਰਾਕ ਦੇ ਮਾਮਲੇ ਵਿਚ ਹਿੰਦੁਸਤਾਨੀ ਬਹੁਤ ਨਿਰਮਾਣ ਅਤੇ ਬਹੁਤ ਸਾਦਾ ਹਨ, ਅਤੇ ਘੁੜਸਵਾਰਾਂ ਦੀ ਉਸ ਕੁਲ ਵੱਡੀ ਗਿਣਤੀ ਦਾ ਦਸਵਾਂ ਨਹੀਂ ਸਗੋਂ ਵੀਹਵਾਂ ਹਿੱਸਾ ਵੀ ਨਹੀਂ ਜਿਹੜੇ ਕੂਚ ਸਮੇਂ

ਮਾਸ ਖਾਂਦੇ ਹੋਣ। ਜਿੱਨਾ ਚਿਰ ਉਹਨਾਂ ਨੂੰ ਉਹਨਾਂ ਦੀ ਖਿਚੜੀ, ਜਾਂ ਚੌਲ ਤੇ ਦੂਜੀਆਂ ਸਬਜ਼ੀਆਂ ਦਾ ਮਿਲ-ਗੋਭਾ, ਮਿਲਦਾ ਹੈ ਜਿਸ ਉਤੇ ਰਿੱਝ ਜਾਣ ਮਗਰੋਂ ਉਹ ਘਿਓ ਪਾਉਂਦੇ ਹਨ, ਉਹ ਸੰਤੁਸ਼ਟ ਹਨ। ਇਸ ਤੋਂ ਇਲਾਵਾ ਇਹ ਜਾਣ ਲੈਣਾ ਜ਼ਰੂਰੀ ਹੈ ਕਿ ਊਠ ਕੰਮ ਦੇ ਸਮੇਂ ਬੇਹੱਦ ਸਬਰ ਸੰਤੋਖ ਰਖਦੇ ਹਨ, ਅਤੇ ਲੰਮਾ ਸਮਾਂ ਭੁਖ ਤਿਹ ਸਹਿ ਸਕਦੇ ਹਨ, ਥੋੜ੍ਹਾ ਅਤੇ ਕੁਝ ਵੀ ਖਾਕੇ ਗੁਜ਼ਾਰਾ ਕਰ ਸਕਦੇ ਹਨ, ਅਤੇ ਜਿਵੇਂ ਹੀ ਫੌਜ ਟਿਕਾਣੇ ਪਹੁੰਚਦੀ ਹੈ ਊਠ ਸਵਾਰ ਉਹਨਾਂ ਨੂੰ ਖੁਲ੍ਹੇ ਮੈਦਾਨ ਵਿਚ ਚਾਰਨ ਲੈ ਜਾਂਦੇ ਹਨ ਜਿਥੇ ਉਹਨਾਂ ਨੂੰ ਨੂੰ ਜੋ ਕੁਝ ਲਭ ਸਕਦਾ ਹੈ ਉਹ ਖਾ ਲੈਂਦੇ ਹਨ। ਇਸ ਤੋਂ ਇਲਾਵਾ, ਜਿਹੜੇ ਵਪਾਰੀ ਦਿੱਲੀ ਵਿਚ ਦੁਕਾਨਾਂ ਚਲਾਉਂਦੇ ਹਨ ਮੁਹਿੰਮਾਂ ਦੇ ਦੌਰਾਨ ਵੀ ਉਹ ਦੁਕਾਨਾਂ ਚਲਾਉਣ ਲਈ ਮਜਬੂਰ ਹੁੰਦੇ ਹਨ, ਅਤੇ ਛੋਟੇ ਵਪਾਰੀ ਵੀ ਇਵੇਂ ਹੀ ਕਰਦੇ ਹਨ, ਆਦਿ।... ਅਤੇ ਅਖੀਰ ਘਾਹੀਆਂ ਬਾਰੇ, ਇਹ ਵਿਚਾਰੇ ਗਰੀਬ ਲੋਕ ਪਿੰਡਾਂ ਵਿਚ ਥਾਂ ਪਰ ਥਾਂ ਫਿਰਦੇ ਹਨ ਤਾਂ ਜੋ ਕੁਝ ਖਰੀਦ ਲੈਣ ਅਤੇ ਇਸ ਤਰ੍ਹਾਂ ਥੋੜ੍ਹਾ ਬਹੁਤ ਕਮਾ ਸਕਣ। ਉਹ ਮੁਖ ਕਰਕੇ ਅਤੇ ਆਮ ਕਰਕੇ ਇਕ ਪ੍ਰਕਾਰ ਦੀ ਛੋਟੀ ਰੰਬੀ ਨਾਲ ਪੂਰੇ ਦਾ ਪੂਰਾ ਮੈਦਾਨ ਘਰੋੜ ਸੁਟਦੇ ਹਨ, ਫੇਰ ਇਕੱਠੇ ਕੀਤੇ ਘਾਹ ਪੱਠੇ ਨੂੰ ਛੰਡਦੇ ਝਾੜਦੇ ਅਤੇ ਸਾਫ ਕਰਦੇ ਹਨ, ਅਤੇ ਲਿਆਕੇ ਫੌਜ ਕੋਲ ਵੇਚ ਦੇਂਦੇ ਹਨ।..."

ਬਰਨੀਯੇ ਠੀਕ ਹੀ ਇਹ ਤੱਥ ਸਮਝਦਾ ਹੈ ਕਿ ਪੂਰਬ ਵਿਚ ਸਾਰੇ ਵਰਤਾਰਿਆਂ ਦਾ ਆਧਾਰ, ਉਸ ਦਾ ਇਸ਼ਾਰਾ ਤੁਰਕੀ, ਫਾਰਸ ਅਤੇ ਹਿੰਦੁਸਤਾਨ ਵੱਲ ਹੈ, **ਜ਼ਮੀਨ ਦੀ ਕੋਈ ਨਿਜੀ ਜਾਇਦਾਦ ਨਾ ਹੋਣਾ ਹੈ।** ਇਹ ਪੂਰਬ ਦੇ ਸਵਰਗ ਦੀ ਵੀ, ਅਸਲ ਕੁੰਜੀ ਹੈ।...

ਮੂਲ ਪਾਠ ਜਰਮਨ ਵਿਚ ਹੈ

# ਏਂਗਲਜ਼ ਵਲੋਂ ਮਾਰਕਸ ਦੇ ਨਾਂ

ਮਾਨਚੈਸਟਰ, ੬ ਜੂਨ [੧੮੫੩]

...ਜ਼ਮੀਨ ਦੀ ਜਾਇਦਾਦ ਦੀ ਅਣਹੋਂਦ ਸਚਮੁਚ ਹੀ ਸਮੁਚੇ ਪੂਰਬ ਦੀ ਕੁੰਜੀ ਹੈ। ਇਸ ਦੇ ਰਾਜਨੀਤਕ ਅਤੇ ਧਾਰਮਿਕ ਇਤਿਹਾਸ ਦਾ ਆਧਾਰ ਇਹੋ ਹੈ। ਪਰ ਇਹ ਕਿਵੇਂ ਹੋਇਆ ਕਿ ਪੂਰਬ ਦੇ ਲੋਕ ਜ਼ਮੀਨੀ ਜਾਇਦਾਦ ਤੱਕ, ਇਸ ਦੇ ਸਾਮੰਤੀ ਰੂਪ ਵਿਚ ਵੀ, ਨਹੀ ਪਹੁੰਚੇ? ਮੇਰੇ ਖਿਆਲ ਵਿਚ ਇਸ ਦਾ ਮੁਖ ਕਾਰਨ ਜਲਵਾਯੂ ਹੈ, ਜ਼ਮੀਨ ਦੀ ਖਸਲਤ ਦੇ ਸੰਬੰਧ ਵਿਚ ਲਿਆ, ਖਾਸ ਕਰਕੇ ਮਾਰੂਥਲ ਦੇ ਵੱਡੇ ਪਸਾਰਾਂ ਦੇ ਸੰਬੰਧ ਵਿਚ ਜਿਹੜਾ ਅਰਬ, ਫਾਰਸ, ਹਿੰਦੁਸਤਾਨ ਅਤੇ ਤਾਤਾਰੀਆ[70] ਦੇ ਸਹਿਰਾ ਤੋਂ ਲੈਕੇ ਸਿੱਧਾ ਉਚਤਮ ਏਸ਼ੀਆਈ ਪੱਬੀ ਤੱਕ ਫੈਲਿਆ ਹੋਇਆ ਹੈ। ਕ੍ਰਿਤਿਮ ਸਿੰਜਾਈ ਇਥੇ ਜ਼ਰਾਇਤ ਦੀ ਪਹਿਲੀ ਸ਼ਰਤ ਹੈ ਅਤੇ ਇਹ ਜਾਂ ਤਾਂ ਕਮਿਊਨਾਂ, ਪ੍ਰਾਂਤਾਂ ਦਾ ਜਾਂ ਕੇਂਦਰੀ ਸਰਕਾਰ ਦਾ ਮਾਮਲਾ ਹੈ। ਪੂਰਬ ਦੀ ਸਰਕਾਰ ਦੇ ਕਦੇ ਵੀ ਤਿੰਨ ਤੋਂ ਵਧ ਵਿਭਾਗ ਨਹੀਂ ਹੋਏ: ਵਿੱਤ (ਦੇਸ ਅੰਦਰ ਲੁਟ), ਜੰਗ (ਦੇਸ ਵਿਚ ਅਤੇ ਬਦੇਸ ਵਿਚ ਲੁਟ), ਅਤੇ ਲੋਕ ਨਿਰਮਾਣ (ਪੁਨਰ-ਉਤਪਾਦਨ ਲਈ ਵਿਵਸਥਾ)। ਹਿੰਦੁਸਤਾਨ ਵਿਚ ਬਰਤਾਨਵੀ ਸਰਕਾਰ ਨੇ ਪਹਿਲੇ ਅਤੇ ਦੂਜੇ ਨੂੰ ਬਹੁਤ ਸੌੜੀ ਸੋਚ ਵਾਲੇ ਢੰਗ ਨਾਲ ਚਲਾਇਆ ਹੈ ਅਤੇ ਤੀਜੇ ਨੂੰ ਉੱਕਾ ਹੀ ਠੱਪ ਕਰ ਦਿਤਾ ਹੈ, ਤੇ ਇਸ ਤਰ੍ਹਾਂ ਹਿੰਦੁਸਤਾਨ ਦੀ ਜ਼ਰਾਇਤ ਤਬਾਹ ਹੋ ਰਹੀ ਹੈ। ਇਥੇ ਆਜ਼ਾਦ ਮੁਕਾਬਲੇ ਨੇ ਆਪਣੇ ਆਪ ਨੂੰ ਪੂਰੀ ਤਰ੍ਹਾਂ ਬਦਨਾਮ ਕਰ ਲਿਆ ਹੈ। ਬਣਾਉਣੀ ਤਰੀਕੇ ਨਾਲ ਜ਼ਮੀਨ ਦੇ ਉਪਜਾਊ ਬਣਾਏ ਜਾਣਾ, ਜਦੋਂ ਸਿੰਜਾਈ ਪ੍ਰਬੰਧ ਦਾ ਪਤਨ ਹੋ ਗਿਆ ਤਾਂ ਇਹ ਤੁਰਤ ਬੰਦ ਹੋ ਗਿਆ, ਇਸ ਤੱਥ ਦੀ ਵਿਆਖਿਆ ਕਰਦਾ ਹੈ ਜਿਹੜਾ ਉਂਜ ਕੁਝ ਕੁਝ ਅਜੀਬ ਲਗੇ ਕਿ ਸਮੁਚੇ ਖੇਤਰ ਜਿਨ੍ਹਾਂ ਤੇ ਇਕ ਸਮੇਂ ਸ਼ਾਨਦਾਰ ਢੰਗ ਨਾਲ ਕਾਸ਼ਤ ਹੁੰਦੀ ਸੀ ਹੁਣ ਬੰਜਰ ਅਤੇ ਉਜਾੜ ਪਏ ਹਨ (ਪਾਲਮੀਰਾ, ਪੇਤਰਾ, ਯਮਨ ਦੇ ਵਿਰਾਨ ਇਲਾਕੇ, ਮਿਸਰ, ਫਾਰਸ ਅਤੇ ਹਿੰਦੁਸਤਾਨ ਵਿਚ ਕਈ ਇਲਾਕੇ); ਇਸ ਤੋਂ ਇਸ ਤੱਥ ਦੀ ਵਿਆਖਿਆ ਹੁੰਦੀ ਹੈ ਕਿ ਇਕੋ ਹੀ ਤਬਾਹਕੁੰਨ ਜੰਗ ਸਦੀਆਂ ਤੱਕ ਇਕ ਦੇਸ ਨੂੰ ਬੇਆਬਾਦ ਕਰ ਸਕਦੀ

ਹੈ ਅਤੇ ਇਸ ਦੀ ਸਮੁਚੀ ਸਭਿਅਤਾ ਇਸ ਤੋਂ ਖੋਹ ਸਕਦੀ ਹੈ। ਮੇਰਾ ਖਿਆਲ ਹੈ ਕਿ ਮੁਹੰਮਦ ਤੋਂ ਪਹਿਲਾਂ ਦਖਣੀ-ਅਰਬ ਦੇ ਵਪਾਰ ਦੀ ਤਬਾਹੀ, ਜਿਸ ਨੂੰ ਤੂੰ ਠੀਕ ਹੀ ਮੁਹੰਮਦ ਦੇ ਇਨਕਲਾਬ ਦੇ ਮੁਖ ਅਨਸਰਾਂ ਵਿਚੋਂ ਇਕ ਸਮਝਿਆ ਹੈ, ਨੂੰ ਵੀ ਇਥੇ ਸ਼ਾਮਲ ਕਰ ਲਿਆ ਜਾਣਾ ਚਾਹੀਦਾ ਹੈ। ਮੈਨੂੰ ਈਸਾ ਤੋਂ ਮਗਰੋਂ ਪਹਿਲੀਆਂ ਛੇ ਸਦੀਆਂ ਦੇ ਵਾਣਜਿਕ ਇਤਿਹਾਸ ਦਾ ਏਨਾ ਭਰਪੂਰ ਗਿਆਨ ਨਹੀਂ ਕਿ ਮੈਂ ਇਹ ਨਿਰਣਾ ਕਰਨ ਦੇ ਯੋਗ ਹੋ ਸਕਾਂ ਕਿ ਸੰਸਾਰ ਦੀ ਵਿਆਪਕ ਪਦਾਰਥਕ ਸਥਿਤੀ ਨੇ ਕਿਸ ਹੱਦ ਤੱਕ ਫਾਰਸ ਤੋਂ ਕਾਲੇ ਸਾਗਰ ਰਾਹੀਂ ਅਤੇ ਫਾਰਸ ਦੀ ਖਾੜੀ ਤੋਂ ਸੀਰੀਆ ਅਤੇ ਏਸ਼ੀਆ ਮਾਈਨਰ* ਰਾਹੀਂ ਤਜਾਰਤੀ ਮਾਰਗ ਨੂੰ ਲਾਲ ਸਾਗਰ ਉਤਲੇ ਮਾਰਗ ਨਾਲੋਂ ਵਧੇਰੇ ਚੰਗਾ ਬਣਾ ਦਿਤਾ ਸੀ। ਪਰ ਹਰ ਹਾਲਤ ਵਿਚ ਸਾਸਾਨੀਆਂ ਦੀ ਵਿਵਸਥਾਬੱਧ ਫਾਰਸ ਦੀ ਸਲਤਨਤ ਵਿਚ ਕਾਫਲਿਆਂ ਦੀ ਸਾਪੇਖ ਸਲਾਮਤੀ ਦਾ ਚੋਖਾ ਅਸਰ ਹੋਇਆ, ਜਦੋਂ ਕਿ ੨੦੦ ਅਤੇ ੬੦੦ ਈਸਵੀ ਵਿਚਕਾਰ ਯਮਨ ਨੂੰ ਐਬੇਸੀਨੀਆਈਆਂ ਨੇ ਲਗਪਗ ਲਗਾਤਾਰ ਗੁਲਾਮ ਬਣਾਇਆ, ਇਸ ਤੇ ਹਮਲੇ ਕੀਤੇ ਅਤੇ ਇਸ ਨੂੰ ਲੁਟਿਆ। ਦਖਣੀ ਅਰਬ ਦੇ ਸ਼ਹਿਰ, ਜਿਹੜੇ ਰੋਮਨਾਂ ਦੇ ਵੇਲੇ ਅਜੇ ਪ੍ਰਫੁਲਤ ਸਨ, ਸਤਵੀਂ ਸਦੀ ਵਿਚ ਨਿਪਟ ਉਜਾੜਾਂ ਤੇ ਖੰਡਰ ਸਨ। ਪੰਜ ਸੌ ਸਾਲਾਂ ਦੇ ਅੰਦਰ ਅੰਦਰ ਗੁਆਂਢੀ ਬੱਦੂਆਂ ਨੇ ਉਹਨਾਂ ਦੇ ਮੂਲ ਦੀਆਂ ਖਾਲਸ ਮਿਥਿਹਾਸਕ ਜਾਂ ਪੌਰਾਣਿਕ, ਫ਼ਰਜ਼ੀ ਪਰੰਪਰਾਵਾਂ ਅਪਣਾ ਲਈਆਂ ਸਨ (ਵੇਖੋ ਕੁਰਾਨ ਅਤੇ ਅਰਬੀ ਇਤਿਹਾਸਕਾਰ ਨੋਵੇਰੀ), ਅਤੇ ਉਹ ਵਰਣਮਾਲਾ ਜਿਸ ਵਿਚ ਉਹਨਾਂ ਭਾਗਾਂ ਦੀਆਂ ਉਕਰਾਈਆਂ ਲਿਖੀਆਂ ਹੋਈਆਂ ਹਨ ਲਗਪਗ ਉੱਕਾ ਹੀ ਅਗਿਆਤ ਸੀ, ਭਾਵੇਂ **ਹੋਰ ਕੋਈ ਸੀ ਵੀ ਨਹੀਂ**, ਅਤੇ **ਇਸ ਤਰ੍ਹਾਂ ਲੇਖਣ ਵੀ** ਅਸਲ ਵਿਚ ਭੁਲ ਵਿਸਰ ਗਿਆ ਸੀ। "ਪਿਛੇ ਛਡ ਜਾਣ" ਦੇ ਇਲਾਵਾ ਜਿਸ ਦਾ ਕਾਰਨ ਸ਼ਾਇਦ ਵਿਆਪਕ ਵਾਣਜਿਕ ਸਥਿਤੀ ਸੀ ਇਸ ਕਿਸਮ ਦੀਆਂ ਗੱਲਾਂ ਸਿੱਧੀ ਅਤੇ ਜ਼ਬਰਦਸਤ ਤਬਾਹੀ ਦਾ ਅਮਲ ਪੂਰਵ ਨਿਸਚਿਤ ਕਰਦੀਆਂ ਹਨ ਜਿਸ ਦਾ ਕਾਰਨ ਇਥੀਓਪੀਆਈ ਹਮਲਾ ਹੀ ਕੇਵਲ ਹੋ ਸਕਦਾ ਹੈ। ਐਬੀਸੀਨੀਆਈਆਂ ਨੂੰ ਮੁਹੰਮਦ ਤੋਂ ਲਗਪਗ ਚਾਲੀ ਵਰ੍ਹੇ ਪਹਿਲਾਂ ਬਾਹਰ ਕਢਿਆ ਗਿਆ ਅਤੇ ਪ੍ਰਤੱਖ ਰੂਪ ਵਿਚ ਇਹ ਜਾਗ ਰਹੀ ਅਰਬ ਕੌਮੀ ਚੇਤੰਨਤਾ ਦਾ ਪਹਿਲਾ ਅਮਲ ਸੀ, ਜਿਸ ਨੂੰ ਉਤਰ ਵਲੋਂ ਫਾਰਸ ਵਾਸੀਆਂ ਦੇ ਹਮਲਿਆਂ ਨੇ ਵੀ ਉਤੇਜਿਤ ਕੀਤਾ, ਜਿਹੜੇ ਲਗਭਗ ਮੱਕੇ ਤੱਕ ਅੱਗੇ ਧੱਸ ਆਏ ਸਨ। ਮੈਂ ਕੇਵਲ ਅਗਲੇ ਕੁਝ ਦਿਨਾਂ ਵਿਚ ਹੀ ਖੁਦ ਮੁਹੰਮਦ ਦਾ ਇਤਿਹਾਸ ਵਾਚਾਂਗਾ; ਪਰ, ਹਾਲੇ ਤੱਕ ਤਾਂ ਮੈਨੂੰ ਇਸ ਉਤੇ ਸ਼ਹਿਰਾਂ ਦੇ ਟਿੱਕ ਕੇ

---

*ਅਜੋਕੇ **ਲੈਬਨਾਨ**, ਜਾਰਡਨ ਅਤੇ ਇਸਰਾਈਲ ਦੇ ਦੇਸ ਅਤੇ ਉਹਨਾਂ ਨਾਲ ਲਗਦਾ ਇਲਾਕਾ। —**ਅਨੁ**:

ਬੈਠੇ ਪਰ ਉਤਸ਼ਾਹਹੀਨ ਹੋਏ ਫ਼ਲਾਹੀਨਾਂ* ਵਿਰੁਧ, ਜਿਨ੍ਹਾਂ ਦਾ ਧਰਮ ਵੀ ਉਸ ਵੇਲੇ ਵਿਗਠਨ ਦੀ ਅਵਸਥਾ ਵਿਚ ਸੀ ਪ੍ਰਕਿਰਤੀ ਪੂਜਾ ਦਾ ਭ੍ਰਿਸ਼ਟ ਯਹੂਦੀਵਾਦ ਅਤੇ ਈਸਾਈਅਤ ਦਾ ਇਕ ਮਿਸ਼ਰਣ ਸੀ, ਬੱਦੂ ਪ੍ਰਤਿਕਰਮ ਦੇ ਚ੍ਰਿਤਰ ਦੀ ਛਾਪ ਪ੍ਰਤੀਤ ਹੁੰਦੀ ਹੈ।

ਬੁਢੇ ਬਰਨੀਯੇ** ਦੀ ਸਮਗਰੀ ਸਚਮੁਚ ਹੀ ਬਹੁਤ ਵਧੀਆ ਹੈ। ਇਕ ਗੰਭੀਰ, ਸਪਸ਼ਟ ਸੋਚ ਵਾਲੇ ਬੁਢੇ ਫ਼ਰਾਂਸੀਸੀ ਦੀ ਕੋਈ ਚੀਜ਼ ਪੜ੍ਹਨਾ ਇਕ ਵਾਰ ਹੋਰ ਸਚਮੁਚ ਅਨੰਦ ਵਾਲੀ ਗੱਲ ਹੈ, ਜਿਹੜਾ ਹਮੇਸ਼ਾ ਹੀ ਟਕਾਣੇ ਤੇ ਸੱਟ ਮਾਰਦਾ ਹੈ ਅਤੇ ਇਸ ਗਲੋਂ ਸੁਚੇਤ ਨਹੀਂ ਜਾਪਦਾ।...

ਮੂਲ ਪਾਠ ਜਰਮਨ ਵਿਚ ਹੈ

---

* ਕਿਸਾਨਾਂ। —ਅਨੁ:

** ਵੇਖੋ ਇਸ ਪੁਸਤਕ ਦੇ ਪੰਨੇ ੧੧੨-੧੧੪। —ਸੰਪਾ:

ਕਾਰਲ ਮਾਰਕਸ

# ਚਰਚ-ਵਿਰੋਧੀ ਲਹਿਰ — ਹਾਈਡ ਪਾਰਕ ਵਿਚ ਮੁਜ਼ਾਹਰਾ

ਲੰਦਨ, ੨੫ ਜੂਨ, ੧੮੫੫

ਇਕ ਪੁਰਾਣੀ ਅਤੇ ਇਤਿਹਾਸਕ ਤੌਰ ਤੇ ਪ੍ਰਮਾਣਿਤ ਕਹਾਵਤ ਹੈ ਕਿ ਵੇਲਾ ਵਿਹਾ ਚੁਕੀਆਂ ਸਮਾਜਕ ਸ਼ਕਤੀਆਂ, ਜਿਹੜੀਆਂ ਹਾਲੇ ਸੱਤਾ ਦੀਅ ਸਾਰੀਆਂ ਵਿਸ਼ੇਸ਼ਤਾਵਾਂ ਦੀਆਂ ਨਾਂ ਮਾਤਰ ਮਾਲਕ ਹੁੰਦੀਆਂ ਹਨ ਅਤੇ ਉਸ ਤੋਂ ਢੇਰ ਚਿਰ ਮਗਰੋਂ ਵੀ ਵਿਅਰਥ ਜਿਊਣਾ ਜਾਰੀ ਰਖਦੀਆਂ ਹਨ ਜਦੋਂ ਉਹਨਾਂ ਦੀ ਹੋਂਦ ਦਾ ਆਧਾਰ ਗਲ ਸੜ ਗਿਆ ਹੁੰਦਾ ਹੈ, ਕਿਉਂਕਿ ਵਾਰਸ, ਇਸ ਤੋਂ ਪਹਿਲਾਂ ਕਿ ਮੌਤ ਦੀ ਸੂਚਨਾ ਛਾਪੀ ਗਈ ਹੋਵੇ ਅਤੇ ਵਸੀਅਤ ਪੜ੍ਹੀ ਗਈ ਹੋਵੇ, ਵਿਰਾਸਤ ਉਤੇ ਆਪਸ ਵਿਚ ਝਗੜ ਰਹੇ ਹੁੰਦੇ ਹਨ — ਕਿ ਇਹ ਸ਼ਕਤੀਆਂ ਇਕ ਵਾਰ ਹੋਰ ਮੌਤ ਦੀ ਆਪਣੀ ਪੀੜਾ ਤੋਂ ਪਹਿਲਾਂ ਆਪਣੀ ਸ਼ਕਤੀ ਨੂੰ ਇਕਤਰ ਕਰ ਲੈਂਦੀਆਂ ਹਨ, ਬਚਾਓ ਤੋਂ ਆਕਰਮਣ ਵੱਲ ਜਾਂਦੀਆਂ ਹਨ, ਈਨ ਮੰਨਣ ਦੀ ਥਾਂ ਵੰਗਾਰਦੀਆਂ ਹਨ, ਅਤੇ ਉਹਨਾਂ ਧਰਾਤਲਾਂ ਤੋਂ ਜਿਹੜੇ ਨਾ ਕੇਵਲ ਸ਼ਕੀ ਸਾਬਤ ਹੋ ਚੁਕੇ ਹਨ ਸਗੋਂ ਜਿਹੜੇ ਤ੍ਰਿਸਕਾਰੇ ਜਾ ਚੁਕੇ ਹੁੰਦੇ ਹਨ ਬੇਹੱਦ ਅਤਿ ਪੱਖੀ ਨਿਰਣੇ ਕੱਢਣ ਦਾ ਜਤਨ ਕਰਦੀਆਂ ਹਨ। ਅੰਗ੍ਰੇਜ਼ ਜੁੰਡੀ-ਰਾਜ ਅੱਜ ਅਜਿਹੀ ਸ਼ਕਤੀ ਹੈ। **ਚਰਚ**, ਇਸ ਦਾ ਜੌੜਾ ਭਰਾ, ਅੱਜ ਅਜਿਹੀ ਸ਼ਕਤੀ ਹੈ। ਐਸਟੈਬਲਿਸ਼ਡ ਚਰਚ[71], "ਉਚੇ" ਅਤੇ "ਨੀਵੇਂ"[72] ਦੋਹਾਂ ਦੇ ਅੰਦਰ ਪੁਨਰ-ਗਠਨ ਦੇ ਅਣਗਿਣਤ ਜਤਨ ਹੋਏ ਹਨ, ਅਸਹਿਮਤੀਆਂ[73] ਨਾਲ ਸੁਲਾਹ ਕਰਨ ਅਤੇ ਇਸ ਪ੍ਰਕਾਰ ਕੌਮ ਦੇ ਸ਼ਰਧਾਹੀਨ ਜਨਸਮੂਹ ਦੇ ਮੁਕਾਬਲਾ ਕਰਨ ਲਈ ਇਕ ਗਠਵੀਂ ਸ਼ਕਤੀ ਕਾਇਮ ਕਰਨ ਦੇ ਜਤਨ। ਧਾਰਮਿਕ ਦਮਨ ਦੇ ਤੇਜ਼ੀ ਨਾਲ ਉਤੋੜਿਤੀ ਕਦਮ ਚੁਕੇ ਗਏ ਹਨ। ਧਰਮਾਤਮਾ ਸ਼ੈਫਟਸਬਰੀ ਦੇ ਅਰਲ, ਜਿਹੜਾ ਪਹਿਲਾਂ ਲਾਰਡ ਐਸ਼ਲੇ ਕਰਕੇ ਜਾਣਿਆ ਜਾਂਦਾ ਸੀ, ਨੇ ਹਾਊਸ ਆਫ਼ ਲਾਰਡਜ਼ ਵਿਚ ਇਸ ਤੱਥ ਦਾ ਰੋਣਾ ਰੋਇਆ ਸੀ ਕਿ ਇਕਲੇ ਇੰਗਲੈਂਡ ਵਿਚ ਹੀ ਪੰਜਾਹ ਲੱਖ ਲੋਕ ਕੇਵਲ ਚਰਚ ਤੋਂ ਹੀ ਨਹੀਂ ਸਗੋਂ ਉੱਕਾ ਹੀ ਈਸਾਈਅਤ ਤੋਂ ਪੂਰੀ ਤਰ੍ਹਾਂ ਬੇਮੁਖ ਹੋ ਗਏ ਹਨ। «Compelle intrare»*

---

* "ਉਹਨੂੰ ਆਉਣ ਲਈ ਮਨਾਓ" (ਧਾਰਮਕ ਵਾਕੰਸ਼)। — ਸੰਪਾ:

ਐਸਟੈਬਲਿਸ਼ਡ ਚਰਚ ਜਵਾਬ ਦੇਂਦਾ ਹੈ। ਇਹ ਕੰਮ ਇਹ ਲਾਰਡ ਐਸ਼ਲੇ ਅਤੇ ਇਹੋ ਜਿਹੇ ਅਸਹਿਮਤ, ਸੰਕੀਰਣ ਅਤੇ ਝਲਿਆਏ ਪਾਦਰੀਆਂ ਤੇ ਛਡ ਦੇਂਦਾ ਹੈ ਕਿ ਉਹ ਇਹਦੀ ਮੁਸ਼ਕਲ ਹਲ ਕਰਨ।

ਧਾਰਮਿਕ ਦਮਨ ਦਾ ਪਹਿਲਾ ਕਦਮ Beer Bill (ਬੀਅਰ ਬਿੱਲ) ਸੀ, ਜਿਸ ਨੇ ਐਤਵਾਰਾਂ ਨੂੰ ਸਰਵਜਨਕ ਦਿਲਪਰਚਾਵੇ ਦੀਆਂ ਸਾਰੀਆਂ ਥਾਵਾਂ, ਸ਼ਾਮ ਨੂੰ ੬ ਅਤੇ ੧੦ ਵਜੇ ਵਿਚਕਾਰ ਛੱਡ ਕੇ, ਬੰਦ ਕਰਵਾ ਦਿਤੀਆਂ। ਇਸ ਬਿੱਲ ਨੂੰ ਥੋੜੀ ਜਿਹੀ ਹਾਜ਼ਰੀ ਵਾਲੀ ਬੈਠਕ ਦੇ ਅਖੀਰ ਵਿਚ ਸਦਨ ਕੋਲੋਂ ਚੁਪਕੇ ਜਿਹੇ ਪਾਸ ਕਰਵਾ ਲਿਆ ਗਿਆ। ਇਸ ਤੋਂ ਪਹਿਲਾਂ ਧਰਮਾਤਮਾਵਾਂ ਨੇ ਲੰਦਨ ਦੇ ਵੱਡੇ ਸ਼ਰਾਬਖਾਨਿਆਂ ਦੇ ਮਾਲਕਾਂ ਨੂੰ ਇਸ ਗੱਲ ਦੀ ਜ਼ਾਮਨੀ ਦੇਕੇ ਕਿ ਲਸੰਸ ਪ੍ਰਣਾਲੀ ਜਾਰੀ ਰਹੇਗੀ, ਅਰਥਾਤ, ਕਿ ਵੱਡੀ ਪੂੰਜੀ ਆਪਣੀ ਅਜਾਰੇਦਾਰੀ ਕਾਇਮ ਰਖੇਗੀ, ਉਹਨਾਂ ਦੀ ਹਮਾਇਤ ਖਰੀਦ ਲਈ ਸੀ। ਇਸ ਤੋਂ ਪਿਛੋਂ Sunday Trading Bill ਆਇਆ, ਜਿਹੜਾ ਇਸ ਵੇਲੇ ਹਾਊਸ ਆਫ ਕਾਮਨਜ਼ ਵਿਚ ਆਪਣੇ ਤੀਜੇ ਪਾਠ ਵਿਚੋਂ ਲੰਘ ਚੁਕਾ ਹੈ ਅਤੇ ਜਿਸ ਦੀਆਂ ਵੱਖ ਵੱਖ ਧਾਰਾਵਾਂ ਉਤੇ ਸਮੁਚੇ ਸਦਨ ਦੇ ਕਮਿਸ਼ਨਾਂ ਵਿਚੋਂ ਇਕ ਨੇ ਹੁਣੇ ਜਿਹੇ ਹੀ ਬਹਿਸ ਕੀਤੀ ਹੈ। ਇਸ ਨਵੇਂ ਦਮਨਕਾਰੀ ਕਦਮ ਲਈ ਵੀ ਵੱਡੀ ਪੂੰਜੀ ਦੀ ਹਮਾਇਤ ਪੱਕੀ ਹੋ ਗਈ ਸੀ, ਕਿਉਂਕਿ ਐਤਵਾਰ ਨੂੰ ਕੇਵਲ ਛੋਟੇ ਦੁਕਾਨਦਾਰ ਹੀ ਦੁਕਾਨਾਂ ਖੁਲ੍ਹੀਆਂ ਰਖਦੇ ਹਨ ਅਤੇ ਵੱਡੀਆਂ ਦੁਕਾਨਾਂ ਦੇ ਮਾਲਕ ਪਾਰਲੀਮਾਨੀ ਸਾਧਨ ਨਾਲ ਇਸ ਚੰਗੜ ਬੋਟ ਦੇ ਐਤਵਾਰ ਦੇ ਮੁਕਾਬਲੇ ਨੂੰ ਖਤਮ ਕਰਨ ਲਈ ਬਿਲਕੁਲ ਰਜ਼ਾਮੰਦ ਹਨ। ਦੋਹਾਂ ਮਾਮਲਿਆਂ ਵਿਚ ਹੀ ਚਰਚ ਨੇ ਪੂੰਜੀ ਦੀ ਅਜਾਰੇਦਾਰੀ ਨਾਲ ਰਲਕੇ ਸਾਜ਼ਸ਼ ਕੀਤੀ ਹੈ, ਪਰ ਦੋਹਾਂ ਹਾਲਤਾਂ ਵਿਚ ਵਿਸ਼ੇਸ਼-ਅਧਿਕਾਰੀ ਜਮਾਤਾਂ ਦੀਆਂ ਜ਼ਮੀਰਾਂ ਨੂੰ ਸੁਖ ਆਰਾਮ ਪਹੁੰਚਾਉਣ ਲਈ ਹੇਠਲੀਆਂ ਜਮਾਤਾਂ ਦੇ ਖਿਲਾਫ ਧਾਰਮਿਕ ਦੰਡ ਦੇਣ ਸੰਬੰਧੀ ਕਾਨੂੰਨ ਹਨ। **ਬੀਅਰ ਬਿੱਲ** ਨੇ ਅਮੀਰਾਂ ਦੀਆਂ ਕਲੱਬਾਂ ਨੂੰ ਉਵੇਂ ਹੀ ਕੋਈ ਨੁਕਸਾਨ ਨਹੀਂ ਸੀ ਪਹੁੰਚਾਇਆ ਜਿਵੇਂ **ਸੰਡੇ ਟਰੇਡਿੰਗ ਬਿੱਲ** ਤੋਂ ਰਈਸ ਤਬਕੇ ਦੇ ਐਤਵਾਰੀ ਧੰਦਿਆਂ ਨੂੰ ਕੋਈ ਨੁਕਸਾਨ ਨਹੀਂ ਪਹੁੰਚਦਾ। ਮਜ਼ਦੂਰਾਂ ਨੂੰ ਉਹਨਾਂ ਦੀਆਂ ਉਜਰਤਾਂ ਸਨਿਚਰਵਾਰ ਦੀ ਸ਼ਾਮ ਨੂੰ ਮਿਲਦੀਆਂ ਹਨ; ਐਤਵਾਰਾਂ ਨੂੰ ਦੁਕਾਨਾਂ ਕੇਵਲ ਉਹਨਾਂ ਵਾਸਤੇ ਹੀ ਖੁਲ੍ਹਦੀਆਂ ਹਨ। ਕੇਵਲ ਉਹ ਲੋਕ ਹੀ ਆਪਣੀਆਂ ਖਰੀਦਾਰੀਆਂ, ਭਾਵੇਂ ਉਹ ਕਿੰਨੀਆਂ ਨਿਕੀਆਂ ਹੁੰਦੀਆਂ ਹਨ, ਐਤਵਾਰਾਂ ਨੂੰ ਕਰਨ ਲਈ ਮਜਬੂਰ ਹਨ। ਇਸ ਲਈ ਨਵਾਂ ਬਿੱਲ ਕੇਵਲ ਉਹਨਾਂ ਦੇ ਖਿਲਾਫ ਹੀ ਜਾਂਦਾ ਹੈ। ਅਠਾਰ੍ਹਵੀਂ ਸਦੀ ਵਿਚ ਫ਼ਰਾਂਸੀਸੀ ਅਮੀਰਸ਼ਾਹੀ ਨੇ ਆਖਿਆ ਸੀ: ਸਾਡੇ ਲਈ, ਵਾਲਟੇਅਰ, ਲੋਕਾਂ ਲਈ, ਪੂਜਾ-ਸਮਾਰੋਹ ਅਤੇ ਦਸਵੰਧ। ਉਨ੍ਹੀਵੀਂ ਸਦੀ ਵਿਚ ਅੰਗ੍ਰੇਜ਼ ਅਮੀਰਸ਼ਾਹੀ ਕਹਿੰਦੀ ਹੈ: ਸਾਡੇ ਲਈ, ਸਦਾਚਾਰੀ ਲਫਾਜ਼ੀ, ਲੋਕਾਂ ਲਈ, ਈਸਾਈ ਵਿਹਾਰ।

ਈਸਾਈਅਤ ਦੇ ਕਲਾਸੀਕੀ ਸੰਤਾਂ ਨੇ ਜਨਸਮੂਹ ਦੀਆਂ ਆਤਮਾਵਾਂ ਦੇ ਨਿਸਤਾਰੇ ਲਈ **ਆਪਣੇ** ਸਰੀਰ ਨੂੰ ਮਾਰਿਆ ਸੀ; ਆਧੁਨਿਕ, ਸਿਖਿਅਤ ਸੰਤ ਆਪਣੀ ਆਤਮਾ ਦੇ ਨਿਸਤਾਰੇ ਲਈ **ਜਨਸਮੂਹ ਦੇ ਸਰੀਰਾਂ** ਨੂੰ ਮਾਰਦਾ ਹੈ।

ਦੁਰਾਚਾਰੀ, ਅਧੋਗਤੀ ਵੱਲ ਜਾ ਰਹੀ ਅਤੇ ਅਯਾਸ਼ ਅਮੀਰਸ਼ਾਹੀ ਦਾ ਚਰਚ ਨਾਲ ਇਹ ਇਤਿਹਾਦ, ਜਿਸ ਨੂੰ ਗੰਦੇ ਮੁਨਾਫ਼ਿਆਂ ਦਾ ਭਰੋਸਾ ਰਖਣ ਵਾਲੇ ਵੱਡੇ ਵੱਡੇ ਸ਼ਰਾਬ ਕੱਢਣ ਵਾਲਿਆਂ ਅਤੇ ਅਜਾਰੇਦਾਰ ਥੋਕ ਵਪਾਰੀਆਂ ਦਾ ਸਹਾਰਾ ਹੈ, ਕਲ ਹਾਈਡ ਪਾਰਕ ਵਿਚ ਇਕ **ਜਨਤਕ ਮੁਜ਼ਾਹਰੇ** ਦਾ ਸਬੱਬ ਬਣਿਆ, ਜਿਸ ਕਿਸਮ ਦਾ ਮੁਜ਼ਾਹਰਾ ਜਾਰਜ ਚੌਥੇ, "ਯੂਰਪ ਦੇ ਪਹਿਲੇ ਭਦਰਪੁਰਸ਼" ਦੀ ਮੌਤ ਉਪਰੰਤ ਲੰਦਨ ਵਿਚ ਨਹੀਂ ਹੋਇਆ। ਅਸੀਂ ਸ਼ੁਰੂ ਤੋਂ ਅਖੀਰ ਤੱਕ ਇਸ ਦੇ ਦਰਸ਼ਕ ਸਾਂ ਅਤੇ ਸਾਡਾ ਖਿਆਲ ਹੈ ਕਿ ਜੇ ਇਹ ਆਖਿਆ ਜਾਏ **ਕਿ ਅੰਗ੍ਰੇਜ਼ ਇਨਕਲਾਬ ਕੱਲ ਹਾਈਡ ਪਾਰਕ ਵਿਚ ਸ਼ੁਰੂ ਹੋਇਆ** ਤਾਂ ਇਹ ਅਤਿਕਥਨੀ ਨਹੀਂ। ਕਰੀਮੀਆ ਦੀਆਂ ਅਤਿ ਸੱਜਰੀਆਂ ਖਬਰਾਂ[74] ਨੇ ਇਸ "**ਗੈਰ-ਪਾਰਲੀਮਾਨੀ**," "**ਪਰਾ-ਪਾਰਲੀਮਾਨੀ**" ਅਤੇ "**ਪਾਰਲੀਮੈਂਟ-ਵਿਰੋਧੀ**" ਮੁਜ਼ਾਹਰੇ ਉਤੇ ਇਕ ਅਸਰਦਾਰ ਖ਼ਮੀਰ ਦਾ ਕੰਮ ਕੀਤਾ।

ਲਾਰਡ **ਰਾਬਰਟ ਗਰਾਸਵੇਨਰ** ਨੇ, ਜਿਹੜਾ ਸੰਡੇ ਟਰੇਡਿੰਗ ਬਿੱਲ ਦਾ ਜਨਮਦਾਤਾ ਸੀ, ਜਦੋਂ ਉਸ ਦੇ ਇਸ ਕਦਮ ਸੰਬੰਧੀ ਉਸ ਅਗੇ ਗਿਲਾ ਕੀਤਾ ਗਿਆ, ਅਤੇ ਆਖਿਆ ਗਿਆ ਕਿ ਇਹ ਸਿੱਧੇ ਤੌਰ ਤੇ ਨਰੋਲ ਗਰੀਬਾਂ ਦੇ ਖਿਲਾਫ ਹੈ ਅਤੇ ਧਨੀ ਜਮਾਤਾਂ ਦੇ ਖਿਲਾਫ ਨਹੀਂ, ਪਰਤਵਾਂ ਜਵਾਬ ਦਿਤਾ ਕਿ

> "ਅਮੀਰਸ਼ਾਹੀ ਆਪਣੇ ਨੌਕਰਾਂ ਤੇ ਘੋੜਿਆਂ ਤੋਂ ਐਤਵਾਰਾਂ ਨੂੰ ਕੰਮ ਲੈਣ ਤੋਂ ਬਹੁਤ ਕਰਕੇ ਸੰਕੋਚ ਕਰਦੀ ਹੈ।"

ਪਿਛਲੇ ਹਫਤੇ ਦੇ ਆਖਰੀ ਕੁਝ ਦਿਨ **ਚਾਰਟਿਸਟਾਂ**[75] ਵਲੋਂ ਛਾਪੇ ਅਤੇ ਲੰਦਨ ਦੀਆਂ ਕੰਧਾਂ ਉਤੇ ਲਾਏ ਗਏ ਹੇਠ ਲਿਖਤ ਇਸ਼ਤਿਹਾਰ ਨੇ ਮੋਟੇ ਮੋਟੇ ਅੱਖਰਾਂ ਵਿਚ ਐਲਾਨ ਕੀਤਾ:

> "**ਨਵਾਂ ਸੰਡੇ ਬਿੱਲ** ਅਖਬਾਰਾਂ ਦੀ ਹਜਾਮਤ ਦੀ, ਸਿਗਰਟ ਪੀਣ, ਖਾਣ ਅਤੇ ਪੀਣ ਦੀ ਅਤੇ ਹਰ ਕਿਸਮ ਦੇ ਮਨੋਰੰਜਨ ਤੇ ਅਹਾਰ, ਸਰੀਰਕ ਤੇ ਰੂਹਾਨੀ ਦੋਵੇਂ, ਦੀ, ਜਿਸ ਦਾ ਵਿਚਾਰੇ **ਗਰੀਬ** ਵਰਤਮਾਨ ਸਮੇਂ ਹਾਲੇ ਤੱਕ ਅਨੰਦ ਲੈਂਦੇ ਹਨ, ਮਨਾਹੀ ਕਰਦਾ ਹੈ। ਕਾਰੀਗਰਾਂ, ਮਜ਼ਦੂਰਾਂ ਅਤੇ ਆਮ ਕਰਕੇ ਰਾਜਧਾਨੀ ਦੇ '**ਹੇਠਲੇ ਵਰਗਾਂ**' ਦਾ ਇਕ **ਜਲਸਾ** ਐਤਵਾਰ ਸ਼ਾਮ ਨੂੰ ਹਾਈਡ ਪਾਰਕ ਦੇ **ਖੁਲ੍ਹੇ ਮੈਦਾਨ ਵਿਚ** ਹੋਵੇਗਾ ਜਿਸ ਵਿਚ ਇਹ ਵੇਖਿਆ ਜਾਏਗਾ

ਕਿ ਅਮੀਰਸ਼ਾਹੀ ਕਿੰਨੀ ਕੁ ਧਾਰਮਿਕਤਾ ਨਾਲ ਸੈਬੱਥ* ਮਨਾਉਂਦੀ ਹੈ ਅਤੇ ਇਸ ਦਿਨ ਇਹ ਆਪਣੇ ਨੌਕਰਾਂ ਅਤੇ ਘੋੜਿਆਂ ਤੋਂ ਕੰਮ ਨਾ ਲੈਣ ਲਈ, ਜਿਵੇਂ ਕਿ ਲਾਰਡ ਰਾਬਰਟ ਗਰਾਸਵੈਨਰ ਨੇ ਆਪਣੇ ਭਾਸ਼ਨ ਵਿਚ ਆਖਿਆ ਸੀ, ਕਿੰਨੀ ਕੁ ਉਤਸੁਕ ਹੈ। ਜਲਸਾ ਸਰਪੈਨਟਾਈਨ" (ਹਾਈਡ ਪਾਰਕ ਵਿਚ ਇਕ ਛੋਟਾ ਜਿਹਾ ਦਰਿਆ) "ਦੇ ਸੱਜੇ ਕੰਢੇ ਕੈਨਸਿੰਗਟਨ ਪਾਰਕ ਵਾਲੇ ਪਾਸੇ ਤਿੰਨ ਵਜੇ ਹੋਵੇਗਾ। ਆਪ ਆਓ ਅਤੇ ਆਪਣੇ ਬੀਵੀ ਬੱਚਿਆਂ ਨੂੰ ਲਿਆਓ ਤਾਂ ਜੋ ਉਹਨਾਂ ਨੂੰ ਉਸ ਉਦਾਹਰਣ ਦਾ ਲਾਭ ਪੁਜੇ ਜਿਹੜੀ ਉਹਨਾਂ ਤੋਂ "**ਚੰਗੇਰਿਆਂ**" ਨੇ ਉਹਨਾਂ ਲਈ ਕਾਇਮ ਕੀਤੀ ਹੈ!"

ਨਿਰਸੰਦੇਹ, ਇਹ ਯਾਦ ਰਖਣਾ ਚਾਹੀਦਾ ਹੈ ਕਿ ਪੈਰਿਸ-ਵਾਸੀਆਂ ਲਈ **ਲੋਸ਼ਾਂ**** ਦਾ ਜੋ ਅਰਥ ਹੈ, ਅੰਗ੍ਰੇਜ਼ ਉਚੇ ਸਮਾਜ ਲਈ ਹਾਈਡ ਪਾਰਕ ਵਿਚ ਸਰਪੈਨਟਾਈਨ ਦੇ ਨਾਲ ਨਾਲ ਸੜਕ ਦਾ ਇਹੋ ਮਤਲਬ ਹੈ—ਉਹ ਥਾਂ ਜਿਥੇ ਸ਼ਾਮ ਨੂੰ, ਖਾਸ ਕਰਕੇ ਐਤਵਾਰ, ਉਹ ਆਪਣੇ ਸ਼ਾਨਦਾਰ ਘੋੜਿਆਂ ਅਤੇ ਆਪਣੀਆਂ ਬੱਘੀਆਂ ਦਾ ਉਹਨਾਂ ਦੀ ਪੂਰੀ ਸੱਜ ਧੱਜ ਨਾਲ ਪਰਦਰਸ਼ਨ ਕਰਦੇ ਹਨ, ਜਿਨ੍ਹਾਂ ਦੇ ਪਿਛੇ ਉਹਨਾਂ ਦੇ ਚਾਕਰਾਂ ਦੀਆਂ ਭੀੜਾਂ ਹੁੰਦੀਆਂ ਹਨ। ਉਪਰੋਕਤ ਇਸ਼ਤਿਹਾਰ ਤੋਂ ਅਨੁਭਵ ਹੋ ਜਾਏਗਾ ਕਿ ਪਾਦਰੀਵਾਦ ਵਿਰੁਧ ਸੰਗਰਾਮ ਨੇ ਇੰਗਲੈਂਡ ਵਿਚ ਉਹੋ ਚ੍ਰਿਤਰ ਧਾਰਨ ਕਰ ਲਿਆ ਹੈ ਜਿਹੜਾ ਹਰ ਦੂਜੇ ਗੰਭੀਰ ਸੰਗਰਾਮ ਨੇ ਉਥੇ ਕੀਤਾ—ਧਨੀਆਂ ਦੇ ਖਿਲਾਫ ਗ਼ਰੀਬਾਂ ਵਲੋਂ, ਅਮੀਰਸ਼ਾਹੀ ਦੇ ਖਿਲਾਫ ਲੋਕਾਂ ਵਲੋਂ ਆਪਣੇ ਤੋਂ "ਚੰਗੇਰਿਆਂ" ਦੇ ਖਿਲਾਫ "ਹੇਠਲੇ ਵਰਗਾਂ ਦੇ ਲੋਕਾਂ" ਵਲੋਂ ਲੜੇ ਜਾਂਦੇ **ਜਮਾਤੀ ਸੰਗਰਾਮ** ਦਾ ਚ੍ਰਿਤਰ।

ਤਿੰਨ ਵਜੇ ਲਗਪਗ ੫੦,੦੦੦ ਲੋਕ ਹਾਈਡ ਪਾਰਕ ਦੀਆਂ ਵਿਸ਼ਾਲ ਜੂਹਾਂ ਵਿਚ ਸਰਪੈਨਟਾਈਨ ਦੇ ਸੱਜੇ ਕੰਢੇ ਐਲਾਨੀ ਥਾਂ ਉਤੇ ਇਕੱਠੇ ਹੋ ਗਏ ਸਨ। ਹੌਲੀ ਹਲੀ ਇਕੱਠਾ ਹੋਇਆ ਹਜੂਮ ਦੂਜੇ ਕੰਢੇ ਤੋਂ ਲੋਕਾਂ ਦੇ ਆ ਜਾਣ ਨਾਲ ਵਧ ਕੇ ਘਟੋ ਘਟ ੨,੦੦,੦੦੦ ਹੋ ਗਿਆ ਸੀ। ਲੋਕਾਂ ਦੀਆਂ ਬੇਮੁਹਾਰੀਆਂ ਟੋਲੀਆਂ ਥਾਂ ਥਾਂ ਤੋਂ ਧਾਹ ਕੇ ਅੱਗੇ ਆਉਂਦੀਆਂ ਵੇਖੀਆਂ ਜਾ ਸਕਦੀਆਂ ਸਨ। ਪੁਲੀਸ, ਜਿਹੜੀ ਵੱਡੀ ਗਿਣਤੀ ਵਿਚ ਮੌਜੂਦ ਸੀ, ਜਲਸੇ ਦੇ ਜਥੇਬੰਦਕਾਂ ਨੂੰ ਉਸ ਚੀਜ਼ ਤੋਂ ਜਿਸ ਦੀ ਧਰਤੀ ਨੂੰ ਹਿਲਾ ਦੇਣ ਲਈ ਅਰਸ਼ਮੀਦਸ ਨੇ ਮੰਗ ਕੀਤੀ ਸੀ, ਅਰਥਾਤ ਖੜੇ

---

*ਈਸਾ ਦੇ ਪੁਨਰ-ਉਥਾਨ ਦੀ ਯਾਦ ਵਿਚ ਬਹੁਤੇ ਈਸਾਈਆਂ ਵਲੋਂ ਧਾਰਮਿਕ ਕਾਰਜ ਅਤੇ ਆਰਾਮ ਕਰਕੇ ਮਨਾਇਆ ਜਾਂਦਾ ਐਤਵਾਰ ਦਾ ਦਿਨ।—**ਅਨੁ:**

**ਪੈਰਿਸ ਦੇ ਬਾਹਰਵਾਰ ਘੁੜਦੌੜ ਦਾ ਇਕ ਮੈਦਾਨ।—**ਸੰਪਾ:**

ਹੋਣ ਲਈ ਥਾਂ, ਤੋਂ ਵਿਰਵਾ ਰਖਣ ਦਾ ਪ੍ਰਤੱਖ ਤੌਰ ਤੇ ਹੀਲਾ ਕਰ ਰਹੀ ਸੀ। ਅਖੀਰ ਇਕ ਚੋਖੀ ਵੱਡੀ ਭੀੜ ਨੇ ਪੱਕੇ ਪੈਰ ਜਮਾ ਲਏ ਅਤੇ ਚਾਰਟਿਸਟ **ਬਲਾਈ** ਨੇ ਭੀੜ ਦੇ ਵਿਚਾਲੇ ਇਕ ਥੋੜੀ ਜਿਹੀ ਉੱਚੀ ਥਾਂ ਉਤੇ ਆਪਣੇ ਆਪ ਨੂੰ ਪ੍ਰਧਾਨ ਥਾਪ ਲਿਆ। ਅਜੇ ਉਸ ਨੇ ਆਪਣਾ ਲੈਕਚਰ ਸ਼ੁਰੂ ਕੀਤਾ ਹੀ ਸੀ ਕਿ ਡੰਡਾ ਘੁਮਾਉਂਦੇ ੪੦ ਸਿਪਾਹੀਆਂ ਨੂੰ ਪਿਛੇ ਲੈਕੇ ਪੁਲੀਸ ਇੰਸਪੈਕਟਰ ਬੈਂਕਸ ਉਸ ਨੂੰ ਆ ਕੇ ਸਮਝਾਉਣ ਲਗਾ ਕਿ ਹਾਈਡ ਪਾਰਕ **ਰਾਜ ਦੇ ਮੁਖੀ** ਦੀ ਨਿਜੀ ਮਲਕੀਅਤ ਹੈ ਅਤੇ ਇਸ ਵਿਚ ਕੋਈ ਜਲਸਾ ਨਹੀਂ ਕੀਤਾ ਜਾ ਸਕਦਾ। ਕੁਝ ਕੁ pourparlers* ਮਗਰੋਂ ਜਿਸ ਵਿਚ ਬਲਾਈ ਨੇ ਉਸ ਨੂੰ ਇਹ ਸਪਸ਼ਟ ਕਰਨ ਦਾ ਜਤਨ ਕੀਤਾ ਕਿ ਪਾਰਕ ਸਰਵਜਨਕ ਜਾਇਦਾਦ ਹੈ ਅਤੇ ਜਿਸ ਵਿਚ ਬੈਂਕਸ ਨੇ ਮੋੜਵਾਂ ਉਤਰ ਦਿਤਾ ਕਿ ਜੇ ਉਸ ਨੇ ਆਪਣਾ ਮਨਸ਼ਾ ਪੂਰਾ ਕਰਨ ਦੀ ਜ਼ਿਦ ਕੀਤੀ ਤਾਂ ਉਸ ਨੂੰ ਗ੍ਰਿਫ਼ਤਾਰ ਕਰ ਲੈਣ ਲਈ ਉਹਨੂੰ ਸਖ਼ਤੀ ਨਾਲ ਹੁਕਮ ਦਿਤਾ ਗਿਆ ਹੈ, ਬਲਾਈ ਆਪਣੇ ਆਲੇ ਦੁਆਲੇ ਬੜ੍ਹਕਾਂ ਮਾਰਦੇ ਜਨਸਮੂਹ ਵਿਚੋਂ ਜ਼ੋਰ ਦੀ ਆਵਾਜ਼ ਵਿਚ ਬੋਲਿਆ :

> "ਹਰ ਮੈਜੈਸਟੀ** ਦੀ ਪੁਲੀਸ ਐਲਾਨ ਕਰਦੀ ਹੈ ਕਿ ਹਾਈਡ ਪਾਰਕ ਰਾਜ ਦੇ ਮੁਖੀ ਦੀ ਨਿੱਜੀ ਜਾਇਦਾਦ ਹੈ ਅਤੇ ਕਿ ਹਰ ਮੈਜੈਸਟੀ ਇਸ ਗੱਲ ਦੀ ਆਗਿਆ ਦੇਣ ਲਈ ਰਜ਼ਾਮੰਦ ਨਹੀਂ ਕਿ ਲੋਕ ਉਸ ਦੀ ਜ਼ਮੀਨ ਦੀ ਜਲਸਿਆਂ ਲਈ ਵਰਤੋਂ ਕਰਨ। ਇਸ ਲਈ ਆਓ ਅਸੀਂ ਆਕਸਫ਼ੋਰਡ ਮਾਰਕੀਟ ਚਲੀਏ।"

ਵਿਅੰਗਾਤਮਕ ਨਾਹਰੇ: «God save the Queen!» ("ਰੱਬ ਮਲਕਾ ਨੂੰ ਬਚਾਵੇ!") ਨਾਲ ਭੀੜ ਆਕਸਫੋਰਡ ਮਾਰਕੀਟ ਦੇ ਸਫਰ ਲਈ ਖਿੰਡ-ਪੁੰਡ ਗਈ। ਪਰ ਇੱਚਰ ਨੂੰ, ਚਾਰਟਿਸਟ ਕਾਰਜਕਾਰਨੀ ਦਾ ਇਕ ਮੈਂਬਰ, **ਫਿਨਲੇਨ**, ਥੋੜ੍ਹੀ ਜਿਹੀ ਦੂਰ ਇਕ ਰੁਖ ਵੱਲ ਭੱਜਾ ਗਿਆ, ਤੇ ਉਸ ਦੇ ਪਿਛੇ ਹੀ ਹਜੂਮ ਜਿਸ ਨੇ ਅੱਖ ਦੇ ਪਲਕਾਰੇ ਵਿਚ ਉਹਦੇ ਦੁਆਲੇ ਏਨਾ ਸੰਘਣਾ ਅਤੇ ਗਠਵਾਂ ਘੇਰਾ ਬਣਾ ਲਿਆ ਕਿ ਪੁਲੀਸ ਨੇ ਉਸ ਤੱਕ ਅਪੜਨ ਦਾ ਆਪਣਾ ਜਤਨ ਤਿਆਗ ਦਿਤਾ।

> "ਹਫਤੇ ਦੇ ਛੇ ਦਿਨ", ਉਸ ਨੇ ਆਖਿਆ, "ਸਾਡੇ ਨਾਲ ਗੁਲਾਮਾਂ ਵਾਲਾ ਸਲੂਕ ਕੀਤਾ ਜਾਂਦਾ ਹੈ ਅਤੇ ਹੁਣ ਪਾਰਲੀਮੈਂਟ ਆਜ਼ਾਦੀ ਦਾ ਉਹ ਭੋਰਾ

---

*ਗੱਲਾਂ ਬਾਤਾਂ। — **ਸੰਪਾ:**

**ਬਰਤਾਨੀਆ ਦੀ ਮਲਕਾ ਨੂੰ ਸੰਬੋਧਨ ਕਰਨ ਜਾਂ ਉਸ ਦਾ ਜ਼ਿਕਰ ਕਰਨ ਦਾ ਢੰਗ। — **ਸੰਪਾ:**

ਵੀ, ਜਿਹੜਾ ਅਜੇ ਸਤਵੇਂ ਦਿਨ ਸਾਡੇ ਕੋਲ ਹੈ, ਸਾਡੇ ਕੋਲੋਂ ਖੋਹ ਲੈਣਾ ਚਾਹੁੰਦੀ ਹੈ। ਬਗਲਾ ਭਗਤ ਪਾਦਰੀਆਂ ਨਾਲ ਰਲਕੇ ਇਹ ਜੁੰਡੀ ਰਾਜ ਦੇ ਹਾਕਮ ਤੇ ਪੂੰਜੀਪਤੀ ਕਰੀਮੀਆ ਵਿਚ ਲੋਕਾਂ ਦੇ ਸਪੂਤਾਂ ਦੇ ਨਾਵਾਜਬ ਕਤਲ ਲਈ ਆਪਣਾ ਮਨ ਮਾਰਨ ਦੀ ਥਾਂ ਸਾਡੇ ਮਨ ਨੂੰ ਮਾਰਕੇ **ਪਸ਼ਚਾਤਾਪ** ਕਰਨ ਦੇ ਇੱਛਕ ਹਨ।"

ਅਸੀਂ ਇਸ ਟੋਲੀ ਨੂੰ ਛੱਡ ਕੇ ਇਕ ਹੋਰ ਕੋਲ ਚਲੇ ਗਏ ਜਿਥੇ ਇਕ ਵਕਤਾ ਜ਼ਮੀਨ ਉਤੇ ਵਿਛਿਆ ਪਿਆ ਇਸ ਦੁਮੇਲਮੁਖ ਸਥਿਤੀ ਤੋਂ ਆਪਣੇ ਸਰੋਤਿਆਂ ਨੂੰ ਸੰਬੋਧਨ ਕਰ ਰਿਹਾ ਸੀ। ਅਚਾਨਕ ਸਭਨਾਂ ਪਾਸਿਆਂ ਤੋਂ ਉੱਚੀ ਉੱਚੀ ਆਵਾਜ਼ਾਂ ਸੁਣੀਆਂ ਗਈਆਂ "ਆਓ ਸੜਕ ਵੱਲ, ਬਘੀਆਂ ਵੱਲ ਚਲੀਏ!" ਇੱਚਰ ਨੂੰ ਘੁੜਸਵਾਰਾਂ ਅਤੇ ਬਘੀਆਂ ਵਿਚ ਬੈਠਿਆਂ ਹੋਇਆਂ ਵੱਲ ਹੇਠੀ ਭਰੇ ਸ਼ਬਦਾਂ ਦੀ ਵਾਛੜ ਸ਼ੁਰੂ ਹੋ ਚੁਕੀ ਸੀ। ਸਿਪਾਹੀਆਂ ਨੇ, ਜਿਨ੍ਹਾਂ ਨੂੰ ਸ਼ਹਿਰ ਤੋਂ ਲਗਾਤਾਰ ਕੁਮਕ ਪਹੁੰਚਦੀ ਗਈ ਸੀ, ਟਹਿਲਦੇ ਫਿਰਦੇ ਸੜਕ ਸਵਾਰਾਂ ਨੂੰ ਬਘੀਆਂ ਵਾਲੀ ਸੜਕ ਤੋਂ ਪਰੇ ਧੱਕਿਆ। ਇਸ ਤਰ੍ਹਾਂ ਉਹਨਾਂ ਇਹ ਕੰਮ ਕਰਨ ਵਿਚ ਸਹਾਇਤਾ ਕੀਤੀ ਕਿ ਸੜਕ ਦੇ ਦੋਵੇਂ ਪਾਸੇ ਐਪਸਲੇ ਹਾਊਸ ਰਾਟਨ-ਰੋ ਤੱਕ ਸਰਪੈਨਟਾਈਨ ਦੇ ਨਾਲ ਨਾਲ ਕੈਨਸਿੰਗਟਨ ਗਾਰਡਨ ਤੱਕ — ਪੰਦਰਾਂ ਮਿੰਟ ਤੋਂ ਵਧੇਰੇ ਸਮੇਂ ਦਾ ਸਫਰ — ਲੋਕਾਂ ਦੀਆਂ ਸੰਘਣੀਆਂ ਕਤਾਰਾਂ ਬਣ ਗਈਆਂ। ਦਰਸ਼ਕਾਂ ਵਿਚ ਲਗਪਗ ਦੋ-ਤਿਹਾਈ ਮਜ਼ਦੂਰ ਅਤੇ ਇਕ-ਤਿਹਾਈ ਦਰਮਿਆਨੀ ਜਮਾਤ ਦੇ ਲੋਕ ਸਨ, ਸਾਰੇ ਹੀ ਬੀਵੀ ਬੱਚਿਆਂ ਨਾਲ। ਛੈਲ ਛਬੀਲੀਆਂ ਸੁਆਣੀਆਂ ਅਤੇ ਸਾਊਆਂ, "ਹਾਊਸ ਆਫ਼ ਕਾਮਨਜ਼, ਹਾਊਸ ਆਫ਼ ਲਾਰਡਜ਼ ਦੇ ਮੈਂਬਰਾਂ" ਦਾ ਜਲੂਸ, ਜੋ ਆਪਣੀਆਂ ਚਾਰ ਘੋੜੇ ਵਾਲੀਆਂ ਬਘੀਆਂ ਵਿਚ ਜਿਨ੍ਹਾਂ ਦੇ ਅੱਗੇ ਪਿਛੇ ਵਰਦੀਆਂ ਪਾਈ ਉਹਨਾਂ ਦੇ ਚਾਕਰ ਸਨ, ਤੇ ਇਹਨਾਂ ਬਘੀਆਂ ਨਾਲ, ਯਕੀਨਨ, ਸ਼ਰਾਬ ਦੇ ਅਸਰ ਹੇਠ ਕੁਝ ਬਜ਼ੁਰਗ ਘੁੜਸਵਾਰ ਸ਼ਾਮਲ ਸਨ, ਇਸ ਵਾਰ ਸ਼ਾਨ ਨਾਲ ਨਹੀਂ ਸੀ ਲੰਘਿਆ ਸਗੋਂ ਉਹਨਾਂ ਨੇ ਸਵੈ-ਇੱਛਕ ਅਦਾਕਾਰਾਂ ਦਾ ਰੋਲ ਅਦਾ ਕੀਤਾ ਜਿਨ੍ਹਾਂ ਨੂੰ ਚੁਭਵੇਂ ਬੋਲ ਸੁਣਨੇ ਪਏ। ਮਸ਼ਕਰੀਆਂ, ਟਿਚਰਾਂ, ਖਰ੍ਹਵੀਆਂ ਆਵਾਜ਼ਿਆਂ, ਜਿਸ ਵਿਚ ਕੋਈ ਹੋਰ ਭਾਸ਼ਾ ਏਨੀ ਅਮੀਰ ਨਹੀਂ ਜਿੰਨੀ ਅੰਗ੍ਰੇਜ਼ੀ, ਦਾ ਇਕ ਤੂਫਾਨ ਦੋਹਾਂ ਪਾਸਿਆਂ ਤੋਂ ਉਹਨਾਂ ਉਤੇ ਟੁਟ ਪਿਆ। ਜਿਵੇਂ ਇਹ ਕੋਈ ਤੱਦ-ਵਰਤੀ ਰਾਗ-ਰੰਗ ਦਾ ਪ੍ਰੋਗਰਾਮ ਹੋਵੇ, ਸਿਰਫ ਸਾਜ਼ਾਂ ਦੀ ਘਾਟ ਸੀ। ਇਸ ਲਈ ਸੰਗੀਤ ਮੰਡਲੀ ਕੋਲ ਕੇਵਲ ਆਪਣੇ ਹੀ ਸੁਰ-ਸਾਧਨ ਸਨ ਅਤੇ ਉਹ ਆਪਣੇ ਆਪ ਨੂੰ ਗਾਉਣ ਤੱਕ ਸੀਮਤ ਰਖਣ ਲਈ ਮਜਬੂਰ ਸੀ। ਅਤੇ ਕਿਹੋ ਜਿਹਾ ਸ਼ੈਤਾਨੀ ਰਾਗ-ਰੰਗ ਸੀ ਇਹ: ਘੁਰਕਦੀਆਂ, ਫੁੰਕਾਰਦੀਆਂ, ਸੀਟੀਆਂ ਵਜਾਉਂਦੀਆਂ, ਚੂੰ ਚੂੰ ਕਰਦੀਆਂ, ਸਾੜਵੀਆਂ ਗਰਜਦੀਆਂ,

ਟਰ ਟਰ ਕਰਦੀਆਂ, ਕੂਕਦੀਆਂ, ਕਰਾਹੁੰਦੀਆਂ, ਖੜਕਦੀਆਂ, ਚੀਕਦੀਆਂ, ਕਰੀਚਦੀਆਂ, ਆਵਾਜ਼ਾਂ ਦੀ ਇਕ ਕਾਵਾਂ ਰੌਲੀ! ਅਜਿਹਾ ਸੰਗੀਤ ਜਿਹੜਾ ਬੰਦੇ ਨੂੰ ਪਾਗਲ ਬਣਾ ਦੇਵੇ ਅਤੇ ਪੱਥਰ ਨੂੰ ਹਿਲਾ ਦੇਵੇ। ਇਸ ਦੇ ਨਾਲ ਹੀ ਸੱਚੇ ਪੁਰਾਣੇ-ਅੰਗ੍ਰੇਜ਼ ਹਾਸੇ ਦੇ ਠਹਾਕਿਆਂ ਦਾ ਵੀ ਜ਼ਿਕਰ ਕਰਨਾ ਚਾਹੀਦਾ ਹੈ ਜਿਸ ਵਿਚ ਖਾਸ ਕਰਕੇ ਲੰਮੇ ਸਮੇਂ ਤੋਂ ਕਾਬੂ ਵਿਚ ਰਖਿਆ ਉਬਲਦਾ ਰੋਹ ਸ਼ਾਮਲ ਸੀ। «Go to the church!» ("ਚਰਚ ਜਾਓ!") ਕੇਵਲ ਇਕੋ ਹੀ ਸਪਸ਼ਟ ਧੁਨੀ ਸੀ ਜਿਹੜੀ ਨਿਖੇੜੀ ਜਾ ਸਕਦੀ ਸੀ। ਇਕ ਸੁਆਣੀ ਨੇ ਆਪਣੀ ਬਘੀ ਤੋਂ ਆਪਣਾ ਹੱਥ ਅੱਗੇ ਵਧਾਕੇ ਮਰਯਾਦਾਈ ਜਿਲਦ ਵਾਲੀ prayer book (ਇਕ ਪ੍ਰਾਰਥਨਾ-ਪੁਸਤਕ) ਪਤਿਆਉਣੇ ਢੰਗ ਨਾਲ ਪੇਸ਼ ਕੀਤੀ। «Give it to read to your horses!» ("ਆਪਣੇ ਘੋੜੇ ਨੂੰ ਪੜ੍ਹਨ ਲਈ ਦੇ!") ਇਕ ਗਰਜਵਾਂ ਜਵਾਬ ਮਿਲਿਆ ਜਿਸ ਵਿਚ ਹਜ਼ਾਰਾਂ ਆਵਾਜ਼ਾਂ ਦੀ ਗੂੰਜ ਸੀ। ਜਦੋਂ ਘੋੜਿਆਂ ਨੇ ਤ੍ਰਭਕਣਾ, ਖੁਰ ਚੁਕਣਾ, ਜੋਸ਼ ਵਿਚ ਆਉਣਾ ਅਤੇ ਅਖੀਰ ਕਾਬੂ ਤੋਂ ਬਾਹਰ ਹੋਣਾ ਸ਼ੁਰੂ ਕੀਤਾ, ਜਿਸ ਨਾਲ ਉਹਨਾਂ ਉਤਲੇ ਰਈਸੀ ਬੋਝਾਂ ਦੀਆਂ ਜਾਨਾਂ ਨੂੰ ਖਤਰਾ ਬਣਿਆ, ਤਾਂ ਨਫਰਤ-ਭਰਪੂਰ ਸ਼ੋਰ ਹੋਰ ਉੱਚਾ ਹੋ ਗਿਆ, ਵਧੇਰੇ ਭਿਆਨਕ, ਵਧੇਰੇ ਬੇਕਿਰਕ ਹੋ ਗਿਆ। ਕੁਲੀਨ ਲਾਰਡਾਂ ਅਤੇ ਸੁਆਣੀਆਂ ਨੂੰ, ਜਿਨ੍ਹਾਂ ਵਿਚ ਪ੍ਰਿਵੀ ਕੌਂਸਲ ਦੇ ਪ੍ਰਧਾਨ ਅਤੇ ਮੰਤਰੀ ਦੀ ਪਤਨੀ, ਲੇਡੀ ਗਰੈਨਵਿਲ ਵੀ ਸ਼ਾਮਲ ਸੀ, ਹੇਠਾਂ ਉਤਰਨ ਲਈ ਅਤੇ ਆਪਣੀਆਂ ਟੰਗਾਂ ਦੀ ਵਰਤੋਂ ਕਰਨ ਲਈ ਮਜਬੂਰ ਹੋਣਾ ਪਿਆ। ਜਦੋਂ ਘੁੜਚੜ੍ਹੇ ਬਜ਼ੁਰਗ ਭਦਰਪੁਰਸ਼ ਚੌੜੇ-ਛਜਿਆਂ ਵਾਲੇ ਹੈਟ ਪਾਈ ਅਤੇ ਉਂਜ ਅਜਿਹੀ ਪੁਸ਼ਾਕ ਪਹਿਨੀ ਲੰਘੇ, ਜਿਸ ਤੋਂ ਵਿਸ਼ਵਾਸ ਦੇ ਮਾਮਲਿਆਂ ਵਿਚ ਪਰੀਪੂਰਨਤਾ ਬਾਰੇ ਉਹਨਾਂ ਦੇ ਵਿਸ਼ੇਸ਼ ਦਾਅਵਿਆਂ ਦੇ ਭੇਤ ਖੁਲ੍ਹਦਾ ਸੀ, ਤਾਂ ਭਿਆਨਕ ਕਰੋਧ ਦਾ ਗੜ੍ਹਕਦਾ ਤੂਫਾਨ, ਜਿਵੇਂ ਕਿਸੇ ਹੁਕਮ ਦਾ ਪਾਲਣ ਕਰਦਿਆਂ, ਅਮਿਟ ਹਾਸੇ ਨੇ ਮਿਟਾ ਦਿਤਾ। ਇਹਨਾਂ ਵਿਚੋਂ ਇਕ ਭਦਰਪੁਰਸ਼ ਆਪਣਾ ਸਬਰ ਗੁਆ ਬੈਠਾ। ਮੈਫਿਸਟਾਫਲੀਜ਼ ਵਾਂਗ ਉਸ ਨੇ ਦੁਸ਼ਮਣ ਵੱਲ ਆਪਣੀ ਜ਼ਬਾਨ ਬਾਹਰ ਕੱਢ ਕੇ ਇਕ ਅਸਭਿਅ ਹਰਕਤ ਕੀਤੀ। «He is a word-catcher, a parliamentary man! He fights with his own weapons» ("ਉਹ ਲਫ਼ੌਜ਼ਬਾਜ਼ ਹੈ, ਪਾਰਲੀਮਾਨੀ ਆਦਮੀ! ਉਹ ਆਪਣੇ ਹੀ ਹਥਿਆਰ ਵਰਤਦਾ ਹੈ।") ਸੜਕ ਦੇ ਇਕ ਪਾਸਿਓਂ ਕਿਸੇ ਨੇ ਉੱਚੀ ਆਵਾਜ਼ ਵਿਚ ਆਖਿਆ। «He is a Saint! He is psalm singing!» ("ਉਹ ਇਕ ਸੰਤ ਹੈ। ਉਹ ਭਜਨ ਗਾਉਣ ਵਾਲਾ ਸੰਤ ਹੈ") ਦੂਜੇ ਪਾਸੇ ਤੋਂ ਮੋੜਵਾਂ ਸ਼ਲੋਕ ਆਇਆ। ਇਚਰ ਨੂੰ ਮਹਾਨਗਰ ਦੇ ਤਾਰ ਘਰ ਨੇ ਸਾਰੇ ਥਾਣਿਆਂ ਨੂੰ ਸੂਚਿਤ ਕਰ ਦਿਤਾ ਸੀ ਕਿ ਹਾਈਡ ਪਾਰਕ ਵਿਚ ਫਸਾਦ ਛਿੜਨ ਵਾਲਾ ਹੈ ਅਤੇ ਪੁਲੀਸ ਨੂੰ ਸੈਨਿਕ ਕਾਰਵਾਈ ਕਰਨ ਦਾ ਹੁਕਮ ਦੇ ਦਿਤਾ ਗਿਆ। ਛੇਤੀ ਹੀ ਅਗੜ ਪਿਛੜ

ਦਸਤੇ ਥੋੜ੍ਹੇ ਥੋੜ੍ਹੇ ਸਮੇਂ ਪਿਛੋਂ ਐਪਸਲੇ ਹਾਊਸ ਤੋਂ ਕੈਨਸਿੰਗਟਨ ਗਾਰਡਨ ਤੱਕ ਲੋਕਾਂ ਦੀ ਦੋਹਰੀ ਪਾਲ ਵਿਚੋਂ ਦੀ ਮਾਰਚ ਕਰਦੇ ਲੰਘੇ, ਹਰ ਇਕ ਦਾ ਇਸ ਲੋਕ-ਪ੍ਰਿਯ ਟੱਪੇ ਨਾਲ ਸਵਾਗਤ ਕੀਤਾ ਗਿਆ:

«Where are gone the geese?
Ask the police!»
(ਕਿਥੇ ਗਏ ਨੇ ਹੰਸ?
ਪੁਲੀਸ ਨੂੰ ਪੁਛੋ!)

ਇਹ ਹਾਲ ਵਿਚ ਹੀ ਕਲੈਰਕਨਵੈਲ ਵਿਚ ਇਕ ਸਿਪਾਹੀ ਵਲੋਂ ਹੰਸਾਂ ਦੀ ਚੋਰੀ ਕਰਨ ਦੀ ਬਦਨਾਮ ਕਹਾਣੀ ਵੱਲ ਸੰਕੇਤ ਸੀ। ਤਮਾਸ਼ਾ ਤਿੰਨ ਘੰਟੇ ਤੱਕ ਚਲਿਆ। ਕੇਵਲ ਅੰਗ੍ਰੇਜ਼ਾਂ ਦੇ ਸੰਘ ਹੀ ਅਜਿਹਾ ਕਾਰਨਾਮਾ ਕਰ ਸਕਦੇ ਸਨ। ਇਸ ਤਮਾਸ਼ੇ ਦੌਰਾਨ ਭਿੰਨ ਭਿੰਨ ਟੋਲੀਆਂ ਵਲੋਂ ਇਸ ਕਿਸਮ ਦੀਆਂ ਰਾਵਾਂ ਪ੍ਰਗਟ ਕੀਤੀਆਂ ਗਈਆਂ ਜਿਵੇਂ "ਇਹ ਤਾਂ ਕੇਵਲ ਆਰੰਭ ਹੈ!", "ਇਹ ਪਹਿਲਾ ਕਦਮ ਹੈ!", "ਅਸੀਂ ਇਹਨਾਂ ਨੂੰ ਨਫਰਤ ਕਰਦੇ ਹਾਂ!" ਜਿਥੇ ਮਜ਼ਦੂਰਾਂ ਦੇ ਚਿਹਰਿਆਂ ਉਤੇ ਗੁੱਸਾ ਆਇਆ ਹੋਇਆ ਸੀ, ਉਥੇ ਦਰਮਿਆਨੀਆਂ ਜਮਾਤਾਂ ਦੇ ਮੂੰਹ ਮੁਹਾਂਦਰੇ ਉਤੇ ਅਨੰਦਮਈ ਆਤਮ-ਸੰਤੋਖ ਦੀਆਂ ਅਜਿਹੀਆਂ ਮੁਸਕਾਨਾਂ ਖਿੰਡੀਆਂ ਹੋਈਆਂ ਸਨ ਜਿਹੜੀਆਂ ਅਸੀਂ ਪਹਿਲਾਂ ਕਦੇ ਨਹੀਂ ਵੇਖੀਆਂ। ਖਾਤਮੇ ਤੋਂ ਥੋੜ੍ਹਾ ਚਿਰ ਪਹਿਲਾਂ ਮੁਜ਼ਾਹਰਾ ਵਧੇਰੇ ਹਿੰਸਕ ਹੋ ਗਿਆ ਸੀ। ਬਘੀਆਂ ਨੂੰ ਧਮਕਾਉਣ ਡਰਾਉਣ ਲਈ ਬੈਂਤ ਦੀਆਂ ਸੋਟੀਆਂ ਉਲਾਰੀਆਂ ਗਈਆਂ ਅਤੇ ਵੰਨ ਵੰਨ ਦੀਆਂ ਆਵਾਜ਼ਾਂ ਦੀ ਘੜਮਸ ਵਿਚੋਂ «You rascals!» ("ਤੁਸੀਂ ਬਦਮਾਸ਼!") ਦੀ ਆਵਾਜ਼ ਸੁਣੀ ਜਾ ਸਕਦੀ ਸੀ। ਤਿੰਨ ਘੰਟੇ ਉਦਮੀ ਚਾਰਟਿਸਟ ਮਰਦ ਤੇ ਔਰਤਾਂ ਭੀੜ ਵਿਚ ਧੱਸ ਜਾਂਦੇ ਅਤੇ ਇਸ਼ਤਿਹਾਰ ਵੰਡਦੇ ਰਹੇ ਸਨ ਜਿਨ੍ਹਾਂ ਵਿਚ ਮੋਟੇ ਅੱਖਰਾਂ ਵਿਚ ਆਖਿਆ ਗਿਆ ਸੀ:

"**ਚਾਰਟਿਜ਼ਮ ਦਾ ਪੁਨਰ-ਗਠਨ**! ਅਗਲੇ ਮੰਗਲਵਾਰ, ੨੬ ਜੂਨ ਨੂੰ, ਫਰਾਇਰ ਸਟਰੀਟ ਵਿਖੇ ਸਾਹਿਤਕ ਅਤੇ ਵਿਗਿਆਨਕ ਇੰਸਟੀਚਿਊਟ ਵਿਚ, ਡਾਕਟਰਜ਼ ਕਾਮਨਜ਼ ਵਿਖੇ ਇਕ ਵੱਡਾ ਜਲਸਾ ਹੋਵੇਗਾ, ਜਿਸ ਵਿਚ ਰਾਜਧਾਨੀ ਵਿਚ ਚਾਰਟਿਜ਼ਮ ਦਾ ਪੁਨਰ-ਗਠਨ ਕਰਨ ਲਈ ਇਕ ਕਾਨਫ੍ਰੰਸ ਵਾਸਤੇ ਡੈਲੀਗੇਟ ਚੁਣੇ ਜਾਣਗੇ। ਦਾਖ਼ਲਾ ਮੁਫਤ।"

ਲੰਦਨ ਦੇ ਬਹੁਤੇ ਅਖਬਾਰਾਂ ਨੇ ਹਾਈਡ ਪਾਰਕ ਦੀਆਂ ਘਟਨਾਵਾਂ ਦੀ ਅੱਜ

ਕੇਵਲ ਸੰਖੇਪ ਜਿਹੀ ਖਬਰ ਦਿਤੀ ਹੈ। ਲਾਰਡ ਪਾਲਮਰਸਟਨ ਦੇ "ਮਾਰਨਿੰਗ ਪੋਸਟ" ਨੂੰ ਛਡਕੇ, ਹਾਲੇ ਤੱਕ ਕਿਸੇ ਨੇ ਮੁਖ ਲੇਖ ਨਹੀਂ ਲਿਖਿਆ।

ਇਹ ਦਾਅਵਾ ਕਰਦਾ ਹੈ ਕਿ "ਅਤਿ ਦੀ ਬਦਨਾਮੀ ਅਤੇ ਅਤਿ ਦੇ ਖਤਰੇ ਵਾਲਾ ਦ੍ਰਿਸ਼ ਹਾਈਡ ਪਾਰਕ ਵਿਚ ਵਾਪਰਿਆ ਹੈ, ਅਤੇ ਕਾਨੂੰਨ ਤੇ ਸਭਿਆਚਾਰ ਦਾ ਖੁਲ੍ਹਮ-ਖੁਲ੍ਹਾ ਉਲੰਘਣ — ਵਿਧਾਨਕਾਰਾਂ ਦੇ ਸੁਤੰਤਰ ਅਮਲ ਉਤੇ ਸ਼ਰੀਰਕ ਸ਼ਕਤੀ ਦਾ ਗੈਰ-ਕਾਨੂੰਨੀ ਦਖਲ।" ਇਸ ਨੇ ਜ਼ੋਰ ਦਿਤਾ ਹੈ ਕਿ "ਆਉਂਦੇ ਐਤਵਾਰ ਨੂੰ, ਜਿਵੇਂ ਕਿ ਧਮਕੀ ਦਿਤੀ ਗਈ ਸੀ, ਇਸ ਦ੍ਰਿਸ਼ ਨੂੰ ਦੁਹਰਾਏ ਜਾਣ ਦੀ ਆਗਿਆ ਨਹੀਂ ਦਿਤੀ ਜਾਣੀ ਚਾਹੀਦੀ।"

ਪਰੰਤੂ, ਇਸ ਦੇ ਨਾਲ ਹੀ ਇਹ ਕਹਿੰਦਾ ਹੈ ਕਿ "ਹਠਧਰਮੀ" ਲਾਰਡ ਗਰਾਸਵੈਨਰ ਇਸ ਸ਼ਰਾਰਤ ਲਈ ਇਕਲਾ ਹੀ "ਜ਼ਿੰਮੇਵਾਰ" ਆਦਮੀ ਹੈ ਕਿਉਂਕਿ ਉਸ ਨੇ ਹੀ "ਲੋਕਾਂ ਦੇ ਜਾਇਜ਼ ਗੁੱਸੇ ਨੂੰ" ਭੜਕਾਇਆ। ਜਿਵੇਂ ਕਿਤੇ ਪਾਰਲੀਮੈਂਟ ਨੇ ਤਿੰਨ ਪਾਠਾਂ ਵਿਚ ਲਾਰਡ ਗਰਾਸਵੈਨਰ ਦਾ ਬਿੱਲ ਪ੍ਰਵਾਨ ਨਹੀਂ ਸੀ ਕੀਤਾ! ਜਾਂ ਸ਼ਾਇਦ ਉਸਨੇ ਵੀ "ਵਿਧਾਨਕਾਰਾਂ ਦੇ ਸੁਤੰਤਰ ਅਮਲ ਉਤੇ ਸ਼ਰੀਰਕ ਸ਼ਕਤੀ" ਰਾਹੀਂ ਆਪਣਾ ਅਸਰ ਪਾਇਆ ਸੀ"?

੨੫ ਜੂਨ, ੧੮੫੫ ਨੂੰ
ਲਿਖਿਆ ਗਿਆ

ਮੂਲ ਪਾਠ ਜਰਮਨ ਵਿਚ ਹੈ

ਕਾਰਲ ਮਾਰਕਸ

# "ਸਰਮਾਇਆ", ਜਿਲਦ ਪਹਿਲੀ

(ਅੰਸ਼)[76]

ਅਤੇ ਜਿਨਸਾਂ ਦੀ ਪੈਦਾਵਾਰ ਉਤੇ ਆਧਾਰਤ ਸਮਾਜ ਲਈ, ਜਿਸ ਵਿਚ ਉਪਜਕਾਰ ਆਮ ਤੌਰ ਤੇ ਆਪਣੀਆਂ ਉਪਜਾਂ ਨੂੰ ਜਿਨਸਾਂ ਤੇ ਕਦਰਾਂ ਵਜੋਂ ਵਰਤਦਿਆਂ ਇਕ ਦੂਜੇ ਨਾਲ ਸਮਾਜਕ ਸੰਬੰਧਾਂ ਵਿਚ ਦਾਖ਼ਲ ਹੁੰਦੇ ਹਨ, ਅਜੇਹਾ ਕਰਕੇ ਉਹ ਆਪਣੀ ਵਿਅਕਤਿਕ ਨਿਜੀ ਕਿਰਤ ਨੂੰ ਸਜਾਤੀ ਮਨੁਖੀ ਕਿਰਤ ਦੇ ਮਿਆਰ ਤੇ ਘਟਾਉਂਦੇ ਹਨ — ਅਜੇਹੇ ਸਮਾਜ ਲਈ ਈਸਾਈਅਤ ਅਮੂਰਤ ਮਨੁਖ ਦੇ ਆਪਣੇ ਮੱਤ ਨਾਲ, ਵਧੇਰੇ ਖ਼ਾਸ ਤੌਰ ਤੇ ਆਪਣੇ ਬੁਰਜੂਆ ਵਿਕਾਸ, ਪਰੋਟੈਸਟੈਂਟਵਾਦ, ਦੇਵਵਾਦ, ਆਦਿ, ਦੇ ਰੂਪਾਂ ਵਿਚ ਧਰਮ ਦੀ ਅਤਿ-ਢੁਕਵੀਂ ਸ਼ਕਲ ਹੈ। ਪੈਦਾਵਾਰ ਦੇ ਪ੍ਰਾਚੀਨ ਏਸ਼ੀਆਈ ਤੇ ਦੂਜੇ ਪ੍ਰਾਚੀਨ ਢੰਗਾਂ ਵਿਚ, ਅਸੀਂ ਵੇਖਦੇ ਹਾਂ ਕਿ ਉਪਜਾਂ ਦੀ ਜਿਨਸਾਂ ਵਿਚ ਤਬਦੀਲੀ, ਤੇ ਇਸ ਲਈ ਮਨੁਖਾਂ ਦੀ ਜਿਨਸਾਂ ਦੇ ਉਪਜਕਾਰਾਂ ਵਿਚ ਤਬਦੀਲੀ, ਨੂੰ ਗੌਣ ਸਥਾਨ ਹਾਸਲ ਹੈ, ਪਰ, ਜਿਵੇਂ ਜਿਵੇਂ ਪੁਰਾਤਨ ਭਾਈਚਾਰੇ ਆਪਣੇ ਅੰਤ ਦੇ ਵਧੇਰੇ ਨੇੜੇ ਪੁਜਦੇ ਹਨ, ਇਹਦੀ ਮਹੱਤਤਾ ਵਧਦੀ ਜਾਂਦੀ ਹੈ। ਵਪਾਰਕ ਕੌਮਾਂ, ਠੀਕ ਅਰਥਾਂ ਵਿਚ, ਪ੍ਰਾਚੀਨ ਜਗਤ ਵਿਚ ਸਿਰਫ਼ ਅੰਤਰਬ੍ਰਹਿਮੰਡੀ ਪੁਲਾੜ[77] ਵਿਖੇ ਐਪੀਕਿਊਰਸ ਦੇ ਦੇਵਤਿਆਂ ਵਾਂਗ, ਜਾਂ ਪੋਲਿਸ਼ ਸਮਾਜ ਦੇ ਮੁਸਾਮਾਂ ਵਿਚ ਯਹੂਦੀਆਂ ਵਾਂਗ, ਇਹਦੀਆਂ ਤਰੇੜਾਂ ਵਿਚ ਹੀ ਮੌਜੂਦ ਹਨ। ਪੈਦਾਵਾਰ ਦੇ ਉਹ ਪ੍ਰਾਚੀਨ ਸਮਾਜਕ ਪ੍ਰਬੰਧ, ਬੁਰਜੂਆ ਸਮਾਜ ਦੇ ਟਾਕਰੇ ਉਤੇ ਅਤਿ ਸਰਲ ਤੇ ਸਪਸ਼ਟ ਹਨ। ਪਰ ਉਹ ਜਾਂ ਤਾਂ ਵਿਅਕਤਿਕ ਤੌਰ ਤੇ ਮਨੁਖ ਦੇ ਅਧੂਰੇ ਵਿਕਾਸ ਉਤੇ ਆਧਾਰਤ ਹੈ ਜਿਸ ਨੇ ਅਜੇ ਤੱਕ ਉਹ ਨਾੜੂਆ ਨਹੀਂ ਤੋੜਿਆ ਜਿਹੜਾ ਉਹਨੂੰ ਪੁਰਾਤਨ ਕਬਾਇਲੀ ਭਾਈਚਾਰੇ ਵਿਚ ਉਹਦੇ ਭਾਈਬੰਦਾਂ ਨਾਲ ਜੋੜੀ ਰਖਦਾ ਹੈ, ਜਾਂ ਅਧੀਨਗੀ ਦੇ ਸਿਧੇ ਸੰਬੰਧਾਂ ਉਤੇ ਆਧਾਰਤ। ਇਹ ਸਿਰਫ ਉਦੋਂ ਹੀ ਪੈਦਾ ਹੋ ਸਕਦੇ ਤੇ ਹਸਤੀ ਰਖ ਸਕਦੇ ਹਨ ਜਦੋਂ ਕਿਰਤ ਦੀ ਪੈਦਾਵਾਰੀ ਸ਼ਕਤੀ ਇਕ ਨੀਵੀਂ ਮੰਜ਼ਲ ਤੋਂ ਉਪਰ ਨਹੀਂ ਉਠੀ ਹੁੰਦੀ, ਤੇ ਇਸ ਲਈ, ਜਦੋਂ ਪਦਾਰਥਕ ਜੀਵਨ ਦੇ ਖੇਤਰ ਵਿਚ, ਮਨੁਖ ਤੇ ਮਨੁਖ ਵਿਚਕਾਰ, ਅਤੇ ਮਨੁਖ ਤੇ ਕੁਦਰਤ ਵਿਚਕਾਰ ਸਮਾਜਕ ਸੰਬੰਧ ਤਦ-ਅਨੁਸਾਰ ਸੌੜੇ ਹੁੰਦੇ ਹਨ। ਇਹ ਸੌੜਾਪਨ

ਕੁਦਰਤ ਦੀ ਪ੍ਰਾਚੀਨ ਪੂਜਾ ਵਿਚ ਅਤੇ ਆਮ ਧਰਮਾਂ ਦੇ ਦੂਜੇ ਅਨਸਰਾਂ ਵਿਚ ਪ੍ਰਗਟ ਹੁੰਦਾ ਹੈ। ਅਮਲੀ ਜਗਤ ਦਾ ਧਾਰਮਕ ਪਰਤੌ, ਹਰ ਹਾਲਤ ਵਿਚ, ਸਿਰਫ਼ ਉਦੋਂ ਹੀ ਅੰਤਮ ਰੂਪ ਵਿਚ ਅਲੋਪ ਹੋ ਸਕਦਾ ਹੈ, ਜਦੋਂ ਰੋਜ਼ਾਨਾ ਜੀਵਨ ਦੇ ਅਮਲੀ ਸੰਬੰਧ ਮਨੁਖ ਸਾਹਮਣੇ ਆਪਣੇ ਭਾਈਬੰਦਾਂ ਤੇ ਕੁਦਰਤ ਦੇ ਸੰਬੰਧ ਵਿਚ ਸਿਵਾਏ ਸਾਫ਼ ਸਪਸ਼ਟ ਅਤੇ ਯੁਕਤੀ-ਪੂਰਵਕ ਸੰਬੰਧਾਂ ਦੇ ਹੋਰ ਕੋਈ ਸੰਬੰਧ ਪੇਸ਼ ਨਹੀਂ ਕਰਦੇ।

ਸਮਾਜ ਦਾ ਜੀਵਨ-ਅਮਲ, ਜੋ ਪਦਾਰਥਕ ਪੈਦਾਵਾਰ ਦੇ ਅਮਲ ਉਤੇ ਆਧਾਰਤ ਹੈ, ਉਦੋਂ ਤੱਕ ਆਪਣੇ ਰਹੱਸਮਈ ਬੁਰਕੇ ਨੂੰ ਨਹੀਂ ਲਾਹੁੰਦਾ ਜਦੋਂ ਤੱਕ ਸੁਤੰਤਰ ਤੌਰ ਤੇ ਸਹਿਯੋਗੀ ਮਨੁਖ ਇਹਦੇ ਨਾਲ ਪੈਦਾਵਾਰ ਵਜੋਂ ਨਹੀਂ ਵਰਤਦੇ, ਅਤੇ ਇਕ ਸਥਾਪਤ ਯੋਜਨਾ ਅਨੁਸਾਰ ਇਹਨੂੰ ਚੇਤੰਨ ਤੌਰ ਤੇ ਸੂਤਰਬੱਧ ਨਹੀਂ ਕਰਦੇ। ਪਰ, ਇਹ ਗੱਲ ਸਮਾਜ ਲਈ ਇਕ ਨਿਸਚਿਤ ਪਦਾਰਥਕ ਮੂਲ-ਆਧਾਰ ਦੀ ਜਾਂ ਹੋਂਦ ਦੀਆਂ ਹਾਲਤਾਂ ਦੇ ਸਮੂਹ ਦੀ ਮੰਗ ਕਰਦੀ ਹੈ ਜੋ ਆਪਣੀ ਵਾਰੀ ਵਿਕਾਸ ਦੇ ਲੰਮੇ ਤੇ ਪੀੜ-ਭਰੇ ਅਮਲ ਦੀ ਖੁਦ-ਰੌ ਉਪਜ ਹੁੰਦੀਆਂ ਹਨ।

ਰਾਜਨੀਤਕ ਆਰਥਕਤਾ ਨੇ, ਭਾਵੇਂ ਕਿੰਨੇ ਹੀ ਅਧੂਰੇ ਰੂਪ ਵਿਚ ਹੀ ਸਹੀ, ਕਦਰ ਤੇ ਇਸਦੇ ਆਕਾਰ ਦਾ ਠੀਕ ਹੀ ਵਿਸ਼ਲੇਸ਼ਣ ਕੀਤਾ ਹੈ ਤੇ ਇਹ ਲਭਿਆ ਹੈ ਕਿ ਇਹਨਾਂ ਰੂਪਾਂ ਦੇ ਹੇਠਾਂ ਕੀ ਹੈ। ਪਰ ਇਹਨੇ ਇਹ ਸਵਾਲ ਕਦੇ ਇਕ ਵਾਰ ਵੀ ਨਹੀਂ ਪੁਛਿਆ ਕਿ ਕਿਰਤ ਆਪਣੀ ਉਪਜ ਦੀ ਕਦਰ ਰਾਹੀਂ ਅਤੇ ਕਿਰਤ-ਸਮਾਂ ਇਸ ਕਦਰ ਦੇ ਆਕਾਰ ਰਾਹੀਂ ਕਿਉਂ ਪੇਸ਼ ਹੁੰਦਾ ਹੈ। ਇਹ ਫ਼ਾਰਮੂਲੇ, ਜਿਨ੍ਹਾਂ ਉਤੇ ਅਤਿ ਸਪਸ਼ਟ ਅਖਰਾਂ ਵਿਚ ਇਹ ਮੁਹਰ ਲਗੀ ਹੋਈ ਹੈ ਕਿ ਇਹਨਾਂ ਦਾ ਸੰਬੰਧ ਸਮਾਜ ਦੀ ਉਸ ਅਵਸਥਾ ਨਾਲ ਹੈ, ਜਿਸ ਵਿਚ ਪੈਦਾਵਾਰ ਦਾ ਅਮਲ ਮਨੁਖ ਦੇ ਕੰਟਰੋਲ ਵਿਚ ਹੋਣ ਦੀ ਥਾਂ ਉਸ ਉਤੇ ਪੂਰਨ ਕੰਟਰੋਲ ਰਖਦਾ ਹੈ, ਅਜੇਹੇ ਫ਼ਾਰਮੂਲੇ ਬੁਰਜੂਆ ਬੁਧੀ ਨੂੰ ਕੁਦਰਤ ਵਲੋਂ ਠੋਸੀ ਗਈ ਉਨੀ ਹੀ ਸਪਸ਼ਟ ਜ਼ਰੂਰਤ ਦਿਸਦੇ ਹਨ ਜਿੰਨੀ ਖ਼ੁਦ ਪੈਦਾਵਾਰੀ ਕਿਰਤ। ਇਸ ਲਈ ਬੁਰਜੂਆ ਰੂਪ ਤੋਂ ਪਹਿਲਾਂ ਰਾਇਜ ਸਮਾਜਕ ਪੈਦਾਵਾਰ ਦੇ ਰੂਪਾਂ ਨਾਲ ਬੁਰਜੂਆਜ਼ੀ ਉਵੇਂ ਹੀ ਵਰਤਦੀ ਹੈ ਜਿਵੇਂ ਚਰਚ ਦੇ ਮੋਢੀ ਪੂਰਬ-ਈਸਾਈ ਧਰਮਾਂ ਨਾਲ ਵਰਤਦੇ ਸਨ।...

* * *

...ਡਾਰਵਿਨ ਨੇ ਸਾਡੀ ਦਿਲਚਸਪੀ ਕੁਦਰਤ ਦੀ ਤਕਨਾਲੋਜੀ ਦੇ ਇਤਿਹਾਸ ਵਿਚ, ਭਾਵ ਪੌਦਿਆਂ ਤੇ ਪਸ਼ੂਆਂ ਦੇ ਅੰਗਾਂ ਦੀ ਬਣਤਰ ਵਿਚ ਜਗਾਈ ਹੈ, ਅੰਗ ਜੋ ਜੀਵਨ ਕਾਇਮ ਰਖਣ ਵਾਸਤੇ ਉਤਪਾਦਨ ਦੇ ਸੰਦਾਂ ਵਜੋਂ ਕੰਮ ਦਿੰਦੇ ਹਨ। ਕੀ ਮਨੁਖ ਦੇ ਉਪਜਾਊ ਅੰਗਾਂ ਦਾ, ਉਹਨਾਂ ਅੰਗਾਂ ਦਾ ਜੋ ਸਾਰੀ ਸਮਾਜੀ ਜਥੇਬੰਦੀ

ਦਾ ਪਦਾਰਥਕ ਆਧਾਰ ਹਨ, ਇਤਿਹਾਸ ਵੀ ਏਨੇ ਧਿਆਨ ਦਾ ਹੱਕਦਾਰ ਨਹੀਂ? ਤੇ ਕੀ ਅਜਿਹਾ ਇਤਿਹਾਸ ਲਿਖਣਾ ਸੌਖੇਰਾ ਨਹੀਂ ਹੋਵੇਗਾ, ਕਿਉਂਕਿ ਜਿਵੇਂ ਵੀਕੋ ਨੇ ਕਿਹਾ ਹੈ, ਮਨੁਖੀ ਇਤਿਹਾਸ ਦਾ ਕੁਦਰਤੀ ਇਤਿਹਾਸ ਨਾਲੋਂ ਏਨਾ ਹੀ ਫ਼ਰਕ ਹੈ ਕਿ ਅਸੀਂ ਮਨੁਖੀ ਇਤਿਹਾਸ ਤਾਂ ਬਣਾਇਆ ਹੈ ਪਰ ਕੁਦਰਤੀ ਇਤਿਹਾਸ ਨਹੀਂ? ਤਕਨਾਲੋਜੀ ਕੁਦਰਤ ਨਾਲ ਮਨੁਖ ਦੀ ਵਰਤੋਂ ਦੀ ਵਿਧੀ ਅਤੇ ਉਤਪਾਦਨ ਦਾ ਉਹ ਅਮਲ ਜਿਸ ਨਾਲ ਉਹ ਆਪਣਾ ਜੀਵਨ ਕਾਇਮ ਰਖਦਾ ਹੈ, ਦਸਦੀ ਹੈ ਅਤੇ ਇਸ ਤਰ੍ਹਾਂ ਉਹਦੇ ਸਮਾਜੀ ਸੰਬੰਧਾਂ ਦੀ ਤੇ ਉਹਨਾਂ ਦਿਮਾਗ਼ੀ ਸੰਕਲਪਾਂ ਦੀ ਜੋ ਉਹਨਾਂ ਵਿਚੋਂ ਨਿਕਲਦੇ ਹਨ, ਬਣਤਰ ਦੀ ਵਿਧੀ ਵੀ ਉਜਾਗਰ ਕਰਦੀ ਹੈ। ਧਰਮ ਦਾ ਹਰ ਇਤਿਹਾਸ ਵੀ, ਜੋ ਇਸ ਪਦਾਰਥਕ ਆਧਾਰ ਨੂੰ ਧਿਆਨ ਵਿਚ ਰਖਣ ਤੋਂ ਅਸਮਰਥ ਰਹਿੰਦਾ ਹੈ, ਗ਼ੈਰ-ਆਲੋਚਨਾਤਮਕ ਹੁੰਦਾ ਹੈ। ਅਸਲ ਵਿਚ ਪੁਣਛਾਣ ਰਾਹੀਂ ਧਰਮ ਦੀਆਂ ਧੁੰਦਲੀਆਂ ਰਚਨਾਵਾਂ ਦੀ ਦੁਨਿਆਵੀ ਗਿਰੀ ਲੱਭਣਾ ਉਸ ਨਾਲੋਂ ਬਹੁਤ ਸੌਖੇਰਾ ਹੈ, ਜਿੰਨਾ ਕਿ ਇਹਦੇ ਉਲਟ, ਜੀਵਨ ਦੇ ਅਸਲੀ ਸੰਬੰਧਾਂ ਤੋਂ ਇਹਨਾਂ ਸੰਬੰਧਾਂ ਦੇ ਅਨੁਸਾਰੀ ਰੂਪ ਵਾਲੀਆਂ ਦੈਵੀ ਸ਼ਕਲਾਂ ਵਿਕਸਤ ਕਰਨਾ ਹੈ। ਛੇਕੜਲਾ ਢੰਗ ਇਕੋ-ਇਕ ਪਦਾਰਥਵਾਦੀ ਅਤੇ ਇਸ ਲਈ ਇਕੋ-ਇਕ ਵਿਗਿਆਨਕ ਢੰਗ ਹੈ। ਕੁਦਰਤੀ ਵਿਗਿਆਨ ਦੇ ਅਮੂਰਤ ਪਦਾਰਥਵਾਦ ਵਿਚ, ਉਸ ਪਦਾਰਥਵਾਦ ਵਿਚ ਜੋ ਇਤਿਹਾਸ ਨੂੰ ਤੇ ਇਹਦੇ ਅਮਲ ਨੂੰ ਬਾਹਰ ਰਖਦਾ ਹੈ, ਕਮਜ਼ੋਰ ਨੁਕਤੇ ਇਕਦਮ ਉਹਦੇ ਬੁਲਾਰਿਆਂ ਦੇ ਅਮੂਰਤ ਤੇ ਵਿਚਾਰਧਾਰਕ ਸੰਕਲਪਾਂ ਤੋਂ ਉਸੇ ਸਮੇਂ ਹੀ ਉਜਾਗਰ ਹੋ ਜਾਂਦੇ ਹਨ, ਜਦੋਂ ਵੀ ਉਹ ਆਪਣੀ ਵਿਸ਼ੇਸ਼ਤਾ ਦੀਆਂ ਹੱਦਾਂ ਤੋਂ ਬਾਹਰ ਨਿਕਲਦੇ ਹਨ।

* * *

ਜੇ ਪਾਠਕ ਮੈਨੂੰ ਮਾਲਥਸ ਦਾ ਚੇਤਾ ਕਰਵਾਏ ਜਿਸ ਦਾ «Essay on Population»* ੧੭੯੮ ਵਿਚ ਸਾਹਮਣੇ ਆਇਆ ਸੀ, ਤਾਂ ਮੈਂ ਉਸ ਨੂੰ ਇਹ ਗੱਲ ਚੇਤੇ ਕਰਵਾਉਂਦਾ ਹਾਂ ਕਿ ਇਹ ਕਿਰਤ ਆਪਣੇ ਪਹਿਲੇ ਰੂਪ ਵਿਚ ਸਕੂਲ ਦੇ ਬੱਚਿਆਂ ਦੀਆਂ ਕਿਰਤਾਂ ਜੇਹੀ ਹੈ ਅਤੇ ਡੇਫੋ, ਸਰ ਜੇਮਜ਼ ਸਟੂਆਰਟ, ਟਾਊਨਸੈਂਡ, ਫਰੈਂਕਲਿਨ, ਵਾਲੇਸ ਆਦਿਕ ਦੀ ਓਪਰੀ ਜਿਹੀ ਨਕਲ ਹੈ ਅਤੇ ਇਸ ਵਿਚ ਇਕ ਵੀ ਵਾਕ ਅਜਿਹਾ ਨਹੀਂ ਜਿਹੜਾ ਉਸ ਨੇ ਆਪ ਸੋਚਿਆ ਹੋਵੇ। ਇਸ ਪੈਮਫਲਿਟ ਕਾਰਨ ਹੋਇਆ ਹੰਗਾਮਾ ਨਿਰੋਲ ਪਾਰਟੀ ਦੇ ਹਿੱਤਾਂ ਕਾਰਨ ਸੀ। ਫ਼ਰਾਂਸੀਸੀ ਇਨਕਲਾਬ ਨੂੰ ਇੰਗਲੈਂਡ ਵਿਚ ਜ਼ੋਰਦਾਰ ਮੁਦਈ ਮਿਲ ਗਏ ਸਨ: "ਵਸੋਂ ਦਾ ਅਸੂਲ"[78] ਸਹਿਜੇ ਸਹਿਜੇ ਅਠਾਰ੍ਹਵੀਂ ਸਦੀ ਵਿਚ ਅੱਗੇ ਤੁਰਿਆ ਅਤੇ ਇਕ ਵੱਡੇ ਸਮਾਜਕ ਸੰਕਟ ਦੇ ਵਿਚਕਾਰ ਇਸ ਨੂੰ

---

*"ਵਸੋਂ ਦੇ ਨੇਮ ਬਾਰੇ ਨਿਬੰਧ"।—**ਸੰਪਾ:**

ਕੋਨਦੋਰਸੇ ਆਦਿਕ ਦੀਆਂ ਸਿਖਿਆਵਾਂ ਦਾ ਢੋਲ ਢਮੱਕੇ ਨਾਲ, ਕਦੇ ਅਸਫਲ ਨਾ ਹੋਣ ਵਾਲਾ ਤੋੜ, ਐਲਾਨਿਆ ਗਿਆ। ਇਸ ਦਾ ਅੰਗਰੇਜ਼ ਕੁਲੀਨਤੰਤ੍ਰ ਨੇ ਬੜੇ ਜਸ਼ਨਾਂ ਨਾਲ ਸੁਆਗਤ ਕੀਤਾ। ਉਨ੍ਹਾਂ ਵਲੋਂ ਇਸ ਨੂੰ ਮਨੁਖੀ ਵਿਕਾਸ ਲਈ ਸਾਰੀ ਭੱਜ-ਦੌੜ ਦਾ ਮਹਾਨ ਘਾਤਕ ਸਮਝਿਆ ਗਿਆ ਸੀ। ਮਾਲਥਸ ਨੇ ਜਿਹੜਾ ਆਪਣੀ ਇਸ ਸਫਲਤਾ ਉਤੇ ਬਹੁਤ ਹੈਰਾਨ ਹੋਇਆ ਸੀ, ਆਪਣੀ ਪੁਸਤਕ ਵਿਚ ਸਰਸਰੀ ਤੌਰ ਉਤੇ ਇਕੱਠੀਆਂ ਕੀਤੀਆਂ ਚੀਜ਼ਾਂ ਪਾ ਲਈਆਂ ਅਤੇ ਇਸ ਵਿਚ ਨਵਾਂ ਮਸਾਲਾ ਜਮ੍ਹਾਂ ਕਰ ਦਿਤਾ, ਜਿਹੜਾ ਉਸ ਨੇ ਲਭਿਆ ਨਹੀਂ ਸੀ ਸਗੋਂ ਨਾਲ ਰਲਾ ਲਿਆ ਸੀ। ਇਕ ਗੱਲ ਹੋਰ ਨੋਟ ਕਰੋ ਕਿ ਭਾਵੇਂ ਮਾਲਥਸ ਅੰਗਰੇਜ਼ ਰਾਜਕੀ ਗਿਰਜੇ ਦਾ ਪਾਦਰੀ ਸੀ, ਉਸ ਨੇ ਬਰ੍ਹਮਚਰਜ ਬਾਰੇ ਮੱਠਾਂ ਦੀ ਰਵਾਇਤ ਵਿਚ ਕਸਮ ਖਾਧੀ ਸੀ — ਇਹ ਕਸਮ ਪਰੋਟੈਸਟੈਂਟ ਕੈਂਬਰਿਜ ਯੂਨੀਵਰਸਿਟੀ ਦਾ ਫੈਲੋ ਹੋਣ ਲਈ ਇਕ ਲਾਜ਼ਮੀ ਸ਼ਰਤ ਸੀ। «Socios collegiorum maritos esse non permittimus, sed statim postquam quis uxorem duxerit, socius collegii desinat esse.» («Reports of Cambridge University Commission», p. 172)* ਇਹ ਗੱਲ ਮਾਲਥਸ ਨੂੰ ਹੋਰਨਾਂ ਪ੍ਰੋਟੈਸਟੈਂਟ ਪਾਦਰੀਆਂ ਤੋਂ ਨਿਖੇੜਦੀ ਹੈ, ਜਿਨ੍ਹਾਂ ਨੇ ਪਾਦਰੀ ਹੋਣ ਲਈ ਬਰਮ੍ਹਚਰਜ ਦਾ ਹੁਕਮ ਛਿੱਕੇ ਉਤੇ ਟੰਗ ਦਿਤਾ ਹੈ, ਅਤੇ "ਉਪਜਾਊ ਹੋਵੋ ਅਤੇ ਵਧੋ ਫੁਲੋ" ਆਪਣੇ ਉਚੇਚੇ ਅੰਜੀਲੀ ਮਿਸ਼ਨ ਵਾਂਗ ਇਸ ਹੱਦ ਤੱਕ ਲਿਆ ਹੈ ਕਿ ਉਹ ਵਸੋਂ ਵਿਚ ਵਾਧਾ ਕਰਨ ਵਿਚ ਇਸ ਹੱਦ ਤੱਕ ਹਿੱਸਾ ਪਾਉਂਦੇ ਹਨ ਕਿ ਸਚ ਮੁਚ ਇਹ ਚੰਗਾ ਨਹੀਂ ਲਗਦਾ, ਜਦ ਕਿ ਕਿਰਤੀਆਂ ਨੂੰ ਉਹ "ਵਸੋਂ ਦੇ ਅਸੂਲ" ਦਾ ਪਰਚਾਰ ਕਰਦੇ ਹਨ। ਇਹ ਗੱਲ ਲਛਣਾਤਮਿਕ ਹੈ ਕਿ ਮਨੁਖ ਦੀ ਆਰਥਕ ਗਿਰਾਵਟ, ਆਦਮ ਦਾ ਸੇਬ, «urgent appetite» ("ਫੌਰੀ ਭੁਖ") «the checks which tend to blunt the shafts of Cupid» ("ਉਹ ਰੋਕਾਂ ਜਿਹੜੀਆਂ ਕਿਊਪਿਡ ਦੀਆਂ ਤੀਰਾਂ ਨੂੰ ਠਲ੍ਹਦੀਆਂ ਹਨ") ਜਿਵੇਂ ਕਿ ਪਾਦਰੀ ਟਾਊਨਸੈਂਡ ਭੰਡਾਂ ਵਾਂਗ ਕਹਿੰਦਾ ਹੈ ਕਿ ਇਸ ਨਾਜ਼ਕ ਸਵਾਲ ਉਤੇ ਪਰੋਟੈਸਟੈਂਟ ਧਾਰਮਕ ਮੱਤ ਦੇ ਜਾਂ ਇਉਂ ਕਹਿ ਲਵੋ ਕਿ ਪਰੋਟੈਸਟੈਂਟ ਗਿਰਜੇ ਦੇ ਪਾਦਰੀਆਂ ਵਲੋਂ ਇਜਾਰੇਦਾਰੀ ਕਾਇਮ ਕਰ ਲਈ ਗਈ ਸੀ ਅਤੇ ਕਰ ਲਈ ਗਈ ਹੈ। ਵੇਨੇਸ਼ੀਅਨ ਸਾਧੂ, ਓਰਤੇਸ਼ ਨੂੰ, ਛੱਡ ਕੇ, ਜਿਹੜਾ ਮੌਲਕ ਅਤੇ ਚੁਸਤ ਲੇਖਕ

---

* "ਜਿਹੜੇ ਸ਼ਾਦੀਸ਼ੁਦਾਹ ਹਨ ਉਹਨਾਂ ਨੂੰ ਕਾਲਜ ਦੇ ਫ਼ੈਲੋ ਬਣਨ ਦੀ ਇਜਾਜ਼ਤ ਨਹੀਂ। ਇਸ ਦੇ ਉਲਟ, ਸ਼ਾਦੀਸ਼ੁਦਾਹ ਹੋ ਜਾਣ ਦੀ ਹਾਲਤ ਵਿਚ ਬੰਦਾ ਆਪਣੀ ਫ਼ੈਲੋਸ਼ਿਪ ਗੁਆ ਲੈਂਦਾ ਹੈ।" — **ਅਨੁ:**

ਸੀ, "ਵਸੋਂ ਦਾ ਅਸੂਲ" ਪਰਚਾਰ ਕਰਨ ਵਾਲਿਆਂ ਵਿਚੋਂ ਵਧੇਰੇ ਪਰੋਟੈਸਟੈਂਟ ਪਾਦਰੀ ਹਨ। ਮਿਸਾਲ ਵਜੋਂ ਬਰੱਕਨਰ, ਉਹਦੀ «Théorie du Systéme animal» Leyde, 1767, ਜਿਸ ਵਿਚ ਆਧੁਨਿਕ ਵਸੋਂ ਦੇ ਅਸੂਲ ਦਾ ਸਾਰਾ ਵਿਸ਼ਾ ਵਿਸਥਾਰ ਵਿਚ ਲਿਖਿਆ ਗਿਆ ਹੈ, ਅਤੇ ਜਿਸ ਲਈ ਕੇਨੈ ਅਤੇ ਉਸ ਦੇ ਸ਼ਗਿਰਦ ਵੱਡੇ ਮਿਰਾਬੋ ਵਿਚਕਾਰ ਥੋੜ੍ਹ-ਚਿਰੀ ਝਗੜੇ ਨੇ, ਇਸ ਵਿਸ਼ੇ ਲਈ ਵਿਚਾਰ ਮੁਹੱਈਆ ਕੀਤੇ; ਫੇਰ ਪਾਦਰੀ ਵਾਲੇਸ, ਪਾਦਰੀ ਟਾਊਨਸੈਂਡ, ਪਾਦਰੀ ਮਾਲਥਸ ਅਤੇ ਉਸ ਦਾ ਸ਼ਾਗਿਰਦ ਆਰਕ-ਪਾਦਰੀ ਥਾਮਸ ਚਾਲਮਰਸ, in this line [ਇਸੇ ਤਰ੍ਹਾਂ ਦੇ] ਘਟ ਪਰਸਿਧ ਪਾਦਰੀ ਲੇਖਕਾਂ ਨੂੰ ਛਡਦਿਆਂ। ਪਹਿਲਾਂ ਰਾਜਨੀਤਕ ਆਰਥਕਤਾ ਨੂੰ ਹਾਬਸ, ਲਾਕ, ਹਿਊਮ ਜਿਹੇ ਫ਼ਿਲਾਸਫ਼ਰ; ਥਾਮਸ ਮੋਰ, ਟੈਂਪਲ, ਸੂਲੀ, ਡੇ ਵਿਟ, ਨਾਰਥ, ਲਾ, ਵੈਂਡਰਲਿੰਟ, ਕੈਂਟੀਲੋਂਨ, ਫਰੈਂਕਲਿਨ ਜਿਹੇ ਵਿਉਪਾਰੀ ਅਤੇ ਰਾਜਨੇਤਾ; ਅਤੇ ਖਾਸ ਤੌਰ ਤੇ ਅਤੇ ਸਭ ਤੋਂ ਵਧ ਸਫ਼ਲਤਾ ਨਾਲ ਜਿਵੇਂ ਪੈਟੀ, ਬਾਰਬਨ, ਮੈਂਡੇਵਿਲ, ਕੇਨੈ ਜਿਹੇ ਚਕਿਤਿਸਾ ਵਿਗਿਆਨੀ ਪੜ੍ਹਿਆ ਕਰਦੇ ਸਨ। ਅਠਾਰ੍ਹਵੀਂ ਸਦੀ ਦੇ ਅੱਧ ਵਿਚ ਵੀ ਪਾਦਰੀ ਸ਼ਿਰੀ ਟੱਕਰ ਨੇ ਜਿਹੜਾ ਆਪਣੇ ਸਮੇਂ ਦਾ ਇਕ ਉੱਘਾ ਅਰਥ-ਵਿਗਿਆਨੀ ਸੀ ਲਕਸ਼ਮੀ ਦੀਆਂ ਗੱਲਾਂ ਵਿਚ ਦਖਲ ਦੇਣ ਲਈ ਖਿਮਾ ਜਾਚਨਾ ਕੀਤੀ ਸੀ। ਬਾਅਦ ਵਿਚ, ਸੱਚੀ ਗੱਲ ਇਹ ਹੈ ਕਿ ਇਸ "ਵਸੋਂ ਦੇ ਅਸੂਲ" ਨਾਲ ਹੀ ਪਰੋਟੈਸਟੈਂਟ ਪਾਦਰੀਆਂ ਦੀ ਘੜੀ ਆਰੰਭ ਹੋਈ। ਪੈਟੀ ਜਿਹੜਾ ਕਿ ਵਸੋਂ ਨੂੰ ਦੌਲਤ ਦਾ ਆਧਾਰ ਮੰਨਦਾ ਸੀ ਅਤੇ ਐਡਮ ਸਮਿਥ ਵਾਂਗ ਪਾਦਰੀਆਂ ਦਾ ਕੱਟੜ ਵੈਰੀ ਸੀ, ਕਹਿੰਦਾ ਹੈ ਕਿ, "ਧਰਮ ਸਭ ਤੋਂ ਚੰਗਾ ਉਦੋਂ ਵਿਗਸਦਾ ਹੈ ਜਦੋਂ ਪਾਦਰੀ ਇੰਦ੍ਰੀਆਂ ਦਾ ਦਮਨ ਸਭ ਤੋਂ ਵਧ ਕਰਦੇ ਹਨ। ਇਹ ਗੱਲ ਪਹਿਲਾਂ ਕਾਨੂੰਨ ਬਾਰੇ ਕਹੀ ਜਾਂਦੀ ਸੀ ਜਦ ਇਹ ਆਖਿਆ ਜਾਂਦਾ ਸੀ ਕਿ ਕਾਨੂੰਨ ਸਭ ਤੋਂ ਚੰਗਾ ਉਦੋਂ ਵਧਦਾ ਫੁਲਦਾ ਹੈ ਜਦੋਂ ਵਕੀਲਾਂ ਲਈ ਖਾਣ ਪੀਣ ਲਈ ਕੁਝ ਨਹੀਂ ਹੁੰਦਾ।" ਇਉਂ ਲੱਗਦਾ ਹੈ ਕਿ ਉਸ ਨੂੰ ਪਾਦਰੀਆਂ ਵਲੋਂ ਗੜਬੜ ਪਾਉਣ ਵਾਲੀ ਮੁਦਾਖਲਤ ਦਾ ਅਗਾਊਂ ਗਿਆਨ ਸੀ। ਏਸ ਲਈ ਪਰੋਟੈਸਟੈਂਟ ਪਾਦਰੀਆਂ ਨੂੰ ਸਲਾਹ ਦੇਂਦਾ ਹੈ ਕਿ ਜੇ ਉਹ ਪੈਗੰਬਰ ਪਾਲ ਦੇ ਆਦੇਸ਼ਾਂ ਉਤੇ ਨਾ ਚਲਣ ਅਤੇ ਛੜੇ ਰਹਿ ਕੇ ਆਪਣੀਆਂ "ਇੰਦ੍ਰੀਆਂ ਦਾ ਦਮਨ" ਨਾ ਕਰਨ ਤਾਂ ਉਹਨਾਂ ਨੂੰ, "ਮੌਜੂਦ ਪੈਰਿਸ਼ਾਂ* ਨਾਲੋਂ ਵੱਧ ਪਾਦਰੀ ਪੈਦਾ ਨਹੀਂ ਕਰਨੇ ਚਾਹੀਦੇ" («not to breed more Churchmen») ਅਰਥਾਤ, ਮਿਸਾਲ ਵਜੋਂ ਜੇ ਇੰਗਲੈਂਡ ਅਤੇ ਵੇਲਜ਼ ਵਿਚ ਬਾਰਾਂ ਹਜ਼ਾਰ ਪੈਰਿਸ਼ਾਂ ਲਈ ਥਾਂ ਹੋਵੇ ਤਾਂ ੨੪,੦੦੦ ਪਾਦਰੀ ਪੈਦਾ ਕਰਨਾ ਖਤਰੇ ਤੋਂ ਖਾਲੀ ਨਹੀਂ ਹੋਵੇਗਾ («it will not be safe

---

*ਇਕ ਪਾਦਰੀ ਦਾ ਹਲਕਾ।—**ਸੰਪਾ:**

to breed 24000 ministers»), ਕਿਉਂਕਿ ਜਿਨ੍ਹਾਂ ਬਾਰਾਂ ਹਜ਼ਾਰਾਂ ਨੂੰ ਕੰਮ ਨਹੀਂ ਮਿਲੇਗਾ, ਉਹ ਆਪਣੇ ਲਈ ਰੋਜ਼ਗਾਰ ਦੇ ਰਾਹ ਲੱਭਣਗੇ, ਤੇ ਇਸ ਤੋਂ ਸੌਖਾ ਉਨ੍ਹਾਂ ਲਈ ਕੀ ਰਾਹ ਹੋਏਗਾ ਕਿ ਉਹ ਲੋਕਾਂ ਵਿਚ ਇਹ ਪਰਚਾਰ ਕਰਨ ਕਿ ਬਾਰਾਂ ਹਜ਼ਾਰ ਕੰਮ ਉਤੇ ਲੱਗਣ ਵਾਲੇ ਲੋਕ ਆਤਮਾਵਾਂ ਨੂੰ ਜ਼ਾਹਿਰ ਦੇਂਦੇ ਹਨ ਜਾਂ ਭੁਖਿਆਂ ਮਾਰਦੇ ਹਨ ਅਤੇ ਸਵਰਗ ਵੱਲ ਉਹਨਾਂ ਦੇ ਰਾਹ ਤੋ ਉਨ੍ਹਾਂ ਨੂੰ ਲਾਂਭੇ ਖੜਦੇ ਹਨ। (*Petty*. «A Treatise of Taxes and Contributions». London, 1667, p. 57)।* ਆਪਣੇ ਸਮੇਂ ਦੇ ਪਰੋਟੈਸਟੈਂਟ ਪਾਦਰੀਆਂ ਬਾਰੇ ਐਡਮ ਸਮਿਥ ਦੀ ਪੁਜ਼ੀਸ਼ਨ ਹੇਠ ਲਿਖੇ ਤੋਂ ਪਰਤੱਖ ਹੁੰਦੀ ਹੈ। «A letter to A. Smith, LL. D. On the Life, Death and Philosophy of his Friend David Hume.» By One of the People called Christians, 4th ed. Oxford, 1784** ਵਿਚ ਡਾਕਟਰ ਹੋਰਨ, ਨਾਰਵਿਕ ਦਾ ਬਿਸ਼ਪ ਐਡਮ ਸਮਿਥ ਦੀ ਆਲੋਚਨਾ ਕਰਦਾ ਹੈ ਕਿਉਂਕਿ ਸ਼ਿਰੀ ਸਟਰਾਹਨ ਨੂੰ ਇਕ ਚਿੱਠੀ ਵਿਚ ਜਿਹੜੀ ਪਰਕਾਸ਼ਿਤ ਕੀਤੀ ਗਈ, ਉਹ "ਆਪਣੇ ਮਿੱਤਰ ਡੇਵਿਡ (ਹਿਊਮ) ਨੂੰ ਉਚਿਆਉਂਦਾ ਹੈ," ਕਿਉਂਕਿ ਉਸ ਨੇ ਦੁਨੀਆਂ ਨੂੰ ਦਸਿਆ ਕਿ ਕਿਸ ਤਰ੍ਹਾਂ "ਹਿਊਮ ਨੇ ਉਸ ਦੇ ਮਰਨ-ਬਿਸਤਰੇ ਉਤੇ ਲੂਕਿਅਨ ਅਤੇ ਵਿਸਟ ਨਾਲ ਆਪਣਾ ਜੀ ਪਰਚਾਇਆ", ਅਤੇ ਕਿਉਂਕਿ ਉਸ ਨੇ ਹਿਊਮ ਬਾਰੇ ਏਥੋਂ ਤੱਕ ਲਿਖਣ ਦਾ ਹੰਕਾਰ ਕੀਤਾ: "ਮੈਂ ਸਦਾ ਉਸ ਨੂੰ ਉਸ ਦੇ ਜੀਵਨ ਵਿਚ ਅਤੇ ਉਸ ਦੀ ਮੌਤ ਤੋਂ ਪਿਛੋਂ ਮੁਕੰਮਲ ਤੌਰ ਤੇ ਸਿਆਣੇ ਅਤੇ ਗੁਣਵਾਨ ਮਨੁੱਖ ਦੇ ਨੇੜੇ ਸਮਝਿਆ ਹੈ ਜਿਥੋਂ ਤੱਕ ਸ਼ਾਇਦ ਵੱਧ ਤੋਂ ਵੱਧ ਮਨੁਖੀ ਕਮਜ਼ੋਰੀ ਦੇ ਹੁੰਦਿਆਂ ਹੋ ਸਕਦਾ ਹੈ।" ਬਿਸ਼ਪ ਜਜ਼ਬਾਤ ਵਿਚ ਆ ਕੇ ਚੀਖ ਉੱਠਦਾ ਹੈ: "ਸ਼ਿਰੀਮਾਨ ਜੀ ਕੀ ਇਹ ਤੁਹਾਡੇ ਲਈ ਠੀਕ ਹੈ ਕਿ ਤੁਸੀਂ ਸਾਡੇ ਵਾਸਤੇ ਇਕ ਅਜਿਹੇ ਵਿਅਕਤੀ ਦਾ ਲੱਛਣ ਅਤੇ ਚਲਨ, ਪੂਰੀ ਤਰ੍ਹਾਂ ਸਿਆਣਾ ਅਤੇ ਗੁਣਵਾਣ ਦੱਸੋ ਜਿਸ ਨੂੰ ਉਸ ਸਭ ਕੁਝ ਨਾਲ ਲਾਇਲਾਜ ਨਫ਼ਰਤ ਹੈ ਜਿਸ ਨੂੰ ਮਜ਼ਹਬ ਕਿਹਾ ਜਾਂਦਾ ਹੈ; ਅਤੇ ਜਿਸ ਨੇ ਮਨੁਖ ਵਿਚ ਇਸ ਦੀ ਭਾਵਨਾ ਨੂੰ ਖ਼ਤਮ ਕਰਨ, ਦਬਾਉਣ ਅਤੇ ਕਢਣ ਵਿਚ ਸਾਰੀ ਵਾਹ ਲਾਈ ਹੋਵੇ, ਏਥੋਂ ਤੱਕ ਕਿ ਜੇ ਉਸ ਦਾ ਵਸ ਚੱਲੇ ਤਾਂ ਮਜ਼ਹਬ ਦਾ ਨਾਮ ਹੀ ਲੋਕ ਭੁਲ ਜਾਣ?"

---

* ਪੈਟੀ। "ਟੈਕਸਾਂ ਅਤੇ ਅੰਸ਼ਦਾਨਾਂ ਸੰਬੰਧੀ"। ਲੰਦਨ, ੧੬੬੭, ਪੰਨਾ ੫੭।—**ਸੰਪਾ:**

** "ਐ. ਸਮਿਥ, ਐਲ. ਐਲ. ਡੀ., ਨੂੰ ਉਸ ਦੇ ਮਿੱਤਰ ਡੇਵਿਡ ਹਿਊਮ ਦੀ ਜੀਵਨੀ, ਮੌਤ ਅਤੇ ਫ਼ਿਲਾਸਫ਼ੀ ਬਾਰੇ ਈਸਾਈ ਅਖਵਾਉਣ ਵਾਲੇ ਲੋਕਾਂ ਵਿਚੋਂ ਇਕ ਦੀ ਚਿੱਠੀ"। ਚੌਥੀ ਛਾਪ, ਆਕਸਫ਼ੋਰਡ, ੧੭੮੪"।—**ਸੰਪਾ:**

(ਸਫ਼ਾ ੮) "ਪਰ ਸੱਚ ਨੂੰ ਪਿਆਰ ਕਰਨ ਵਾਲਿਆਂ ਨੂੰ ਹੌਸਲਾ ਨਹੀਂ ਛਡਣਾ ਚਾਹੀਦਾ। ਨਾਸਤਕਤਾ ਫੈਲ ਨਹੀਂ ਸਕਦੀ" (ਸਫ਼ਾ ੧੭)। ਐਡਮ ਸਮਿਥ, ਆਪਣੇ «Theory of moral sentiments»* ਨਾਲ "ਧਰਤੀ ਉਤੇ ਨਾਸਤਕਤਾ ਫੈਲਾਉਣ ਦੇ ਵਹਿਸ਼ੀ ਘਟੀਆਪਣ" ਦਾ ਮਾਲਕ («the atrocious wickedness») ਸੀ। ਸਮੁਚੇ ਤੌਰ ਉਤੇ ਡਾਕਟਰ, ਤੁਹਾਡਾ ਭਾਵ ਚੰਗਾ ਹੈ, ਪਰ ਮੇਰਾ ਖ਼ਿਆਲ ਹੈ ਕਿ ਤੁਸੀਂ ਇਸ ਵਾਰ ਸਫਲ ਨਹੀਂ ਹੋਵੋਗੇ। ਤੁਸੀਂ ਸਾਨੂੰ ਸ੍ਰੀਮਾਨ ਡੇਵਿਡ ਹਿਊਮ ਦੀ ਮਿਸਾਲ ਨਾਲ ਪਰੇਰੋਗੇ ਕਿ ਢੱਠੇ ਦਿਲਾਂ ਲਈ ਨਾਸਤਕਤਾ ਇਕੋ ਇਕ ਦਵਾਈ (cordial) ਹੈ, ਅਤੇ ਇਹ ਮੌਤ ਦੇ ਡਰ ਦਾ ਯੋਗ ਇਲਾਜ ਹੈ।... ਤੁਸੀਂ ਬੇਬੀਲੋਨ ਦੇ ਖੰਡਰ ਹੋ ਜਾਣ ਤੇ ਮੁਸਕਰਾ ਸਕਦੇ ਹੋ ਅਤੇ ਸਖਤ ਦਿਲ ਫਰਊਨ ਨੂੰ ਲਾਲ ਸਾਗਰ ਵਿਚ ਸੁਟੇ ਜਾਣ ਤੇ ਵਧਾਈ ਦੇ ਸਕਦੇ ਹੋ" (ਸਫਾ ੨੧, ੨੨)। ਇਕ ਕਟੜ ਵਿਅਕਤੀ ਜਿਹੜਾ ਐਡਮ ਸਮਿਥ ਦੇ ਕਾਲਜ ਦੇ ਮਿਤਰਾਂ ਵਿਚੋਂ ਸੀ ਉਸ ਦੀ ਮੌਤ ਤੋਂ ਬਾਅਦ ਲਿਖਦਾ ਹੈ: "ਹਿਊਮ ਲਈ ਸਮਿਥ ਦਾ ਸੁਚੱਜਾ ਪਿਆਰ... ਉਸ ਦੇ ਈਸਾਈ ਹੋਣ ਵਿਚ ਰੋਕ ਪਾਉਂਦਾ ਸੀ।... ਜਦੋਂ ਉਹ ਕਿਸੇ ਅਜਿਹੇ ਈਮਾਨਦਾਰ ਆਦਮੀ ਨੂੰ ਮਿਲਦਾ ਜਿਸ ਨੂੰ ਉਹ ਪਸੰਦ ਕਰਦਾ ਹੋਵੇ... ਉਹ ਹਰ ਉਸ ਗੱਲ ਤੇ ਵਿਸ਼ਵਾਸ ਕਰ ਲਵੇਗਾ ਜਿਹੜੀ ਉਹ ਕਹੇ। ਜੇ ਉਹ ਲਾਇਕ ਅਤੇ ਜੁਗਤੀ ਹੋਰਾਕਸ ਦਾ ਮਿਤਰ ਹੁੰਦਾ ਤਾਂ ਉਸ ਨੂੰ ਇਹ ਵਿਸ਼ਵਾਸ ਹੁੰਦਾ ਕਿ ਨਿਖਰੇ ਅਸਮਾਨ ਵਿਚ ਬਗੈਰ ਕਿਸੇ ਬਦਲ ਤੋਂ ਚੰਨ ਅਲੋਪ ਹੋ ਸਕਦਾ ਹੈ।... ਆਪਣੇ ਰਾਜਸੀ ਅਸੂਲਾਂ ਵਿਚ ਉਹ ਗਣਰਾਜਵਾਦ ਦੇ ਨੇੜੇ ਢੁਕਦਾ ਸੀ।" («The Bee. By *James Anderson*. 18 vols., Edinburgh, Vol. 3, p. p. 166, 165, 1791-93) ** ਪਾਦਰੀ ਥਾਮਸ ਚਾਲਮਰਜ਼ ਐਡਮ ਸਮਿਥ ਵਲੋਂ "ਅਣਉਪਜਾਇਕ ਕਿਰਤੀ" ਦਾ ਪਰਾਵਰਗ ਘੜੇ ਜਾਣ ਉਤੇ ਸ਼ਕ ਪ੍ਰਗਟ ਕਰਦਾ ਹੈ। ਇਹ ਸ਼ਬਦ ਨਿਰੋਲ ਪਰੋਟੈਸਟੈਂਟ ਪਾਦਰੀਆਂ ਲਈ ਵਰਤੇ ਗਏ ਸਨ ਭਾਵੇਂ ਰੱਬ ਦੇ ਅੰਗੂਰਾਂ ਦੇ ਬਗੀਚੇ ਵਿਚ ਉਹਨਾਂ ਨੇ ਚੰਗਾ ਕੰਮ ਕੀਤਾ ਸੀ!...

---

* "ਇਖਲਾਕੀ ਜਜ਼ਬਿਆਂ ਦੇ ਸਿਧਾਂਤ"। —**ਸੰਪਾ:**

** ("ਮਧੂ ਮੱਖੀ। ਲੇਖਕ **ਜੇਮਜ਼ ਐਂਡਰਸਨ**। ੧੮ ਜਿਲਦਾਂ ਵਿਚ, ਐਡਨਬਰਗ, ਸਫ਼ਾ ੧੬੬, ੧੬੫, ੧੭੯੧—੧੭੯੩)। —**ਸੰਪਾ:**

ਫ਼ਰੈਡਰਿਕ ਏਂਗਲਜ਼

# ਪਰਵਾਸੀ ਸਾਹਿਤ

(ਦੂਜੇ ਲੇਖ ਵਿਚੋਂ ਅੰਸ਼)

...ਸਾਡੇ ਬਲਾਂਕੀਵਾਦੀਆਂ[79] ਦਾ ਬਾਕੂਨਿਨਵਾਦੀਆਂ[80] ਨਾਲ ਇਕ ਬੁਨਿਆਦੀ ਸਾਂਝਾ ਲਛਣ ਇਹ ਹੈ ਕਿ ਉਹ ਅਤਿਅੰਤ ਦੂਰ-ਰਸ, ਅਤਿਅੰਤ ਗਰਮ-ਖ਼ਿਆਲ ਪ੍ਰਵਿਰਤੀ ਦੇ ਪ੍ਰਤਿਨਿਧ ਬਣਨਾ ਚਾਹੁੰਦੇ ਹਨ। ਸੱਬਬ ਨਾਲ, ਇਹੋ ਹੀ ਕਾਰਨ ਹੈ ਕਿ ਬਲਾਂਕੀਵਾਦੀ ਉਦੇਸ਼ਾਂ ਦੇ ਸੰਬੰਧ ਵਿਚ ਬਾਕੂਨਿਨਵਾਦੀਆਂ ਦਾ ਵਿਰੋਧ ਕਰਦੇ ਹੋਏ ਵੀ ਉਹ ਅਕਸਰ ਉਹਨਾਂ ਜਿਹੇ ਹੀ ਸਾਧਨ ਅਪਣਾਉਂਦੇ ਹਨ। ਇਸ ਲਈ ਸਵਾਲ ਅਨੀਸ਼ਵਰਵਾਦ ਦੇ ਸੰਬੰਧ ਵਿਚ ਬਾਕੀ ਸਭਨਾਂ ਨਾਲੋਂ ਵਧੇਰੇ ਗਰਮ-ਖ਼ਿਆਲ ਬਣਨ ਦਾ ਹੈ। ਚੰਗੇ ਭਾਗਾਂ ਨੂੰ, ਅਜਕਲ ਅਨੀਸ਼ਵਰਵਾਦੀ ਬਣ ਸਕਣਾ ਕਾਫੀ ਸੌਖਾ ਕੰਮ ਹੈ। ਯੂਰਪ ਦੀਆਂ ਮਜ਼ਦੂਰ ਪਾਰਟੀਆਂ ਵਿਚ ਅਨੀਸ਼ਵਰਵਾਦ ਵਧ ਜਾਂ ਘਟ ਸਵੈ-ਵਿਦਿਤ ਹੈ—ਕੁਝ ਯੂਰਪੀ ਦੇਸਾਂ ਵਿਚ ਇਹ ਸਪੇਨੀ ਬਾਕੂਨਿਨਵਾਦੀ ਵਰਗੀ ਹੀ ਗੱਲ ਹੈ ਜਿਸਨੇ ਕਿਹਾ ਸੀ ਕਿ ਈਸ਼ਵਰ ਵਿਚ ਵਿਸ਼ਵਾਸ ਕਰਨਾ ਕੁਲ ਸਮਾਜਵਾਦ ਦੇ ਖਿਲਾਫ ਹੈ, ਪਰ ਕੁਆਰੀ ਮਰੀਅਮ ਵਿਚ ਵਿਸ਼ਵਾਸ ਕਰਨਾ ਬਿਲਕੁਲ ਵਖਰੀ ਗੱਲ ਹੈ, ਅਤੇ ਹਰ ਸਭਿਅ ਸਮਾਜਵਾਦੀ ਨੂੰ ਸੁਭਾਵਿਕ ਹੀ ਉਸ ਵਿਚ ਵਿਸ਼ਵਾਸ ਕਰਨਾ ਚਾਹੀਦਾ ਹੈ। ਜਿਥੋਂ ਤੱਕ ਜਰਮਨ ਸੋਸ਼ਲ-ਡੈਮੋਕ੍ਰੈਟਿਕ ਮਜ਼ਦੂਰਾਂ ਦਾ ਸਵਾਲ ਹੈ, ਆਖਿਆ ਜਾ ਸਕਦਾ ਹੈ ਕਿ ਉਹਨਾਂ ਲਈ ਅਨੀਸ਼ਵਰਵਾਦ ਪਹਿਲਾਂ ਹੀ ਆਪਣੀ ਲਾਭਦਾਇਕਤਾ ਦੀ ਵਧੇਰੇ ਉਮਰ ਭੋਗ ਚੁਕਿਆ ਹੈ; ਇਹ ਖਾਲਸ ਨਿਖੇਧ ਉਹਨਾਂ ਉਤੇ ਲਾਗੂ ਨਹੀਂ ਹੁੰਦਾ, ਕਿਉਂਕਿ ਉਹ ਹੁਣ ਈਸ਼ਵਰ ਵਿਚ ਕੁਲ ਵਿਸ਼ਵਾਸ ਦਾ ਸਿਧਾਂਤਕ ਨਹੀਂ ਸਗੋਂ ਅਮਲ ਵਿਚ ਵਿਰੋਧ ਕਰਦੇ ਹਨ; **ਈਸ਼ਵਰ ਨਾਲ ਤਾਂ ਬਸ ਉਹ ਸਾਰੇ ਸੰਬੰਧ ਮੁਕਾ ਚੁਕੇ ਹਨ**; ਉਹ ਯਥਾਰਥ ਦੇ ਸੰਸਾਰ ਵਿਚ ਰਹਿੰਦੇ ਅਤੇ ਸੋਚਦੇ ਹਨ ਅਤੇ ਇਸ ਲਈ ਪਦਾਰਥਵਾਦੀ ਹਨ। ਸ਼ਾਇਦ, ਇਹੋ ਗੱਲ ਫ਼ਰਾਂਸ ਤੇ ਵੀ ਲਾਗੂ ਹੁੰਦੀ ਹੈ। ਜੇ ਨਹੀਂ, ਤਾਂ ਇਸ ਨਾਲੋਂ ਵਧੇਰੇ ਸਰਲ ਕੁਝ ਨਹੀਂ ਹੋ ਸਕਦਾ ਕਿ ਮਜ਼ਦੂਰਾਂ ਵਿਚ ਪਿਛਲੀ ਸਦੀ ਦੇ ਸ਼ਾਨਦਾਰ ਫ਼ਰਾਂਸੀਸੀ ਪਦਾਰਥਵਾਦੀ ਸਾਹਿਤ ਨੂੰ ਵਿਸ਼ਾਲ ਪਧਰ ਉਤੇ ਵੰਡਣ ਦਾ ਪ੍ਰਬੰਧ ਕੀਤਾ ਜਾਏ, ਸਾਹਿਤ ਜਿਸ ਵਿਚ ਫ਼ਰਾਂਸ ਦੀ ਆਤਮਾ ਨੇ ਰੂਪ ਅਤੇ ਵਸਤੂ ਦੋਹਾਂ ਦੇ ਸੰਬੰਧ ਵਿਚ ਆਪਣੀ ਸਭ ਤੋ ਮਹਾਨ

ਪ੍ਰਾਪਤੀ ਕੀਤੀ ਹੈ, ਅਤੇ ਜਿਹੜਾ, ਵਿਗਿਆਨ ਦੀ ਉਸ ਵੇਲੇ ਮੌਜੂਦ ਪੱਧਰ ਨੂੰ ਵਿਚਾਰਦਿਆਂ, ਅੱਜ ਵੀ ਵਸਤੂ ਦੇ ਸੰਬੰਧ ਵਿਚ ਬੇਹੱਦ ਉੱਚਾ ਖੜਾ ਹੈ, ਅਤੇ ਰੂਪ ਦੇ ਸੰਬੰਧ ਵਿਚ ਅਜੇ ਤੱਕ ਪਛਾੜਿਆ ਨਹੀਂ ਗਿਆ। ਪਰੰਤੂ, ਇਹ ਸਾਡੇ ਬਲਾਂਕੀਵਾਦੀਆਂ ਨੂੰ ਮੁਆਫਕ ਨਹੀਂ। ਇਹ ਸਿਧ ਕਰਨ ਲਈ ਕਿ ਉਹ ਸਭ ਤੋਂ ਵਧ ਗਰਮ-ਖ਼ਿਆਲ ਹਨ, ਜਿਵੇਂ ੧੭੯੩ ਵਿਚ ਹੋਇਆ ਸੀ, ਈਸ਼ਵਰ ਦੇ ਹੋਂਦ ਵਿਚ ਨਾ ਹੋਣ ਦਾ ਫਰਮਾਨ ਜਾਰੀ ਕੀਤਾ ਜਾਂਦਾ ਹੈ:

> "ਕਮਿਊਨ ਮਨੁਖਤਾ ਨੂੰ ਬੀਤੇ ਦੇ ਸੰਤਾਪ ਦੇ ਇਸ ਹਊਏ" (ਈਸ਼ਵਰ) "ਤੋਂ, ਉਹਨਾਂ ਦੇ ਵਰਤਮਾਨ ਸੰਤਾਪ ਦੇ ਇਸ ਕਾਰਨ" (ਹੋਂਦ-ਹੀਣ ਈਸ਼ਵਰ ਇਕ ਕਾਰਨ!) "ਤੋਂ ਸਦਾ ਲਈ ਮੁਕਤ ਕਰ ਦੇਵੇਗੀ। ਕਮਿਊਨ ਵਿਚ ਪਾਦਰੀਆਂ ਲਈ ਕੋਈ ਥਾਂ ਨਹੀਂ, ਹਰ ਧਾਰਮਿਕ ਸੇਵਾ, ਹਰ ਧਾਰਮਿਕ ਜਥੇਬੰਦੀ ਤੇ ਪਾਬੰਦੀ ਲਾਉਣਾ ਜ਼ਰੂਰੀ ਹੈ।"

ਅਤੇ ਲੋਕਾਂ ਨੂੰ par ordre du mufti * ਅਨੀਸ਼ਵਰਵਾਦੀਆਂ ਵਿਚ ਤਬਦੀਲ ਕਰਨ ਦੀ ਇਸ ਮੰਗ ਉਤੇ ਕਮਿਊਨ ਦੇ ਦੋ ਮੈਂਬਰਾਂ ਦੇ ਦਸਖ਼ਤ ਹਨ, ਜਿਨ੍ਹਾਂ ਨੂੰ ਨਿਸਚੇ ਹੀ ਇਹ ਸਪਸ਼ਟ ਕਰ ਲੈਣ ਦਾ ਚੋਖਾ ਮੌਕਾ ਮਿਲਿਆ ਹੋਵੇਗਾ, ਪਹਿਲੀ ਗੱਲ, ਕਿ ਕਾਗ਼ਜ਼ ਉਤੇ ਕੋਈ ਵੀ ਫਰਮਾਨ ਜਾਰੀ ਕੀਤਾ ਜਾ ਸਕਦਾ ਹੈ ਪਰ ਇਸ ਦਾ ਇਹ ਮਤਲਬ ਨਹੀਂ ਹੁੰਦਾ ਕਿ ਇਸ ਉਤੇ ਅਮਲ ਕੀਤਾ ਜਾਏਗਾ, ਦੂਜੀ ਗੱਲ, ਕਿ ਅਤਿਆਚਾਰ ਬੇਲੋੜੇ ਨਿਸ਼ਚਿਆਂ ਨੂੰ ਮਜ਼ਬੂਤ ਕਰਨ ਦਾ ਸਭ ਤੋਂ ਚੰਗਾ ਸਾਧਨ ਹੁੰਦਾ ਹੈ! ਏਨੀ ਗੱਲ ਤਾਂ ਨਿਸਚਿਤ ਹੈ: ਅੱਜ ਹਾਲੇ ਵੀ ਈਸ਼ਵਰ ਦੀ ਜਿਹੜੀ ਇਕੋ ਇਕ ਸੇਵਾ ਕੀਤੀ ਜਾ ਸਕਦੀ ਹੈ ਉਹ ਅਨੀਸ਼ਵਰਵਾਦ ਨੂੰ ਇਕ ਲਾਜ਼ਮੀ ਮੱਤ ਬਣਾਉਣਾ ਅਤੇ ਵਿਆਪਕ ਰੂਪ ਵਿਚ ਧਰਮ ਦੀ ਮਨਾਹੀ ਕਰਕੇ ਬਿਸਮਾਰਕ ਦੇ ਪਾਦਰੀਵਰਗ, ਵਿਰੋਧੀ Kulturkampf[81] ਕਾਨੂੰਨਾਂ ਨੂੰ ਮਾਤ ਪਾਉਣਾ ਹੈ।

ਮਈ ੧੮੭੪—ਅਪ੍ਰੈਲ ੧੮੭੫ ਵਿਚ ਲਿਖਿਆ ਗਿਆ

ਮੂਲ ਪਾਠ ਜਰਮਨ ਵਿਚ ਹੈ

---

*ਮੁਫਤੀ ਦੇ ਹੁਕਮ ਨਾਲ, ਉਪਰੋਂ ਹੁਕਮ ਨਾਲ।—**ਸੰਪਾ:**

ਕਾਰਲ ਮਾਰਕਸ

# ਗੋਥਾ ਪ੍ਰੋਗਰਾਮ ਦੀ ਆਲੋਚਨਾ

( ਅੰਸ਼ )

....“**ਜ਼ਮੀਰ ਦੀ ਆਜ਼ਾਦੀ**!” ਜੇ ਬੰਦੇ ਨੇ Kulturkampf ਦੇ ਸਮੇਂ ਉਦਾਰਵਾਦ ਨੂੰ ਉਸ ਦੇ ਪੁਰਾਣੇ ਤਕੀਆ ਕਲਾਮ ਦਾ ਚੇਤਾ ਕਰਾਉਣ ਦੀ ਇੱਛਾ ਕੀਤੀ ਹੁੰਦੀ, ਤਾਂ ਇਹ ਨਿਸ਼ਚੇ ਹੀ ਕੇਵਲ ਹੇਠ ਲਿਖੇ ਰੂਪ ਵਿਚ ਹੀ ਹੋ ਸਕਣਾ ਸੀ: ਪੁਲੀਸ ਵਲੋਂ ਲੱਤਾਂ ਅੜਾਏ ਬਿਨਾਂ ਹਰ ਇਕ ਨੂੰ ਆਪਣੀਆਂ ਧਾਰਮਿਕ ਅਤੇ ਆਪਣੀਆਂ ਸਰੀਰਕ ਲੋੜਾਂ ਦੀ ਪੂਰਤੀ ਦੇ ਯੋਗ ਹੋਣਾ ਚਾਹੀਦਾ ਹੈ। ਪਰ ਇਸ ਸੰਬੰਧ ਵਿਚ ਮਜ਼ਦੂਰ ਪਾਰਟੀ ਨੂੰ ਹਰ ਹਾਲਤ ਵਿਚ ਇਸ ਤੱਥ ਸੰਬੰਧੀ ਆਪਣੀ ਚੇਤਨਤਾ ਪ੍ਰਗਟ ਕਰਨੀ ਚਾਹੀਦੀ ਸੀ ਕਿ ਬੁਰਜੂਆ “ਜ਼ਮੀਰ ਦੀ ਆਜ਼ਾਦੀ” ਹਰ ਸੰਭਵ ਪ੍ਰਕਾਰ ਦੀ **ਜ਼ਮੀਰ ਦੀ ਧਾਰਮਿਕ ਆਜ਼ਾਦੀ** ਨੂੰ ਸਹਿਨ ਕਰਨ ਤੋਂ ਬਿਨਾਂ ਹੋਰ ਕੁਝ ਨਹੀਂ, ਅਤੇ ਕਿ ਆਪਣੇ ਵਲੋਂ ਇਹ ਜ਼ਮੀਰ ਨੂੰ ਧਰਮ ਦੇ ਜਾਦੂ ਤੋਂ ਸਗੋਂ ਆਜ਼ਾਦ ਕਰਨ ਲਈ ਘਾਲਣਾ ਘਾਲਦੀ ਹੈ। ਪਰ ਬੰਦਾ “ਬੁਰਜੂਆ” ਪੱਧਰ[82] ਨੂੰ ਨਾ ਛੜੱਪਣ ਦੀ ਚੋਣ ਕਰਦਾ ਹੈ।...

ਅਪ੍ਰੈਲ —ਮਈ ੧੮੭੫
ਦੇ ਸ਼ੁਰੂ ਵਿਚ ਲਿਖਿਆ ਗਿਆ

ਮੂਲ ਪਾਠ ਜਰਮਨ ਵਿਚ ਹੈ

ਫਰੈਡਰਿਕ ਏਂਗਲਜ਼

# ਡੂਹਰਿੰਗ-ਵਿਰੁਧ

(ਅੰਸ਼)

...ਈਸਾਈਅਤ ਨੂੰ ਕੇਵਲ **ਇਕੋ** ਗੱਲ ਦਾ ਪਤਾ ਸੀ ਜਿਸ ਵਿਚ ਸਾਰੇ ਵਿਅਕਤੀ ਸਮਾਨ ਸਨ: ਕਿ ਸਾਰੇ ਮੂਲ ਗੁਨਾਹ ਵਿਚੋਂ ਸਮਾਨ ਰੂਪ ਵਿਚ ਜੰਮੇ ਸਨ—ਜੋ ਕਿ ਗੁਲਾਮਾਂ ਅਤੇ ਪੀੜਤਾਂ ਦੇ ਧਰਮ ਵਜੋਂ ਇਸ ਦੇ ਚ੍ਰਿਤਰ ਦੇ ਪੂਰੀ ਤਰ੍ਹਾਂ ਅਨੁਸਾਰੀ ਸੀ। ਇਸ ਤੋਂ ਇਲਾਵਾ ਇਹ, ਵਧ ਤੋਂ ਵਧ, ਸ੍ਰਿਸ਼ਟਾਂ ਦੀ ਸਮਾਨਤਾ ਨੂੰ ਮਾਨਤਾ ਦੇਂਦੀ ਸੀ, ਪਰ ਇਸ ਉਤੇ ਕੇਵਲ **ਬਹੁਤ ਸ਼ੁਰੂ ਵਿਚ ਹੀ** ਜ਼ੋਰ ਦਿਤਾ ਗਿਆ ਸੀ। ਮਲਕੀਅਤ ਦੇ ਚਿੰਨ੍ਹ ਜਿਹੜੇ ਨਵੇਂ ਧਰਮ ਦੇ ਮੁਢਲੇ ਪੜਾਵਾਂ ਵਿਚ ਵਿਖਾਈ ਦੇਂਦੇ ਹਨ ਅਸਲ ਸਮਾਨਤਾਵਾਦੀ ਵਿਚਾਰਾਂ ਨਾਲੋਂ ਸਗੋਂ ਮਜ਼ਲੂਮਾਂ ਵਿਚਲੀ ਸਾਂਝੀ ਇਕਮੁਠਤਾ ਨਾਲ ਸੰਬੰਧਤ ਕੀਤੇ ਜਾ ਸਕਦੇ ਹਨ। ਥੋੜੇ ਹੀ ਸਮੇਂ ਅੰਦਰ ਪਾਦਰੀਆਂ ਤੇ ਸਾਧਾਰਨ ਆਦਮੀਆਂ ਵਿਚਕਾਰ ਨਿਖੇੜ ਦੇ ਸਥਾਪਤ ਹੋਣ ਨਾਲ ਇਸ ਮੁਢਲੀ ਈਸਾਈ ਸਮਾਨਤਾ ਦਾ ਵੀ ਅੰਤ ਹੋ ਗਿਆ।—ਜਰਮਨਾਂ ਵਲੋਂ ਪਛਮੀ ਯੂਰਪ ਉਤੇ ਕਬਜ਼ਾ ਕਰਨ ਦੇ ਫਲਸਰੂਪ, ਸਹਿਜੇ ਸਹਿਜੇ ਇਕ ਅਜਿਹੀ ਗੁੰਝਲਦਾਰ ਸਮਾਜਕ ਅਤੇ ਰਾਜਨੀਤਕ ਅਧਿਸ਼੍ਰੇਣੀ ਪੈਦਾ ਹੋ ਜਾਣ ਨਾਲ, ਜਿਹੋ ਜਿਹੀ ਪਹਿਲਾਂ ਕਦੇ ਮੌਜੂਦ ਨਹੀਂ ਸੀ, ਸਮਾਨਤਾ ਦੇ ਸਾਰੇ ਵਿਚਾਰ ਸਦੀਆਂ ਲਈ ਮਿਟ ਗਏ। ਪਰ ਇਸ ਦੇ ਨਾਲ ਹੀ ਧਾਵੇ ਨੇ ਪਛਮੀ ਅਤੇ ਕੇਂਦਰੀ ਯੂਰਪ ਨੂੰ ਇਤਿਹਾਸਕ ਵਿਕਾਸ ਦੇ ਧਾਰੇ ਵਿਚ ਖਿਚ ਲਿਆਂਦਾ, ਪਹਿਲੀ ਵਾਰ ਇਕ ਗਠਵਾਂ ਸਭਿਆਚਾਰਕ ਖੇਤਰ ਸਿਰਜਿਆ, ਅਤੇ ਇਸ ਖੇਤਰ ਦੇ ਅੰਦਰ ਵੀ ਪਹਿਲੀ ਵਾਰੀ ਪ੍ਰਬਲ ਰੂਪ ਵਿਚ ਕੌਮੀ ਰਾਜਾਂ ਦੀ ਇਕ ਪ੍ਰਣਾਲੀ ਦੀ ਸਿਰਜਣਾ ਕੀਤੀ ਗਈ ਜਿਹੜੇ ਇਕ ਦੂਜੇ ਤੇ ਪ੍ਰਸਪਰ ਪ੍ਰਭਾਵ ਪਾਉਂਦੇ ਅਤੇ ਪ੍ਰਸਪਰ ਤੌਰ ਤੇ ਇਕ ਦੂਜੇ ਨੂੰ ਠਲ੍ਹ ਕੇ ਰਖਦੇ ਹਨ। ਇਸ ਤਰ੍ਹਾਂ ਇਸ ਨੇ ਉਹ ਆਧਾਰ ਤਿਆਰ ਕੀਤਾ, ਕੇਵਲ ਜਿਸ ਉਤੇ ਹੀ ਅਗਲੇਰੇ ਦੌਰ ਵਿਚ ਮਨੁਖਾਂ ਦੇ ਸਮਾਨ ਦਰਜੇ ਦਾ, ਮਨੁਖ ਦੇ ਅਧਿਕਾਰਾਂ ਦਾ ਸਵਾਲ ਉਠਾਇਆ ਜਾ ਸਕਦਾ ਸੀ।...

* * *

..."ਹੁਣ ਵਿਅਕਤੀ ਦੀ ਖ਼ੁਦ-ਮੁਖਤਾਰੀ ਲਾਜ਼ਮੀ ਹੀ ਇਸ ਗੱਲ ਵਿਚ ਹੈ ਕਿ

"ਵਿਅਕਤੀ ਰਾਜ ਵਲੋਂ **ਨਿਰਪੇਖ ਦਬਾਓ** ਦੇ ਅਧੀਨ ਹੈ"; ਪਰੰਤੂ, ਇਹ

ਦਬਾਓ ਕੇਵਲ ਉਸ ਹੱਦ ਤੱਕ ਹੀ ਉਚਿਤ ਠਹਿਰਾਇਆ ਜਾ ਸਕਦਾ ਹੈ ਜਿਸ ਹੱਦ ਤੱਕ ਇਹ "ਸਚਮੁਚ ਹੀ ਸੁਭਾਵਿਕ ਇਨਸਾਫ ਦੀ ਮਦਦ ਕਰਦਾ ਹੈ।" ਇਸ ਉਦੇਸ਼ ਦੀ ਦ੍ਰਿਸ਼ਟੀ ਤੋਂ "ਵਿਧਾਨਿਕ ਅਤੇ ਅਦਾਲਤੀ ਅਧਿਕਾਰ" ਹੋਵੇਗਾ, ਪਰ ਜਿਹੜਾ "ਭਾਈਚਾਰੇ ਦੇ ਹਥਾਂ ਵਿਚ ਰਹਿਣਾ ਜ਼ਰੂਰੀ ਹੈ"; ਅਤੇ ਰਖਿਆ ਲਈ ਇਕ ਇਤਿਹਾਦ ਵੀ ਹੋਵੇਗਾ, ਜਿਸ ਨੂੰ "ਸੈਨਾ ਵਿਚ ਜਾਂ ਅੰਦਰੂਨੀ ਸਲਾਮਤੀ ਕਾਇਮ ਰਖਣ ਲਈ ਇਕ ਕਾਰਜਕਾਰਨੀ ਹਲਕੇ ਦੇ ਸਾਂਝੇ ਅਮਲ" ਵਿਚ ਪ੍ਰਗਟਾ ਮਿਲੇਗਾ"।—

ਕਹਿਣ ਦਾ ਮਤਲਬ ਹੈ, ਕਿ ਸੈਨਾ, ਪੁਲੀਸ, ਹਥਿਆਰਬੰਦ ਪੁਲੀਸ ਵੀ ਹੋਵੇਗੀ। ਸ੍ਰੀਮਾਨ ਡੂਹਰਿੰਗ ਕਈ ਵਾਰ ਪਹਿਲਾਂ ਦਰਸਾ ਚੁਕਾ ਹੈ ਕਿ ਉਹ ਇਕ ਚੰਗਾ ਪਰੂਸ਼ੀਆਈ ਹੈ; ਇਥੇ ਉਹ ਆਪਣੇ ਆਪ ਨੂੰ ਇਸ ਨਮੂਨੇ ਦੇ ਪਰੂਸ਼ੀਆਈ ਦੇ ਬਰਾਬਰ ਸਿਧ ਕਰਦਾ ਹੈ, ਜਿਹੜਾ, ਜਿਵੇਂ ਰੋਖ਼ੋਊ ਦੇ ਸਵਰਗੀ ਮੰਤਰੀ ਨੇ ਕਿਹਾ ਸੀ, "ਆਪਣਾ ਹਥਿਆਰਬੰਦ ਪੁਲਸੀਆ ਆਪਣੀ ਛਾਤੀ ਵਿਚ ਚੁਕੀ ਫਿਰਦਾ ਹੈ।" ਪਰੰਤੂ, ਭਵਿਖ ਦੀ ਇਹ ਹਥਿਆਰਬੰਦ ਪੁਲੀਸ ਏਨੀ ਖਤਰਨਾਕ ਨਹੀਂ ਹੋਵੇਗੀ ਜਿੱਨੇ ਅੱਜ ਦੇ ਪੁਲਸੀ ਠੱਗ ਹਨ। ਉਹਨਾਂ ਦੇ ਹਥੋਂ ਖੁਦ-ਮੁਖਤਾਰ ਵਿਅਕਤੀ ਨੂੰ ਕੋਈ ਵੀ ਕਸ਼ਟ ਹੋਵੇ, ਉਸ ਨੂੰ ਸਦਾ ਹੀ **ਇਕ ਧਰਵਾਸ** ਹੋਵੇਗੀ:

"ਠੀਕ ਜਾਂ ਗ਼ਲਤ ਜੋ ਵੀ, ਪ੍ਰਸਥਿਤੀਆਂ ਅਨੁਸਾਰ, ਆਜ਼ਾਦ ਸਮਾਜ ਵਲੋਂ ਉਸ ਨਾਲ ਵਿਹਾਰ ਹੋਵੇ ਉਸ ਨਾਲੋਂ ਕਦੇ ਵੀ ਕੋਈ **ਭੈੜਾ** ਨਹੀਂ ਹੋ ਸਕਦਾ ਜੋ **ਪ੍ਰਕਿਰਤੀ ਦੀ ਅਵਸਥਾ** ਨੇ ਆਪਣੇ ਨਾਲ ਲਿਆਂਦਾ ਹੁੰਦਾ!"

ਅਤੇ ਫਿਰ, ਜਦੋਂ ਸ੍ਰੀਮਾਨ ਡੂਹਰਿੰਗ ਇਕ ਵਾਰ ਹੋਰ ਸਾਨੂੰ ਲੇਖਕ ਵਜੋਂ ਆਪਣੇ ਉਹਨਾਂ ਅਧਿਕਾਰਾਂ ਬਾਰੇ ਜਿਹੜੇ ਹਮੇਸ਼ਾ ਰਾਹ ਵਿਚ ਰੁਕਾਵਟ ਬਣਦੇ ਹਨ ਠਿੱਬੀ ਮਾਰ ਲੈਂਦਾ ਹੈ, ਤਾਂ ਉਹ ਸਾਨੂੰ ਯਕੀਨ ਦੁਆਉਂਦਾ ਹੈ ਕਿ ਉਸ ਦੇ ਭਵਿਖ਼ ਦੇ ਸੰਸਾਰ ਵਿਚ

"ਨਿਰਸੰਦੇਹ, ਉੱਕਾ ਹੀ ਮੁਫਤ ਵਕੀਲ ਸਭਨਾਂ ਨੂੰ ਸੁਲੱਭ" ਹੋਣਗੇ।

"ਆਜ਼ਾਦ ਸਮਾਜ, ਜਿਵੇਂ ਇਸ ਦੀ ਅੱਜ ਕਲਪਨਾ ਕੀਤੀ ਜਾਂਦੀ ਹੈ," ਇਕਸਾਰ ਰੂਪ ਵਿਚ ਵਧੇਰੇ ਤੋਂ ਵਧੇਰੇ ਰਲ-ਗਡ ਬਣ ਜਾਂਦਾ ਹੈ। ਭਵਨ-ਨਿਰਮਾਣ ਮਾਹਰ, ਪਾਂਡੀ, ਪੇਸ਼ਾਵਰ ਲੇਖਕ, ਹਥਿਆਰਬੰਦ ਪੁਲਸੀਏ, ਅਤੇ ਹੁਣ ਵਕੀਲ ਵੀ! ਇਹ "ਗੰਭੀਰ ਅਤੇ ਆਲੋਚਨਾਤਮਕ ਚਿੰਤਨ ਦਾ ਸੰਸਾਰ" ਅਤੇ ਵੱਖ ਵੱਖ ਧਰਮਾਂ ਦੀਆਂ ਭਿੰਨ ਭਿੰਨ ਅਰਸ਼ੀ ਬਾਦਸ਼ਾਹੀਆਂ, ਜਿਨ੍ਹਾਂ ਵਿਚ ਆਸਤਿਕ ਨੂੰ ਹਮੇਸ਼ਾ ਹੀ ਉਹਨਾਂ ਚੀਜ਼ਾਂ ਦਾ ਵਟਿਆ ਰੂਪ ਦਿਸਦਾ ਹੈ ਜਿਨ੍ਹਾਂ ਨੇ ਉਸ ਦੀ ਸੰਸਾਰੀ

ਹੋਂਦ ਨੂੰ ਮਿਠਾ ਬਣਾਇਆ ਹੁੰਦਾ ਹੈ, ਇਉਂ ਇਕ-ਸਮਾਨ ਹਨ ਜਿਵੇਂ ਮਟਰਾਂ ਦੇ ਦੋ ਦਾਣੇ। ਅਤੇ ਸ੍ਰੀਮਾਨ ਡੂਹਰਿੰਗ ਉਸ ਰਾਜ ਦਾ ਨਾਗਰਿਕ ਹੈ ਜਿਥੇ "ਹਰ ਕੋਈ ਆਪਣੇ ਢੰਗ ਨਾਲ ਖੁਸ਼ ਹੋ ਸਕਦਾ ਹੈ।"[83] ਹੋਰ ਅਸੀਂ ਕੀ ਚਾਹੁੰਦੇ ਹਾਂ?

ਪਰ ਇਸ ਦੀ ਕੋਈ ਅਹਿਮੀਅਤ ਨਹੀਂ ਕਿ ਅਸੀਂ ਕੀ ਚਾਹੁੰਦੇ ਹਾਂ। ਅਹਿਮੀਅਤ ਇਸ ਗੱਲ ਦੀ ਹੈ ਕਿ ਸ੍ਰੀਮਾਨ ਡੂਹਰਿੰਗ ਕੀ ਚਾਹੁੰਦਾ ਹੈ। ਅਤੇ ਫਰੈਡਰਿਕ ਦੂਜੇ ਨਾਲੋਂ ਉਹ ਇਸ ਲਈ ਵਖਰਾ ਹੈ, ਕਿ ਡੂਹਰਿੰਗ ਦੇ ਭਵਿਖੀ ਰਾਜ ਵਿਚ ਨਿਸਚੇ ਹੀ ਹਰ ਕੋਈ ਆਪਣੇ ਹੀ ਢੰਗ ਨਾਲ ਖ਼ੁਸ਼ ਨਹੀਂ ਹੋ ਸਕੇਗਾ। ਇਸ ਭਵਿਖੀ ਰਾਜ ਦਾ ਸੰਵਿਧਾਨ ਵਿਵਸਥਾ ਕਰਦਾ ਹੈ:

> "ਆਜ਼ਾਦ ਸਮਾਜ ਵਿਚ ਕੋਈ ਧਾਰਮਿਕ ਪੂਜਾ ਨਹੀਂ ਹੋ ਸਕਦੀ; **ਕਿਉਂਕਿ** ਇਸ ਦਾ ਹਰ ਮੈਂਬਰ ਇਸ ਆਦਿ-ਕਾਲੀਨ ਬਚਗਾਨਾ ਵਹਿਮ ਤੋਂ ਅਗਾਂਹ ਲੰਘ ਚੁਕਾ ਹੈ ਕਿ ਪ੍ਰਕਿਰਤੀ ਦੇ ਪਿਛੇ ਜਾਂ ਇਸ ਤੋਂ ਉਪਰ ਹੋਂਦਾਂ ਹਨ, ਜਿਨ੍ਹਾਂ ਨੂੰ ਕੁਰਬਾਨੀਆਂ ਜਾਂ ਪ੍ਰਾਰਥਨਾਵਾਂ ਨਾਲ ਪ੍ਰਭਾਵਤ ਕੀਤਾ ਜਾ ਸਕਦਾ ਹੈ।" "ਇਸ ਲਈ, ਠੀਕ ਢੰਗ ਨਾਲ ਕਲਪੀ ਗਈ, ਇਕ ਸਮਾਜਵਾਦੀ ਕਿਸਮ ਦੀ ਪ੍ਰਣਾਲੀ ਨੇ... ਧਾਰਮਿਕ ਜਾਦੂ ਦੇ ਸਾਰੇ ਤਾਣੇ ਬਾਣੇ ਨੂੰ, ਅਤੇ ਇਸ ਦੇ ਨਾਲ ਧਾਰਮਿਕ ਪੂਜਾ ਦੇ ਸਾਰੇ ਲਾਜ਼ਮੀ ਤੱਤਾਂ ਨੂੰ **ਖ਼ਤਮ ਕਰਨਾ ਹੈ।**"

ਧਰਮ ਤੇ ਪਾਬੰਦੀ ਲਾ ਦਿਤੀ ਗਈ ਹੈ।

ਪਰੰਤੂ, ਕੁਲ ਧਰਮ ਮਨੁਖਾਂ ਦੇ ਮਨਾਂ ਵਿਚ ਉਹਨਾਂ ਬਾਹਰੀ ਸ਼ਕਤੀਆਂ ਦੇ ਅਣੋਖੇ ਪ੍ਰਤਿਬਿੰਬ ਤੋਂ ਬਿਨਾਂ ਕੁਝ ਨਹੀਂ ਜਿਹੜੀਆਂ ਉਹਨਾਂ ਦੇ ਦੈਨਿਕ ਜੀਵਨ ਨੂੰ ਕੰਟਰੋਲ ਕਰਦੀਆਂ ਹਨ, ਉਹ ਪ੍ਰਤਿਬਿੰਬ ਜਿਸ ਵਿਚ ਸੰਸਾਰਕ ਸ਼ਕਤੀਆਂ ਪਰਾ-ਪ੍ਰਾਕਿਰਤਕ ਸ਼ਕਤੀਆਂ ਦਾ ਰੂਪ ਧਾਰ ਲੈਂਦੀਆਂ ਹਨ। ਇਤਿਹਾਸ ਦੇ ਆਰੰਭ ਵਿਚ ਇਹ ਪ੍ਰਕਿਰਤੀ ਦੀਆਂ ਸ਼ਕਤੀਆਂ ਸਨ ਜਿਹੜੀਆਂ ਪਹਿਲਾਂ ਇਸ ਤਰ੍ਹਾਂ ਪ੍ਰਤਿਬਿੰਬਤ ਹੋਈਆਂ, ਅਤੇ ਜਿਹੜੀਆਂ ਅਗਲੇਰੇ ਕ੍ਰਮ-ਵਿਕਾਸ ਦੌਰਾਨ ਭਿੰਨ ਭਿੰਨ ਜਾਤੀਆਂ ਵਿਚ ਅਤਿਅੰਤ ਬਹੁ-ਰੂਪੀ ਅਤੇ ਵੰਨ ਸੁਵੰਨੇ ਮਾਨਵੀਕਰਨਾਂ ਵਿਚ ਵਟ ਗਈਆਂ। ਤੁਲਨਾਤਮਕ ਮਿਥਿਹਾਸ ਨੇ ਇਸ ਮੁਢਲੀ ਪ੍ਰਕਿਰਿਆ ਦਾ ਮੂਲ, ਘਟੋ ਘਟ ਹਿੰਦ-ਯੂਰਪੀ ਜਾਤੀਆਂ ਦੇ ਮਾਮਲੇ ਵਿਚ, ਹਿੰਦੁਸਤਾਨ ਦੇ ਵੇਦਾਂ ਵਿਚ ਲਭਿਆ ਹੈ, ਅਤੇ ਇਸ ਦੇ ਅਗਲੇਰੇ ਵਿਕਾਸ ਵਿਚ ਇਹ ਪ੍ਰਕਿਰਿਆ ਹਿੰਦੁਸਤਾਨੀਆਂ, ਫਾਰਸ ਵਾਸੀਆਂ, ਯੂਨਾਨੀਆਂ, ਰੋਮਨਾਂ, ਜਰਮਨਾਂ ਅਤੇ, ਜਿਥੋਂ ਤੱਕ ਸਮਗਰੀ ਸੁਲਭ ਹੈ, ਕੈਲਟਾਂ, ਲਿਥੂਆਨੀਅਨਾਂ ਅਤੇ ਸਲਾਵਾਂ ਵਿਚ ਵੀ, ਵਿਸਥਾਰ ਨਾਲ ਦਰਸਾਇਆ ਗਿਆ ਹੈ। ਪਰ ਥੋੜਾ ਹੀ ਸਮਾਂ ਬੀਤਣ ਤੋਂ ਮਗਰੋਂ, ਪ੍ਰਕਿਰਤੀ ਦੀਆਂ ਸ਼ਕਤੀਆਂ ਦੇ ਨਾਲ ਨਾਲ, ਸਮਾਜਕ ਸ਼ਕਤੀਆਂ ਸਰਗਰਮ ਹੋਣਾ ਸ਼ੁਰੂ ਕਰਦੀਆਂ ਹਨ—ਸ਼ਕਤੀਆਂ ਜਿਹੜੀਆਂ

ਮਨੁਖ ਦੇ ਸਨਮੁਖ ਓਨੀਆਂ ਹੀ ਓਪਰੀਆਂ ਹਨ ਅਤੇ ਪਹਿਲਾਂ ਪਹਿਲ ਓੱਨੀਆਂ ਹੀ ਅਸਪਸ਼ਟ, ਉਸੇ ਹੀ ਪ੍ਰਤੱਖ ਪ੍ਰਾਕਿਰਤਕ ਲੋੜ ਦੇ ਰੂਪ ਵਿਚ ਉਸ ਉਤੇ ਪ੍ਰਬਲ ਜਿਵੇਂ ਖੁਦ ਪ੍ਰਕਿਰਤੀ ਦੀਆਂ ਸ਼ਕਤੀਆਂ ਸਨ। ਉਹ ਅਣੋਖੇ ਆਕਾਰ, ਜਿਹੜੇ ਪਹਿਲਾਂ ਕੇਵਲ ਪ੍ਰਕਿਰਤੀ ਦੀਆਂ ਰਹੱਸਮਈ ਸ਼ਕਤੀਆਂ ਦਾ ਪ੍ਰਤਿਬਿੰਬ ਸਨ, ਇਸ ਬਿੰਦੂ ਤੇ ਆ ਕੇ ਸਮਾਜਕ ਗੁਣ ਧਾਰਨ ਕਰ ਲੈਂਦੇ ਹਨ, ਇਤਿਹਾਸ ਦੀਆਂ ਸ਼ਕਤੀਆਂ ਦੇ ਪ੍ਰਤਿਨਿਧ ਹੋ ਨਿਬੜਦੇ ਹਨ।* ਵਿਕਾਸ ਦੇ ਹੋਰ ਵੀ ਅਗਲੇ ਪੜਾ ਉਤੇ, ਅਣਗਿਣਤ ਦੇਵਤਿਆਂ ਦੇ ਸਾਰੇ ਹੀ ਪ੍ਰਾਕਿਰਤਕ ਅਤੇ ਸਮਾਜਕ ਗੁਣ **ਇਕ** ਸਰਬਸ਼ਕਤੀਮਾਨ ਦੇਵਤੇ ਨੂੰ ਸੌਂਪ ਦਿਤੇ ਜਾਂਦੇ ਹਨ, ਜਿਹੜਾ ਅਮੂਰਤ ਮਨੁਖ ਦਾ ਇਕ ਪ੍ਰਤਿਬਿੰਬ ਹੀ ਹੈ। ਅਜਿਹਾ ਸੀ ਮੂਲ ਇਕੀਸ਼ਵਰਵਾਦ ਦਾ, ਜੋ ਪਿਛਲੇਰੇ ਯੂਨਾਨੀਆਂ ਦੇ ਬਾਜ਼ਾਰੀਕ੍ਰਿਤ ਦਰਸ਼ਨ ਦੀ ਇਤਿਹਾਸਕ ਤੌਰ ਤੇ ਆਖਰੀ ਉਪਜ ਸੀ ਅਤੇ ਜਿਹੜਾ ਯਹੂਦੀਆਂ ਦੇ ਖਾਲਸ ਕੌਮੀ ਦੇਵਤੇ, ਜਿਹੋਵਾ ਦੇ ਰੂਪ ਵਿਚ ਦੇਹਧਾਰੀ ਬਣਿਆ। ਇਸ ਸੁਵਿਧਾਜਨਕ, ਕਾਰਵੰਦੇ ਅਤੇ ਸਰਵ-ਵਿਆਪਕ ਤੌਰ ਤੇ ਅਨੁਕੂਲਨਯੋਗ ਰੂਪ ਵਿਚ, ਧਰਮ ਓਨੇ ਚਿਰ ਤੱਕ ਓਪਰੀਆਂ, ਪ੍ਰਾਕਿਰਤਕ ਅਤੇ ਸਮਾਜਕ, ਸ਼ਕਤੀਆਂ ਨਾਲ ਜਿਹੜੀਆਂ ਮਨੁਖਾਂ ਉਤੇ ਪ੍ਰਬਲ ਹਨ ਉਹਨਾਂ ਦੇ ਸੰਬੰਧ ਦੇ ਤਤਕਾਲੀਨ, ਅਰਥਾਤ, ਉਪਭਾਵਕ ਰੂਪ ਵਜੋਂ ਕਾਇਮ ਰਹਿ ਸਕਦਾ ਹੈ, ਜਿੱਨਾ ਚਿਰ ਮਨੁਖ ਇਹਨਾਂ ਸ਼ਕਤੀਆਂ ਦੇ ਕੰਟਰੋਲ ਹੇਠ ਰਹਿੰਦੇ ਹਨ। ਪਰੰਤੂ, ਅਸੀਂ ਬਾਰ ਬਾਰ ਵੇਖ ਚੁਕੇ ਹਾਂ ਕਿ ਵਿਦਮਾਨ ਬੁਰਜੂਆ ਸਮਾਜ ਵਿਚ ਮਨੁਖਾਂ ਉਤੇ ਉਹਨਾਂ ਆਰਥਕ ਪ੍ਰਸਥਿਤੀਆਂ ਦੀ ਜਿਹੜੀਆਂ ਉਹਨਾਂ ਨੇ ਆਪ ਸਿਰਜੀਆਂ, ਉਤਪਾਦਨ ਦੇ ਸਾਧਨਾਂ ਦੀ ਜਿਹੜੇ ਉਹਨਾਂ ਨੇ ਆਪ ਉਪਜਾਏ ਹਨ, ਜਿਵੇਂ ਇਕ ਓਪਰੀ ਸ਼ਕਤੀ ਦੇ ਰੂਪ ਵਿਚ, ਪ੍ਰਬਲਤਾ ਹੈ। ਇਸ ਲਈ ਪਰਤਾਵੀ ਸਰਗਰਮੀ ਦਾ ਵਾਸਤਵਿਕ ਆਧਾਰ ਜਿਹੜਾ ਧਰਮ ਨੂੰ ਜਨਮ ਦੇਂਦਾ ਹੈ ਅਜੇ ਕਾਇਮ ਰਹਿੰਦਾ ਹੈ, ਅਤੇ ਇਸ ਦੇ ਨਾਲ ਹੀ ਖੁਦ ਧਾਰਮਿਕ ਪ੍ਰਤਿਬਿੰਬ।

---

*ਦੇਵਤਿਆਂ ਵਲੋਂ ਮਗਰੋਂ ਗ੍ਰਹਿਣ ਕੀਤਾ ਇਹ ਦੋਹਰਾ ਚ੍ਰਿਤਰ ਅਗੋਂ ਜਾਕੇ ਮਿਥਿਹਾਸਾਂ ਦੇ ਵਿਸ਼ਾਲ ਰੋਲ ਘਚੋਲੇ ਦੇ ਕਾਰਨਾਂ ਵਿਚੋਂ ਇਕ ਸੀ—ਕਾਰਨ ਜਿਸ ਨੂੰ ਤੁਲਨਾਤਮਕ ਮਿਥਿਹਾਸ ਨੇ ਅਖੋਂ ਪਰੋਖੇ ਕਰ ਦਿਤਾ ਹੈ, ਕਿਉਂਕਿ ਇਹ ਉਹਨਾਂ ਦੇ ਚ੍ਰਿਤਰ ਵੱਲ ਨਰੋਲ ਪ੍ਰਕਿਰਤੀ ਦੀਆਂ ਸ਼ਕਤੀਆਂ ਦੇ ਪ੍ਰਤਿਬਿੰਬਾਂ ਵਜੋਂ ਧਿਆਨ ਦੇਂਦਾ ਹੈ। ਇਸ ਪ੍ਰਕਾਰ ਕੁਝ ਜਰਮਨੀ ਕਬੀਲਿਆਂ ਵਿਚ ਯੁਧ-ਦੇਵਤਾ ਨੂੰ ਟੀਰ (ਪੁਰਾਣੀ ਨਾਰਡਿਕ) ਜਾਂ ਟਸਿਓ (ਪੁਰਾਣੀ ਹਾਈ ਜਰਮਨ) ਆਖਿਆ ਜਾਂਦਾ ਹੈ ਅਤੇ ਇਸ ਤਰ੍ਹਾਂ ਯੂਨਾਨੀ ਜ਼ੀਊਸ, ਡੀਊ-ਪੀਟਰ ਦੀ ਥਾਂ ਲਾਤੀਨੀ ਜੁਪੀਟਰ, ਨਾਲ ਮੇਲ ਖਾਂਦਾ ਹੈ; ਇਸ ਲਈ ਦੂਜੇ ਜਰਮਨੀ ਕਬੀਲਿਆਂ ਵਿਚ, ਐਰ, ਏਓਰ, ਯੂਨਾਨੀ ਆਰਸ, ਲਾਤੀਨੀ ਮਾਰਸ ਦੇ ਅਨੁਸਾਰੀ ਹੈ।

ਅਤੇ ਭਾਵੇਂ ਬੁਰਜੂਆ ਅਰਥ-ਸ਼ਾਸਤਰ ਨੇ ਇਸ ਓਪਰੇ ਗ਼ਲਬੇ ਦੇ ਸਬੱਬੀ ਸੰਬੰਧ ਵਿਚ ਕੁਝ ਸੂਝ ਦਿਤੀ ਹੈ, ਪਰ ਇਸ ਨਾਲ ਕੋਈ ਬੁਨਿਆਦੀ ਫ਼ਰਕ ਨਹੀਂ ਪੈਂਦਾ। ਬੁਰਜੂਆ ਅਰਥ-ਸ਼ਾਸਤਰ ਨਾ ਤਾਂ ਵਿਆਪਕ ਰੂਪ ਵਿਚ ਸੰਕਟਾਂ ਨੂੰ ਟਾਲ ਸਕਦਾ ਹੈ, ਨਾ ਹੀ ਘਾਟਿਆਂ, ਡੁਬੇ ਕਰਜ਼ਿਆ ਅਤੇ ਦਵਾਲੀਏਪਨ ਤੋਂ ਵਿਅਕਤੀਗਤ ਪੂੰਜੀਪਤੀਆਂ ਦੀ ਰਖਿਆ ਕਰ ਸਕਦਾ ਹੈ, ਨਾ ਹੀ ਵਿਅਕਤੀਗਤ ਮਜ਼ਦੂਰਾਂ ਨੂੰ ਬੇਰੁਜ਼ਗਾਰੀ ਅਤੇ ਮੁਥਾਜੀ ਤੋਂ ਸੁਰਖਿਅਤ ਕਰ ਸਕਦਾ ਹੈ। ਇਹ ਗੱਲ ਅਜੇ ਵੀ ਸੱਚ ਹੈ ਕਿ ਬੰਦਾ ਕੁਝ ਸੋਚਦਾ ਹੈ ਅਤੇ ਈਸ਼ਵਰ (ਅਰਥਾਤ, ਪੂੰਜੀਵਾਦੀ ਉਤਪਾਦਨ ਢੰਗ ਦਾ ਓਪਰਾ ਗ਼ਲਬਾ) ਕੁਝ ਕਰਦਾ ਹੈ। ਸਮਾਜਕ ਸ਼ਕਤੀਆਂ ਨੂੰ ਸਮਾਜ ਦੇ ਗ਼ਲਬੇ ਹੇਠ ਲਿਆਉਣ ਲਈ ਕੇਵਲ ਗਿਆਨ ਹੀ ਕਾਫੀ ਨਹੀਂ, ਭਾਵੇਂ ਇਹ ਬੁਰਜੂਆ ਅਰਥ-ਸ਼ਾਸਤਰ ਨਾਲੋਂ ਕਿੱਨਾ ਵੀ ਅਗੇਰੇ ਅਤੇ ਡੂੰਘੇਰੇ ਚਲਾ ਗਿਆ ਹੋਵੇ। ਇਹਦੇ ਲਈ ਸਭ ਤੋਂ ਪਹਿਲਾਂ ਜੋ ਜ਼ਰੂਰੀ ਹੈ, ਉਹ ਹੈ ਸਮਾਜਕ **ਅਮਲ**। ਅਤੇ ਜਦੋਂ ਇਹ ਅਮਲ ਨੇਪਰੇ ਚਾੜ੍ਹ ਲਿਆ ਜਾਂਦਾ ਹੈ, ਜਦੋਂ ਸਮਾਜ, ਉਤਪਾਦਨ ਦੇ ਸਾਰੇ ਸਾਧਨਾਂ ਨੂੰ ਕਬਜ਼ੇ ਵਿਚ ਲੈਕੇ ਅਤੇ ਯੋਜਨਾਬੱਧ ਆਧਾਰ ਉਤੇ ਇਹਨਾਂ ਦੀ ਵਰਤੋਂ ਕਰਕੇ, ਆਪਣੇ ਆਪ ਨੂੰ ਤੇ ਆਪਣੇ ਸਾਰੇ ਮੈਂਬਰਾਂ ਨੂੰ ਉਸ ਬੰਧਨ ਤੋਂ ਆਜ਼ਾਦ ਕਰ ਲੈਂਦਾ ਹੈ ਜਿਸ ਵਿਚ ਇਸ ਵੇਲੇ ਉਹਨਾਂ ਨੂੰ ਇਹਨਾਂ ਉਤਪਾਦਨ ਸਾਧਨਾਂ ਨੇ ਬੰਨ੍ਹਿਆ ਹੋਇਆ ਹੈ ਜਿਹੜੇ ਉਹਨਾਂ ਨੇ ਆਪ ਹੀ ਪੈਦਾ ਕੀਤੇ ਹਨ ਪਰ ਜਿਹੜੇ ਇਕ ਬੇਰੋਕ ਓਪਰੀ ਸ਼ਕਤੀ ਦੇ ਰੂਪ ਵਿਚ ਉਹਨਾਂ ਦੇ ਟਾਕਰੇ ਤੇ ਖੜੇ ਹਨ; ਇਸ ਲਈ ਜਦੋਂ ਮਨੁਖ ਕੇਵਲ ਸੋਚਦੇ ਹੀ ਨਹੀਂ, ਸਗੋਂ ਸੋਚਿਆ ਹੋਇਆ ਕਰਦੇ ਵੀ ਹਨ—ਕੇਵਲ ਓਦੋਂ ਹੀ ਉਹ ਆਖਰੀ ਓਪਰੀ ਸ਼ਕਤੀ ਲੋਪ ਹੋਵੇਗੀ ਜਿਹੜੀ ਅਜੇ ਵੀ ਧਰਮ ਵਿਚ ਪ੍ਰਤਿਬਿੰਬਤ ਹੁੰਦੀ ਹੈ, ਅਤੇ ਇਸ ਦੇ ਨਾਲ ਹੀ ਖੁਦ ਧਾਰਮਿਕ ਪ੍ਰਤਿਬਿੰਬ ਵੀ ਲੋਪ ਹੋ ਜਾਏਗਾ, ਸਿਰਫ ਇਸ ਕਾਰਨ ਹੀ ਕਿ ਫਿਰ ਪ੍ਰਤਿਬਿੰਬਤ ਕਰਨ ਲਈ ਕੁਝ ਰਹਿ ਹੀ ਨਹੀਂ ਜਾਏਗਾ।

ਪਰੰਤੂ, ਜਦੋਂ ਤੱਕ ਧਰਮ ਇਹ, ਆਪਣੀ ਕੁਦਰਤੀ, ਮੌਤ ਮਰੇਗਾ, ਓਦੋਂ ਤੱਕ ਸ੍ਰੀਮਾਨ ਡੂਹਰਿੰਗ ਉਡੀਕ ਨਹੀਂ ਕਰ ਸਕਦਾ। ਉਹ ਵਧੇਰੇ ਡੂੰਘੇ ਢੰਗ ਨਾਲ ਅੱਗੇ ਵਧਦਾ ਹੈ। ਉਹ ਬਿਸਮਾਰਕ ਜਿਹੀਆਂ ਗੱਲਾਂ ਕਰਦਾ ਬਿਸਮਾਰਕ ਤੋਂ ਅਗੇ ਲੰਘ ਜਾਂਦਾ ਹੈ; ਉਹ ਕੇਵਲ ਕੈਥੋਲਿਕਵਾਦ ਵਿਰੁਧ ਹੀ ਨਹੀਂ, ਸਗੋਂ ਕਿਸੇ ਵੀ ਤਰ੍ਹਾਂ ਦੇ ਕੁਲ ਧਰਮ ਵਿਰੁਧ ਤਿਖੇਰੇ ਮਈ ਕਾਨੂੰਨਾਂ[84] ਦਾ ਫਰਮਾਨ ਜਾਰੀ ਕਰਦਾ ਹੈ; ਉਹ ਭਵਿਖ ਦੇ ਆਪਣੇ ਹਥਿਆਰਬੰਦ ਪੁਲਸੀਆਂ ਨੂੰ ਧਰਮ ਦੇ ਖਿਲਾਫ ਉਕਸਾਉਂਦਾ ਹੈ, ਅਤੇ ਇਸ ਪ੍ਰਕਾਰ ਸ਼ਹਾਦਤ ਲਈ ਅਤੇ ਲੰਮੇਰੀ ਉਮਰ ਪ੍ਰਾਪਤੀ ਲਈ ਇਸਦੀ ਸਹਾਇਤਾ ਕਰਦਾ ਹੈ। ਅਸੀਂ ਜਿਧਰ ਵੀ ਧਿਆਨ ਕਰਦੇ ਹਾਂ, ਵਿਸ਼ੇਸ਼ ਤੌਰ ਤੇ ਪਰੂਸ਼ੀਆਈ ਸਮਾਜਵਾਦ ਵੇਖਦੇ ਹਾਂ।...

...**ਸਮਾਨਤਾ—ਇਨਸਾਫ**।—ਇਹ ਵਿਚਾਰ ਕਿ ਸਮਾਨਤਾ ਇਨਸਾਫ ਦਾ,

ਨਿਪੁੰਨ ਰਾਜਨੀਤਕ ਅਤੇ ਸਮਾਜਕ ਵਿਧੀ-ਵਿਧਾਨ ਦੇ ਨੇਮ ਦਾ ਪ੍ਰਗਟਾ ਹੈ, ਬਿਲਕੁਲ ਇਤਿਹਾਸਕ ਤੌਰ ਤੇ ਜਨਮਿਆ ਸੀ। ਆਦਿ-ਕਾਲੀਨ ਭਾਈਚਾਰਿਆਂ ਵਿਚ, ਇਸ ਦੀ ਹੋਂਦ ਨਹੀਂ ਸੀ, ਜਾਂ ਵਿਅਕਤੀਗਤ ਭਾਈਚਾਰਿਆਂ ਦੇ ਪੂਰੇ ਮੈਂਬਰਾਂ ਲਈ ਕੇਵਲ ਬਹੁਤ ਹੀ ਸੀਮਤ ਰੂਪ ਵਿਚ ਸੀ, ਅਤੇ ਗੁਲਾਮੀ ਦੇ ਭਾਰ ਹੇਠ ਸੀ। ਪ੍ਰਾਚੀਨ ਕਾਲ ਦੀ ਜਮਹੂਰੀਅਤ ਵਿਚ ਵੀ ਇਸ ਤਰ੍ਹਾਂ ਹੀ ਸੀ। ਪ੍ਰਾਚੀਨਾਂ ਦੇ ਮਨ ਵਿਚ ਸਭਨਾਂ ਲੋਕਾਂ — ਯੂਨਾਨੀਆਂ, ਰੋਮਨਾਂ ਅਤੇ ਵਹਿਸ਼ੀਆਂ, ਆਜ਼ਾਦ ਮਨੁਖਾਂ ਤੇ ਗੁਲਾਮਾਂ, ਅਧੀਨਾਂ ਅਤੇ ਬਦੇਸੀਆਂ, ਨਾਗਰਿਕਾਂ ਅਤੇ ਆਵਾਸੀਆਂ, ਆਦਿ — ਦੀ ਸਮਾਨਤਾ ਕੇਵਲ ਕਮਲਪੁਣਾ ਹੀ ਨਹੀਂ ਸਗੋਂ ਜੁਰਮ ਸੀ, ਅਤੇ ਈਸਾਈ ਜਗਤ ਵਿਚ ਸੁਭਾਵਿਕ ਹੀ ਇਸ ਦੇ ਪਹਿਲੇ ਆਰੰਭ ਨੂੰ ਤਸੀਹੇ ਦਿਤੇ ਗਏ ਸਨ। — ਈਸਾਈ ਜਗਤ ਵਿਚ ਪਹਿਲਾਂ ਪਹਿਲ **ਗੁਨਾਹਗਾਰਾਂ ਵਜੋਂ ਈਸ਼ਵਰ ਦੇ ਸਾਮ੍ਹਣੇ ਸਾਰੇ ਮਨੁਖਾਂ ਦੀ ਨਾਕਾਰਾਤਮਕ ਸਮਾਨਤਾ**, ਅਤੇ, ਵਧੇਰੇ ਸੌੜੇ ਅਰਥਾਂ ਵਿਚ, ਈਸਾ ਦੀ ਕਿਰਪਾ ਅਤੇ ਕੁਰਬਾਨੀ ਦੁਆਰਾ ਨਿਸਤਾਰੇ ਈਸ਼ਵਰ ਦੇ ਸਾਰੇ ਬੱਚਿਆਂ ਦੀ ਸਮਾਨਤਾ ਸੀ। ਦੋਹਾਂ ਰੂਪਾਂਤਰਾਂ ਦਾ ਆਧਾਰ ਗੁਲਾਮਾਂ, ਬਦਰ ਹੋਇਆਂ, ਬੇਦਖਲ ਹੋਇਆਂ, ਸਤਾਏ ਹੋਇਆਂ ਅਤੇ ਪੀੜਤਾਂ ਦੇ ਧਰਮ ਵਜੋਂ ਈਸਾਈਅਤ ਦਾ ਰੋਲ ਹੈ। ਈਸਾਈਅਤ ਦੀ ਜਿੱਤ ਨਾਲ ਇਹ ਸਥਿਤੀ ਪਿਛਵਾੜੇ ਵਿਚ ਠੇਲ੍ਹ ਦਿਤੀ ਗਈ ਅਤੇ ਇਸ ਤੋਂ ਮਗਰੋਂ ਆਸਤਿਕਾਂ ਤੇ ਕਾਫਰਾਂ, ਰੂੜ੍ਹੀਵਾਦੀਆਂ ਅਤੇ ਧਰਮ-ਵਿਰੋਧੀਆਂ ਵਿਚਕਾਰ ਵਿਰੋਧ ਨੂੰ ਪ੍ਰਮੁਖ ਮਹੱਤਤਾ ਦਿਤੀ ਗਈ। — ਸ਼ਹਿਰਾਂ ਦੇ ਵਿਕਸਤ ਹੋਣ ਨਾਲ ਅਤੇ ਇਸਦੇ ਨਾਲ ਬੁਰਜੂਆਜ਼ੀ ਦੇ ਵਧ ਜਾਂ ਘਟ ਵਿਕਸਤ ਤੱਤਾਂ ਅਤੇ ਪ੍ਰੋਲਤਾਰੀ ਦੇ ਹੋਂਦ ਵਿਚ ਆਉਣ ਨਾਲ, ਬੁਰਜੂਆ ਹੋਂਦ ਦੀ ਇਕ ਸ਼ਰਤ ਵਜੋਂ ਸਮਾਨਤਾ ਲਈ ਮੰਗ ਦਾ ਸਹਿਜੇ ਸਹਿਜੇ ਮੁੜ ਉਭਰਨਾ ਲਾਜ਼ਮੀ ਸੀ, ਜੋ ਰਾਜਨੀਤਕ ਸਮਾਨਤਾ ਤੋਂ ਤੁਰਕੇ ਸਮਾਜਕ ਤੱਕ ਜਾਣ ਸੰਬੰਧੀ ਪ੍ਰੋਲਤਾਰੀ ਦੇ ਕੱਢੇ ਨਿਰਣੇ ਨਾਲ ਜੁੜੀ ਹੋਈ ਸੀ। ਇਸ ਨੇ ਸੁਭਾਵਿਕ ਹੀ ਧਾਰਮਿਕ ਰੂਪ ਧਾਰਨ ਕੀਤਾ ਜਿਸ ਦਾ ਕਿਸਾਨ ਜੰਗ ਵਿਚ ਪਹਿਲੀ ਵਾਰੀ ਤਿਖੇ ਢੰਗ ਨਾਲ ਪ੍ਰਗਟਾ ਹੋਇਆ। — ਬੁਰਜੂਆ ਪੱਖ ਨੂੰ ਸਭ ਤੋਂ ਪਹਿਲਾਂ ਰੂਸੋ ਨੇ, ਕਾਟਵੇਂ ਸ਼ਬਦਾਂ ਵਿਚ ਪਰ ਹਾਲੇ ਵੀ ਸਾਰੀ ਮਨੁਖਤਾ ਵਲੋਂ, ਸੂਤਰਬੱਧ ਕੀਤਾ। ਜਿਵੇਂ ਕਿ ਬੁਰਜੂਆਜ਼ੀ ਦੀਆਂ ਸਭਨਾਂ ਮੰਗਾਂ ਦੀ ਹਾਲਤ ਵਿਚ ਹੋਇਆ ਸੀ, ਇਥੇ ਵੀ ਉਹਦੇ ਨੇੜੇ ਪ੍ਰੋਲਤਾਰੀ ਦਾ ਹੋਣੀਆਂ-ਭਰਪੂਰ ਪਰਛਾਵਾਂ ਪੈ ਰਿਹਾ ਸੀ ਅਤੇ ਉਹਨੇ ਆਪਣੇ ਹੀ ਸਿੱਟੇ ਕੱਢੇ (ਬਾਬਿਓਫ)। ਬੁਰਜੂਆ ਸਮਾਨਤਾ ਅਤੇ ਪ੍ਰੋਲਤਾਰੀ ਵਲੋਂ ਨਿਰਣੇ ਕੱਢਣ ਵਿਚਕਾਰ ਇਸ ਸੰਬੰਧ ਨੂੰ ਵਧੇਰੇ ਵਿਸਥਾਰ ਵਿਚ ਵਿਕਸਤ ਕਰਨਾ ਚਾਹੀਦਾ ਹੈ।...

* * *

...**ਪ੍ਰਕਿਰਤੀ** ਦਾ ਸਹੀ ਪ੍ਰਤਿਬਿੰਬ ਵੀ ਬੇਹੱਦ ਮੁਸ਼ਕਲ, ਤਜਰਬੇ ਦੇ ਲੰਮੇ ਇਤਿਹਾਸ ਦੀ ਉਪਜ ਹੁੰਦਾ ਹੈ। ਆਦਿ-ਕਾਲੀਨ ਮਨੁਖ ਲਈ ਪ੍ਰਕਿਰਤੀ ਦੀਆਂ ਸ਼ਕਤੀਆਂ ਕੋਈ ਓਪਰੀ, ਰਹੱਸਮਈ, ਸ੍ਰੇਸ਼ਠ ਵਸਤ ਸਨ। ਇਕ ਨਿਸਚਿਤ ਪੜਾ ਉਤੇ, ਜਿਸ ਵਿਚੋਂ **ਸਾਰੀਆਂ** ਸਭਿਅ ਜਾਤੀਆਂ ਲੰਘੀਆਂ, ਉਹ ਇਹਨਾਂ ਸ਼ਕਤੀਆਂ ਨੂੰ ਮਾਨਵੀਕਰਨ ਦੇ ਸਾਧਨ ਨਾਲ ਅੰਗੀਕਾਰ ਕਰਦਾ ਹੈ। ਮਾਨਵੀਕਰਨ ਦੀ ਇਹ ਤਾਂਘ ਹੀ ਸੀ ਜਿਸ ਨੇ ਹਰ ਥਾਂ ਦੇਵਤਿਆਂ ਦੀ ਸਿਰਜਣਾ ਕੀਤੀ, ਅਤੇ consensus gentium *, ਈਸ਼ਵਰ ਦੀ ਹੋਂਦ ਦੇ ਸਬੂਤ ਦੇ ਸਿਲਸਲੇ ਵਿਚ, ਆਖਰਕਾਰ ਇਕ ਜ਼ਰੂਰੀ ਅੰਤਰ-ਕਾਲੀਨ ਦੌਰ ਵਜੋਂ ਮਾਨਵੀਕਰਨ ਦੀ ਇਸ ਤਾਂਘ ਦੀ ਕੇਵਲ ਸਰਵ-ਵਿਆਪਕਤਾ, ਅਤੇ ਫਲਸਰੂਪ ਧਰਮ ਦੀ ਸਰਵ-ਵਿਆਪਕਤਾ ਵੀ ਸਿਧ ਕਰਦੀ ਹੈ। ਕੇਵਲ ਪ੍ਰਕਿਰਤੀ ਦੀਆਂ ਸ਼ਕਤੀਆਂ ਦਾ ਅਸਲ ਗਿਆਨ ਹੀ ਦੇਵਤਿਆਂ ਜਾਂ ਈਸ਼ਵਰ ਨੂੰ ਇਕ ਤੋਂ ਪਿਛੋਂ ਦੂਜੀ ਥਾਂ ਤੋਂ ਹਟਾਈ ਜਾਂਦਾ ਹੈ (ਸੇਕੀ ਅਤੇ ਉਸ ਦਾ ਸੂਰਜੀ ਪਰਵਾਰ)। ਇਹ ਪ੍ਰਕਿਰਿਆ ਹੁਣ ਇਸ ਹੱਦ ਤੱਕ ਉੱਨਤ ਹੋ ਗਈ ਹੈ ਕਿ ਸਿਧਾਂਤਕ ਰੂਪ ਵਿਚ ਇਸ ਨੂੰ ਸਮਾਪਤ ਹੋ ਗਈ ਸਮਝਿਆ ਜਾ ਸਕਦਾ ਹੈ।

**ਸਮਾਜ** ਦੇ ਖੇਤਰ ਵਿਚ ਪ੍ਰਤਿਬਿਬ ਹੋਰ ਵੀ ਜ਼ਿਆਦਾ ਔਖਾ ਸਮਝ ਆਉਣ ਵਾਲਾ ਹੈ। ਸਮਾਜ ਆਰਥਕ ਸੰਬੰਧ, ਉਤਪਾਦਨ ਅਤੇ ਵਟਾਂਦਰੇ ਦੁਆਰਾ, ਅਤੇ ਇਸ ਤੋਂ ਇਲਾਵਾ ਇਤਿਹਾਸਕ ਤੌਰ ਤੇ ਅਤਿ ਜ਼ਰੂਰੀ ਪ੍ਰਸਥਿਤੀਆਂ ਦੁਆਰਾ ਨਿਸਚਿਤ ਹੁੰਦਾ ਹੈ।...

੧੮੭੬—੧੮੭੮ ਵਿਚ
ਲਿਖਿਆ ਗਿਆ

ਮੂਲ ਪਾਠ ਜਰਮਨ ਵਿਚ ਹੈ

---

* ਜਾਤੀਆਂ ਦੀ ਸਰਵਸੰਮਤੀ।—**ਸੰਪਾ:**

ਫਰੈਡਰਿਕ ਏਂਗਲਜ਼

# ਪ੍ਰਕਿਰਤੀ ਦਾ ਦਵੰਦ

( ਅੰਸ਼ )

## ਭੂਮਿਕਾ

ਪ੍ਰਕਿਰਤੀ ਦੀ ਆਧੁਨਿਕ ਖੋਜ, ਜਿਸ ਨੇ ਇਕੱਲਿਆਂ ਹੀ ਪ੍ਰਾਚੀਨ ਜੁਗ ਦੇ ਤੀਖਣਬੁਧੀ ਵਾਲੇ ਪ੍ਰਾਕਿਰਤਕ-ਦਾਰਸ਼ਨਿਕ ਸਹਿਜ-ਅਨੁਭਵਾਂ ਅਤੇ ਅਰਬਾਂ ਦੀਆਂ ਬੇਹੱਦ ਅਹਿਮ ਪਰ ਕਦੇ ਕਦਾਈਂ ਦੀਆਂ ਲਭਤਾਂ, ਜਿਨ੍ਹਾਂ ਦਾ ਵਡੇਰਾ ਭਾਗ ਬਿਨਾਂ ਸਿੱਟਿਆਂ ਦੇ ਹੀ ਮਿਟ ਗਿਆ ਸੀ, ਦੀ ਤੁਲਨਾ ਵਿਚ, ਇਕ ਵਿਗਿਆਨਕ ਸਿਲਸਲੇਵਾਰ, ਸਰਬ-ਪੱਖੀ ਵਿਕਾਸ ਪ੍ਰਾਪਤ ਕੀਤਾ ਹੈ — ਪ੍ਰਕਿਰਤੀ ਦੀ ਇਹ ਆਧੁਨਿਕ ਖੋਜ, ਸਾਰੇ ਬਹੁਤ ਪਿਛੇ ਜਿਹੇ ਦੇ ਇਤਿਹਾਸ ਵਾਂਗ, ਉਸ ਬਲਵਾਨ ਜੁਗ ਤੋਂ ਸ਼ੁਰੂ ਹੁੰਦੀ ਹੈ ਜਿਸ ਨੂੰ ਅਸੀਂ ਜਰਮਨ ਧਰਮ-ਸੁਧਾਰ ਦਾ ਨਾਂ ਦੇਂਦੇ ਹਾਂ, ਉਸ ਕੌਮੀ ਬਦਕਿਸਮਤੀ ਤੋਂ ਜਿਹੜੀ ਉਸ ਵੇਲੇ ਸਾਡੇ ਸਿਰ ਆ ਪਈ ਸੀ, ਅਤੇ ਜਿਸ ਨੂੰ ਫ਼ਰਾਂਸੀਸੀ ਪੁਨਰ-ਜਾਗ੍ਰਤੀ ਕਾਲ ਅਤੇ ਇਟਾਲਵੀ Cinquecento * ਕਹਿੰਦੇ ਹਨ, ਭਾਵੇਂ ਇਹਨਾਂ ਵਿਚੋਂ ਕਿਸੇ ਵੀ ਨਾਂ ਵਿਚ ਇਸ ਦਾ ਪੂਰਨ ਪ੍ਰਗਟਾ ਨਹੀਂ ਹੁੰਦਾ। ਇਹ ਉਹ ਜੁਗ ਹੈ ਜਿਸ ਦਾ ਮੁੱਢ ਪੰਦਰ੍ਹਵੀਂ ਸਦੀ ਦੇ ਪਿਛਲੇ ਅੱਧ ਵਿਚ ਹੋਇਆ ਸੀ। ਬਾਦਸ਼ਾਹਾਂ ਨੇ, ਸ਼ਹਿਰਾਂ ਦੇ ਬਰਗਰਾਂ ਦੀ ਸਹਾਇਤਾ ਨਾਲ, ਸਾਮੰਤੀ ਰਾਠਸ਼ਾਹੀ ਦੀ ਸੱਤਾ ਨੂੰ ਤੋੜ ਦਿਤਾ ਅਤੇ ਲਾਜ਼ਮੀ ਤੌਰ ਤੇ ਕੌਮੀਅਤ ਉਤੇ ਆਧਾਰਤ, ਮਹਾਨ ਰਾਜਤੰਤਰ ਸਥਾਪਤ ਕਰ ਦਿਤੇ, ਜਿਨ੍ਹਾਂ ਦੇ ਅੰਦਰ ਆਧੁਨਿਕ ਯੂਰਪੀ ਕੌਮਾਂ ਅਤੇ ਆਧੁਨਿਕ ਬੁਰਜੂਆ ਸਮਾਜ ਨੇ ਵਿਕਾਸ ਕੀਤਾ। ਅਤੇ ਜਦੋਂ ਹਾਲੇ ਬਰਗਰ ਤੇ ਰਾਠ ਆਪਸ ਵਿਚ ਲੜ ਹੀ ਰਹੇ ਸਨ, ਜਰਮਨ ਕਿਸਾਨ ਜੰਗ ਨੇ ਨਾ ਕੇਵਲ ਬਾਗ਼ੀ ਕਿਸਾਨਾਂ ਨੂੰ ਹੀ ਮੰਚ ਉਤੇ ਲਿਆ ਕੇ — ਜੋ ਕਿ ਹੁਣ ਨਵੀਂ ਗੱਲ ਨਹੀਂ ਸੀ ਰਹੀ — ਸਗੋਂ ਉਹਨਾਂ ਦੇ ਪਿਛੇ ਪਿਛੇ ਆਧੁਨਿਕ ਪ੍ਰੋਲਤਾਰੀ ਦਾ ਆਦਿ-ਹਿੱਸਾ ਲਿਆ ਕੇ, ਜਿਨ੍ਹਾਂ ਦੇ ਹੱਥਾਂ ਵਿਚ ਲਾਲ ਝੰਡਾ ਸੀ ਅਤੇ ਜਿਨ੍ਹਾਂ ਦੇ ਬੁਲ੍ਹਾਂ ਉਤੇ ਵਸਤਾਂ ਦੀ ਸਾਂਝੀ

---

*ਅਖਰੀ ਅਨੁਵਾਦ "ਪੰਜ ਸੌਵੇਂ ਵਰ੍ਹੇ" — ਅਤਾਲਵੀ ਸਾਹਿਤ ਤੇ ਕਲਾ ਦੇ ਪ੍ਰਸੰਗ ਵਿਚ ੧੬ਵੀਂ ਸਦੀ। — **ਅਨੁ:**

ਮਾਲਕੀ ਦੀ ਮੰਗ ਸੀ, ਭਵਿਖ ਦੇ ਜਮਾਤੀ ਸੰਗਰਾਮਾਂ ਵੱਲ ਅਲਹਾਮੀ ਢੰਗ ਨਾਲ ਸੰਕੇਤ ਕਰ ਦਿਤਾ ਸੀ। ਬਾਜ਼ਨਤੀਨ ਦੇ ਪਤਨ ਤੋਂ ਬਚੀਆਂ ਹੱਥ-ਲਿਖਤਾਂ ਵਿਚ, ਰੋਮ ਦੇ ਖੰਡਰਾਂ ਵਿਚੋਂ ਪੁਟ ਕੇ ਕੱਢੇ ਪ੍ਰਾਚੀਨ ਬੁਤਾਂ ਵਿਚ, ਹੈਰਾਨ ਹੋਏ ਪਛਮ ਦੇ ਸਾਮ੍ਹਣੇ ਇਕ ਨਵਾਂ ਜਗਤ ਪ੍ਰਗਟ ਹੋ ਗਿਆ ਸੀ, ਪ੍ਰਾਚੀਨ ਯੂਨਾਨ ਦਾ ਜਗਤ; ਮਧ ਕਾਲ ਦੇ ਭੂਤ ਇਸ ਦੇ ਉਜਲੇ ਚਮਕੀਲੇ ਰੂਪਾਂ ਅਗੇ ਲੋਪ ਹੋ ਗਏ ਸਨ; ਇਟਲੀ ਕਲਾ ਦੇ ਉਸ ਅਣ-ਕਿਆਸੇ ਖੇੜੇ ਤੱਕ ਪੁਜਾ ਜੋ ਕਲਾਸੀਕੀ ਪ੍ਰਾਚੀਨਤਾ ਦਾ ਇਕ ਪ੍ਰਤਿਬਿੰਬ ਜਾਪਦਾ ਸੀ ਅਤੇ ਜੋ ਮੁੜ ਕਦੇ ਪ੍ਰਾਪਤ ਨਹੀਂ ਸੀ ਹੋਇਆ। ਇਟਲੀ, ਫ਼ਰਾਂਸ ਅਤੇ ਜਰਮਨੀ ਵਿਚ ਇਕ ਨਵੇਂ ਸਾਹਿਤ ਦਾ ਜਨਮ ਹੋਇਆ, ਪਹਿਲੇ ਆਧੁਨਿਕ ਸਾਹਿਤ ਦਾ; ਇਸ ਤੋਂ ਛੇਤੀ ਹੀ ਮਗਰੋਂ ਅੰਗ੍ਰੇਜ਼ੀ ਅਤੇ ਸਪੇਨੀ ਸਾਹਿਤ ਦੇ ਕਲਾਸੀਕੀ ਜੁਗ ਆਏ। ਪੁਰਾਣੇ orbis terrarum* ਦੀਆਂ ਹੱਦਾਂ ਵਿਚ ਛੇਕ ਕਰ ਦਿਤੇ ਗਏ ਸਨ; ਸਿਰਫ ਹੁਣ ਹੀ ਪਹਿਲੀ ਵਾਰ ਸੰਸਾਰ ਸਚਮੁਚ ਲਭਾ ਸੀ ਅਤੇ ਆਗਾਮੀ ਸੰਸਾਰ ਵਪਾਰ ਅਤੇ ਦਸਤਕਾਰੀ ਤੋਂ ਕਾਰਖਾਨੇਦਾਰੀ ਵੱਲ ਤਬਦੀਲੀ ਦੀ ਬੁਨਿਆਦ ਰਖੀ ਗਈ ਸੀ, ਜਿਹੜੀ ਆਪਣੀ ਵਾਰੀ ਆਧੁਨਿਕ ਵੱਡੇ ਪੈਮਾਨੇ ਦੀ ਸਨਅਤ ਦਾ ਆਦਿ-ਬਿੰਦੂ ਬਣੀ। ਮਨੁਖਾਂ ਦੇ ਮਨਾਂ ਉਤੇ ਚਰਚ ਦੀ ਡਿਕਟੇਟਰਸ਼ਿਪ ਟੋਟੇ ਟੋਟੇ ਹੋ ਗਈ; ਜਰਮੈਨਿਕ ਲੋਕਾਂ ਦੀ ਬਹੁਗਿਣਤੀ ਨੇ ਇਸ ਨੂੰ ਸਿਧੇ ਤੌਰ ਤੇ ਲਾਹ ਪਰ੍ਹਾਂ ਸੁਟਿਆ, ਉਹਨਾਂ ਨੇ ਪ੍ਰੋਟੈਸਟੈਂਟ ਮੱਤ ਧਾਰਨ ਕਰ ਲਿਆ ਸੀ, ਅਤੇ ਲਾਤੀਨੀਆਂ ਵਿਚ, ਅਰਬਾਂ ਕੋਲੋਂ ਲਈ ਅਤੇ ਨਵੇਂ ਲਭੇ ਯੂਨਾਨੀ ਦਰਸ਼ਨ ਦੀ ਪਾਲੀ, ਸੁਤੰਤਰ ਚਿੰਤਨ ਦੀ ਟਹਿਕਦੀ ਭਾਵਨਾ ਨੇ ਦਿਨੋ ਦਿਨ ਵਧੇਰੇ ਜੜ੍ਹ ਫੜੀ ਅਤੇ ਅਠਾਰ੍ਹਵੀਂ ਸਦੀ ਦੇ ਪਦਾਰਥਵਾਦ ਲਈ ਰਾਹ ਤਿਆਰ ਕੀਤਾ।

ਇਹ ਮਹਾਨਤਮ ਇਨਕਲਾਬ ਸੀ ਜਿਹੜਾ ਹੁਣ ਤੱਕ ਮਨੁਖਤਾ ਨੇ ਵੇਖਿਆ ਸੀ, ਇਕ ਐਸਾ ਜੁਗ ਜਿਹੜਾ ਮਹਾਂ-ਮਾਨਵਾਂ ਦੀ ਮੰਗ ਕਰਦਾ ਸੀ ਅਤੇ ਜਿਸ ਨੇ ਮਹਾਂ-ਮਾਨਵ ਪੈਦਾ ਕੀਤੇ, ਚਿੰਤਨ, ਜਜ਼ਬੇ ਅਤੇ ਚ੍ਰਿਤਰ ਦੀ ਸ਼ਕਤੀ ਵਿਚ, ਸਰਬੰਗਤਾ ਅਤੇ ਗਿਆਨ ਵਿਚ ਮਹਾਂ-ਮਾਨਵ। ਜਿਨ੍ਹਾਂ ਵਿਅਕਤੀਆਂ ਨੇ ਬੁਰਜੂਆਜ਼ੀ ਦੇ ਆਧੁਨਿਕ ਰਾਜ ਦੀ ਨੀਂਹ ਰੱਖੀ ਕੁਝ ਵੀ ਸਨ, ਬੁਰਜੂਆ ਸੀਮਾਵਾਂ ਵਿਚ ਬੱਝੇ ਹੋਏ ਨਹੀਂ ਸਨ। ਇਸ ਦੇ ਉਲਟ, ਸਮੇਂ ਦੇ ਸਾਹਸੀ ਚ੍ਰਿਤਰ ਨੇ ਉਹਨਾਂ ਨੂੰ ਵਡੇਰੀ ਜਾਂ ਥੋੜੇਰੀ ਹੱਦ ਤੱਕ ਪ੍ਰੇਰਿਆ। ਉਸ ਵੇਲੇ ਜਿਊਂਦਾ ਸ਼ਾਇਦ ਹੀ ਕੋਈ ਮਹੱਤਵਪੂਰਨ ਵਿਅਕਤੀ ਹੋਵੇ ਜਿਹੜਾ ਵਿਸ਼ਾਲ ਰੂਪ ਵਿਚ ਘੁੰਮਿਆ ਫਿਰਿਆ ਨਹੀਂ ਸੀ, ਜਿਹੜਾ ਚਾਰ ਜਾਂ ਪੰਜ ਭਾਸ਼ਾਵਾਂ ਨਹੀਂ ਸੀ ਬੋਲਦਾ, ਜਿਸ ਨੇ ਕਈ ਇਕ ਖੇਤਰਾਂ ਵਿਚ ਨਾਂ ਪੈਦਾ ਨਹੀਂ ਸੀ ਕੀਤਾ। ਲਿਓਨਾਰਦੋ ਦਾ ਵਿਨਚੀ ਕੇਵਲ ਇਕ ਮਹਾਨ ਚਿਤਰਕਾਰ ਹੀ

---

*ਪ੍ਰਾਚੀਨ ਰੋਮ ਵਿਚ ਧਰਤ-ਗੋਲੇ ਲਈ ਵਰਤਿਆ ਜਾਂਦਾ ਸ਼ਬਦ। — ਸੰਪਾ:

10—1589

ਨਹੀਂ ਸੀ ਸਗੋਂ ਇਕ ਮਹਾਨ ਗਣਿਤ-ਵਿਗਿਆਨੀ, ਕਲ-ਵਿਗਿਆਨੀ, ਅਤੇ ਇੰਜੀਨੀਅਰ ਵੀ ਸੀ, ਭੌਤਿਕ-ਵਿਗਿਆਨ ਦੀਆਂ ਅਤਿ ਵਿਭਿੰਨ ਸ਼ਾਖਾਵਾਂ ਮਹੱਤਵਪੂਰਨ ਲਭਤਾਂ ਲਈ ਜਿਸ ਦੀਆਂ ਰਿਣੀ ਹਨ। ਅਲਬਰੈਖ਼ਤ ਡਿਊਰਰ ਇਕ ਚਿਤਰਕਾਰ, ਖੁਣਾਈਕਾਰ, ਮੂਰਤੀਕਾਰ, ਅਤੇ ਭਵਨ-ਨਿਰਮਾਣ ਮਾਹਰ ਸੀ, ਅਤੇ ਇਸ ਤੋਂ ਇਲਾਵਾ ਉਸ ਨੇ ਮੋਰਚੇਬੰਦੀ ਦਾ ਇਕ ਪ੍ਰਬੰਧ ਈਜਾਦ ਕੀਤਾ ਜਿਸ ਵਿਚ ਉਹ ਬਹੁਤ ਸਾਰੇ ਵਿਚਾਰ ਸਾਕਾਰ ਹਨ ਜਿਹੜੇ ਬਹੁਤ ਪਿਛੋਂ ਜਾਕੇ ਫੇਰ ਮੋਂਤਲਾਂਬੇਰ ਅਤੇ ਮੋਰਚੇਬੰਦੀ ਦੇ ਆਧੁਨਿਕ ਜਰਮਨ ਵਿਗਿਆਨ ਨੇ ਲੈ ਲਏ ਸਨ। ਮਾਕੀਆਵੇਲੀ ਰਾਜਨੇਤਾ, ਇਤਿਹਾਸਕਾਰ, ਕਵੀ ਸੀ, ਅਤੇ ਇਸ ਦੇ ਨਾਲ ਹੀ ਆਧੁਨਿਕ ਜੁਗ ਦਾ ਪਹਿਲਾ ਉਘਾ ਫੌਜੀ ਲੇਖਕ। ਲੂਥਰ ਨੇ ਸਿਰਫ ਚਰਚ ਦਾ ਹੀ ਨਹੀਂ ਸਗੋਂ ਜਰਮਨ ਭਾਸ਼ਾ ਦਾ ਵੀ ਅਵਗੀ ਅਸਤਬਲ[85] ਸਾਫ ਕੀਤਾ ਸੀ; ਉਸ ਨੇ ਆਧੁਨਿਕ ਜਰਮਨ ਗੱਦ ਦੀ ਸਿਰਜਣਾ ਕੀਤੀ ਅਤੇ ਜਿੱਤ ਵਿਚ ਵਿਸ਼ਵਾਸ ਦੇ ਰੰਗ ਵਿਚ ਡੁੱਬੇ ਉਸ ਵਿਜੈਗੀਤ ਦੇ ਪਾਠ ਤੇ ਧੁਨ ਦੀ ਰਚਨਾ ਵੀ ਕੀਤੀ ਜਿਹੜਾ ਸੋਲ੍ਹਵੀਂ ਸਦੀ ਵਿਚ ਮਾਰਸੇਲਜ਼ * ਬਣਿਆ। ਉਸ ਜੁਗ ਦੇ ਨਾਇਕ ਹਾਲੇ ਕਿਰਤ ਦੀ ਵੰਡ ਦੀ ਕੈਦ ਵਿਚ ਨਹੀਂ ਸਨ, ਜਿਸ ਦਾ ਬੰਦਸ਼ੀ ਪ੍ਰਭਾਵ, ਇਸਦੇ ਇਕਪਾਸੜਪਨ ਦੀ ਉਪਜ ਨਾਲ, ਅਸੀਂ ਉਹਨਾਂ ਦੇ ਉਤਰ-ਅਧਿਕਾਰੀਆਂ ਵਿਚ ਅਕਸਰ ਵੇਖਦੇ ਹਾਂ। ਪਰ ਉਹਨਾਂ ਬਾਰੇ ਵਿਸ਼ੇਸ਼ ਕਰਕੇ ਲਖਣਾਇਕ ਗੱਲ ਇਹ ਹੈ ਕਿ ਉਹ ਲਗਪਗ ਸਾਰੇ ਹੀ ਸਮਕਾਲੀ ਲਹਿਰਾਂ ਵਿਚਕਾਰ, ਅਮਲੀ ਸੰਗਰਾਮ ਵਿਚ ਵਿਚਰਦੇ ਅਤੇ ਆਪਣੀਆਂ ਸਰਗਰਮੀਆਂ ਵਿਚ ਰੁਝੇ ਰਹਿੰਦੇ ਹਨ; ਉਹ ਧਿਰਾਂ ਮਲਦੇ ਅਤੇ ਲੜਾਈ ਵਿਚ ਸ਼ਾਮਲ ਹੁੰਦੇ ਹਨ, ਇਕ ਬੋਲਕੇ ਅਤੇ ਲਿਖਕੇ, ਦੂਜਾ ਤਲਵਾਰ ਨਾਲ, ਬਹੁਤ ਸਾਰੇ ਦੋਵੇਂ ਤਰ੍ਹਾਂ। ਇਸ ਵਿਚੋਂ ਹੀ ਚ੍ਰਿਤਰ ਦੀ ਭਰਪੂਰਤਾ ਅਤੇ ਸ਼ਕਤੀ ਜਨਮ ਲੈਂਦੀ ਹੈ ਜਿਹੜੀ ਉਹਨਾਂ ਨੂੰ ਸੰਪੂਰਨ ਮਨੁਖ ਬਣਾਉਂਦੀ ਹੈ। ਅਧਿਅਨ ਕਮਰਿਆਂ ਵਿਚ ਬਹਿਣ ਵਾਲੇ ਮਨੁਖ ਛੋਟਾਂ ਹਨ— ਜਾਂ ਤਾਂ ਇਹ ਦੂਜੇ ਅਤੇ ਤੀਜੇ ਦਰਜੇ ਦੇ ਬੰਦੇ ਹਨ ਜਾਂ ਚੌਕਸ ਖ਼ੂਹ-ਦੇ-ਡਡੂ ਜਿਹੜੇ ਕੋਈ ਖਤਰਾ ਮੁਲ ਨਹੀਂ ਲੈਣਾ ਚਾਹੁੰਦੇ।

ਉਸ ਵੇਲੇ ਪ੍ਰਕਿਰਤੀ ਵਿਗਿਆਨ ਵੀ ਵਿਆਪਕ ਇਨਕਲਾਬ ਦੇ ਵਾਤਾਵਰਣ ਵਿਚ ਵਿਕਸਤ ਹੋਇਆ, ਅਤੇ ਇਹ ਆਪ ਪੂਰੀ ਤਰ੍ਹਾਂ ਇਨਕਲਾਬੀ ਸੀ; ਨਿਰਸੰਦੇਹ, ਇਸ ਨੂੰ ਸੰਗਰਾਮ ਕਰਕੇ ਜਿਊਣ ਦਾ ਆਪਣਾ ਅਧਿਕਾਰ ਪ੍ਰਾਪਤ ਕਰਨਾ ਪਿਆ। ਮਹਾਨ ਇਤਾਲਵੀਆਂ ਦੇ ਨਾਲ ਨਾਲ ਜਿਨ੍ਹਾਂ ਤੋਂ ਆਧੁਨਿਕ ਦਰਸ਼ਨ ਦਾ ਆਰੰਭ ਹੁੰਦਾ ਹੈ, ਇਸ ਨੇ ਇਨਕੁਈਜ਼ੀਸ਼ਨ ਦੇ ਅਗਨੀ-ਖੰਭਿਆਂ ਅਤੇ ਕਾਰਾਗਾਹਾਂ ਲਈ ਸ਼ਹੀਦ ਮੁਹਈਆ ਕੀਤੇ ਸਨ। ਅਤੇ ਇਹ ਗੱਲ ਲਖਣਾਇਕ ਹੈ ਕਿ ਪ੍ਰਕਿਰਤੀ ਦੀ

---

* ਫ਼ਰਾਂਸ ਦਾ ਕੌਮੀ ਗੀਤ। — **ਅਨੁ:**

ਆਜ਼ਾਦ ਖੋਜ ਦਾ ਦਮਨ ਕਰਨ ਵਿਚ ਪ੍ਰੋਟੈਸਟੈਂਟਾਂ ਨੇ ਕੈਥੋਲਿਕਾਂ ਨੂੰ ਮਾਤ ਪਾ ਦਿਤਾ ਸੀ। ਕਾਲਵਿਨ ਨੇ ਸਰਵੀਟਸ ਨੂੰ ਉਦੋਂ ਖੰਭੇ ਨਾਲ ਬੰਨ੍ਹ ਕੇ ਸੜਵਾ ਦਿਤਾ ਜਦੋਂ ਉਹ ਲਹੂ ਦੇ ਗੇੜ ਦਾ ਪਤਾ ਲਾਉਣ ਹੀ ਵਾਲਾ ਸੀ, ਅਤੇ ਉਸ ਨੇ ਸਰਵੀਟਸ ਨੂੰ ਦੋ ਘੰਟੇ ਜਿਊਂਦੇ ਨੂੰ ਅੱਗ ਵਿਚ ਭੁੰਨਵਾਇਆ; ਇਨਕੁਈਜ਼ੀਸ਼ਨ ਨੇ ਘਟੋ ਘਟ ਜੀਓਰਦਾਨੋ ਬਰੂਨੋ ਨੂੰ ਕੇਵਲ ਜਿਊਂਦਿਆਂ ਸਾੜਕੇ ਹੀ ਸਬਰ ਕਰ ਲਿਆ ਸੀ।

ਉਸ ਅਮਰ ਰਚਨਾ ਦਾ ਪ੍ਰਕਾਸ਼ਨ ਜਿਸ ਨਾਲ ਕਾਪਰਨੀਕਸ ਨੇ, ਭਾਵੇਂ ਝਿਜਕਦਿਆਂ ਝਿਜਕਦਿਆਂ ਅਤੇ ਇਕ ਤਰ੍ਹਾਂ ਨਾਲ ਆਪਣੇ ਮਰਨ ਦੇ ਬਿਸਤਰੇ ਤੋਂ, ਪ੍ਰਕਿਰਤੀ ਦੇ ਮਾਮਲਿਆਂ[86] ਵਿਚ ਕਲੀਸਾਈ ਅਧਿਕਾਰ ਨੂੰ ਵੰਗਾਰਿਆ ਸੀ, ਉਹ ਇਨਕਲਾਬੀ ਅਮਲ ਸੀ ਜਿਸ ਨਾਲ ਪ੍ਰਾਕਿਰਤਕ ਵਿਗਿਆਨ ਨੇ ਆਪਣੀ ਸੁਆਧੀਨਤਾ ਦਾ ਐਲਾਨ ਕੀਤਾ ਸੀ ਅਤੇ, ਇਕ ਤਰੀਕੇ ਨਾਲ, ਲੂਥਰ ਵਲੋਂ ਪੋਪ ਦੇ ਬੁਲ * ਸਾੜਣ ਨੂੰ ਦੁਹਰਾਇਆ ਸੀ। ਪ੍ਰਾਕਿਰਤਕ ਵਿਗਿਆਨ ਦੀ ਧਰਮ-ਸ਼ਾਸਤ੍ਰ ਤੋਂ ਮੁਕਤੀ ਦਾ ਆਰੰਭ ਇਸ ਸਮੇਂ ਤੋਂ ਹੁੰਦਾ ਹੈ, ਭਾਵੇਂ ਵਿਸ਼ੇਸ਼ ਪ੍ਰਸਪਰ ਦਾਅਵਿਆਂ ਦੀ ਲੜਾਈ ਸਾਡੇ ਸਮੇਂ ਤੱਕ ਚਲਦੀ ਆਈ ਹੈ ਅਤੇ ਬਹੁਤ ਸਾਰਿਆਂ ਦੇ ਦਿਮਾਗਾਂ ਵਿਚ ਇਹ ਅਜੇ ਖਤਮ ਹੋਣ ਤੋਂ ਬਹੁਤ ਦੂਰ ਹੈ। ਪਰੰਤੂ, ਇਸ ਉਪਰੰਤ ਵਿਗਿਆਨਾਂ ਦਾ ਵਿਕਾਸ ਵੱਡੀਆਂ ਪੁਲਾਂਘਾਂ ਪੁਟ ਕੇ ਹੋਇਆ ਅਤੇ, ਆਖਿਆ ਜਾ ਸਕਦਾ ਹੈ, ਕਿ ਇਸ ਦੇ ਵਿਦਾ-ਬਿੰਦੂ ਤੋਂ ਦੂਰੀ (ਸਮੇਂ ਵਿਚ) ਦੇ ਵਰਗ ਦੇ ਅਨੁਪਾਤ ਵਿਚ ਇਸ ਦਾ ਵੇਗ ਵਧਿਆ। ਇਉਂ ਸੀ ਜਿਵੇਂ ਸੰਸਾਰ ਨੂੰ ਵਖਾਉਣਾ ਹੋਵੇ ਕਿ ਹੁਣ ਤੋਂ, ਜੀਵਕ ਪਦਾਰਥ ਦੀ ਉਚਤਮ ਉਪਜ, ਮਨੁਖੀ ਮਨ ਲਈ, ਗਤੀ ਦਾ ਜੋ ਕਾਨੂੰਨ ਲਾਗੂ ਹੁੰਦਾ ਹੈ ਉਹ ਅਜੀਵਕ ਪਦਾਰਥ ਦੀ ਗਤੀ ਦੇ ਕਾਨੂੰਨ ਦਾ ਉਲਟ ਹੈ।

ਪ੍ਰਾਕਿਰਤਕ ਵਿਗਿਆਨ ਦੇ ਪਹਿਲੇ ਦੌਰ ਵਿਚ, ਜਿਹੜਾ ਹੁਣ ਆਰੰਭ ਹੋਇਆ ਸੀ, ਮੁਖ ਕੰਮ ਤੁਰਤ ਪ੍ਰਾਪਤ ਸਮਿਗਰੀ ਦੇ ਅਧਿਅਨ ਵਿਚ ਨਿਪੁੰਨਤਾ ਪ੍ਰਾਪਤ ਕਰਨਾ ਸੀ। ਬਹੁਤੇ ਖੇਤਰਾਂ ਵਿਚ ਤਾਂ ਕੰਮ ਆਦਿ ਤੋਂ ਹੀ ਸ਼ੁਰੂ ਕਰਨਾ ਸੀ। ਪ੍ਰਾਚੀਨ ਕਾਲ ਯੂਕਲੀਡ[87] ਅਤੇ ਪਟੋਲੇਮੀਆਈ ਸੂਰਜੀ ਪਰਵਾਰ[88] ਵਿਰਸੇ ਵਿਚ ਦੇ ਗਿਆ ਸੀ; ਅਰਬਾਂ ਨੇ ਦਸ਼ਮਲਵ ਚਿੰਨ੍ਹ ਦੀ ਪੱਧਤੀ, ਮੁਢਲਾ ਬੀਜ-ਗਣਿਤ, ਆਧੁਨਿਕ ਅੰਕੜੇ, ਅਤੇ ਕੀਮੀਆਗਰੀ[89] ਦਿਤੀ ਸੀ; ਈਸਾਈ ਮਧ ਜੁਗ ਦੀ ਕੁਝ ਵੀ ਵਿਰਾਸਤ ਨਹੀਂ ਸੀ। ਇਸ ਸਥਿਤੀ ਵਿਚ, ਜ਼ਰੂਰਤ ਸਦਕਾ, ਅਤਿਅੰਤ ਬੁਨਿਆਦੀ ਪ੍ਰਾਕਿਰਤਕ ਵਿਗਿਆਨ, ਧਰਤੀ ਦੇ ਅਤੇ ਖਗੋਲੀ ਪਿੰਡਿਆਂ ਦੀ ਗਤੀ-ਵਿਦਿਆ ਨੇ ਪਹਿਲੀ ਥਾਂ ਪ੍ਰਾਪਤ ਕਰ ਲਈ, ਅਤੇ ਇਸ ਦੇ ਨਾਲ ਹੀ, ਇਸ ਦੀ ਸਹਾਇਕ ਦੇ ਰੂਪ ਵਿਚ,

---

* ਆਦੇਸ਼। —ਅਨੁ:

ਗਣਿਤਕ ਵਿਧਿਆਂ ਦੀ ਖਜ ਕਰਨ ਅਤੇ ਇਹਨਾਂ ਨੂੰ ਪਰੀਪੂਰਨ ਬਣਾਉਣ ਨੇ ਥਾਂ ਲਈ। ਇਸ ਖੇਤਰ ਵਿਚ ਬੜਾ ਵੱਡਾ ਕੰਮ ਹੋਇਆ। ਇਸ ਦੌਰ ਦੇ ਅੰਤ ਵਿਚ, ਨਿਊਟਨ ਅਤੇ ਲਿਨੀਅਸ ਜਿਸ ਦੇ ਪ੍ਰਤਿਨਿਧ ਹਨ, ਅਸੀਂ ਵੇਖਦੇ ਹਾਂ ਕਿ ਵਿਗਿਆਨ ਦੀਆਂ ਇਹ ਸ਼ਾਖਾਵਾਂ ਕੁਝ ਪਰੀਪੂਰਨਤਾ ਨੂੰ ਪਹੁੰਚ ਗਈਆਂ ਸਨ। ਅਤਿਅੰਤ ਬੁਨਿਆਦੀ ਗਣਿਤਕ ਵਿਧੀਆਂ ਦੇ ਮੂਲ ਲਛਣ ਸਥਾਪਤ ਕਰ ਲਏ ਗਏ ਸਨ; ਡੇਸਕਾਰਟ ਨੇ ਵਿਸ਼ੇਸ਼ ਕਰਕੇ ਵਿਸ਼ਲੇਸ਼ਣਾਤਮਕ ਰੇਖਾ-ਗਣਤ, ਨੇਪੀਅਰ ਨੇ ਲਘੂਗਣਕ, ਅਤੇ ਲਾਈਬਨਿਟਸ ਤੇ ਸ਼ਾਇਦ ਨਿਊਟਨ ਨੇ ਅਵਕਲ ਅਤੇ ਅਨੁਕੂਲ ਗਣਤ ਸਥਾਪਤ ਕੀਤੇ। ਇਹੋ ਗੱਲ ਸਖ਼ਤ ਪਿੰਡਿਆਂ ਦੀ ਗਤੀ-ਵਿਦਿਆ ਬਾਰੇ ਹੋਈ, ਜਿਨ੍ਹਾਂ ਦੇ ਮੁਖ ਨੇਮ ਹਮੇਸ਼ਾ ਹਮੇਸ਼ਾ ਲਈ ਸਪਸ਼ਟ ਹੋ ਗਏ। ਅਖੀਰ ਵਿਚ, ਸੂਰਜੀ ਪਰਵਾਰ ਦੇ ਖਗੋਲ-ਵਿਗਿਆਨ ਵਿਚ ਕੈਪਲਰ ਨੇ ਨਛੱਤਰੀ ਗਤੀ ਦੇ ਨੇਮ ਲਭੇ ਅਤੇ ਨਿਊਟਨ ਨੇ ਪਦਾਰਥ ਦੀ ਗਤੀ ਦੇ ਵਿਆਪਕ ਨੇਮਾਂ ਦੇ ਦ੍ਰਿਸ਼ਟੀਕੋਣ ਤੋਂ ਇਹਨਾਂ ਨੂੰ ਸੂਤਰਬੱਧ ਕੀਤਾ। ਪ੍ਰਾਕਿਰਤਕ ਵਿਗਿਆਨ ਦੀਆਂ ਦੂਜੀਆਂ ਸ਼ਾਖਾਵਾਂ ਅਜੇ ਇਸ ਮੁਢਲੀ ਪਰੀਪੂਰਨਤਾ ਤੋਂ ਵੀ ਬਹੁਤ ਦੂਰ ਸਨ। ਕੇਵਲ ਇਸ ਦੌਰ ਦੇ ਅਖੀਰ ਉਤੇ ਪਹੁੰਚਕੇ ਤਰਲ ਅਤੇ ਗੈਸੀ ਪਿੰਡਿਆਂ ਦੀ ਗਤੀ-ਵਿਦਿਆ ਦਾ ਅਧਿਅਨ ਥੋੜਾ ਅੱਗੇ ਵਧਿਆ *। ਵਾਸਤਵਿਕ ਭੌਤਿਕ-ਵਿਗਿਆਨ ਹਾਲੇ ਆਪਣੇ ਮੁਢਲੇ ਆਰੰਭ ਤੋਂ ਅੱਗੇ ਨਹੀਂ ਸੀ ਗਿਆ, ਸਿਵਾਏ ਪ੍ਰਕਾਸ਼-ਵਿਗਿਆਨ ਦੇ, ਜਿਸ ਦੀ ਅਸਾਧਾਰਨ ਪ੍ਰਗਤੀ ਦਾ ਕਾਰਨ ਖਗੋਲ-ਵਿਗਿਆਨ ਦੀਆਂ ਵਿਹਾਰਕ ਲੋੜਾਂ ਸਨ। ਫਲੋਜਿਸਟਿਕ ਸਿਧਾਂਤ[੯੦] ਨਾਲ, ਰਸਾਇਣ-ਵਿਗਿਆਨ ਨੇ ਪਹਿਲੀ ਵਾਰ ਆਪਣੇ ਆਪ ਨੂੰ ਕੀਮਿਆਗਰੀ ਤੋਂ ਮੁਕਤ ਕੀਤਾ ਸੀ। ਭੂ-ਗਰਭ-ਵਿਗਿਆਨ, ਖਣਿਜ-ਵਿਗਿਆਨ ਵੀ ਭਰੂਣ ਅਵਸਥਾ ਤੋਂ ਅਜੇ ਅੱਗੇ ਨਹੀਂ ਸੀ ਲੰਘਿਆ; ਇਸ ਲਈ ਪਥਰਾਏ ਜੀਵਾਂ ਦੇ ਅਧਿਅਨ ਦੇ ਵਿਗਿਆਨ ਦੀ ਅਜੇ ਹੋਂਦ ਹੀ ਨਹੀਂ ਸੀ ਹੋ ਸਕਦੀ। ਅਖ਼ੀਰੀ ਗੱਲ, ਜੀਵ-ਵਿਗਿਆਨ ਦੇ ਖੇਤਰ ਵਿਚ ਬੁਨਿਆਦੀ ਰੁਝੇਵਾਂ ਅਜੇ ਲਭਦੀ ਅਪਾਰ ਸਮਿਗਰੀ ਨੂੰ ਇਕੱਠਾ ਕਰਨਾ ਅਤੇ ਪਹਿਲੇ ਵਰਗੀਕਰਨਾਂ ਵਿਚ ਵੰਡਣਾ ਸੀ। ਜਿਸ ਦਾ ਸੰਬੰਧ ਕੇਵਲ ਬਨਸਪਤ-ਵਿਗਿਆਨ ਅਤੇ ਪ੍ਰਾਣੀ-ਵਿਗਿਆਨ ਨਾਲ ਹੀ ਨਹੀਂ ਸਗੋਂ ਸਰੀਰ-ਰਚਨਾ-ਵਿਗਿਆਨ ਅਤੇ ਸਰੀਰ-ਕਿਰਿਆ-ਵਿਗਿਆਨ ਨਾਲ ਵੀ ਸੀ। ਜੀਵਨ ਦੇ ਵੱਖ ਵੱਖ ਰੂਪਾਂ ਦੀ ਤੁਲਨਾ ਕਰਨ, ਉਹਨਾਂ ਦੀ ਭੂਗੋਲਿਕ ਵੰਡ ਅਤੇ ਜਲਵਾਯੂ, ਆਦਿ, ਸੰਬੰਧੀ ਉਹਨਾਂ ਦੀਆਂ ਹੋਂਦ-ਪ੍ਰਸਥਿਤੀਆਂ ਦੀ ਖੋਜ-ਪੜਤਾਲ ਕਰਨ ਦੀ ਤਾਂ ਅਜੇ ਗੱਲ ਹੀ ਨਹੀਂ ਸੀ ਹੋ ਸਕਦੀ। ਇਸ ਖੇਤਰ ਵਿਚ ਲਿਨੀਅਸ

---

*ਹੱਥਲਿਖਤ ਦੇ ਹਾਸ਼ੀਏ ਵਿਚ ਏਂਗਲਜ਼ ਨੇ ਲਿਖਿਆ ਹੈ: "ਐਲਪਸ ਪਰਬਤ ਦੀਆਂ ਨਦੀਆਂ ਦੇ ਕੰਟਰੋਲ ਦੇ ਸੰਬੰਧ ਵਿਚ ਤੋਰੀਚੇਲੀ।" —ਸੰਪਾ:

ਦੀ ਬਦੌਲਤ ਕੇਵਲ ਬਨਸਪਤ-ਵਿਗਿਆਨ ਅਤੇ ਪ੍ਰਾਣੀ-ਵਿਗਿਆਨ ਹੀ ਲਗਪਗ ਸੰਪੂਰਨਤਾ ਨੂੰ ਪਹੁੰਚੇ।

ਪਰ ਇਸ ਦੌਰ ਦਾ ਵਿਸ਼ੇਸ਼ ਲਛਣ ਇਹ ਹੈ ਕਿ ਇਸ ਵਿਚ ਇਕ ਵਿਸ਼ੇਸ਼ ਵਿਆਪਕ ਦ੍ਰਿਸ਼ਟੀਕੋਣ ਵਿਕਸਤ ਹੋਇਆ ਜਿਸ ਦਾ ਕੇਂਦਰੀ ਨੁਕਤਾ ਇਹ ਹੈ ਕਿ **ਪ੍ਰਕਿਰਤੀ ਉੱਕਾ ਹੀ ਅਪਰੀਵਰਤਨਸ਼ੀਲ** ਹੈ। ਪ੍ਰਕਿਰਤੀ ਚਾਹੇ ਕਿਸੇ ਵੀ ਤਰੀਕੇ ਨਾਲ ਹੋਂਦ ਵਿਚ ਆਈ ਹੋਵੇ, ਪਰ ਇਕ ਵਾਰੀ ਹੋਂਦ ਵਿਚ ਆਕੇ ਇਹ ਜਿੰਨਾ ਚਿਰ ਵਿਦਮਾਨ ਰਹਿੰਦੀ ਹੈ ਜਿਵੇਂ ਦੀ ਤਿਵੇਂ ਹੀ ਰਹਿੰਦੀ ਹੈ। ਨਛੱਤਰ ਅਤੇ ਉਹਨਾਂ ਦੇ ਉਪਗ੍ਰਹਿ, ਰਹੱਸਮਈ "ਪ੍ਰਥਮ ਆਵੇਗ" ਨਾਲ ਗਤੀ ਵਿਚ ਆਕੇ, ਅਨੰਤ ਕਾਲ ਲਈ, ਜਾਂ ਹਰ ਹਾਲਤ ਵਿਚ ਪਰਲੋ ਆਉਣ ਦੀ ਘੜੀ ਤੱਕ, ਆਪਣੇ ਪੂਰਵ-ਨਿਸ਼ਚਿਤ ਅੰਡਾਕਾਰਾਂ ਉਤੇ ਘੁੰਮਦੇ ਰਹਿੰਦੇ ਹਨ। ਸਿਤਾਰੇ ਆਪੋ ਆਪਣੀ ਥਾਂ ਸਦਾ ਅਹਿਲ ਅਤੇ ਸਥਿਰ ਰਹਿੰਦੇ ਹਨ ਅਤੇ "ਸਰਵ-ਵਿਆਪੀ ਗੁਰੂਤਾ-ਖਿੱਚ" ਨਾਲ ਇਕ ਦੂਜੇ ਨੂੰ ਆਪਣੀ ਆਪਣੀ ਥਾਂ ਰਖਦੇ ਹਨ। ਧਰਤੀ ਅਨੰਤ ਕਾਲ ਤੋਂ, ਜਾਂ, ਇਉਂ ਵੀ ਆਖ ਸਕਦੇ ਹਾਂ, ਆਪਣੀ ਸਿਰਜਣਾ ਦੇ ਦਿਨ ਤੋਂ, ਬਿਨਾਂ ਕਿਸੇ ਅਦਲ ਬਦਲ ਦੇ, ਉਹੋ ਕੁਝ ਹੈ। ਅੱਜ ਦੇ "ਪੰਜ ਮਹਾਂਦੀਪ" ਸਦਾ ਤੋਂ ਹੀ ਵਿਦਮਾਨ ਹਨ, ਅਤੇ ਉਥੇ ਹਮੇਸ਼ਾ ਤੋਂ ਉਹੋ ਪਹਾੜ, ਵਾਦੀਆਂ, ਅਤੇ ਦਰਿਆ, ਉਹੋ ਜਲਵਾਯੂ, ਅਤੇ ਉਹੋ ਬਨਸਪਤੀ ਤੇ ਪ੍ਰਾਣੀ ਚਲੇ ਆਉਂਦੇ ਹਨ, ਇਸ ਵਿਚ ਕੇਵਲ ਓਨੀ ਹੀ ਤਬਦੀਲੀ ਜਾਂ ਥਾਂ-ਬਦਲੀ ਹੋਈ ਜਿੰਨੀ ਮਨੁਖ ਦੇ ਹੱਥਾਂ ਨੇ ਕੀਤੀ ਹੈ। ਪੌਦਿਆਂ ਅਤੇ ਪਸ਼ੂਆਂ ਦੀਆਂ ਜਾਤੀਆਂ ਜਦੋਂ ਉਹ ਹੋਂਦ ਵਿਚ ਆ ਗਈਆਂ ਹਮੇਸ਼ਾ ਲਈ ਹੀ ਸਥਾਪਤ ਹੋ ਗਈਆਂ; ਇਕ ਪ੍ਰਕਾਰ ਨੇ ਨਿਰੰਤਰ ਆਪਣੀ ਪ੍ਰਕਾਰ ਦਾ ਹੀ ਉਤਪਾਦਨ ਕੀਤਾ, ਅਤੇ ਲਿਨੀਅਸ ਲਈ ਇਹ ਗੱਲ ਸਵੀਕਾਰ ਕਰ ਲੈਣਾ ਪਹਿਲਾਂ ਹੀ ਬੜੀ ਵਡੀ ਚੀਜ਼ ਸੀ ਕਿ ਸੰਭਵ ਹੈ ਨਸਲੀ ਮੇਲ ਨਾਲ ਕੁਝ ਨਵੀਆਂ ਜਾਤੀਆਂ ਵੀ ਹੋਂਦ ਵਿਚ ਆਈਆਂ ਹੋਣ। ਮਨੁਖਤਾ ਦੇ ਇਤਿਹਾਸ ਦੇ ਟਾਕਰੇ ਤੇ, ਜਿਹੜਾ ਸਮੇਂ ਵਿਚ ਵਿਸਕਤ ਹੁੰਦਾ ਹੈ, ਪ੍ਰਕਿਰਤੀ ਦੇ ਇਤਿਹਾਸ ਬਾਰੇ ਇਹ ਮੰਨ ਲਿਆ ਗਿਆ ਕਿ ਇਹ ਕੇਵਲ ਸਥਾਨ ਵਿਚ ਹੀ ਖੁਲ੍ਹਦਾ ਹੈ। ਪ੍ਰਕਿਰਤੀ ਵਿਚ ਹਰ ਤਬਦੀਲੀ, ਹਰ ਵਿਕਾਸ ਤੋਂ ਇਨਕਾਰ ਕੀਤਾ ਗਿਆ। ਆਪਣੇ ਆਰੰਭ ਤੋਂ ਅਤਿ ਇਨਕਲਾਬੀ ਪ੍ਰਾਕਿਰਤਕ ਵਿਗਿਆਨ ਨੇ ਅਚਾਨਕ ਆਪਣੇ ਆਪ ਨੂੰ ਰੋਮ ਰੋਮ ਰੂੜ੍ਹੀਵਾਦੀ ਪ੍ਰਕਿਰਤੀ ਦੇ ਸਨਮੁਖ ਵੇਖਿਆ, ਜਿਸ ਵਿਚ ਅੱਜ ਵੀ ਹਰ ਚੀਜ਼ ਉਸ ਤਰ੍ਹਾਂ ਹੀ ਸੀ ਜਿਸ ਤਰ੍ਹਾਂ ਆਰੰਭ ਸਮੇਂ ਸੀ ਅਤੇ ਜਿਸ ਵਿਚ—ਸੰਸਾਰ ਦੇ ਅੰਤ ਤੱਕ ਜਾਂ ਅਨੰਤ ਕਾਲ ਤੱਕ—ਸਭ ਕੁਝ ਉਸ ਤਰ੍ਹਾਂ ਹੀ ਰਹੇਗਾ ਜਿਸ ਤਰ੍ਹਾਂ ਆਰੰਭ ਤੋਂ ਹੈ।

ਅਠਾਰ੍ਹਵੀਂ ਸਦੀ ਦੇ ਪਹਿਲੇ ਅੱਧ ਦਾ ਪ੍ਰਾਕਿਰਤਕ ਵਿਗਿਆਨ ਗਿਆਨ ਵਿਚ ਅਤੇ ਆਪਣੀ ਸਮਿਗਰੀ ਦੇ ਵਰਗੀਕਰਨ ਵਿਚ ਵੀ ਪ੍ਰਾਚੀਨ ਯੂਨਾਨ ਨਾਲੋਂ ਜਿੰਨਾ

ਉੱਚਾ ਖੜਾ ਸੀ, ਇਹ ਇਸ ਸਮਿਗਰੀ ਸੰਬੰਧੀ ਸਿਧਾਂਤਕ ਨਿਪੁੰਨਤਾ ਪ੍ਰਾਪਤ ਕਰਨ, ਪ੍ਰਕਿਰਤੀ ਬਾਰੇ ਵਿਆਪਕ ਦ੍ਰਿਸ਼ਟੀਕੋਣ ਵਿਚ ਪ੍ਰਾਚੀਨ ਯੂਨਾਨ ਨਾਲੋਂ ਓਨਾ ਹੀ ਹੇਠਾਂ ਵੀ ਸੀ। ਯੂਨਾਨੀ ਦਰਸ਼ਨਵੇਤਾਵਾਂ ਲਈ ਸੰਸਾਰ ਲਾਜ਼ਮੀ ਤੌਰ ਤੇ ਉਹ ਚੀਜ਼ ਸੀ ਜਿਹੜੀ ਧੁੰਦੂਕਾਰ ਵਿਚੋਂ ਉਗੰਮੀ ਸੀ, ਉਹ ਚੀਜ਼ ਜਿਹੜੀ ਵਿਕਸਤ ਹੋਈ ਸੀ, ਜਿਹੜੀ ਹੋਂਦ ਵਿਚ ਆਈ ਸੀ। ਪਰ ਜਿਸ ਦੌਰ ਦੀ ਅਸੀਂ ਚਰਚਾ ਕਰ ਰਹੇ ਹਾਂ ਉਸ ਦੇ ਪ੍ਰਾਕਿਰਤਕ ਵਿਗਿਆਨੀਆਂ ਲਈ ਇਹ ਕੋਈ ਜੜ੍ਹ ਹੋਈ ਚੀਜ਼, ਕੋਈ ਅਬਦਲ ਚੀਜ਼ ਸੀ, ਅਤੇ ਉਹਨਾਂ ਵਿਚੋਂ ਬਹੁਤਿਆਂ ਲਈ ਅਜਿਹੀ ਚੀਜ਼ ਸੀ ਜਿਹੜੀ ਇਕੋ ਹੀ ਝਟਕੇ ਨਾਲ ਸਿਰਜੀ ਗਈ ਸੀ। ਵਿਗਿਆਨ ਅਜੇ ਵੀ ਧਰਮ-ਸ਼ਾਸਤ੍ਰ ਦੇ ਜਾਲ ਵਿਚ ਡੂੰਘਾ ਫਸਿਆ ਹੋਇਆ ਸੀ। ਇਸ ਨੇ ਹਰ ਥਾਂ ਅੰਤਮ ਕਾਰਨ ਨੂੰ ਕਿਸੇ ਬਾਹਰੀ ਆਵੇਗ ਵਿਚ ਖੋਜਿਆ ਅਤੇ ਲਭਿਆ ਜਿਸ ਨੂੰ ਖੁਦ ਪ੍ਰਕਿਰਤੀ ਵਿਚੋਂ ਨਹੀਂ ਸੀ ਸਮਝਿਆ ਜਾ ਸਕਦਾ। ਜੇ ਕਰ ਖਿਚ ਦੀ ਹੀ, ਜਿਸ ਨੂੰ ਨਿਊਟਨ ਨੇ "ਸਰਵ-ਵਿਆਪੀ ਗੁਰੂਤਾ-ਖਿੱਚ" ਦਾ ਅਡੰਬਰੀ ਨਾਂ ਦਿਤਾ, ਪਦਾਰਥ ਦੇ ਇਕ ਬੁਨਿਆਦੀ ਗੁਣ ਦੇ ਰੂਪ ਵਿਚ ਕਲਪਨਾ ਕਰ ਲਈ ਜਾਏ, ਤਾਂ ਸਵਾਲ ਪੈਦਾ ਹੁੰਦਾ ਹੈ ਕਿ ਉਹ ਸਮਝੋਂ-ਬਾਹਰੀ ਸਪਰਸ਼-ਰੇਖੀ ਸ਼ਕਤੀ ਕਿਥੋਂ ਆਈ ਜਿਸ ਨੇ ਪਹਿਲਾਂ ਨਛੱਤਰਾਂ ਦੇ ਪ੍ਰਕਰਮਾ-ਪੰਧਾਂ ਨੂੰ ਜਨਮ ਦਿਤਾ? ਪਸ਼ੂਆਂ ਅਤੇ ਪੌਦਿਆਂ ਦੀਆਂ ਅਣਗਿਣਤ ਕਿਸਮਾਂ ਕਿਵੇਂ ਪੈਦਾ ਹੋ ਗਈਆਂ? ਅਤੇ ਸਭ ਤੋਂ ਵਡੀ ਗੱਲ ਕਿ ਮਨੁਖ ਕਿਥੋਂ ਆ ਗਿਆ, ਕਿਉਂਕਿ ਆਖਰ ਇਹ ਗੱਲ ਤਾਂ ਨਿਸਚਿਤ ਹੀ ਸੀ ਕਿ ਉਹ ਅਨੰਤ ਕਾਲ ਤੋਂ ਵਿਦਮਾਨ ਨਹੀਂ ਸੀ? ਅਜਿਹੇ ਸਾਰੇ ਸਵਾਲਾਂ ਦਾ ਜਵਾਬ ਪ੍ਰਾਕਿਰਤਕ ਵਿਗਿਆਨ ਅਕਸਰ ਸਭਨਾਂ ਚੀਜ਼ਾਂ ਦੇ ਸਿਰਜਣਹਾਰ ਨੂੰ ਜ਼ਿੰਮੇਦਾਰ ਬਣਾ ਕੇ ਦੇਂਦਾ ਸੀ। ਇਸ ਦੌਰ ਦੇ ਆਰੰਭ ਵਿਚ ਕਾਪਰਨੀਕਸ ਨੇ ਧਰਮ-ਸ਼ਾਸਤ੍ਰ ਨੂੰ ਖੇਤਰ ਵਿਚੋਂ ਬਾਹਰ ਕੱਢ ਦਿਤਾ ਸੀ; ਨਿਊਟਨ ਨੇ ਇਕ ਦੈਵੀ ਪ੍ਰਥਮ ਆਵੇਗ ਦੀ ਮਨੌਤ ਨਾਲ ਇਸ ਦੌਰ ਦਾ ਭੋਗ ਪਾਇਆ। ਉਚਤਮ ਵਿਆਪਕ ਵਿਚਾਰ ਜਿਸ ਤੱਕ ਇਹ ਪ੍ਰਾਕਿਰਤਕ ਵਿਗਿਆਨ ਪਹੁੰਚਿਆ ਸੀ ਉਹ ਸੀ ਪ੍ਰਕਿਰਤੀ ਦੇ ਸਾਰੇ ਪ੍ਰਬੰਧ ਦੀ ਮਨੋਰਥਸ਼ੀਲਤਾ, ਵੋਲਫ ਦਾ ਉਹ ਪੇਤਲਾ ਪ੍ਰਯੋਜਨਵਾਦ ਜਿਸ ਅਨੁਸਾਰ ਬਿੱਲੀਆਂ ਇਸ ਲਈ ਬਣਾਈਆਂ ਗਈਆਂ ਸਨ ਕਿ ਉਹ ਚੂਹੇ ਖਾਣ, ਚੂਹੇ ਇਸ ਲਈ ਕਿ ਬਿੱਲੀਆਂ ਉਹਨਾਂ ਨੂੰ ਖਾ ਸਕਣ, ਅਤੇ ਸਮੁਚੀ ਪ੍ਰਕਿਰਤੀ ਦੀ ਰਚਨਾ ਇਸ ਲਈ ਹੋਈ ਕਿ ਸਿਰਜਣਹਾਰ ਦੀ ਬੁਧੀ ਪ੍ਰਮਾਣਿਤ ਹੋ ਸਕੇ। ਉਸ ਸਮੇਂ ਦੇ ਦਰਸ਼ਨ ਲਈ ਇਹ ਬਹੁਤ ਵੱਡੇ ਮਾਣ ਦੀ ਗੱਲ ਹੈ ਕਿ ਉਸ ਨੇ ਸਮਕਾਲੀ ਪ੍ਰਾਕਿਰਤਕ ਗਿਆਨ ਦੀ ਸੀਮਤ ਅਵਸਥਾ ਦੁਆਰਾ ਆਪਣੇ ਆਪ ਨੂੰ ਕੁਰਾਹੇ ਨਹੀਂ ਪੈਣ ਦਿਤਾ, ਅਤੇ ਇਹ—ਸਪੀਨੋਜ਼ਾ ਤੋਂ ਲੈਕੇ ਮਹਾਨ ਫ਼ਰਾਂਸੀਸੀ ਪਦਾਰਥਵਾਦੀਆਂ ਤੱਕ—ਸੰਸਾਰ ਦੀ ਵਿਆਖਿਆ ਖ਼ੁਦ

ਸੰਸਾਰ ਤੋਂ ਕਰਨ ਉਤੇ ਡੱਟਿਆ ਰਿਹਾ ਅਤੇ ਵੇਰਵੇ ਸਹਿਤ ਇਸ ਨੂੰ ਉਚਿਤ ਸਿਧ ਕਰਨ ਦਾ ਕੰਮ ਭਵਿਖ ਦੇ ਪ੍ਰਾਕਿਰਤਕ ਵਿਗਿਆਨਾਂ ਉਤੇ ਛੱਡ ਦਿਤਾ।

ਅਠਾਰ੍ਹਵੀਂ ਸਦੀ ਦੇ ਪਦਾਰਥਵਾਦੀਆਂ ਨੂੰ ਮੈਂ ਇਸ ਦੌਰ ਵਿਚ ਇਸ ਕਰਕੇ ਸ਼ਾਮਲ ਕਰਦਾ ਹਾਂ ਕਿ ਉਹਨਾਂ ਨੂੰ ਪ੍ਰਾਕਿਰਤਕ ਵਿਗਿਆਨ ਦੀ ਉਪਰੋਕਤ ਸਮਿਗਰੀ ਤੋਂ ਇਲਾਵਾ ਹੋਰ ਕੁਝ ਸੁਲਭ ਨਹੀਂ ਸੀ। ਕਾਂਟ ਦੀ ਜੁਗ-ਪਲਟਾਊ ਕ੍ਰਿਤੀ ਉਹਨਾਂ ਲਈ ਇਕ ਅਗਿਆਤ ਚੀਜ਼ ਸੀ, ਅਤੇ ਲਾਪਲਾਸ ਉਹਨਾਂ ਨਾਲੋਂ ਬਹੁਤ ਪਿਛੋਂ ਆਇਆ। ਸਾਨੂੰ ਇਹ ਭੁਲਣਾ ਨਹੀਂ ਚਾਹੀਦਾ ਕਿ ਪ੍ਰਕਿਰਤੀ ਬਾਰੇ ਇਹ ਵੇਲਾ-ਵਿਹਾ ਚੁਕਾ ਦ੍ਰਿਸ਼ਟੀਕੋਣ, ਭਾਵੇਂ ਵਿਗਿਆਨ ਦੀ ਪ੍ਰਗਤੀ ਨਾਲ ਛਾਣਨੀ ਹੋ ਗਿਆ ਸੀ, ੧੯ਵੀਂ ਸਦੀ ਦੇ ਪੂਰੇ ਪਹਿਲੇ ਅੱਧ ਵਿਚ ਪ੍ਰਬਲ ਸੀ *, ਅਤੇ ਸਾਰ ਤੱਤ ਵਿਚ ਅਜੇ ਵੀ ਸਭਨਾਂ ਸਕੂਲਾਂ ਵਿਚ ਪੜ੍ਹਾਇਆ ਜਾਂਦਾ ਹੈ। **

---

*ਹੱਥਲਿਖਤ ਦੇ ਹਾਸ਼ੀਏ ਵਿਚ ਇਕ ਟਿਪਣੀ ਹੈ: "ਪ੍ਰਕਿਰਤੀ ਬਾਰੇ ਪੁਰਾਣੇ ਦ੍ਰਿਸ਼ਟੀਕੋਣ ਦੀ ਕੱਟੜਤਾ ਨੇ ਸਾਰੇ ਪ੍ਰਾਕਿਰਤਕ ਵਿਗਿਆਨ ਨੂੰ ਇਕੋ ਸਮੁਚਤਾ ਦੇ ਰੂਪ ਵਿਚ ਸਮਝਣ ਦਾ ਆਧਾਰ ਮੁਹਈਆ ਕੀਤਾ: ਫ਼ਰਾਂਸੀਸੀ ਵਿਸ਼ਵਕੋਸ਼ਵਾਦੀਆਂ ਨੇ, ਹੋਰ ਵੀ ਮਸ਼ੀਨੀ ਤਰੀਕੇ ਨਾਲ—ਇਕ ਚੀਜ਼ ਦੇ ਨਾਲ ਹੀ ਦੂਸਰੀ;—ਅਤੇ ਫੇਰ ਇਕੋ ਸਮੇਂ ਸੇਂਤ-ਸਾਈਮਨ ਅਤੇ ਜਰਮਨ ਪ੍ਰਾਕਿਰਤਕ ਦਰਸ਼ਨ ਨੇ, ਜਿਸ ਨੂੰ ਹੀਗਲ ਨੇ ਪਰੀਪੂਰਨ ਬਣਾਇਆ।"—**ਸੰਪਾ:**

**੧੮੬੧ ਵਿਚ ਵੀ ਉਹ ਆਦਮੀ ਜਿਸ ਦੀਆਂ ਵਿਗਿਆਨਕ ਪ੍ਰਾਪਤੀਆਂ ਨੇ ਇਸ ਨੂੰ ਖਤਮ ਕਰਨ ਲਈ ਬੇਹੱਦ ਅਹਿਮ ਸਮਿਗਰੀ ਮੁਹਈਆ ਕੀਤੀ ਸੀ ਇਸ ਦ੍ਰਿਸ਼ਟੀਕੋਣ ਨਾਲ ਕਟੜਤਾ ਨਾਲ ਚੰਬੜਿਆ ਰਹਿ ਸਕਦਾ ਸੀ, ਇਸ ਦਾ ਪਤਾ ਹੇਠ ਲਿਖੇ ਉਘੇ ਸ਼ਬਦਾਂ ਤੋਂ ਲਗਦਾ ਹੈ:

"ਸਾਡੇ ਸੂਰਜੀ ਪਰਵਾਰ **ਦੇ** ਸਾਰੇ ਪ੍ਰਬੰਧਾਂ ਦਾ, ਜਿਥੋਂ ਤੱਕ ਅਸੀਂ ਇਹਨਾਂ ਨੂੰ ਸਮਝਣ ਦੇ ਸਮਰਥ ਹੋਏ ਹਾਂ, ਉਦੇਸ਼ ਜੋ ਕੁਝ ਵਿਦਮਾਨ ਹੈ ਉਸ ਨੂੰ ਸੰਭਾਲ ਰਖਣਾ ਅਤੇ ਅਬਦਲ ਨਿਰੰਤਰਤਾ ਹੈ। ਐਨ ਜਿਸ ਤਰ੍ਹਾਂ ਅਤਿਅੰਤ ਪ੍ਰਾਚੀਨ ਕਾਲ ਤੋਂ ਇਸ ਧਰਤੀ ਤੇ ਨਾ ਕੋਈ ਜਾਨਵਰ ਅਤੇ ਨਾ ਕੋਈ ਪੌਦਾ ਵਧੇਰੇ ਪਰੀਪੂਰਨ ਬਣਿਆ ਹੈ ਜਾਂ ਕਿਸੇ ਵੀ ਤਰ੍ਹਾਂ ਵਖਰਾ ਹੀ ਹੋਇਆ ਹੈ, ਐਨ ਜਿਸ ਤਰ੍ਹਾਂ ਅਸੀਂ ਸਾਰੇ ਜੀਵਾਂ ਵਿਚ ਕੇਵਲ ਇਕ ਦੂਜੇ ਦੇ **ਨਾਲ** ਪੜਾਵਾਂ ਨੂੰ ਵੇਖਦੇ ਹਾਂ ਅਤੇ ਇਕ ਦੂਜੇ ਦੇ **ਅਗੜਪਿਛੜ** ਨਹੀਂ, ਐਨ ਜਿਸ ਤਰ੍ਹਾਂ ਸਾਡੀ ਆਪਣੀ ਨਸਲ ਸਰੀਰ ਦੇ ਪਖੋਂ ਹਮੇਸ਼ਾ ਇਕੋ ਜਿਹੀ ਰਹੀ ਹੈ—ਇਸੇ ਤਰ੍ਹਾਂ ਸਹਿ-ਵਿਦਮਾਨ ਅਰਸ਼ੀ ਪਿੰਡਿਆਂ ਵਿਚ ਭਾਵੇਂ ਕਿੰਨੀ ਵੀ ਵੰਨ-ਸੁਵੰਨਤਾ ਹੋਵੇ, ਉਸ ਤੋਂ ਸਾਡੀ ਇਹ ਧਾਰਨਾ ਉਚਿਤ ਸਿੱਧ ਨਹੀਂ ਹੁਦੀ ਕਿ ਇਹ ਰੂਪ ਵਿਕਾਸ ਦੇ ਕੇਵਲ ਵਖਰੇ ਵਖਰੇ ਪੜਾ ਹਨ; ਇਸ ਦੇ ਉਲਟ,

ਪ੍ਰਕਿਰਤੀ ਬਾਰੇ ਇਸ ਪੱਥਰਾਏ ਦ੍ਰਿਸ਼ਟੀਕੋਣ ਵਿਚ ਪਹਿਲਾ ਪਾੜ ਇਕ ਪ੍ਰਕਿਰਤੀ-ਵਿਗਿਆਨੀ ਨਹੀਂ ਸਗੋਂ ਇਕ ਦਰਸ਼ਨਵੇਤਾ ਨੇ ਪਾਇਆ ਸੀ। ੧੭੫੫ ਵਿਚ **ਕਾਂਟ** ਦੀ ਪੁਸਤਕ «Allgemeine Naturgeschichte und Theorie des Himmels»* ਪ੍ਰਕਾਸ਼ਤ ਹੋਈ। ਪਹਿਲੇ ਆਵੇਗ ਦਾ ਸਵਾਲ ਹੀ ਉਡਾ ਦਿਤਾ ਗਿਆ; ਧਰਤੀ ਅਤੇ ਸਮੁਚਾ ਸੂਰਜੀ ਪਰਵਾਰ ਇਕ ਅਜਿਹੀ ਚੀਜ਼ ਪ੍ਰਤੀਤ ਹੋਏ ਜੋ ਕਾਲ ਕ੍ਰਮ ਵਿਚ ਹੋਂਦ ਵਿਚ **ਆਏ ਹੋਣ**। ਜੇਕਰ ਪ੍ਰਕਿਰਤੀ-ਵਿਗਿਆਨੀਆਂ ਦੀ ਵੱਡੀ ਬਹੁਗਿਣਤੀ ਨੂੰ ਚਿੰਤਨ ਨਾਲ ਥੋੜੀ ਘਟ ਚਿੜ ਹੁੰਦੀ ਜਿਸ ਨੂੰ ਨਿਊਟਨ ਨੇ ਇਸ ਚਿਤਾਵਣੀ ਵਿਚ ਪ੍ਰਗਟ ਕੀਤਾ ਸੀ: ਭੌਤਕ-ਵਿਗਿਆਨ, ਪਰਾਭੌਤਕ-ਵਿਗਿਆਨ ਤੋਂ ਹੁਸ਼ਿਆਰ ਰਹਿ!,—ਤਾਂ ਉਹ ਕਾਂਟ ਦੀ ਇਸ ਇਕੋ ਹੀ ਸ਼ਾਦਨਾਰ ਖੋਜ ਤੋਂ ਐਸੇ ਸਿੱਟੇ ਕੱਢਣ ਲਈ ਮਜਬੂਰ ਹੋਏ ਹੁੰਦੇ ਜਿਨ੍ਹਾਂ ਨਾਲ ਉਹ ਅਣਗਿਣਤ ਕੁਰਾਹਿਆਂ ਵਿਚ ਭਟਕਣੋਂ ਅਤੇ ਗ਼ਲਤ ਸੇਧਾਂ ਵਿਚ ਅਥਾਹ ਸਮਾਂ ਅਤੇ ਮਿਹਨਤ ਜ਼ਾਇਆ ਕਰਨ ਤੋਂ ਬਚ ਗਏ ਹੁੰਦੇ, ਕਿਉਂਕਿ ਕਾਂਟ ਦੀ ਲਭਤ ਵਿਚ ਅਗਲੀ ਸਾਰੀ ਪ੍ਰਗਤੀ ਦਾ ਵਿਦਾ-ਬਿੰਦੂ ਮੌਜੂਦ ਸੀ। ਜੇ ਧਰਤੀ ਅਜਿਹੀ ਚੀਜ਼ ਸੀ ਜਿਹੜੀ ਹੋਂਦ ਵਿਚ ਆਈ ਸੀ ਤਾਂ ਫਿਰ ਇਸ ਦੀ ਵਰਤਮਾਨ ਭੂ-ਗਰਭੀ, ਭੂਗੋਲਿਕ, ਅਤੇ ਜਲਵਾਯੂ ਸੰਬੰਧੀ ਅਵਸਥਾ, ਅਤੇ ਇਸੇ ਹੀ ਤਰ੍ਹਾਂ ਇਸਦੇ ਬੂਟੇ ਅਤੇ ਜੀਵ, ਵੀ ਜ਼ਰੂਰੀ ਹੀ ਅਜਿਹੀ ਚੀਜ਼ ਸਨ ਜਿਹੜੀ ਹੋਂਦ ਵਿਚ ਆਈ ਸੀ; ਇਹਨਾਂ ਦਾ ਕੇਵਲ ਸਥਾਨ ਵਿਚ ਸਹਿ-ਹੋਂਦ ਦਾ ਹੀ ਨਹੀਂ ਸਗੋਂ ਸਮੇਂ ਵਿਚ ਸਿਲਸਲੇ ਦਾ ਵੀ ਇਤਿਹਾਸ ਹੋਣਾ ਚਾਹੀਦਾ ਹੈ। ਜੇ ਕਰ ਇਸ ਸੇਧ ਵਿਚ ਇਕ ਦਮ ਦ੍ਰਿੜ੍ਹਤਾ ਨਾਲ ਹੋਰ ਅੱਗੇ ਖੋਜ-ਪੜਤਾਲ ਕੀਤੀ ਗਈ ਹੁੰਦੀ, ਤਾਂ ਪ੍ਰਾਕਿਰਤਕ ਵਿਗਿਆਨ ਜਿਥੇ ਅੱਜ ਹੈ ਉਸ ਤੋਂ ਚੋਖਾ ਅੱਗੇ ਵਧ ਗਿਆ ਹੁੰਦਾ। ਪਰ ਦਰਸ਼ਨ ਤੋਂ ਕਿੰਨਾ ਕੁ ਲਾਭ ਹੋ ਸਕਦਾ ਸੀ? ਕਾਂਟ ਦੀ ਰਚਨਾ ਦੇ ਉੱਨਾ ਚਿਰ ਕੋਈ ਤੁਰਤ ਸਿੱਟੇ ਨਾ ਨਿਕਲੇ ਜਿੰਨਾ ਚਿਰ ਕਈ ਸਾਲ ਮਗਰੋਂ ਜਾਕੇ ਲਾਪਲਾਸ ਅਤੇ ਹੈਰਸ਼ਲ ਨੇ ਇਸ ਦੀ ਵਸਤੂ ਦੀ ਵਿਆਖਿਆ ਨਾ ਕੀਤੀ। ਉਸਨੇ ਇਸ ਨੂੰ ਡੂੰਘੇਰਾ ਆਧਾਰ ਬਖ਼ਸ਼ਿਆ, ਤੇ ਇਸ ਤਰ੍ਹਾਂ ਹੌਲੀ ਹੌਲੀ "ਧੁੰਦੂਕਾਰਕ ਮਨੌਤ"[91] ਨੂੰ ਮਾਨਤਾ ਦਿਵਾਈ। ਕੁਝ ਹੋਰ ਅਗਲੀਆਂ ਲਭਤਾਂ ਨਾਲ

---

ਸਿਰਜੀ ਗਈ ਹਰ ਚੀਜ਼ ਆਪਣੇ ਆਪ ਵਿਚ **ਸਮਾਨ ਰੂਪ ਵਿਚ** ਪਰੀਪੂਰਨ ਹੈ।" Mädler, «Populäre Astronomie», Berlin, 1861, 5th edition, p. 316) (ਮੈਡਲਰ, "ਪ੍ਰਚਲਤ ਖਗੋਲ-ਵਿਗਿਆਨ", ਬਰਲਿਨ, ੧੮੬੧, ੫ਵੀਂ ਛਾਪ, ਪੰਨਾ ੩੧੬)।—[**ਏਂਗਲਜ਼ ਵਲੋਂ ਟਿਪਣੀ**]

*"ਪ੍ਰਕਿਰਤੀ ਦਾ ਵਿਆਪਕ ਇਤਿਹਾਸ ਅਤੇ ਗਗਨ-ਮੰਡਲ ਦਾ ਸਿਧਾਂਤ"।—**ਅਨੁ:**

ਅਖੀਰ ਇਸ ਦੀ ਫਤਿਹ ਹੋਈ; ਇਹਨਾਂ ਵਿਚੋਂ ਅਤਿਅੰਤ ਮਹੱਤਵਪੂਰਨ ਇਹ ਸਨ: ਸਥਿਰ ਤਾਰਿਆਂ ਦੀ ਵਾਸਤਵਿਕ ਗਤੀ ਦੀ ਲਭਤ, ਬ੍ਰਹਿਮੰਡੀ ਪੁਲਾੜ ਵਿਚ ਪ੍ਰਤਿਰੋਧ ਮਾਧਿਅਮ ਦਾ ਪਰਦਰਸ਼ਨ, ਰੰਗਾਵਲੀ ਵਿਸ਼ਲੇਸ਼ਣ ਰਾਹੀਂ ਬ੍ਰਹਿਮੰਡ ਦੇ ਪਦਾਰਥ ਦੀ ਰਸਾਇਣੀ ਇਕਰੂਪਤਾ ਅਤੇ ਅਜਿਹੇ ਪ੍ਰਦੀਪਤ ਧੁੰਦੂਕਾਰਕ ਪੁੰਜਾਂ ਦੀ ਹੋਂਦ ਦੀ ਸਥਾਪਤੀ ਜਿਵੇਂ ਕਾਂਟ ਨੇ ਮੰਨੀ ਸੀ।*

ਪਰੰਤੂ, ਇਹ ਸੰਦੇਹ ਕਰਨਾ ਵਾਜਿਬ ਹੈ ਕਿ ਜੇ ਪ੍ਰਗਟ ਹੋ ਰਿਹਾ ਇਹ ਸੰਕਲਪ ਕਿ ਪ੍ਰਕਿਰਤੀ ਕੇਵਲ **ਵਿਦਮਾਨ** ਹੀ ਨਹੀਂ, ਸਗੋਂ **ਹੋਂਦ ਵਿਚ ਆਉਂਦੀ ਹੈ** ਅਤੇ **ਮਰ ਜਾਂਦੀ ਹੈ**, ਇਕ ਹੋਰ ਹਲਕੇ ਤੋਂ ਹਮਾਇਤ ਨਾ ਪ੍ਰਾਪਤ ਕਰਦਾ ਤਾਂ ਪ੍ਰਾਕਿਰਤਕ ਵਿਗਿਆਨੀਆਂ ਦੀ ਬਹੁਗਿਣਤੀ ਪਰਿਵਰਤਨਸ਼ੀਲ ਧਰਤੀ ਦੇ ਜਿਹੜੀ ਅਪਰਿਵਰਤਨਸ਼ੀਲ ਜੀਵਾਂ ਨੂੰ ਜਨਮ ਦੇਂਦੀ ਸੀ ਅੰਤਰ-ਵਿਰੋਧ ਤੋਂ ਏਨੀ ਛੇਤੀ ਚੇਤੰਨ ਹੋ ਗਏ ਹੁੰਦੇ। ਭੂ-ਗਰਭ-ਵਿਗਿਆਨ ਦਾ ਜਨਮ ਹੋਇਆ ਅਤੇ ਇਸ ਨੇ ਇਕ ਇਕ ਕਰਕੇ ਬਣੀਆਂ ਅਤੇ ਇਕ ਦੂਜੀ ਤੇ ਜੰਮੀਆਂ ਭੂਮਿਕ ਪਰਤਾਂ ਵੱਲ ਹੀ ਨਹੀਂ, ਸਗੋਂ ਇਹਨਾਂ ਪਰਤਾਂ ਵਿਚ ਦੱਬੇ ਨਸ਼ਟ ਹੋ ਚੁਕੇ ਜਾਨਵਰਾਂ ਦੇ ਖੋਲ ਅਤੇ ਪਿੰਜਰ ਅਤੇ ਉਹਨਾਂ ਰੁਖ-ਬੂਟਿਆਂ ਦੇ ਤਣਿਆਂ, ਪੱਤਿਆਂ, ਅਤੇ ਫਲਾਂ ਵੱਲ ਧਿਆਨ ਦੁਆਇਆ ਜਿਨ੍ਹਾਂ ਦਾ ਹੁਣ ਵਜੂਦ ਨਹੀਂ ਸੀ ਰਿਹਾ। ਇਹ ਸਵੀਕਾਰ ਕਰਨ ਦਾ ਫੈਸਲਾ ਕਰਨਾ ਹੀ ਪੈਣਾ ਸੀ ਕਿ ਸਮੁਚੇ ਤੌਰ ਤੇ ਕੇਵਲ ਧਰਤੀ ਹੀ ਨਹੀਂ ਸਗੋਂ ਇਸ ਦੇ ਵਰਤਮਾਨ ਤੱਲ ਦਾ ਅਤੇ ਇਸ ਉਤੇ ਮੌਜੂਦ ਰੁਖ-ਬੂਟਿਆਂ ਤੇ ਜਾਨਵਰਾਂ ਦਾ ਕਾਲ ਕ੍ਰਮ ਵਿਚ ਇਕ ਇਤਿਹਾਸ ਹੈ। ਸ਼ੁਰੂ ਸ਼ੁਰੂ ਵਿਚ ਤਾਂ ਇਹ ਗੱਲ ਬੜੇ ਜੱਕੋ ਤੱਕਿਆਂ ਨਾਲ ਮੰਨੀ ਗਈ। ਧਰਤੀ ਦੇ ਇਨਕਲਾਬਾਂ ਸੰਬੰਧੀ ਕੂਵੀਯੇ ਦਾ ਸਿਧਾਂਤ ਸ਼ਬਦਾਂ ਵਿਚ ਇਨਕਲਾਬੀ ਅਤੇ ਸਾਰਤੱਤ ਵਿਚ ਪਿਛਾਂਹਖਿਚੂ ਸੀ। ਇਕੋ ਵਾਰ ਦੀ ਦੈਵੀ ਸਿਰਜਣਾ ਦੀ ਥਾਂ ਉਤੇ ਉਸ ਨੇ ਸਿਰਜਣਾ ਦੇ ਮੁੜ ਮੁੜ ਅਮਲਾਂ ਦਾ ਇਕ ਪੂਰਾ ਸਿਲਸਲਾ ਪੇਸ਼ ਕੀਤਾ ਅਤੇ ਚਮਤਕਾਰ ਨੂੰ ਇਕ ਲਾਜ਼ਮੀ ਪ੍ਰਾਕਿਰਤਕ ਸਾਧਨ ਬਣਾ ਦਿਤਾ। ਲਾਯੇਲ ਨੇ ਸਿਰਜਣਹਾਰ ਦੀ ਮਰਜ਼ੀ ਕਾਰਨ ਚਲਣ ਵਾਲੇ ਅਚਾਣਕ ਗੇੜਾਂ ਦੇ ਬਦਲ ਵਿਚ ਧਰਤੀ ਦੀ ਹੌਲੀ ਹੌਲੀ ਕਾਇਆ-ਕਲਪ ਦੇ ਸਿਲਸਲੇਵਾਰ ਪ੍ਰਭਾਵਾਂ ਨੂੰ ਪੇਸ਼ ਕਰਕੇ ਪਹਿਲੀ ਵਾਰੀ ਭੂ-ਗਰਭ-ਵਿਗਿਆਨ ਨੂੰ ਸਮਝਣ ਯੋਗ ਬਣਾਇਆ।**

---

*ਹੱਥਲਿਖਤ ਦੇ ਹਾਸ਼ੀਏ ਵਿਚ ਏਂਗਲਜ਼ ਨੇ ਵਾਧਾ ਕੀਤਾ ਹੈ: "ਜਵਾਰ-ਭਾਟੇ ਨਾਲ ਧਰਤੀ ਦੇ ਗੇੜ ਦਾ ਮਧਮ ਹੋਣਾ,—ਇਹ ਵੀ ਕਾਂਟ ਤੋਂ, ਜਿਸ ਨੂੰ ਕੇਵਲ ਹੁਣ ਸਮਝਿਆ ਗਿਆ ਹੈ।"—ਸੰਪਾ:

**ਲਾਯੇਲ ਦੇ ਦ੍ਰਿਸ਼ਟੀਕੋਣ ਦੀ, ਘਟੋ ਘਟ ਇਸ ਦੇ ਪਹਿਲੇ ਰੂਪ ਵਿਚ, ਖਾਮੀ ਇਹ ਹੈ ਕਿ ਉਹ ਧਰਤੀ ਤੇ ਕਾਰਜਸ਼ੀਲ ਸ਼ਕਤੀਆਂ ਨੂੰ ਸਥਾਈ, ਗੁਣ ਤੇ ਮਾਤਰਾ

ਲਾਯੇਲ ਦਾ ਸਿਧਾਂਤ ਸਥਾਈ ਜੀਵਕ ਜਾਤੀਆਂ ਦੀ ਧਾਰਨਾ ਨਾਲ ਉਸ ਦੇ ਪੂਰਵ-ਅਧਿਕਾਰੀਆਂ ਦੇ ਸਿਧਾਂਤਾਂ ਨਾਲੋਂ ਵੀ ਵਧੇਰੇ ਬੇਜੋੜ ਸੀ। ਧਰਤੀ ਦੇ ਤਲ ਅਤੇ ਜੀਵਨ ਦੀਆਂ ਸਭਨਾਂ ਪ੍ਰਸਥਿਤੀਆਂ ਦੀ ਦਰਜੇਵਾਰ ਕਾਇਆ-ਕਲਪ ਦਾ ਸਿੱਧਾ ਸਿੱਟਾ ਜੀਵਾਂ ਦੀ ਦਰਜੇਵਾਰ ਕਾਇਆ-ਕਲਪ ਅਤੇ ਉਹਨਾਂ ਵਲੋਂ ਬਦਲਦੇ ਵਾਤਾਵਰਣ ਦੇ, ਜਾਤੀਆਂ ਦੀ ਪਰਿਵਰਤਨਸ਼ੀਲਤਾ ਦੇ ਅਨੁਕੂਲ ਬਣਨ ਵਿਚ ਨਿਕਲਿਆ। ਪਰ ਪਰੰਪਰਾ ਕੇਵਲ ਕੈਥੋਲਿਕ ਚਰਚ ਵਿਚ ਹੀ ਪ੍ਰਬਲ ਸ਼ਕਤੀ ਨਹੀਂ ਸਗੋਂ ਪ੍ਰਾਕਿਰਤਕ ਵਿਗਿਆਨ ਵਿਚ ਵੀ ਹੈ। ਲਾਯੇਲ ਨੇ, ਆਪ ਵਰ੍ਹਿਆਂ ਤੱਕ ਇਹ ਅੰਤਰ-ਵਿਰੋਧ ਨਹੀਂ ਸੀ ਵੇਖਿਆ, ਅਤੇ ਉਸ ਦੇ ਸ਼ਾਗਿਰਦਾਂ ਨੇ ਤਾਂ ਹੋਰ ਵੀ ਘਟ। ਇਸ ਦਾ ਕਾਰਨ ਕੇਵਲ ਕਿਰਤ ਦੀ ਵੰਡ ਨੂੰ ਹੀ ਸਮਝਿਆ ਜਾ ਸਕਦਾ ਹੈ ਜਿਸ ਦਾ ਇੱਚਰ ਨੂੰ ਪ੍ਰਾਕਿਰਤਕ ਵਿਗਿਆਨ ਵਿਚ ਬੋਲਬਾਲਾ ਹੋ ਗਿਆ ਸੀ, ਜਿਸ ਨੇ ਹਰ ਵਿਅਕਤੀ ਨੂੰ ਉਸ ਦੇ ਆਪਣੇ ਖੇਤਰ ਤੱਕ ਵਧ ਜਾਂ ਘਟ ਸੀਮਤ ਕਰ ਦਿਤਾ ਸੀ, ਬਹੁਤ ਥੋੜੇ ਹੀ ਅਜਿਹੇ ਲੋਕ ਸਨ ਜਿਨ੍ਹਾਂ ਨੂੰ ਇਸ ਨੇ ਸਰਬੰਗੀ ਦ੍ਰਿਸ਼ਟੀਕੋਣ ਤੋਂ ਵਿਰਵਾ ਨਹੀਂ ਸੀ ਕੀਤਾ।

ਇੱਚਰ ਭੌਤਕ-ਵਿਗਿਆਨ ਨੇ ਜ਼ਬਰਦਸਤ ਤਰੱਕੀ ਕਰ ਲਈ ਸੀ, ਜਿਸ ਦੇ ਸਿੱਟਿਆਂ ਦਾ ਨਚੋੜ ਤਿੰਨ ਵਖਰੇ ਵਖਰੇ ਵਿਅਕਤੀਆਂ ਨੇ ੧੮੪੨ ਦੇ ਸਾਲ, ਪ੍ਰਾਕਿਰਤਕ ਖੋਜ ਦੀ ਇਸ ਸ਼ਾਖ਼ ਲਈ ਜੁਗ-ਪਲਟਾਊ ਸਾਲ ਵਿਚ, ਲਗਪਗ ਨਾਲੋ ਨਾਲ ਹੀ ਪੇਸ਼ ਕਰ ਦਿਤਾ ਸੀ। ਹਾਈਲਬਰੋਨ ਵਿਚ ਮਾਯਰ ਨੇ ਅਤੇ ਮਾਨਚੈਸਟਰ ਵਿਚ ਜੂਲ ਨੇ ਤਾਪ ਦੀ ਯਾਂਤਰਿਕ ਸ਼ਕਤੀ ਵਿਚ ਅਤੇ ਯਾਂਤਰਿਕ ਸ਼ਕਤੀ ਦੀ ਤਾਪ ਵਿਚ ਕਾਇਆ-ਕਲਪ ਨੂੰ ਪ੍ਰਤੱਖ ਕੀਤਾ। ਤਾਪ ਦਾ ਯਾਂਤਰਿਕ ਸਮਰੂਪ ਨਿਰਧਾਰਤ ਹੋਣ ਨਾਲ ਇਹ ਨਿਰਣਾ ਸੰਦੇਹ ਮੁਕਤ ਹੋ ਗਿਆ। ਇਸ ਦੇ ਨਾਲ ਹੀ ਨਾਲ, ਭੌਤਕ-ਵਿਗਿਆਨ ਵਿਚ ਪਹਿਲਾਂ ਹੀ ਪ੍ਰਾਪਤ ਹੋ ਚੁਕੇ ਵੱਖ ਵੱਖ ਸਿੱਟਿਆਂ ਨੂੰ ਕੇਵਲ ਵੇਰਵੇ ਸਹਿਤ ਜੋੜ ਕੇ ਗਰੂਵ ਨੇ — ਪੇਸ਼ੇ ਦੇ ਪਖੋਂ ਪ੍ਰਾਕਿਰਤਕ ਵਿਗਿਆਨੀ ਨਹੀਂ ਸਗੋਂ ਇਕ ਅੰਗ੍ਰੇਜ਼ ਵਕੀਲ — ਸਿਧ ਕੀਤਾ ਕਿ ਸਾਰੀਆਂ ਅਖੌਤੀ ਭੌਤਕੀ ਸ਼ਕਤੀਆਂ, ਯਾਂਤਰਿਕ ਸ਼ਕਤੀ, ਤਾਪ, ਚਾਨਣ, ਬਿਜਲੀ, ਚੁੰਬਕਤਾ, ਨਿਰਸੰਦੇਹ ਅਖੌਤੀ ਰਸਾਇਣੀ ਸ਼ਕਤੀ ਵੀ, ਨਿਸਚਿਤ ਪ੍ਰਸਥਿਤੀਆਂ ਅਧੀਨ ਸ਼ਕਤੀ ਵਿਚ ਕਿਸੇ ਘਾਟੇ ਤੋਂ ਬਿਨਾਂ ਇਕ ਦੂਜੀ ਵਿਚ ਰੂਪਾਂਤ੍ਰਿਤ ਹੋ ਜਾਂਦੀਆਂ ਹਨ, ਅਤੇ ਇਸ ਪ੍ਰਕਾਰ ਇਕ ਵਾਰ ਹੋਰ ਭੌਤਕੀ ਲੀਹਾਂ ਉਤੇ ਡੇਸਕਾਰਟ ਦਾ ਇਹ ਨੇਮ ਸਿਧ ਕੀਤਾ ਕਿ

---

ਦੋਹਾਂ ਵਿਚ, ਮੰਨਦਾ ਹੈ। ਧਰਤੀ ਦੇ ਠੰਡੇ ਹੋਣ ਦੀ ਉਸ ਲਈ ਹੋਂਦ ਨਹੀਂ ਸੀ; ਧਰਤੀ ਇਕ ਨਿਸਚਿਤ ਸੇਧ ਵਿਚ ਵਿਕਸਤ ਨਹੀਂ ਹੁੰਦੀ ਸਗੋਂ ਕੇਵਲ ਇਕ ਕ੍ਰਮਹੀਣ ਸਬੱਬੀ ਢੰਗ ਨਾਲ ਬਦਲਦੀ ਹੈ।

ਸੰਸਾਰ ਵਿਚ ਵਿਦਮਾਨ ਗਤੀ ਦੀ ਮਾਤਰਾ ਸਥਿਰ ਹੈ। ਇਸ ਨਾਲ ਵਿਸ਼ੇਸ਼ ਭੌਤਕੀ ਸ਼ਕਤੀਆਂ, ਭੌਤਕ-ਵਿਗਿਆਨ ਦੀਆਂ ਇਕ ਤਰ੍ਹਾਂ ਨਾਲ ਅਬਦਲ "ਜਾਤੀਆਂ" ਨਿਸਚਿਤ ਨੇਮਾਂ ਅਨੁਸਾਰ ਇਕ ਦੂਜੇ ਵਿਚ ਬਦਲਣ ਵਾਲੇ, ਪਦਾਰਥ ਦੀ ਗਤੀ ਦੇ ਵਿਭਿੰਨ ਰੂਪ ਵਿਚ ਨਿਖੜਵੇਂ ਰੂਪਾਂ ਵਿਚ ਬਦਲ ਗਈਆਂ। ਭੌਤਕੀ ਸ਼ਕਤੀਆਂ ਦੀ ਅਮਕੀ ਅਮਕੀ ਗਿਣਤੀ ਦੀ ਹੋਂਦ ਦੀ ਸੰਬਬਤਾ ਉਹਨਾਂ ਦੇ ਅੰਤਰ-ਸੰਬੰਧਾਂ ਅਤੇ ਪਰਿਵਰਤਨਾਂ ਦੇ ਸਬੂਤ ਨਾਲ ਵਿਗਿਆਨ ਵਿਚੋਂ ਖ਼ਤਮ ਹੋ ਗਈ। ਭੌਤਕ-ਵਿਗਿਆਨ, ਇਸ ਤੋਂ ਪਹਿਲਾਂ ਖਗੋਲ-ਵਿਗਿਆਨ ਵਾਂਗ, ਉਸ ਸਿੱਟੇ ਤੇ ਪਹੁੰਚ ਗਿਆ ਸੀ ਜਿਹੜਾ ਲਾਜ਼ਮੀ ਹੀ ਗਤੀਮਾਨ ਪਦਾਰਥ ਦੇ ਸਦੀਵੀ ਚੱਕਰ ਵੱਲ ਅੰਤਮ ਨਿਰਣੇ ਵਜੋਂ ਧਿਆਨ ਦੁਆਉਂਦਾ ਸੀ।

ਲਾਵੂਆਜ਼ੀਯੇ ਅਤੇ ਵਿਸ਼ੇਸ਼ ਤੌਰ ਉਤੇ ਦਾਲਤੋਂਨ ਉਪਰੰਤ, ਰਸਾਇਣ-ਵਿਗਿਆਨ ਦੇ ਅਦਭੁਤ ਤੇਜ਼ ਰਫਤਾਰ ਵਿਕਾਸ ਨੇ ਪ੍ਰਕਿਰਤੀ ਬਾਰੇ ਪੁਰਾਣੇ ਵਿਚਾਰਾਂ ਉਤੇ ਇਕ ਹੋਰ ਪੱਖ ਤੋਂ ਹਮਲਾ ਕੀਤਾ। ਜਿਹੜੇ ਜੋਗਕ ਹੁਣ ਤੱਕ ਜੀਵਤ ਸਰੀਰ ਵਿਚ ਹੀ ਉਤਪੰਨ ਹੁੰਦੇ ਸਨ ਉਹਨਾਂ ਨੂੰ ਅਜੀਵਕ ਸਾਧਨਾਂ ਨਾਲ ਤਿਆਰ ਕਰਕੇ ਇਹ ਸਿਧ ਹੋ ਗਿਆ ਕਿ ਰਸਾਇਣ-ਵਿਗਿਆਨ ਦੇ ਨੇਮ ਜੀਵਕ ਪਿੰਡਿਆਂ ਲਈ ਵੀ ਓਨੇ ਹੀ ਸਾਰਥਕ ਹਨ ਜਿੱਨੇ ਅਜੀਵਕ ਪਿੰਡਿਆਂ ਲਈ, ਅਤੇ ਇਸ ਤਰ੍ਹਾਂ ਜੀਵਕ ਤੇ ਅਜੀਵਕ ਪ੍ਰਕਿਰਤੀ ਵਿਚਲਾ ਪਾੜ ਵੀ ਬਹੁਤ ਹੱਦ ਤੱਕ ਭਰ ਗਿਆ, ਉਹ ਪਾੜ ਜਿਸ ਨੂੰ ਕਾਂਟ ਵੀ ਹਮੇਸ਼ਾ ਲਈ ਅਮਿਟਣਯੋਗ ਸਮਝਦਾ ਸੀ।

ਅਖੀਰੀ ਗੱਲ, ਜੀਵ-ਵਿਗਿਆਨਕ ਖੋਜ ਦੇ ਖੇਤਰ ਵਿਚ ਵੀ ਵਿਗਿਆਨਕ ਯਾਤਰਾਵਾਂ ਅਤੇ ਮੁਹਿੰਮਾਂ ਨਾਲ ਜਿਹੜੀਆਂ ਪਿਛਲੀ (ਅਰਥਾਤ, ੧੮ਵੀਂ) ਸਦੀ ਦੇ ਅੱਧ ਤੋਂ ਬਾਕਾਇਦਾ ਜਥੇਬੰਦ ਕੀਤੀਆਂ ਗਈਆਂ ਸਨ, ਸੰਸਾਰ ਦੇ ਸਭਨਾਂ ਭਾਗਾਂ ਵਿਚ ਯੂਰਪੀ ਦੇਸਾਂ ਦੀਆਂ ਬਸਤੀਆਂ ਦੀ ਉਥੇ ਰਹਿੰਦੇ ਮਾਹਿਰਾਂ ਦੁਆਰਾ ਵਧੇਰੇ ਭਰਪੂਰ ਖੋਜ ਨਾਲ, ਅਤੇ ਪਥਰਾਏ ਜੀਵਾਂ ਦੇ ਅਧਿਅਨ ਦੇ ਵਿਗਿਆਨ, ਸਰੀਰ-ਰਚਨਾ-ਵਿਗਿਆਨ ਅਤੇ ਸਰੀਰ-ਕਿਰਿਆ-ਵਿਗਿਆਨ ਦੀ ਵਿਆਪਕ ਪ੍ਰਗਤੀ ਨਾਲ, ਖਾਸ ਕਰਕੇ ਖੁਰਦਬੀਨ ਦੀ ਬਾਕਾਇਦਾ ਵਰਤੋਂ ਅਤੇ ਸੈਲ ਦੀ ਲਭਤ ਤੋਂ ਪਿਛੋਂ, ਏਨੀ ਸਮਿਗਰੀ ਇੱਕਠੀ ਕਰ ਦਿਤੀ ਸੀ ਕਿ ਤੁਲਨਾਤਮਕ ਵਿਧੀ ਦੀ ਵਰਤੋਂ ਕਰਨਾ ਸੰਭਵ ਵੀ ਹੋ ਗਿਆ ਅਤੇ ਇਸ ਦੇ ਨਾਲ ਹੀ ਲਾਜ਼ਮੀ ਵੀ।* ਇਕ ਪਾਸੇ ਤੁਲਨਾਤਮਕ ਭੌਤਕੀ ਭੂਗੋਲ ਦੇ ਸਾਧਨ ਨਾਲ ਭਿੰਨ ਭਿੰਨ ਜੀਵ-ਸਮੂਹਾਂ ਅਤੇ ਬਨਸਪਤ-ਸਮੂਹਾਂ ਦੇ ਜੀਵਨ ਦੀਆਂ ਪ੍ਰਸਥਿਤੀਆਂ ਸਥਾਪਤ ਕੀਤੀਆਂ ਗਈਆਂ; ਦੂਜੇ ਪਾਸੇ ਭਿੰਨ

---

*ਹੱਥਲਿਖਤ ਦੇ ਹਾਸ਼ੀਏ ਵਿਚ ਏਂਗਲਜ਼ ਨੇ ਇਹ ਵਾਧਾ ਕੀਤਾ ਹੈ: "ਭਰੂਣ-ਵਿਗਿਆਨ"। — ਸੰਪਾ:

ਭਿੰਨ ਜੀਵਾਂ ਦੀ ਉਹਨਾਂ ਦੇ ਸਜਾਤੀ ਅੰਗਾਂ ਅਨੁਸਾਰ ਇਕ ਦੂਜੇ ਨਾਲ ਤੁਲਨਾ ਕੀਤੀ ਗਈ, ਅਤੇ ਇਹ ਤੁਲਨਾ ਕੇਵਲ ਉਹਨਾਂ ਦੀ ਪਰਪੱਕ ਅਵਸਥਾ ਵਿਚ ਹੀ ਨਹੀਂ ਸਗੋਂ ਉਹਨਾਂ ਦੇ ਵਿਕਾਸ ਦੇ ਸਭਨਾਂ ਪੜਾਆਂ ਤੇ ਕੀਤੀ ਗਈ। ਇਹ ਖੋਜ ਜਿੱਨੀ ਵਧੇਰੇ ਡੂੰਘੀ ਅਤੇ ਠੀਕ ਠੀਕ ਢੰਗ ਨਾਲ ਕੀਤੀ ਗਈ, ਓਨਾ ਹੀ ਵਧੇਰੇ ਅਬਦਲ ਰੂਪ ਵਿਚ ਸਥਿਰ ਜੀਵਕ ਪ੍ਰਕਿਰਤੀ ਦੀ ਕਟੜ ਪ੍ਰਣਾਲੀ ਆਪਣੀ ਜੜ੍ਹ ਤੋਂ ਹਿਲਦੀ ਗਈ। ਸਿਰਫ ਇਹ ਗੱਲ ਹੀ ਨਹੀਂ ਕਿ ਪੌਦਿਆਂ ਤੇ ਪਸ਼ੂਆਂ ਦੀਆਂ ਵੱਖ ਵੱਖ ਜਾਤੀਆਂ ਵਧੇਰੇ ਤੋਂ ਵਧੇਰੇ ਨਿਖੇੜੇ ਨਾ ਜਾ ਸਕਣ ਵਾਲੇ ਢੰਗ ਨਾਲ ਗਡ ਮਡ ਹੋ ਗਈਆਂ, ਸਗੋਂ ਐਮਫਿਆਕਸਸ ਅਤੇ ਲੇਪਿਦੋਸੀਰਨ[92] ਵਰਗੇ ਜਾਨਵਰਾਂ ਦਾ ਪਤਾ ਲੱਗਾ ਜਿਨ੍ਹਾਂ ਨੇ ਪਹਿਲਾਂ ਦੇ ਕੁਲ ਵਰਗੀਕਰਨ* ਨੂੰ ਮਜ਼ਾਕ ਬਣਾ ਕੇ ਰਖ ਦਿਤਾ, ਅਤੇ ਅਖੀਰ ਵਿਚ ਉਹ ਜੀਵ ਵੀ ਸਾਮ੍ਹਣੇ ਆਏ ਜਿਨ੍ਹਾਂ ਬਾਰੇ ਇਹ ਦਸਣਾ ਸੰਭਵ ਨਹੀਂ ਸੀ ਕਿ ਉਹਨਾਂ ਦਾ ਸੰਬੰਧ ਬਨਸਪਤ ਜਗਤ ਨਾਲ ਹੈ ਜਾਂ ਪਸ਼ੂ ਜਗਤ ਨਾਲ। ਪਥਰਾਏ ਜੀਵਾਂ ਦੇ ਅਧਿਅਨ ਦੇ ਵਿਗਿਆਨਕ ਇਤਿਹਾਸ ਦੇ ਪਾੜੇ ਵਧੇਰੇ ਤੋਂ ਵਧੇਰੇ ਭਰਦੇ ਗਏ, ਇਸ ਨਾਲ ਉਹਨਾਂ ਲੋਕਾਂ ਨੂੰ ਵੀ, ਜਿਹੜੇ ਸਭ ਤੋਂ ਵਧ ਜੱਕੋਤੱਕਿਆਂ ਵਿਚ ਸਨ, ਇਹ ਮੰਨਣ ਲਈ ਮਜਬੂਰ ਹੋਣਾ ਪਿਆ ਕਿ ਸਮੁਚੇ ਰੂਪ ਵਿਚ ਜੀਵਕ ਸੰਸਾਰ ਦੇ ਵਿਕਾਸ ਅਤੇ ਅਡੋ ਅੱਡ ਜੀਵਾਂ ਦੇ ਵਿਕਾਸ ਦੇ ਇਤਿਹਾਸ ਵਿਚਕਾਰ ਉਘੜਵੀਂ ਸਮਾਨਤਾ ਹੈ, ਇਹ ਸਮਾਨਤਾ ਹੀ ਏਰੀਆਦਨੇ ਦਾ ਉਹ ਧਾਗਾ** ਸੀ ਜਿਸ ਨੇ ਉਸ ਭੁਲ ਭੁਲਈਆਂ ਵਿਚੋਂ ਬਾਹਰ ਨਿਕਲਣ ਦਾ ਰਾਹ ਵਖਾਇਆ ਜਿਸ ਵਿਚ ਬਨਸਪਤ-ਵਿਗਿਆਨ ਅਤੇ ਪ੍ਰਾਣੀ-ਵਿਗਿਆਨ ਵਧੇਰੇ ਤੋਂ ਵਧੇਰੇ ਡੂੰਘੇ ਗੁਆਚਦੇ ਜਾਂਦੇ ਪ੍ਰਤੀਤ ਹੁੰਦੇ ਸਨ। ਇਹ ਲਖਣਾਇਕ ਗੱਲ ਹੈ ਕਿ ਲਗਪਗ ਉਸ ਸਮੇਂ ਹੀ, ਜਦੋਂ ਕਾਂਟ ਨੇ ਸੂਰਜੀ ਪਰਵਾਰ ਦੀ ਸਦੀਵਤਾ ਤੇ ਹਮਲਾ ਕੀਤਾ, ਕ. ਫ. ਵੋਲਫ ਨੇ, ੧੭੫੯ ਵਿਚ ਜਾਤੀਆਂ ਦੀ ਸਥਿਰਤਾ ਉਤੇ ਪਹਿਲਾ ਧਾਵਾ ਬੋਲਿਆ ਅਤੇ ਕ੍ਰਮ-ਵਿਕਾਸ ਦੇ ਸਿਧਾਂਤ ਦਾ ਐਲਾਨ ਕੀਤਾ। ਪਰ ਉਸ ਦੀ ਹਾਲਤ ਵਿਚ ਜਿਹੜੀ ਗੱਲ ਹਾਲੇ

---

*ਹੱਥਲਿਖਤ ਦੇ ਹਾਸ਼ੀਏ ਵਿਚ ਏਂਗਲਜ਼ ਨੇ ਵਾਧਾ ਕੀਤਾ ਹੈ: "ਸੇਰਾਤੋਦਸ। ਇਹੋ ਗੱਲ ਆਰਕੇਓਪਤੇਰਿਕਸ, ਆਦਿ"।[93] — **ਸੰਪਾ:**

** **ਏਰੀਆਦਨੇ ਦਾ ਧਾਗਾ** — ਕਰੀਟ ਦੇ ਮਿਨੋਸ ਦੀ ਧੀ। ਜਦੋਂ ਥੈਸਿਉਸ ਦੈਂਤ ਮਿਨੋਟਾਰ ਨੂੰ ਮਾਰਨ ਕਰੀਟ ਆਇਆ ਤਾਂ ਉਹ ਉਹਦੇ ਤੇ ਆਸ਼ਕ ਹੋ ਗਈ। ਉਹਨੇ ਥੈਸਿਉਸ ਨੂੰ ਉਸ ਧਾਗੇ ਦਾ ਭੇਤ ਦਸਿਆ, ਜਿਸ ਰਾਹੀਂ ਉਹ ਮਿਨੋਟਾਰ ਨੂੰ ਮਾਰਨ ਪਿਛੋਂ ਉਸ ਭੁਲ-ਭਲਈਆਂ ਵਿਚੋਂ ਬਾਹਰ ਆ ਸਕਿਆ ਜਿਥੇ ਮਿਨੋਸ ਨੇ ਉਹਨੂੰ ਰਖਿਆ ਹੋਇਆ ਸੀ। ਇਸ ਤੋਂ ਪਹਿਲਾਂ ਕੋਈ ਮਨੁਖ ਉਥੋਂ ਜਿਊਂਦਾ ਨਹੀਂ ਸੀ ਮੁੜਿਆ। — **ਅਨੁ:**

ਅਸਾਧਾਰਨ ਬੁਧੀ ਦਾ ਪੂਰਵ-ਅਨੁਮਾਨ ਹੀ ਸੀ, ਉਹ ਓਕਨ, ਲਾਮਾਰਕ, ਬੈਰ ਦੇ ਹੱਥਾਂ ਵਿਚ ਠੋਸ ਸ਼ਕਲ ਧਾਰਨ ਕਰ ਗਈ, ਅਤੇ ਠੀਕ ਇਕ ਸੌ ਸਾਲ ਮਗਰੋਂ ੧੮੫੯ ਵਿਚ ਡਾਰਵਿਨ ਨੇ ਉਸ ਨੂੰ ਵਿਜਈ ਢੰਗ ਨਾਲ ਸੰਪੂਰਨ ਕੀਤਾ। ਲਗਪਗ ਇਸ ਦੇ ਨਾਲ ਹੀ ਨਾਲ ਇਹ ਸਥਾਪਤ ਕਰ ਦਿਤਾ ਗਿਆ ਸੀ ਕਿ ਪਰੋਟੋਪਲਾਜ਼ਮ ਅਤੇ ਸੈਲ, ਜਿਨ੍ਹਾਂ ਬਾਰੇ ਪਹਿਲਾਂ ਹੀ ਦਰਸਾਇਆ ਜਾ ਚੁਕਾ ਸੀ ਕਿ ਇਹ ਸਾਰੇ ਜੀਵਾਂ ਦੇ ਮੂਲ ਸਰੀਰਕ ਅੰਗ ਹਨ, ਸੁਤੰਤਰ ਰੂਪ ਵਿਚ ਵਿਦਮਾਨ ਜੀਵਨ ਦੇ ਸਭ ਤੋਂ ਹੇਠਲੇ ਰੂਪ ਹਨ। ਇਸ ਨਾਲ ਅਜੀਵਕ ਅਤੇ ਜੀਵਕ ਪ੍ਰਕਿਰਤੀ ਵਿਚਲਾ ਪਾੜ ਨਿਮਨਤਮ ਪੱਧਰ ਤੇ ਹੀ ਨਹੀਂ ਸੀ ਆ ਗਿਆ ਸਗੋਂ ਇਕ ਅਤਿਅੰਤ ਬੁਨਿਆਦੀ ਔਕੜ ਵੀ ਹੱਲ ਹੋ ਗਈ ਜਿਹੜੀ ਪਹਿਲਾਂ ਜੀਵਾਂ ਦੇ ਕ੍ਰਮ-ਵਿਕਾਸ ਦੇ ਰਾਹ ਵਿਚ ਰੋੜਾ ਬਣੀ ਖੜੀ ਸੀ। ਪ੍ਰਕਿਰਤੀ ਬਾਰੇ ਨਵਾਂ ਦ੍ਰਿਸ਼ਟੀਕੋਣ ਆਪਣੀਆਂ ਮੁਖ ਵਿਸ਼ੇਸ਼ਤਾਵਾਂ ਵਿਚ ਸੰਪੂਰਨ ਹੋ ਗਿਆ ਸੀ: ਸਾਰੀ ਕਟੜਤਾ ਖਤਮ ਹੋ ਗਈ, ਸਾਰੀ ਵਿਸ਼ੇਸ਼ਤਾ ਜਿਹੜੀ ਪਹਿਲਾਂ ਸਦੀਵੀ ਸਮਜੀ ਜਾਂਦੀ ਸੀ ਚਲਣਹਾਰ ਬਣ ਗਈ, ਪੂਰੀ ਦੀ ਪੂਰੀ ਪ੍ਰਕਿਰਤੀ ਸਦੀਵੀ ਪ੍ਰਵਾਹ ਅਤੇ ਚੱਕਰੀ ਮਾਰਗ ਉਤੇ ਗਤੀਮਾਨ ਦਰਸਾਈ ਗਈ।

* * *

ਇਸ ਪ੍ਰਕਾਰ ਅਸੀਂ ਇਕ ਵਾਰ ਫਿਰ ਯੂਨਾਨੀ ਦਰਸ਼ਨ ਦੇ ਮਹਾਨ ਮੋਢੀਆਂ ਦੀ ਚਿੰਤਨ ਪ੍ਰਣਾਲੀ ਵੱਲ ਪਰਤ ਆਉਂਦੇ ਹਾਂ, ਇਸ ਦ੍ਰਿਸ਼ਟੀਕੋਣ ਵੱਲ ਕਿ ਛੋਟੇ ਤੋਂ ਛੋਟੇ ਤੱਤ ਤੋਂ ਲੈਕੇ ਵੱਡੇ ਤੋਂ ਵੱਡੇ ਤਤ ਤੱਕ, ਰੇਤ ਦੇ ਕਣਾਂ ਤੋਂ ਲੈਕੇ ਸੂਰਜਾਂ ਤੱਕ, ਪਰੋਟਿਸਟਾਂ[94] ਤੋਂ ਲੈਕੇ ਮਨੁਖ ਤੱਕ, ਸੰਪੂਰਨ ਪ੍ਰਕਿਰਤੀ ਦੀ ਹੋਂਦ ਸਦੀਵੀ ਤੌਰ ਤੇ ਹੋਂਦ ਵਿਚ ਆਉਣਾ ਅਤੇ ਮਿਟਣਾ ਹੈ, ਇਕ ਨਿਰੰਤਰ ਪ੍ਰਵਾਹ, ਅਟਿਕ ਗਤੀ ਅਤੇ ਪਰਿਵਰਤਨ ਹੈ। ਕੇਵਲ ਬੁਨਿਆਦੀ ਅੰਤਰ ਇਹ ਹੈ ਕਿ ਯੂਨਾਨੀਆਂ ਦੇ ਮਾਮਲੇ ਵਿਚ ਜੋ ਕੁਝ ਅਸਾਧਾਰਨ ਬੁਧੀ ਦਾ ਅੰਤਰ-ਗਿਆਨ ਸੀ, ਉਹ ਸਾਡੇ ਮਾਮਲੇ ਵਿਚ ਤਜਰਬੇ ਤੇ ਆਧਾਰਤ ਠੀਕ ਠੀਕ ਵਿਗਿਆਨਕ ਖੋਜ ਦਾ ਸਿੱਟਾ ਹੈ, ਅਤੇ ਇਸ ਕਰਕੇ ਇਹ ਵਧੇਰੇ ਨਿਸਚਿਤ ਅਤੇ ਸਪਸ਼ਟ ਰੂਪ ਵਿਚ ਸਾਮ੍ਹਣੇ ਆਉਂਦਾ ਹੈ। ਇਹ ਸੱਚ ਹੈ ਕਿ ਇਸ ਚੱਕਰੀ ਮਾਰਗ ਦਾ ਪ੍ਰਯੋਗਿਕ ਪ੍ਰਮਾਣ ਪਾੜਿਆਂ ਤੋਂ ਪੂਰੀ ਤਰ੍ਹਾਂ ਮੁਕਤ ਨਹੀਂ, ਪਰ ਇਹ ਪਾੜੇ ਜੋ ਕੁਝ ਸਥਾਪਤ ਕੀਤਾ ਜਾ ਚੁਕਾ ਹੈ ਉਸ ਦੀ ਤੁਲਨਾ ਵਿਚ ਨਿਗੂਣੇ ਹਨ, ਅਤੇ ਹਰ ਬੀਤਦੇ ਸਾਲ ਨਾਲ ਇਹ ਵਧੇਰੇ ਤੋਂ ਵਧੇਰੇ ਭਰਦੇ ਜਾਂਦੇ ਹਨ। ਅਤੇ ਵੇਰਵੇ ਵਿਚ ਸਬੂਤ ਇਸ ਤੋਂ ਬਿਨਾਂ ਹੋਰ ਹੋ ਵੀ ਕੀ ਸਕਦਾ ਹੈ ਜਿਸ ਵਿਚ ਪਾੜੇ ਨਾ ਹੋਣ, ਜਦੋਂ ਇਸ ਗੱਲ ਨੂੰ ਧਿਆਨ ਵਿਚ ਰਖਿਆ ਜਾਏ ਕਿ ਵਿਗਿਆਨ ਦੀਆਂ ਅਤਿ ਮਹੱਤਵਪੂਰਨ ਸ਼ਾਖਾਵਾਂ — ਪਰਾ-ਨਛੱਤਰੀ ਖਗੋਲ-ਵਿਗਿਆਨ, ਰਸਾਇਣ-

ਵਿਗਿਆਨ, ਭੂ-ਗਰਭ-ਵਿਗਿਆਨ — ਦੀ ਵਿਗਿਆਨਕ ਹੋਂਦ ਮਸਾਂ ਇਕ ਸਦੀ ਤੋਂ ਹੈ, ਅਤੇ ਸਰੀਰ-ਕਿਰਿਆ-ਵਿਗਿਆਨ ਵਿਚ ਤੁਲਨਾਤਮਕ ਵਿਧੀ ਦੀ ਉਮਰ ਮੁਸ਼ਕਲ ਨਾਲ ਪੰਜਾਹ ਸਾਲਾਂ ਦੀ ਹੈ, ਅਤੇ ਲਗਪਗ ਸਾਰੇ ਜੀਵਕ ਵਿਕਾਸ ਦੇ ਮੂਲ ਰੂਪ — ਸੈਲ — ਦੀ ਖੋਜ ਹੋਈ ਨੂੰ ਅਜੇ ਚਾਲੀ ਵਰ੍ਹੇ ਨਹੀਂ ਹੋਏ!

* * *

ਆਕਾਸ਼ ਗੰਗਾ ਦੇ ਅਤਿ ਬਾਹਰੀ ਤਾਰਾ ਚੱਕਰਾਂ ਵਿਚ ਘਿਰੇ, ਸਾਡੇ ਦੀਪ ਬ੍ਰਹਿਮੰਡ ਦੇ ਅਣਗਿਣਤ ਸੂਰਜਾਂ ਅਤੇ ਸੂਰਜੀ ਪਰਵਾਰ ਨੇ ਜਿਹੜੇ ਗੈਸ ਦੇ ਘੁੰਮਦੇ ਅਤੇ ਦਹਿਕਦੇ ਧੁੰਦੂਕਾਰ ਪੁੰਜਾਂ ਦੇ ਸੁੰਗੜਨ ਅਤੇ ਠੰਡਾ ਹੋਣ ਨਾਲ ਵਿਕਸਤ ਹੋਏ, ਜਿਨ੍ਹਾਂ ਦੀ ਗਤੀ ਦੇ ਨੇਮਾਂ ਦਾ ਸ਼ਾਇਦ ਓਦੋਂ ਪਤਾ ਲਗੇਗਾ ਜਦੋਂ ਕੁਝ ਸਦੀਆਂ ਦੇ ਨਿਰੀਖਣ ਨੇ ਸਾਨੂੰ ਤਾਰਿਆਂ ਦੀ ਵਾਸਤਵਿਕ ਗਤੀ ਦੀ ਸੋਝੀ ਦੇ ਦਿਤੀ ਹੋਵੇਗੀ। ਪ੍ਰਤੱਖ ਤੌਰ ਤੇ, ਇਹ ਵਿਕਾਸ ਹਰ ਥਾਂ ਇਕੋ ਰਫਤਾਰ ਨਾਲ ਨਹੀਂ ਹੋਇਆ। ਖਗੋਲ-ਵਿਗਿਆਨ ਦਿਨੋ ਦਿਨ ਵਧੇਰੇ ਇਹ ਮੰਨਣ ਲਈ ਮਜਬੂਰ ਹੋ ਰਿਹਾ ਹੈ ਕਿ ਹਨੇਰੇ ਪਿੰਡਿਆਂ ਦੀ ਹੋਂਦ ਹੈ ਜਿਹੜੇ ਕੇਵਲ ਨਛੱਤਰੀ ਪ੍ਰਕਿਰਤੀ ਵਾਲੇ ਨਹੀਂ, ਇਸ ਕਰਕੇ ਸਾਡੇ ਤਾਰਾ ਪਰਵਾਰ ਦੇ ਬੁਝੇ ਹੋਏ ਸੂਰਜ ਹਨ (ਮੈਡਲਰ); ਦੂਜੇ ਪਾਸੇ (ਸੇਕੀ ਅਨੁਸਾਰ) ਗੈਸੀ ਧੁੰਦੂਕਾਰ ਪੁੰਜਾਂ ਦਾ ਇਕ ਭਾਗ ਸਾਡੇ ਤਾਰਾ ਪਰਵਾਰ ਨਾਲ ਸੰਬੰਧਤ ਹੈ, ਇਹ ਅਜਿਹੇ ਸੂਰਜ ਹਨ ਜਿਨ੍ਹਾਂ ਨੇ ਅਜੇ ਪੂਰੀ ਤਰ੍ਹਾਂ ਰੂਪ ਧਾਰਨ ਨਹੀਂ ਕੀਤਾ, ਜਿਸ ਤੋਂ ਇਹ ਸੰਭਾਵਨਾ ਰੱਦ ਨਹੀਂ ਹੁੰਦੀ ਕਿ ਦੂਜੇ ਧੁੰਦੂਕਾਰ ਪੁੰਜ, ਜਿਵੇਂ ਕਿ ਮੈਡਲਰ ਦਾ ਮੱਤ ਹੈ, ਦੂਰਵਰਤੀ ਸੁਆਧੀਨ ਦੀਪ ਬ੍ਰਹਿਮੰਡ ਹਨ, ਜਿਨ੍ਹਾਂ ਦੇ ਵਿਕਾਸ ਦਾ ਸਾਪੇਖ ਪੜਾ ਲਾਜ਼ਮੀ ਹੀ ਸਪੈਕਟ੍ਰੋਸਕੋਪ ਦੁਆਰਾ ਨਿਸਚਿਤ ਕੀਤਾ ਜਾਣਾ ਚਾਹੀਦਾ ਹੈ।

ਵਿਅਕਤੀਗਤ ਧੁੰਦੂਕਾਰ ਪੁੰਜ ਤੋਂ ਇਕ ਸੂਰਜੀ ਪਰਵਾਰ ਕਿਵੇਂ ਵਿਕਸਤ ਹੁੰਦਾ ਹੈ, ਇਸ ਨੂੰ ਲਾਪਲਾਸ ਨੇ ਵੇਰਵੇ ਸਹਿਤ ਜਿਸ ਢੰਗ ਨਾਲ ਦਰਸਾਇਆ ਹੈ ਉਹ ਅਜੇ ਅਦੁਤੀ ਹੈ; ਉਸ ਤੋਂ ਪਿਛੋਂ ਦੇ ਵਿਗਿਆਨ ਨੇ ਉਸ ਦੀ ਵਧੇਰੇ ਤੋਂ ਵਧੇਰੇ ਪੁਸ਼ਟੀ ਕੀਤੀ ਹੈ।

ਇਸ ਤਰ੍ਹਾਂ ਬਣੇ ਵੱਖ ਵੱਖ ਪਿੰਡਿਆਂ ਉਤੇ — ਸੂਰਜ, ਨਛੱਤਰ ਅਤੇ ਉਪਗ੍ਰਹਿ — ਪਦਾਰਥ ਦੀ ਗਤੀ ਦਾ ਜੋ ਰੂਪ ਪਹਿਲਾਂ ਪ੍ਰਚਲਤ ਹੁੰਦਾ ਹੈ ਉਸ ਨੂੰ ਅਸੀਂ ਤਾਪ ਕਹਿ ਸਕਦੇ ਹਾਂ। ਸੂਰਜ ਦਾ ਹਾਲੇ ਤੱਕ ਜੋ ਤਾਪਮਾਨ ਹੈ, ਉਸ ਕਿਸਮ ਦੇ ਤਾਪਮਾਨ ਵਿਚ ਤੱਤਾਂ ਦੇ ਰਸਾਇਣੀ ਜੋਗਕਾਂ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ; ਅਜਿਹੀਆਂ ਪ੍ਰਸਥਿਤੀਆਂ ਅਧੀਨ ਤਾਪ ਦਾ ਕਿਸ ਹੱਦ ਤੱਕ ਬਿਜਲੀ ਜਾਂ ਚੁੰਬਕਤਾ ਵਿਚ ਰੂਪਾਂਤਰਣ ਹੁੰਦਾ ਹੈ, ਨਿਰੰਤਰ ਸੂਰਜੀ ਨਿਰੀਖਣਾਂ ਤੋਂ ਹੀ ਪਤਾ ਲਗ ਸਕੇਗਾ;

ਇਹ ਗੱਲ ਤਾਂ ਪਹਿਲਾਂ ਲਗ ਭਗ ਸਿਧ ਹੋ ਚੁਕੀ ਹੈ ਕਿ ਸੂਰਜ ਵਿਚ ਵਾਪਰਣ ਵਾਲੀ ਯਾਂਤ੍ਰਿਕ ਗਤੀ ਤਾਪ ਦੀ ਗੁਰੂਤਾ ਖਿੱਚ ਨਾਲ ਟੱਕਰ ਹੋਣ ਤੋਂ ਹੀ ਪੈਦਾ ਹੁੰਦੀ ਹੈ।

ਵਿਅਕਤੀਗਤ ਪਿੰਡੇ ਜਿੰਨੇ ਛੋਟੇ ਹੁੰਦੇ ਹਨ ਓਨੀ ਹੀ ਛੇਤੀ ਉਹ ਠੰਡੇ ਹੁੰਦੇ ਹਨ। ਸਭ ਤੋਂ ਪਹਿਲਾਂ ਉਪਗ੍ਰਹਿ, ਤਾਰਾਹਾਰ ਆਕਾਰ ਅਤੇ ਤਰੋਟੇ, ਜਿਵੇਂ ਸਾਡਾ ਚੰਦਰਮਾ ਢੇਰ ਚਿਰ ਤੋਂ ਬੁਝਿਆ ਹੋਇਆ ਹੈ। ਨਛੱਤਰ ਵਧੇਰੇ ਹੌਲੀ ਠੰਡੇ ਹੁੰਦੇ ਹਨ ਅਤੇ ਕੇਂਦਰੀ ਪਿੰਡਾ ਸਭ ਤੋਂ ਵਧ ਹੌਲੀ।

ਹੌਲੀ ਹੌਲੀ ਬਾਕਾਇਦਗੀ ਨਾਲ ਠੰਡਿਆ ਹੋ ਜਾਣ ਉਤੇ ਗਤੀ ਦੇ ਭੌਤਕੀ ਰੂਪਾਂ ਦੀ, ਜਿਹੜੇ ਇਕ ਦੂਜੇ ਵਿਚ ਰੂਪਾਂਤ੍ਰਿਤ ਹੋ ਜਾਂਦੇ ਹਨ, ਪ੍ਰਸਪਰ-ਕਿਰਿਆ ਵਧੇਰੇ ਤੋਂ ਵਧੇਰੇ ਸਾਮ੍ਹਣੇ ਆਉਂਦੀ ਜਾਂਦੀ ਹੈ, ਅਤੇ ਅਖੀਰ ਇਕ ਅਜਿਹਾ ਬਿੰਦੂ ਆਉਂਦਾ ਹੈ ਜਿਸ ਤੋਂ ਅੱਗੇ ਰਸਾਇਣਕ ਖਿੱਚ ਆਪਣੇ ਆਪ ਨੂੰ ਪ੍ਰਗਟ ਕਰਨਾ ਆਰੰਭ ਕਰਦੀ ਹੈ, ਜਿਹੜੇ ਤੱਤ ਰਸਾਇਣਕ ਤੌਰ ਤੇ ਪਹਿਲਾਂ ਪ੍ਰਸਪਰ ਰੂਪ ਵਿਚ ਬੇਪਰਵਾਹ ਸਨ ਉਹ ਰਸਾਇਣਕ ਤੌਰ ਤੇ ਇਕ ਇਕ ਕਰਕੇ ਨਿਖੜਦੇ ਹਨ, ਰਸਾਇਣਕ ਵਿਸ਼ੇਸ਼ਤਾਵਾਂ ਗ੍ਰਹਿਣ ਕਰਦੇ ਹਨ, ਅਤੇ ਇਕ ਦੂਜੇ ਨਾਲ ਜੁੜਨ ਲਗਦੇ ਹਨ। ਇਹ ਜੋਗਕ ਵੀ ਘਟਦੇ ਤਾਪਮਾਨ ਨਾਲ ਲਗਾਤਾਰ ਬਦਲਦੇ ਹਨ, ਜਿਹੜਾ ਕੇਵਲ ਹਰ ਤੱਤ ਉਤੇ ਹੀ ਨਹੀਂ ਸਗੋਂ ਤੱਤਾਂ ਦੇ ਹਰ ਵਖਰੇ ਜੋਗਕ ਉਤੇ ਵੀ ਵੱਖ ਵੱਖ ਤਰ੍ਹਾਂ ਅਸਰ ਕਰਦਾ ਹੈ, ਫਿਰ ਗੈਸੀ ਪਦਾਰਥ ਦੇ ਇਕ ਹਿੱਸੇ ਦੇ ਅਗੋਂ ਚਲਕੇ ਪਹਿਲਾਂ ਤਰਲ ਅਤੇ ਫਿਰ ਠੋਸ ਅਵਸਥਾ ਵਿਚ ਜਾਣ ਨਾਲ, ਅਤੇ ਇਸ ਤਰ੍ਹਾਂ ਬਣੀਆਂ ਨਵੀਆਂ ਪ੍ਰਸਥਿਤੀਆਂ ਨਾਲ ਵੀ ਇਹ ਬਦਲਦੇ ਹਨ।

ਉਹ ਸਮਾਂ ਜਦੋਂ ਨਛੱਤਰ ਦਾ ਇਕ ਠੋਸ ਖੋਲ ਬਣ ਜਾਂਦਾ ਹੈ ਅਤੇ ਇਸ ਦੇ ਤਲ ਉਤੇ ਪਾਣੀ ਇਕੱਠਾ ਹੋ ਜਾਂਦਾ ਹੈ ਉਸ ਸਮੇਂ ਦੇ ਨਾਲ ਹੀ ਆਉਂਦਾ ਹੈ ਜਦੋਂ ਕੇਂਦਰੀ ਪਿੰਡੇ ਤੋਂ ਇਸ ਉਤੇ ਸੁਟੇ ਜਾ ਰਹੇ ਤਾਪ ਦੀ ਤੁਲਨਾ ਵਿਚ ਇਸ ਦਾ ਆਪਣਾ ਅੰਦਰਲਾ ਤਾਪ ਵਧ ਤੋਂ ਵਧ ਘਟਦਾ ਜਾਂਦਾ ਹੈ। ਇਸ ਦਾ ਵਾਯੂਮੰਡਲ ਉਸ ਅਰਥ ਵਿਚ ਰੁਤ-ਵਿਗਿਆਨਕ ਵਰਤਾਰਿਆਂ ਦਾ ਖੇਤਰ ਬਣ ਜਾਂਦਾ ਹੈ ਜਿਸ ਅਰਥ ਵਿਚ ਅੱਜ ਅਸੀਂ ਇਸ ਪਦ ਨੂੰ ਸਮਝਦੇ ਹਾਂ; ਇਸ ਦਾ ਤਲ ਭੂ-ਗਰਭੀ ਤਬਦੀਲੀਆਂ ਦਾ ਖੇਤਰ ਬਣ ਜਾਂਦਾ ਹੈ ਜਿਸ ਵਿਚ ਵਰ੍ਹਣ ਵਾਲੇ ਪਾਣੀ ਤੋਂ ਪੈਦਾ ਹੋਣ ਵਾਲੇ ਭੰਡਾਰ ਗਰਮ ਤਰਲ ਅੰਦਰਲੇ ਦੇ ਹੌਲੀ ਹੌਲੀ ਘਟਦੇ ਬਾਹਰੀ ਅਸਰਾਂ ਦੀ ਤੁਲਨਾ ਵਿਚ ਸਦਾ ਵਡੇਰੀ ਮਹੱਤਤਾ ਗ੍ਰਹਿਣ ਕਰਦੇ ਜਾਂਦੇ ਹਨ।

ਜੇਕਰ, ਅਖੀਰ, ਤਾਪਮਾਨ ਇਸ ਹੱਦ ਤੱਕ ਸਮ ਹੋ ਜਾਂਦਾ ਹੈ ਕਿ ਤਲ ਦੇ ਚੋਖੇ ਵੱਡੇ ਹਿੱਸੇ ਉਤੇ ਇਹ ਘਟੋ ਘਟ ਉਹ ਸੀਮਾਵਾਂ ਪਾਰ ਨਹੀਂ ਕਰਦਾ ਜਿਨ੍ਹਾਂ ਵਿਚ ਪ੍ਰੋਟੀਨ ਜੀਵਨ ਧਾਰਨ ਕਰਨ ਦੇ ਸਮਰਥ ਹੁੰਦਾ ਹੈ, ਤਾਂ ਫਿਰ, ਜੇ ਦੂਜੀਆਂ

ਰਸਾਇਣੀ ਪੂਰਵ-ਪ੍ਰਸਥਿਤੀਆਂ ਅਨੁਕੂਲ ਹੋਣ, ਜਿਉਂਦੇ ਪ੍ਰੋਟੋਪਲਾਜ਼ਮ ਦੀ ਰਚਨਾ ਹੁੰਦੀ ਹੈ। ਇਹ ਪੂਰਵ-ਪ੍ਰਸਥਿਤੀਆਂ ਕੀ ਹਨ, ਅਜੇ ਤੱਕ ਸਾਨੂੰ ਇਸ ਦਾ ਗਿਆਨ ਨਹੀਂ, ਜੋਕਿ ਹੈਰਾਨ ਕਰਨ ਵਾਲੀ ਗੱਲ ਨਹੀਂ ਕਿਉਂਕਿ ਅਜੇ ਤੱਕ ਤਾਂ ਪ੍ਰੋਟੀਨ ਦਾ ਰਸਾਇਣਕ ਸੂਤਰ ਵੀ ਸਥਾਪਤ ਨਹੀਂ ਹੋਇਆ—ਸਾਨੂੰ ਤਾਂ ਇਹ ਵੀ ਪਤਾ ਨਹੀਂ ਕਿ ਰਸਾਇਣਕ ਰੂਪ ਵਿਚ ਵੱਖ ਵੱਖ ਪ੍ਰੋਟੀਨੀ ਪਿੰਡੇ ਕਿੰਨੇ ਹਨ—ਅਤੇ ਕਿਉਂਕਿ ਕੇਵਲ ਦਸ ਸਾਲ ਹੀ ਹੋਏ ਹਨ ਜਦੋਂ ਇਸ ਤੱਥ ਦਾ ਪਤਾ ਲਗਾ ਸੀ ਕਿ ਪੂਰੀ ਤਰ੍ਹਾਂ ਸੰਰਚਨਾਹੀਣ ਪ੍ਰੋਟੀਨ ਜੀਵਨ ਦੇ ਸਾਰੇ ਬੁਨਿਆਦੀ ਕਾਰਜ ਸੰਪੂਰਨ ਕਰਦਾ ਹੈ: ਪਾਚਨ, ਮਲ-ਤਿਆਗ, ਗਤੀ, ਸੁੰਗੜਾਓ, ਉਤੇਜਨਾਵਾਂ ਵੱਲ ਪ੍ਰਤਿਕਰਮ, ਅਤੇ ਔਲਾਦ ਪੈਦਾ ਕਰਨਾ[95]।

ਸ਼ਾਇਦ ਹਜ਼ਾਰ-ਹਾ ਸਾਲ ਬੀਤਣ ਮਗਰੋਂ ਉਹ ਪ੍ਰਸਥਿਤੀਆਂ ਬਣੀਆਂ ਜਿਨ੍ਹਾਂ ਵਿਚ ਅਗਲਾ ਕਦਮ ਚੁਕਿਆ ਜਾ ਸਕਿਆ ਅਤੇ ਇਹ ਆਕਾਰ-ਰਹਿਤ ਪ੍ਰੋਟੀਨ ਕੇਂਦਰਿਕ ਅਤੇ ਝਿੱਲੀ ਦੀ ਰਚਨਾ ਕਰਕੇ ਪਹਿਲਾ ਸੈਲ ਪੈਦਾ ਕਰ ਸਕਿਆ। ਪਰ ਇਸ ਪਹਿਲੇ ਸੈਲ ਨੇ ਸਮੁਚੇ ਜੀਵਕ ਸੰਸਾਰ ਦੇ ਆਕਾਰ-ਰਚਨਾ ਵਿਕਾਸ ਦਾ ਆਧਾਰ ਵੀ ਪ੍ਰਦਾਨ ਕੀਤਾ; ਜਿਵੇਂ ਕਿ ਪਥਰਾਏ ਜੀਵਾਂ ਦੇ ਅਧਿਅਨ ਦੀ ਵਿਗਿਆਨਕ ਜਾਣਕਾਰੀ ਦੇ ਸਮੁਚੇ ਦ੍ਰਿਸ਼ਟਾਂਤ ਤੋਂ ਇਹ ਧਾਰਨਾ ਬਣਾਉਣੀ ਉਚਿਤ ਹੈ ਕਿ ਸਭ ਤੋਂ ਪਹਿਲਾਂ ਗੈਰ-ਸੈਲਮਈ ਅਤੇ ਸੈਲਮਈ ਪ੍ਰੋਟਿਸਟਾਂ ਦੀਆਂ ਅਣਗਿਣਤ ਜਾਤੀਆਂ ਦਾ ਵਿਕਾਸ ਹੋਇਆ, ਜਿਨ੍ਹਾਂ ਵਿਚੋਂ ਕੇਵਲ ਇਕ Eozoon canadense[96] ਹੀ ਸਾਡੇ ਤੱਕ ਪਹੁੰਚੀ ਹੈ, ਅਤੇ ਜਿਨ੍ਹਾਂ ਵਿਚੋਂ ਕੁਝ ਹੌਲੀ ਹੌਲੀ ਪਹਿਲੇ ਪੌਦਿਆਂ ਵਿਚ ਅਤੇ ਕੁਝ ਹੋਰ ਪਹਿਲੇ ਪਸ਼ੂਆਂ ਵਿਚ ਬਦਲ ਗਏ। ਅਤੇ ਪਹਿਲੇ ਪਸ਼ੂਆਂ ਤੋਂ ਹੀ, ਲਾਜ਼ਮੀ ਤੌਰ ਤੇ ਵਖਰੇਵੇਂ ਦੇ ਅਮਲ ਦੇ ਅੱਗੇ ਵਧਣ ਨਾਲ ਪਸ਼ੂਆਂ ਦੀਆਂ ਅਣਗਿਣਤ ਸ਼੍ਰੇਣੀਆਂ, ਉਪ-ਸ਼੍ਰੇਣੀਆਂ, ਪਰਿਵਾਰ, ਜਿਨਸਾਂ ਅਤੇ ਜਾਤੀਆਂ ਵਿਕਸਤ ਹੋਈਆਂ; ਅਤੇ ਅਖੀਰ ਕੰਗਰੋੜੀ ਜੀਵ ਪੈਦਾ ਹੋਏ, ਉਹ ਰੂਪ ਜਿਸ ਵਿਚ ਤੰਤੂ ਪ੍ਰਬੰਧ ਆਪਣਾ ਭਰਪੂਰਤਮ ਵਿਕਾਸ ਪ੍ਰਾਪਤ ਕਰਦਾ ਹੈ; ਇਹਨਾਂ ਵਿਚ ਵੀ ਅਖੀਰ ਉਹ ਕੰਗਰੋੜੀ ਜੀਵ ਵਿਕਸਤ ਹੁੰਦਾ ਹੈ ਜਿਸ ਵਿਚ ਪ੍ਰਕਿਰਤੀ ਆਪਣੀ ਚੇਤਨਤਾ ਪ੍ਰਾਪਤ ਕਰਦੀ ਹੈ—ਅਰਥਾਤ ਮਨੁਖ ਜਨਮ ਲੈਂਦਾ ਹੈ।

ਮਨੁਖ ਦਾ ਜਨਮ ਵੀ ਵਖਰੇਵੇਂ ਦੁਆਰਾ ਹੀ ਹੁੰਦਾ ਹੈ। ਕੇਵਲ ਵਿਅਕਤੀਗਤ ਰੂਪ ਵਿਚ ਹੀ ਨਹੀਂ—ਇਕ ਆਂਡਾ-ਸੈਲ ਤੋਂ ਅਤਿ ਗੁੰਝਲਦਾਰ ਜੀਵ ਜੋ ਪ੍ਰਕਿਰਤੀ ਨੇ ਪੈਦਾ ਕੀਤਾ ਹੈ ਦੇ ਵਿਕਾਸ ਤੱਕ—ਸਗੋਂ ਇਤਿਹਾਸਕ ਰੂਪ ਵਿਚ ਵੀ। ਜਦੋਂ ਹਜ਼ਾਰਾਂ ਵਰ੍ਹਿਆਂ ਦੇ ਸੰਗਰਾਮ ਤੋਂ ਮਗਰੋਂ ਅਖੀਰ ਹੱਥ ਦਾ ਪੈਰ ਤੋਂ ਵਖਰੇਵਾਂ ਹੋ ਗਿਆ, ਅਤੇ ਸਿੱਧਾ ਖੜੇ ਹੋਣ ਦੀ ਸਮਰਥਾ ਆ ਗਈ, ਤਾਂ ਮਨੁਖ ਬਾਂਦਰ ਨਾਲੋਂ ਵਖਰਾ ਹੋ ਗਿਆ ਅਤੇ ਸਪਸ਼ਟ ਬੋਲ-ਸ਼ਕਤੀ ਦੇ ਵਿਕਾਸ ਅਤੇ ਦਿਮਾਗ ਦੇ ਪ੍ਰਬਲ ਵਿਕਾਸ

ਦੀ ਨੀਂਹ ਰੱਖੀ ਗਈ ਜਿਸ ਤੋਂ ਮਗਰੋਂ ਮਨੁਖ ਤੇ ਬਾਂਦਰ ਵਿਚਲਾ ਪਾੜਾ ਅਮਿਟ ਹੋ ਗਿਆ ਹੈ। ਹੱਥ ਦਾ ਵਿਸ਼ੇਸ਼ੀਕਰਨ — ਇਸ ਦੇ ਅਰਥ ਹਨ **ਸੰਦ**, ਅਤੇ ਸੰਦ ਦਾ ਅਰਥ ਹੈ ਵਿਸ਼ੇਸ਼ ਮਨੁਖੀ ਸਰਗਰਮੀ, ਪ੍ਰਕਿਰਤੀ ਉਤੇ ਮਨੁਖ ਦਾ ਰੂਪਾਂਤਰਕਾਰੀ ਪ੍ਰਤਿਕਰਮ, ਉਤਪਾਦਨ। ਸੌੜੇਰੇ ਅਰਥ ਵਿਚ ਪਸ਼ੂਆਂ ਕੋਲ ਵੀ ਸੰਦ ਹੁੰਦੇ ਹਨ, ਪਰ ਕੇਵਲ ਉਹਨਾਂ ਦੇ ਸਰੀਰਾਂ ਦੇ ਅੰਗਾਂ ਦੇ ਰੂਪ ਵਿਚ ਹੀ: ਕੀੜੀ, ਸ਼ਹਿਦ ਦੀ ਮੱਖੀ, ਊਦ-ਬਿਲਾ; ਪਸ਼ੂ ਵੀ ਉਤਪਾਦਨ ਕਰਦੇ ਹਨ, ਪਰ ਆਲੇ ਦੁਆਲੇ ਦੀ ਪ੍ਰਕਿਰਤੀ ਉਤੇ, ਪ੍ਰਕਿਰਤੀ ਦੇ ਸੰਬੰਧ ਵਿਚ, ਉਹਨਾਂ ਦਾ ਉਤਪਾਦਕ ਪ੍ਰਭਾਵ ਉੱਕਾ ਹੀ ਨਾ ਹੋਣ ਦੇ ਬਰਾਬਰ ਹੁੰਦਾ ਹੈ। ਇਕੱਲਾ ਮਨੁਖ ਹੀ ਪ੍ਰਕਿਰਤੀ ਉਤੇ ਆਪਣੀ ਮੋਹਰ-ਛਾਪ ਲਾਉਣ ਵਿਚ ਸਫਲ ਹੋਇਆ ਹੈ, ਕੇਵਲ ਪੌਦਿਆਂ ਅਤੇ ਪਸ਼ੂਆਂ ਦੀਆਂ ਜਾਤੀਆਂ ਨੂੰ ਇਕ ਥਾਂ ਤੋਂ ਦੂਜੀ ਥਾਂ ਲਿਜਾ ਕੇ ਹੀ ਨਹੀਂ, ਸਗੋਂ ਆਪਣੇ ਨਿਵਾਸ-ਸਥਾਨ ਦਾ ਰੂਪ ਅਤੇ ਜਲਵਾਯੂ, ਅਤੇ ਖੁਦ ਪੌਦਿਆਂ ਤੇ ਪਸ਼ੂਆਂ ਨੂੰ ਵੀ ਇਸ ਤਰ੍ਹਾਂ ਬਦਲਿਆ ਹੈ ਕਿ ਉਸ ਦੀ ਸਰਗਰਮੀ ਦੇ ਸਿੱਟੇ ਕੇਵਲ ਭੂਮੰਡਲ ਦੇ ਵਿਆਪਕ ਵਿਨਾਸ਼ ਨਾਲ ਹੀ ਲੋਪ ਹੋ ਸਕਦੇ ਹਨ। ਅਤੇ ਉਸ ਨੇ ਇਹ ਕੰਮ ਪ੍ਰਮੁਖ ਰੂਪ ਵਿਚ ਅਤੇ ਬੁਨਿਆਦੀ ਤੌਰ ਤੇ **ਹੱਥ** ਨਾਲ ਨੇਪਰੇ ਚਾੜ੍ਹਿਆ ਹੈ। ਇਥੋਂ ਤੱਕ ਕਿ ਭਾਫ ਦਾ ਇੰਜਨ ਵੀ, ਜੋ ਹੁਣ ਤੱਕ ਪ੍ਰਕਿਰਤੀ ਦੀ ਕਾਇਆ-ਕਲਪ ਲਈ ਉਸ ਦਾ ਅਤਿ-ਸ਼ਕਤੀਸ਼ਾਲੀ ਸੰਦ ਹੈ, ਅੰਤਮ ਵਿਸ਼ਲੇਸ਼ਣ ਵਿਚ, ਕਿਉਂਕਿ ਇਹ ਇਕ ਸੰਦ ਹੈ, ਹੱਥ ਉਤੇ ਨਿਰਭਰ ਕਰਦਾ ਹੈ। ਪਰ ਹੱਥ ਦੇ ਵਿਕਾਸ ਨਾਲ ਪੈਰੋ ਪੈਰ ਦਿਮਾਗ ਦਾ ਵਿਕਾਸ ਵੀ ਹੋਇਆ: ਸਭ ਤੋਂ ਪਹਿਲਾਂ ਵਖਰੇ ਵਿਹਾਰਕ ਰੂਪ ਵਿਚ ਲਾਭਦਾਇਕ ਅਮਲਾਂ ਲਈ ਪ੍ਰਸਥਿਤੀਆਂ ਦੀ ਚੇਤਨਤਾ ਆਈ, ਅਤੇ ਮਗਰੋਂ, ਵਧੇਰੇ ਅਨੁਕੂਲ ਸਥਿਤੀਆਂ ਵਿਚ ਰਹਿੰਦੀਆਂ ਜਾਤੀਆਂ ਵਿਚ ਉਸ ਚੇਤਨਤਾ ਵਿਚੋਂ ਪੈਦਾ ਹੋਣ ਵਾਲੀ, ਇਹਨਾਂ ਨੂੰ ਚਲਾਉਣ ਵਾਲੇ ਪ੍ਰਾਕਿਰਤਕ ਨੇਮਾਂ ਦੀ ਅੰਤਰ-ਸੂਝ ਪ੍ਰਾਪਤ ਹੋਈ। ਅਤੇ ਪ੍ਰਕਿਰਤੀ ਦੇ ਨੇਮਾਂ ਦੇ ਤੇਜ਼ੀ ਨਾਲ ਵਧ ਰਹੇ ਗਿਆਨ ਨਾਲ ਪ੍ਰਕਿਰਤੀ ਉਤੇ ਪ੍ਰਤਿਕਰਮ ਲਈ ਸਾਧਨ ਵੀ ਵਧੇ; ਇੱਕਲੇ ਹੱਥ ਨੂੰ ਭਾਫ ਦੇ ਇੰਜਨ ਦੀ ਪ੍ਰਾਪਤੀ ਕਦੇ ਨਾ ਹੁੰਦੀ ਜੇ, ਹੱਥ ਦੇ ਨਾਲ ਅਤੇ ਸਮਾਨਾਂਤਰ, ਅਤੇ ਭਾਗਸਮ ਰੂਪ ਵਿਚ ਇਸ ਦੀ ਬਦੌਲਤ, ਮਨੁਖ ਦਾ ਦਿਮਾਗ਼ ਵੀ ਅਨੁਸਾਰੀ ਰੂਪ ਵਿਚ ਵਿਕਸਤ ਨਾ ਹੁੰਦਾ।

ਮਨੁਖ ਨਾਲ ਅਸੀਂ **ਇਤਿਹਾਸ** ਵਿਚ ਪ੍ਰਵੇਸ਼ ਕਰਦੇ ਹਾਂ। ਪਸ਼ੂਆਂ ਦਾ ਵੀ ਇਤਿਹਾਸ ਹੈ, ਉਹਨਾਂ ਦੀ ਉਤਪਤੀ ਦਾ ਅਤੇ ਸਹਿਜੇ ਸਹਿਜੇ ਕ੍ਰਮ-ਵਿਕਾਸ ਨਾਲ ਉਹਨਾਂ ਦੀ ਵਰਤਮਾਨ ਅਵਸਥਾ ਤੱਕ ਪਹੁੰਚਣ ਦਾ ਇਤਿਹਾਸ। ਪਰੰਤੂ, ਇਹ ਇਤਿਹਾਸ ਉਹਨਾਂ ਲਈ ਬਣਾਇਆ ਗਿਆ ਹੈ, ਅਤੇ ਜਿਸ ਹੱਦ ਤੱਕ ਉਹ ਆਪ ਇਸ ਵਿਚ ਹਿੱਸਾ ਲੈਂਦੇ ਹਨ, ਇਹ ਉਹਨਾਂ ਦੇ ਗਿਆਨ ਤੇ ਉਹਨਾਂ ਦੀ ਇੱਛਾ

ਤੋਂ ਬਿਨਾਂ ਹੀ ਹੁੰਦਾ ਹੈ। ਦੂਜੇ ਪਾਸੇ, ਮਨੁਖਜਾਤੀ ਪਸ਼ੂਆਂ ਤੋਂ, ਇਸ ਸ਼ਬਦ ਦੇ ਸੌੜੇਰੇ ਅਰਥ ਵਿਚ, ਜਿੰਨੀ ਵਧੇਰੇ ਦੂਰ ਹੁੰਦੀ ਜਾਂਦੀ ਹੈ, ਓਨਾ ਹੀ ਵਧੇਰੇ ਉਹ ਆਪਣਾ ਇਤਿਹਾਸ, ਆਪ, ਚੇਤੰਨ ਰੂਪ ਵਿਚ ਸਿਰਜਦੀ ਹੈ, ਅਚਿੰਤੇ ਅਸਰਾਂ ਅਤੇ ਬੇਕਾਬੂ ਸ਼ਕਤੀਆਂ ਦਾ ਇਸ ਇਤਿਹਾਸ ਉਤੇ ਪ੍ਰਭਾਵ ਓਨਾ ਹੀ ਘਟ ਹੁੰਦਾ ਹੈ ਅਤੇ ਓਨਾ ਹੀ ਵਧੇਰੇ ਠੀਕ ਠੀਕ ਪਹਿਲਾਂ ਤੋਂ ਮਿਥੇ ਗਏ ਉਦੇਸ਼ ਦੇ ਅਨੁਸਾਰੀ ਇਤਿਹਾਸਕ ਸਿੱਟਾ ਨਿਕਲਦਾ ਹੈ। ਪਰੰਤੂ, ਜੇ ਅਸੀਂ ਇਸ ਮਾਪ ਨੂੰ ਮਨੁਖੀ ਇਤਿਹਾਸ ਉਤੇ, ਅਜੋਕੀਆਂ ਅਤਿਅੰਤ ਵਿਕਸਤ ਜਾਤੀਆਂ ਦੇ ਇਤਿਹਾਸ ਉਤੇ ਵੀ, ਲਾਗੂ ਕਰੀਏ, ਤਾਂ ਅਸੀਂ ਵੇਖਦੇ ਹਾਂ ਕਿ ਇਹਨਾਂ ਪ੍ਰਸਤਾਵਤ ਉਦੇਸ਼ਾਂ ਅਤੇ ਪ੍ਰਾਪਤ ਸਿੱਟਿਆਂ ਵਿਚਕਾਰ ਅਜੇ ਵੀ ਵਿਰਾਟ ਅਸਮਤੋਲ ਹੈ, ਕਿ ਅਚਿੰਤੇ ਅਸਰਾਂ ਦੀ ਪ੍ਰਬਲਤਾ ਹੈ, ਅਤੇ ਬੇਕਾਬੂ ਸ਼ਕਤੀਆਂ ਉਹਨਾਂ ਸ਼ਕਤੀਆਂ ਨਾਲੋਂ ਕਿਤੇ ਵਧੇਰੇ ਬਲਵਾਨ ਹਨ ਜਿਨ੍ਹਾਂ ਨੂੰ ਯੋਜਨਾ ਅਨੁਸਾਰ ਹਰਕਤ ਵਿਚ ਲਿਆਂਦਾ ਗਿਆ ਹੈ। ਅਤੇ ਓਦੋਂ ਤੱਕ ਹੋਰ ਕੁਝ ਹੋ ਵੀ ਨਹੀਂ ਸਕਦਾ ਜਦੋਂ ਤੱਕ ਮਨੁਖਾਂ ਦੀ ਅਤਿਅੰਤ ਬੁਨਿਆਦੀ ਇਤਿਹਾਸਕ ਸਰਗਰਮੀ, ਉਹ ਸਰਗਰਮੀ ਜਿਸ ਨੇ ਉਹਨਾਂ ਨੂੰ ਪਸ਼ੂ ਤੋਂ ਮਨੁਖ ਦੀ ਅਵਸਥਾ ਤੱਕ ਪਹੁੰਚਾਇਆ ਹੈ ਅਤੇ ਜਿਹੜੀ ਉਹਨਾਂ ਦੀਆਂ ਸਾਰੀਆਂ ਦੂਜੀਆਂ ਸਰਗਰਮੀਆਂ ਦੀ ਪਦਾਰਥਕ ਬੁਨਿਆਦ ਹੈ, ਅਰਥਾਤ, ਉਹਨਾਂ ਦੀਆਂ ਜੀਵਨ ਲੋੜਾਂ ਦਾ ਉਤਪਾਦਨ, ਅਰਥਾਤ, ਸਾਡੇ ਜੁਗ ਵਿਚ ਸਮਾਜਕ ਉਤਪਾਦਨ, ਸਭ ਤੋਂ ਪਹਿਲਾਂ ਬੇਕਾਬੂ ਸ਼ਕਤੀਆਂ ਦੇ ਅਣਚਿਤਵੇ ਅਸਰਾਂ ਦੇ ਪ੍ਰਸਪਰ-ਪ੍ਰਭਾਵ ਅਧੀਨ ਹੈ ਅਤੇ ਆਪਣੇ ਇੱਛਤ ਉਦੇਸ਼ ਦੀ ਪ੍ਰਾਪਤੀ ਕੇਵਲ ਇਕ ਛੋਟ ਦੇ ਤੌਰ ਤੇ ਹੀ ਕਰਦਾ ਹੈ, ਪਰ ਬਹੁਤੀ ਵਾਰੀ ਤਾਂ ਇਛੱਤ ਉਦੇਸ਼ ਦੇ ਐਨ ਉਲਟ ਸਿੱਟੇ ਪ੍ਰਾਪਤ ਹੁੰਦੇ ਹਨ। ਅਤਿ ਉੱਨਤ ਸਨਅਤੀ ਦੇਸਾਂ ਵਿਚ ਅਸੀਂ ਪ੍ਰਕਿਰਤੀ ਦੀਆਂ ਸ਼ਕਤੀਆਂ ਨੂੰ ਵਸ ਵਿਚ ਕਰ ਲਿਆ ਹੈ ਅਤੇ ਉਹਨਾਂ ਨੂੰ ਮਨੁਖਤਾ ਦੀ ਸੇਵਾ ਵਿਚ ਲਾਇਆ ਹੈ; ਇਸ ਤਰ੍ਹਾਂ ਕਰਕੇ ਅਸੀਂ ਉਤਪਾਦਨ ਵਿਚ ਅਸੀਮ ਵਾਧਾ ਕਰ ਲਿਆ ਹੈ, ਤੇ ਅੱਜ ਇਕ ਬੱਚਾ ਵੀ ਉਸ ਤੋਂ ਵਧ ਉਤਪਾਦਨ ਕਰਦਾ ਹੈ ਜਿੱਨਾਂ ਪਹਿਲਾਂ ਸੌ ਬਾਲਗ ਕਰਦੇ ਸਨ। ਨਤੀਜਾ ਕੀ ਨਿਕਲਿਆ ਹੈ? ਵਧ ਰਿਹਾ ਅਤਿ-ਕੰਮ ਅਤੇ ਜਨਸਮੂਹ ਦਾ ਵਧ ਰਿਹਾ ਦੁਖ, ਅਤੇ ਹਰ ਦਸਾਂ ਸਾਲਾਂ ਮਗਰੋਂ ਇਕ ਵੱਡਾ ਨਿਘਾਰ। ਡਾਰਵਿਨ ਨੂੰ ਇਹ ਪਤਾ ਨਹੀਂ ਸੀ ਕਿ ਉਸ ਨੇ ਮਨੁਖਤਾ ਉਤੇ, ਅਤੇ ਖਾਸ ਕਰਕੇ ਆਪਣੇ ਦੇਸਵਾਸੀਆਂ ਉਤੇ ਕਿੱਨਾ ਸਖ਼ਤ ਵਿਅੰਗ ਲਿਖਿਆ ਸੀ, ਜਦੋਂ ਉਸ ਨੇ ਦਰਸਾਇਆ ਸੀ ਕਿ ਆਜ਼ਾਦ ਮੁਕਾਬਲਾ, ਹੋਂਦ ਲਈ ਸੰਗਰਾਮ, ਜਿਸ ਨੂੰ ਸਾਡੇ ਅਰਥ-ਸ਼ਾਸਤ੍ਰੀ ਸਭ ਤੋਂ ਵਡੀ ਇਤਿਹਾਸਕ ਪ੍ਰਾਪਤੀ ਕਹਿ ਕੇ ਵਡਿਆਉਂਦੇ ਹਨ, ਪਸ਼ੂ ਜਗਤ ਦੀ ਸਾਧਾਰਨ ਅਵਸਥਾ ਹੈ। ਸਮਾਜਕ ਉਤਪਾਦਨ ਦਾ ਕੇਵਲ ਚੇਤੰਨ ਸੰਗਠਨ ਹੀ, ਜਿਸ ਵਿਚ ਉਤਪਾਦਨ ਅਤੇ ਵਡਾਰਾ ਯੋਜਨਾਬਧ ਤਰੀਕੇ ਨਾਲ ਹੁੰਦਾ ਹੈ, ਮਨੁਖਜਾਤੀ ਨੂੰ ਬਾਕੀ ਪਸ਼ੂ ਜਗਤ ਨਾਲੋਂ

ਸਮਾਜਕ ਪਖੋਂ ਉੱਚਾ ਚੁਕ ਸਕਦਾ ਹੈ, ਉਸੇ ਤਰੀਕੇ ਨਾਲ ਜਿਸ ਨਾਲ ਵਿਆਪਕ ਰੂਪ ਵਿਚ ਉਤਪਾਦਨ ਨੇ ਵਿਸ਼ੇਸ਼ ਕਰਕੇ ਜੀਵ-ਵਿਗਿਆਨਕ ਪਖੋਂ ਮਨੁਖਜਾਤੀ ਨੂੰ ਉੱਚਾ ਉਠਾਇਆ ਹੈ। ਇਤਿਹਾਸਕ ਕ੍ਰਮ-ਵਿਕਾਸ ਅਜਿਹੇ ਸੰਗਠਨ ਨੂੰ ਹਰ ਰੋਜ਼ ਵਧੇਰੇ ਜ਼ਰੂਰੀ ਬਣਾ ਰਿਹਾ ਹੈ, ਅਤੇ ਨਾਲ ਹੀ ਹਰ ਰੋਜ਼ ਵਧੇਰੇ ਸੰਭਵ ਵੀ। ਇਹਦੇ ਨਾਲ ਇਤਿਹਾਸ ਦਾ ਇਕ ਨਵਾਂ ਜੁਗ ਆਰੰਭ ਹੋਵੇਗਾ, ਜਿਸ ਵਿਚ ਖੁਦ ਮਨੁਖਜਾਤੀ, ਅਤੇ ਮਨੁਖਜਾਤੀ ਦੇ ਨਾਲ ਹੀ ਇਸ ਦੀ ਸਰਗਰਮੀ ਦੀਆਂ ਸਾਰੀਆਂ ਸਾਖ਼ਾਵਾਂ, ਅਤੇ ਖਾਸ ਕਰਕੇ ਪ੍ਰਾਕਿਰਤਕ ਵਿਗਿਆਨ, ਦੀ ਏਨੀ ਵੱਡੀ ਉੱਨਤੀ ਹੋਵੇਗੀ ਜਿਸ ਅੱਗੇ ਇਸ ਤੋਂ ਪਹਿਲਾਂ ਦੀ ਹਰ ਪ੍ਰਾਪਤੀ ਅਤਿ ਡੂੰਘੇ ਹਨੇਰੇ ਵਿਚ ਚਲੀ ਜਾਏਗੀ।

ਇਸ ਦੇ ਬਾਵਜੂਦ "ਜੋ ਹੋਂਦ ਵਿਚ ਆਉਂਦਾ ਹੈ ਉਹ ਵਿਨਾਸ਼ ਦਾ ਅਧਿਕਾਰੀ ਹੈ।"* ਸ਼ਾਇਦ ਕਰੋੜਾਂ ਵਰ੍ਹੇ ਬੀਤ ਜਾਣ, ਲੱਖਾਂ ਪੀੜ੍ਹੀਆਂ ਜੰਮਣ ਅਤੇ ਮਰਨ ਪਰ ਹਰ ਹਾਲਤ ਵਿਚ ਉਹ ਸਮਾਂ ਆਏਗਾ ਜਦੋਂ ਸੂਰਜ ਦੀ ਘਟਦੀ ਜਾਂਦੀ ਗਰਮੀ ਧਰੁਵਾਂ ਵਲੋਂ ਧੁਸ ਦੇ ਕੇ ਵਧਦੀ ਆਉਂਦੀ ਬਰਫ ਨੂੰ ਪੰਘਾਰਨ ਲਈ ਕਾਫੀ ਨਹੀਂ ਹੋਵੇਗੀ; ਜਦੋਂ ਮਨੁਖਜਾਤੀ, ਜਿਹੜੀ ਵਧੇਰੇ ਤੋਂ ਵਧੇਰੇ ਭੂ-ਮਧ-ਰੇਖਾ ਤੇ ਇਕੱਠੀ ਹੋ ਰਹੀ ਹੋਵੇਗੀ, ਅਖੀਰ ਉਥੇ ਵੀ ਜੀਵਨ ਲਈ ਚੋਖਾ ਤਾਪ ਪ੍ਰਾਪਤ ਨਹੀਂ ਕਰ ਸਕੇਗੀ; ਜਦੋਂ ਹੌਲੀ ਹੌਲੀ ਜੀਵਕ ਜੀਵਨ ਦਾ ਆਖਰੀ ਨਿਸ਼ਾਨ ਵੀ ਮਿਟ ਜਾਏਗਾ; ਅਤੇ ਧਰਤੀ, ਚੰਦ ਵਾਂਗ ਬੁਝਿਆ ਯਖ਼ ਹੋਇਆ ਗੋਲਾ, ਅਤਿ ਡੂੰਘੇ ਹਨੇਰੇ ਵਿਚ ਅਤੇ ਓਨੇ ਹੀ ਬੁਝੇ ਹੋਏ ਸੂਰਜ ਦੁਆਲੇ ਸਦਾ ਵਧੇਰੇ ਸੌੜੇਰੇ ਪ੍ਰਕਰਮਾਪੰਧ ਵਿਚ ਚਕਰ ਲਾਏਗੀ, ਅਤੇ ਅਖੀਰ ਇਕ ਦਿਨ ਉਸ ਵਿਚ ਜਾ ਡਿੱਗੇਗੀ। ਕੁਝ ਨਛੱਤਰਾਂ ਨਾਲ ਇਸ ਤੋਂ ਪਹਿਲਾਂ ਇਹ ਵਾਪਰ ਗਿਆ ਹੋਵੇਗਾ, ਕੁਝ ਨਾਲ ਇਸ ਤੋਂ ਪਿਛੋਂ ਵਾਪਰੇਗਾ; ਆਪਣੇ ਮੈਂਬਰਾਂ ਦੀ ਇਕਸੁਰ ਤਰਤੀਬ ਵਾਲੇ, ਉਜਲੇ, ਨਿਘੇ ਸੂਰਜੀ ਪਰਵਾਰ ਦੀ ਥਾਂ, ਕੇਵਲ ਇਕ ਠੰਡਾ, ਮੁਰਦਾ ਗੋਲਾ ਹੀ ਬ੍ਰਹਿਮੰਡੀ ਪੁਲਾੜ ਵਿਚ ਆਪਣੇ ਸੁੰਞੇ ਰਾਹ ਉਤੇ ਘੁੰਮਦਾ ਰਹਿ ਜਾਏਗਾ। ਅਤੇ ਜੋ ਕੁਝ ਸਾਡੇ ਸੂਰਜੀ ਪਰਵਾਰ ਨਾਲ ਹੋਵੇਗਾ ਉਹੋ ਕੁਝ ਸਾਡੇ ਦੀਪ ਬ੍ਰਹਿਮੰਡ ਦੇ ਦੂਜੇ ਸਾਰੇ ਪਰਵਾਰਾਂ ਨਾਲ ਅਵੇਰੇ ਜਾਂ ਸਵੇਰੇ ਵਾਪਰੇਗਾ; ਦੂਜੇ ਅਣਗਿਣਤ ਟਾਪੂ ਬ੍ਰਹਿਮੰਡਾਂ ਨਾਲ ਵੀ ਇਹੋ ਕੁਝ ਵਾਪਰੇਗਾ; ਉਹਨਾਂ ਨਾਲ ਵੀ ਜਿਨ੍ਹਾਂ ਦਾ ਚਾਨਣ ਇਸ ਨੂੰ ਜੀ ਆਇਆਂ ਕਹਿਣ ਲਈ ਇਕ ਵੀ ਜੀਵੰਤ ਮਨੁਖੀ ਅੱਖ ਦੇ ਹੁੰਦਿਆਂ ਧਰਤੀ ਤੱਕ ਨਹੀਂ ਪਹੁੰਚ ਸਕੇਗਾ।

ਅਤੇ ਜਦੋਂ ਅਜਿਹਾ ਸੂਰਜੀ ਪਰਵਾਰ ਆਪਣਾ ਜੀਵਨ ਇਤਿਹਾਸ ਮੁਕੰਮਲ ਕਰ ਲਵੇਗਾ ਅਤੇ ਜੋ ਕੁਝ ਸਭ ਦੀ ਨਿਸਚਿਤ ਹੋਣੀ, ਮੌਤ, ਹੈ—ਉਸ ਦਾ ਸ਼ਿਕਾਰ ਹੋ

---

*ਗੋਇਥੇ ਦੀ ਰਚਨਾ "ਫਾਊਸਟ" ਦੇ ਪਾਤਰ ਮੈਫਿਸਟਾਫਲੀਜ਼ ਦੇ ਸ਼ਬਦ (ਭਾਗ I, ਝਾਕੀ III)।—ਸੰਪਾ:

ਜਾਏਗਾ, ਫਿਰ ਕੀ ਹੋਵੇਗਾ? ਕੀ ਸੂਰਜ ਦੀ ਲੋਥ ਸਦੀਵ ਕਾਲ ਤੱਕ ਅਸੀਮ ਪੁਲਾੜ ਵਿਚ ਚੱਕਰ ਕਟਦੀ ਰਹੇਗੀ, ਅਤੇ ਇਕ ਵਾਰ ਅਸੀਮ ਤੌਰ ਤੇ ਵੱਖ ਵੱਖ ਰੂਪਾਂ ਵਿਚ ਵਖਰਿਆਈਆਂ ਪ੍ਰਾਕਿਰਤਕ ਸ਼ਕਤੀਆਂ ਸਦਾ ਲਈ ਗਤੀ ਦੇ ਇਕ ਰੂਪ, ਖਿੱਚ ਵਿਚ ਬਦਲ ਜਾਣਗੀਆਂ?

> "ਜਾਂ"—ਜਿਵੇਂ ਸੇਕੀ ਪੁਛਦਾ ਹੈ (ਪੰਨਾ ੮੧੦)—"ਕੀ ਪ੍ਰਕਿਰਤੀ ਵਿਚ ਅਜਿਹੀਆਂ ਸ਼ਕਤੀਆਂ ਹਨ ਜੋ ਮੁਰਦਾ ਪਰਵਾਰ ਨੂੰ ਭਖਦੇ ਧੁੰਦੂਕਾਰ ਦੀ ਇਸ ਦੀ ਮੂਲ ਅਵਸਥਾ ਵਿਚ ਤਬਦੀਲ ਕਰ ਸਕਦੀਆਂ ਅਤੇ ਇਸ ਵਿਚ ਨਵਾਂ ਜੀਵਨ ਪੈਦਾ ਕਰ ਸਕਦੀਆਂ ਹਨ? ਸਾਨੂੰ ਪਤਾ ਨਹੀਂ।"[97]

ਨਿਰਸੰਦੇਹ, ਸਾਨੂੰ ਇਸ ਗੱਲ ਦਾ ਉਸ ਅਰਥ ਵਿਚ ਪਤਾ ਨਹੀਂ ਜਿਸ ਅਰਥ ਵਿਚ ਇਹ ਪਤਾ ਹੈ ਕਿ ੨×੨=੪ ਹੁੰਦਾ ਹੈ, ਜਾਂ ਇਹ ਕਿ ਪਦਾਰਥ ਦੀ ਖਿੱਚ ਦੂਰੀ ਦੇ ਵਰਗ ਅਨੁਸਾਰ ਵਧਦੀ ਅਤੇ ਘਟਦੀ ਹੈ। ਪਰੰਤੂ, ਪ੍ਰਾਕਿਰਤਕ ਵਿਗਿਆਨ ਦੇ ਸਿਧਾਂਤਕ ਰੂਪ ਵਿਚ, ਜਿਹੜਾ ਜਿਥੋਂ ਤੱਕ ਸੰਭਵ ਹੈ ਪ੍ਰਕਿਰਤੀ ਬਾਰੇ ਆਪਣੇ ਦ੍ਰਿਸ਼ਟੀਕੋਣ ਨੂੰ ਇਕਸੁਰ ਸਮੁਚਤਾ ਵਿਚ ਉਸਾਰਦਾ ਹੈ, ਅਤੇ ਜਿਸ ਤੋਂ ਬਿਨਾਂ ਅਜਕਲ ਅਤਿ ਦਰਜੇ ਦਾ ਚਿੰਤਨਹੀਣ ਅਨੁਭਵਵਾਦੀ ਵੀ ਕਿਤੇ ਪਹੁੰਚ ਨਹੀਂ ਸਕਦਾ, ਸਾਨੂੰ ਅਕਸਰ ਅਧੂਰੇ ਰੂਪ ਵਿਚ ਗਿਆਤ ਪਰਿਮਾਣਾਂ ਨਾਲ ਅਨੁਮਾਨ ਲਾਉਣਾ ਪੈਂਦਾ ਹੈ, ਅਤੇ ਚਿੰਤਨ ਦੀ ਇਕਸਾਰਤਾ ਹਮੇਸ਼ਾ ਹੀ ਅਪੂਰਨ ਗਿਆਨ ਦੀ ਘਾਟ ਪੂਰੀ ਕਰਨ ਵਿਚ ਸਹਾਇਤਾ ਕਰਦੀ ਹੈ। ਆਧੁਨਿਕ ਪ੍ਰਕਿਰਤਕ ਵਿਗਿਆਨ ਨੂੰ ਦਰਸ਼ਨ ਕੋਲੋਂ ਗਤੀ ਦੀ ਅਵਿਨਾਸ਼ਤਾ ਦਾ ਸਿਧਾਂਤ ਲੈਣਾ ਪਿਆ ਹੈ; ਇਸ ਸਿਧਾਂਤ ਬਿਨਾਂ ਹੁਣ ਇਹ ਜਿਊਂਦਾ ਨਹੀਂ ਰਹਿ ਸਕਦਾ। ਪਰ ਪਦਾਰਥ ਦੀ ਗਤੀ ਕੇਵਲ ਭਦੀ ਯਾਂਤ੍ਰਿਕ ਗਤੀ, ਮਹਿਜ਼ ਸਥਾਨ ਦੀ ਤਬਦੀਲੀ ਹੀ ਨਹੀਂ, ਇਹ ਤਾਪ ਅਤੇ ਚਾਨਣ, ਬਿਜਲਈ ਅਤੇ ਚੁੰਬਕੀ ਤਣਾਓ, ਰਸਾਇਣੀ ਜੋਗਕ ਅਤੇ ਵਿਘਟਨ ਹੈ, ਜੀਵਨ, ਅਤੇ ਅਖੀਰ ਵਿਚ, ਚੇਤਨਤਾ ਹੈ। ਇਹ ਕਹਿਣਾ ਕਿ ਪਦਾਰਥ ਨੇ ਆਪਣੀ ਹੋਂਦ ਦੇ ਸਮੁਚੇ ਅਸੀਮ ਕਾਲ ਦੌਰਾਨ ਕੇਵਲ ਇਕ ਵਾਰ, ਅਤੇ ਉਹ ਵੀ ਆਪਣੀ ਸਦੀਵਤਾ ਦੀ ਤੁਲਨਾ ਵਿਚ ਅਤਿਅੰਤ ਨਿਗੂਣੇ ਰੂਪ ਵਿਚ ਸੰਖੇਪ ਕਾਲ ਲਈ, ਆਪਣੀ ਗਤੀ ਨੂੰ ਵਖਰਿਆਉਣ ਦੇ ਅਤੇ ਇਸ ਤਰ੍ਹਾਂ ਇਸ ਗਤੀ ਦੀ ਸਮੁਚੀ ਦੌਲਤ ਨੂੰ ਪ੍ਰਗਟ ਕਰਨ ਦੇ ਸਮਰਥ ਵੇਖਿਆ ਹੈ, ਅਤੇ ਇਹ ਕਹਿਣਾ ਕਿ ਇਸ ਤੋਂ ਪਹਿਲਾਂ ਤੇ ਪਿਛੋਂ ਇਹ ਸਦਾ ਲਈ ਕੇਵਲ ਥਾਂ ਬਦਲਣ ਤੱਕ ਹੀ ਸੀਮਤ ਰਹਿੰਦਾ ਹੈ—ਅਸਲ ਵਿਚ ਇਹ ਕਹਿਣ ਦੇ ਬਰਾਬਰ ਹੈ ਕਿ ਪਦਾਰਥ ਨਾਸ਼ਮਾਨ ਅਤੇ ਗਤੀ ਛਿਣਭੰਗਰੀ ਹੈ। ਗਤੀ

ਦੇ ਅਵਿਨਾਸ਼ੀ ਹੋਣ ਦੀ ਕਲਪਨਾ ਕੇਵਲ ਗਿਣਾਤਮਕ ਤੌਰ ਤੇ ਹੀ ਨਹੀਂ ਕੀਤੀ ਜਾ ਸਕਦੀ, ਇਸ ਦੀ ਗੁਣਾਤਮਕ ਤੌਰ ਤੇ ਵੀ ਕਲਪਨਾ ਕਰਨੀ ਚਾਹੀਦੀ ਹੈ; ਜਿਸ ਪਦਾਰਥ ਦੇ ਖਾਲਸ ਯਾਂਤ੍ਰਿਕ ਸਥਾਨ ਪਰਿਵਰਤਨ ਵਿਚ ਅਨੁਕੂਲ ਪ੍ਰਸਥਿਤੀਆਂ ਅਧੀਨ ਤਾਪ, ਬਿਜਲੀ, ਰਸਾਇਣੀ ਅਮਲ, ਜੀਵਨ ਵਿਚ ਰੂਪਾਂਤ੍ਰਿਤ ਹੋਣ ਦੀ ਸੰਭਾਵਨਾ ਸ਼ਾਮਲ ਹੈ, ਪਰ ਜਿਹੜਾ ਆਪਣੇ ਅੰਦਰੋਂ ਹੀ ਇਹ ਪ੍ਰਸਥਿਤੀਆਂ ਪੈਦਾ ਕਰਨ ਦੇ ਸਮਰਥ ਨਹੀਂ, ਉਹ ਪਦਾਰਥ **ਆਪਣੀ ਕੁਝ ਗਤੀ ਤੋਂ ਵਿਰਵਾ ਹੋ ਚੁਕਾ ਹੈ**; ਉਸ ਗਤੀ ਵਿਚ, ਜਿਹੜੀ ਆਪਣੇ ਲਈ ਢੁਕਵੇਂ ਭਿੰਨ ਭਿੰਨ ਰੂਪਾਂ ਵਿਚ ਰੂਪਾਂਤ੍ਰਿਤ ਹੋਣ ਦੀ ਸਮਰਥਾ ਗੁਆ ਬੈਠੀ ਹੈ, ਸ਼ਾਇਦ ਹਾਲੇ ਵੀ dynamis* ਹੋ ਸਕਦੀ ਹੈ ਪਰ energeia** ਉਸ ਵਿਚ ਨਹੀਂ ਰਹੀ, ਅਤੇ ਇਸ ਲਈ ਉਹ ਭਾਗਸਮ ਰੂਪ ਵਿਚ ਤਬਾਹ ਹੋ ਚੁਕੀ ਹੈ। ਪਰ ਇਹਨਾਂ ਦੋਹਾਂ ਦੀ ਹੀ ਕਲਪਨਾ ਨਹੀਂ ਕੀਤੀ ਜਾ ਸਕਦੀ।

ਇਹ ਗੱਲ ਤਾਂ ਨਿਸਚਿਤ ਹੈ: ਇਕ ਵੇਲਾ ਸੀ ਜਦੋਂ ਸਾਡੇ ਦੀਪ ਬ੍ਰਹਿਮੰਡ ਨੇ ਪਦਾਰਥ ਨੂੰ ਗਤੀ ਦੀ—ਇਹ ਕਿਸ ਕਿਸਮ ਦੀ ਸੀ ਸਾਨੂੰ ਪਤਾ ਨਹੀਂ—ਏਨੀ ਵੱਡੀ ਮਾਤਰਾ ਨੂੰ ਤਾਪ ਵਿਚ ਰੂਪਾਂਤ੍ਰਿਤ ਕੀਤਾ ਕਿ ਇਸ ਤੋਂ ਸੂਰਜੀ ਪਰਵਾਰ ਵਿਕਸਤ ਹੋ ਗਏ ਜਿਨ੍ਹਾਂ ਵਿਚ (ਮੈਡਲਰ ਅਨੁਸਾਰ) ਘਟੋ ਘਟ ਦੋ ਕਰੋੜ ਸਿਤਾਰੇ ਹਨ, ਜਿਨ੍ਹਾਂ ਦਾ ਹੌਲੀ ਹੌਲੀ ਬੁਝਣਾ ਵੀ ਇਸੇ ਤਰ੍ਹਾਂ ਨਿਸਚਿਤ ਹੈ। ਇਹ ਰੂਪਾਂਤ੍ਰਣ ਕਿਸ ਤਰ੍ਹਾਂ ਹੋਇਆ? ਇਸ ਬਾਰੇ ਸਾਨੂੰ ਓਨਾ ਹੀ ਘਟ ਗਿਆਨ ਹੈ ਜਿੰਨਾ ਪਾਦਰੀ ਸੇਕੀ ਨੂੰ ਇਸ ਗੱਲ ਬਾਰੇ ਘਟ ਗਿਆਨ ਹੈ ਕਿ ਕੀ ਸਾਡੇ ਸੂਰਜੀ ਪਰਵਾਰ ਦੀ ਭਵਿਖੀ caput mortuum*** ਇਕ ਵਾਰ ਫਿਰ ਉਸ ਕੱਚੇ ਮਾਲ ਵਿਚ ਬਦਲ ਜਾਏਗੀ ਜਿਸ ਤੋਂ ਨਵੇਂ ਸੂਰਜੀ ਪਰਵਾਰ ਜਨਮ ਲੈਣਗੇ। ਪਰ ਇਥੇ ਆਕੇ ਜਾਂ ਤਾਂ ਸਾਨੂੰ ਕਿਸੇ ਸਿਰਜਣਹਾਰ ਦੀ ਸ਼ਰਣ ਲੈਣੀ ਪਵੇਗੀ ਜਾਂ ਇਹ ਨਿਰਣਾ ਸਵੀਕਾਰ ਕਰਨਾ ਪਵੇਗਾ ਕਿ ਸਾਡੇ ਬ੍ਰਹਿਮੰਡ ਦੇ ਸੂਰਜੀ ਪਰਵਾਰਾਂ ਲਈ ਭਖਦਾ ਕੱਚਾ ਮਾਲ ਗਤੀ ਦੇ ਰੂਪਾਂਤਰਣਾਂ ਦੁਆਰਾ ਪ੍ਰਾਕਿਰਤਕ ਤਰੀਕੇ ਨਾਲ ਪੈਦਾ ਹੋਇਆ ਸੀ ਜਿਹੜੇ ਗਤੀਮਾਨ ਪਦਾਰਥਕ ਵਿਚ **ਕੁਦਰਤੀ ਹੀ ਮੁਢੋਂ ਮੌਜੂਦ ਹਨ**, ਅਤੇ ਇਸ ਲਈ ਉਹਨਾਂ ਵਾਸਤੇ ਪ੍ਰਸਥਿਤੀਆਂ ਪਦਾਰਥ ਦੁਆਰਾ ਮੁੜ ਪੈਦਾ ਕੀਤੀਆਂ ਜਾਣਗੀਆਂ, ਭਾਵੇਂ ਉਹ ਕਰੋੜਾਂ

---

* ਸਮਰਥਾ। —**ਸੰਪਾ:**

** ਸਰਗਰਮੀ। —**ਸੰਪਾ:**

*** ਸ਼ਬਦੀ ਅਰਥਾਂ ਵਿਚ: ਇਕ ਮੁਰਦਾ ਸਿਰ, ਪ੍ਰੋਖ ਅਰਥਾਂ ਵਿਚ: ਮਰੀ ਰਹਿੰਦ-ਖੂੰਹਦ, ਬਲਣ ਪਿਛੋਂ, ਰਸਾਇਣੀ ਪ੍ਰਤਿਕਰਮ ਪਿਛੋਂ ਰਹਿ ਗਿਆ ਗੰਦ, ਇਥੇ ਨਛਤਰਾਂ ਸਮੇਤ ਬੁਝੇ ਸੂਰਜ ਵੱਲ ਸੰਕੇਤ ਹੈ। —**ਸੰਪਾ:**

ਵਰ੍ਹਿਆਂ ਮਗਰੋਂ ਅਤੇ ਵਧ ਜਾਂ ਘਟ ਸੱਬਬ ਨਾਲ ਹੀ, ਪਰ ਉਸ ਲੋੜ ਸਦਕਾ ਜਿਹੜੀ ਸਬੱਬ ਵਿਚ ਮੁਢੋਂ ਮੌਜੂਦ ਹੈ।

ਅਜਿਹੇ ਰੂਪਾਂਤਰਣ ਦੀ ਸੰਭਾਵਨਾ ਵਧੇਰੇ ਤੋਂ ਵਧੇਰੇ ਸਵੀਕਾਰ ਕੀਤੀ ਜਾ ਰਹੀ ਹੈ। ਇਸ ਵਿਚਾਰ ਤੱਕ ਪਹੁੰਚਿਆ ਜਾ ਰਿਹਾ ਹੈ ਕਿ ਅੰਤ ਵਿਚ ਆਕਾਸ਼ੀ ਪਿੰਡਿਆਂ ਦੀ ਹੋਣੀ ਇਕ ਦੂਜੇ ਵਿਚ ਜਾ ਡਿਗਣਾ ਹੈ, ਅਤੇ ਇਥੋਂ ਤੱਕ ਕਿ ਤਾਪ ਦੀ ਉਸ ਮਾਤਰਾ ਦਾ ਹਿਸਾਬ ਵੀ ਲਾਇਆ ਗਿਆ ਹੈ ਜਿਹੜੀ ਅਜਿਹੀਆਂ ਟੱਕਰਾਂ ਨਾਲ ਲਾਜ਼ਮੀ ਹੀ ਪੈਦਾ ਹੋਵੇਗੀ। ਨਵੇਂ ਸਿਤਾਰਿਆਂ ਦਾ ਅਚਾਨਕ ਬਲ ਉਠਣਾ, ਅਤੇ ਉਸੇ ਤਰ੍ਹਾਂ ਅਚਾਨਕ ਜਾਣੇ ਪਛਾਣੇ ਸਿਤਾਰਿਆਂ ਦੀ ਚਮਕ, ਜਿਨ੍ਹਾਂ ਬਾਰੇ ਖਗੋਲ-ਵਿਗਿਆਨ ਨੇ ਸਾਨੂੰ ਸੂਚਿਤ ਕੀਤਾ ਹੈ, ਵਿਚ ਵਾਧਾ ਹੋ ਜਾਣਾ, ਆਦਿ ਗੱਲਾਂ ਦਾ ਅਜਿਹੀਆਂ ਟੱਕਰਾਂ ਤੋਂ ਸੌਖਿਆਂ ਹੀ ਪਤਾ ਲਗ ਜਾਂਦਾ ਹੈ। ਇਸ ਤੋਂ ਇਲਾਵਾ, ਕੇਵਲ ਸਾਡਾ ਨਛੱਤਰ ਮੰਡਲ ਹੀ ਸੂਰਜ ਦੇ ਦੁਆਲੇ, ਅਤੇ ਸਾਡਾ ਸੂਰਜ ਸਾਡੇ ਦੀਪ ਬ੍ਰਹਿਮੰਡ ਵਿਚ ਨਹੀਂ ਘੁੰਮਦਾ, ਸਗੋਂ ਸਾਡਾ ਸਮੁਚਾ ਦੀਪ ਬ੍ਰਹਿਮੰਡ ਵੀ ਪੁਲਾੜ ਵਿਚ ਆਰਜ਼ੀ ਤੌਰ ਤੇ, ਦੂਜੇ ਦੀਪ ਬ੍ਰਹਿਮੰਡਾਂ ਨਾਲ ਸਾਪੇਖ ਸੰਤੁਲਨ ਵਿਚ ਰਹਿਕੇ ਘੁੰਮਦਾ ਹੈ, ਕਿਉਂਕਿ ਸੁਤੰਤਰ ਤੌਰ ਤੇ ਤੁਰਦੇ ਫਿਰਦੇ ਪਿੰਡਿਆਂ ਦਾ ਸਾਪੇਖ ਸੰਤੁਲਨ ਵੀ ਕੇਵਲ ਉਥੇ ਹੀ ਰਹਿ ਸਕਦਾ ਹੈ ਜਿਥੇ ਗਤੀ ਪ੍ਰਸਪਰ ਤੌਰ ਤੇ ਨਿਸਚਿਤ ਹੁੰਦੀ ਹੈ; ਅਤੇ ਕਈਆਂ ਦੀ ਇਹ ਧਾਰਨਾ ਹੈ ਕਿ ਪੁਲਾੜ ਵਿਚ ਤਾਪਮਾਨ ਹਰ ਥਾਂ ਇਕੋ ਜਿਹਾ ਨਹੀਂ ਹੈ। ਅਖੀਰੀ ਗੱਲ, ਅਸੀਂ ਜਾਣਦੇ ਹਾਂ ਕਿ, ਇਕ ਅਤਿਅੰਤ ਨਿਗੂਣੇ ਹਿੱਸੇ ਨੂੰ ਛਡਕੇ, ਸਾਡੇ ਦੀਪ ਬ੍ਰਹਿਮੰਡ ਦੇ ਅਣਗਿਣਤ ਸੂਰਜਾਂ ਦਾ ਤਾਪ ਪੁਲਾੜ ਵਿਚ ਲੋਪ ਹੋ ਜਾਂਦਾ ਹੈ ਅਤੇ ਪੁਲਾੜ ਦੇ ਤਾਪਮਾਨ ਵਿਚ ਇਕ ਦਰਜਾ ਸੈਂਟੀਗ੍ਰੇਡ ਦਾ ਦਸ ਲਖਵਾਂ ਹਿੱਸਾ ਵੀ ਨਹੀਂ ਵਧਾ ਸਕਦਾ। ਤਾਪ ਦੀ ਇਸ ਓੜਕਾਂ ਦੀ ਮਾਤਰਾ ਦਾ ਕੀ ਬਣਦਾ ਹੈ? ਕੀ ਇਹ ਬ੍ਰਹਿਮੰਡੀ ਪੁਲਾੜ ਨੂੰ ਗਰਮ ਕਰਨ ਦੇ ਜਤਨ ਵਿਚ ਸਦਾ ਲਈ ਵਿਖਰ ਗਿਆ ਹੈ, ਕੀ ਅਮਲੀ ਤੌਰ ਤੇ ਇਸ ਦਾ ਵਜੂਦ ਨਹੀਂ ਰਿਹਾ, ਅਤੇ ਕੀ ਇਹ ਕੇਵਲ ਸਿਧਾਂਤਕ ਤੌਰ ਤੇ ਹੀ ਵਿਦਮਾਨ ਹੈ, ਇਸ ਤੱਥ ਵਿਚ ਕਿ ਬ੍ਰਹਿਮੰਡੀ ਪੁਲਾੜ ਇਕ ਡਿਗਰੀ ਦੇ ਦਸ ਜਾਂ ਵਧੇਰੇ ਸਿਫ਼ਰਾਂ ਤੋਂ ਸ਼ੁਰੂ ਹੋਣ ਵਾਲੇ ਦਸ਼ਮਲਵ ਅੰਸ਼ ਤੱਕ ਵਧੇਰੇ ਗਰਮ ਹੋ ਗਿਆ ਹੈ? ਅਜਿਹੀ ਧਾਰਨਾ ਗਤੀ ਦੇ ਅਵਿਨਾਸ਼ੀ ਹੋਣ ਤੋਂ ਇਨਕਾਰ ਕਰਦੀ ਹੈ; ਇਹ ਇਸ ਸੰਭਾਵਨਾ ਨੂੰ ਮੰਨਦੀ ਹੈ ਕਿ ਅਕਾਸ਼ੀ ਪਿੰਡਿਆਂ ਦੇ ਇਕ ਇਕ ਕਰਕੇ ਇਕ ਦੂਜੇ ਵਿਚ ਡਿਗਣ ਨਾਲ ਸਾਰੀ ਵਿਦਮਾਨ ਯਾਂਤ੍ਰਿਕ ਗਤੀ ਤਾਪ ਵਿਚ ਬਦਲ ਜਾਏਗੀ ਅਤੇ ਇਹ ਤਾਪ ਪੁਲਾੜ ਵਿਚ ਵਿਕੀਰਣ ਹੋ ਜਾਏਗਾ, ਜਿਸ ਨਾਲ ਸਾਰੀ "ਸ਼ਕਤੀ ਦੀ ਅਵਿਨਾਸ਼ਤਾ" ਦੇ ਬਾਵਜੂਦ ਵਿਆਪਕ ਰੂਪ ਵਿਚ ਸਾਰੀ ਗਤੀ ਸਮਾਪਤ ਹੋ ਜਾਏਗੀ। (ਨਾਲ ਲਗਦੀ ਗੱਲ, ਇਥੇ ਇਹ ਸਪਸ਼ਟ ਹੁੰਦਾ ਹੈ ਕਿ "ਗਤੀ ਦੀ ਅਵਿਨਾਸ਼ਤਾ" ਦੀ ਥਾਂ "ਸ਼ਕਤੀ

ਦੀ ਅਵਿਨਾਸ਼ਤਾ" ਪਦ ਕਿੰਨਾ ਗ਼ਲਤ ਹੈ)। ਇਸ ਕਰਕੇ ਅਸੀਂ ਇਸ ਨਿਰਣੇ ਤੇ ਪਹੁੰਚਦੇ ਹਾਂ ਕਿ ਕਿਸੇ ਨਾ ਕਿਸੇ ਤਰੀਕੇ ਨਾਲ, ਜਿਸ ਨੂੰ ਕੁਝ ਚਿਰ ਮਗਰੋਂ ਪ੍ਰਤੱਖ ਕਰਨਾ ਪ੍ਰਾਕਿਰਤਕ ਵਿਗਿਆਨ ਦਾ ਕੰਮ ਹੋਵੇਗਾ, ਪੁਲਾੜ ਵਿਚ ਵਿਕੀਰਣ ਹੋਏ ਤਾਪ ਲਈ ਗਤੀ ਦੇ ਇਕ ਹੋਰ ਰੂਪ ਵਿਚ ਰੂਪਾਂਤ੍ਰਿਤ ਹੋਣਾ ਸੰਭਵ ਹੋਵੇਗਾ, ਜਿਸ ਵਿਚ ਇਕ ਵਾਰ ਫਿਰ ਇਕੱਠਾ ਹੋ ਸਕੇ ਅਤੇ ਸਰਗਰਮ ਹੋ ਸਕੇ। ਇਸ ਤਰ੍ਹਾਂ ਬੁਝੇ ਹੋਏ ਸੂਰਜਾਂ ਦੇ ਭਖਦੇ ਧੁੰਦੂਕਾਰ ਪੁੰਜਾਂ ਵਿਚ ਬਦਲ ਜਾਣ ਦੇ ਰਾਹ ਦੀ ਮੁਖ ਔਕੜ ਮਿਟ ਜਾਂਦੀ ਹੈ।

ਬਾਕੀ, ਅਸੀਮ ਕਾਲ ਵਿਚ ਸੰਸਾਰਾਂ ਦਾ ਸਦੀਵੀ ਤੌਰ ਤੇ ਮੁੜ ਮੁੜ ਤੁਰਦਾ ਸਿਲਸਲਾ ਅਸੀਮ ਪੁਲਾੜ ਵਿਚ ਅਣਗਿਣਤ ਸੰਸਾਰਾਂ ਦੀ ਸਹਿਹੋਂਦ ਦਾ ਕੇਵਲ ਨਿਆਂ-ਸੰਗਤ ਪੂਰਕ ਹੀ ਹੈ—ਉਹ ਸਿਧਾਂਤ ਜਿਸ ਦੀ ਲੋੜ ਨੂੰ ਡਰੇਪਰ * ਦਾ ਸਿਧਾਂਤ-ਵਿਰੋਧੀ ਯਾਂਕੀ ** ਦਿਮਾਗ਼ ਵੀ ਮੰਨਣ ਲਈ ਮਜਬੂਰ ਹੋਇਆ।

ਪਦਾਰਥ ਇਕ ਅਨੰਤ ਚੱਕਰ ਵਿਚ ਗਤੀਮਾਨ ਰਹਿੰਦਾ ਹੈ, ਇਹ ਚੱਕਰ ਨਿਸਚੇ ਹੀ ਆਪਣਾ ਪ੍ਰਕਰਮਾ-ਪੰਧ ਜਿੰਨੇ ਸਮੇਂ ਵਿਚ ਪੂਰਾ ਕਰਦਾ ਹੈ ਉਸ ਨੂੰ ਮਾਪਣ ਲਈ ਸਾਡਾ ਭੂਮੀ ਵਰ੍ਹਾ ਕਾਫੀ ਮਾਪ ਨਹੀਂ; ਇਸ ਚੱਕਰ ਵਿਚ ਉਚਤਮ ਵਿਕਾਸ ਦਾ ਸਮਾਂ, ਜੀਵਕ ਜੀਵਨ ਦਾ ਸਮਾਂ ਅਤੇ ਇਸ ਤੋਂ ਵੀ ਵਧੇਰੇ ਪ੍ਰਕਿਰਤੀ ਅਤੇ ਖ਼ੁਦ ਆਪਣੇ ਬਾਰੇ ਚੇਤੰਨ ਪ੍ਰਾਣੀਆਂ ਦਾ ਸਮਾਂ ਇਸ ਹੱਦ ਤੱਕ ਥੋੜ੍ਹਾ ਤੇ ਸੀਮਤ ਹੁੰਦਾ ਹੈ ਜਿੰਨਾ ਉਹ ਪੁਲਾੜ ਜਿਸ ਵਿਚ ਜੀਵਨ ਅਤੇ ਆਤਮ-ਚੇਤਨਤਾ ਕਾਰਜਸ਼ੀਲ ਹੁੰਦੇ ਹਨ; ਇਕ ਅਜਿਹੇ ਚੱਕਰ ਵਿਚ ਪਦਾਰਥ ਦੀ ਹੋਂਦ ਦਾ ਹਰ ਅੰਤਮ ਰੂਪ, ਭਾਵੇਂ ਇਹ ਸੂਰਜ ਹੈ ਜਾਂ ਧੁੰਦੂਕਾਰ ਪੁੰਜ, ਇਕ ਪਸ਼ੂ ਹੈ ਜਾਂ ਪਸ਼ੂਆਂ ਦਾ ਵਰਗ, ਰਸਾਇਣੀ ਜੋਗਕ ਹੈ ਜਾਂ ਵਿਘਟਨ, ਇਕੋ ਜਿੰਨਾ ਹੀ ਛਿਣ-ਭੰਗਰੀ ਹੈ, ਅਤੇ ਜਿਸ ਵਿਚ ਸਦੀਵੀ ਤਬਦੀਲ ਹੋ ਰਹੇ, ਸਦੀਵੀ ਤੌਰ ਤੇ ਗਤੀਮਾਨ ਪਦਾਰਥ, ਅਤੇ ਉਹਨਾਂ ਨੇਮਾਂ ਤੋਂ ਬਿਨਾਂ ਜਿਨ੍ਹਾਂ ਅਨੁਸਾਰ ਇਹ ਗਤੀਮਾਨ ਰਹਿੰਦਾ ਅਤੇ ਬਦਲਦਾ ਹੈ, ਕੁਝ ਵੀ ਸਦੀਵੀ ਨਹੀਂ। ਪਰ ਭਾਵੇਂ ਕਿੰਨੀ ਵਾਰ, ਅਤੇ ਕਿੰਨੀ ਵੀ ਬੇਕਿਰਕੀ ਨਾਲ, ਸਮੇਂ ਤੇ ਪੁਲਾੜ ਵਿਚ ਇਹ ਚੱਕਰ ਪੂਰਾ ਹੋਵੇ; ਭਾਵੇਂ ਕਿੰਨੇ ਕਰੋੜ ਸੂਰਜ ਅਤੇ ਪ੍ਰਿਥਵੀਆਂ ਪੈਦਾ ਹੋਣ ਅਤੇ ਮਿਟ ਜਾਣ; ਭਾਵੇਂ ਇਸ ਗੱਲ ਨੂੰ ਕਿੰਨਾ ਹੀ ਸਮਾਂ ਲਗੇ ਕਿ ਇਕ ਸੂਰਜੀ ਪਰਵਾਰ ਵਿਚ ਅਤੇ ਕੇਵਲ ਇਕ ਨਛੱਤਰ ਉਤੇ, ਜੀਵਕ ਜੀਵਨ

---

* "ਅਸੀਮ ਪੁਲਾੜ ਵਿਚ ਸੰਸਾਰਾਂ ਦੀ ਅਨੇਕਤਾ ਅਸੀਮ ਕਾਲ ਵਿਚ ਸੰਸਾਰਾਂ ਦੇ ਸਿਲਸਲੇ ਦੇ ਸੰਕਲਪ ਤੱਕ ਲੈ ਜਾਂਦੀ ਹੈ।" (ਜ. ਵ. ਡਰੇਪਰ, "ਯੂਰਪ ਦੇ ਬੌਧਿਕ ਵਿਕਾਸ ਦਾ ਇਤਿਹਾਸ", ਸੈਂਚੀ ੨ [ਪੰਨਾ ੩੨੫]

** ਯਾਂਕੀ—ਅਮਰੀਕਨਾਂ ਦੀ ਅਲ।—ਅਨੁ:

ਦੀਆਂ ਪ੍ਰਸਥਿਤੀਆਂ ਵਿਕਸਤ ਹੋਣ; ਭਾਵੇਂ ਉਹ ਜੀਵਕ ਜੀਵ ਵੀ ਕਿੰਨੇ ਅਣਗਿਣਤ ਹੋਣ ਜਿਹੜੇ ਪੈਦਾ ਹੋਣ ਅਤੇ ਮਰ ਜਾਣ, ਇਸ ਤੋਂ ਪਹਿਲਾਂ ਉਹਨਾਂ ਵਿਚਕਾਰੋਂ ਚਿੰਤਨ ਦੇ ਸਮਰਥ ਦਿਮਾਗ਼ ਵਾਲੇ ਪਸ਼ੂਆਂ ਦਾ ਵਿਕਾਸ ਹੋਵੇ, ਅਤੇ ਉਹਨਾਂ ਨੂੰ ਥੋੜੇ ਜਿਹੇ ਸਮੇਂ ਲਈ ਜੀਵਨ ਲਈ ਢੁਕਵੀਆਂ ਹਾਲਤਾਂ ਪ੍ਰਾਪਤ ਹੋਣ ਅਤੇ ਬਾਦ ਵਿਚ ਬੇਰਹਿਮੀ ਨਾਲ ਉਹਨਾਂ ਦਾ ਸਰਵਨਾਸ਼ ਹੋ ਜਾਏ—ਪਰ ਇਕ ਗੱਲ ਸਾਡੇ ਲਈ ਨਿਸਚਿਤ ਹੈ ਕਿ ਪਦਾਰਥ ਆਪਣੇ ਸਭਨਾਂ ਰੂਪਾਂਤਰਣਾਂ ਵਿਚ ਸਦਾ ਹੀ ਇਕੋ ਚੀਜ਼ ਰਹਿੰਦਾ ਹੈ, ਕਿ ਇਸ ਦਾ ਕੋਈ ਵੀ ਗੁਣ ਕਦੇ ਇਸ ਤੋਂ ਖੁਸ ਨਹੀਂ ਸਕਦਾ, ਅਤੇ ਇਸ ਲਈ ਇਹ ਵੀ ਨਿਸਚਿਤ ਹੈ ਕਿ ਉਸੇ ਅਟੱਲ ਅਵਸ਼ੱਕਤਾ ਨਾਲ ਜਿਸ ਨਾਲ ਇਹ ਧਰਤੀ ਉਤੋਂ ਆਪਣੀ ਉਚਤਮ ਸਿਰਜਣਾ, ਚਿੰਤਨਸ਼ੀਲ ਮਨ, ਨੂੰ ਖ਼ਤਮ ਕਰ ਦੇਵੇਗਾ, ਉਸੇ ਹੀ ਅਵਸ਼ੱਕਤਾ ਕਾਰਨ ਇਹ ਉਸ ਨੂੰ ਕਿਸੇ ਹੋਰ ਥਾਂ ਅਤੇ ਕਿਸੇ ਹੋਰ ਸਮੇਂ ਮੁੜ ਉਤਪੰਨ ਕਰਨਾ ਪਵੇਗਾ।

# ਰੂਹ ਦੀ ਦੁਨੀਆਂ ਵਿਚ ਪ੍ਰਾਕਿਰਤਕ ਵਿਗਿਆਨ

ਜਿਹੜੇ ਦਵੰਦਵਾਦ ਨੇ ਲੋਕ ਚੇਤਨਤਾ ਵਿਚ ਆਪਣੀ ਥਾਂ ਬਣਾ ਲਈ ਹੈ ਉਹ ਇਸ ਪੁਰਾਣੀ ਕਹਾਵਤ ਵਿਚ ਪ੍ਰਗਟ ਹੁੰਦਾ ਹੈ ਕਿ ਦੋ ਸਿਰੇ ਆਪਸ ਵਿਚ ਮਿਲ ਜਾਂਦੇ ਹਨ। ਇਸ ਅਨੁਸਾਰ ਜੇ ਅਸੀਂ ਅਤਿ ਦਰਜੇ ਦੀ ਖ਼ਿਆਲ-ਉਡਾਰੀ, ਝਬ-ਯਕੀਨੀ ਅਤੇ ਵਹਿਮ, ਪ੍ਰਾਕਿਰਤਕ ਵਿਗਿਆਨ ਦੀ ਉਸ ਪ੍ਰਵਿਰਤੀ ਵਿਚ ਨਾ ਵੇਖੀਏ ਜਿਹੜੀ, ਪ੍ਰਕਿਰਤੀ ਸੰਬੰਧੀ ਜਰਮਨ ਦਰਸ਼ਨ ਵਾਂਗ, ਵਸਤੂਮੁਖੀ ਸੰਸਾਰ ਨੂੰ ਆਪਣੇ ਆਤਮਮੁਖੀ ਚਿੰਤਨ ਦੇ ਚੌਖਟੇ ਵਿਚ ਜੜਨ ਦਾ ਜਤਨ ਕਰਦੀ ਹੈ, ਸਗੋਂ ਇਸ ਦੇ ਉਲਟ ਪ੍ਰਵਿਰਤੀ ਵਿਚ, ਜਿਹੜੀ, ਮਹਿਜ਼ ਅਨੁਭਵ ਨੂੰ ਉਚਿਆਉਂਦੀ ਹੋਈ, ਚਿੰਤਨ ਨੂੰ ਅਤਿ-ਅੰਤ ਤੁਛ ਸਮਝਦੀ ਹੈ ਅਤੇ ਸਚਮੁਚ ਹੀ ਚਿੰਤਨ ਦੇ ਖੋਖਲੇਪਨ ਦੀ ਅੰਤਮ ਸੀਮਾ ਤੱਕ ਪਹੁੰਚ ਗਈ ਹੈ, ਤਾਂ ਅਸੀਂ ਉਕਾ ਹੀ ਭੁਲ ਨਹੀਂ ਕਰ ਰਹੇ ਹੋਵਾਂਗੇ। ਇੰਗਲੈਂਡ ਵਿਚ ਇਸ ਪਰਪਾਟੀ ਦਾ ਬੋਲਬਾਲਾ ਹੈ। ਇਸ ਦੇ ਪਿਤਾ, ਬਹੁਤ ਵਡਿਆਏ ਫਰਾਂਸਿਸ ਬੇਕਨ ਨੇ ਪਹਿਲਾਂ ਹੀ ਇਹ ਮੰਗ ਪੇਸ਼ ਕਰ ਦਿਤੀ ਸੀ ਕਿ ਉਸ ਦੀ ਨਵੀਂ ਅਨੁਭਵਾਤਮਕ, ਆਗਮਨਾਤਮਕ ਵਿਧੀ ਦੀ ਇਸ ਦੇ ਸਾਧਨ ਨਾਲ, ਸਭ ਤੋਂ ਪਹਿਲਾਂ, ਇਹ ਪ੍ਰਾਪਤੀ ਕਰਨ ਲਈ ਵਰਤੋਂ ਕੀਤੀ ਜਾਏ: ਲੰਮੇਰਾ ਜੀਵਨ, ਨਵੀਂ ਜਵਾਨੀ — ਕੁਝ ਹੱਦ ਤੱਕ, ਕੱਦ ਕਾਠ ਅਤੇ ਚਿਹਰੇ ਮੁਹਰੇ ਵਿਚ ਤਬਦੀਲੀ, ਇਕ ਪਿੰਡੇ ਦਾ ਦੂਜੇ ਪਿੰਡੇ ਵਿਚ ਰੂਪਾਂਤਰਣ, ਨਵੀਆਂ ਜਾਤੀਆਂ ਦਾ ਉਤਪਾਦਨ, ਹਵਾ ਅਤੇ ਤੂਫਾਨਾਂ ਦੀ ਉਤਪਤੀ ਉਤੇ ਅਧਿਕਾਰ। ਉਸ ਦੀ ਸ਼ਿਕਾਇਤ ਹੈ ਕਿ ਅਜਿਹੀਆਂ ਖੋਜਾਂ-ਪੜਤਾਲਾਂ ਤਿਆਗ ਦਿਤੀਆਂ ਗਈਆਂ ਹਨ, ਅਤੇ ਆਪਣੇ ਪ੍ਰਾਕਿਰਤਕ ਇਤਿਹਾਸ ਵਿਚ ਉਹ ਸੋਨਾ ਬਣਾਉਣ ਲਈ ਅਤੇ ਭਿੰਨ ਭਿੰਨ ਕਰਾਮਾਤਾਂ ਕਰਨ ਲਈ ਨਿਸਚਿਤ ਨੁਸਖੇ ਪੇਸ਼ ਕਰਦਾ ਹੈ। ਇਸੇ ਹੀ ਤਰ੍ਹਾਂ ਆਈਜ਼ਕ ਨਿਊਟਨ ਆਪਣੀ ਪਿਛਲੀ ਉਮਰ ਵਿਚ ਸੇਂਟ ਜਾਨ ਦੇ ਅਗੰਮ-ਗਿਆਨ[98] ਨੂੰ ਵਖਾਣਨ ਵਿਚ ਬਹੁਤ ਰੁਝਾ ਰਿਹਾ ਸੀ। ਇਸ ਲਈ ਜੇਕਰ ਹਾਲ ਦੇ ਸਾਲਾਂ ਵਿਚ ਅੰਗ੍ਰੇਜ਼ ਅਨੁਭਵਵਾਦ ਆਪਣੇ ਕੁਝ ਪ੍ਰਤਿਨਿਧਾਂ ਦੇ ਰੂਪ ਵਿਚ — ਅਤੇ ਉਹਨਾਂ ਵਿਚੋਂ ਸਭ ਤੋਂ ਮਾੜੇ ਨਹੀਂ — ਰੂਹਾਂ-ਸੱਦਣ ਅਤੇ ਰੂਹਾਂ-ਵੇਖਣ ਦਾ, ਜਿਹੜੀ ਰੁਚੀ ਅਮ੍ਰੀਕਾ ਤੋਂ ਆਈ ਹੈ, ਬੁਰੀ ਤਰ੍ਹਾਂ ਸ਼ਿਕਾਰ

ਹੋਇਆ ਪ੍ਰਤੀਤ ਹੁੰਦਾ ਹੈ ਤਾਂ ਇਸ ਵਿਚ ਹੈਰਾਨ ਹੋਣ ਵਾਲੀ ਕੋਈ ਗੱਲ ਨਹੀਂ।

ਇਸ ਖੇਤਰ ਨਾਲ ਸੰਬੰਧਤ ਪਹਿਲਾ ਪ੍ਰਕਿਰਤੀ ਵਿਗਿਆਨੀ ਬਹੁਤ ਉਘਾ ਪ੍ਰਾਣੀ-ਵਿਗਿਆਨੀ ਅਤੇ ਬਨਸਪਤ-ਵਿਗਿਆਨੀ, ਅਲਫ੍ਰੈਡ ਰਸਲ ਵਾਲੇਸ ਹੈ, ਉਹ ਆਦਮੀ ਜਿਸ ਨੇ ਡਾਰਵਿਨ ਦੇ ਨਾਲ ਹੀ ਪ੍ਰਾਕਿਰਤਕ ਚੋਣ ਦੁਆਰਾ ਜਾਤੀਆਂ ਦੇ ਪਰਿਵਰਤਨ ਦਾ ਸਿਧਾਂਤ ਪੇਸ਼ ਕੀਤਾ ਸੀ। ਆਪਣੀ ਛੋਟੀ ਜਿਹੀ ਪੁਸਤਕ, "ਕਰਾਮਾਤ ਅਤੇ ਆਧੁਨਿਕ ਰੂਹਪ੍ਰਸਤੀ", ਲੰਦਨ, ਬਰਨਸ, ੧੮੭੫, ਵਿਚ ਉਹ ਲਿਖਦਾ ਹੈ ਕਿ ਪ੍ਰਾਕਿਰਤਕ ਵਿਗਿਆਨ ਦੀ ਇਸ ਸ਼ਾਖ਼ ਵਿਚ ਉਸ ਦੇ ਪਹਿਲੇ ਤਜਰਬਿਆਂ ਦਾ ਆਰੰਭ ੧੮੪੪ ਤੋਂ ਹੁੰਦਾ ਹੈ ਜਦੋਂ ਉਸ ਨੇ ਮੈਸਮਰੇਜ਼ਮ[99] ਬਾਰੇ ਮਿਸਟਰ ਸਪੈਨਸਰ ਹਾਲ ਦੇ ਲੈਕਚਰ ਸੁਣੇ ਅਤੇ ਇਸ ਦੇ ਫਲਸਰੂਪ ਆਪਣੇ ਸ਼ਾਗਿਰਦਾਂ ਉਤੇ ਉਸੇ ਤਰ੍ਹਾਂ ਦੇ ਤਜਰਬੇ ਕੀਤੇ।

> "ਇਸ ਵਿਸ਼ੇ ਵਿਚ ਮੇਰੀ ਤੀਬਰ ਦਿਲਚਸਪੀ ਸੀ ਅਤੇ ਮੈਂ ਲਗਨ ਨਾਲ ਇਸ ਵਿਚ ਲੱਗਾ ਰਿਹਾ" [ਪੰਨਾ ੧੧੯]।

ਜੋੜਾਂ ਨੂੰ ਅਕੜਾ ਦੇਣ ਅਤੇ ਸਥਾਨਕ ਤੌਰ ਤੇ ਸੰਵੇਦਨਾ ਨੂੰ ਸੁਆ ਦੇਣ ਦੇ ਨਾਲ ਹੀ ਉਸ ਨੇ ਕੇਵਲ ਚੁੰਬਕੀ ਨੀਂਦ ਹੀ ਉਤਪੰਨ ਨਹੀਂ ਕੀਤੀ, ਸਗੋਂ ਉਸ ਨੇ ਗਾਲ ਦੇ ਖੋਪੜੀ ਦੇ ਨਕਸ਼ੇ[100] ਦੇ ਸਹੀ ਹੋਣ ਦੀ ਵੀ ਪੁਸ਼ਟੀ ਕੀਤੀ ਕਿਉਂਕਿ ਗਾਲ ਅਨੁਸਾਰ ਖੋਪੜੀ ਦੇ ਕਿਸੇ ਵੀ ਅੰਗ ਨੂੰ ਛੂਹਣ ਉਤੇ ਚੁੰਬਕਯੁਕਤ ਮਾਮੂਲ ਵਿਚ ਅਨੁਸਾਰੀ ਸਰਗਰਮੀ ਜਾਗਦੀ ਅਤੇ ਉਚਿਤ ਅਤੇ ਸਰਗਰਮ ਸਰੀਰਕ ਹਿਲਜੁਲ ਦੁਆਰਾ ਪ੍ਰਦਰਸ਼ਤ ਹੁੰਦੀ ਸੀ। ਇਸ ਤੋਂ ਇਲਾਵਾ, ਉਸ ਨੇ ਸਥਾਪਤ ਕੀਤਾ ਕਿ ਉਸ ਦਾ ਮਾਮੂਲ, ਮਹਿਜ਼ ਛੂਹੇ ਜਾਣ ਉਤੇ ਹੀ, ਆਮਲ ਦੀਆਂ ਸਾਰੀਆਂ ਸੰਵੇਦਨਾਵਾਂ ਗ੍ਰਹਿਣ ਕਰ ਲੈਂਦਾ ਹੈ; ਉਸ ਨੇ ਉਸ ਨੂੰ ਪਾਣੀ ਦੇ ਇਕ ਗਲਾਸ ਨਾਲ ਸ਼ਰਾਬੀ ਕਰ ਦਿਤਾ ਜਿਵੇਂ ਹੀ ਉਹਨੇ ਉਸ ਨੂੰ ਇਹ ਦਸਿਆ ਕਿ ਇਹ ਬਰਾਂਡੀ ਹੈ। ਉਹ ਇਕ ਨੌਜਵਾਨ ਨੂੰ, ਜਾਗ੍ਰਿਤ ਅਵਸਥਾ ਵਿਚ ਹੀ, ਏਨਾ ਬੁਧੂ ਬਣਾ ਗਿਆ ਕਿ ਉਹ ਆਪਣਾ ਨਾਂ ਤੱਕ ਵੀ ਭੁਲ ਗਿਆ ਸੀ, ਪਰ ਇਹ ਇਕ ਅਜਿਹਾ ਕਾਰਨਾਮਾ ਹੈ ਜਿਸ ਨੂੰ ਦੂਜੇ ਸਕੂਲ ਮਾਸਟਰ ਬਿਨਾਂ ਕਿਸੇ ਮੈਸਮਰੇਜ਼ਮ ਦੇ ਹੀ ਕਰ ਸਕਦੇ ਹਨ। ਅਤੇ ਇਸ ਤਰ੍ਹਾਂ ਹੋਰ ਕਈ ਕੁਝ।

ਹੁਣ ਗੱਲ ਇਹ ਹੈ ਕਿ ਮੈਂ ਵੀ ਇਸ ਮਿਸਟਰ ਸਪੈਨਸਰ ਹਾਲ ਨੂੰ ੧੮੪੩-੪੪ ਦੇ ਸਿਆਲ ਵਿਚ ਮਾਨਚੈਸਟਰ ਵਿਖੇ ਵੇਖਿਆ ਸੀ। ਉਹ ਇਕ ਬਹੁਤ ਹੀ ਔਸਤ ਦਰਜੇ ਦਾ ਪਖੰਡੀ ਸੀ, ਜਿਹੜਾ ਕੁਝ ਪਾਦਰੀਆਂ ਦੀ ਛਤਰ ਛਾਇਆ ਹੇਠ ਦੇਸ ਵਿਚ ਸਫ਼ਰ ਕਰਦਾ ਸੀ ਅਤੇ ਇਕ ਨੌਜਵਾਨ ਔਰਤ ਨਾਲ ਚੁੰਬਕੀ-ਕਪਾਲ ਗਿਆਨ ਦੇ ਪ੍ਰਦਰਸ਼ਨ ਕਰਦਾ ਸੀ ਤਾਂ ਜੋ ਇਸ ਤਰ੍ਹਾਂ ਈਸ਼ਵਰ ਦੀ ਹੋਂਦ, ਰੂਹ ਦੀ ਅਮਰਤਾ,

ਅਤੇ ਪਦਾਰਥਵਾਦ ਨੂੰ ਗ਼ਲਤ ਸਿਧ ਕਰ ਸਕੇ ਜਿਸ ਦਾ ਉਸ ਵੇਲੇ ਸਭਨਾਂ ਵੱਡੇ ਸ਼ਹਿਰਾਂ ਵਿਚ ਓਵਨਵਾਦੀਆਂ ਵਲੋਂ ਪਰਚਾਰ ਕੀਤਾ ਜਾ ਰਿਹਾ ਸੀ। ਇਸ ਔਰਤ ਨੂੰ ਚੁੰਬਕੀ ਨੀਂਦ ਸੁਆ ਦਿਤਾ ਜਾਂਦਾ ਸੀ ਅਤੇ ਫਿਰ, ਜਿਉਂ ਹੀ ਆਮਲ ਗਾਲ ਦੇ ਅਨੁਸਾਰੀ ਖੋਪੜੀ ਦੇ ਕਿਸੇ ਹਿੱਸੇ ਨੂੰ ਛੁਹੰਦਾ, ਉਹ ਨਾਟਕੀ, ਨੁਮਾਇਸ਼ੀ ਹਾਵਾਂ ਭਾਵਾਂ ਤੇ ਹੋਰ ਹਰਕਤਾਂ ਦਾ ਭਰਪੂਰ ਪਰਦਰਸ਼ਨ ਕਰਦੀ ਜੋ ਸੰਬੰਧਤ ਅੰਗ ਦੀ ਕਿਰਿਆ ਦੇ ਅਨੁਸਾਰੀ ਹੁੰਦੀਆਂ, ਮਿਸਾਲ ਲਈ, ਸੰਤਾਨ-ਸਨੇਹ (philoprogenitiveness) ਦੇ ਅੰਗ ਲਈ ਉਹ ਇਕ ਕਾਲਪਨਿਕ ਬਾਲ ਨੂੰ ਲਡਿਆਉਂਦੀ ਅਤੇ ਚੁੰਮਦੀ, ਆਦਿ। ਇਸ ਤੋਂ ਇਲਾਵਾ, ਭਲੇਮਾਣਸ ਮਿਸਟਰ ਹਾਲ ਨੇ ਖੋਪੜੀ ਸੰਬੰਧੀ ਗਾਲ ਦੇ ਭੂਗੋਲ ਨੂੰ ਬਾਰਾਤਾਰੀਆ[101] ਦੇ ਇਕ ਨਵੇਂ ਟਾਪੂ ਨਾਲ ਭਰਪੂਰ ਬਣਾਇਆ ਸੀ: ਖੋਪੜੀ ਦੀ ਸਿਖਰ ਉਤੇ ਉਸ ਨੇ ਭਗਤੀ ਦਾ ਇਕ ਅੰਗ ਲਭ ਲਿਆ ਸੀ, ਜਿਸ ਨੂੰ ਛੂਹਣ ਨਾਲ ਉਸ ਦੀ ਨੀਂਦ-ਵਿੱਗੁਤੀ ਕੁਮਾਰੀ ਗੋਡਿਆਂ ਭਾਰ ਹੋ ਜਾਂਦੀ, ਪ੍ਰਾਰਥਨਾ ਵਿਚ ਆਪਣੇ ਹੱਥ ਜੋੜ ਲੈਂਦੀ, ਅਤੇ ਅਚੰਭਿਤ, ਖੂਹ-ਦੇ-ਡਡੂ ਦਰਸ਼ਕਾਂ ਅਗੇ ਭਗਤੀ ਵਿਚ ਲੀਨ ਇਕ ਫ਼ਰਿਸ਼ਤੇ ਦਾ ਚਿਤਰ ਪੇਸ਼ ਕਰਦੀ। ਇਹ ਤਮਾਸ਼ੇ ਦੀ ਸਿਖਰ ਤੇ ਸਮਾਪਤੀ ਹੁੰਦੀ ਸੀ। ਈਸ਼ਵਰ ਦੀ ਹੋਂਦ ਸਿਧ ਹੋ ਚੁਕੀ ਸੀ।

ਮੇਰੇ ਅਤੇ ਮੇਰੇ ਇਕ ਵਾਕਫ਼ ਉਤੇ ਉਸੇ ਤਰ੍ਹਾਂ ਦਾ ਹੀ ਅਸਰ ਹੋਇਆ ਜਿਸ ਤਰ੍ਹਾਂ ਦਾ ਮਿਸਟਰ ਵਾਲੇਸ ਤੇ ਪਿਆ ਸੀ: ਅਸਚਰਜ ਘਟਨਾਵਾਂ ਸਾਨੂੰ ਦਿਲਚਸਪ ਲਗੀਆਂ ਸਨ ਅਤੇ ਅਸੀਂ ਇਹ ਪਤਾ ਲਾਉਣ ਦੀ ਕੋਸ਼ਿਸ਼ ਕੀਤੀ ਕਿ ਅਸੀਂ ਇਹਨਾਂ ਨੂੰ ਕਿਸ ਹੱਦ ਤੱਕ ਮੁੜ ਕਰ ਸਕਦੇ ਸਾਂ। ਇਕ ਚੌਕੰਨੇ ੧੨ ਸਾਲਾਂ ਦੇ ਮੁੰਡੇ ਨੇ ਆਪਣੇ ਆਪ ਨੂੰ ਮਾਮੂਲ ਵਜੋਂ ਪੇਸ਼ ਕੀਤਾ। ਹੌਲੀ ਹੌਲੀ ਉਸ ਦੀਆਂ ਅੱਖਾਂ ਵਿਚ ਝਾਕ ਕੇ, ਜਾਂ ਪਲੋਸ ਕੇ ਉਸ ਨੂੰ ਬਿਨਾਂ ਕਿਸੇ ਮੁਸ਼ਕਲ ਦੇ ਨੀਂਦਮਈ ਅਵਸਥਾ ਵਿਚ ਪਹੁੰਚਾ ਦਿਤਾ ਗਿਆ। ਪਰ ਕਿਉਂਕਿ ਅਸੀਂ ਮਿਸਟਰ ਵਾਲੇਸ ਨਾਲੋਂ ਘਟ ਝੱਬ-ਯਕੀਨੇ ਸਾਂ ਅਤੇ ਕੁਝ ਘਟ ਜੋਸ਼ ਨਾਲ ਕੰਮ ਵਿਚ ਜੁਟੇ ਸਾਂ, ਇਸ ਲਈ ਅਸੀਂ ਬਿਲਕੁਲ ਹੀ ਵਖਰੇ ਸਿੱਟਿਆਂ ਤੇ ਪਹੁੰਚੇ। ਪਠਿਆਂ ਨੂੰ ਅਕੜਾ ਦੇਣ ਅਤੇ ਸੰਵੇਦਨਾ ਨੂੰ ਸੁਆ ਦੇਣ ਤੋਂ ਇਲਾਵਾ, ਜੋ ਕਰਨਾ ਸੌਖਾ ਹੈ, ਅਸੀਂ ਇੱਛਾ ਦੀ ਮੁਕੰਮਲ ਸਿਥਲਤਾ ਦੀ ਅਵਸਥਾ ਵੀ ਵੇਖੀ ਜਿਹੜੀ ਇੰਦਰੀ-ਅਨੁਭਵ ਦੀ ਵਿਸ਼ੇਸ਼ ਅਤਿ-ਸੰਵੇਦਨਸ਼ੀਲਤਾ ਨਾਲ ਜੁੜੀ ਹੋਈ ਹੈ। ਜਦੋਂ ਮਰੀਜ਼ ਨੂੰ ਕਿਸੇ ਬਾਹਰੀ ਉਤੇਜਕ ਨਾਲ ਉਸ ਦੀ ਸਿਥਲਤਾ ਦੀ ਹਾਲਤ ਵਿਚੋਂ ਜਗਾਇਆ ਗਿਆ ਤਾਂ ਉਸ ਨੇ ਜਾਗ੍ਰਿਤ ਅਵਸਥਾ ਨਾਲੋਂ ਵੀ ਬਹੁਤ ਵਧੇਰੇ ਚੁਸਤੀ ਵਿਖਾਈ। ਆਮਲ ਨਾਲ ਕਿਸੇ ਰਹੱਸਮਈ ਸੰਬੰਧ ਦਾ ਕੋਈ ਨਾਂ-ਨਿਸ਼ਾਨ ਨਹੀਂ ਸੀ: ਕੋਈ ਵੀ ਹੋਰ ਵਿਅਕਤੀ ਓਨੀ ਹੀ ਆਸਾਨੀ ਨਾਲ ਸੁਤੇ ਹੋਏ ਨੂੰ ਕਾਰਜਸ਼ੀਲ ਬਣਾ ਸਕਦਾ ਸੀ। ਗਾਲ ਦੇ ਖੋਪੜੀ ਦੇ ਅੰਗਾਂ ਨੂੰ ਹਰਕਤ ਵਿਚ ਲਿਆਉਣਾ ਸਾਡੇ ਲਈ ਕੇਵਲ ਇਕ ਮਾਮੂਲੀ ਗੱਲ ਸੀ; ਅਸੀਂ ਬਹੁਤ ਅੱਗੇ ਚਲੇ

ਗਏ: ਅਸੀਂ ਉਹਨਾਂ ਨੂੰ ਕੇਵਲ ਇਕ ਦੂਜੇ ਨਾਲ ਬਦਲ ਹੀ ਨਹੀਂ ਸੀ ਸਕਦੇ, ਜਾਂ ਉਹਨਾਂ ਨੂੰ ਸਾਰੇ ਸਰੀਰ ਵਿਚ ਕਿਤੇ ਵੀ ਟਿਕਾ ਹੀ ਨਹੀਂ ਸੀ ਸਕਦੇ, ਸਗੋਂ ਅਸੀਂ ਬਹੁਤ ਸਾਰੇ ਹੋਰ ਅੰਗ ਵੀ ਲਭੇ — ਗਾਉਣ ਵਾਲੇ, ਸੀਟੀ ਵਜਾਉਣ ਵਾਲੇ, ਪੀਪਣੀ ਵਜਾਉਣ ਵਾਲੇ, ਨਚਣ ਵਾਲੇ, ਬਾਕਸਿੰਗ ਕਰਨ ਵਾਲੇ, ਸਿਲਾਈ ਕਰਨ ਵਾਲੇ, ਜੁਤੀਆਂ ਗੰਢਣ ਵਾਲੇ, ਤਮਾਕੂ ਪੀਣ ਵਾਲੇ, ਆਦਿ, ਅਤੇ ਉਹਨਾਂ ਨੂੰ ਜਿਥੇ ਵੀ ਚਾਹੁੰਦੇ ਟਿੱਕਾ ਸਕਦੇ ਸਾਂ। ਵਾਲੇਸ ਆਪਣੇ ਮਾਮੂਲਾਂ ਨੂੰ ਪਾਣੀ ਨਾਲ ਸ਼ਰਾਬੀ ਬਣਾਉਂਦਾ ਸੀ, ਪਰ ਅਸੀਂ ਪਤਾ ਲਾਇਆ ਕਿ ਪੈਰ ਦੇ ਅੰਗੂਠੇ ਵਿਚ ਸ਼ਰਾਬੀ ਹੋਣ ਦਾ ਅੰਗ ਸੀ ਜਿਸ ਨੂੰ ਕੇਵਲ ਛੂਹਣ ਦੀ ਲੋੜ ਸੀ ਕਿ ਸ਼ਰਾਬੀ ਦਾ ਅਤਿ ਵਧੀਆ ਨਾਟਕ ਰਚਿਆ ਜਾ ਸਕਦਾ ਸੀ। ਪਰ ਇਹ ਗੱਲ ਚੰਗੀ ਤਰ੍ਹਾਂ ਸਮਝ ਲੈਣੀ ਚਾਹੀਦੀ ਹੈ ਕਿ ਜਿੰਨਾ ਚਿਰ ਮਾਮੂਲ ਨੂੰ ਇਹ ਨਾ ਸਮਝਾਇਆ ਜਾਂਦਾ ਕਿ ਉਸ ਤੋਂ ਕੀ ਆਸ ਰਖੀ ਜਾਂਦੀ ਹੈ ਕਿਸੇ ਵੀ ਅੰਗ ਵਿਚ ਰੰਚਕ ਮਾਤਰ ਵੀ ਹਰਕਤ ਨਾ ਆਉਂਦੀ; ਉਸ ਮੁੰਡੇ ਨੇ ਅਭਿਆਸ ਨਾਲ ਛੇਤੀ ਹੀ ਇਸ ਹੱਦ ਤੱਕ ਪਰੀਪੂਰਨਤਾ ਪ੍ਰਾਪਤ ਕਰ ਲਈ ਕਿ ਬਹੁਤ ਮਾਮੂਲੀ ਇਸ਼ਾਰਾ ਹੀ ਕਾਫੀ ਰਹਿੰਦਾ। ਇਸ ਤਰ੍ਹਾਂ ਪੈਦਾ ਕੀਤੇ ਅੰਗ ਨੀਂਦ ਦੀ ਅਵਸਥਾ ਵਿਚ ਭੇਜਣ ਦੇ ਅਗਲੇਰੇ ਮੌਕਿਆਂ ਲਈ ਆਪਣੀ ਸਾਰਥਕਤਾ ਓਨਾ ਚਿਰ ਕਾਇਮ ਰਖਦੇ ਸਨ ਜਿੰਨਾ ਚਿਰ ਉਹਨਾਂ ਨੂੰ ਉਸੇ ਤਰੀਕੇ ਨਾਲ ਬਦਲਿਆ ਨਾ ਜਾਏ। ਨਿਰਸੰਦੇਹ, ਮਾਮੂਲ ਦੀ ਦੋਹਰੀ ਯਾਦ-ਸ਼ਕਤੀ ਹੁੰਦੀ ਸੀ: ਇਕ ਜਾਗ੍ਰਿਤ ਅਵਸਥਾ ਲਈ ਅਤੇ ਦੂਜੀ ਬਿਲਕੁਲ ਵਖਰੀ, ਨੀਂਦ ਮਈ ਅਵਸਥਾ ਲਈ। ਜਿਥੋਂ ਤੱਕ ਇੱਛਾ ਦੀ ਸਿਥਲਤਾ ਅਤੇ ਕਿਸੇ ਹੋਰ ਦੀ ਇੱਛਾ ਅੱਗੇ ਇਸ ਦੇ ਉੱਕਾ ਹੀ ਅਧੀਨ ਹੋ ਜਾਣ ਦਾ ਸੰਬੰਧ ਹੈ, ਇਸ ਦੀ ਸਾਰੀ ਕਰਾਮਾਤੀ ਨੁਹਾਰ ਮਿਟ ਜਾਂਦੀ ਹੈ ਜਦੋਂ ਅਸੀਂ ਇਹ ਗੱਲ ਚੇਤੇ ਰਖਦੇ ਹਾਂ ਕਿ ਸਮੁਚੀ ਅਵਸਥਾ ਹੀ ਆਮਲ ਦੀ ਇੱਛਾ ਅੱਗੇ ਮਾਮੂਲ ਦੀ ਇੱਛਾ ਦੀ ਅਧੀਨਗੀ ਨਾਲ ਸ਼ੁਰੂ ਹੋਈ ਸੀ, ਅਤੇ ਇਸ ਤੋਂ ਬਿਨਾਂ ਇਹ ਪੈਦਾ ਨਹੀਂ ਕੀਤੀ ਜਾ ਸਕਦੀ। ਦੁਨੀਆਂ ਵਿਚ ਚੁੰਬਕ-ਸ਼ਕਤੀ ਦੇ ਵਡੇ ਤੋਂ ਵਡੇ ਜਾਦੂਗਰ ਦੇ ਸਾਰੇ ਜਤਨ ਨਾਕਾਰੇ ਰਹਿਣਗੇ ਜੇ ਉਸ ਦਾ ਮਾਮੂਲ ਉਸ ਦੇ ਹੁਕਮ ਨੂੰ ਹਸ ਕੇ ਟਾਲ ਦੇਵੇ।

ਜਦੋਂ ਕਿ ਅਸੀਂ ਇਸ ਪ੍ਰਕਾਰ ਆਪਣੇ ਹੋਛੇ ਸੰਦੇਹਵਾਦ ਨਾਲ ਪਤਾ ਲਾਇਆ ਕਿ ਚੁੰਬਕੀ-ਕਪਾਲ ਗਿਆਨ ਦੇ ਢੌਂਗ ਦਾ ਆਧਾਰ ਉਹਨਾਂ ਬਹੁਤ ਸਾਰੇ ਵਰਤਾਰਿਆਂ ਵਿਚ ਹੈ ਜਿਨ੍ਹਾਂ ਦਾ ਬਹੁਤਾ ਹਿੱਸਾ ਜਾਗ੍ਰਤ ਅਵਸਥਾ ਦੇ ਵਰਤਾਰਿਆਂ ਨਾਲੋਂ ਕੇਵਲ ਦਰਜੇ ਵਿਚ ਹੀ ਵਖਰਾ ਹੈ ਅਤੇ ਇਹਨਾਂ ਵਿਚੋਂ ਕੋਈ ਰਹੱਸਮਈ ਅਰਥ ਕੱਢਣ ਦੀ ਲੋੜ ਨਹੀਂ, ਉਥੇ ਮਿਸਟਰ ਵਾਲੇਸ ਦੀ "ਲਗਨ" (ardour) ਉਸ ਨੂੰ ਬਹੁਤ ਸਾਰੇ ਆਤਮ-ਛਲਾਂ ਤੱਕ ਲੈ ਗਈ, ਜਿਨ੍ਹਾਂ ਦੇ ਕਾਰਨ ਉਸ ਨੇ ਖੋਪੜੀ ਸੰਬੰਧੀ

ਗਾਲ ਦੇ ਨਕਸ਼ੇ ਦੀ ਇਸ ਦੇ ਕੁਲ ਵਿਸਥਾਰਾਂ ਵਿਚ ਪੁਸ਼ਟੀ ਕੀਤੀ ਅਤੇ ਆਮਲ ਤੇ ਮਾਮੂਲ ਵਿਚਕਾਰ ਇਕ ਰਹੱਸਮਈ ਸੰਬੰਧ ਵੇਖਿਆ।* ਮਿਸਟਰ ਵਾਲੇਸ ਦੀ ਕਹਾਣੀ ਵਿਚ, ਜਿਸ ਦੀ ਸੁਹਿਰਦਾ ਸਿਧੜਪਨ ਦੀ ਹੱਦ ਨੂੰ ਪਹੁੰਚ ਜਾਂਦੀ ਹੈ, ਥਾਂ ਪਰ ਥਾਂ ਇਹ ਪ੍ਰਤੱਖ ਹੁੰਦਾ ਹੈ ਕਿ ਉਸ ਨੂੰ ਹਰ ਕੀਮਤ ਉਤੇ ਇਹਨਾਂ ਅਸਚਰਜ ਘਟਨਾਵਾਂ ਨੂੰ ਮੁੜ ਪੈਦਾ ਕਰਨ ਦੇ ਇਸ ਢੰਗ ਦੇ ਵਾਸਤਵਿਕ ਪਿਛੋਕੜ ਦੀ ਖੋਜ ਕਰਨ ਨਾਲੋਂ ਬਹੁਤੀ ਫਿਕਰ ਸੀ। ਉਸ ਆਦਮੀ ਲਈ ਜਿਹੜਾ ਪਹਿਲਾਂ ਵਿਗਿਆਨੀ ਸੀ ਛੇਤੀ ਹੀ ਸਿਧੇ ਸਾਦੇ ਤੇ ਆਸਾਨ ਆਤਮ-ਛਲ ਨਾਲ ਇਕ ਪੱਖੀ ਵਿਚ ਤਬਦੀਲ ਹੋ ਜਾਣ ਲਈ ਕੇਵਲ ਇਸੇ ਕਿਸਮ ਦੀ ਮਾਨਸਿਕ ਬਣਤਰ ਦੀ ਲੋੜ ਹੁੰਦੀ ਹੈ। ਮਿਸਟਰ ਵਾਲੇਸ ਅਖੀਰ ਉਤੇ ਚੁੰਬਕੀ-ਕਪਾਲ ਗਿਆਨ ਦੀਆਂ ਕਰਾਮਾਤਾਂ ਦਾ ਵਿਸ਼ਵਾਸੀ ਬਣ ਗਿਆ ਅਤੇ ਇਸ ਲਈ ਪਹਿਲਾਂ ਹੀ ਇਕ ਪੈਰ ਰੂਹਾਂ ਦੀ ਦੁਨੀਆਂ ਵਿਚ ਰਖੀ ਖੜਾ ਸੀ।

ਇਸ ਦੁਨੀਆਂ ਵਿਚ ਦੂਜਾ ਪੈਰ ਉਸ ਨੇ ੧੮੬੫ ਵਿਚ ਰਖਿਆ। ਤਪਤ-ਖੰਡ ਵਿਚ ਆਪਣੀ ਬਾਰਾਂ ਸਾਲਾਂ ਦੀ ਯਾਤਰਾ ਤੋਂ ਪਰਤਣ ਤੇ, ਮੇਜ਼ ਘੁਮਾਉਣ** ਵਾਲੇ ਤਜਰਬਿਆਂ ਨੇ ਉਸਨੂੰ ਭਿੰਨ ਭਿੰਨ "ਮਾਧਿਅਮਾਂ"*** ਦੀ ਸੰਗਤ ਕਰਵਾਈ। ਕਿੱਨੀ ਤੇਜ਼ੀ ਨਾਲ ਉਸ ਦੀ ਪ੍ਰਗਤੀ ਹੋਈ, ਅਤੇ ਵਿਸ਼ੇ ਵਿਚ ਕਿੰਨੀ ਮੁਕੰਮਲ ਨਿਪੁੰਨਤਾ ਹੋਈ, ਇਸ ਦਾ ਪ੍ਰਮਾਣ ਉਪ੍ਰੋਕਤ ਕਿਤਾਬਚਾ ਹੈ। ਉਹ ਸਾਡੇ ਕੋਲੋਂ ਏਨੀ ਹੀ ਆਸ ਨਹੀਂ ਕਰਦਾ ਕਿ ਅਸੀਂ ਹੋਮਾਂ, ਡੇਵਿਨਪੋਰਟ ਭਰਾਵਾਂ, ਅਤੇ ਦੂਜੇ "ਮਾਧਿਅਮਾਂ" ਦੀਆਂ ਸਾਰੀਆਂ ਕਥਿਤ ਕਰਾਮਾਤਾਂ ਨੂੰ ਖਰਾ ਸਿੱਕਾ ਸਮਝੀਏ—ਇਹ ਸਾਰੇ ਹੀ ਵਧ ਜਾਂ ਘਟ ਪੈਸੇ ਲਈ ਆਪਣੇ ਪਰਦਰਸ਼ਨ ਕਰਦੇ ਸਨ ਅਤੇ ਬਹੁਤ ਕਰਕੇ ਅਕਸਰ ਦੰਭੀਆਂ ਵਜੋਂ ਨੰਗੇ ਹੋ ਚੁਕੇ ਹੋਏ ਸਨ—ਸਗੋਂ ਇਹ ਵੀ ਆਸ ਕਰਦਾ ਹੈ ਕਿ ਆਦਿ

---

*ਜਿਵੇਂ ਆਖਿਆ ਜਾ ਚੁਕਾ ਹੈ, ਮਾਮੂਲ ਅਭਿਆਸ ਨਾਲ ਆਪਣੇ ਆਪ ਨੂੰ ਪਰੀਪੂਰਨ ਬਣਾ ਲੈਂਦੇ ਹਨ। ਇਸ ਲਈ ਇਹ ਬਿਲਕੁਲ ਸੰਭਵ ਹੈ ਕਿ ਜਦੋਂ ਇੱਛਾ ਦੀ ਅਧੀਨਗੀ ਇਕ ਆਦਤ ਬਣ ਜਾਂਦੀ ਹੈ ਤਾਂ ਇਸ ਵਿਚ ਹਿੱਸੇਦਾਰਾਂ ਵਿਚਕਾਰ ਸੰਬੰਧ ਵਧੇਰੇ ਗੂੜ੍ਹਾ ਹੋ ਜਾਂਦਾ ਹੈ, ਵਿਅਕਤੀਗਤ ਵਰਤਾਰੇ ਤੀਖਣ ਹੋ ਜਾਂਦੇ ਹਨ ਅਤੇ ਜਾਗ੍ਰਿਤ ਅਵਸਥਾ ਵਿਚ ਵੀ ਹਲਕੇ ਰੂਪ ਵਿਚ ਪ੍ਰਤਿਬਿੰਬਤ ਹੁੰਦੇ ਹਨ।

**ਰੂਹਾਂ ਬੁਲਾਉਣ ਦੇ ਸ਼ੌਕੀਨ ਇਕ ਗੋਲ ਮੇਜ਼ ਦੁਆਲੇ ਬਹਿ ਜਾਂਦੇ ਹਨ ਅਤੇ ਇਕ ਬੰਦਾ, ਜਿਹੜਾ ਰੂਹਾਂ ਬੁਲਾਉਣ ਦਾ ਮਾਹਰ ਸਮਝਿਆ ਜਾਂਦਾ ਹੈ, ਇੱਛਤ ਰੂਹ ਨੂੰ ਬੁਲਾਉਂਦਾ ਹੈ। ਰੂਹ ਮੇਜ਼ ਨੂੰ ਘੁੰਮਾ ਕੇ ਆਪਣੇ ਆਉਣ ਦਾ ਸੰਕੇਤ ਦੇਂਦੀ ਹੈ।—**ਅਨੁ:**

***ਰੂਹਾਂ ਬੁਲਾਉਣ ਦੇ ਅਖੌਤੀ ਮਾਹਰ।—**ਅਨੁ:**

ਕਾਲ ਤੋਂ ਤੁਰੇ ਆਉਂਦੇ ਕਥਿਤ ਪ੍ਰਮਾਣਿਕ ਰੂਹਾਂ ਦੇ ਇਤਿਹਾਸਾਂ ਦੇ ਸਮੁਚੇ ਸਿਲਸਲੇ ਨੂੰ ਵੀ ਸੱਚ ਮੰਨੀਏ। ਯੂਨਾਨ ਦੀਆਂ ਗ਼ੈਬੀ ਸੂਚਨਾ ਦੇਣ ਵਾਲੀਆਂ ਸਾਧਣੀਆਂ ਅਤੇ ਮਧ-ਜੁਗ ਦੀਆਂ ਜਾਦੂਗਰਨੀਆਂ ਸਭ "ਮਾਧਿਅਮ" ਸਨ ਅਤੇ ਇਆਮਬਲੀਕਸ ਨੇ ਆਪਣੀ «De divinatione»* ਵਿਚ ਬਿਲਕੁਲ ਠੀਕ ਹੀ ਆਖਿਆ ਸੀ:

"ਆਧੁਨਿਕ ਰੂਹਪ੍ਰਸਤੀ ਦੇ ਅਤਿ ਅਸਚਰਜ ਵਰਤਾਰੇ" [ਪੰਨਾ ੨੨੯]।

ਮਿਸਟਰ ਵਾਲੇਸ ਇਹਨਾਂ ਕਰਾਮਾਤਾਂ ਨੂੰ ਵਿਗਿਆਨਕ ਤੌਰ ਤੇ ਸਿਧ ਕਰਨ ਅਤੇ ਪ੍ਰਮਾਣੀਕਤਾ ਬਾਰੇ ਕਿੰਨਾ ਘਟ ਗੰਭੀਰ ਵਤੀਰਾ ਧਾਰਨ ਕਰਦਾ ਹੈ, ਇਸ ਦੀ ਇਕ ਮਿਸਾਲ ਪੇਸ਼ ਹੈ। ਇਹ ਨਿਸਚੇ ਹੀ ਇਕ ਮਜ਼ਬੂਤ ਧਾਰਨਾ ਹੈ ਕਿ ਅਸੀਂ ਇਹ ਵਿਸ਼ਵਾਸ ਕਰੀਏ ਕਿ ਉਪ੍ਰੋਕਤ ਰੂਹਾਂ ਆਪਣੀ ਤਸਵੀਰ ਖਿੱਚੇ ਜਾਣ ਦੀ ਆਗਿਆ ਦੇਣਗੀਆਂ, ਅਤੇ ਯਕੀਨੀ ਤੌਰ ਤੇ ਸਾਨੂੰ ਇਹ ਮੰਗ ਕਰਨ ਦਾ ਹੱਕ ਹੈ ਕਿ ਰੂਹ ਦੀਆਂ ਅਜਿਹੀਆਂ ਤਸਵੀਰਾਂ, ਇਸ ਤੋਂ ਪਹਿਲਾਂ ਕਿ ਅਸੀਂ ਉਹਨਾਂ ਨੂੰ ਅਸਲੀ ਪ੍ਰਵਾਨ ਕਰ ਲਈਏ, ਅਤਿਅੰਤ ਸੰਦੇਹਮੁਕਤ ਤਰੀਕੇ ਨਾਲ ਪ੍ਰਮਾਣਿਤ ਕੀਤੀਆਂ ਜਾਣ। ਹੁਣ ਮਿਸਟਰ ਵਾਲੇਸ ਪੰਨਾ ੧੮੭ ਉਤੇ ਲਿਖਦਾ ਹੈ ਕਿ ਮਾਰਚ ੧੮੭੨ ਵਿਚ, ਇਕ ਪ੍ਰਮੁਖ ਮਾਧਿਅਮ ਸ੍ਰੀਮਤੀ ਗੱਪੀ ਨੇ, ਜਿਸ ਦਾ ਪੇਕਾ ਨਾਂ ਨਿਕਲ ਸੀ, ਨੌਟਿੰਗ ਹਿਲ[102] ਵਿਚ ਮਿਸਟਰ ਹਡਸਨ ਦੇ ਸਟੂਡੀਓ ਵਿਚ ਆਪਣੇ ਪਤੀ ਤੇ ਇਕ ਛੋਟੇ ਮੁੰਡੇ ਨਾਲ ਆਪਣੀ ਫੋਟੋ ਖਿਚਵਾਈ ਸੀ, ਅਤੇ ਦੋ ਵੱਖ ਵੱਖ ਤਸਵੀਰਾਂ ਵਿਚ ਉਸ ਦੇ ਪਿਛੇ ਇਕ ਔਰਤ ਦਾ ਲੰਮਾ ਆਕਾਰ ਇਸ ਅੰਦਾਜ਼ ਵਿਚ ਵਿਖਾਈ ਦੇਂਦਾ ਸੀ ਜਿਵੇਂ ਉਹ ਅਸ਼ੀਰਵਾਦ ਦੇ ਰਹੀ ਹੋਵੇ। ਇਸ ਆਕਾਰ ਨੇ ਬੜੇ ਸੁਹਣੇ ਢੰਗ ਦਾ ਚਿੱਟਾ ਬਾਰੀਕ ਲਿਬਾਸ ਪਾਇਆ ਹੋਇਆ ਸੀ ਅਤੇ ਇਸ ਦਾ ਮੂੰਹ ਮੁਹਾਂਦਰਾ ਪੂਰਬ ਦੇ ਲੋਕਾਂ ਨਾਲ ਮਿਲਦਾ ਜੁਲਦਾ ਸੀ।

"ਫਿਰ, ਇਥੇ ਦੋ ਵਿਚੋਂ ਇਕ ਗੱਲ ਉੱਕਾ ਹੀ ਨਿਸਚਿਤ** **ਹਨ**।*** ਜਾਂ ਤਾਂ ਉਥੇ ਇਕ ਜਿਊਂਦਾ ਜਾਗਦਾ, ਬੁਧੀਮਾਨ, ਪਰ ਅਦਿਖ ਜੀਵ ਮੌਜੂਦ ਸੀ, ਜਾਂ ਸ੍ਰੀ ਅਤੇ ਸ੍ਰੀਮਤੀ ਗੱਪੀ, ਫੋਟੋਗ੍ਰਾਫਰ ਅਤੇ ਕਿਸੇ ਚੌਥੇ ਬੰਦੇ ਨੇ ਰਲਕੇ

---

* "ਭਵਿਖ ਬਾਣੀ ਸੰਬੰਧੀ"। —**ਅਨੁ:**

** «Here, then, one of two things *are* absolutely certain.»

ਆਤਮਾ ਦਾ ਜਗਤ ਵਿਆਕਰਣ ਤੋਂ ਸ੍ਰੇਸ਼ਠ ਹੈ। ਇਕ ਵਾਰ ਇਕ ਮਸਖ਼ਰੇ ਨੇ ਮਾਧਿਅਮ ਦੁਆਰਾ ਵਿਆਕਰਣੀ ਲਿੰਡਲੇ ਮਾਰੀ ਦੀ ਆਤਮਾ ਨੂੰ ਬੁਲਾਇਆ ਸੀ।

ਇਕ ਸ਼ਰਾਰਤੀ (wicked) ਢਕਵੰਜ ਰਚਿਆ ਸੀ, ਅਤੇ ਓਦੋਂ ਤੋਂ ਹੀ ਇਸ ਨੂੰ ਕਾਇਮ ਰਖਿਆ ਹੋਇਆ ਹੈ। ਸ੍ਰੀ ਅਤੇ ਸ੍ਰੀਮਤੀ ਗੱਪੀ ਨੂੰ ਜਿੰਨੀ ਚੰਗੀ ਤਰ੍ਹਾਂ ਮੈਂ ਜਾਣਦਾ ਹਾਂ, ਉਸ ਤੋਂ ਮੈਂ ਇਹ **ਪੱਕੇ ਨਿਸਚੇ ਨਾਲ***** ਮਹਿਸੂਸ ਕਰਦਾ ਹਾਂ ਕਿ ਉਹ ਇਸ ਕਿਸਮ ਦੇ ਢਕਵੰਜ ਦੇ ਓਨੇ ਹੀ ਅਸਮਰਥ ਹਨ ਜਿੰਨਾ ਪ੍ਰਾਕਿਰਤਕ ਵਿਗਿਆਨ ਦੇ ਖੇਤਰ ਵਿਚ ਸੱਚ ਦਾ ਕੋਈ ਵੀ ਉਤਸਾਹੀ ਖੋਜੀ ਹੁੰਦਾ ਹੈ।" [ ਪੰਨਾ ੧੮੮ ]।

ਫਲਸਰੂਪ, ਜਾਂ ਛਲ ਜਾਂ ਰੂਹ ਦੀਆਂ ਤਸਵੀਰਾਂ। ਬਿਲਕੁਲ ਠੀਕ। ਅਤੇ, ਜੇ ਛਲ ਹੈ, ਤਾਂ ਜਾਂ ਰੂਹ ਪਹਿਲਾਂ ਹੀ ਫੋਟੋ ਦੀਆਂ ਪਲੇਟਾਂ ਉਤੇ ਸੀ, ਜਾਂ ਇਸ ਨਾਲ ਚਾਰ ਬੰਦਿਆਂ ਦਾ ਸੰਬੰਧ ਹੋਵੇਗਾ, ਜਾਂ ਤਿੰਨਾਂ ਦਾ ਜੇ ਅਸੀਂ ਕਮਜ਼ੋਰ ਮਨ ਵਾਲੇ ਜਾਂ ਬੁਧੂ ਬਣਾਏ ਗਏ ਬੁਢੇ ਸ੍ਰੀਮਾਨ ਗੱਪੀ ਨੂੰ ਨਾ ਗਿਣੀਏ ਜਿਹੜਾ ੮੪ ਵਰ੍ਹਿਆਂ ਦੀ ਉਮਰ ਵਿਚ ਜਨਵਰੀ ੧੮੭੫ ਵਿਚ ਮਰਿਆ ਸੀ (ਉਹਨੂੰ ਕੇਵਲ ਪਿਛੋਕੜ ਦੇ ਸਪੇਨੀ ਪਰਦੇ ਓਹਲੇ ਭੇਜਣ ਦੀ ਹੀ ਲੋੜ ਸੀ)। ਇਸ ਗੱਲ ਲਈ ਦਲੀਲ ਪੇਸ਼ ਕਰਨ ਦੀ ਲੋੜ ਨਹੀਂ ਕਿ ਫੋਟੋਗ੍ਰਾਫਰ ਬਿਨਾਂ ਕਿਸੇ ਮੁਸ਼ਕਲ ਦੇ ਰੂਹ ਲਈ "ਮਾਡਲ" ਪ੍ਰਾਪਤ ਕਰ ਸਕਦਾ ਸੀ। ਪਰ ਇਸ ਤੋਂ ਥੋੜਾ ਹੀ ਚਿਰ ਮਗਰੋਂ, ਫੋਟੋਗ੍ਰਾਫਰ ਹਡਸਨ ਉਤੇ ਰੂਹ ਦੀਆਂ ਤਸਵੀਰਾਂ ਦੀ ਜਾਅਲਸਾਜ਼ੀ ਕਰਨ ਦਾ ਆਦੀ ਹੋਣ ਲਈ ਮੁਕਦਮਾ ਚਲਾਇਆ ਗਿਆ ਸੀ, ਇਸ ਲਈ ਮਿਸਟਰ ਵਾਲੇਸ ਸ਼ਾਂਤ ਚਿੱਤ ਹੋ ਕੇ ਟਿਪਣੀ ਕਰਦਾ ਹੈ:

"ਇਕ ਗੱਲ ਸਪਸ਼ਟ ਹੈ: ਜੇ ਕਰ ਕੋਈ ਢਕਵੰਜ ਸੀ, ਤਾਂ ਖੁਦ ਰੂਹਪ੍ਰਸਤਾਂ ਵਲੋਂ ਇਸ ਦਾ ਇਕ ਦਮ ਪਤਾ ਲਾ ਲਿਆ ਗਿਆ ਸੀ" [ ਪੰਨਾ ੧੮੯ ]।

ਇਸ ਲਈ ਫੋਟੋਗ੍ਰਾਫਰ ਉਤੇ ਬਹੁਤਾ ਭਰੋਸਾ ਨਹੀਂ ਰਖਿਆ ਜਾ ਸਕਦਾ। ਰਹੀ ਗੱਲ ਸ੍ਰੀਮਤੀ ਗੱਪੀ ਦੀ, ਅਤੇ ਉਹਦੇ ਲਈ ਸਾਡੇ ਮਿਤਰ ਵਾਲੇਸ ਦਾ "ਪੱਕਾ ਨਿਸਚਾ" ਹੀ ਕੇਵਲ ਹੈ ਅਤੇ ਹੋਰ ਕੁਝ ਨਹੀਂ।—ਕੁਝ ਨਹੀਂ? ਉੱਕਾ ਹੀ ਨਹੀਂ। ਸ੍ਰੀਮਤੀ ਗੱਪੀ ਦੀ ਉੱਕਾ ਹੀ ਵਿਸ਼ਵਾਸ-ਯੋਗਤਾ ਉਸ ਦੇ ਆਪਣੇ ਹੀ ਕਥਨ ਤੋਂ ਪ੍ਰਤੱਖ ਹੁੰਦੀ ਹੈ ਕਿ ਜੂਨ ੧੮੭੧ ਦੇ ਸ਼ੁਰੂ ਵਿਚ ਇਕ ਸ਼ਾਮ ਨੂੰ ਉਸ ਨੂੰ ਬੇਹੋਸ਼ੀ ਦੀ ਹਾਲਤ ਵਿਚ ਹਾਈਬਰੀ ਹਿੱਲ ਪਾਰਕ ਵਿਚ ਉਸ ਦੇ ਮਕਾਨ ਤੋਂ ਹਵਾ ਰਾਹੀਂ,

---

ਇਸ ਸਵਾਲ ਦੇ ਜਵਾਬ ਵਿਚ ਕਿ ਕੀ ਉਹ ਉਥੇ ਸੀ, ਉਸ ਨੇ ਜਵਾਬ ਦਿਤਾ: "ਮੈਂ ਹਨ।" ਇਹ ਮਾਧਿਅਮ ਅਮ੍ਰੀਕੀ ਸੀ।

***ਪੰਨਿਆਂ ੧੧੪ ਅਤੇ ੧੧੫ ਉਤੇ ਸ਼ਬਦ ਤੇ ਜ਼ੋਰ ਏਂਗਲਜ਼ ਵਲੋਂ।—**ਸੰਪਾ:**

ਲੈਮਬਜ਼ ਕੰਡੂਇਟ ਸਟਰੀਟ ਦੇ ਨੰ. ੬੯ ਵਿਚ ਲਿਆਂਦਾ ਗਿਆ — ਕਾਂ ਉਡਾਰੀ ਦੇ ਹਿਸਾਬ ਨਾਲ ਅੰਗ੍ਰੇਜ਼ੀ ਮਾਪ ਦੇ ਤਿੰਨ ਮੀਲ ਦੂਰ — ਅਤੇ ਕਥਿਤ ਨੰ. ੬੯ ਮਕਾਨ ਵਿਚ ਰੂਹਾਂ ਸਦਣ ਲਈ ਕੀਤੇ ਇਕ ਇਕੱਠ ਵਿਚਾਲੇ ਇਕ ਮੇਜ਼ ਉਤੇ ਟਿਕਾ ਦਿਤਾ ਗਿਆ। ਕਮਰੇ ਦੇ ਦਰਵਾਜ਼ੇ ਬੰਦ ਸਨ, ਅਤੇ ਸ੍ਰੀਮਤੀ ਗੱਪੀ ਲੰਦਨ ਦੀਆਂ ਸਭ ਤੋਂ ਵਧ ਹੱਟੀਆਂ ਕੱਟੀਆਂ ਔਰਤਾਂ ਵਿਚੋਂ ਇਕ ਸੀ, ਜੋ ਨਿਸਚੇ ਹੀ ਬਹੁਤ ਕੁਝ ਆਖ ਦੇਣਾ ਹੈ, ਤਾਂ ਵੀ ਉਸ ਦੇ ਅਚਾਨਕ ਅੰਦਰ ਦਾਖਲ ਹੋਣ ਨਾਲ ਦਰਵਾਜ਼ਿਆਂ ਜਾਂ ਛੱਤ ਵਿਚ ਨਿੱਕੀ ਤੋਂ ਨਿੱਕੀ ਮੋਰੀ ਦਾ ਨਿਸ਼ਾਨ ਵੀ ਨਹੀਂ ਸੀ ਪਿਆ (੮ ਜੂਨ, ੧੮੭੧ ਨੂੰ ਲੰਦਨ ਦੇ ਅਖਬਾਰ «Echo»[103] ਵਿਚ ਖਬਰ)। ਅਤੇ ਜੇ ਕੋਈ ਹਾਲੇ ਵੀ ਰੂਹ ਦੀ ਫੋਟੋਗ੍ਰਾਫੀ ਦੀ ਅਸਲੀਅਤ ਉਤੇ ਵਿਸ਼ਵਾਸ ਨਹੀਂ ਕਰਦਾ, ਤਾਂ ਉਹਦਾ ਕੋਈ ਇਲਾਜ ਨਹੀਂ।

ਅੰਗ੍ਰੇਜ਼ ਪ੍ਰਾਕਿਰਤਕ ਵਿਗਿਆਨੀਆਂ ਵਿਚ ਦੂਜਾ ਉਘਾ ਪੱਖੀ ਮਿਸਟਰ ਵਿਲੀਅਮ ਕਰੁਕਸ ਹੈ ਜਿਸ ਨੇ ਰਸਾਇਣੀ ਤੱਤ ਥੇਲੀਅਮ ਦੀ ਅਤੇ ਰੇਡੀਓਮੀਟਰ ਦੀ ਲਭਤ ਲਭੀ ਸੀ (ਜਰਮਨੀ ਵਿਚ ਇਸ ਨੂੰ «Lichtmühle»[104] ਵੀ ਆਖਿਆ ਜਾਂਦਾ ਹੈ)। ਮਿਸਟਰ ਕਰੁਕਸ ਨੇ ਰੂਹਾਂ ਦੇ ਪ੍ਰਗਟ ਹੋਣ ਦੀ ਜਾਂਚ-ਪੜਤਾਲ ੧੮੭੧ ਦੇ ਨੇੜੇ ਸ਼ੁਰੂ ਕੀਤੀ ਸੀ, ਅਤੇ ਇਸ ਮਨੋਰਥ ਲਈ ਕਈ ਭੌਤਿਕ ਅਤੇ ਯਾਂਤ੍ਰਿਕ ਸਾਧਨਾਂ ਦੀ ਵਰਤੋਂ ਕੀਤੀ ਸੀ ਜਿਵੇਂ ਸਪਰਿੰਗਾਂ ਵਾਲੇ ਕੰਡੇ, ਬਿਜਲੀ ਦੀਆਂ ਬੈਟਰੀਆਂ, ਆਦਿ। ਉਸ ਨੇ ਮੁਖ ਲੋੜੀਂਦੇ ਸਾਧਨ, ਸ਼ੰਕਾਵਾਦੀ ਢੰਗ ਦਾ ਨੁਕਤਾਚੀਨ ਮਨ, ਆਪਣੇ ਕਾਰਜ ਲਈ ਵਰਤੋਂ ਵਿਚ ਲਿਆਂਦਾ, ਜਾਂ ਉਸ ਨੇ ਇਸ ਨੂੰ ਕੰਮ ਕਰਨ ਲਈ ਅਖੀਰ ਤੱਕ ਨਰੋਈ ਹਾਲਤ ਵਿਚ ਰਖਿਆ, ਇਹ ਤਾਂ ਅਸੀਂ ਵੇਖਾਂਗੇ। ਹਰ ਹਾਲਤ ਵਿਚ, ਥੋੜੇ ਜਿਹੇ ਸਮੇਂ ਅੰਦਰ ਹੀ, ਮਿਸਟਰ ਕਰੁਕਸ ਵੀ ਮਿਸਟਰ ਵਾਲੇਸ ਵਾਂਗ ਹੀ ਪੂਰੀ ਤਰ੍ਹਾਂ ਇਸ ਵਿਚ ਮੁਗਧ ਹੋ ਗਿਆ ਸੀ।

> "ਕੁਝ ਸਾਲ", ਉਹ ਲਿਖਦਾ ਹੈ, "ਇਕ ਨੌਜਵਾਨ ਇਸਤ੍ਰੀ, ਕੁਮਾਰੀ ਫਲੋਰੈਂਸ ਕੁਕ, ਇਕ ਕਮਾਲ ਦੇ ਮਾਧਿਅਮ ਦਾ ਕੰਮ ਕਰਦੀ ਰਹੀ ਹੈ, ਜਿਹੜੀ ਪਿਛੇ ਜਿਹੇ ਸਿਖਰ ਨੂੰ ਪੁਜ ਗਈ। ਉਹਨੇ ਇਕ ਇਸਤ੍ਰੀ ਦਾ ਆਕਾਰ ਲਿਆਂਦਾ ਜਿਹੜਾ ਰੂਹਾਨੀ ਮੂਲ ਦਾ ਜਾਪਦਾ ਸੀ ਅਤੇ ਜਿਹੜਾ ਨੰਗੇ ਪੈਰੀਂ ਅਤੇ ਲਹਿਰਾਉਂਦੇ ਚਿਟੇ ਕਪੜਿਆਂ ਵਿਚ ਉਥੇ ਆਇਆ ਜਦੋਂ ਕਿ ਉਹ ਆਪ ਕਾਲੇ ਕਪੜਿਆਂ ਵਿਚ ਕੋਠੜੀ (cabinet) ਜਾਂ ਨਾਲ ਦੇ ਕਮਰੇ ਵਿਚ ਮਜ਼ਬੂਤੀ ਨਾਲ ਰਸੀਆਂ ਨਾਲ ਬੰਨ੍ਹੀ, ਬੇਹੋਸ਼ ਪਈ ਸੀ" [ਪੰਨਾ ੧੮੧]।

ਇਸ ਰੂਹ ਨੂੰ, ਜਿਹੜੀ ਆਪਣੇ ਆਪ ਨੂੰ ਕੇਟੀ ਕਹਿੰਦੀ ਸੀ, ਅਤੇ ਜ਼ਿਹੜੀ ਕੁਮਾਰੀ ਕੁਕ ਨਾਲ ਬਹੁਤ ਹੀ ਮਿਲਦੀ ਜੁਲਦੀ ਸੀ, ਇਕ ਸ਼ਾਮ ਅਚਾਨਕ ਹੀ

ਮਿਸਟਰ ਫੋਲਕਮਾਨ —ਅਜਕਲ ਸ੍ਰੀਮਤੀ ਗੱਪੀ ਦਾ ਪਤੀ—ਨੇ ਲੱਕ ਦੁਆਲੇ ਜੱਫਾ ਮਾਰ ਲਿਆ ਅਤੇ ਇਹ ਵੇਖਣ ਲਈ ਘੁਟ ਕੇ ਫੜ ਰਖਿਆ ਕਿ ਇਹ ਸਚਮੁਚ ਹੀ ਇਕ ਦੂਜੇ ਰੂਪ ਵਿਚ ਕਿਧਰੇ ਕੁਮਾਰੀ ਕੁਕ ਹੀ ਤਾਂ ਨਹੀਂ। ਰੂਹ ਨੇ ਆਪਣੇ ਆਪ ਨੂੰ ਇਕ ਚੰਗੀ ਬਲਵਾਨ ਮੁਟਿਆਰ ਸਿਧ ਕੀਤਾ, ਇਸ ਨੇ ਪੁਰਜੋਸ਼ ਢੰਗ ਨਾਲ ਆਪਣਾ ਬਚਾਓ ਕੀਤਾ, ਦਰਸ਼ਕਾਂ ਨੇ ਦਖਲ ਦਿਤਾ, ਗੈਸ ਦੀ ਬਤੀ ਬੁਝਾ ਦਿਤੀ ਗਈ, ਅਤੇ ਜਦੋਂ, ਕੁਝ ਹੱਥੋ ਪਾਈ ਤੋਂ ਮਗਰੋਂ, ਮੁੜ ਸ਼ਾਂਤੀ ਸਥਾਪਤ ਹੋਈ ਅਤੇ ਕਮਰੇ ਵਿਚ ਚਾਨਣ ਕੀਤਾ ਗਿਆ, ਤਾਂ ਰੂਹ ਉਥੋਂ ਗ਼ਾਇਬ ਹੋ ਚੁਕੀ ਸੀ ਅਤੇ ਕੁਮਾਰੀ ਕੁਕ ਬੱਝੀ ਹੋਈ ਅਤੇ ਬੇਹੋਸ਼ ਆਪਣੀ ਥਾਂ ਤੇ ਪਈ ਸੀ। ਇਸ ਦੇ ਬਾਵਜੂਦ, ਕਿਹਾ ਜਾਂਦਾ ਹੈ ਕਿ ਮਿਸਟਰ ਫੋਲਕਮਾਨ ਅੱਜ ਦਿਨ ਤੱਕ ਇਸ ਗੱਲ ਉਤੇ ਅੜਿਆ ਹੋਇਆ ਹੈ ਕਿ ਉਸ ਨੇ ਕੁਮਾਰੀ ਕੁਕ ਨੂੰ ਹੀ ਫੜਿਆ ਸੀ ਅਤੇ ਹੋਰ ਕਿਸੇ ਨੂੰ ਨਹੀਂ। ਇਸ ਗੱਲ ਨੂੰ ਵਿਗਿਆਨਕ ਤੌਰ ਤੇ ਸਿਧ ਕਰਨ ਲਈ, ਇਕ ਪ੍ਰਸਿਧ ਬਿਜਲੀ ਮਾਹਿਰ, ਮਿਸਟਰ ਵਾਰਲੇ ਨੇ, ਇਕ ਨਵਾਂ ਤਜਰਬਾ ਕਰਨ ਦੇ ਮੌਕੇ, ਅਜਿਹਾ ਪ੍ਰਬੰਧ ਕੀਤਾ ਕਿ ਮਾਧਿਅਮ, ਕੁਮਾਰੀ ਕੁਕ, ਦੇ ਵਿਚੋਂ ਦੀ ਇਕ ਬੈਟਰੀ ਦਾ ਕਰੰਟ ਇਸ ਤਰੀਕੇ ਨਾਲ ਲੰਘੇ ਕਿ ਉਹ ਇਸ ਕਰੰਟ ਵਿਚ ਵਿਘਨ ਪਾਏ ਬਿਨਾਂ ਰੂਹ ਦਾ ਰੋਲ ਨਾ ਅਦਾ ਕਰ ਸਕੇ। ਇਸ ਦੇ ਬਾਵਜੂਦ, ਰੂਹ ਪ੍ਰਗਟ ਹੋਈ ਸੀ। ਇਸ ਲਈ ਨਿਰਸੰਦੇਹ ਇਹ ਕੁਮਾਰੀ ਕੁਕ ਨਾਲੋਂ ਵਖਰੀ ਹੋਂਦ ਸੀ। ਇਸ ਗੱਲ ਨੂੰ ਹੋਰ ਸਿਧ ਕਰਨਾ ਮਿਸਟਰ ਕਰੁਕਸ ਦਾ ਕੰਮ ਸੀ। ਉਸ ਦਾ ਪਹਿਲਾ ਕਦਮ ਸੀ ਉਸ ਇਸਤ੍ਰੀ ਦਾ **ਵਿਸ਼ਵਾਸ** ਪ੍ਰਾਪਤ ਕਰਨਾ ਜਿਸ ਵਿਚ ਰੂਹ ਪ੍ਰਗਟ ਹੁੰਦੀ ਸੀ।

ਪ ਜੂਨ, ੧੮੭੪ ਦੇ «Spiritualist» ਵਿਚ ਉਹ ਆਪ ਕਹਿੰਦਾ ਹੈ ਕਿ ਇਹ ਵਿਸ਼ਵਾਸ "ਹੌਲੀ ਹੌਲੀ ਇਸ ਹੱਦ ਤੱਕ ਵਧ ਗਿਆ ਕਿ ਉਸ ਨੇ ਓਨਾ ਚਿਰ ਬੈਠਕ ਕਰਨ (séance) ਤੋਂ ਇਨਕਾਰ ਕਰ ਦਿਤਾ ਜਿੰਨਾ ਚਿਰ **ਪ੍ਰਬੰਧ ਮੈਂ ਨਾ ਕਰਾਂ**।* ਉਸ ਨੇ ਆਖਿਆ ਕਿ ਉਹ ਚਾਹੁੰਦੀ ਹੈ **ਮੈਂ*** ਹਮੇਸ਼ਾ ਉਹਦੇ ਨੇੜੇ ਅਤੇ ਕੋਠੜੀ ਦੇ ਆਸ ਪਾਸ ਰਹਾਂ; ਮੈਂ ਵੇਖਿਆ ਕਿ—ਜਦੋਂ ਇਹ ਵਿਸ਼ਵਾਸ ਸਥਾਪਤ ਹੋ ਗਿਆ ਸੀ ਅਤੇ ਉਸ ਨੂੰ ਯਕੀਨ ਹੋ ਗਿਆ ਕਿ **ਮੈਂ ਉਸ ਨਾਲ ਕੀਤਾ ਕੋਈ ਇਕਰਾਰ ਨਹੀਂ ਤੋੜਾਂਗਾ*** —ਵਰਤਾਰਿਆਂ ਦੀ ਸ਼ਕਤੀ ਵਿਚ ਵਾਧਾ ਹੋ ਗਿਆ ਅਤੇ ਇਸ ਦੇ ਵੱਧ ਤੋਂ ਵੱਧ ਪ੍ਰਮਾਣ ਮਿਲਣ ਲਗੇ ਜਿਹੜੇ ਹੋਰ ਕਿਸੇ ਤਰ੍ਹਾਂ ਪ੍ਰਾਪਤ ਨਹੀਂ ਸੀ ਹੋਣੇ। ਉਹ ਬੈਠਕਾਂ ਵਿਚ ਮੌਜੂਦ ਲੋਕਾਂ ਬਾਰੇ ਅਤੇ ਉਹਨਾਂ ਨੂੰ ਦਿਤੀਆਂ ਥਾਵਾਂ ਬਾਰੇ **ਮੇਰੇ ਨਾਲ*** ਅਕਸਰ

---

*ਸ਼ਬਦਾਂ ਉਤੇ ਜ਼ੋਰ ਏਂਗਲਜ਼ ਵਲੋਂ।—**ਸੰਪਾ:**

**ਮਸ਼ਵਰਾ ਕਰਦੀ ਸੀ** *, ਕਿਉਂਕਿ **ਪਿਛੇ** ਜਿਹੇ ਤੋਂ ਉਹ ਬਹੁਤ ਘਬਰਾਈ ਰਹਿਣ ਲਗ ਪਈ ਸੀ (nervous) ਜਿਸ ਦਾ ਕਾਰਨ ਕੁਝ ਅਜਿਹੇ ਅਨੁਚਿਤ ਸੰਕੇਤ ਸਨ ਕਿ, ਖੋਜ-ਪੜਤਾਲ ਦੀਆਂ ਦੂਜੀਆਂ ਵਧੇਰੇ ਵਿਗਿਆਨਕ ਵਿਧੀਆਂ ਤੋਂ ਇਲਾਵਾ, **ਬਲ** * ਦਾ ਪ੍ਰਯੋਗ ਵੀ ਕੀਤਾ ਜਾਣ ਚਾਹੀਦਾ ਹੈ।"

ਰੂਹ ਦੇ ਰੂਪ ਵਿਚ ਆਉਂਦੀ ਕੁਮਾਰੀ ਨੇ ਇਸ ਭਰੋਸੇ ਦਾ, ਜਿਹੜਾ ਕਿ ਉਤਨਾ ਹੀ ਮਿਹਰਬਾਨੀ ਵਾਲਾ ਸੀ ਜਿੰਨਾ ਵਿਗਿਆਨਕ, ਵਧ ਤੋਂ ਵਧ ਮਾਤਰਾ ਵਿਚ ਬਦਲਾ ਚੁਕਾਇਆ। ਇਥੋਂ ਤੱਕ ਕਿ ਉਹ ਮਿਸਟਰ ਕਰੁਕਸ ਦੇ ਘਰ ਵੀ ਪ੍ਰਗਟ ਹੋਈ— ਜਿਸ ਤੋਂ ਸਾਨੂੰ ਹੁਣ ਕੋਈ ਹੈਰਾਨੀ ਨਹੀਂ ਹੋ ਸਕਦੀ—ਉਹਦੇ ਬਚਿਆਂ ਨਾਲ ਖੇਡੀ ਅਤੇ ਉਹਨਾਂ ਨੂੰ "ਹਿੰਦੁਸਤਾਨ ਵਿਚ ਆਪਣੇ ਨਾਲ ਵਾਪਰੀਆਂ ਘਟਨਾਵਾਂ ਬਾਰੇ ਕਹਾਣੀਆਂ" ਸੁਣਾਈਆਂ, ਮਿਸਟਰ ਕਰੁਕਸ ਨੂੰ "ਆਪਣੇ ਪਿਛਲੇ ਜੀਵਨ ਦੇ ਕੁਝ ਤਲਖ ਤਜਰਬਿਆਂ" ਦਾ ਵੇਰਵਾ ਦਸਿਆ, ਉਸ ਨੂੰ ਆਪਣੀ ਬਾਂਹ ਫੜ ਲੈਣ ਦਿਤੀ ਤਾਂ ਜੋ ਉਹ ਆਪਣੇ ਆਪ ਨੂੰ ਉਸ ਦੀ ਪ੍ਰਤੱਖ ਸਰੀਰਕਤਾ ਬਾਰੇ ਕਾਇਲ ਕਰ ਸਕੇ, ਉਸ ਨੂੰ ਆਪਣੀ ਨਬਜ਼ ਵੇਖਣ ਦਿਤੀ ਅਤੇ ਪ੍ਰਤਿ ਮਿੰਟ ਸਾਹਾਂ ਦੀ ਗਿਣਤੀ ਕਰਨ ਦਿਤੀ, ਅਤੇ ਆਖਰੀ ਗੱਲ ਮਿਸਟਰ ਕਰੁਕਸ ਨਾਲ ਆਪਣੀ ਤਸਵੀਰ ਖਿਚੇ ਜਾਣ ਦੀ ਆਗਿਆ ਦੇ ਦਿੱਤੀ।

ਮਿਸਟਰ ਵਾਲੇਸ ਲਿਖਦਾ ਹੈ ਕਿ "ਇਹ ਆਕਾਰ, ਵੇਖੇ ਜਾਣ, ਮਹਿਸੂਸ ਕੀਤੇ ਜਾਣ, ਗੱਲਬਾਤ ਕਰਨ, ਅਤੇ ਤਸਵੀਰ ਖਿਚੇ ਜਾਣ ਮਗਰੋਂ, ਉਸ ਨਿਕੇ ਜਿਹੇ ਕਮਰੇ ਵਿਚੋਂ **ਉੱਕਾ ਹੀ ਲੋਪ ਹੋ ਗਿਆ** * ਜਿਸ ਵਿਚੋਂ ਬਾਹਰ ਨਿਕਲਣ ਦਾ ਹੋਰ ਕੋਈ ਰਾਹ ਨਹੀਂ ਸੀ ਸਿਵਾਏ ਉਸ ਨਾਲ ਲਗਦੇ ਕਮਰੇ ਦੇ ਜਿਹੜਾ ਦਰਸ਼ਕਾਂ ਨਾਲ ਭਰਿਆ ਹੋਇਆ ਸੀ" [ਪੰਨਾ ੧੮੩],

—ਜੋ ਕੋਈ ਇੰਨਾ ਵੱਡਾ ਕਾਰਨਾਮਾ ਨਹੀਂ ਸੀ, ਜੇ ਦਰਸ਼ਕ ਮਿਸਟਰ ਕਰੁਕਸ ਵਿਚ ਜਿਸ ਦੇ ਘਰ ਵਿਚ ਇਹ ਸਭ ਕੁਝ ਹੋਇਆ ਸੀ, ਓਨਾ ਹੀ ਵਿਸ਼ਵਾਸ ਦਰਸਾਉਣ ਜਿੰਨਾ ਮਿਸਟਰ ਕਰੁਕਸ ਰੂਹ ਵਿਚ ਦਰਸਾਉਂਦਾ ਸੀ।

ਬਦਕਿਸਮਤੀ ਨਾਲ ਇਹ "ਪੂਰੀ ਤਰ੍ਹਾਂ ਪ੍ਰਮਾਣਿਤ ਵਰਤਾਰੇ" ਰੂਹਪ੍ਰਸਤਾਂ ਲਈ ਵੀ ਤੁਰਤ ਹੀ ਮੰਨਣਯੋਗ ਨਹੀਂ ਸਨ। ਅਸੀਂ ਉਪਰ ਵੇਖਿਆ ਸੀ ਕਿਵੇਂ ਉਸੇ ਹੀ ਰੂਹਪ੍ਰਸਤ ਮਿਸਟਰ ਫੋਲਕਮਾਨ ਨੇ, ਖ਼ੁਦ ਸਰੀਰਕ ਝੱਪਟ ਮਾਰੀ ਸੀ। ਅਤੇ ਹੁਣ

---

*ਸ਼ਬਦਾਂ ਉਤੇ ਜ਼ੋਰ ਏਂਗਲਜ਼ ਵਲੋਂ।—**ਸੰਪਾ:**

ਇਕ ਪਾਦਰੀ, "ਰੂਹਪ੍ਰਸਤਾਂ ਦੀ ਬਰਤਾਨਵੀ ਕੌਮੀ ਸਭਾ" ਦੀ ਕਮੇਟੀ ਦਾ ਇਕ ਮੈਂਬਰ ਵੀ ਕੁਮਾਰੀ ਕੁਕ ਨਾਲ ਇਕ ਬੈਠਕ ਵਿਚ ਮੌਜੂਦ ਸੀ, ਅਤੇ ਉਸ ਨੇ ਬਿਨਾਂ ਮੁਸ਼ਕਲ ਦੇ ਇਹ ਤੱਥ ਸਥਾਪਤ ਕੀਤਾ ਕਿ ਜਿਸ ਕਮਰੇ ਦੇ ਦਰਵਾਜ਼ੇ ਰਾਹੀਂ ਰੂਹ ਆਈ ਅਤੇ ਲੋਪ ਹੋਈ ਸੀ ਉਸ ਦਾ ਇਕ **ਦੂਜਾ ਦਰਵਾਜ਼ਾ** ਬਾਹਰੀ ਸੰਸਾਰ ਨਾਲ ਆਉਣ ਜਾਣ ਦਾ ਸੰਬੰਧ ਪੈਦਾ ਕਰਦਾ ਹੈ। ਮਿਸਟਰ ਕਰੁਕਸ ਦੇ ਵਿਹਾਰ ਨੇ, ਜਿਹੜਾ ਕਿ ਉਥੇ ਮੌਜੂਦ ਸੀ, "ਮੇਰੇ ਵਿਸ਼ਵਾਸ ਨੂੰ ਆਖਰੀ ਮਾਰੂ-ਸੱਟ ਲਾਈ ਕਿ ਅਜਿਹੇ ਪ੍ਰਗਟਾਆਂ ਵਿਚ ਕੁਝ ਗੰਭੀਰ ਹੋ ਸਕਦਾ ਹੈ।" ("ਰਹੱਸਮਈ ਲੰਦਨ", ਕਰਤਾ ਪਾਦਰੀ ਚ. ਮੌਰਿਸ ਡੇਵੀਜ਼, ਲੰਦਨ, ਟਿਨਸਲੇ ਬ੍ਰਦਰਜ਼ [ਪੰਨਾ ੩੧੯])। ਅਤੇ, ਇਸ ਤੋਂ ਵੀ ਅਗਲੀ ਗੱਲ, ਅਮ੍ਰੀਕਾ ਵਿਚ ਇਹ ਗੱਲ ਪ੍ਰਕਾਸ਼ ਵਿਚ ਆਈ ਕਿ "ਕੇਟੀਆ" ਨੂੰ ਕਿਵੇਂ "ਸਾਖਿਆਤ ਪ੍ਰਗਟ ਕੀਤਾ" ਗਿਆ ਸੀ। ਹੋਲਮਜ਼ ਨਾਂ ਦੇ ਇਕ ਵਿਆਹੇ ਹੋਏ ਜੋੜੇ ਨੇ ਫਿਲਾਡੈਲਫੀਆ ਵਿਚ ਬੈਠਕਾਂ ਕੀਤੀਆਂ ਜਿਸ ਵਿਚ ਇਸੇ ਹੀ ਤਰ੍ਹਾਂ ਇਕ "ਕੇਟੀ" ਪ੍ਰਗਟ ਹੋਈ ਅਤੇ ਉਸ ਨੂੰ ਸ਼ਰਧਾਲੂਆਂ ਕੋਲੋਂ ਚੋਖੀਆਂ ਸੁਗਾਤਾਂ ਮਿਲੀਆਂ। ਪਰੰਤੂ, ਇਕ ਸ਼ੰਕਾਵਾਦੀ ਨੇ ਓਨਾ ਚਿਰ ਚੈਨ ਕਰਨ ਤੋਂ ਇਨਕਾਰ ਕਰ ਦਿਤਾ ਜਿੰਨਾ ਚਿਰ ਉਸ ਕਥਿਤ ਕੇਟੀ ਦਾ ਸੁਰਾਗ਼ ਨਾ ਲਾ ਲਿਆ, ਜਿਸ ਨੇ, ਕਿਸੇ ਤਰ੍ਹਾਂ, ਪਹਿਲਾਂ ਵੀ ਇਕ ਵਾਰ ਚੋਖੀ ਤਨਖ਼ਾਹ ਨਾ ਮਿਲਣ ਕਾਰਨ ਹੜਤਾਲ ਕਰ ਦਿਤੀ ਸੀ; ਉਸ ਨੇ ਉਸ ਨੂੰ ਇਕ ਬੋਰਡਿੰਗ-ਹਾਊਸ ਵਿਚ ਜਾ ਲਭਿਆ, ਉਹ ਬਿਨਾਂ ਸ਼ੱਕ ਹੱਢ ਮਾਸ ਦੀ ਇਕ ਨੌਜਵਾਨ ਇਸਤ੍ਰੀ ਸੀ ਅਤੇ ਉਹ ਸਾਰੀਆਂ ਸੁਗਾਤਾਂ ਉਸਦੇ ਕੋਲ ਸਨ ਜਿਹੜੀਆਂ ਰੂਹ ਨੂੰ ਭੇਟ ਕੀਤੀਆਂ ਗਈਆਂ ਸਨ।

ਇੱਚਰ ਮਹਾਂਦੀਪ ਦੇ ਵੀ ਆਪਣੇ ਵਿਗਿਆਨਕ ਰੂਹ-ਦ੍ਰਿਸ਼ਟਾ ਹਨ। ਸੇਂਟ ਪੀਟਰਜ਼ਬਰਗ ਦੀ ਇਕ ਵਿਗਿਆਨਕ ਸੰਸਥਾ ਨੇ—ਮੈਨੂੰ ਠੀਕ ਠੀਕ ਪਤਾ ਨਹੀਂ ਕਿ ਯੂਨੀਵਰਸਿਟੀ ਜਾਂ ਸਗੋਂ ਖ਼ੁਦ ਅਕਾਦਮੀ ਨੇ ਹੀ—ਸਟੇਟ ਕੌਂਸਲਰ ਅਕਸਾਕੋਵ, ਅਤੇ ਰਸਾਇਣ-ਵਿਗਿਆਨੀ, ਬੁਤਲੇਰੋਵ ਨੂੰ ਰੂਹਾਂ ਨਾਲ ਸੰਬੰਧਤ ਵਰਤਾਰਿਆਂ ਦੇ ਆਧਾਰ ਦੀ ਪਰਖ ਕਰਨ ਦਾ ਕੰਮ ਸੌਂਪਿਆ, ਪਰ ਉਸ ਵਿਚੋਂ ਬਹੁਤਾ ਕੁਝ ਨਿਕਲਿਆ ਪ੍ਰਤੀਤ ਨਹੀਂ ਹੁੰਦਾ[105]। ਦੂਜੇ ਪਾਸੇ—ਜੇ ਰੂਹਪ੍ਰਸਤਾਂ ਦੇ ਸ਼ੋਰੀਲੇ ਐਲਾਨਾਂ ਉਤੇ ਯਕੀਨ ਕੀਤਾ ਜਾਏ—ਹੁਣ ਜਰਮਨੀ ਨੇ ਵੀ ਲਾਈਪਟਸਿਗ ਦੇ ਪ੍ਰੋਫੈਸਰ ਟਸਿਓਲਨਰ ਨੂੰ ਆਪਣੇ ਪ੍ਰਤਿਨਿਧ ਵਜੋਂ ਪੇਸ਼ ਕੀਤਾ ਹੈ।

ਜਿਵੇਂ ਕਿ ਸਭ ਨੂੰ ਪਤਾ ਹੈ, ਸ੍ਰੀ ਟਸਿਓਲਨਰ ਨੇ ਵਰ੍ਹਿਆਂ ਬੱਧੀ ਪੁਲਾੜ ਦੇ "ਚੌਥੇ ਵਿਮਾ" ਬਾਰੇ ਬਹੁਤ ਮਿਹਨਤ ਨਾਲ ਕੰਮ ਕੀਤਾ ਹੈ, ਅਤੇ ਪਤਾ ਲਾਇਆ ਹੈ ਕਿ ਬਹੁਤ ਸਾਰੀਆਂ ਗੱਲਾਂ ਜਿਹੜੀਆਂ ਤਿੰਨ ਵਿਮਾਵਾਂ ਦੇ ਪੁਲਾੜ ਵਿਚ ਅਸੰਭਵ ਹਨ ਉਹ ਚਾਰ ਵਿਮਾਵਾਂ ਦੇ ਪੁਲਾੜ ਵਿਚ ਇਕ ਮਾਮੂਲੀ ਸੁਭਾਵਿਕ ਗੱਲ ਹਨ।

ਇਸ ਪ੍ਰਕਾਰ, ਪਿਛਲੇਰੀ ਕਿਸਮ ਦੇ ਪੁਲਾੜ ਵਿਚ, ਧਾਤ ਦੇ ਇਕ ਬੰਦ ਗੋਲੇ ਨੂੰ, ਇਸ ਵਿਚ ਮੋਰੀ ਕੀਤੇ ਬਿਨਾਂ, ਇਕ ਦਸਤਾਨੇ ਵਾਂਗ ਅੰਦਰੋਂ ਬਾਹਰ ਨੂੰ ਉਲਟਾਇਆ ਜਾ ਸਕਦਾ ਹੈ; ਇਸੇ ਤਰ੍ਹਾਂ ਅਜਿਹੀ ਰੱਸੀ ਨੂੰ ਜਿਸ ਦਾ ਕੋਈ ਸਿਰਾ ਨਾ ਹੋਵੇ ਜਾਂ ਜਿਸ ਦੇ ਦੋਵੇਂ ਸਿਰੇ ਜੋੜ ਦਿਤੇ ਗਏ ਹੋਣ ਗੰਢ ਮਾਰੀ ਜਾ ਸਕਦੀ ਹੈ, ਅਤੇ ਦੋ ਵੱਖਰੇ ਵੱਖਰੇ ਚੱਕਰਾਂ ਨੂੰ, ਉਹਨਾਂ ਵਿਚੋਂ ਕਿਸੇ ਨੂੰ ਖੋਹਲੇ ਬਿਨਾਂ, ਇਕ ਦੂਜੇ ਵਿਚ ਫਸਾਇਆ ਜਾ ਸਕਦਾ ਹੈ, ਅਤੇ ਇਸੇ ਤਰ੍ਹਾਂ ਕਈ ਹੋਰ ਕਾਰਨਾਮੇ ਕੀਤੇ ਜਾ ਸਕਦੇ ਹਨ। ਹੁਣ, ਰੂਹ ਦੀ ਦੁਨੀਆਂ ਤੋਂ ਹਾਲ ਦੀਆਂ ਵਿਜਈ ਖਬਰਾਂ ਅਨੁਸਾਰ, ਪ੍ਰੋਫੈਸਰ ਟਸਿਓਲਨਰ ਨੇ ਇਕ ਜਾਂ ਵਧੇਰੇ ਮਾਧਿਅਮਾਂ ਨਾਲ ਸੰਪਰਕ ਸਥਾਪਤ ਕੀਤਾ ਹੈ ਤਾਂ ਜੋ ਉਹਨਾਂ ਦੀ ਸਹਾਇਤਾ ਨਾਲ ਚੌਥੇ ਵਿਮਾ ਦੀ ਥਾਂ ਬਾਰੇ ਵਧੇਰੇ ਵੇਰਵਿਆਂ ਦਾ ਪਤਾ ਕੱਢਿਆ ਜਾਵੇ। ਸਫਲਤਾ ਅਚੰਭਾਦਾਇਕ ਦੱਸੀ ਜਾਂਦੀ ਹੈ। ਬੈਠਕ ਤੋਂ ਮਗਰੋਂ ਉਸ ਕੁਰਸੀ ਦੀ ਬਾਂਹ, ਜਿਸ ਉਤੇ ਉਸ ਨੇ ਆਪਣੀ ਬਾਂਹ ਟਿਕਾਈ ਹੋਈ ਸੀ ਜਦੋਂ ਕਿ ਉਸ ਦਾ ਹੱਥ ਮੇਜ਼ ਤੋਂ ਕਦੇ ਨਹੀਂ ਉਠਿਆ, ਦੀ ਉਸ ਦੀ ਆਪਣੀ ਬਾਂਹ ਨਾਲ ਕੜਿੰਗੜੀ ਪਈ ਵੇਖੀ ਗਈ, ਇਕ ਰਸੀ ਨੂੰ ਜਿਸਦੇ ਦੋਵੇਂ ਸਿਰੇ ਮੇਜ਼ ਨਾਲ ਜੁੜੇ ਹੋਏ ਸਨ ਚਾਰ ਗੰਢਾਂ ਪਈਆਂ ਵੇਖੀਆਂ ਗਈਆਂ, ਇਤਿ ਆਦਿ। ਸੰਖੇਪ ਵਿਚ, ਚੌਥੇ ਵਿਮਾ ਦੀਆਂ ਸਾਰੀਆਂ ਕਰਾਮਾਤਾਂ ਰੂਹਾਂ ਦੁਆਰਾ ਅਤਿ ਸੌਖ ਨਾਲ ਕੀਤੀਆਂ ਗਈਆਂ ਦਸੀਆਂ ਜਾਂਦੀਆਂ ਹਨ। ਇਹ ਗੱਲ ਚੇਤੇ ਰਖਣੀ ਚਾਹੀਦੀ ਹੈ: relata refero*, ਮੈਂ ਰੂਹਾਨੀ ਬੁਲੇਟਿਨ ਦੇ ਸਹੀ ਹੋਣ ਦੀ ਪੁਸ਼ਟੀ ਨਹੀਂ ਕਰਦਾ, ਜੇ ਇਸ ਵਿਚ ਕੋਈ ਗ਼ਲਤੀ ਹੋਵੇ ਤਾਂ ਸ੍ਰੀ ਟਸਿਓਲਨਰ ਨੂੰ ਧਨੰਵਾਦੀ ਹੋਣਾ ਚਾਹੀਦਾ ਹੈ ਕਿ ਮੈਂ ਉਸ ਨੂੰ ਗ਼ਲਤੀ ਦਰੁਸਤ ਕਰਨ ਦਾ ਮੌਕਾ ਦੇ ਰਿਹਾ ਹਾਂ। ਪਰੰਤੂ, ਜੇ ਇਹ ਬਿਨਾਂ ਵਿਗਾੜੇ ਸ੍ਰੀ ਟਸਿਓਲਨਰ ਦੇ ਤਜਰਬਿਆਂ ਨੂੰ ਹੀ ਪੇਸ਼ ਕਰਦਾ ਹੈ, ਤਾਂ ਫਿਰ ਪ੍ਰਤੱਖ ਤੌਰ ਤੇ ਇਹ ਗੱਲ ਰੂਹ-ਵਿਦਿਆ ਦੇ ਵਿਗਿਆਨ ਅਤੇ ਗਣਿਤ ਦੇ ਵਿਗਿਆਨ ਦੋਵਾਂ ਵਿਚ ਹੀ ਇਕ ਨਵੇਂ ਜੁਗ ਦੀ ਸੂਚਿਕ ਹੈ। ਰੂਹਾਂ ਚੌਥੇ ਵਿਮਾ ਦੀ ਹੋਂਦ ਸਿਧ ਕਰਦੀਆਂ ਹਨ, ਜਿਸ ਤਰ੍ਹਾਂ ਚੌਥਾ ਵਿਮਾ ਰੂਹਾਂ ਦੀ ਹੋਂਦ ਦੀ ਪੁਸ਼ਟੀ ਕਰਦਾ ਹੈ। ਅਤੇ ਇਕ ਵਾਰ ਇਹ ਸਥਾਪਤ ਹੋ ਜਾਣ ਤੇ, ਵਿਗਿਆਨ ਅੱਗੇ ਇਕ ਉੱਕਾ ਹੀ ਨਵਾਂ, ਅਮਿੱਤਾ ਖੇਤਰ ਖੁਲ੍ਹ ਜਾਂਦਾ ਹੈ। ਪਹਿਲਾਂ ਦਾ ਕੁਲ ਗਣਿਤ-ਵਿਗਿਆਨ ਅਤੇ ਪ੍ਰਾਕਿਰਤਕ ਵਿਗਿਆਨ ਚੌਥੇ ਅਤੇ ਹੋਰ ਵੀ ਉਚੇਰੇ ਵਿਮਾਵਾਂ ਦੇ ਗਣਿਤ ਲਈ, ਅਤੇ ਇਹਨਾਂ ਉਚੇਰੇ ਵਿਮਾਵਾਂ ਵਿਚ ਰਹਿੰਦੀਆਂ ਰੂਹਾਂ ਦੇ ਯੰਤਰ-ਵਿਗਿਆਨ, ਭੌਤਕ-ਵਿਗਿਆਨ, ਰਸਾਇਣ-ਵਿਗਿਆਨ ਅਤੇ ਸਰੀਰ-ਕਿਰਿਆ-ਵਿਗਿਆਨ ਲਈ ਕੇਵਲ ਇਕ ਤਿਆਰੀ ਦਾ ਸਕੂਲ ਹੋਵੇਗਾ। ਕੀ ਮਿਸਟਰ ਕਰੁਕਸ ਨੇ

* ਮੈਂ ਦਸਿਆ ਹੋਇਆ ਹੀ ਦਸਦਾ ਹਾਂ। — **ਸੰਪਾ:**

ਵਿਗਿਆਨਕ ਤੌਰ ਤੇ ਨਿਸਚਿਤ ਨਹੀਂ ਕਰ ਦਿਤਾ ਕਿ ਚੌਥੇ ਵਿਮਾ—ਹੁਣ ਸਾਨੂੰ ਇਹਨੂੰ ਇਹ ਨਾਂ ਦੇਣ ਦੀ ਆਗਿਆ ਹੋਣੀ ਚਾਹੀਦੀ ਹੈ—ਵਿਚ ਪਹੁੰਚ ਕੇ ਮੇਜ਼ਾਂ ਅਤੇ ਫਰਨੀਚਰ ਦੀਆਂ ਦੂਜੀਆਂ ਚੀਜ਼ਾਂ ਦਾ ਭਾਰ ਕਿੰਨਾ ਘਟ ਜਾਂਦਾ ਹੈ ਅਤੇ ਕੀ ਮਿਸਟਰ ਵਾਲੇਸ ਇਹ ਸਿੱਧ ਹੋਇਆ ਐਲਾਨ ਨਹੀਂ ਕਰਦਾ ਕਿ ਉਥੇ ਅੱਗ ਮਨੁਖੀ ਸਰੀਰ ਨੂੰ ਨੁਕਸਾਨ ਨਹੀਂ ਪਹੁੰਚਾਉਂਦੀ? ਅਤੇ ਹੁਣ ਸਾਡੇ ਕੋਲ ਰੂਹਾਂ ਦੇ ਸਰੀਰਾਂ ਦਾ ਸਰੀਰ-ਕਿਰਿਆ-ਵਿਗਿਆਨ ਵੀ ਹੈ! ਉਹ ਸਾਹ ਲੈਂਦੀਆਂ ਹਨ, ਉਹਨਾਂ ਦੀ ਨਬਜ਼ ਹੈ, ਇਸ ਲਈ ਫੇਫੜੇ, ਦਿੱਲ, ਅਤੇ ਲਹੂ-ਗੇੜ ਦੀ ਮਸ਼ੀਨਰੀ, ਅਤੇ ਫਲਸਰੂਪ ਦੂਜੇ ਸਰੀਰਕ ਅੰਗਾਂ ਦੇ ਮਾਮਲੇ ਵਿਚ ਘਟੋ ਘਟ ਓਨੇ ਹੀ ਚੰਗੇ ਢੰਗ ਨਾਲ ਲੈਸ ਹਨ ਜਿੰਨੇ ਨਾਲ ਸਾਡੇ ਆਪਣੇ। ਸਾਹ ਲੈਣ ਲਈ ਕਾਰਬੋ-ਹਾਈਡਰੇਟ ਲੋੜੀਂਦੇ ਹਨ ਜਿਹੜੇ ਫੇਫੜਿਆਂ ਵਿਚ ਬਲਣ ਦੀ ਕਿਰਿਆ ਵਿਚੋਂ ਲੰਘਦੇ ਹਨ, ਅਤੇ ਇਹ ਕਾਰਬੋ-ਹਾਈਡਰੇਟ ਬਾਹਰੋਂ ਹੀ ਅੰਦਰ ਭੇਜੇ ਜਾ ਸਕਦੇ ਹਨ; ਇਸ ਕਰਕੇ ਮਿਹਦੇ, ਅੰਤੜੀਆਂ ਅਤੇ ਉਹਨਾਂ ਦੀਆਂ ਸਹਾਇਕ ਨਾੜੀਆਂ ਜ਼ਰੂਰੀ ਹਨ—ਅਤੇ ਇਕ ਵਾਰ ਜਦੋਂ ਅਸੀਂ ਏਨਾ ਕੁਝ ਸਥਾਪਤ ਕਰ ਲੈਂਦੇ ਹਾਂ, ਬਾਕੀ ਸਭ ਕੁਝ ਬਿਨਾਂ ਮੁਸ਼ਕਲ ਦੇ ਸਥਾਪਤ ਹੁੰਦਾ ਜਾਂਦਾ ਹੈ। ਪਰੰਤੂ, ਅਜਿਹੇ ਅੰਗਾਂ ਦੀ ਹੋਂਦ ਵਿਚ ਇਹਨਾਂ ਦੇ ਬੀਮਾਰੀ ਦਾ ਸ਼ਿਕਾਰ ਹੋ ਜਾਣ ਦੀ ਸੰਭਾਵਨਾ ਦੇ ਅਰਥ ਲੁਪਤ ਹਨ, ਇਸ ਤਰ੍ਹਾਂ ਸ਼ਾਇਦ ਇਹ ਗੱਲ ਵੀ ਵਾਪਰੇ ਕਿ ਸ੍ਰੀ ਵਿਰਖ਼ੋਵ ਨੂੰ ਰੂਹਾਂ ਦੀ ਦੁਨੀਆਂ ਦਾ ਸੈਲਮਈ ਰੋਗ-ਵਿਗਿਆਨ ਤਿਆਰ ਕਰਨਾ ਪਵੇਗਾ। ਅਤੇ ਕਿਉਂਕਿ ਇਹਨਾਂ ਵਿਚੋਂ ਬਹੁਤੀਆਂ ਰੂਹਾਂ ਬਹੁਤ ਖ਼ੂਬਸੂਰਤ ਨੌਜਵਾਨ ਇਸਤ੍ਰੀਆਂ ਹਨ, ਜਿਹੜੀਆਂ ਆਪਣੀ ਪਰਾ-ਸੰਸਾਰਕ ਸੁੰਦਰਤਾ ਤੋਂ ਇਲਾਵਾ ਹੋਰ ਕਿਸੇ ਵੀ ਤਰ੍ਹਾਂ ਨਾਲ ਸੰਸਾਰਕ ਮੁਟਿਆਰਾਂ ਨਾਲੋਂ ਵਿਲੱਖਣ ਨਹੀਂ ਹਨ, ਇਸ ਲਈ ਇਹਨਾਂ ਨੂੰ "ਪਿਆਰ ਦੇ ਵੇਗ ਨੂੰ ਅਨੁਭਵ ਕਰਨ ਵਾਲੇ ਮਰਦਾਂ"* ਨਾਲ ਸੰਪਰਕ ਵਿਚ ਆਉਣ ਲਈ ਬਹੁਤ ਦੇਰ ਨਹੀਂ ਲਗੇਗੀ। ਅਤੇ ਕਿਉਂਕਿ, ਜਿਵੇਂ ਮਿਸਟਰ ਕਰੁਕਸ ਨੇ ਨਬਜ਼ ਦੀ ਧੜਕਣ ਤੋਂ ਸਥਾਪਤ ਕੀਤਾ ਸੀ, "ਇਸਤ੍ਰੀ ਦਿਲ ਦੀ ਅਣਹੋਂਦ ਨਹੀਂ," ਸੁਭਾਵਕ ਚੋਣ ਨੇ ਵੀ ਇਸ ਦੇ ਸਾਮ੍ਹਣੇ ਚੌਥੇ ਵਿਮਾ ਦਾ ਪਰਿਪੇਖ ਖੋਹਲ ਦਿਤਾ ਹੈ, ਜਿਸ ਵਿਚ ਚੰਡਾਲ ਸੋਸ਼ਲ-ਡੈਮੋਕਰੇਸੀ[106] ਨਾਲ ਗਡਮਡ ਹੋ ਜਾਣ ਦੇ ਡਰ ਦੀ ਹੋਰ ਕੋਈ ਲੋੜ ਨਹੀਂ ਹੈ।

ਬਸ ਕਾਫੀ ਹੈ। ਇਥੇ ਇਹ ਠੋਸ ਰੂਪ ਵਿਚ ਪ੍ਰਤੱਖ ਹੋ ਜਾਂਦਾ ਹੈ ਕਿ ਪ੍ਰਾਕਿਰਤਕ ਵਿਗਿਆਨ ਤੋਂ ਰਹੱਸਵਾਦ ਵੱਲ ਅਤਿਅੰਤ ਨਿਸਚਿਤ ਰਾਹ ਕਿਹੜਾ ਹੈ। ਇਹ ਪ੍ਰਕਿਰਤੀ

---

*ਮੋਜ਼ਾਰਟ ਦੇ ਓਪੇਰਾ "ਜਾਦੂ ਦੀ ਬੰਸਰੀ" ਦੇ ਰੂਪਾਂਤਰ ਵਿਚੋਂ (ਭਾਗ I, ਝਾਕੀ ੧੮)।—**ਸੰਪਾ:**

ਦੇ ਦਰਸ਼ਨ ਦਾ ਹੱਦੋਂ ਬਹੁਤਾ ਸਿਧਾਂਤੀਕਰਨ ਨਹੀਂ, ਸਗੋਂ ਅਤਿ ਪੇਤਲਾ ਅਨੁਭਵਵਾਦ ਹੈ ਜਿਹੜਾ ਕੁਲ ਸਿਧਾਂਤ ਨੂੰ ਦੁਰਕਾਰਦਾ ਹੈ ਅਤੇ ਕੁਲ ਚਿੰਤਨ ਉਤੇ ਬੇਵਿਸ਼ਵਾਸੀ ਕਰਦਾ ਹੈ। ਇਹ a priori* ਲੋੜ ਨਹੀਂ, ਸਗੋਂ ਸ੍ਰੀਮਾਨ ਵਾਲੇਸ, ਕਰੁਕਸ, ਅਤੇ ਦੂਜਿਆਂ ਦੇ ਅਨੁਭਵਾਤਮਕ ਨਿਰੀਖਣ ਹਨ ਜਿਸ ਤੋਂ ਰੂਹਾਂ ਦੀ ਹੋਂਦ ਸਿਧ ਹੁੰਦੀ ਹੈ। ਜੇ ਅਸੀਂ ਕਰੁਕਸ ਦੇ ਰੰਗਾਵਲੀ-ਵਿਸ਼ਲੇਸ਼ਣ ਨਿਰੀਖਣਾਂ ਤੇ ਵਿਸ਼ਵਾਸ ਕਰਦੇ ਹਾਂ, ਜਿਨ੍ਹਾਂ ਦੇ ਸਿੱਟੇ ਵਜੋਂ ਧਾਤ ਥੇਲੀਅਮ ਦੀ ਲਭਤ ਹੋਈ, ਜਾਂ ਮਲਾਇਆ ਦੀਪ ਸਮੂਹ ਵਿਚ ਵਾਲੇਸ ਦੀਆਂ ਭਰਪੂਰ ਪ੍ਰਾਣੀ-ਵਿਗਿਆਨਕ ਲਭਤਾਂ ਤੇ ਵਿਸ਼ਵਾਸ ਕਰਦੇ ਹਾਂ, ਤਾਂ ਸਾਨੂੰ ਆਖਿਆ ਜਾਂਦਾ ਹੈ ਕਿ ਅਸੀਂ ਇਹਨਾਂ ਦੋਹਾਂ ਵਿਗਿਆਨੀਆਂ ਦੇ ਰੂਹਾਂ ਬਾਰੇ ਤਜਰਬਿਆਂ ਅਤੇ ਇਸ ਸੰਬੰਧੀ ਲਭਤਾਂ ਵਿਚ ਉਹੋ ਵਿਸ਼ਵਾਸ ਰਖੀਏ ਅਤੇ ਜੇ ਅਸੀਂ ਇਹ ਰਾਏ ਪ੍ਰਗਟ ਕਰਦੇ ਹਾਂ ਕਿ, ਆਖਰਕਾਰ, ਦੋਹਾਂ ਵਿਚਕਾਰ ਥੋੜਾ ਫ਼ਰਕ ਹੈ, ਅਰਥਾਤ, ਕਿ ਅਸੀਂ ਇਕ ਚੀਜ਼ ਦਾ ਨਿਤਾਰਾ ਕਰ ਸਕਦੇ ਹਾਂ ਪਰ ਦੂਜੀ ਦਾ ਨਹੀਂ, ਤਾਂ ਰੂਹ-ਦ੍ਰਿਸ਼ਟਾ ਪਰਤਵਾਂ ਜਵਾਬ ਦੇਂਦੇ ਹਨ ਕਿ ਗੱਲ ਇਹ ਨਹੀਂ ਹੈ, ਅਤੇ ਕਿ ਉਹ ਸਾਨੂੰ ਰੂਹ ਦੇ ਵਰਤਾਰਿਆਂ ਦਾ ਨਿਤਾਰਾ ਕਰਨ ਦਾ ਵੀ ਮੌਕਾ ਦੇਣ ਨੂੰ ਤਿਆਰ ਹਨ।

ਨਿਰਸੰਦੇਹ ਬਿਨਾਂ ਸਜ਼ਾ ਦੇ ਦਵੰਦਵਾਦ ਨੂੰ ਘਿਰਣਾ ਨਹੀਂ ਕੀਤੀ ਜਾ ਸਕਦੀ। ਕੁਲ ਸਿਧਾਂਤਕ ਚਿੰਤਨ ਨਾਲ ਕੋਈ ਕਿੰਨੀ ਵੀ ਬਹੁਤੀ ਘਿਰਣਾ ਕਰਦਾ ਹੋਵੇ, ਇਸ ਦੇ ਬਾਵਜੂਦ, ਸਿਧਾਂਤਕ ਚਿੰਤਨ ਤੋਂ ਬਿਨਾਂ ਦੋ ਪ੍ਰਾਕਿਰਤਕ ਤੱਥਾਂ ਦਾ ਇਕ ਦੂਜੇ ਨਾਲ ਸੰਬੰਧ ਨਹੀਂ ਸਥਾਪਤ ਕੀਤਾ ਜਾ ਸਕਦਾ, ਜਾਂ ਉਹਨਾਂ ਵਿਚਕਾਰ ਮੌਜੂਦ ਸੰਬੰਧ ਨੂੰ ਸਮਝਿਆ ਨਹੀਂ ਜਾ ਸਕਦਾ। ਸਵਾਲ ਸਿਰਫ ਇਹ ਹੈ ਕਿ ਬੰਦੇ ਦੀ ਸੋਚ ਸਹੀ ਹੈ ਜਾਂ ਨਹੀਂ, ਅਤੇ ਸਿਧਾਂਤ ਪ੍ਰਤੀ ਘਿਰਣਾ ਪ੍ਰਤੱਖ ਤੌਰ ਤੇ ਪ੍ਰਾਕਿਰਤਕ ਢੰਗ ਨਾਲ ਸੋਚਣ ਦਾ, ਅਤੇ ਇਸ ਲਈ ਗ਼ਲਤ ਸੋਚਣ ਦਾ ਅਤਿਅੰਤ ਨਿਸਚਿਤ ਢੰਗ ਹੈ। ਪਰ ਇਕ ਪੁਰਾਣੇ ਅਤੇ ਪ੍ਰਸਿਧ ਦਵੰਦਾਤਮਕ ਨੇਮ ਅਨੁਸਾਰ ਗ਼ਲਤ ਸੋਚ ਨੂੰ ਜੇ ਇਸ ਦੇ ਅੰਤਮ ਨਿਰਣੇ ਤੱਕ ਲਿਜਾਇਆ ਜਾਏ ਤਾਂ ਇਹ ਅਟੱਲ ਰੂਪ ਵਿਚ ਆਪਣੇ ਵਿਦਾ-ਬਿੰਦੂ ਦੇ ਉਲਟ ਸਿਰੇ ਤੇ ਪਹੁੰਚ ਜਾਂਦੀ ਹੈ। ਇਸ ਲਈ, ਦਵੰਦਵਾਦ ਲਈ ਅਨੁਭਵਵਾਦੀ ਘਿਰਣਾ ਨੂੰ ਇਹ ਸਜ਼ਾ ਮਿਲੀ ਹੈ ਕਿ ਕੁਝ ਅਤਿ ਗੰਭੀਰ ਅਨੁਭਵਵਾਦੀ ਸਭ ਤੋਂ ਵਧ ਬਾਂਝ ਵਹਿਮਾਂ ਵਿਚ, ਆਧੁਨਿਕ ਰੂਹਪ੍ਰਸਤੀ ਵਿਚ ਜਾ ਪਏ ਹਨ।

ਇਹੋ ਗੱਲ ਗਣਿਤ-ਵਿਗਿਆਨ ਦੀ ਹੈ। ਸਾਧਾਰਨ, ਪਰਾ-ਭੌਤਕੀ ਗਣਿਤ-ਵਿਗਿਆਨੀ ਆਪਣੇ ਵਿਗਿਆਨ ਦੇ ਸਿੱਟਿਆਂ ਦੇ ਉੱਕਾ ਹੀ ਅਕੱਟ ਹੋਣ ਸੰਬੰਧੀ

---

* ਅਨੁਮਾਨੀ। — ਅਨੁ:

ਓੜਕਾਂ ਦੇ ਅਭਿਮਾਨ ਨਾਲ ਡੀਂਗਾਂ ਮਾਰਦੇ ਹਨ। ਪਰ ਇਹਨਾਂ ਸਿੱਟਿਆਂ ਵਿਚ ਕਾਲਪਨਿਕ ਪਰਿਮਾਣ ਵੀ ਸ਼ਾਮਲ ਹਨ, ਜਿਹੜੇ ਇਸ ਤਰ੍ਹਾਂ ਇਕ ਨਿਸਚਿਤ ਯਥਾਰਥ ਗ੍ਰਹਿਣ ਕਰ ਲੈਂਦੇ ਹਨ। ਜਦੋਂ ਬੰਦਾ ਇਕਵਾਰ ਆਪਣੇ ਮਨਾਂ ਤੋਂ ਬਾਹਰ $\sqrt{-1}$ * ਨਾਲ, ਜਾਂ ਚੌਥੇ ਵਿਮਾ ਨਾਲ, ਕਿਸੇ ਪ੍ਰਕਾਰ ਦੇ ਯਥਾਰਥ ਨੂੰ ਸੰਬੰਧਤ ਕਰਨ ਦਾ ਆਦੀ ਹੋ ਜਾਂਦਾ ਹੈ, ਤਾਂ ਇਸ ਗੱਲ ਦੀ ਬਹੁਤੀ ਮਹੱਤਤਾ ਨਹੀਂ ਰਹਿੰਦੀ ਜੇ ਉਹ ਇਕ ਕਦਮ ਹੋਰ ਅੱਗੇ ਚਲਾ ਜਾਏ ਅਤੇ ਮਾਧਿਅਮ ਦੀ ਰੂਹ ਦੀ ਦੁਨੀਆਂ ਨੂੰ ਵੀ ਸਵੀਕਾਰ ਕਰ ਲਵੇ। ਇਹ ਉਹੋ ਗੱਲ ਹੈ ਜਿਹੜੀ ਕੈਟਲਰ ਨੇ ਡਿਓਲਿੰਗਰ ਬਾਰੇ ਆਖੀ ਸੀ:

> "ਇਸ ਮਨੁਖ ਨੇ ਆਪਣੇ ਜੀਵਨ ਵਿਚ ਏਨੀ ਵਾਹਯਾਤੀ ਦੀ ਹਮਾਇਤ ਕੀਤੀ ਹੈ, ਕਿ ਉਹ ਅਭੁਲਤਾ ਨੂੰ ਸਚਮੁਚ ਹੀ ਝੂੰਗੇ ਵਿਚ ਹੀ ਪ੍ਰਵਾਨ ਕਰ ਸਕਦਾ ਸੀ!"[107]

ਵਾਸਤਵ ਵਿਚ, ਮਹਿਜ਼ ਅਨੁਭਵਵਾਦ ਰੂਹਪ੍ਰਸਤਾਂ ਨੂੰ ਰੱਦ ਕਰਨ ਦੇ ਅਸਮਰਥ ਹੈ। ਸਭ ਤੋਂ ਪਹਿਲੀ ਗੱਲ ਤਾਂ ਇਹ ਹੈ ਕਿ "ਉਚੇਰੇ" ਵਰਤਾਰੇ ਹਮੇਸ਼ਾ ਆਪਣੇ ਆਪ ਨੂੰ ਕੇਵਲ ਉਦੋਂ ਦਰਸਾਉਂਦੇ ਹਨ ਜਦੋਂ ਸੰਬੰਧਤ "ਖੋਜੀ" ਪਹਿਲਾਂ ਹੀ ਜਾਲ ਵਿਚ ਏਨਾ ਫਸ ਗਿਆ ਹੁੰਦਾ ਹੈ ਕਿ ਹੁਣ ਉਹ ਕੇਵਲ ਉਹ ਕੁਝ ਵੇਖਦਾ ਹੈ ਜੋ ਕੁਝ ਉਸ ਨੂੰ ਵਖਾਉਣਾ ਪ੍ਰਯੋਜਨ ਹੁੰਦਾ ਹੈ ਜਾਂ ਉਹ ਵੇਖਣਾ ਚਾਹੁੰਦਾ ਹੈ—ਜਿਵੇਂ ਕਰੁਕਸ ਆਪ ਹੀ ਅਜਿਹੇ ਅਦੁਤੀ ਭੋਲੇਪਨ ਨਾਲ ਵਰਣਨ ਕਰਦਾ ਹੈ। ਦੂਜੀ ਗੱਲ, ਰੂਹਪ੍ਰਸਤ ਇਸ ਦੀ ਪ੍ਰਵਾਹ ਨਹੀਂ ਕਰਦੇ ਕਿ ਸੈਂਕੜੇ ਹੀ ਕਥਿਤ ਤੱਥਾਂ ਦੇ ਢਕਵੰਜ ਦਾ ਪਾਜ ਉਘਾੜਿਆ ਗਿਆ ਹੈ ਅਤੇ ਦਰਜਨਾਂ ਹੀ ਕਥਿਤ ਮਾਧਿਅਮ ਸਾਧਾਰਨ ਚਾਲਬਾਜ਼ਾਂ ਦੇ ਰੂਪ ਵਿਚ ਨੰਗੇ ਹੋ ਗਏ ਹਨ। ਜਿੰਨਾ ਚਿਰ **ਹਰ** ਇਕ ਕਥਿਤ ਕਰਾਮਾਤ ਦੀ ਵਿਆਖਿਆ ਨਹੀਂ ਹੋ ਜਾਂਦੀ, ਉਹਨਾਂ ਲਈ ਕੰਮ ਜਾਰੀ ਰਖਣ ਦੀ ਕਾਫੀ ਗੁੰਜਾਇਸ਼ ਹੈ, ਜਿਵੇਂ ਕਿ ਨਿਰਸੰਦੇਹ ਵਾਲੇਸ ਰੂਹਾਂ ਦੀਆਂ ਜਾਅਲੀ ਤਸਵੀਰਾਂ ਦੇ ਸੰਬੰਧ ਵਿਚ ਕਾਫੀ ਸਪਸ਼ਟ ਤੌਰ ਤੇ ਕਹਿੰਦਾ ਹੈ। ਜਾਅਲਸਾਜ਼ੀਆਂ ਦੀ ਹੋਂਦ ਸੱਚਿਆਂ ਦੇ ਸੱਚ ਨੂੰ ਸਿਧ ਕਰਦੀ ਹੈ।

ਅਤੇ ਇਸ ਤਰ੍ਹਾਂ ਅਨੁਭਵਵਾਦ ਆਪਣੇ ਆਪ ਨੂੰ ਮਜਬੂਰ ਮਹਿਸੂਸ ਕਰਦਾ ਹੈ ਕਿ ਅਨੁਭਵਾਤਮਕ ਤਜਰਬਿਆਂ ਦੁਆਰਾ ਨਹੀਂ, ਸਗੋਂ ਸਿਧਾਂਤਕ ਵਿਚਾਰਾਂ ਦੁਆਰਾ, ਅੜੀਅਲ ਰੂਹ-ਦ੍ਰਿਸ਼ਟਾਵਾਂ ਨੂੰ ਰੱਦ ਕਰੇ, ਅਤੇ ਹਕਸਲੇ ਨਾਲ ਮਿਲ ਕੇ ਆਖੇ:

---

* $-1$ ਦਾ ਵਰਗ-ਮੂਲ। —ਅਨੁ:

"ਰੂਹਪ੍ਰਸਤੀ ਦੇ ਸੱਚ ਨੂੰ ਪ੍ਰਤੱਖ ਕਰਨ ਵਿਚ ਜਿਹੜੀ ਇਕੋ ਇਕ ਚੰਗਿਆਈ ਮੈਂ ਵੇਖ ਸਕਦਾ ਹਾਂ ਉਹ ਆਤਮ-ਹਤਿਆ ਵਿਰੁਧ ਇਕ ਹੋਰ ਦਲੀਲ ਮੁਹਈਆ ਕਰਨਾ ਹੈ। ਮਰਨ ਨਾਲੋਂ ਅਤੇ ਇਕ ਬੈਠਕ ਲਈ ਇਕ ਗਿੱਨੀ* ਦੇ ਭਾੜੇ ਉਤੇ ਲਏ 'ਮਾਧਿਅਮ' ਦੁਆਰਾ ਫਜ਼ੂਲ ਬਕਵਾਸ ਕਰਨ ਨਾਲੋਂ ਸੜਕ ਹੂੰਝਣ ਵਾਲਾ ਬਣਕੇ ਜਿਊਣਾ ਚੰਗੇਰਾ ਹੈ।"[108]

---

* ਇਕ ਪੁਰਾਣਾ ਬਰਤਾਨਵੀ ਸਿੱਕਾ, ਜਿਹੜਾ ੨੧ ਸ਼ਿਲਿੰਗ ਦਾ ਹੁੰਦਾ ਸੀ। —**ਅਨੁ:**

# ਬਾਂਦਰ ਤੋਂ ਮਨੁਖ ਤੱਕ ਤਬਦੀਲੀ ਵਿਚ ਕਿਰਤ ਵਲੋਂ ਅਦਾ ਕੀਤਾ ਰੋਲ

( ਅੰਸ਼ )

...ਅਤੇ, ਵਾਸਤਵ ਵਿਚ, ਬੀਤਦੇ ਜਾਂਦੇ ਹਰ ਦਿਨ ਨਾਲ ਅਸੀਂ ਇਹਨਾਂ ਨੇਮਾਂ ਦੀ ਚੰਗੇਰੀ ਸਮਝ ਪ੍ਰਾਪਤ ਕਰ ਰਹੇ ਹਾਂ ਅਤੇ ਪ੍ਰਕਿਰਤੀ ਦੇ ਰਵਾਇਤੀ ਪ੍ਰਵਾਹ ਵਿਚ ਆਪਣੇ ਦਖਲ ਦੇ ਵਧੇਰੇ ਫੌਰੀ ਅਤੇ ਵਧੇਰੇ ਦੁਰੇਡੇ ਦੋਵਾਂ ਹੀ ਸਿੱਟਿਆਂ ਨੂੰ ਪ੍ਰਤੀਤ ਕਰਦੇ ਜਾ ਰਹੇ ਹਾਂ। ਖਾਸ ਕਰਕੇ, ਵਰਤਮਾਨ ਸਦੀ ਵਿਚ ਪ੍ਰਾਕਿਰਤਕ ਵਿਗਿਆਨ ਵਲੋਂ ਕੀਤੀ ਭਾਰੀ ਪ੍ਰਗਤੀ ਤੋਂ ਮਗਰੋਂ, ਅਸੀਂ ਪਹਿਲਾਂ ਸਦਾ ਨਾਲੋਂ ਵਧੇਰੇ ਇਸ ਸਥਿਤੀ ਵਿਚ ਹਾਂ ਕਿ ਘਟੋ ਘਟ ਆਪਣੀਆਂ ਨਿਤਾ ਪ੍ਰਤਿ ਦੀਆਂ ਉਤਪਾਦਨ ਸਰਗਰਮੀਆਂ ਦੇ ਵਧੇਰੇ ਦੁਰੇਡੇ ਪ੍ਰਾਕਿਰਤਕ ਸਿੱਟਿਆਂ ਨੂੰ ਵੀ ਸਮਝ ਸਕੀਏ, ਅਤੇ ਇਸ ਲਈ ਉਹਨਾਂ ਉਤੇ ਕੰਟਰੋਲ ਕਰ ਸਕੀਏ। ਪਰ ਇਸ ਵਿਚ ਜਿੱਨੀ ਵਧੇਰੇ ਪ੍ਰਗਤੀ ਹੁੰਦੀ ਜਾਏਗੀ, ਮਨੁਖ ਓਨਾ ਹੀ ਵਧੇਰੇ ਪ੍ਰਕਿਰਤੀ ਨਾਲ ਆਪਣੀ ਇਕਤਾ ਨੂੰ ਨਾ ਕੇਵਲ ਵਧੇਰੇ ਮਹਿਸੂਸ ਹੀ ਕਰਨਗੇ ਸਗੋਂ ਸਮਝਣਗੇ ਵੀ, ਅਤੇ ਓਨਾ ਹੀ ਵਧੇਰੇ ਮਨ ਤੇ ਪਦਾਰਥ ਵਿਚਕਾਰ, ਮਨੁਖ ਤੇ ਪ੍ਰਕਿਰਤੀ ਵਿਚਕਾਰ, ਆਤਮਾ ਤੇ ਸਰੀਰ ਵਿਚਕਾਰ ਟਾਕਰੇ ਦਾ ਉਹ ਮੂੜ੍ਹ ਅਤੇ ਅਸੁਭਾਵਿਕ ਵਿਚਾਰ ਅਸੰਭਵ ਹੋ ਜਾਏਗਾ, ਜਿਹੜਾ ਯੂਰਪ ਵਿਚ ਕਲਾਸੀਕੀ ਪ੍ਰਾਚੀਨਤਾ ਦੇ ਪਤਨ ਪਿਛੋਂ ਪੈਦਾ ਹੋਇਆ ਅਤੇ ਜਿਸ ਨੇ ਈਸਾਈਅਤ ਵਿਚ ਆਪਣੀ ਉਚਤਮ ਵਿਆਖਿਆ ਪ੍ਰਾਪਤ ਕੀਤੀ...

# ਟਿਪਣੀਆਂ ਅਤੇ ਅੰਸ਼

[ ਇਤਿਹਾਸਕ ]

ਆਧੁਨਿਕ ਪ੍ਰਾਕਿਰਤਕ ਵਿਗਿਆਨ — ਇਕੋ ਇਕ ਵਿਗਿਆਨ ਜਿਹੜਾ ਯੂਨਾਨੀਆਂ ਦੀਆਂ ਸ਼ਾਨਦਾਰ ਸੰਸਥਾਵਾਂ ਅਤੇ ਅਰਬਾਂ ਦੀਆਂ ਕਦੇ ਕਦਾਈ ਦੀਆਂ ਅਣਸੰਬੰਧਤ ਖੋਜਾਂ ਦੇ ਟਾਕਰੇ ਤੇ ਵਿਗਿਆਨ ਵਜੋਂ ਵਿਚਾਰਿਆ ਜਾ ਸਕਦਾ ਹੈ — ਦਾ ਆਰੰਭ ਉਸ ਬਲਵਾਨ ਜੁਗ ਨਾਲ ਹੁੰਦਾ ਹੈ ਜਦੋਂ ਬਰਗਰਾਂ ਨੇ ਸਾਮੰਤਵਾਦ ਨੂੰ ਤਹਿਸ ਨਹਿਸ ਕਰ ਦਿਤਾ ਸੀ, ਸ਼ਹਿਰਾਂ ਦੇ ਬਰਗਰਾਂ ਅਤੇ ਸਾਮੰਤੀ ਰਾਠਸ਼ਾਹੀ ਵਿਚਕਾਰ ਸੰਗਰਾਮ ਦੇ ਪਿਛੋਕੜ ਵਿਚ ਇਸ ਜੁਗ ਨੇ ਬਾਗ਼ੀ ਕਿਸਾਨ ਦਰਸਾਇਆ, ਅਤੇ ਕਿਸਾਨ ਦੇ ਪਿਛੇ ਆਧੁਨਿਕ ਪ੍ਰੋਲਤਾਰੀ ਦੇ ਆਰੰਭਕ ਇਨਕਲਾਬੀ ਦਸਤੇ, ਜਿਨ੍ਹਾਂ ਦੇ ਹੱਥ ਵਿਚ ਲਾਲ ਝੰਡਾ ਅਤੇ ਬੁਲ੍ਹਾਂ ਉਤੇ ਕਮਿਊਨਿਜ਼ਮ ਦਾ ਨਾਹਰਾ ਸੀ। ਇਹ ਜੁਗ ਸੀ ਜਿਸ ਨੇ ਯੂਰਪ ਵਿਚ ਵੱਡੀਆਂ ਬਾਦਸ਼ਾਹੀਆਂ ਨੂੰ ਹੋਂਦ ਵਿਚ ਲਿਆਂਦਾ, ਪੋਪ ਦੀ ਰੂਹਾਨੀ ਡਿਕਟੇਟਰਸ਼ਿਪ ਨੂੰ ਤੋੜਿਆ, ਯੂਨਾਨੀ ਪ੍ਰਾਚੀਨਤਾ ਦੀ ਪੁਨਰ-ਸੁਰਜੀਤੀ ਅਤੇ ਇਸ ਦੇ ਨਾਲ ਨਵੇਂ ਜੁਗ ਦੇ ਉੱਚਤਮ ਕਲਾਤਮਕ ਵਿਕਾਸ ਨੂੰ ਉਭਾਰਿਆ, ਪੁਰਾਣੇ ਸੰਸਾਰ ਦੀਆਂ ਹਦਬੰਦੀਆਂ ਤੋੜੀਆਂ, ਅਤੇ ਪਹਿਲੀ ਵਾਰ ਸਚਮੁਚ ਹੀ ਸੰਸਾਰ ਦਾ ਗਿਆਨ ਪ੍ਰਾਪਤ ਕੀਤਾ।

ਇਹ ਸਭ ਤੋਂ ਵੱਡਾ ਇਨਕਲਾਬ ਸੀ ਜਿਹੜਾ ਹੁਣ ਤੱਕ ਮਨੁਖਤਾ ਨੇ ਵੇਖਿਆ ਸੀ। ਇਸ ਇਨਕਲਾਬ ਵਿਚ ਪ੍ਰਾਕਿਰਤਕ ਵਿਗਿਆਨ ਨੇ ਵੀ ਪ੍ਰਗਤੀ ਕੀਤੀ, ਇਹ ਪੂਰੀ ਤਰ੍ਹਾਂ ਇਨਕਲਾਬੀ ਸੀ, ਮਹਾਨ ਇਤਾਲਵੀਆਂ ਦੇ ਆਧੁਨਿਕ ਦਰਸ਼ਨ ਦੀ ਜਾਗ੍ਰਤੀ ਨਾਲ ਬਾਂਹ ਵਿਚ ਬਾਂਹ ਪਾਕੇ ਅੱਗੇ ਵਧਿਆ, ਅਤੇ ਅਗਨ ਕੁੰਡਾਂ ਤੇ ਜੇਲ੍ਹਾਂ ਲਈ ਆਪਣੇ ਸ਼ਹੀਦ ਮੁਹਈਆ ਕੀਤੇ। ਇਹ ਗੱਲ ਲਖਣਾਇਕ ਹੈ ਕਿ ਪ੍ਰੋਟੈਸਟੈਂਟਾਂ ਅਤੇ ਕੈਥੋਲਿਕਾਂ ਨੇ ਇਸ ਉਤੇ ਅਤਿਆਚਾਰ ਢਾਹੁਣ ਵਿਚ ਇਕ ਦੂਜੇ ਨਾਲ ਬੂਰਦਾਂ ਲਾਈਆਂ। ਪਹਿਲੇਰਿਆਂ ਨੇ ਸਰਵੀਟਸ ਨੂੰ ਸਾੜਿਆ ਸੀ, ਪਿਛਲੇਰਿਆਂ ਨੇ ਜੀਓਰਦਾਨੋ ਬਰੂਨੋ ਨੂੰ। ਇਹ ਉਹ ਸਮਾਂ ਸੀ ਜਿਹੜਾ ਮਹਾ-ਮਾਨਵਾਂ ਦੀ ਮੰਗ ਕਰਦਾ ਸੀ ਅਤੇ ਜਿਸ ਨੇ ਮਹਾ-ਮਾਨਵ ਪੈਦਾ ਕੀਤੇ, ਵਿਦਿਆ, ਬੁੱਧੀ, ਅਤੇ ਚ੍ਰਿਤਰ ਵਿਚ ਮਹਾ-ਮਾਨਵ। ਇਹ ਉਹ ਸਮਾਂ ਸੀ ਜਿਸ ਨੂੰ ਫ਼ਰਾਂਸੀਸੀਆਂ ਨੇ ਠੀਕ ਹੀ ਪੁਨਰ-ਜਾਗ੍ਰਤੀ

ਕਾਲ ਆਖਿਆ ਅਤੇ ਪ੍ਰੋਟੈਸਟੈਂਟ ਯੂਰਪ ਨੇ ਇਕਪਾਸੜ ਤੁਅਸਬ ਨਾਲ ਧਾਰਮਿਕ-ਸੁਧਾਰ ਦਾ ਸਮਾਂ ਆਖਿਆ।

ਉਸ ਸਮੇਂ ਪ੍ਰਾਕਿਰਤਕ ਵਿਗਿਆਨ ਨੇ ਵੀ ਆਪਣੀ ਸੁਆਧੀਨਤਾ ਦਾ ਐਲਾਨ[109] ਕਰ ਦਿਤਾ ਸੀ, ਭਾਵੇਂ ਇਹ ਗੱਲ ਠੀਕ ਹੈ ਕਿ ਇਹ ਆਰੰਭ ਵਿਚ ਹੀ ਨਾ ਹੋਇਆ ਐਨ ਉਸੇ ਤਰ੍ਹਾਂ ਜਿਵੇਂ ਲੂਥਰ ਪਹਿਲਾ ਪ੍ਰੋਟੈਸਟੈਂਟ ਨਹੀਂ ਸੀ। ਲੂਥਰ ਵਲੋਂ ਪੋਪ ਦੇ ਆਦੇਸ਼ ਨੂੰ ਸਾੜ ਦੇਣਾ ਧਾਰਮਿਕ ਖੇਤਰ ਵਿਚ ਜੋ ਅਰਥ ਰਖਦਾ ਸੀ, ਪ੍ਰਾਕਿਰਤਕ ਵਿਗਿਆਨ ਦੇ ਖੇਤਰ ਵਿਚ ਕਾਪਰਨੀਕਸ ਦੀ ਮਹਾਨ ਕ੍ਰਿਤੀ[110] ਉਹੋ ਅਰਥ ਰਖਦੀ ਸੀ, ਜਿਸ ਵਿਚ ਉਸ ਨੇ, ਭਾਵੇਂ ਡਰੂ ਤਰੀਕੇ ਨਾਲ ਹੀ, ਛੱਤੀ ਵਰ੍ਹਿਆਂ ਦੀ ਝਿਜਕ ਮਗਰੋਂ ਅਤੇ ਇਕ ਤਰੀਕੇ ਨਾਲ ਆਪਣੇ ਮਰਨ-ਬਿਸਤਰੇ ਤੋਂ, ਕਲੀਸਾਈ ਵਹਿਮ ਨੂੰ ਇਕ ਵੰਗਾਰ ਸੁੱਟੀ ਸੀ। ਉਸ ਤੋਂ ਉਪਰੰਤ ਪ੍ਰਾਕਿਰਤਕ ਵਿਗਿਆਨ ਸਾਰੰਸ਼ ਰੂਪ ਵਿਚ ਧਰਮ ਤੋਂ ਮੁਕਤ ਸੀ, ਭਾਵੇਂ ਸਾਰੇ ਵੇਰਵਿਆਂ ਵਿਚ ਹਿਸਾਬ ਕਿਤਾਬ ਦਾ ਸੰਪੂਰਨ ਨਿਬੇੜਾ ਅਜ ਦਿਨ ਤੱਕ ਲਮਕਦਾ ਆਇਆ ਹੈ ਅਤੇ ਕਈ ਮਨਾਂ ਵਿਚ ਅਜੇ ਵੀ ਇਹ ਸੰਪੂਰਨਤਾ ਤੋਂ ਕਿਤੇ ਦੂਰ ਹੈ। ਪਰੰਤੂ ਇਸ ਉਪਰੰਤ ਵਿਗਿਆਨ ਦਾ ਵਿਕਾਸ ਵੱਡੀਆਂ ਪਲਾਂਘਾਂ ਪੁਟ ਕੇ ਹੋਇਆ, ਇਕ ਤਰੀਕੇ ਨਾਲ ਇਸ ਦੇ ਵਿਦਾ-ਬਿੰਦੂ ਤੋਂ ਸਮੇਂ ਵਿਚ ਦੂਰੀ ਦੇ ਵਰਗ ਦੇ ਅਨੁਪਾਤ ਵਿਚ ਵਧਿਆ, ਜਿਵੇਂ ਇਹ ਸੰਸਾਰ ਨੂੰ ਦਰਸਾਉਣਾ ਚਾਹੁੰਦਾ ਸੀ ਕਿ ਜੀਵਕ ਪਦਾਰਥ ਦੀ ਉਚਤਮ ਉਪਜ, ਮਨੁਖੀ ਮਨ ਦੀ ਗਤੀ ਲਈ ਜੋ ਨਿਯਮ ਲਾਗੂ ਹੁੰਦਾ ਹੈ ਉਹ ਅਜੀਵਕ ਪਦਾਰਥ ਦੀ ਗਤੀ ਦੇ ਨੇਮ ਦੇ ਉਲਟ ਹੈ।

ਆਧੁਨਿਕ ਪ੍ਰਾਕਿਰਤਕ ਵਿਗਿਆਨ ਦਾ ਪਹਿਲਾ ਦੌਰ — ਅਜੀਵਕ ਖੇਤਰ ਵਿਚ — ਨਿਊਟਨ ਨਾਲ ਸਮਾਪਤ ਹੁੰਦਾ ਹੈ। ਇਹ ਉਹ ਦੌਰ ਹੈ ਜਿਸ ਵਿਚ ਸੁਲਭ ਵਿਸ਼ੈ-ਵਸਤੂ ਵਿਚ ਮੁਹਾਰਤ ਪ੍ਰਾਪਤ ਕੀਤੀ ਗਈ; ਇਸ ਨੇ ਗਣਿਤ, ਯੰਤਰ-ਵਿਗਿਆਨ ਅਤੇ ਖਗੋਲ-ਵਿਗਿਆਨ, ਸਥਿਰਤਾ-ਵਿਗਿਆਨ ਅਤੇ ਗਤੀ-ਵਿਗਿਆਨ ਦੇ ਖੇਤਰਾਂ ਵਿਚ ਮਹਾਨ ਕੰਮ ਕੀਤਾ, ਖਾਸ ਕਰਕੇ ਕੈਪਲਰ ਅਤੇ ਗੈਲੀਲਿਓ ਦਾ ਸਦਕਾ, ਜਿਨ੍ਹਾਂ ਦੇ ਕੰਮ ਤੋਂ ਨਿਊਟਨ ਨੇ ਨਿਰਣੇ ਕੱਢੇ। ਪਰੰਤੂ, ਜੀਵਕ ਖੇਤਰ ਵਿਚ ਪਹਿਲੇ ਆਰੰਭਾਂ ਤੋਂ ਪਾਰ ਕੋਈ ਪ੍ਰਗਤੀ ਨਹੀਂ ਸੀ ਹੋਈ। ਇਤਿਹਾਸਕ ਤੌਰ ਤੇ ਇਕ ਦੂਜੇ ਤੋਂ ਪਿਛੋਂ ਆਉਂਦੇ ਅਤੇ ਇਕ ਦੂਜੇ ਦੀ ਥਾਂ ਲੈਂਦੇ ਜੀਵਨ ਦੇ ਰੂਪਾਂ, ਅਤੇ ਇਹਨਾਂ ਦੇ ਅਨੁਸਾਰੀ ਬਦਲਦੀਆਂ ਪ੍ਰਸਥਿਤੀਆਂ ਦੀ ਖੋਜ — ਪਥਰਾਏ ਜੀਵਾਂ ਦੇ ਅਧਿਅਨ ਦੇ ਵਿਗਿਆਨ ਅਤੇ ਭੂ-ਗਰਭ-ਵਿਗਿਆਨ — ਦੀ ਅਜੇ ਹੋਂਦ ਨਹੀਂ ਸੀ। ਪ੍ਰਕਿਰਤੀ ਨੂੰ ਕੋਈ ਅਜਿਹੀ ਚੀਜ਼ ਉੱਕਾ ਹੀ ਨਹੀਂ ਸੀ ਸਮਝਿਆ ਜਾਂਦਾ ਜਿਹੜੀ ਇਤਿਹਾਸਕ ਤੌਰ ਤੇ ਵਿਕਸਤ ਹੋਈ ਹੋਵੇ, ਜਿਸ ਦਾ ਕਾਲਗਤ ਇਤਿਹਾਸ ਹੋਵੇ। ਕੇਵਲ ਸਥਾਨ ਵਿਚ ਪਸਾਰ ਨੂੰ ਹੀ ਧਿਆਨ ਵਿਚ ਰਖਿਆ ਜਾਂਦਾ ਸੀ; ਭਿੰਨ ਭਿੰਨ ਰੂਪਾਂ ਨੂੰ ਇਕ

ਦੂਜੇ ਦੇ ਅੱਗੇ ਪਿਛੇ ਨਹੀਂ, ਸਗੋਂ ਕੇਵਲ ਇਕ ਦੂਜੇ ਦੇ ਨਾਲ ਨਾਲ ਦਲਬੰਦ ਕੀਤਾ ਗਿਆ ਸੀ; ਪ੍ਰਾਕਿਰਤਕ ਇਤਿਹਾਸ, ਨਛੱਤਰਾਂ ਦੇ ਅੰਡਾਕਾਰ ਪਰਕਰਮਾ-ਪੰਧਾਂ ਵਾਂਗ, ਸਭਨਾਂ ਦੌਰਾਂ ਲਈ ਠੀਕ ਸੀ। ਜੀਵਕ ਸੰਰਚਨਾ ਦੇ ਕਿਸੇ ਡੂੰਘੇਰੇ ਵਿਸ਼ਲੇਸ਼ਣ ਲਈ ਦੋਵੇਂ ਫੌਰੀ ਆਧਾਰ, ਅਰਥਾਤ, ਰਸਾਇਣ-ਵਿਗਿਆਨ ਅਤੇ ਤਾਤਵਿਕ ਜੀਵਕ ਰਚਨਾ, ਸੈਲ, ਦੇ ਗਿਆਨ ਦੀ ਅਣਹੋਂਦ ਸੀ। ਪ੍ਰਾਕਿਰਤਕ ਵਿਗਿਆਨ, ਜੋ ਆਰੰਭ ਵਿਚ ਇਨਕਲਾਬੀ ਸੀ, ਦਾ ਟਾਕਰਾ ਪੂਰਨ ਭਾਂਤ ਰੂੜ੍ਹੀਵਾਦੀ ਪ੍ਰਕਿਰਤੀ ਨਾਲ ਸੀ, ਜਿਸ ਵਿਚ ਹਰ ਚੀਜ਼ ਅੱਜ ਤੱਕ ਉਹੋ ਕੁਝ ਰਹੀ ਸੀ ਜੋ ਇਹ ਸੰਸਾਰ ਦੇ ਆਰੰਭ ਸਮੇਂ ਸੀ, ਅਤੇ ਜਿਸ ਵਿਚ ਸੰਸਾਰ ਦੇ ਅੰਤ ਤੱਕ ਹਰ ਚੀਜ਼ ਉਸ ਤਰ੍ਹਾਂ ਰਹੇਗੀ ਜਿਸ ਤਰ੍ਹਾਂ ਇਹ ਆਰੰਭ ਵਿਚ ਸੀ।

ਇਹ ਗੱਲ ਲਖਣਾਇਕ ਹੈ ਕਿ ਅਜੀਵਕ ਤੇ ਜੀਵਕ ਦੋਹਾਂ ਵਿਚ ਹੀ ਪ੍ਰਕਿਰਤੀ ਬਾਰੇ ਇਹ ਰੂੜ੍ਹੀਵਾਦੀ ਦ੍ਰਿਸ਼ਟੀਕੋਣ [ . . . ] *

ਖਗੋਲ-ਵਿਗਿਆਨ
ਯੰਤਰ-ਵਿਗਿਆਨ
ਗਣਿਤ

ਭੌਤਕ-ਵਿਗਿਆਨ
ਰਸਾਇਣ-ਵਿਗਿਆਨ

ਭੂ-ਗਰਭ-ਵਿਗਿਆਨ
ਪਥਰਾਏ ਜੀਵਾਂ ਦੇ ਅਧਿਅਨ ਦਾ ਵਿਗਿਆਨ
ਖਣਿਜ-ਵਿਗਿਆਨ

ਬਨਸਪਤ ਸਰੀਰ-ਕਿਰਿਆ-ਵਿਗਿਆਨ
ਪਸ਼ੂ ਸਰੀਰ-ਕਿਰਿਆ-ਵਿਗਿਆਨ
ਸਰੀਰ ਰਚਨਾ-ਵਿਗਿਆਨ

ਚਕਿਤਸਾ-ਵਿਗਿਆਨ
ਤਸ਼ਖੀਸ-ਵਿਗਿਆਨ

ਪਹਿਲੀ ਦਰਾੜ: ਕਾਂਟ ਅਤੇ ਲਾਪਲਾਸ। ਦੂਜੀ: ਭੂ-ਗਰਭ-ਵਿਗਿਆਨ ਅਤੇ ਪਥਰਾਏ ਜੀਵਾਂ ਦੇ ਅਧਿਅਨ ਦਾ ਵਿਗਿਆਨ (ਲਾਯੇਲ, ਮਧਮ ਵਿਕਾਸ)। ਤੀਜੀ: ਜੀਵਕ ਰਸਾਇਣ-ਵਿਗਿਆਨ, ਜਿਹੜਾ ਜੀਵਕ ਪਿੰਡੇ ਤਿਆਰ ਕਰਦਾ ਹੈ ਅਤੇ ਜੀਵਤ ਪਿੰਡਿਆਂ ਲਈ ਰਸਾਇਣੀ ਨਿਯਮਾਂ ਦੀ ਸਾਰਥਕਤਾ ਦਰਸਾਉਂਦਾ ਹੈ। ਚੌਥੀ: ੧੮੪੨, ਤਾਪ [ ਦਾ ] ਯਾਂਤ੍ਰਿਕ [ ਸਿਧਾਂਤ ], ਗਰੂਵ। ਪੰਜਵੀਂ: ਡਾਰਵਿਨ, ਲਾਮਾਰਕ, ਸੈਲ, ਆਦਿ। (ਸੰਗਰਾਮ, ਕੁਵੀਯੇ ਅਤੇ ਅਗਾਸਿਸ)। ਛੇਵੀਂ: ਸਰੀਰ-ਰਚਨਾ-ਵਿਗਿਆਨ ਵਿਚ **ਤੁਲਨਾਤਮਕ ਅੰਸ਼**, ਜਲਵਾਯੂ-ਵਿਗਿਆਨ (ਸਮਤਾਪੀ ਰੇਖਾਵਾਂ)

* ਇਹ ਵਾਕ ਮੁਕੰਮਲ ਨਹੀਂ। — **ਸੰਪਾ:**

ਪਸ਼ੂ ਅਤੇ ਬਨਸਪਤ ਭੂਗੋਲ (ਅਠਾਰ੍ਹਵੀਂ ਸਦੀ ਦੇ ਅੱਧ ਉਪਰੰਤ ਵਿਗਿਆਨਕ ਯਾਤਰਾ ਮੁਹਿੰਮਾਂ), ਵਿਆਪਕ ਰੂਪ ਵਿਚ ਭੌਤਕੀ ਭੂਗੋਲ (ਹੁਮਬੋਲਡਟ), ਸਮਿਗਰੀ ਨੂੰ ਇਸ ਦੇ ਪ੍ਰਸਪਰ ਸੰਬੰਧ ਵਿਚ ਜੋੜਨਾ ਬੀੜਨਾ। ਰਚਨਾ-ਵਿਗਿਆਨ (ਭਰੂਣ-ਵਿਗਿਆਨ, ਬੈਰ)।

ਪੁਰਾਣਾ ਪ੍ਰਯੋਜਨਵਾਦ ਤਬਾਹ ਹੋ ਗਿਆ ਹੈ, ਪਰ ਇਹ ਗੱਲ ਹੁਣ ਪੱਕੀ ਤਰ੍ਹਾਂ ਸਥਾਪਤ ਹੈ ਕਿ ਆਪਣੇ ਅਨੰਤ ਚੱਕਰ ਵਿਚ ਪਦਾਰਥ ਉਹਨਾਂ ਨੇਮਾਂ ਅਨੁਸਾਰ ਗਤੀਮਾਨ ਹੈ ਜਿਹੜੇ ਇਕ ਨਿਸਚਿਤ ਪੜਾ ਤੇ—ਕਦੇ ਇਕ ਥਾਂ, ਕਦੇ ਦੂਜੀ ਥਾਂ—ਲਾਜ਼ਮੀ ਹੀ ਜੀਵਕ ਹੋਂਦਾਂ ਵਿਚ ਚਿੰਤਨਸ਼ੀਲ ਮਨ ਨੂੰ ਜਨਮ ਦੇਂਦੇ ਹਨ।

ਪਸ਼ੂਆਂ ਦੀ ਸਾਧਾਰਨ ਹੋਂਦ ਸਮਕਾਲੀ ਪ੍ਰਸਥਿਤੀਆਂ ਦੁਆਰਾ ਨਿਸਚਿਤ ਹੁੰਦੀ ਹੈ ਜਿਨ੍ਹਾਂ ਵਿਚ ਉਹ ਰਹਿੰਦੇ ਹਨ ਅਤੇ ਜਿਨ੍ਹਾਂ ਦੇ ਉਹ ਆਪਣੇ ਆਪ ਨੂੰ ਅਨੁਕੂਲ ਬਣਾਉਂਦੇ ਹਨ; ਮਨੁਖ ਦੀਆਂ ਪ੍ਰਸਥਿਤੀਆਂ, ਜਿਵੇਂ ਹੀ ਉਹ ਆਪਣੇ ਆਪ ਨੂੰ ਸੌੜੇਰੇ ਅਰਥ ਵਿਚ ਪਸ਼ੂ ਨਾਲੋਂ ਨਿਖੇੜ ਲੈਂਦਾ ਹੈ, ਉਹ ਹਾਲੇ ਤੱਕ ਕਦੇ ਮੌਜੂਦ ਨਹੀਂ ਰਹੀਆਂ, ਅਤੇ ਕੇਵਲ ਪਿਛੋਂ ਵਾਪਰਨ ਵਾਲੇ ਇਤਿਹਾਸਕ ਵਿਕਾਸ ਦੁਆਰਾ ਹੀ ਵਿਸਤ੍ਰਿਤ ਕੀਤੀਆਂ ਜਾਣਗੀਆਂ। ਮਨੁਖ ਇਕੋ ਇਕ ਅਜਿਹਾ ਪਸ਼ੂ ਹੈ ਜਿਹੜਾ ਆਪਣੇ ਆਪ ਨੂੰ ਨਿਰਾ ਪਸ਼ੂ ਅਵਸਥਾ ਵਿਚੋਂ ਬਾਹਰ ਕੱਢਣ ਦੇ ਸਮਰਥ ਹੈ—ਉਸ ਦੀ ਸਾਧਾਰਨ ਅਵਸਥਾ ਉਹ ਹੈ ਜਿਹੜੀ ਉਸ ਦੀ ਚੇਤਨਤਾ ਦੇ ਅਨੁਕੂਲ ਹੈ, **ਉਹ ਜਿਸ ਨੂੰ ਖ਼ੁਦ ਆਪ ਸਿਰਜਣਾ ਹੈ।...**

* * *

ਈਸ਼ਵਰ ਨਾਲ ਜਿੰਨਾ ਬੁਰਾ ਵਿਹਾਰ ਉਹਨਾਂ ਪ੍ਰਾਕਿਰਤਕ ਵਿਗਿਆਨੀਆਂ ਵਲੋਂ ਕੀਤਾ ਗਿਆ ਹੈ ਜਿਹੜੇ ਉਸ ਵਿਚ ਵਿਸ਼ਵਾਸ ਰਖਦੇ ਹਨ ਓਨਾ ਕਿਸੇ ਹੋਰ ਵਲੋਂ ਨਹੀਂ ਹੋਇਆ। ਪਦਾਰਥਵਾਦੀ ਤਾਂ ਕੇਵਲ, ਅਜਿਹੀ ਲਫਾਜ਼ੀ ਦੀ ਵਰਤੋਂ ਕੀਤੇ ਬਿਨਾਂ, **ਤੱਥਾਂ** ਦੀ ਵਿਆਖਿਆ ਕਰਦੇ ਹਨ; ਉਹ ਇਹ ਪਹਿਲਾਂ ਓਦੋਂ ਕਰਦੇ ਹਨ ਜਦੋਂ ਜ਼ਿੱਦਲ ਧਰਮੀ ਆਸਤਿਕ ਉਹਨਾਂ ਉਤੇ ਈਸ਼ਵਰ ਨੂੰ ਠੋਸਣ ਦਾ ਜਤਨ ਕਰਦੇ ਹਨ, ਅਤੇ ਫਿਰ ਜਾਂ ਤਾਂ ਲਾਪਲਾਸ ਵਾਂਗ ਰੁਖੇ ਢੰਗ ਨਾਲ ਜਵਾਬ ਦੇਂਦੇ ਹਨ: "Sire, je n'avais pas, etc."*, ਜਾਂ ਉਹਨਾਂ ਡੱਚ ਵਪਾਰੀਆਂ ਦੇ ਅੰਦਾਜ਼ ਵਿਚ

---

* "Sire, je n'avais pas besoin de sette hypothèse" ("ਹਜ਼ਾਰ! ਮੈਨੂੰ ਇਸ ਮਿਥਣ ਦੀ ਕੋਈ ਲੋੜ ਨਹੀਂ ਸੀ")—ਨੈਪੋਲੀਅਨ ਪਹਿਲੇ ਦੇ ਸਵਾਲ, ਕਿ ਉਸ ਨੇ ਆਪਣੇ "ਅਰਸ਼ੀ ਗਤੀ-ਵਿਗਿਆਨ" ਵਿਚ ਰੱਬ ਦਾ ਜ਼ਿਕਰ ਕਿਉਂ ਨਹੀਂ ਕੀਤਾ ਦੇ ਜਵਾਬ ਵਿਚ ਲਾਪਲਾਸ ਦੇ ਆਖੇ ਸ਼ਬਦ।—**ਸੰਪਾ:**

ਵਧੇਰੇ ਅਖੜ ਢੰਗ ਨਾਲ ਜਿਹੜੇ, ਜਦੋਂ ਜਰਮਨ ਵਪਾਰੀ ਯਾਤਰੀ ਆਪਣਾ ਘਟੀਆ ਮਾਲ ਉਹਨਾਂ ਉਤੇ ਮੜ੍ਹਦੇ ਹਨ, ਇਹਨਾਂ ਸ਼ਬਦਾਂ ਨਾਲ ਉਹਨਾਂ ਨੂੰ ਮਾਲ ਮੋੜਨ ਦੇ ਆਦੀ ਹਨ "Ik kan die zaken niet gebruiken" *, ਅਤੇ ਏਨੇ ਨਾਲ ਮਾਮਲਾ ਖ਼ਤਮ ਹੋ ਜਾਂਦਾ ਹੈ। ਪਰ ਈਸ਼ਵਰ ਨੂੰ ਆਪਣੇ ਸਮਰਥਕਾਂ ਦੇ ਹੱਥੋਂ ਕਿੰਨੇ ਦੁਖ ਸਹਿਣੇ ਪਏ ਹਨ! ਆਧੁਨਿਕ ਪ੍ਰਾਕਿਰਤਕ ਵਿਗਿਆਨ ਦੇ ਇਤਿਹਾਸ ਵਿਚ, ਈਸ਼ਵਰ ਨਾਲ ਉਹਦੇ ਸਮਰਥਕਾਂ ਨੇ ਉਹੋ ਵਿਹਾਰ ਕੀਤਾ ਹੈ ਜਿਹੜਾ ਯੇਨਾ ਦੀ ਮੁਹਿੰਮ ਵਿਚ ਫਰੀਡਰਿਖ਼-ਵਿਲਹੈਲਮ ਤੀਜੇ ਨਾਲ ਉਹਦੇ ਜਰਨੈਲਾਂ ਅਤੇ ਅਫਸਰਾਂ ਨੇ ਕੀਤਾ ਸੀ। ਸੈਨਾ ਦੀ ਇਕ ਤੋਂ ਪਿਛੋਂ ਦੂਜੀ ਡੀਵੀਜ਼ਨ ਆਪਣੇ ਹਥਿਆਰ ਸੁਟਦੀ ਜਾਂਦੀ ਹੈ, ਇਕ ਤੋਂ ਪਿਛੋਂ ਦੂਜੀ ਗੜ੍ਹੀ ਵਿਗਿਆਨ ਦੇ ਕੂਚ ਅੱਗੇ ਆਤਮ-ਸਮਰਪਨ ਕਰਦੀ ਜਾਂਦੀ ਹੈ, ਅਤੇ ਅਖੀਰ ਪ੍ਰਕਿਰਤੀ ਦੇ ਸਮੁਚੇ ਅਸੀਮ ਜਗਤ ਉਤੇ ਵਿਗਿਆਨ ਦਾ ਕਬਜ਼ਾ ਹੋ ਜਾਂਦਾ ਹੈ, ਅਤੇ ਸਿਰਜਣਹਾਰ ਲਈ ਇਹਦੇ ਵਿਚ ਕੋਈ ਥਾਂ ਨਹੀਂ ਰਹਿ ਜਾਂਦੀ। ਨਿਊਟਨ ਨੇ ਉਸ ਨੂੰ "ਪ੍ਰਥਮ ਵੇਗ" ਦੀ ਆਗਿਆ ਦਿਤੀ ਪਰ ਆਪਣੇ ਸੂਰਜੀ ਪਰਵਾਰ ਵਿਚ ਕਿਸੇ ਹੋਰ ਦਖਲ ਦੀ ਉਸ ਨੂੰ ਮਨਾਹੀ ਕਰ ਦਿਤੀ। ਪਾਦਰੀ ਸੇਕੀ ਉਸ ਨੂੰ ਸੂਰਜੀ ਪਰਵਾਰ ਵਿਚੋਂ ਉੱਕਾ ਹੀ ਬਾਹਰ ਕੱਢ ਦੇਂਦਾ ਹੈ, ਇਹ ਠੀਕ ਹੈ ਕਿ ਸਾਰੇ ਧਾਰਮਿਕ ਸਨਮਾਨਾਂ ਨਾਲ, ਪਰ ਫਿਰ ਵੀ ਸਾਫ ਸਪਸ਼ਟ ਤੌਰ ਤੇ, ਅਤੇ ਉਹ ਉਸ ਨੂੰ ਕੇਵਲ ਮੂਲ ਧੁੰਦੂਕਾਰ ਪੁੰਜ ਦੇ ਸੰਬੰਧ ਵਿਚ ਹੀ ਸਿਰਜਣਾਤਮਕ ਅਮਲ ਦੀ ਆਗਿਆ ਦੇਂਦਾ ਹੈ। ਅਤੇ ਸਾਰੇ ਖੇਤਰਾਂ ਵਿਚ ਇਸ ਤਰ੍ਹਾਂ ਹੁੰਦਾ ਹੈ। ਜੀਵ-ਵਿਗਿਆਨ ਵਿਚ, ਉਸ ਦਾ ਆਖਰੀ ਮਹਾਨ ਡਾਨ ਕੁਇਗਜ਼ੋਤ, ਅਗਾਸਿਸ, ਤਾਂ ਸਾਕਾਰਾਤਮਕ ਵਾਹਯਾਤੀ ਵੀ ਉਸ ਨਾਲ ਸੰਬੰਧ ਕਰ ਦੇਂਦਾ ਹੈ: ਫਰਜ਼ ਕੀਤਾ ਜਾਂਦਾ ਹੈ ਕਿ ਉਸ ਨੇ ਕੇਵਲ ਵਾਸਤਵਿਕ ਜਾਨਵਰ ਹੀ ਨਹੀਂ ਸਗੋਂ ਅਮੂਰਤ ਜਾਨਵਰ ਵੀ ਸਿਰਜੇ, ਮੱਛੀ ਵਾਸਤਵ ਰੂਪ ਵਿਚ! ਅਤੇ ਅਖੀਰ ਵਿਚ ਟਿੰਡਲ ਪ੍ਰਕਿਰਤੀ ਵਿਚ ਉਸ ਦਾ ਕੋਈ ਦਖਲ ਉੱਕਾ ਹੀ ਬੰਦ ਕਰ ਦੇਂਦਾ ਹੈ ਅਤੇ ਉਸ ਨੂੰ ਪਿੱਛੇ ਧਕ ਕੇ ਭਾਵੁਕ ਪ੍ਰਕਿਰਿਆਵਾਂ ਦੇ ਜਗਤ ਵਿਚ ਸੁਟ ਦੇਂਦਾ ਹੈ, ਕੇਵਲ ਇਸ ਲਈ ਉਸ ਨੂੰ ਪ੍ਰਵਾਨ ਕਰਦਾ ਹੈ ਕਿ ਆਖਰ ਕੋਈ ਤਾਂ ਹੋਣਾ ਚਾਹੀਦਾ ਹੈ ਜਿਹੜਾ ਇਹਨਾਂ ਸਭਨਾਂ ਚੀਜ਼ਾਂ (ਪ੍ਰਕਿਰਤੀ) ਬਾਰੇ ਜਾਨ ਟਿੰਡਲ ਨਾਲੋਂ ਵਧੇਰੇ ਜਾਣਦਾ ਹੋਵੇ! ਕਿੰਨਾ ਫਾਸਲਾ ਹੈ ਪੁਰਾਣੇ ਈਸ਼ਵਰ ਤੋਂ—ਅਰਸ਼ ਤੇ ਫਰਸ਼ ਦੇ ਸਿਰਜਣਹਾਰ, ਸਭਨਾਂ ਚੀਜ਼ਾਂ ਦੇ ਰਖਿਅਕ—ਜਿਸ ਦੇ ਹੁਕਮ ਬਿਨਾਂ ਦਰਖ਼ਤ ਦਾ ਪੱਤਾ ਨਹੀਂ ਹਿਲ ਸਕਦਾ!

ਟਿੰਡਲ ਦੀ ਭਾਵੁਕ ਲੋੜ ਕੁਝ ਵੀ ਸਿਧ ਨਹੀਂ ਕਰਦੀ। ਮਾਨੋਨ ਲੇਸਕੋ[111]

---

* ਇਹ ਚੀਜ਼ਾਂ ਮੇਰੇ ਕਿਸੇ ਕੰਮ ਦੀਆਂ ਨਹੀਂ।—ਸੰਪਾ:

ਨੂੰ ਪਿਆਰ ਕਰਨਾ ਅਤੇ ਪ੍ਰਾਪਤ ਕਰਨਾ ਸੂਰਮਾ ਦੇ ਗਰਿਯੋ ਦੀ ਵੀ ਭਾਵੁਕ ਲੋੜ ਸੀ, ਜਿਸ ਨੇ ਆਪਣੇ ਆਪ ਨੂੰ ਅਤੇ ਉਸ ਨੂੰ ਮੁੜ ਮੁੜ ਕੇ ਵੇਚਿਆ ਸੀ; ਉਸ ਦੀ ਖਾਤਰ ਉਹ ਪੱਤੇਬਾਜ਼ ਅਤੇ ਦੱਲਾ ਬਣਿਆ, ਅਤੇ ਜੇ ਟਿੰਡਲ ਉਸ ਨੂੰ ਬੁਰਾ ਭਲਾ ਕਹਿਣਾ ਚਾਹੁੰਦਾ ਹੈ, ਤਾਂ ਉਹ ਆਪਣੀ "ਭਾਵੁਕ ਲੋੜ" ਨਾਲ ਜਵਾਬ ਦੇਵੇਗਾ।

ਈਸ਼ਵਰ = nescio *; ਪਰ ignorantia non est argumentum ** (ਸਪੀਨੋਜ਼ਾ)।

੧੮੭੩—੧੮੮੩ ਵਿਚ
ਲਿਖਿਆ ਗਿਆ

ਮੂਲ ਪਾਠ ਜਰਮਨ ਵਿਚ ਹੈ

---

* ਪਤਾ ਨਹੀਂ।—ਸੰਪਾ:

** ਅਗਿਆਨਤਾ ਕੋਈ ਦਲੀਲ ਨਹੀਂ ਹੈ।—ਸੰਪਾ:

# ਬਰੂਨੋ ਬਾਵੇਰ ਅਤੇ ਮੁਢਲੀ ਈਸਾਈਅਤ

੧੩ ਅਪ੍ਰੈਲ ਨੂੰ ਬਰਲਿਨ ਵਿਚ ਇਕ ਆਦਮੀ ਦੀ ਮੌਤ ਹੋ ਗਈ ਜਿਸ ਨੇ ਕਦੇ ਇਕ ਦਰਸ਼ਨਵੇਤਾ ਅਤੇ ਇਕ ਧਰਮ-ਸ਼ਾਸਤ੍ਰੀ ਦਾ ਰੋਲ ਅਦਾ ਕੀਤਾ ਸੀ ਪਰ ਜਿਸ ਬਾਰੇ ਵਰ੍ਹਿਆਂ ਤੋਂ ਕੁਝ ਸੁਣਿਆ ਨਹੀਂ ਸੀ ਗਿਆ; ਸਿਰਫ ਆਮ ਜਨਤਾ ਦਾ ਹੀ ਕਦੇ ਕਦੇ ਇਕ "ਸਾਹਿਤਕ ਖਬਤੀ" ਵਜੋਂ ਉਹਦੇ ਵੱਲ ਧਿਆਨ ਗਿਆ ਸੀ। ਸਰਕਾਰੀ ਧਰਮ-ਸ਼ਾਸਤ੍ਰੀਆਂ ਨੇ, ਸਮੇਤ ਰੇਨਾਨ ਨੇ ਉਸ ਦੀ ਨਕਲ ਕੀਤੀ ਸੀ ਅਤੇ ਇਸ ਲਈ ਉਹਦੇ ਬਾਰੇ ਚੁਪ ਧਾਰ ਰਖੀ ਸੀ। ਅਤੇ ਇਸ ਦੇ ਬਾਵਜੂਦ ਉਹਦਾ ਮੁਲ ਉਹਨਾਂ ਸਭਨਾਂ ਨਾਲੋਂ ਵਧੇਰੇ ਸੀ ਅਤੇ ਇਕ ਸਵਾਲ ਬਾਰੇ, ਜਿਸ ਵਿਚ ਸਾਨੂੰ ਸੋਸ਼ਲਿਸਟਾਂ ਨੂੰ ਵੀ ਦਿਲਚਸਪੀ ਹੈ, ਉਸ ਨੇ ਉਹਨਾਂ ਸਾਰਿਆਂ ਨਾਲੋਂ ਬਹੁਤਾ ਕੰਮ ਕੀਤਾ ਸੀ: ਇਹ ਸਵਾਲ ਹੈ ਈਸਾਈਅਤ ਦੇ ਇਤਿਹਾਸਕ ਮੁੱਢ ਦਾ।

ਉਸ ਦੀ ਮੌਤ ਦੇ ਮੌਕੇ ਤੇ ਆਓ ਅਸੀਂ ਇਸ ਸਵਾਲ ਬਾਰੇ ਵਰਤਮਾਨ ਪੁਜ਼ੀਸ਼ਨ ਦੀ ਅਤੇ ਇਸ ਦੇ ਹਲ ਵਿਚ ਬਾਵੇਰ ਦੇ ਯੋਗਦਾਨ ਦੀ ਸੰਖੇਪ ਚਰਚਾ ਕਰੀਏ।

ਮਧ ਜੁਗ ਦੇ ਸੁਤੰਤਰ ਚਿੰਤਕਾਂ ਤੋਂ ਲੈਕੇ ਅਠਾਰ੍ਹਵੀਂ ਸਦੀ ਦੇ ਪ੍ਰਬੁਧਤਾਵਾਦੀਆਂ ਤੱਕ, ਪਿਛਲਿਆਂ ਸਮੇਤ ਇਹ ਵਿਚਾਰ ਪ੍ਰਬਲ ਸੀ ਕਿ ਸਾਰੇ ਧਰਮ, ਅਤੇ ਇਸ ਲਈ ਈਸਾਈਅਤ ਵੀ, ਧੋਖੇਬਾਜ਼ਾਂ ਦਾ ਕੰਮ ਸੀ, ਪਰ ਜਦੋਂ ਹੀਗਲ ਨੇ ਦਰਸ਼ਨ ਦੇ ਸਾਮ੍ਹਣੇ ਸੰਸਾਰ ਇਤਿਹਾਸ ਵਿਚ ਇਕ ਤਰਕ-ਸੰਗਤ ਕ੍ਰਮ-ਵਿਕਾਸ ਦਰਸਾਉਣ ਦਾ ਕਾਰਜ ਮਿੱਥ ਦਿਤਾ ਤਾਂ ਇਹ ਵਿਚਾਰ ਕਾਫੀ ਨਹੀਂ ਸੀ ਰਿਹਾ।

ਇਹ ਸਪਸ਼ਟ ਹੈ ਕਿ ਭਾਵੇਂ ਆਪਮੁਹਾਰੇ ਉਠਣ ਵਾਲੇ ਧਰਮ, ਜਿਵੇਂ ਨੀਗਰੋ ਲੋਕਾਂ ਦੀ ਜੜ੍ਹਪ੍ਰਸਤੀ ਜਾਂ ਆਰੀਆਂ[112] ਦਾ ਸਾਂਝਾ ਆਦਿ-ਕਾਲੀਨ ਧਰਮ, ਧੋਖੇ ਦੇ ਕਿਸੇ ਰੋਲ ਤੋਂ ਬਿਨਾਂ ਹੋਂਦ ਵਿਚ ਆਏ ਸਨ, ਤਾਂ ਵੀ ਉਹਨਾਂ ਦੇ ਅਗਲੇ ਵਿਕਾਸ ਵਿਚ ਜਲਦੀ ਹੀ ਪੁਜਾਰੀਆਂ ਵਲੋਂ ਧੋਖੇਬਾਜ਼ੀ ਲਾਜ਼ਮੀ ਹੋ ਜਾਂਦੀ ਹੈ। ਪਰ ਸਾਰੇ ਸੁਹਿਰਦ ਜਨੂੰਨ ਦੇ ਬਾਵਜੂਦ, ਮਸਨੂਈ ਧਰਮ ਆਪਣੀ ਸਥਾਪਨਾ ਵੇਲੇ ਵੀ ਧੋਖੇ ਅਤੇ ਇਤਿਹਾਸ ਨੂੰ ਝੁਠਲਾਏ ਬਿਨਾਂ ਚਲ ਨਹੀਂ ਸਕਦੇ। ਜਿਵੇਂ ਕਿ ਬਾਵੇਰ ਨੇ ਨਵੀਂ ਸਾਖ ਦੀ ਆਪਣੀ ਆਲੋਚਨਾ ਵਿਚ ਦਰਸਾਇਆ ਹੈ, ਈਸਾਈਅਤ ਵੀ ਆਪਣੇ ਆਰੰਭ ਤੋਂ ਹੀ ਇਸ ਪਖੋਂ ਕੁਝ ਕਾਫ਼ੀ ਚੰਗੀਆਂ ਪ੍ਰਾਪਤੀਆਂ ਦਾ ਦਾਹਵਾ ਕਰ ਸਕਦੀ

ਹੈ। ਪਰ ਇਸ ਗੱਲ ਤੋਂ ਕੇਵਲ ਇਕ ਵਿਆਪਕ ਵਰਤਾਰੇ ਦੀ ਪੁਸ਼ਟੀ ਹੀ ਹੁੰਦੀ ਹੈ ਅਤੇ ਵਿਚਾਰ-ਅਧੀਨ ਵਿਸ਼ੇਸ਼ ਸਵਾਲ ਦੀ ਵਿਆਖਿਆ ਨਹੀਂ ਹੁੰਦੀ।

ਉਸ ਧਰਮ ਦੀ ਗੱਲ ਜਿਸਨੇ ਰੋਮਨ ਸੰਸਾਰ ਸ਼ਹਿਨਸ਼ਾਹੀ ਨੂੰ ਆਪਣੇ ਅਧੀਨ ਕਰ ਲਿਆ ਸੀ ਅਤੇ ੧੮੦੦ ਵਰ੍ਹੇ ਸਭਿਅ ਮਨੁਖਤਾ ਦੇ ਬਹੁਤ ਵਡੇਰੇ ਹਿੱਸੇ ਉਤੇ ਗ਼ਲਬਾ ਪਾਈ ਰਖਿਆ ਸੀ ਕੇਵਲ ਇਹ ਕਹਿ ਕੇ ਹੀ ਨਹੀਂ ਮੁਕਾਈ ਜਾ ਸਕਦੀ ਕਿ ਇਹ ਧੋਖੇ ਫਰੇਬ ਨਾਲ ਇਕੱਠੀ ਕੀਤੀ ਬਕਵਾਸ ਸੀ। ਇਸ ਦੇ ਮੁੱਢ ਅਤੇ ਇਸ ਦੇ ਵਿਕਾਸ ਨੂੰ ਉਹਨਾਂ ਇਤਿਹਾਸਕ ਪ੍ਰਸਥਿਤੀਆਂ ਵਿਚ ਰਖ ਕੇ, ਜਿਨ੍ਹਾਂ ਅਧੀਨ ਇਸ ਨੇ ਜਨਮ ਲਿਆ ਅਤੇ ਇਹ ਆਪਣੀ ਪ੍ਰਬਲ ਪੁਜ਼ੀਸ਼ਨ ਨੂੰ ਪੁਜਿਆ, ਵਿਆਖਿਆ ਕਰਨ ਵਿਚ ਸਫਲ ਹੋਏ ਬਿਨਾਂ ਇਸ ਗੱਲ ਨਾਲ ਨਿਬੜਿਆ ਨਹੀਂ ਜਾ ਸਕਦਾ। ਇਹੋ ਗੱਲ ਈਸਾਈਅਤ ਉਤੇ ਲਾਗੂ ਹੁੰਦੀ ਹੈ। ਤਾਂ ਫਿਰ ਹੱਲ ਕਰਨ ਵਾਲਾ ਮਸਲਾ ਇਹ ਹੈ ਕਿ ਇਹ ਕਿਵੇਂ ਹੋਇਆ ਕਿ ਰੋਮਨ ਸ਼ਹਿਨਸ਼ਾਹੀ ਦੀ ਆਮ ਜਨਤਾ ਨੇ ਦੂਜੇ ਸਾਰੇ ਧਰਮਾਂ ਦੇ ਮੁਕਾਬਲੇ ਇਸ ਬਕਵਾਸ ਨੂੰ ਏਨੀ ਬਹੁਤੀ ਪਹਿਲ ਦਿਤੀ — ਉਹ ਵੀ ਓਦੋਂ ਜਦੋਂ ਇਸ ਦਾ ਪ੍ਰਚਾਰ ਗ਼ੁਲਾਮ ਅਤੇ ਪੀੜਤ ਲੋਕ ਕਰਦੇ ਸਨ — ਕਿ ਹਿਰਸੀ ਕਨਸਤਨਤੀਨ ਨੇ ਅਖ਼ੀਰ ਆਪਣੇ ਆਪ ਨੂੰ ਰੋਮਨ ਜਗਤ ਦੇ ਨਿਰੰਕੁਸ਼-ਸਵਾਮੀ ਦੀ ਪੁਜ਼ੀਸ਼ਨ ਤੱਕ ਖੜਨ ਲਈ ਇਸ ਬਕਵਾਸੀ ਧਰਮ ਨੂੰ ਸਭ ਤੋਂ ਚੰਗਾ ਸਾਧਨ ਸਮਝਕੇ ਅਪਣਾਇਆ।

ਇਸ ਮਸਲੇ ਦੇ ਹਲ ਵਿਚ ਬਰੂਨੋ ਬਾਵੇਰ ਦਾ ਯੋਗਦਾਨ ਹੋਰ ਕਿਸੇ ਨਾਲੋਂ ਵੀ ਬਹੁਤਾ ਹੈ। ੧੮੪੯ ਤੋਂ ਪਿਛਾਖੜ ਦੇ ਦੌਰ ਦੇ ਅੱਧ-ਵਿਸ਼ਵਾਸੀ ਧਰਮ-ਸ਼ਾਸਤ੍ਰੀਆਂ ਨੇ ਉਸ ਦੇ ਖਿਲਾਫ ਭਾਵੇਂ ਕਿੰਨਾ ਵੀ ਸੰਗਰਾਮ ਕੀਤਾ, ਉਸਨੇ ਅੰਜੀਲੀ ਕਥਾਵਾਂ ਦਾ ਤਿਥੀ-ਕ੍ਰਮ ਅਤੇ ਉਹਨਾਂ ਦਾ ਪ੍ਰਸਪਰ ਸੰਬੰਧ, ਜਿਹੜਾ ਵਿਲਕੇ ਨੇ ਸ਼ੁਧ ਭਾਸ਼ਾ-ਵਿਗਿਆਨ ਦੀ ਦ੍ਰਿਸ਼ਟੀ ਤੋਂ ਦਰਸਾਇਆ ਸੀ, ਖ਼ੁਦ ਇਹਨਾਂ ਕਥਾਵਾਂ ਦੀ ਵਸਤੂ ਦੁਆਰਾ ਅਕੱਟ ਤੌਰ ਤੇ ਸਿਧ ਕੀਤਾ। ਉਸ ਨੇ ਸ਼ਟਰਾਊਸ ਦੇ ਧੁੰਦਲੇ ਮਿਥ ਸਿਧਾਂਤ ਵਿਚ, ਜਿਸ ਅਨੁਸਾਰ ਹਰ ਕੋਈ ਆਪਣੀ ਮਰਜ਼ੀ ਨਾਲ ਅੰਜੀਲੀ ਬ੍ਰਿਤਾਂਤਾਂ ਦੇ ਜਿੱਨੇ ਹਿੱਸੇ ਨੂੰ ਚਾਹੇ ਇਤਿਹਾਸਕ ਮੰਨ ਸਕਦਾ ਹੈ, ਵਿਗਿਆਨਕ ਭਾਵਨਾ ਦੀ ਮੂਲੋਂ ਹੀ ਅਣਹੋਂਦ ਨੂੰ ਪ੍ਰਗਟ ਕੀਤਾ। ਅਤੇ ਜੇ ਅੰਜੀਲੀ ਕਥਾਵਾਂ ਦੇ ਸਮੁਚੇ ਵਿਸ਼ੈ-ਵਸਤੂ ਵਿਚੋਂ ਕੁਝ ਵੀ ਇਤਿਹਾਸਕ ਤੌਰ ਤੇ ਸਿਧ ਹੋਣ ਜੋਗ ਨਹੀਂ ਨਿਕਲਦਾ — ਇਸ ਹੱਦ ਤੱਕ ਕਿ ਈਸਾ ਮਸੀਹ ਦੀ ਇਤਿਹਾਸਕ ਹੋਂਦ ਉਤੇ ਵੀ ਕਿੰਤੂ ਕੀਤਾ ਜਾ ਸਕਦਾ ਹੈ — ਤਾਂ ਇਸ ਤਰ੍ਹਾਂ ਕਰਕੇ ਬਾਵੇਰ ਨੇ ਇਹ ਸਵਾਲ ਹੱਲ ਕਰਨ ਲਈ ਕੇਵਲ ਜ਼ਮੀਨ ਹੀ ਸਾਫ ਕੀਤੀ ਹੈ: ਉਹਨਾਂ ਵਿਚਾਰਾਂ ਅਤੇ ਖਿਆਲਾਂ ਦਾ ਮੁਢ ਕੀ ਹੈ ਜਿਨ੍ਹਾਂ ਨੂੰ ਈਸਾਈਅਤ ਵਿਚ ਇਕ ਪ੍ਰਕਾਰ ਦੇ ਪ੍ਰਬੰਧ ਵਿਚ ਬੰਨ੍ਹ ਦਿਤਾ ਗਿਆ ਹੈ, ਅਤੇ ਸੰਸਾਰ ਉਤੇ ਉਹਨਾਂ ਦੀ ਪ੍ਰਬਲਤਾ ਕਿਵੇਂ ਸਥਾਪਤ ਹੋਈ ?

ਬਾਵੇਰ ਨੇ ਆਪਣੀ ਮੌਤ ਤੱਕ ਇਸ ਸਵਾਲ ਦਾ ਅਧਿਅਨ ਕੀਤਾ। ਉਸ ਦੀ ਖੋਜ ਇਸ ਨਿਰਣੇ ਉਤੇ ਆਪਣੀ ਸਿਖਰ ਨੂੰ ਪੁਜੀ ਕਿ ਸਿਕੰਦਰੀਆ ਦਾ ਯਹੂਦੀ ਫਿਲੋ, ਜਿਹੜਾ ਸੰਨ ੪੦ ਦੇ ਨੇੜੇ ਅਜੇ ਜੀਊਂਦਾ ਸੀ ਪਰ ਬਹੁਤ ਬੁਢਾ ਹੋ ਚੁਕਾ ਸੀ, ਈਸਾਈਅਤ ਦਾ ਅਸਲ ਪਿਤਾ ਸੀ, ਅਤੇ ਰੋਮਨ ਸਹਿਜ-ਮਾਰਗੀ ਸੈਨੇਕਾ, ਇਕ ਤਰੀਕੇ ਨਾਲ, ਇਸ ਦਾ ਚਾਚਾ ਸੀ। ਫਿਲੋ ਦੇ ਨਾਂ ਨਾਲ ਜੁੜੀਆਂ ਅਨੇਕਾਂ ਲਿਖਤਾਂ ਜਿਹੜੀਆਂ ਸਾਡੇ ਤੱਕ ਪਹੁੰਚੀਆਂ ਹਨ, ਉਹਨਾਂ ਦਾ ਮੂਲ ਨਿਰਸੰਦੇਹ ਦੁਅਰਥਕ ਢੰਗ ਨਾਲ ਅਤੇ ਜੁਗਤੀਪੂਰਨ ਤਰੀਕੇ ਨਾਲ ਸੰਕਲਪੀਆਂ ਯਹੂਦੀ ਪਰੰਪਰਾਵਾਂ ਦੇ ਯੂਨਾਨੀ, ਖਾਸ ਕਰਕੇ ਸਹਿਜ-ਮਾਰਗੀ, ਦਰਸ਼ਨ ਨਾਲ ਮਿਸ਼ਰਣ ਵਿਚੋਂ ਲਭਦਾ ਹੈ। ਪਛਮੀ ਅਤੇ ਪੂਰਬੀ ਦ੍ਰਿਸ਼ਟੀਕੋਣਾਂ ਦੇ ਇਸ ਸੁਮੇਲ ਵਿਚ ਪਹਿਲਾਂ ਹੀ ਸਭੇ ਹੀ ਲਾਜ਼ਮੀ ਈਸਾਈ ਵਿਚਾਰ ਮੌਜੂਦ ਹਨ: ਮਨੁਖ ਦਾ ਆਦਿ ਪਾਪੀ ਹੋਣਾ, logos, ਬਾਣੀ, ਜਿਹੜੀ ਈਸ਼ਵਰ ਕੋਲ ਹੈ ਅਤੇ ਈਸ਼ਵਰ ਹੈ ਅਤੇ ਜਿਹੜੀ ਈਸ਼ਵਰ ਤੇ ਮਨੁਖ ਵਿਚਕਾਰ ਵਿਚੋਲਾ ਬਣਦੀ ਹੈ; ਪ੍ਰਾਸ਼ਚਿਤ, ਪਸ਼ੂਆਂ ਦੀ ਬਲੀ ਦੇ ਕੇ ਨਹੀਂ, ਸਗੋਂ ਆਪਣੇ ਦਿਲ ਨੂੰ ਈਸ਼ਵਰ ਵੱਲ ਮੋੜਕੇ; ਅਤੇ ਅਖੀਰ ਵਿਚ ਇਹ ਜ਼ਰੂਰੀ ਲਛਣ ਕਿ ਜਿਹੜਾ ਨਵਾਂ ਧਾਰਮਿਕ ਦਰਸ਼ਨ ਪਹਿਲੀ ਸੰਸਾਰ ਵਿਵਸਥਾ ਨੂੰ ਉਲਟਾ ਕਰਦਾ ਹੈ, ਗਰੀਬਾਂ, ਦੁਖਿਆਰਿਆਂ, ਗੁਲਾਮਾਂ ਅਤੇ ਛੇਕੇ ਹੋਇਆਂ ਵਿਚੋਂ ਆਪਣੇ ਅਨੁਆਈ ਲਭਦਾ ਹੈ ਅਤੇ ਅਮੀਰਾਂ, ਸ਼ਕਤੀਵਰਾਂ ਤੇ ਵਿਸ਼ੇਸ਼-ਅਧਿਕਾਰੀਆਂ ਨੂੰ ਘਿਰਣਾ ਕਰਦਾ ਹੈ, ਜਿਸ ਤੋਂ ਸਾਰੀਆਂ ਸੰਸਾਰਿਕ ਖੁਸ਼ੀਆਂ ਪ੍ਰਤਿ ਘਿਰਣਾ ਕਰਨ ਅਤੇ ਆਤਮ ਤਪ-ਸਾਧਨਾਂ ਕਰਨ ਦਾ ਸਬਕ ਨਿਕਲਦਾ ਹੈ।

ਦੂਸਰੇ ਪਾਸੇ, ਆਗਸਟਸ ਨੇ ਆਪ ਇਸ ਗੱਲ ਦਾ ਧਿਆਨ ਰਖਿਆ ਕਿ ਨਾ ਕੇਵਲ ਈਸ਼ਵਰ-ਮਨੁਖ, ਸਗੋਂ ਅਖੌਤੀ ਪਵਿਤਰ ਗਰਭ* ਦੇ ਵਿਚਾਰ ਵੀ ਰਾਜ ਵਲੋਂ ਸਥਾਪਤ ਕੀਤੇ ਸੂਤਰ ਬਣ ਜਾਣ। ਉਸ ਨੇ ਕੇਵਲ ਕੈਸਰ ਦੀ ਅਤੇ ਆਪਣੀ ਦੇਵਤਿਆਂ ਦੇ ਰੂਪ ਵਿਚ ਪੂਜਾ ਹੀ ਨਹੀਂ ਕਰਵਾਈ, ਸਗੋਂ ਉਹਨੇ ਇਸ ਧਾਰਨਾ ਦਾ ਪ੍ਰਸਾਰ ਵੀ ਕੀਤਾ ਕਿ ਉਹ, ਆਗਸਟਸ ਕੈਸਰ divus, ਦੈਵੀ, ਕਿਸੇ ਮਨੁਖੀ ਪਿਤਾ ਦੀ ਸਨਤਾਨ ਨਹੀਂ ਸੀ ਸਗੋਂ ਉਸ ਦੀ ਮਾਂ ਨੂੰ ਦੇਵਤੇ ਅਪਾਲੋ ਤੋਂ ਗਰਭ ਹੋਇਆ ਸੀ। ਪਰ ਕੀ ਇਹ ਅਪਾਲੋ ਸ਼ਾਇਦ ਉਸ ਦਾ ਉਹ ਰਿਸ਼ਤੇਦਾਰ ਹੀ ਤਾਂ ਨਹੀਂ ਸੀ ਜਿਸ ਦੇ ਗੁਣ ਹਾਈਨਰਿਖ਼ ਹਾਈਨੇ[113] ਨੇ ਗਾਏ ਸਨ?

ਜਿਵੇਂ ਕਿ ਅਸੀਂ ਦੇਖਦੇ ਹਾਂ, ਸਾਨੂੰ ਕੇਵਲ ਮੂਲ ਗੁਰ ਦੀ ਲੋੜ ਹੈ ਤੇ ਅਸੀਂ ਸਮੁਚੀ ਈਸਾਈਅਤ ਦੇ ਬੁਨਿਆਦੀ ਲਛਣ ਲਭ ਸਕਦੇ ਹਾਂ: ਬਾਣੀ ਦਾ ਇਕ

---

*ਅੰਜੀਲ ਅਨੁਸਾਰ ਕੁਆਰੀ ਮਰੀਅਮ ਨੂੰ ਲਿੰਗ-ਭੋਗ ਤੋਂ ਬਿਨਾਂ ਈਸ਼ਵਰ ਤੋਂ ਗਰਭ ਹੋ ਗਿਆ, ਜਿਸ ਤੋਂ ਈਸਾ ਮਸੀਹ ਦਾ ਜਨਮ ਹੋਇਆ।—ਅਨੁ:

ਨਿਸਚਿਤ ਵਿਅਕਤੀ ਦੇ ਰੂਪ ਵਿਚ ਮਨੁਖੀ ਅਵਤਾਰ ਧਾਰਨਾ ਅਤੇ ਉਸ ਦਾ ਪਾਪੀ ਮਨੁਖਤਾ ਦੇ ਉਧਾਰ ਲਈ ਸਲੀਬ ਤੇ ਕੁਰਬਾਨ ਹੋਣਾ।

ਸਚਮੁਚ ਭਰੋਸੇਯੋਗ ਵਸੀਲੇ ਸਾਨੂੰ ਇਸ ਬਾਰੇ ਨਿਸਚਾ ਨਹੀਂ ਕਰਾਉਂਦੇ ਕਿ ਇਹ ਮੂਲ ਗੁਰ ਸਹਿਜ-ਮਾਰਗੀ-ਫ਼ਿਲੋਨੀ ਮੱਤਾਂ ਵਿਚ ਇਤਿਹਾਸਕ ਤੌਰ ਤੇ ਕਿਵੇਂ ਸ਼ਾਮਲ ਕੀਤਾ ਗਿਆ। ਪਰ ਏਨੀ ਗੱਲ ਪੱਕੀ ਹੈ: ਇਹ ਦਰਸ਼ਨਵੇਤਾਵਾਂ ਵਲੋਂ, ਫ਼ਿਲੋ ਦੇ ਅਨੁਯਾਈਆਂ ਜਾਂ ਸਹਿਜ-ਮਾਰਗੀਆਂ ਵਲੋਂ ਸ਼ਾਮਲ ਨਹੀਂ ਸੀ ਕੀਤਾ ਗਿਆ। ਧਰਮਾਂ ਦੀ ਬੁਨਿਆਦ ਉਹ ਲੋਕ ਰਖਦੇ ਹਨ ਜਿਹੜੇ ਆਪਣੇ ਲਈ ਧਰਮ ਦੀ ਲੋੜ ਮਹਿਸੂਸ ਕਰਦੇ ਹਨ ਅਤੇ ਜਨਸਮੂਹ ਦੀਆਂ ਧਾਰਮਿਕ ਲੋੜਾਂ ਦਾ ਅਹਿਸਾਸ ਰਖਦੇ ਹਨ। ਆਮ ਕਰਕੇ ਦਾਰਸ਼ਨਿਕ ਪਰਪਾਟੀਆਂ ਉਤੇ ਇਹ ਗੱਲ ਲਾਗੂ ਨਹੀਂ ਹੁੰਦੀ। ਦੂਜੇ ਪਾਸੇ ਅਸੀਂ ਦੇਖਦੇ ਹਾਂ ਕਿ ਵਿਆਪਕ ਪਤਨ ਦੇ ਸਮਿਆਂ ਵਿਚ, ਮਿਸਾਲ ਲਈ, ਇਸ ਵੇਲੇ ਦਰਸ਼ਨ ਅਤੇ ਧਾਰਮਿਕ ਕਟੜਤਾ ਬਾਜ਼ਾਰੂ ਅਤੇ ਪੇਤਲੇ ਰੂਪ ਵਿਚ ਵਿਆਪਕ ਤੌਰ ਤੇ ਪ੍ਰਚਲਤ ਹਨ। ਜਿਥੇ ਆਪਣੇ ਅੰਤਮ ਰੂਪਾਂ ਵਿਚ — ਖ਼ਾਸ ਕਰਕੇ ਐਪੀਕਿਊਰੀਆਈ ਪਰਪਾਟੀ ਵਿਚ — ਕਲਾਸੀਕੀ ਯੂਨਾਨੀ ਦਰਸ਼ਨ ਅਨੀਸ਼ਵਰਵਾਦੀ ਪਦਾਰਥਵਾਦ ਵੱਲ ਲੈ ਗਿਆ ਸੀ, ਉਥੇ ਯੂਨਾਨੀ ਬਾਜ਼ਾਰੂ ਦਰਸ਼ਨ ਇਕੋ ਇਕ ਈਸ਼ਵਰ ਅਤੇ ਮਨੁਖੀ ਆਤਮਾ ਦੇ ਅਮਰ ਹੋਣ ਦੇ ਮੱਤ ਵੱਲ ਲੈ ਗਿਆ। ਇਸੇ ਹੀ ਤਰ੍ਹਾਂ ਓਪਰਿਆਂ ਤੇ ਅਧ-ਯਹੂਦੀਆਂ ਨਾਲ ਮੇਲ ਜੋਲ ਕਰਕੇ ਤੇ ਉਹਨਾਂ ਵਿਚ ਰਲਕੇ ਯੁਕਤੀਪੂਰਨ ਢੰਗ ਨਾਲ ਬਾਜ਼ਾਰੂ-ਕੀਤੀ ਯਹੂਦੀਅਤ ਕਰਮਕਾਂਡ ਵੱਲ ਅਣਗਹਿਲੀ ਵਰਤਣ ਅਤੇ ਸਾਬਕਾ ਨਰੋਲ ਯਹੂਦੀ ਕੌਮੀ ਦੇਵਤੇ, ਜਿਹੋਵਾ *, ਨੂੰ ਇਕੋ ਇਕ ਸੱਚੇ ਈਸ਼ਵਰ ਦਾ, ਸਵਰਗ ਤੇ ਧਰਤੀ ਦੇ ਸਿਰਜਣਹਾਰ ਦਾ ਰੂਪ ਦੇਣ, ਅਤੇ ਆਤਮਾ ਦੀ ਅਮ੍ਰਿਤਾ ਦਾ ਵਿਚਾਰ ਅਪਣਾਉਣ ਤੱਕ ਪਹੁੰਚੀ ਜਿਹੜੀ ਮੁਢਲੀ ਯਹੂਦੀਅਤ ਲਈ ਓਪਰੀ ਸੀ। ਇਸ ਪ੍ਰਕਾਰ ਇਕੀਸ਼ਵਰਵਾਦੀ ਬਾਜ਼ਾਰੂ ਦਰਸ਼ਨ ਦਾ ਬਾਜ਼ਾਰੂ ਧਰਮ ਨਾਲ ਸੰਪਰਕ ਹੋ ਗਿਆ ਜਿਸ ਨੇ ਇਸ ਨੂੰ ਘੜੇ ਘੜਾਏ ਇਕੋ ਇਕ ਈਸ਼ਵਰ ਦਾ ਵਿਚਾਰ ਪੇਸ਼ ਕੀਤਾ। ਇਸ ਪ੍ਰਕਾਰ ਉਹ ਜ਼ਮੀਨ ਤਿਆਰ ਹੋ ਗਈ ਜਿਸ ਉਤੇ

---

*ਜਿਵੇਂ ਕਿ ਐਵਾਲਡ ਪਹਿਲਾਂ ਹੀ ਸਿਧ ਕਰ ਚੁਕਾ ਹੈ, ਜਿਹੋਵਾ ਦੇ ਨਾਂ ਦੇ ਵਿਅੰਜਨਾਂ ਹੇਠ, ਕਿਉਂ ਜੋ ਉਸ ਦਾ ਨਾਂ ਉਚਾਰਨ ਦੀ ਮਨਾਹੀ ਸੀ, ਸ਼ਬਦ ਅਦੋਨਾਈ ਦੇ ਸਵਰ ਲਿਖਣ ਲਈ, ਜਿਹੜਾ ਨਾਂ ਉਹ ਇਸ ਦੀ ਥਾਂ ਪੜ੍ਹਦੇ ਸਨ, ਯਹੂਦੀ ਚਿੰਨ੍ਹ-ਲਿਪੀ ਦੀ (ਜਿਸ ਵਿਚ ਸਵਰ ਅਤੇ ਪਾਠ-ਚਿੰਨ੍ਹ ਹੁੰਦੇ ਸਨ) ਵਰਤੋਂ ਕਰਦੇ ਸਨ। ਅਗੋਂ ਜਾਕੇ ਇਹ ਜਿਹੋਵਾ ਪੜ੍ਹਿਆ ਜਾਣ ਲੱਗਾ। ਇਸ ਲਈ ਇਹ ਸ਼ਬਦ ਕਿਸੇ ਦੇਵਤੇ ਦਾ ਨਾਂ ਨਹੀਂ ਸਗੋਂ ਕੇਵਲ ਵਿਆਕਰਣ ਦੀ ਬਾਜ਼ਾਰੂ ਗ਼ਲਤੀ ਹੈ: ਇਬਰਾਨੀ ਵਿਚ ਇਹ ਬਿਲਕੁਲ ਅਸੰਭਵ ਹੈ।

ਯਹੂਦੀਆਂ ਵਿਚਕਾਰ ਉਜੇਹੀਆਂ ਬਾਜ਼ਾਰੂ ਫਿਲੋਨੀ ਧਾਰਨਾਵਾਂ ਈਸਾਈਅਤ ਨੂੰ ਜਨਮ ਦੇ ਸਕਦੀਆਂ ਸਨ, ਜਿਹੜੀ ਇਕ ਵਾਰ ਜਨਮ ਲੈਕੇ ਯੂਨਾਨੀਆਂ ਅਤੇ ਰੋਮਨਾਂ ਦੋਹਾਂ ਵਿਚ ਹੀ ਪ੍ਰਵਾਨਣ ਯੋਗ ਹੋਣੀ ਸੀ। ਇਹ ਹਕੀਕਤ ਕਿ ਈਸਾਈਅਤ ਲੋਕ-ਪ੍ਰਿਯ ਹੋਈਆਂ ਫਿਲੋਨੀ ਧਾਰਨਾਵਾਂ ਤੋਂ ਅਗੇ ਤੁਰਦੀ ਹੈ ਅਤੇ ਫਿਲੋ ਦੀਆਂ ਆਪਣੀਆਂ ਰਚਨਾਵਾਂ ਤੋਂ ਨਹੀਂ, ਇਸ ਗੱਲ ਤੋਂ ਸਿਧ ਹੁੰਦੀ ਹੈ ਕਿ ਨਵੀਂ ਸਾਖ ਇਹਨਾਂ ਵਿਚੋਂ ਬਹੁਤੀਆਂ ਰਚਨਾਵਾਂ ਵੱਲ, ਖਾਸ ਕਰਕੇ ਪੁਰਾਤਨ ਸਾਖ ਦੇ ਬ੍ਰਿਤਾਂਤਾਂ ਦੀ ਦੁਅਰਥਕ ਅਤੇ ਦਾਰਸ਼ਨਿਕ ਵਿਆਖਿਆ ਵੱਲ ਪੂਰੀ ਤਰ੍ਹਾਂ ਅਣਗਹਿਲੀ ਵਰਤਦੀ ਹੈ। ਇਹ ਉਹ ਪੱਖ ਹੈ ਜਿਸ ਵੱਲ ਬਾਵੇਰ ਨੇ, ਚੋਖਾ ਧਿਆਨ ਨਹੀਂ ਦਿਤਾ।

ਈਸਾਈਅਤ ਆਪਣੇ ਮੁਢਲੇ ਰੂਪ ਵਿਚ ਕਿਵੇਂ ਦੀ ਲਗਦੀ ਸੀ ਇਸ ਦਾ ਅੰਦਾਜ਼ਾ ਜਾਨ ਦੀ ਅਖੌਤੀ ਅਗੰਮ-ਗਿਆਨ ਦੀ ਪੁਸਤਕ ਪੜ੍ਹਕੇ ਹੋ ਜਾਂਦਾ ਹੈ। ਵਹਿਸ਼ੀਆਨਾ ਭੌਂਦਲਾਇਆ ਹੋਇਆ ਜਨੂੰਨ, ਕਟੜ ਮੱਤਾਂ ਦਾ ਕੇਵਲ ਆਰੰਭ, ਅਖੌਤੀ ਈਸਾਈ ਸਦਾਚਾਰੀਆਂ ਦਾ ਤਪ-ਸਾਧਨ, ਪਰ ਦੂਜੇ ਪਾਸੇ ਸੁਰਤੀਆਂ ਅਤੇ ਭਵਿਖਬਾਣੀਆਂ ਦੀ ਅਨੇਕਤਾ। ਮੱਤਾਂ ਅਤੇ ਸਦਾਚਾਰਕ ਸਿਧਾਂਤਾਂ ਦੇ ਵਿਕਾਸ ਦਾ ਸੰਬੰਧ ਪਿਛਲੇਰੇ ਦੌਰ ਨਾਲ ਹੈ, ਜਿਸ ਵਿਚ ਅੰਜੀਲੀ ਕਥਾਵਾਂ ਅਤੇ ਇਸਾ ਦੇ ਆਦਿ ਸ਼ਿਸ਼ਾਂ ਦੇ ਅਖੌਤੀ ਪਤਰ ਲਿਖੇ ਗਏ ਸਨ। ਇਸ ਵਿਚ—ਘਟੋ ਘਟ ਸਦਾਚਾਰਾਂ ਦੇ ਸੰਬੰਧ ਵਿਚ—ਸਹਿਜ-ਮਾਰਗੀਆਂ ਦੇ, ਖਾਸ ਕਰਕੇ ਸੈਨੇਕਾ ਦੇ, ਦਰਸ਼ਨ ਦੀ ਬਿਨਾਂ ਰਖ ਰਖਾ ਦੇ ਵਰਤੋਂ ਕੀਤੀ ਗਈ। ਬਾਵੇਰ ਨੇ ਸਿਧ ਕੀਤਾ ਸੀ ਕਿ ਪਤਰ ਬਹੁਤ ਵਾਰੀ ਸੈਨੇਕਾ ਦੀ ਅਖਰ ਅਖਰ ਨਕਲ ਸਨ; ਅਸਲ ਵਿਚ, ਸ਼ਰਧਾਲੂਆਂ ਨੇ ਵੀ ਇਹ ਅਨੁਭਵ ਕੀਤਾ ਸੀ, ਪਰ ਉਹ ਦਾਹਵਾ ਕਰਦੇ ਸਨ ਕਿ ਸੈਨੇਕਾ ਨੇ ਨਵੀਂ ਸਾਖ ਤੋਂ ਨਕਲ ਕੀਤੀ ਸੀ, ਭਾਵੇਂ ਇਹ ਉਸ ਦੇ ਸਮੇਂ ਵਿਚ ਅਜੇ ਲਿਖੀ ਹੀ ਨਹੀਂ ਸੀ ਗਈ। ਕਟੜ ਮੱਤ ਇਕ ਪਾਸੇ ਯਸੂਹ ਦੀ ਦੰਦ-ਕਥਾ ਦੇ ਸੰਬੰਧ ਵਿਚ ਵਿਕਸਤ ਹੋਇਆ ਜਿਹੜੀ ਉਸ ਵੇਲੇ ਰੂਪ ਧਾਰ ਰਹੀ ਸੀ ਅਤੇ ਦੂਜੇ ਪਾਸੇ ਯਹੂਦੀ ਅਤੇ ਬੁਤ-ਪੂਜ ਮੂਲ ਦੇ ਈਸਾਈਆਂ ਵਿਚਕਾਰ ਸੰਗਰਾਮ ਵਿਚ।

ਬਾਵੇਰ ਉਹਨਾਂ ਕਾਰਨਾਂ ਬਾਰੇ ਬਹੁਤ ਵਡਮੁਲੀ ਜਾਣਕਾਰੀ ਦੇਂਦਾ ਹੈ ਜਿਨ੍ਹਾਂ ਨੇ ਈਸਾਈਅਤ ਨੂੰ ਵਿਜੇਈ ਬਣਨ ਅਤੇ ਸੰਸਾਰ ਉਤੇ ਗ਼ਲਬਾ ਹਾਸਲ ਕਰਨ ਵਿਚ ਸਹਾਇਤਾ ਦਿਤੀ। ਪਰ ਇਥੇ ਜਰਮਨ ਦਰਸ਼ਨਵੇਤਾ ਨੂੰ ਉਸ ਦਾ ਆਦਰਸ਼ਵਾਦ ਸਪਸ਼ਟ ਰੂਪ ਵਿਚ ਦੇਖਣ ਅਤੇ ਠੀਕ ਠੀਕ ਸੂਤਰਬੱਧ ਕਰਨ ਤੋਂ ਰੋਕਦਾ ਹੈ। ਨਿਰਣਾਇਕ ਨੁਕਤਿਆਂ ਉਤੇ ਅਕਸਰ ਲਫਾਜ਼ੀ ਸਾਰੰਸ਼ ਦੀ ਥਾਂ ਲੈ ਲੈਂਦੀ ਹੈ। ਇਸ ਲਈ, ਬਾਵੇਰ ਦੇ ਵਿਚਾਰਾਂ ਦੇ ਵਿਸਥਾਰ ਵਿਚ ਜਾਣ ਦੀ ਥਾਂ, ਅਸੀਂ ਬਾਵੇਰ ਦੀਆਂ ਰਚਨਾਵਾਂ ਅਤੇ ਆਪਣੇ ਜ਼ਾਤੀ ਅਧਿਅਨ ਦੇ ਆਧਾਰ ਉਤੇ ਵੀ, ਇਸ ਨੁਕਤੇ ਸੰਬੰਧੀ ਆਪਣਾ ਸੰਕਲਪ ਪੇਸ਼ ਕਰਾਂਗੇ।

ਰੋਮਨ ਵਿਜੈ ਨੇ ਸਾਰੇ ਅਧੀਨ-ਕੀਤੇ ਦੇਸਾਂ ਵਿਚ ਪਹਿਲਾਂ ਪ੍ਰਤੱਖ ਤੌਰ ਤੇ ਪਹਿਲੀਆਂ ਰਾਜਨੀਤਕ ਪ੍ਰਸਥਿਤੀਆਂ ਨੂੰ ਖ਼ਤਮ ਕੀਤਾ ਅਤੇ ਫੇਰ ਅਪ੍ਰਤੱਖ ਤੌਰ ਤੇ ਜੀਵਨ ਦੀਆਂ ਪੁਰਾਣੀਆਂ ਸਮਾਜਕ ਪ੍ਰਸਥਿਤੀਆਂ ਨੂੰ ਵੀ ਖ਼ਤਮ ਕਰ ਦਿਤਾ। ਪਹਿਲਾਂ ਵਰਗਾਂ ਅਨੁਸਾਰ (ਗੁਲਾਮੀ ਤੋਂ ਛੁਟ) ਸਾਬਕਾ ਸੰਗਠਨ ਦੇ ਬਦਲ ਵਿਚ ਰੋਮਨ ਨਾਗਰਿਕਾਂ ਅਤੇ ਬੁਦੇਸੀਆਂ ਜਾਂ ਪਰਜਾ ਦਾ ਸਰਲ ਨਿਖੇੜ ਸਥਾਪਤ ਕਰਕੇ। ਦੂਜੇ, ਅਤੇ ਮੁਖ ਕਰਕੇ, ਰੋਮਨ ਰਾਜ ਦੇ ਨਾਂ ਉਤੇ ਖਿਰਾਜ ਵਸੂਲ ਕਰਕੇ। ਜੇ ਸ਼ਹਿਨਸ਼ਾਹੀ ਅਧੀਨ ਰਾਜ ਦੇ ਹਿਤਾਂ ਵਿਚ ਦੌਲਤ ਲਈ ਗਵਰਨਰਾਂ ਦੀ ਭੁਖ ਉਤੇ ਜਿਥੋਂ ਤੱਕ ਸੰਭਵ ਸੀ ਇਕ ਸੀਮਾ ਲਾ ਦਿਤੀ ਗਈ ਸੀ, ਤਾਂ ਉਸ ਭੁਖ ਦੀ ਥਾਂ ਰਾਜ ਦੇ ਖ਼ਜ਼ਾਨੇ ਦੇ ਲਾਭ ਲਈ ਸਦਾ ਨਾਲੋਂ ਵਧੇਰੇ ਕਾਰਗਰ ਅਤੇ ਜਾਬਰ ਟੈਕਸ-ਪ੍ਰਣਾਲੀ ਨੇ ਲੈ ਲਈ ਸੀ, ਜਿਸ ਦਾ ਅਸਰ ਭਿਆਨਕ ਤੌਰ ਤੇ ਤਬਾਹਕੁਨ ਸੀ। ਤੀਜੇ, ਰੋਮਨ ਕਾਨੂੰਨ ਨੂੰ ਹਰ ਥਾਂ ਆਖੀਰ ਵਿਚ ਰੋਮਨ ਜੱਜ ਹੀ ਲਾਗੂ ਕਰਦੇ ਸਨ, ਅਤੇ ਸਥਾਨਕ ਸਮਾਜਕ ਪ੍ਰਬੰਧ ਨੂੰ, ਜਿਸ ਹੱਦ ਤੱਕ ਇਹ ਰੋਮਨ ਕਾਨੂੰਨ ਦੀਆਂ ਧਾਰਾਵਾਂ ਨਾਲ ਮੇਲ ਨਹੀਂ ਸੀ ਖਾਂਦਾ, ਅਸਾਰਥਕ ਐਲਾਨ ਕੀਤਾ ਗਿਆ ਸੀ। ਇਹਨਾਂ ਤਿੰਨਾਂ ਤੁਲ੍ਹਾਂ ਨੇ ਲਾਜ਼ਮੀ ਹੀ ਓੜਕ ਦੀ ਪਧਰਾਊ ਸ਼ਕਤੀ ਦਾ ਵਿਕਾਸ ਕੀਤਾ, ਖਾਸ ਕਰਕੇ ਜਦੋਂ ਇਹਨਾਂ ਨੂੰ ਕਈ ਸੌ ਸਾਲਾਂ ਤੱਕ ਉਹਨਾਂ ਆਬਾਦੀਆਂ ਉਤੇ ਲਾਗੂ ਕੀਤਾ ਗਿਆ ਜਿੰਨ੍ਹਾਂ ਦੇ ਅਤਿਅੰਤ ਭਿੰਨੇ ਭਿੰਨੇ ਭਾਗਾਂ ਨੂੰ ਜਾਂ ਤਾਂ ਦਬਾ ਦਿਤਾ ਗਿਆ ਸੀ ਜਾਂ ਵਿਜੈ ਤੋਂ ਪਹਿਲਾਂ, ਇਸ ਦੇ ਨਾਲ ਅਤੇ ਅਕਸਰ ਇਸ ਤੋਂ ਮਗਰੋਂ ਵੀ, ਹੋਣ ਵਾਲੀਆਂ ਲੜਾਈਆਂ ਵਿਚ ਗੁਲਾਮ ਬਣਾ ਲਿਆ ਗਿਆ ਸੀ। ਪ੍ਰਾਂਤਾਂ ਵਿਚਲੇ ਸਮਾਜਕ ਸੰਬੰਧ ਰਾਜਧਾਨੀ ਵਿਚਲੇ ਅਤੇ ਇਟਲੀ ਵਿਚਲੇ ਸੰਬੰਧਾਂ ਦੇ ਨੇੜੇ ਤੋਂ ਨੇੜੇ ਆਉਂਦੇ ਗਏ। ਵਸੋਂ ਵਧੇਰੇ ਤੋਂ ਵਧੇਰੇ ਤਿੱਖੇ ਰੂਪ ਵਿਚ ਤਿੰਨ ਜਮਾਤਾਂ ਵਿਚ ਵੰਡੀ ਗਈ ਜਿਹੜੀਆਂ ਅਤਿਅੰਤ ਭਿੰਨ ਭਿੰਨ ਅਨਸਰਾਂ ਅਤੇ ਕੌਮੀਅਤਾਂ ਵਿਚੋਂ ਨਿਕਲਕੇ ਇਕੱਠੀਆਂ ਹੋਈਆਂ ਸਨ: ਧਨਵਾਨ ਲੋਕ, ਜਿਨ੍ਹਾਂ ਵਿਚ ਚੋਖੇ ਮੁਕਤ ਹੋਏ ਗੁਲਾਮ ਵੀ ਸਨ (ਮਿਸਾਲ ਲਈ, ਪੈਤ੍ਰੋਨੀਅਸ), ਵੱਡੇ ਜਾਗੀਰਦਾਰ ਜਾਂ ਸੂਦਖੋਰ ਜਾਂ ਜਿਹੜੇ ਇਕੋ ਸਮੇਂ ਦੋਵੇਂ ਹੀ ਸਨ, ਜਿਵੇਂ ਈਸਾਈਅਤ ਦਾ ਚਾਚਾ, ਸੈਨੇਕਾ; ਜਾਇਦਾਦ-ਵਿਹੂਣੇ ਆਜ਼ਾਦ ਲੋਕ, ਰੋਮ ਵਿਚ ਰਾਜ ਹੀ ਜਿਨ੍ਹਾਂ ਦਾ ਢਿੱਡ ਭਰਦਾ ਅਤੇ ਦਿਲ-ਪਰਚਾਵਾ ਵੀ ਕਰਦਾ ਸੀ — ਪ੍ਰਾਂਤਾਂ ਵਿਚ ਜਿਵੇਂ ਉਹ ਆਪ ਕਰ ਸਕਦੇ ਆਪਣਾ ਗੁਜ਼ਾਰਾ ਤੋਰਦੇ — ਅਤੇ ਅਖੀਰ ਵਿਚ ਮਹਾਨ ਜਨਸਮੂਹ, ਗੁਲਾਮ ਜਨਤਾ। ਰਾਜ ਦੇ, ਅਰਥਾਤ, ਸ਼ਹਿਨਸ਼ਾਹ ਦੇ ਸਾਮ੍ਹਣੇ ਪਹਿਲੀਆਂ ਦੋ ਜਮਾਤਾਂ ਦੇ ਉਨੇ ਹੀ ਥੋੜੇ ਅਧਿਕਾਰ ਸਨ ਜਿੰਨੇ ਗੁਲਾਮਾਂ ਦੇ ਆਪਣੇ ਮਾਲਕਾਂ ਦੇ ਸਾਮ੍ਹਣੇ। ਤਿਬੇਰੀਅਸ ਦੇ ਸਮੇਂ ਤੋਂ ਲੈਕੇ ਨੀਰੋ ਤੱਕ, ਖਾਸ ਤੌਰ ਤੇ, ਇਹ ਰਿਵਾਜ ਸੀ ਕਿ ਰੋਮ ਦੇ ਧਨਵਾਨ ਨਾਗਰਿਕਾਂ ਨੂੰ ਉਹਨਾਂ ਦੀ ਜਾਇਦਾਦ ਜ਼ਬਤ ਕਰਨ ਲਈ ਮੌਤ ਦੀ ਸਜ਼ਾ ਦਿਤੀ ਜਾਂਦੀ। ਸਰਕਾਰ ਦੀ ਟੇਕ,

ਸਥੂਲ ਰੂਪ ਵਿਚ, ਸੈਨਾ ਸੀ ਜਿਹੜੀ ਰੋਮ ਦੀ ਪੁਰਾਣ ਕਿਸਾਨ ਸੈਨਾ ਦੇ ਮੁਕਾਬਲੇ ਵਧੇਰੇ ਭਾੜੇ ਦੇ ਫੌਜੀਆਂ ਦੀ ਸੈਨਾ ਵਾਂਗ ਸੀ, ਅਤੇ ਸਦਾਚਾਰਕ ਤੌਰ ਤੇ, ਇਹ ਵਿਆਪਕ ਵਿਚਾਰ ਕਿ ਇਸ ਪ੍ਰਸਥਿਤੀ ਵਿਚੋਂ ਨਿਕਲਣ ਦਾ ਹੋਰ ਕੋਈ ਰਾਹ ਨਹੀਂ ਹੈ, ਕਿ ਨਿਰਸੰਦੇਹ, ਇਕ ਜਾਂ ਦੂਜਾ ਕੈਸਰ ਨਹੀਂ, ਸਗੋਂ ਸੈਨਿਕ ਗਲਬੇ ਉਤੇ ਆਧਾਰਤ ਸ਼ਹਿਨਸ਼ਾਹੀ ਇਕ ਅਟੱਲ ਲੋੜ ਹੈ। ਇਥੇ ਇਸ ਗੱਲ ਦਾ ਨਿਰੀਖਣ ਕਰਨ ਦੀ ਥਾਂ ਨਹੀਂ ਕਿ ਇਹ ਵਿਚਾਰ ਕਿਹੜੇ ਸਥੂਲ ਤੱਥਾਂ ਉਤੇ ਆਧਾਰਤ ਸੀ।

ਵਿਆਪਕ ਅਧਿਕਾਰਹੀਣਤਾ ਅਤੇ ਚੰਗੇਰੀ ਹਾਲਤ ਦੀ ਸੰਭਾਵਨਾ ਬਾਰੇ ਨਿਰਾਸਤਾ ਨੇ ਅਨੁਸਾਰੀ ਵਿਆਪਕ ਸਿਥਲਤਾ ਅਤੇ ਉਤਸਾਹ-ਹੀਣਤਾ ਨੂੰ ਜਨਮ ਦਿਤਾ। ਕੁਲੀਨ ਪ੍ਰਕਾਰ ਅਤੇ ਵਿਚਾਰਾਂ ਦੇ ਕੁਝ ਬਚੇ ਪੁਰਾਣੇ ਰੋਮਵਾਸੀਆਂ ਨੂੰ ਜਾਂ ਤਾਂ ਇਕ ਪਾਸੇ ਕਰ ਦਿਤਾ ਗਿਆ ਸੀ ਜਾਂ ਉਹ ਮਰ ਗਏ ਸਨ; ਤੈਸੀਤਸ ਉਹਨਾਂ ਵਿਚੋਂ ਅਖੀਰਲਾ ਸੀ। ਬਾਕੀ ਜਦੋਂ ਜਨਤਕ ਜੀਵਨ ਤੋਂ ਪਰੇ ਰਹਿਣ ਦੇ ਯੋਗ ਹੋ ਜਾਂਦੇ ਸਨ ਤਾਂ ਖੁਸ਼ ਹੁੰਦੇ ਸਨ; ਉਹ ਤਾਂ ਕੇਵਲ ਧਨ ਇਕੱਠਾ ਕਰਨ ਤੇ ਇਸ ਦਾ ਆਨੰਦ ਲੈਣ ਲਈ, ਅਤੇ ਨਿਜੀ ਗੱਪਸ਼ਪ ਮਾਰਨ ਅਤੇ ਨਿਜੀ ਗੋਂਦਾਂ ਗੁੰਦਣ ਵਿਚ ਲਗੇ ਰਹਿਣ ਲਈ ਜੀਉਂਦੇ ਸਨ। ਜਾਇਦਾਦ-ਵਿਹੂਣੇ ਆਜ਼ਾਦ ਨਾਗਰਿਕ ਰੋਮ ਵਿਚ ਰਾਜਕੀ ਪਿਨਸ਼ਨੀਏ ਸਨ, ਪਰ ਪ੍ਰਾਂਤਾਂ ਵਿਚ ਉਹਨਾਂ ਦੀ ਹਾਲਤ ਮਾੜੀ ਸੀ। ਉਹਨਾਂ ਨੂੰ ਕੰਮ ਕਰਨਾ ਪੈਂਦਾ ਸੀ, ਅਤੇ ਇਸ ਤੋਂ ਵੀ ਵਧ ਗੁਲਾਮ ਕਿਰਤ ਨਾਲ ਮੁਕਾਬਲਾ ਕਰਨਾ ਪੈਂਦਾ ਸੀ। ਪਰ ਉਹ ਸ਼ਹਿਰਾਂ ਤੱਕ ਹੀ ਮਹਿਦੂਦ ਸਨ। ਇਹਨਾਂ ਦੇ ਇਲਾਵਾ ਪ੍ਰਾਂਤਾਂ ਵਿਚ ਕਿਸਾਨ, ਆਜ਼ਾਦ ਭੋਂ-ਮਾਲਕ ਸਨ (ਸ਼ਾਇਦ ਕਿਤੇ ਕਿਤੇ ਹਾਲੇ ਸਾਂਝੀ ਮਾਲਕੀ ਵੀ ਸੀ) ਜਾਂ, ਜਿਵੇਂ ਕਿ ਗਾਲ* ਵਿਚ, ਵੱਡੇ ਜਾਗੀਰਦਾਰਾਂ ਕੋਲ ਕਰਜ਼ਿਆਂ ਬਦਲੇ ਬਝੇ-ਮਜ਼ਦੂਰ ਸਨ। ਸਮਾਜਕ ਉਥਲ-ਪੁਥਲ ਦਾ ਇਸ ਜਮਾਤ ਉਤੇ ਸਭ ਤੋਂ ਘਟ ਅਸਰ ਹੁੰਦਾ ਸੀ; ਇਸ ਨੇ ਹੀ ਧਾਰਮਿਕ ਉਥਲ-ਪੁਥਲ ਦਾ ਸਭ ਤੋਂ ਲੰਮੇਰਾ ਸਮਾਂ ਮੁਕਾਬਲਾ ਕੀਤਾ ਸੀ।** ਅਖੀਰ ਵਿਚ, ਗੁਲਾਮ ਸਨ, ਅਧਿਕਾਰਾਂ ਤੋਂ ਅਤੇ ਆਪਣੀ ਇੱਛਾ ਤੋਂ ਅਤੇ ਆਪਣੇ ਆਪ ਨੂੰ ਆਜ਼ਾਦ ਕਰਨ ਦੀ ਸੰਭਾਵਨਾ ਤੋਂ ਵਿਰਵੇ, ਜਿਵੇਂ ਕਿ ਸਪਾਰਟਾਕਸ ਦੀ ਹਾਰ ਨੇ ਪਹਿਲਾਂ ਹੀ ਸਿਧ ਕਰ ਦਿਤਾ ਸੀ; ਪਰੰਤੂ, ਇਹਨਾਂ ਵਿਚੋਂ ਬਹੁਤੇ ਸਾਬਕਾ ਆਜ਼ਾਦ ਨਾਗਰਿਕ ਜਾਂ ਆਜ਼ਾਦ ਪੈਦਾ ਹੋਏ ਨਾਗਰਿਕਾਂ ਦੇ ਪੁਤਰ ਸਨ। ਇਸ ਲਈ ਲਾਜ਼ਮੀ ਹੀ ਇਹਨਾਂ ਵਿਚਕਾਰ ਆਪਣੀ ਜੀਵਨ ਪ੍ਰਸਥਿਤੀ

---

*ਅਜੋਕਾ ਫ਼ਰਾਂਸ।—ਅਨੁ:

**ਫਾਲਮੇਰਾਯਰ ਅਨੁਸਾਰ, ਮਾਈਨਾ (ਪੇਲੋਪੋਨੇਸਸ) ਦੇ ਕਿਸਾਨ ਨੌਵੀਂ ਸਦੀ ਵਿਚ ਵੀ ਜ਼ੀਊਸ ਨੂੰ ਬਲੀ ਦੇਂਦੇ ਸਨ।

ਸੰਬੰਧੀ ਘਿਰਣਾ ਵਿਆਪਕ ਰੂਪ ਵਿਚ ਹਾਲੇ ਵੀ ਜ਼ੋਰਦਾਰ ਸੀ, ਭਾਵੇਂ ਉਹ ਬਾਹਰੀ ਤੌਰ ਤੇ ਬੇਵਸ ਸਨ।

ਅਸੀਂ ਦੇਖਾਂਗੇ ਕਿ ਉਸ ਸਮੇਂ ਦੇ ਵਿਚਾਰਵੇਤਾ ਇਸ ਪ੍ਰਸਥਿਤੀ ਦੇ ਅਨੁਸਾਰੀ ਸਨ। ਦਰਸ਼ਨਵੇਤਾ ਜਾਂ ਤਾਂ ਮਹਿਜ਼ ਧਨ ਕਮਾਉਣ ਵਾਲੇ ਸਕੂਲ ਮਾਸਟਰ ਸਨ ਜਾਂ ਅਯਾਸ਼ ਧਨਾਢਾਂ ਦੇ ਤਨਖਾਹਕਾਰ ਮਸਖਰੇ। ਕਈ ਤਾਂ ਗੁਲਾਮ ਵੀ ਸਨ। ਚੰਗੀਆਂ ਹਾਲਤਾਂ ਵਿਚ ਇਹ ਕੀ ਬਣ ਜਾਂਦੇ ਸਨ, ਇਸ ਦੀ ਇਕ ਮਿਸਾਲ ਸੈਨੇਕਾ ਹੈ। ਇਹ ਸਹਿਜ-ਮਾਰਗੀ ਦਰਸ਼ਨਵੇਤਾ ਅਤੇ ਸਦਗੁਣ ਤੇ ਤਿਆਗ ਦਾ ਉਪਦੇਸ਼ਕ ਨੀਰੋ ਦੇ ਦਰਬਾਰ ਦਾ ਪਹਿਲਾ ਸਾਜ਼ਸ਼ੀ ਸੀ ਜਿਹੜਾ ਕੰਮ ਉਹ ਜੀ-ਹਜ਼ੂਰੀਆ ਬਣਨ ਤੋਂ ਬਿਨਾਂ ਨਹੀਂ ਸੀ ਕਰ ਸਕਦਾ; ਉਸ ਨੇ ਉਹਦੇ ਕੋਲੋਂ ਧਨ, ਜਾਇਦਾਦ, ਬਾਗਾਂ ਅਤੇ ਮਹੱਲਾਂ ਦੀ ਸ਼ਕਲ ਵਿਚ ਸੁਗਾਤਾਂ ਪ੍ਰਾਪਤ ਕੀਤੀਆਂ ਅਤੇ ਜਿਥੇ ਉਹ ਨਿਰਧਨਾਂ ਨੂੰ ਅੰਜੀਲੀ ਕਥਾ ਦੇ ਲਾਜ਼ਾਰਸ ਜਿਹਾ ਬਣਨ ਦਾ ਉਪਦੇਸ਼ ਦੇਂਦਾ ਸੀ, ਉਥੇ ਉਹ ਆਪ ਅਸਲ ਵਿਚ ਉਸੇ ਕਥਾ ਅੰਦਰਲਾ ਅਮੀਰ ਆਦਮੀ ਸੀ। ਜਿੰਨਾ ਚਿਰ ਨੀਰੋ ਨੇ ਉਹਨੂੰ ਕਾਬੂ ਕਰਨ ਦਾ ਜਤਨ ਨਾ ਕੀਤਾ ਉਸ ਨੇ ਸ਼ਹਿਨਸ਼ਾਹ ਨੂੰ ਆਪਣੀਆਂ ਸੁਗਾਤਾਂ ਵਾਪਸ ਲੈ ਲੈਣ ਦੀ ਬੇਨਤੀ ਨਹੀਂ ਕੀਤੀ, ਅਤੇ ਆਪਣੇ ਦਰਸ਼ਨ ਨੂੰ ਆਪਣੇ ਲਈ ਕਾਫੀ ਨਹੀਂ ਸਮਝਿਆ। ਕੇਵਲ ਪਰਸੀਅਸ ਵਰਗੇ ਪੂਰੀ ਤਰ੍ਹਾਂ ਨਿਖੇੜੇ ਜਾ ਚੁਕੇ ਦਰਸ਼ਨਵੇਤਾ ਹੀ ਆਪਣੇ ਨਿਘਰ ਗਏ ਸਮਕਾਲੀਆਂ ਉਤੇ ਵਿਅੰਗ ਦੀ ਚਾਬਕ ਮਾਰਨ ਦਾ ਹੀਆ ਰਖਦੇ ਸਨ।—ਜਿਥੋਂ ਤੱਕ ਦੂਜੀ ਪ੍ਰਕਾਰ ਦੇ ਵਿਚਾਰਵੇਤਾਵਾਂ, ਕਾਨੂੰਨਦਾਨਾਂ ਦਾ ਸੰਬੰਧ ਹੈ, ਉਹ ਨਵੀਆਂ ਪ੍ਰਸਥਿਤੀਆਂ ਦਾ ਬੜੇ ਉਤਸਾਹ ਨਾਲ ਸਮਰਥਨ ਕਰਦੇ ਕਿਉਂਕਿ ਵਰਗਾਂ ਵਿਚਕਾਰ ਸਭਨਾਂ ਮਤਭੇਦਾਂ ਦੇ ਖਾਤਮੇ ਨਾਲ ਉਹਨਾਂ ਨੂੰ ਆਪਣੇ ਮਨ-ਪਸੰਦ ਨਿੱਜੀ ਕਾਨੂੰਨ ਘੜਨ ਦੀ ਵਿਸ਼ਾਲ ਸੰਭਾਵਨਾ ਪ੍ਰਾਪਤ ਹੋਈ ਸੀ, ਜਿਸ ਦੇ ਬਦਲੇ ਉਹਨਾਂ ਸ਼ਹਿਨਸ਼ਾਹਾਂ ਲਈ ਰਾਜਕੀ ਕਾਨੂੰਨ ਦੀ ਅਤਿ ਨੀਚ ਪ੍ਰਣਾਲੀ ਤਿਆਰ ਕੀਤੀ ਜਿਸ ਦੀ ਅੱਗੇ ਕੋਈ ਮਿਸਾਲ ਨਹੀਂ ਮਿਲਦੀ।

ਵਖ ਵਖ ਜਾਤੀਆਂ ਦੀਆਂ ਰਾਜਨੀਤਕ ਅਤੇ ਸਮਾਜਕ ਵਿਸ਼ੇਸ਼ਤਾਵਾਂ ਦੇ ਨਾਲ ਹੀ ਰੋਮਨ ਸ਼ਹਿਨਸ਼ਾਹੀ ਨੇ ਉਹਨਾਂ ਦੇ ਆਪਣੇ ਆਪਣੇ ਧਰਮਾਂ ਨੂੰ ਵੀ ਤਬਾਹੀ ਦੇ ਵਸ ਪਾ ਦਿਤਾ। ਪ੍ਰਾਚੀਨ ਕਾਲ ਦੇ ਸਾਰੇ ਧਰਮ ਆਪਮੁਹਾਰੇ ਕਬਾਇਲੀ ਅਤੇ ਪਿਛੋਂ ਕੌਮੀ ਧਰਮ ਸਨ ਜਿਹੜੇ ਸੰਬੰਧਤ ਜਾਤੀਆਂ ਦੀਆਂ ਸਮਾਜਕ ਅਤੇ ਰਾਜਨੀਤਕ ਪ੍ਰਸਥਿਤੀਆਂ ਵਿਚੋਂ ਜੰਮੇ ਸਨ ਅਤੇ ਇਹਨਾਂ ਦੇ ਨਾਲ ਹੀ ਇਕਮਿਕ ਹੋ ਗਏ ਸਨ। ਜਦੋਂ ਇਕ ਵਾਰ ਉਹਨਾਂ ਆਧਾਰਾਂ ਵਿਚ ਵਿਘਨ ਪਿਆ ਅਤੇ ਉਹਨਾਂ ਦੇ ਸਮਾਜ ਦੇ ਪਰੰਪਰਾਗਤ ਰੂਪ, ਉਹਨਾਂ ਦੀਆਂ ਵਿਰਸੇ ਵਿਚ ਪ੍ਰਾਪਤ ਸੰਸਥਾਵਾਂ ਅਤੇ ਉਹਨਾਂ ਦੀ ਕੌਮੀ ਸੁਆਧੀਨਤਾ ਤਬਾਹ ਕਰ ਦਿਤੀ ਗਈ, ਤਾਂ ਸੁਭਾਵਕ ਹੀ ਇਹਨਾਂ ਦੇ ਅਨੁਸਾਰੀ ਧਰਮ ਵੀ ਢਹਿ-ਢੇਰੀ ਹੋਇਆ। ਕੌਮੀ ਦੇਵਤੇ ਦੂਜੇ ਕੌਮੀ ਦੇਵਤਿਆਂ ਨੂੰ ਆਪਣੇ

ਨਾਲ ਤਾਂ ਰਹਿਣ ਦੇ ਸਕਦੇ ਸਨ, ਜਿਵੇਂ ਪ੍ਰਾਚੀਨ ਕਾਲ ਵਿਚ ਵਿਆਪਕ ਨੇਮ ਸੀ, ਪਰ ਆਪਣੇ ਤੋਂ ਉਪਰ ਨਹੀਂ ਸਨ ਸਹਾਰ ਸਕਦੇ। ਪੂਰਬੀ ਦੇਵੀ-ਦੇਵਤਿਆਂ ਨੂੰ ਰੋਮ ਵਿਚ ਲਿਆ ਸਥਾਪਤ ਕਰਨਾ ਨਾ ਕੇਵਲ ਰੋਮਨ ਧਰਮ ਲਈ ਹੀ ਹਾਨੀਕਾਰਕ ਸੀ, ਇਹ ਗੱਲ ਪੂਰਬੀ ਧਰਮਾਂ ਦੇ ਪਤਨ ਨੂੰ ਵੀ ਰੋਕ ਨਾ ਸਕੀ। ਜਿਵੇਂ ਹੀ ਕੌਮੀ ਦੇਵਤੇ ਆਪਣੀ ਕੌਮ ਦੀ ਸੁਆਧੀਨਤਾ ਅਤੇ ਖੁਦਮੁਖਤਾਰੀ ਦੀ ਰਖਿਆ ਕਰਨ ਦੇ ਅਸਮਰਥ ਹੋਏ, ਤਿਵੇਂ ਹੀ ਉਹਨਾਂ ਦਾ ਆਪਣਾ ਨਾਸ ਹੋ ਗਿਆ। ਇਹ ਗੱਲ ਹਰ ਥਾਂ ਵਾਪਰੀ (ਸਿਵਾਏ ਕਿਸਾਨਾਂ ਦੇ, ਖਾਸ ਕਰਕੇ ਪਹਾੜੀ ਇਲਾਕਿਆਂ ਵਿਚ)। ਰੋਮ ਅਤੇ ਯੂਨਾਨ ਵਿਚ ਜੋ ਕੁਝ ਬਾਜ਼ਾਰੂ ਦਾਰਸ਼ਨਿਕ ਪ੍ਰਬੁਧਤਾ ਨੇ—ਮੈਂ ਕਹਿ ਹੀ ਦਿਤਾ ਸੀ ਵਾਲਟੇਅਰਵਾਦ ਨੇ—ਕੀਤਾ ਉਹੋ ਕੁਝ ਪ੍ਰਾਂਤਾਂ ਵਿਚ ਰੋਮ ਦੇ ਜਬਰ ਨੇ ਅਤੇ ਆਪਣੀ ਆਜ਼ਾਦੀ ਤੇ ਮਾਣ ਕਰਨ ਵਾਲੇ ਮਨੁਖਾਂ ਦੀ ਥਾਂ ਨਿਰਾਸ ਪਰਜਾ ਅਤੇ ਖ਼ੁਦਗ਼ਰਜ਼ ਬਦਮਾਸ਼ਾਂ ਦੇ ਆ ਜਾਣ ਨੇ ਕੀਤਾ।

ਅਜਿਹੀ ਸੀ ਪਦਾਰਥਕ ਤੇ ਸਦਾਚਾਰਕ ਸਥਿਤੀ। ਵਰਤਮਾਨ ਅਸਹਿ ਸੀ, ਭਵਿਖ, ਸੰਭਵ ਤੌਰ ਉਤੇ ਹੋਰ ਵੀ ਡਰਾਉਣਾ ਸੀ। ਬਚਾ ਦਾ ਕੋਈ ਰਾਹ ਨਹੀਂ ਸੀ। ਕੇਵਲ ਨਿਰਾਸਤਾ ਜਾਂ ਅਤਿ ਦੇ ਸਾਧਾਰਨ ਇੰਦਰਿਆਵੀ ਅਨੰਦ ਦੀ ਸ਼ਰਨ ਲੈਣਾ, ਘਟੋ ਘਟ ਉਹਨਾਂ ਲਈ ਜਿਹੜੇ ਇਸ ਦੇ ਸਮਰਥ ਸਨ, ਅਤੇ ਉਹ ਮਾਮੂਲੀ ਗਿਣਤੀ ਵਿਚ ਸਨ। ਵਰਨਾ, ਹੋਣੀ ਅੱਗੇ ਹਥਿਆਰ ਸੁਟਣ ਤੋਂ ਬਿਨਾਂ ਹੋਰ ਕੋਈ ਚਾਰਾ ਨਹੀਂ ਸੀ।

ਪਰ ਸਭਨਾਂ ਜਮਾਤਾਂ ਵਿਚ ਲਾਜ਼ਮੀ ਹੀ ਕਈ ਅਜਿਹੇ ਲੋਕ ਸਨ ਜਿਹੜੇ, ਪਦਾਰਥਕ ਮੁਕਤੀ ਦੀ ਆਸ ਛਡ ਕੇ, ਇਸ ਦੀ ਥਾਂ ਅਧਿਆਤਮਕ ਮੁਕਤੀ ਲਭਦੇ ਸਨ—ਆਪਣੀ ਚੇਤਨਤਾ ਵਿਚੋਂ ਢਾਰਸ ਜਿਹੜੀ ਉਹਨਾਂ ਨੂੰ ਘੋਰ ਨਿਰਾਸ਼ਾ ਤੋਂ ਬਚਾ ਸਕੇ। ਇਹ ਢਾਰਸ ਨਾ ਤਾਂ ਸਹਿਜ-ਮਾਰਗੀ ਦੇ ਸਕਦੇ ਸਨ ਨਾ ਹੀ ਐਪੀਕਿਊਰੀਆਈ ਪਰਪਾਟੀ, ਕੇਵਲ ਇਸ ਕਾਰਨ ਕਿ ਇਹ ਦਰਸ਼ਨ ਸਾਧਾਰਨ ਚੇਤਨਤਾ ਲਈ ਨਹੀਂ ਸੀ ਅਤੇ, ਦੂਜੀ ਗੱਲ, ਇਹਨਾਂ ਪਰਪਾਟੀਆਂ ਦੇ ਅਨੁਆਈਆਂ ਦੇ ਵਿਹਾਰ ਨੇ ਇਹਨਾਂ ਮੱਤਾਂ ਨੂੰ ਬੱਦੂ ਕਰ ਦਿਤਾ ਸੀ। ਢਾਰਸ ਗੁਆਚੇ ਦਰਸ਼ਨ ਦਾ ਨਹੀਂ, ਸਗੋਂ ਗੁਆਚੇ ਧਰਮ ਦਾ ਬਦਲ ਬਣਨਾ ਸੀ। ਇਸ ਨੇ ਧਾਰਮਿਕ ਰੂਪ ਧਾਰਨਾ ਹੀ ਸੀ, ਹਰ ਉਸ ਚੀਜ਼ ਵਾਂਗ ਜਿਸ ਨੇ ਓਦੋਂ ਅਤੇ ਸਤਾਰ੍ਹਵੀਂ ਸਦੀ ਦੇ ਅਖੀਰ ਤੱਕ ਆਮ ਜਨਤਾ ਦੇ ਦਿਲ ਦਿਮਾਗ ਉਤੇ ਪਕੜ ਰਖਣੀ ਸੀ।

ਸਾਨੂੰ ਇਸ ਵੱਲ ਉਚੇਚਾ ਧਿਆਨ ਦੇਣ ਦੀ ਲੋੜ ਨਹੀਂ ਕਿ ਉਹਨਾਂ ਲੋਕਾਂ ਦੀ ਬਹੁਗਿਣਤੀ ਜਿਹੜੇ ਆਪਣੀ ਚੇਤਨਤਾ ਦੀ ਅਜਿਹੀ ਢਾਰਸ ਲਈ, ਬਾਹਰੀ ਸੰਸਾਰ

ਤੋਂ ਅੰਦਰਲੇ ਸੰਸਾਰ ਵੱਲ ਅਜਿਹੀ ਉਡਾਰੀ ਲਈ ਉਤਸੁਕ ਹੋ ਰਹੇ ਸਨ ਲਾਜ਼ਮੀ ਹੀ ਗੁਲਾਮਾਂ ਵਿਚੋਂ ਸੀ।

ਇਸ ਵਿਆਪਕ ਆਰਥਕ, ਰਾਜਨੀਤਕ, ਬੌਧਿਕ ਅਤੇ ਸਦਾਚਾਰਕ ਅਧੋਗਤੀ ਦੇ ਵਾਤਾਵਰਣ ਵਿਚ ਈਸਾਈਅਤ ਨੇ ਜਨਮ ਲਿਆ। ਇਸ ਨੇ ਸਾਰੇ ਪਿਛਲੇ ਧਰਮਾਂ ਪ੍ਰਤੀ ਦ੍ਰਿੜ੍ਹ ਵਿਰੋਧ-ਸਥਿਤੀ ਵਿਚ ਪ੍ਰਵੇਸ਼ ਕੀਤਾ।

ਪਿਛਲੇ ਸਾਰੇ ਧਰਮਾਂ ਵਿਚ ਕਰਮ-ਕਾਂਡ ਮੁਖ ਗੱਲ ਸੀ। ਕੇਵਲ ਬਲੀ ਦੇਣ ਵਿਚ ਅਤੇ ਧਾਰਮਿਕ ਜਲੂਸਾਂ ਵਿਚ ਹਿੱਸਾ ਲੈਕੇ, ਅਤੇ ਪੂਰਬ ਵਿਚ ਖਾਣ-ਪੀਣ ਤੇ ਸੱਵਛਤਾ ਸੰਬੰਧੀ ਅਤਿਅੰਤ ਵਿਸਤ੍ਰਿਤ ਨੇਮਾਂ ਦਾ ਪਾਲਣ ਕਰਕੇ ਬੰਦਾ ਇਹ ਦਰਸਾ ਸਕਦਾ ਸੀ ਕਿ ਉਸ ਦਾ ਸੰਬੰਧ ਕਿਹੜੇਂ ਧਰਮ ਨਾਲ ਹੈ। ਇਸ ਪਿਛਲੀ ਗੱਲ ਬਾਰੇ ਜਿਥੇ ਰੋਮ ਅਤੇ ਯੂਨਾਨ ਸਹਿਨਸ਼ੀਲ ਸਨ, ਉਥੇ ਪੂਰਬ ਵਿਚ ਧਾਰਮਿਕ ਬੰਦਸ਼ਾਂ ਲਈ ਖਬਤ ਸੀ ਜਿਸ ਨੇ ਉਹਨਾਂ ਦੇ ਅੰਤਮ ਪਤਨ ਵਿਚ ਕੋਈ ਘਟ ਹਿੱਸਾ ਨਹੀਂ ਪਾਇਆ। ਦੋ ਵਖਰੇ ਵਖਰੇ ਧਰਮਾਂ ਦੇ ਲੋਕ (ਮਿਸਰੀ, ਪਾਰਸੀ, ਯਹੂਦੀ, ਖਾਲਦੂਨੀ) ਨਾ ਤਾਂ ਇਕੱਠੇ ਖਾ-ਪੀ ਸਕਦੇ ਸਨ, ਨਾ ਹੀ ਰਲਕੇ ਕੋਈ ਨਿਤਾ ਪ੍ਰਤੀ ਦਾ ਕੰਮ ਕਰ ਸਕਦੇ ਸਨ, ਜਾਂ ਸਗੋਂ ਇਕ ਦੂਜੇ ਨਾਲ ਘਟ ਵਧ ਹੀ ਗੱਲ ਕਰ ਸਕਦੇ ਸਨ। ਮਨੁਖ ਦਾ ਮਨੁਖ ਨਾਲੋਂ ਇਸ ਤਰ੍ਹਾਂ ਤੋੜੇ ਜਾਣਾ ਹੀ ਬਹੁਤਾ ਕਰਕੇ ਪੂਰਬ ਦੇ ਨਿਘਾਰ ਦਾ ਕਾਰਨ ਬਣਿਆ। ਈਸਾਈਅਤ ਦੀਆਂ ਕੋਈ ਵਿਲੱਖਣ ਰੀਤਾਂ ਨਹੀਂ ਸਨ, ਕਲਾਸੀਕੀ ਸੰਸਾਰ ਵਾਂਗ ਬਲੀਆਂ ਦੇਣ ਅਤੇ ਧਾਰਮਿਕ ਜਲੂਸਾਂ ਦੀ ਰੀਤ ਵੀ ਨਹੀਂ ਸੀ। ਇਸ ਪ੍ਰਕਾਰ ਸਾਰੇ ਕੌਮੀ ਧਰਮਾਂ ਅਤੇ ਉਹਨਾਂ ਦੀਆਂ ਆਮ ਰੀਤਾਂ ਨੂੰ ਰੱਦ ਕਰਕੇ ਅਤੇ ਬਿਨਾਂ ਕਿਸੇ ਵਿਤਕਰੇ ਦੇ ਆਪਣੇ ਆਪ ਨੂੰ ਲੋਕਾਂ ਦੇ ਸਾਮ੍ਹਣੇ ਪੇਸ਼ ਕਰਕੇ ਇਹ **ਸਭ ਤੋਂ ਪਹਿਲਾ ਸੰਭਵ ਸੰਸਾਰ ਧਰਮ** ਬਣਦੀ ਹੈ। ਯਹੂਦੀਅਤ ਨੇ ਵੀ, ਆਪਣੇ ਨਵੇਂ ਸੰਸਾਰ-ਵਿਆਪੀ ਦੇਵਤੇ ਨਾਲ, ਸੰਸਾਰ ਧਰਮ ਬਣਨ ਵੱਲ ਪੈਰ ਰਖਣੇ ਸ਼ੁਰੂ ਕਰ ਦਿਤੇ ਸਨ; ਪਰ ਇਸਰਾਈਲ ਦੀ ਔਲਾਦ ਸਦਾ ਹੀ ਈਮਾਨ ਰਖਣ ਵਾਲਿਆਂ ਅਤੇ ਸੁਨਤ ਕਰਾਉਣ ਵਾਲਿਆਂ ਵਿਚਕਾਰ ਅਮੀਰਸ਼ਾਹੀ ਬਣੀ ਰਹੀ; ਅਤੇ ਖੁਦ ਈਸਾਈਅਤ ਨੂੰ, ਇਸ ਤੋਂ ਪਹਿਲਾਂ ਕਿ ਇਹ ਸਚਮੁਚ ਹੀ ਇਕ ਸੰਸਾਰ ਧਰਮ ਬਣ ਸਕਦੀ, ਯਹੂਦੀ ਈਸਾਈਆਂ (ਜਿਹੜੇ ਜਾਨ ਦੀ ਅਖੌਤੀ ਅਗੰਮ-ਗਿਆਨ ਦੀ ਪੁਸਤਕ ਵਿਚ ਹਾਲੇ ਵੀ ਪ੍ਰਬਲ ਸਨ) ਦੀ ਸ੍ਰੇਸ਼ਠਤਾ ਦੀ ਧਾਰਨਾ ਤੋਂ ਪਿੱਛਾ ਛੁਡਾਉਣਾ ਪੈਣਾ ਸੀ। ਦੂਸਰੇ ਪਾਸੇ ਇਸਲਾਮ ਨੇ ਆਪਣੇ ਵਿਸ਼ੇਸ਼ ਕਰਕੇ ਪੂਰਬੀ ਕਰਮ-ਕਾਂਡ ਨੂੰ ਕਾਇਮ ਰਖਕੇ, ਆਪਣੇ ਪਸਾਰ ਨੂੰ ਪੂਰਬ ਅਤੇ ਉਤਰੀ ਅਫ੍ਰੀਕਾ, ਜਿਸ ਨੂੰ ਅਰਬ ਦੇ ਬਦੂਆਂ ਨੇ ਫਤਿਹ ਕੀਤਾ ਅਤੇ ਨਵੇਂ ਸਿਰੇ ਆਬਾਦ ਕੀਤਾ ਸੀ, ਦੇ ਇਲਾਕੇ ਤੱਕ ਸੀਮਤ ਰਖਿਆ। ਇਥੇ ਇਹ ਪ੍ਰਬਲ ਮਜ਼ਹਬ ਬਣ ਸਕਿਆ, ਪਰ ਪਛਮ ਵਿਚ ਨਹੀਂ।

ਦੂਜੇ, ਈਸਾਈਅਤ ਨੇ ਉਸ ਤਰਬ ਨੂੰ ਛੇੜਿਆ ਸੀ ਜਿਸ ਦਾ ਅਣਗਿਣਤ ਦਿਲਾਂ ਵਿਚ ਗੂੰਜ ਉਠਣਾ ਲਾਜ਼ਮੀ ਸੀ। ਸਮੇਂ ਦੀ ਦੁਸ਼ਟਤਾ ਸੰਬੰਧੀ ਅਤੇ ਵਿਆਪਕ ਪਦਾਰਥਕ ਤੇ ਸਦਾਚਾਰਕ ਬਿਪਤਾ ਸੰਬੰਧੀ ਸਭਨਾਂ ਸ਼ਿਕਾਇਤਾਂ ਬਾਰੇ, ਪਾਪ ਦੀ ਈਸਾਈ ਚੇਤਨਤਾ ਦਾ ਇਹੋ ਜਵਾਬ ਸੀ: ਇਸ ਤਰ੍ਹਾਂ ਹੀ ਹੈ ਅਤੇ ਹੋਰ ਕਿਸੇ ਤਰ੍ਹਾਂ ਹੋ ਹੀ ਨਹੀਂ ਸਕਦਾ; ਤੁਸੀਂ ਦੋਸ਼ੀ ਹੋ, ਸੰਸਾਰ ਦੇ ਭ੍ਰਿਸ਼ਟਾਚਾਰ ਲਈ, ਤੁਹਾਡੇ ਆਪਣੇ ਅੰਦਰਲੇ ਭ੍ਰਿਸ਼ਟਾਚਾਰ ਲਈ ਤੁਸੀਂ ਸੱਭੇ ਆਪ ਦੋਸ਼ੀ ਹੋ! ਅਤੇ ਕਿਹੜਾ ਆਦਮੀ ਹੈ ਜਿਹੜਾ ਇਸ ਤੋਂ ਇਨਕਾਰ ਕਰ ਸਕਦਾ ਸੀ? Mea culpa! * ਵਿਆਪਕ ਦੁਖ ਦੀ ਜ਼ਿੰਮੇਦਾਰੀ ਵਿਚ ਹਰ ਇਕ ਵਲੋਂ ਆਪਣੇ ਹਿੱਸੇ ਦਾ ਇਕਬਾਲ ਅਹੱਦ ਸੀ ਅਤੇ ਉਸ ਆਤਮਕ ਮੁਕਤੀ ਲਈ ਇਸ ਨੂੰ ਮੁਢਲੀ ਸ਼ਰਤ ਬਣਾ ਦਿਤਾ ਗਿਆ ਜਿਸ ਦਾ ਈਸਾਈਅਤ ਨੇ ਆਪਣੇ ਨਾਲ ਹੀ ਐਲਾਨ ਕੀਤਾ ਸੀ। ਅਤੇ ਇਸ ਆਤਮਕ ਮੁਕਤੀ ਨੂੰ ਇਸ ਤਰ੍ਹਾਂ ਸਥਾਪਤ ਕੀਤਾ ਗਿਆ ਕਿ ਹਰ ਪੁਰਾਤਨ ਧਾਰਮਿਕ ਭਾਈਚਾਰੇ ਦੇ ਮੈਂਬਰ ਇਸ ਨੂੰ ਸੌਖਿਆਂ ਹੀ ਸਮਝ ਸਕਦੇ ਸਨ। ਕਰੋਪ ਹੋਏ ਦੇਵਤੇ ਨੂੰ ਪ੍ਰਸੰਨ ਕਰਨ ਲਈ ਪ੍ਰਾਸ਼ਚਿਤ ਕਰਨ ਦਾ ਵਿਚਾਰ ਸਾਰੇ ਪੁਰਾਣੇ ਧਰਮਾਂ ਵਿਚ ਪ੍ਰਚਲਤ ਸੀ; ਮਨੁਖਤਾ ਦੇ ਪਾਪਾਂ ਦਾ ਸਦਾ ਲਈ ਪ੍ਰਾਸ਼ਚਿਤ ਕਰਨ ਵਾਲੇ ਵਿਚੋਲੇ ਦੇ ਆਤਮ-ਬਲੀਦਾਨ ਦੇ ਵਿਚਾਰ ਨੂੰ ਕਿਵੇਂ ਸੌਖਿਆਂ ਹੀ ਅਜਿਹੀ ਥਾਂ ਆਪਣਾ ਆਧਾਰ ਨਹੀਂ ਸੀ ਮਿਲ ਸਕਦਾ? ਇਸ ਲਈ, ਈਸਾਈਅਤ ਨੇ ਇਸ ਸਰਵ-ਵਿਆਪਕ ਅਹਿਸਾਸ ਨੂੰ ਸਪਸ਼ਟ ਤੌਰ ਤੇ ਪ੍ਰਗਟ ਕੀਤਾ ਕਿ ਹਰ ਇਕ ਦੀ ਪਾਪ ਦੀ ਚੇਤਨਤਾ ਵਜੋਂ ਮਨੁਖ ਆਪ ਹੀ ਵਿਆਪਕ ਭ੍ਰਿਸ਼ਟਾਚਾਰ ਲਈ ਕਸੂਰਵਾਰ ਹਨ; ਇਸ ਦੇ ਨਾਲ ਹੀ ਇਸ ਨੇ, ਆਪਣੇ ਮੋਢੀ ਦੀ ਮੌਤ-ਬਲੀ ਵਿਚ, ਭ੍ਰਿਸ਼ਟ ਸੰਸਾਰ ਤੋਂ ਸਰਵ-ਵਿਆਪੀ ਰੂਪ ਵਿਚ ਚਾਹੀ ਜਾ ਰਹੀ ਅੰਦਰਲੀ ਮੁਕਤੀ ਦਾ, ਚੇਤਨਤਾ ਦੀ ਢਾਰਸ ਦਾ ਇਕ ਰੂਪ ਪੇਸ਼ ਕੀਤਾ। ਇਸ ਪ੍ਰਕਾਰ ਇਸ ਨੇ ਇਕ ਵਾਰ ਫੇਰ ਇਕ ਸੰਸਾਰ ਧਰਮ, ਅਤੇ ਨਿਰਸੰਦੇਹ, ਉਹ ਧਰਮ ਬਣਨ ਦੀ ਆਪਣੀ ਸਮਰਥਾ ਸਿਧ ਕੀਤੀ ਜਿਹੜਾ ਉਸ ਸਮੇਂ ਦੇ ਸੰਸਾਰ ਲਈ ਢੁਕਵਾਂ ਸੀ।

ਇਸ ਲਈ ਇਹ ਹੋਇਆ ਕਿ ਉਸ ਥਲ ਦੇ ਹਜ਼ਾਰਾਂ ਪੈਗੰਬਰਾਂ ਅਤੇ ਉਪਦੇਸ਼ਕਾਂ ਵਿਚੋਂ, ਜਿਹੜੇ ਅਣਗਿਣਤ ਧਾਰਮਿਕ ਸੁਰਜੀਤੀਆਂ ਦੇ ਉਸ ਦੌਰ ਵਿਚ ਆਏ ਕੇਵਲ ਈਸਾਈਅਤ ਦੇ ਬਾਨੀਆਂ ਨੂੰ ਹੀ ਸਫਲਤਾ ਮਿਲੀ। ਕੇਵਲ ਫਿਲਸਤੀਨ ਵਿਚ ਹੀ ਨਹੀਂ, ਸਗੋਂ ਸਮੁਚੇ ਪੂਰਬ ਵਿਚ ਧਰਮਾਂ ਦੇ ਅਜਿਹੇ ਬਾਨੀਆਂ ਦਾ ਜਮਘਟਾ ਸੀ ਅਤੇ ਉਹਨਾਂ ਵਿਚਕਾਰ ਉਹ ਘੋਲ ਮਘਿਆ ਹੋਇਆ ਸੀ ਜਿਸ ਨੂੰ ਵਿਚਾਰਧਾਰਕ ਹੋਂਦ ਲਈ

---

*ਮੈਂ ਹੀ ਦੋਸ਼ੀ ਹਾਂ! —ਸੰਪਾ:

ਡਾਰਵਿਨੀਆਈ * ਘੋਲ ਆਖਿਆ ਜਾ ਸਕਦਾ ਹੈ। ਮੁਖ ਕਰਕੇ ਉਹਨਾਂ ਤੱਤਾਂ ਦੀ ਬਦੌਲਤ ਜਿਨ੍ਹਾਂ ਦਾ ਉਪਰ ਜ਼ਿਕਰ ਆਇਆ ਹੈ ਈਸਾਈਅਤ ਦੀ ਜਿੱਤ ਹੋਈ। ਸੰਪਰਦਾਵਾਂ ਦੇ ਇਕ ਦੂਜੇ ਵਿਰੁਧ ਅਤੇ ਬੁਤ-ਪੂਜ ਸੰਸਾਰ ਵਿਰੁਧ ਸੰਗਰਾਮ ਵਿਚ ਪ੍ਰਾਕਿਰਤਕ ਚੋਣ ਰਾਹੀਂ ਇਸ ਨੇ ਸੰਸਾਰ ਧਰਮ ਦੇ ਆਪਣੇ ਚ੍ਰਿਤਰ ਨੂੰ ਕਿਵੇਂ ਸਹਿਜੇ ਸਹਿਜੇ ਵਿਕਸਤ ਕੀਤਾ, ਇਸ ਦਾ ਪਹਿਲੀਆਂ ਤਿਨ ਸਦੀਆਂ ਵਿਚ ਚਰਚ ਦੇ ਇਤਿਹਾਸ ਤੋਂ ਵਿਸਥਾਰ ਨਾਲ ਪਤਾ ਲਗਦਾ ਹੈ।

ਅਪ੍ਰੈਲ ੧੮੮੨ ਦੇ ਪਿਛਲੇ
ਅਧ ਵਿਚ ਲਿਖਿਆ ਗਿਆ

ਮੂਲ ਪਾਠ ਜਰਮਨ
ਵਿਚ ਹੈ

ਸ਼ਹੀਦ ਭਗਤ ਸਿੰਘ ਭਵਨ
ਲਾਇਬ੍ਰੇਰੀ
....
ਰਾਏਕੋਟ

* ਪ੍ਰਸਿਧ ਪ੍ਰਕਿਰਤੀ-ਵਿਗਿਆਨੀ ਡਾਰਵਿਨ ਦੇ ਨਾਂ ਤੋਂ, ਜਿਸ ਨੇ ਇਹ ਸਿਧਾਂਤ ਪੇਸ਼ ਕੀਤਾ ਕਿ ਪ੍ਰਕਿਰਤੀ ਵਿਚ ਪ੍ਰਾਕਿਰਤਕ ਚੋਣ ਰਾਹੀਂ ਸਭ ਤੋਂ ਬਲਵਾਨ ਹੀ ਜਿਉਂਦੇ ਰਹਿ ਸਕਦੇ ਹਨ ਅਤੇ ਮਾੜਿਆਂ ਦਾ ਨਾਸ ਹੋ ਜਾਂਦਾ ਹੈ।—**ਅਨੁ:**

ਫ਼ਰੈਡਰਿਕ ਏਂਗਲਜ਼

# ਅਗੰਮ-ਗਿਆਨ ਦੀ ਪੁਸਤਕ

ਬਾਈਬਲ ਦੀ ਇਤਿਹਾਸਕ ਅਤੇ ਭਾਸ਼ਾਈ ਆਲੋਚਨਾ, ਭਿੰਨ ਭਿੰਨ ਲਿਖਤਾਂ, ਜਿਨ੍ਹਾਂ ਤੋਂ ਪੁਰਾਤਨ ਅਤੇ ਨਵੀਂ ਸਾਖ ਬਣੀ ਹੈ, ਦੇ ਜੁਗ, ਮੂਲ, ਅਤੇ ਇਤਿਹਾਸਕ ਮੁਲ ਦੀ ਛਾਣਬੀਨ ਉਹ **ਵਿਗਿਆਨ** ਹੈ ਜਿਸ ਦਾ ਬਰਤਾਨੀਆ ਨੂੰ ਲਗਪਗ ਗਿਆਨ ਹੀ ਨਹੀਂ, ਸਿਵਾਏ ਕੁਝ ਇਕ ਉਦਾਰਵਾਦੀ ਧਰਮ-ਸ਼ਾਸਤ੍ਰੀਆਂ ਦੇ ਜਿਹੜੇ ਇਸ ਨੂੰ ਜਿਥੋਂ ਤੱਕ ਹੋ ਸਕੇ ਗੁਪਤ ਰਖਣ ਦਾ ਹੀਲਾ ਕਰਦੇ ਹਨ।

ਇਹ ਵਿਗਿਆਨ ਲਗਪਗ ਸਾਰੇ ਦਾ ਸਾਰਾ ਜਰਮਨ ਹੈ। ਅਤੇ, ਇਸ ਦੇ ਨਾਲ ਹੀ, ਇਸ ਦਾ ਜਿਹੜਾ ਥੋੜ੍ਹਾ ਬਹੁਤ ਹਿੱਸਾ ਜਰਮਨੀ ਦੀਆਂ ਸੀਮਾਵਾਂ ਤੋਂ ਬਾਹਰ ਨਿਕਲਿਆ ਹੈ ਉਹ ਇਸ ਦਾ ਠੀਕ ਠੀਕ ਸਭ ਤੋਂ ਚੰਗਾ ਭਾਗ ਨਹੀਂ ਹੈ; ਇਹ ਉਹ ਉਦਾਰ-ਚਿੱਤ ਆਲੋਚਨਾ ਹੈ ਜਿਸ ਨੂੰ ਆਪਣੇ ਤਅਸਬਹੀਣ ਅਤੇ ਬੇਲੋਚ ਹੋਣ ਉਤੇ, ਅਤੇ ਇਸ ਦੇ ਨਾਲ ਹੀ, ਈਸਾਈ ਹੋਣ ਉਤੇ ਮਾਣ ਹੈ: ਇਹ ਪੁਸਤਕਾਂ ਠੀਕ ਪਵਿਤਰ ਰੂਹ ਦੁਆਰਾ ਅਗੰਮ-ਗਿਆਨ ਨਹੀਂ, ਸਗੋਂ ਉਹ ਮਨੁਖਤਾ ਦੀ ਪਵਿਤਰ ਆਤਮਾ ਰਾਹੀਂ ਈਸ਼ਵਰਤਾ ਦਾ ਅਗੰਮ-ਗਿਆਨ ਹਨ, ਆਦਿ। ਇਸ ਪ੍ਰਕਾਰ, ਟੂਬਿੰਗਨ ਪਰਪਾਟੀ (ਬਾਊਰ, ਗਫ਼ਰਿਓਰਰ, ਆਦਿ)[114] ਹਾਲੈਂਡ ਅਤੇ ਸਵਿਟਜ਼ਰਲੈਂਡ ਵਿਚ, ਅਤੇ ਇੰਗਲੈਂਡ ਵਿਚ ਬੜੇ ਹਰਮਨ-ਪਿਆਰੇ ਹਨ, ਅਤੇ ਜੇ ਲੋਕ ਥੋੜ੍ਹਾ ਜਿਹਾ ਹੋਰ ਅੱਗੇ ਵਧਣ, ਤਾਂ ਉਹ ਸ਼ਟਰਾਊਸ ਦੇ ਪਿਛੇ ਚਲਦੇ ਹਨ। ਇਹੋ ਹੀ ਕੋਮਲ, ਪਰ ਉਕਾ ਹੀ ਅਣ-ਇਤਿਹਾਸਕ, ਭਾਵਨਾ ਪ੍ਰਸਿਧ ਆਰਨੈਸਟ ਰੇਨਾਨ ਉਤੇ ਭਾਰੂ ਹੈ, ਜਿਹੜਾ ਜਰਮਨ ਆਲੋਚਕਾਂ ਦੀਆਂ ਲਿਖਤਾਂ ਦਾ ਇਕ ਘਟੀਆ ਕਿਸਮ ਦਾ ਚੋਰ ਹੈ। ਉਸ ਦੀਆਂ ਆਪਣੀਆਂ ਸਾਰੀਆਂ ਲਿਖਤਾਂ ਵਿਚ ਵਿਆਪਕ ਸੋਚ ਦੀ ਸੁਹਜਾਤਮਕ ਉਪਭਾਵੁਕਤਾ, ਅਤੇ ਇਸ ਨੂੰ ਲਪੇਟਣ ਵਾਲੀ ਪੇਤਲੀ ਭਾਸ਼ਾ ਤੋਂ ਛੁਟ ਉਸ ਦਾ ਆਪਣਾ ਕੁਝ ਵੀ ਨਹੀਂ।

ਪਰੰਤੂ, ਆਰਨੈਸਟ ਰੇਨਾਨ ਨੇ ਇਕ ਗੱਲ ਚੰਗੀ ਆਖੀ ਹੈ:

"ਜਦੋਂ ਤੁਸੀਂ ਇਸ ਗੱਲ ਦਾ ਸਪਸ਼ਟ ਅਨੁਮਾਨ ਲਾਉਣਾ ਚਾਹੋ ਕਿ ਪਹਿਲੇ ਈਸਾਈ ਭਾਈਚਾਰੇ ਕਿਹੋ ਜਿਹੇ ਸਨ, ਤਾਂ ਉਹਨਾਂ ਦੀ ਤੁਲਨਾ ਅੱਜ ਦੇ ਪੈਰਿਸ਼ਾਂ * ਨਾਲ ਨਾ ਕਰੋ; ਉਹ ਤਾਂ ਕਿਰਤੀ ਲੋਕਾਂ ਦੀ ਕੌਮਾਂਤਰੀ ਜਥੇਬੰਦੀ ਦੇ ਸਥਾਨਕ ਹਲਕਿਆਂ ਵਾਂਗ ਹੀ ਸਨ।"

ਅਤੇ ਇਹ ਗੱਲ ਠੀਕ ਹੈ। ਈਸਾਈਅਤ ਨੇ ਜਨਸਮੂਹ ਦੇ ਦਿਲ ਦਿਮਾਗ ਨੂੰ, ਠੀਕ ਆਧੁਨਿਕ ਸਮਾਜਵਾਦ ਵਾਂਗ ਹੀ, ਵੰਨ-ਸੁਵੰਨੇ ਫਿਰਕਿਆਂ ਦੇ ਰੂਪ ਅਧੀਨ, ਅਤੇ ਇਸ ਤੋਂ ਵੀ ਬਹੁਤਾ ਟਕਰਾਉਂਦੇ ਵਿਅਕਤੀਗਤ ਵਿਚਾਰਾਂ ਦੇ ਰੂਪ ਵਿਚ ਕਾਬੂ ਕੀਤਾ—ਕੁਝ ਵਧੇਰੇ ਸਪਸ਼ਟ ਸਨ, ਕੁਝ ਵਧੇਰੇ ਗਡਮਡ, ਇਹ ਪਿਛਲੇਰੇ ਵੱਡੀ ਬਹੁਗਿਣਤੀ ਵਿਚ ਸਨ—ਪਰ ਇਹ ਸਾਰੇ ਹੀ ਹਾਕਮ ਪ੍ਰਣਾਲੀ ਦੇ, "ਸਥਾਪਤ ਸੱਤਾ ਦੇ" ਖਿਲਾਫ ਸਨ।

ਮਿਸਾਲ ਲਈ, ਸਾਡੀ ਅਗੰਮ-ਗਿਆਨ ਦੀ ਪੁਸਤਕ ਨੂੰ ਹੀ ਲਓ, ਜਿਹੜੀ ਅਸੀਂ ਦੇਖਾਂਗੇ ਕਿ ਸਭ ਤੋਂ ਵਧ ਅੰਧਕਾਰਮਈ ਅਤੇ ਅਤਿਅੰਤ ਰਹੱਸਮਈ ਹੋਣ ਦੀ ਥਾਂ, ਸਮੁਚੀ ਨਵੀਂ ਸਾਖ ਦੀ ਅਤਿਅੰਤ ਸਰਲ ਤੇ ਅਤਿਅੰਤ ਸਪਸ਼ਟ ਪੁਸਤਕ ਹੈ। ਹਾਲ ਦੀ ਘੜੀ ਅਸੀਂ ਪਾਠਕ ਨੂੰ ਵਿਸ਼ਵਾਸ ਕਰਨ ਲਈ ਆਖਾਂਗੇ ਜੋ ਕੁਝ ਅਸੀਂ ਪੈਰੋ ਪੈਰ ਸਿਧ ਕਰਨ ਵਾਲੇ ਹਾਂ। ਉਹ ਇਹ ਕਿ ਇਹ ਪੁਸਤਕ ਸਾਡੇ ਜੁਗ ਵਿਚ ਸੰਨ ੬੮ ਜਾਂ ਜਨਵਰੀ ੬੯ ਵਿਚ ਲਿਖੀ ਗਈ ਸੀ, ਅਤੇ ਇਸ ਲਈ ਇਹ ਕੇਵਲ ਨਵੀਂ ਸਾਖ ਦੀ ਇਕੋ ਇਕ ਪੁਸਤਕ ਹੀ ਨਹੀਂ, ਜਿਸ ਦੀ ਮਿਤੀ ਅਸਲ ਵਿਚ ਨਿਸਚਿਤ ਹੈ, ਸਗੋਂ ਇਹ ਸਭ ਤੋਂ ਪੁਰਾਤਨ ਪੁਸਤਕ ਵੀ ਹੈ। ਸੰਨ ੬੮ ਵਿਚ ਈਸਾਈਅਤ ਕਿਸ ਤਰ੍ਹਾਂ ਦੀ ਲਗਦੀ ਸੀ ਅਸੀਂ ਇਸ ਪੁਸਤਕ ਵਿਚ ਇਉਂ ਦੇਖ ਸਕਦੇ ਹਾਂ ਜਿਵੇਂ ਕਿਸੇ ਸ਼ੀਸ਼ੇ ਵਿਚ ਦੇਖੀਦਾ ਹੈ।

ਸਭ ਤੋਂ ਪਹਿਲੀ ਗੱਲ, ਕਿੱਨੇ ਹੀ ਫਿਰਕੇ ਸਨ। ਏਸ਼ੀਆ ਦੇ ਸੱਤ ਚਰਚਾਂ ਨੂੰ ਸੰਦੇਸ਼ਾਂ ਵਿਚ, ਘਟੋ ਘਟ ਤਿੰਨ ਫਿਰਕਿਆਂ ਦਾ ਜ਼ਿਕਰ ਆਉਂਦਾ ਹੈ ਜਿਨ੍ਹਾਂ ਬਾਰੇ, ਉਂਜ ਅਸੀਂ, ਕੁਝ ਵੀ ਨਹੀਂ ਜਾਣਦੇ। ਇਹ ਫਿਰਕੇ ਹਨ: ਨਿਕੋਲਾਈਟਨ, ਬਾਲਾਮਾਈਟ, ਅਤੇ ਇਕ ਇਸਤ੍ਰੀ ਦੇ ਅਨੁਯਾਈ ਜਿਸ ਨੂੰ ਇਥੇ ਜੈਜ਼ੇਬਲ ਦਾ ਨਾਮ ਦਿਤਾ ਗਿਆ ਹੈ। ਇਹਨਾਂ ਤਿੰਨਾਂ ਬਾਰੇ ਹੀ ਕਿਹਾ ਗਿਆ ਹੈ ਕਿ ਉਹ ਆਪਣੇ ਅਨੁਯਾਈਆਂ ਨੂੰ ਦੇਵਤਿਆਂ ਦੀ ਬਲੀ ਚੜ੍ਹਾਏ ਪਦਾਰਥ ਖਾਣ ਦੀ ਆਗਿਆ ਦੇਂਦੇ ਸਨ ਅਤੇ ਕਿ ਉਹ ਪਰ-ਗਮਨ ਦੇ ਸ਼ੌਕੀਨ ਸਨ। ਇਹ ਇਕ ਅਜੀਬ ਤੱਥ ਹੈ ਕਿ ਹਰ ਮਹਾਨ ਇਨਕਲਾਬੀ ਲਹਿਰ ਦੇ ਨਾਲ "ਸੁਤੰਤਰ ਪ੍ਰੇਮ" ਦਾ ਸਵਾਲ ਸਾਮ੍ਹਣੇ

---

*ਇਕ ਪਾਦਰੀ ਦਾ ਹਲਕਾ।—ਸੰਪਾ:

ਆ ਜਾਂਦਾ ਹੈ। ਲੋਕਾਂ ਦੇ ਇਕ ਹਲਕੇ ਲਈ ਇਨਕਲਾਬੀ ਉੱਨਤੀ ਵਜੋਂ, ਪੁਰਾਤਨ ਪਰੰਪਰਾਵਾਂ ਦੀਆਂ ਬੇੜੀਆਂ, ਜਿਨ੍ਹਾਂ ਦੀ ਹੁਣ ਲੋੜ ਨਹੀਂ, ਨੂੰ ਤੋੜਨ ਦੇ ਰੂਪ ਵਿਚ; ਲੋਕਾਂ ਦੇ ਦੂਜੇ ਹਿੱਸੇ ਲਈ ਅਜਿਹੇ ਸੁਖੀਂ-ਲੱਧੇ ਮੱਤ ਵਜੋਂ, ਜਿਹੜਾ ਮਰਦ ਤੇ ਇਸਤ੍ਰੀ ਵਿਚਕਾਰ ਹਰ ਕਿਸਮ ਦੇ ਸੁਤੰਤਰ ਅਤੇ ਸੁਖਾਵੇਂ ਵਿਹਾਰ ਨੂੰ ਸੌਖਿਆਂ ਹੀ ਕੱਜ ਲੈਂਦਾ ਹੈ। ਪਿਛਲੇਰੀ, ਖੂਹ-ਦੇ-ਡਡੂ ਵਾਲੀ ਕਿਸਮ, ਇਥੇ ਜਲਦੀ ਹੀ ਪ੍ਰਬਲ ਹੋ ਗਈ ਪ੍ਰਤੀਤ ਹੁੰਦੀ ਹੈ; ਕਿਉਂਕਿ "ਪਰ-ਗਮਨ" ਨੂੰ ਸਦਾ ਹੀ "ਦੇਵਤਿਆਂ ਦੀ ਬਲੀ ਚੜ੍ਹਾਏ ਪਦਾਰਥਾਂ" ਦੇ ਖਾਣ ਨਾਲ ਜੋੜਿਆ ਗਿਆ ਹੈ, ਜਿਸ ਦੀ ਯਹੂਦੀਆਂ ਅਤੇ ਈਸਾਈਆਂ ਨੂੰ ਸਖ਼ਤ ਮਨਾਹੀ ਸੀ, ਪਰ ਜਿਸ ਤੋਂ ਇਨਕਾਰ ਕਰਨਾ ਕਦੀ ਕਦੀ ਖਤਰਨਾਕ, ਜਾਂ ਘਟੋ ਘਟ ਅਸੁਖਾਵਾਂ ਹੋ ਸਕਦਾ ਹੈ। ਇਸ ਤੋਂ ਪ੍ਰਤੱਖ ਪਤਾ ਲਗਦਾ ਹੈ ਕਿ ਉਹ ਸੁਤੰਤਰ ਪ੍ਰੇਮ ਦੇ ਹਾਮੀ ਜਿਨ੍ਹਾਂ ਦਾ ਜ਼ਿਕਰ ਕੀਤਾ ਗਿਆ ਹੈ ਆਮ ਕਰਕੇ ਹਰ ਇਕ ਦਾ ਮਿਤਰ ਹੋਣ ਦੀ ਰੁਚੀ ਰਖਦੇ ਸਨ, ਅਤੇ ਉਹ ਹੋਰ ਕੁਝ ਵੀ ਹੋਣ ਸ਼ਹੀਦ ਨਹੀਂ ਹੋ ਸਕਦੇ।

ਹਰ ਮਹਾਨ ਇਨਕਲਾਬੀ ਲਹਿਰ ਵਾਂਗ, ਈਸਾਈਅਤ ਦੀ ਸਿਰਜਨਾ ਵੀ ਜਨਤਾ ਨੇ ਹੀ ਕੀਤੀ। ਇਸ ਦਾ ਜਨਮ ਫਿਲਸਤੀਨ ਵਿਚ ਹੋਇਆ, ਅਜਿਹੇ ਤਰੀਕੇ ਨਾਲ ਜਿਸ ਬਾਰੇ ਸਾਨੂੰ ਉੱਕਾ ਹੀ ਕੋਈ ਗਿਆਨ ਨਹੀਂ, ਉਸ ਸਮੇਂ ਜਦੋਂ ਨਵੇਂ ਫਿਰਕੇ, ਨਵੇਂ ਧਰਮ, ਨਵੇਂ ਪੈਗ਼ੰਬਰ ਸੈਂਕੜਿਆਂ ਦੀ ਗਿਣਤੀ ਵਿਚ ਜਨਮ ਲੈ ਰਹੇ ਸਨ। ਈਸਾਈਅਤ, ਜਿਹੜੀ ਬਸ ਇਕ ਮਹਿਜ਼ ਔਸਤ ਸੀ, ਅਸਲ ਵਿਚ ਅਜਿਹੇ ਫਿਰਕਿਆਂ ਵਿਚੋਂ ਵਧੇਰੇ ਅਗਾਂਹ-ਵਧੂ ਫਿਰਕਿਆਂ ਦੀ ਪ੍ਰਸਪਰ ਟੱਕਰ ਤੋਂ ਆਪਮੁਹਾਰੇ ਰੂਪ ਧਾਰ ਗਈ। ਅਤੇ ਇਸ ਨੇ ਪਿਛੋਂ ਸਿਕੰਦਰੀਆ ਦੇ ਯਹੂਦੀ, ਫਿਲੋ, ਦੇ ਸੂਤਰਾਂ ਦੇ ਵਾਧੇ ਨਾਲ, ਅਤੇ ਇਸ ਤੋਂ ਮਗਰੋਂ ਤਕੜੇ ਸਹਿਜ-ਮਾਰਗੀ ਪ੍ਰਭਾਵਾਂ ਨਾਲ ਇਕ ਮੱਤ ਦਾ ਰੂਪ ਧਾਰ ਲਿਆ। ਵਾਸਤਵ ਵਿਚ, ਜੇ ਅਸੀਂ ਫਿਲੋ ਨੂੰ ਈਸਾਈਅਤ ਦਾ ਸਿਧਾਂਤਕ ਪਿਤਾ ਆਖ ਸਕੀਏ, ਤਾਂ ਸੈਨੇਕਾ ਉਸ ਦਾ ਚਾਚਾ ਸੀ। ਨਵੀਂ ਸਾਖ ਵਿਚ ਪੈਰਿਆਂ ਦੇ ਪੈਰੇ ਉਸ ਦੀਆਂ ਲਿਖਤਾਂ ਵਿਚੋਂ ਲਗਪਗ ਅੱਖਰ ਅੱਖਰ ਨਕਲ ਕੀਤੇ ਜਾਪਦੇ ਹਨ; ਅਤੇ ਦੂਜੇ ਪਾਸੇ, ਤੁਸੀਂ ਪਰਸੀਅਸ ਦੇ ਵਿਅੰਗਾਂ ਵਿਚ ਅਜਿਹੇ ਪੈਰੇ ਵੇਖੋਗੇ ਜਿਹੜੇ ਓਦੋਂ ਤੱਕ ਅਣਲਿਖੀ ਨਵੀਂ ਸਾਖ ਤੋਂ ਨਕਲ ਕੀਤੇ ਜਾਪਦੇ ਹਨ। ਇਹਨਾਂ ਸਭਨਾਂ ਸਿਧਾਂਤਕ ਤੱਤਾਂ ਦਾ ਸਾਡੀ ਅਗੰਮ-ਗਿਆਨ ਦੀ ਪੁਸਤਕ ਵਿਚ ਕੋਈ ਨਾਂ-ਨਿਸ਼ਾਨ ਨਹੀਂ ਲਭਦਾ। ਇਥੇ ਈਸਾਈਅਤ ਆਪਣੇ ਅਤਿ ਦੇ ਮੁਢਲੇ ਰੂਪ ਵਿਚ ਹੈ ਜਿਸ ਵਿਚ ਇਹ ਸਾਡੇ ਲਈ ਸਾਂਭੀ ਗਈ ਹੈ। ਇਸ ਵਿਚ ਕੇਵਲ ਇਕ ਹੀ ਮੱਤ ਨਾਲ ਸੰਬੰਧਤ ਪ੍ਰਬਲ ਨੁਕਤਾ ਹੈ: ਕਿ ਈਸਾ ਦੀ ਕੁਰਬਾਨੀ ਨੇ ਸ਼ਰਧਾਲੂਆਂ ਨੂੰ ਬਚਾ ਲਿਆ ਹੈ। ਪਰ ਕਿਵੇਂ ਅਤੇ ਕਿਉਂ ਇਹ ਉੱਕਾ ਹੀ ਨਿਰੂਪਿਆ ਨਹੀਂ ਗਿਆ। ਪੁਰਾਤਨ ਯਹੂਦੀ ਅਤੇ ਕਾਫਰ ਧਾਰਨਾ ਤੋਂ ਬਿਨਾਂ ਇਸ

ਵਿਚ ਕੁਝ ਵੀ ਨਹੀਂ, ਅਰਥਾਤ ਈਸ਼ਵਰ, ਜਾਂ ਦੇਵਤਿਆਂ ਨੂੰ ਬਲੀਆਂ ਦੇਕੇ ਪ੍ਰਸੰਨ ਕਰਨਾ ਜ਼ਰੂਰੀ ਹੈ ਦੇ ਵਿਚਾਰ ਨੂੰ ਵਿਸ਼ੇਸ਼ ਈਸਾਈ ਧਾਰਨਾ ਦਾ ਰੂਪ ਦੇ ਦਿਤਾ ਗਿਆ ਹੈ (ਜਿਸ ਨੇ, ਨਿਰਸੰਦੇਹ, ਈਸਾਈਅਤ ਨੂੰ ਸੰਸਾਰ-ਵਿਆਪੀ ਧਰਮ ਬਣਾਇਆ) ਕਿ ਈਸਾ ਦੀ ਮੌਤ ਏਡੀ ਵੱਡੀ ਕੁਰਬਾਨੀ ਹੈ ਜਿਹੜੀ ਸਦਾ ਸਦਾ ਲਈ ਕਾਫੀ ਹੈ।

ਆਦਿ ਪਾਪ ਦਾ ਕੋਈ ਨਾਂ-ਨਿਸ਼ਾਨ ਨਹੀਂ। ਤ੍ਰਿਕੁਟੀ* ਬਾਰੇ ਕੁਝ ਵੀ ਨਹੀਂ। ਈਸਾ "ਲੇਲਾ"** ਹੈ ਪਰ ਈਸ਼ਵਰ ਦੇ ਅਧੀਨ ਹੈ। ਅਸਲ ਵਿਚ, ਇਕ ਪੈਰੇ ਵਿਚ (੧੫:੩) ਉਸ ਨੂੰ ਮੂਸਾ ਦੇ ਬਰਾਬਰ ਰਖਿਆ ਗਿਆ ਹੈ। ਇਕ ਪਵਿਤਰ ਰੂਹ ਦੀ ਥਾਂ "ਦੇਵਤਾ ਦੀਆਂ ਸੱਤ ਆਤਮਾਵਾਂ" ਦਾ ਜ਼ਿਕਰ ਹੈ (੩:੧ ਅਤੇ ੪:੫)। ਕਤਲ ਹੋਏ ਸੰਤ (ਸ਼ਹੀਦ) ਬਦਲੇ ਲਈ ਈਸ਼ਵਰ ਅੱਗੇ ਪੁਕਾਰ ਕਰਦੇ ਹਨ:

"ਕਿੰਨਾ ਚਿਰ, ਹੇ ਪ੍ਰਭੂ, ਤੂੰ ਫੈਸਲਾ ਨਹੀਂ ਕਰਦਾ ਅਤੇ ਧਰਤੀ ਤੇ ਵਸਣ ਵਾਲਿਆਂ ਕੋਲੋਂ ਸਾਡੇ ਖ਼ੂਨ ਦਾ ਬਦਲਾ ਨਹੀਂ ਲੈਂਦਾ?" (੬:੧੦)—ਇਹ ਉਹ ਜਜ਼ਬਾ ਹੈ ਜਿਸ ਨੂੰ ਪਿਛੋਂ ਈਸਾਈਅਤ ਦੀ ਸਦਾਚਾਰ ਬਾਰੇ ਸਿਧਾਂਤਕ ਸੰਘਤਾ ਵਿਚੋਂ ਸਾਵਧਾਨੀ ਨਾਲ ਕੱਢ ਦਿਤਾ ਗਿਆ ਹੈ, ਪਰ ਜਿਉਂ ਹੀ ਈਸਾਈਆਂ ਨੇ ਕਾਫਰਾਂ ਉਤੇ ਪ੍ਰਬਲਤਾ ਪ੍ਰਾਪਤ ਕੀਤੀ ਬੜੇ ਜ਼ੋਰ ਨਾਲ ਵਿਹਾਰ ਵਿਚ ਲਾਗੂ ਕੀਤਾ ਗਿਆ।

ਅਸਲ ਵਿਚ, ਈਸਾਈਅਤ ਆਪਣੇ ਆਪ ਨੂੰ ਯਹੂਦੀਅਤ ਦੇ ਮਹਿਜ਼ ਇਕ ਫਿਰਕੇ ਦੇ ਰੂਪ ਵਿਚ ਪੇਸ਼ ਕਰਦੀ ਹੈ। ਇਸ ਪ੍ਰਕਾਰ ਸੱਤ ਚਰਚਾਂ ਨੂੰ ਸੰਦੇਸ਼ ਵਿਚ ਕਿਹਾ ਗਿਆ ਹੈ:

"ਮੈਂ ਉਹਨਾਂ ਦੀ ਨਿਰਾਦਰੀ ਤੋਂ ਵਾਕਫ ਹਾਂ ਜਿਹੜੇ ਕਹਿੰਦੇ ਹਨ ਕਿ ਉਹ ਯਹੂਦੀ ਹਨ" (ਈਸਾਈ ਨਹੀਂ), "ਅਤੇ ਹਨ ਨਹੀਂ, ਸਗੋਂ ਸ਼ੈਤਾਨ ਦੀ ਸਿਨਾਗਾਗ*** ਹਨ" (੨:੯);

ਅਤੇ ਫੇਰ ੩:੯ ਵਿਚ ਲਿਖਿਆ ਹੈ:

---

*ਈਸਾਈ ਧਰਮ ਅਨੁਸਾਰ ਈਸਾ, ਉਹਦੀ ਆਤਮਾ ਅਤੇ ਉਹਦਾ ਪਿਤਾ ਈਸ਼ਵਰ, ਜਿਹੜੇ ਤਿੰਨੇ ਇਕ ਰੂਪ ਹਨ।—**ਅਨੁ:**

**ਪ੍ਰਾਚੀਨ ਰਿਵਾਜ ਅਨੁਸਾਰ ਦੇਵਤਿਆਂ ਅਗੇ ਲੇਲੇ ਦੀ ਬਲੀ ਦਿਤੀ ਜਾਂਦੀ ਸੀ। ਉਸੇ ਅਨੁਸਾਰ ਈਸਾ ਨੂੰ ਰੱਬ ਦਾ ਲੇਲਾ ਕਿਹਾ ਜਾਂਦਾ ਹੈ, ਜਿਸ ਨੇ ਆਪਣੀ ਬਲੀ ਦੇਕੇ ਮਨੁਖਜਾਤੀ ਦਾ ਨਿਸਤਾਰਾ ਕੀਤਾ।—**ਅਨੁ:**

***ਯਹੂਦੀ ਸੰਗਤ ਜਾਂ ਯਹੂਦੀਆਂ ਦਾ ਪੂਜਾ ਦਾ ਸਥਾਨ।—**ਅਨੁ:**

"ਸ਼ੈਤਾਨ ਦੀ ਸਿਨਾਗਾਗ ਦੇ ਉਹ, ਜਿਹੜੇ ਆਪਣੇ ਆਪ ਨੂੰ ਯਹੂਦੀ ਕਹਿੰਦੇ ਹਨ, ਪਰ ਹਨ ਨਹੀਂ।"

ਇਸ ਪ੍ਰਕਾਰ, ਸਾਡੇ ਲੇਖਕ ਨੂੰ, ਸਾਡੇ ਜੁਗ ਦੇ ੬੯-ਵੇਂ ਵਰ੍ਹੇ ਵਿਚ, ਇਸ ਗੱਲ ਦਾ ਜ਼ਰਾ ਵੀ ਖਿਆਲ ਨਹੀਂ ਸੀ ਕਿ ਉਹ ਧਾਰਮਿਕ ਵਿਕਾਸ ਦੇ ਉਸ ਨਵੇਂ ਪੜਾਅ ਦਾ ਪ੍ਰਤਿਨਿਧ ਸੀ, ਜਿਸ ਦੀ ਹੋਣੀ ਇਨਕਲਾਬ ਦਾ ਇਕ ਸਭ ਤੋਂ ਵੱਡਾ ਤੱਤ ਬਣਨਾ ਸੀ। ਇਸ ਤਰ੍ਹਾਂ ਹੀ, ਜਦੋਂ ਸੰਤ ਈਸ਼ਵਰ ਦੇ ਦਰਬਾਰ ਵਿਚ ਹਾਜ਼ਰ ਹੁੰਦੇ ਹਨ, ਤਾਂ ਉਥੇ ਪਹਿਲਾਂ ੧,੪੪,੦੦੦ ਯਹੂਦੀ ਸਨ ਜਿਨ੍ਹਾਂ ਵਿਚ ਬਾਰ੍ਹਾਂ ਕਬੀਲਿਆਂ ਵਿਚੋਂ ਹਰ ਇਕ ਦੇ ੧੨,੦੦੦ ਜੀਅ ਸਨ, ਅਤੇ ਇਹਨਾਂ ਤੋਂ ਪਿਛੋਂ ਹੀ ਕਾਫਰਾਂ ਨੂੰ ਅੰਦਰ ਆਉਣ ਦਿਤਾ ਗਿਆ ਜਿਹੜੇ ਯਹੂਦੀਅਤ ਦੇ ਇਸ ਨਵੇਂ ਪੜਾਅ ਵਿਚ ਨਾਲ ਆ ਰਲੇ ਸਨ।

ਨਵੀਂ ਸਾਖ ਦੀ ਸਭ ਤੋਂ ਪੁਰਾਤਨ, ਅਤੇ ਇਕੋ ਇਕ, ਪੁਸਤਕ ਜਿਸ ਦੀ ਪ੍ਰਮਾਣੀਕਤਾ ਬਾਰੇ ਕੋਈ ਵਿਵਾਦ ਨਹੀਂ ਖੜਾ ਕੀਤਾ ਜਾ ਸਕਦਾ, ਵਿਚ ਬਿਆਨ ਕੀਤੀ ਸੰਨ ੬੮ ਦੀ ਈਸਾਈਅਤ ਦਾ ਅਜਿਹਾ ਰੂਪ ਸੀ। ਇਸ ਦਾ ਕਰਤਾ ਕੌਣ ਸੀ ਸਾਨੂੰ ਕੋਈ ਪਤਾ ਨਹੀਂ। ਉਹ ਆਪਣੇ ਆਪ ਨੂੰ ਜਾਨ ਕਹਿੰਦਾ ਹੈ। ਉਹ "ਈਸਾ ਦਾ ਆਦਿ ਸ਼ਿਸ਼" ਜਾਨ ਹੋਣ ਦਾ ਦਾਹਵਾ ਵੀ ਨਹੀਂ ਕਰਦਾ, ਕਿਉਂਕਿ "ਨਵੇਂ ਯਰੂਸ਼ਲਮ" ਦੀਆਂ ਨੀਂਹਾਂ ਵਿਚ "ਲੇਲੇ ਦੇ ਬਾਰਾਂ ਆਦਿ ਸ਼ਿਸ਼ਾਂ ਦੇ ਨਾਂ" ਹਨ (੨੧:੧੪)। ਇਸ ਲਈ ਜਦੋਂ ਕਰਤਾ ਨੇ ਇਸ ਨੂੰ ਲਿਖਿਆ ਉਹ ਅਵੱਸ਼ ਹੀ ਮਰ ਚੁਕੇ ਹੋਣਗੇ। ਇਹ ਗੱਲ ਕਿ ਉਹ ਯਹੂਦੀ ਸੀ ਉਸ ਦੀ ਯੂਨਾਨੀ ਭਾਸ਼ਾ ਵਿਚ ਇਬਰਾਨੀ ਭਾਸ਼ਾ ਦੇ ਰੂਪਾਂ ਦੀ ਭਰਮਾਰ ਤੋਂ ਸਪਸ਼ਟ ਹੁੰਦਾ ਹੈ, ਜਿਹੜੀ ਵਿਆਕਰਣ ਦੀਆਂ ਗ਼ਲਤੀਆਂ ਦੀ ਦ੍ਰਿਸ਼ਟੀ ਤੋਂ ਨਵੀਂ ਸਾਖ ਦੀਆਂ ਦੂਜੀਆਂ ਪੁਸਤਕਾਂ ਨਾਲੋਂ ਵੀ ਕਿਤੇ ਅੱਗੇ ਹੈ। ਜੇ ਇਕ ਦੂਜੇ ਨਾਲ ਪੂਰੀ ਤਰ੍ਹਾਂ ਟੱਕਰਾਉਂਦੇ ਮੱਤਾਂ ਤੋਂ ਇਹ ਸਿਧ ਨਹੀਂ ਹੁੰਦਾ, ਤਾਂ ਵੀ ਜਾਨ ਦੀ ਅਖੌਤੀ ਅੰਜੀਲ, ਜਾਨ ਦੇ ਪਤਰ, ਅਤੇ ਇਸ ਪੁਸਤਕ ਦੀ ਭਾਸ਼ਾ ਤੋਂ ਸਪਸ਼ਟ ਰੂਪ ਵਿਚ ਸਿਧ ਹੁੰਦਾ ਹੈ ਕਿ ਇਹਨਾਂ ਦੇ ਘਟੋ ਘਟ ਤਿੰਨ ਭਿੰਨ ਭਿੰਨ ਲੇਖਕ ਸਨ।

ਅਗੰਮ-ਗਿਆਨ ਦੀਆਂ ਲਗਭਗ ਸਾਰੀਆਂ ਅਗੰਮੀ ਸੁਰਤੀਆਂ, ਪੁਰਾਤਨ ਸਾਖ ਦੇ ਪ੍ਰਮਾਣੀਕ ਪੈਗ਼ੰਬਰਾਂ ਅਤੇ ਉਹਨਾਂ ਤੋਂ ਪਿਛੋਂ ਦੇ ਨਕਲਚੀਆਂ ਤੋਂ ਬਹੁਤੀਆਂ ਹਾਲਤਾਂ ਵਿਚ ਅੱਖਰ ਅੱਖਰ ਲਈਆਂ ਗਈਆਂ ਹਨ, ਜਿਨ੍ਹਾਂ ਵਿਚ ਡੈਨੀਅਲ ਦੀ ਪੁਸਤਕ ਤੋਂ ਆਰੰਭ ਕਰਕੇ (ਸਾਡੇ ਜੁਗ ਤੋਂ ਲਗਭਗ ੧੬੦ ਵਰ੍ਹੇ ਪਹਿਲਾਂ, ਅਤੇ ਜਿਸ ਵਿਚ ਸਦੀਆਂ ਪਹਿਲਾਂ ਵਾਪਰ ਚੁਕੀਆਂ ਘਟਨਾਵਾਂ ਦੀਆਂ ਭਵਿਖਬਾਣੀਆਂ ਕੀਤੀਆਂ ਗਈਆਂ ਹਨ) ਅਤੇ "ਹੇਨੋਖ ਦੀ ਪੁਸਤਕ" ਤੱਕ, ਜੋ ਯੂਨਾਨੀ ਵਿਚ

ਬੇਨੇਮੀਆਂ ਘਾੜਤਾਂ ਦੀ ਪੁਸਤਕ, ਹੈ ਜਿਹੜੀ ਈਸਵੀ ਸੰਨ ਦੇ ਆਰੰਭ ਤੋਂ ਕੁਝ ਹੀ ਪਹਿਲਾਂ ਲਿਖੀ ਗਈ, ਸਭ ਕੁਝ ਸ਼ਾਮਲ ਹੈ। ਮੌਲਿਕ ਰੂਪ, ਚੁਰਾਈਆਂ ਹੋਈਆਂ ਸੁਰਤੀਆਂ ਦਾ ਸਮੂਹੀਕਰਨ ਵੀ, ਬੇਹੱਦ ਕਮਜ਼ੋਰ ਹੈ। ਪ੍ਰੋਫੈਸਰ ਫਰਡੀਨਾਂਡ ਬੇਨਾਰੀ ਨੇ, ਜਿਸ ਦੇ ੧੮੪੧ ਵਿਚ ਬਰਲਿਨ ਯੂਨੀਵਰਸਿਟੀ ਵਿਚ ਦਿਤੇ ਲੈਕਚਰਾਂ ਦਾ ਮੈਂ ਨਿਮਨ-ਲਿਖਤ ਲਈ ਰਿਣੀ ਹਾਂ, ਪੂਰੇ ਸਬੂਤਾਂ ਨਾਲ ਸਿਧ ਕੀਤਾ ਹੈ ਕਿ ਸਾਡੇ ਲੇਖਕ ਨੇ ਆਪਣੀ ਇਕ ਇਕ ਕਥਿਤ ਸੁਰਤੀ ਕਿਥੋਂ ਹੁਦਾਰੀ ਲਈ ਹੈ। ਇਸ ਲਈ, ਉਸ ਦੀ ਹਰ ਮਨ ਮੌਜ ਵਿਚ ਇਸ "ਜਾਨ" ਦੇ ਪੂਰਨਿਆਂ ਤੇ ਚਲਣ ਦੀ ਲੋੜ ਨਹੀਂ। ਸਾਡੇ ਲਈ ਇਕ ਦਮ ਉਸ ਨੁਕਤੇ ਉਤੇ ਪੁਜਣਾ ਹੀ ਚੰਗੇਰੀ ਗੱਲ ਹੈ ਜਿਹੜਾ ਹਰ ਹਾਲਤ ਵਿਚ ਇਸ ਅਜੀਬ ਪੁਸਤਕ ਦੇ ਰਹੱਸ ਖੋਹਲਦਾ ਹੈ।

ਆਪਣੇ ਸਾਰੇ ਰੂੜ੍ਹੀਵਾਦੀ ਟਿਪਣੀਕਾਰਾਂ ਦੇ ਮੁਕੰਮਲ ਵਿਰੋਧ ਵਿਚ, ਜਿਹੜੇ ਸਾਰੇ ਆਸ ਕਰਦੇ ਹਨ ਕਿ ਉਸ ਦੀਆਂ ਭਵਿਖਬਾਣੀਆਂ ਹਾਲੇ ਵਾਪਰਨੀਆਂ ਹਨ, ੧੮੦੦ ਤੋਂ ਵਧ ਸਾਲਾਂ ਮਗਰੋਂ, "ਜਾਨ" ਇਹ ਕਹਿਣੋਂ ਨਹੀਂ ਹਟਦਾ,

"ਸਮਾਂ ਆਣ ਪੁਜਾ ਹੈ, ਇਹ ਸਭ ਕੁਝ ਛੇਤੀ ਹੀ ਵਾਪਰੇਗਾ।"

ਅਤੇ ਇਹ ਗੱਲ ਖਾਸ ਕਰਕੇ ਉਸ ਸੰਕਟ ਬਾਰੇ ਹੈ ਜਿਸ ਦੀ ਉਹ ਭਵਿਖਬਾਣੀ ਕਰਦਾ ਹੈ, ਅਤੇ ਜਿਸ ਨੂੰ ਪ੍ਰਤੱਖ ਰੂਪ ਵਿਚ ਦੇਖਣ ਦੀ ਉਹ ਆਸ ਰਖਦਾ ਹੈ।

ਇਹ ਸੰਕਟ ਈਸ਼ਵਰ ਅਤੇ "ਈਸਾ-ਵਿਰੋਧੀ" ਜਿਵੇਂ ਦੂਜਿਆਂ ਨੇ ਉਸ ਨੂੰ ਨਾਂ ਦਿਤਾ ਸੀ ਵਿਚਕਾਰ ਵੱਡੀ ਅੰਤਲੀ ਲੜਾਈ ਹੈ। ਨਿਰਣਾਇਕ ਅਧਿਆਇ ੧੩ ਅਤੇ ੧੭ ਹਨ। ਸਾਰੇ ਬੇਲੋੜੇ ਅਲੰਕਾਰਾਂ ਨੂੰ ਇਕ ਪਾਸੇ ਰਖਦਿਆਂ, "ਜਾਨ" ਸਮੁੰਦਰ ਵਿਚੋਂ ਉਠਦੇ ਇਕ ਦਰਿੰਦੇ ਦੀ ਗੱਲ ਕਰਦਾ ਹੈ ਜਿਸ ਦੇ ਸੱਤ ਸਿਰ ਅਤੇ ਦੱਸ ਸਿੰਗ ਹਨ (ਸਾਡਾ ਸਿੰਗਾਂ ਨਾਲ ਕੋਈ ਸਰੋਕਾਰ ਨਹੀਂ):

"ਅਤੇ ਮੈਂ ਦੇਖਿਆ ਉਸ ਦਾ ਇਕ ਸਿਰ ਫੱਟੜ ਸੀ, ਮਾਰੂ ਤੌਰ ਤੇ ਫੱਟੜ ਸੀ; ਅਤੇ ਉਸ ਦਾ ਮਾਰੂ ਫੱਟ ਰਾਜ਼ੀ ਹੋ ਗਿਆ।"

ਇਸ ਦਰਿੰਦੇ ਨੇ ਧਰਤੀ ਉਤੇ ਈਸ਼ਵਰ ਅਤੇ ਲੇਲੇ ਦੇ ਖਿਲਾਫ ਬਤਾਲੀ ਮਹੀਨੇ ਰਾਜ ਕਰਨਾ ਸੀ (ਪਵਿਤਰ ਸੱਤ ਵਰ੍ਹਿਆਂ ਦਾ ਅੱਧ) ਅਤੇ ਇਸ ਸਮੇਂ ਦੌਰਾਨ ਸਭਨਾਂ ਮਨੁਖਾਂ ਨੂੰ ਇਸ ਦਰਿੰਦੇ ਦਾ ਨਿਸ਼ਾਨ ਜਾਂ ਉਸ ਦੇ ਨਾਂ ਦਾ ਅੰਕ ਆਪਣੇ ਸੱਜੇ ਹੱਥ ਜਾਂ ਆਪਣੇ ਮੱਥੇ ਉਤੇ ਲਾਉਣ ਲਈ ਮਜਬੂਰ ਹੋਣਾ ਪੈਣਾ ਸੀ।

"ਇਹ ਹੈ ਅਕਲਮੰਦੀ, ਜਿਸ ਕਿਸੇ ਨੂੰ ਸਮਝ ਹੈ **ਉਹ ਉਸ ਦਰਿੰਦੇ ਦਾ ਅੰਕ ਗਿਣੇ; ਕਿਉਂਕਿ ਇਹ ਇਕ ਮਨੁਖ ਦਾ ਅੰਕ ਹੈ, ਅਤੇ ਉਸ ਦਾ ਅੰਕ ਹੈ ਛੇ ਸੌ, ਤਿੰਨ ਵੀਹਾਂ ਅਤੇ ਛੇ।**"

ਦੂਜੀ ਸਦੀ ਵਿਚ ਵੀ, ਇਰੇਨਾਈਅਸ ਨੂੰ ਪਤਾ ਸੀ ਕਿ ਜਿਹੜਾ ਸਿਰ ਫੱਟੜ ਤੇ ਰਾਜ਼ੀ ਹੋਇਆ ਸੀ, ਉਸ ਦਾ ਭਾਵ ਸ਼ਹਿਨਸ਼ਾਹ ਨੀਰੋ ਤੋਂ ਸੀ। ਉਹ ਈਸਾਈਆਂ ਉਤੇ ਜਬਰ ਕਰਨ ਵਾਲਿਆਂ ਵਿਚੋਂ ਸਭ ਤੋਂ ਪਹਿਲਾ ਤੇ ਵੱਡਾ ਸੀ। ਉਸ ਦੀ ਮੌਤ ਸਮੇਂ ਇਕ ਅਫਵਾਹ ਫੈਲੀ, ਖਾਸ ਕਰਕੇ ਅਕਾਇਆ ਅਤੇ ਏਸ਼ੀਆ ਵਿਚ, ਕਿ ਉਹ ਮਰਿਆ ਨਹੀਂ, ਸਗੋਂ ਕੇਵਲ ਫੱਟੜ ਹੋਇਆ ਸੀ, ਅਤੇ ਇਹ ਕਿ ਉਹ ਇਕ ਦਿਨ ਮੁੜ-ਪ੍ਰਗਟ ਹੋਵੇਗਾ ਅਤੇ ਸੰਸਾਰ ਭਰ ਵਿਚ ਦਹਿਸ਼ਤ ਫੈਲਾਏਗਾ (ਤੈਸੀਤਸ, "ਬ੍ਰਿਤਾਂਤ", VI, ੨੨)। ਇਸ ਦੇ ਨਾਲ ਹੀ ਇਰੇਨਾਈਅਸ ਨੂੰ ਇਕ ਹੋਰ ਬੜੇ ਪੁਰਾਤਨ ਪਾਠ ਦਾ ਪਤਾ ਸੀ, ਜਿਸ ਅਨੁਸਾਰ ਨਾਂ ਦਾ ਅੰਕ ੬੬੬ ਦੀ ਥਾਂ ੬੧੬ ਬਣਦਾ ਸੀ।

ਅਧਿਆਇ ੧੭ ਵਿਚ, ਸੱਤ ਸਿਰਾਂ ਵਾਲਾ ਦਰਿੰਦਾ ਇਕ ਵਾਰ ਫੇਰ ਪ੍ਰਗਟ ਹੁੰਦਾ ਹੈ; ਇਸ ਵਾਰ ਉਸ ਉਤੇ ਪ੍ਰਸਿਧ ਕਿਰਮਚੀ ਰੰਗ ਵਾਲੀ ਸੁਆਣੀ ਚੜ੍ਹੀ ਹੋਈ ਹੈ, ਜਿਸ ਦਾ ਛਬੀਲਾ ਵਰਣਨ ਪਾਠਕ ਖ਼ੁਦ ਪੁਸਤਕ ਵਿਚ ਦੇਖ ਸਕਦਾ ਹੈ। ਇਥੇ ਇਕ ਫਰਿਸ਼ਤਾ ਜਾਨ ਨੂੰ ਸਮਝਾਉਂਦਾ ਹੈ:

> "ਜਿਹੜਾ ਦਰਿੰਦਾ ਤੂੰ ਦੇਖਿਆ ਸੀ ਉਸ ਸੀ, ਅਤੇ ਹੈ ਨਹੀਂ।... ਸੱਤ ਸਿਰ ਸੱਤ ਪਹਾੜ ਹਨ ਜਿਨ੍ਹਾਂ ਉਤੇ ਉਹ ਇਸਤ੍ਰੀ ਬੈਠਦੀ ਹੈ; ਅਤੇ ਸੱਤ ਬਾਦਸ਼ਾਹ ਹਨ: **ਪੰਜ ਲੱਥ ਚੁਕੇ ਹਨ ਅਤੇ ਇਕ ਹੈ, ਅਤੇ ਇਕ ਅਜੇ ਆਇਆ ਨਹੀਂ**; ਅਤੇ ਜਦੋਂ ਉਹ ਆਵੇਗਾ, ਉਹ ਥੋੜ੍ਹਾ ਚਿਰ ਹੀ ਰਹੇਗਾ। ਅਤੇ ਉਹ ਦਰਿੰਦਾ ਜਿਹੜਾ ਸੀ, ਅਤੇ ਨਹੀਂ ਹੈ, **ਉਹ ਵੀ ਅਠਵਾਂ ਹੈ, ਅਤੇ ਸੱਤਾਂ ਵਿਚੋਂ ਹੈ।**... ਅਤੇ ਜਿਹੜੀ ਇਸਤ੍ਰੀ ਤੂੰ ਦੇਖੀ ਸੀ ਉਹ ਇਕ ਮਹਾਨ ਨਗਰ ਹੈ ਜਿਹੜਾ ਧਰਤੀ ਦੇ ਬਾਦਸ਼ਾਹਾਂ ਉਤੇ ਰਾਜ ਕਰਦਾ ਹੈ।"

ਇਥੇ, ਸਾਡੇ ਸਾਮ੍ਹਣੇ ਦੋ ਸਪਸ਼ਟ ਕਥਨ ਹਨ: (੧) ਕਿਰਮਚੀ ਰੰਗ ਵਾਲੀ ਸੁਆਣੀ ਰੋਮ ਹੈ, ਮਹਾਨ ਨਗਰ ਜੋ ਧਰਤੀ ਦੇ ਬਾਦਸ਼ਾਹਾਂ ਤੇ ਰਾਜ ਕਰਦਾ ਹੈ; (੨) ਜਿਸ ਵੇਲੇ ਇਹ ਪੁਸਤਕ ਲਿਖੀ ਗਈ ਛੇਵੇਂ ਰੋਮਨ ਸ਼ਹਿਨਸ਼ਾਹ ਦਾ ਰਾਜ ਹੈ; ਉਸ ਤੋਂ ਮਗਰੋਂ ਇਕ ਹੋਰ ਥੋੜ੍ਹੇ ਚਿਰ ਲਈ ਰਾਜ ਕਰਨ ਵਾਸਤੇ ਆਵੇਗਾ; ਅਤੇ ਫੇਰ ਉਸ ਦੀ ਵਾਪਸੀ ਹੋਵੇਗੀ ਜਿਹੜਾ "ਸੱਤਾਂ ਵਿਚੋਂ ਹੈ," ਜਿਹੜਾ ਫੱਟੜ ਹੋਇਆ ਸੀ ਪਰ ਰਾਜ਼ੀ ਹੋ ਗਿਆ ਸੀ, ਅਤੇ ਜਿਸ ਦਾ ਨਾਂ ਉਸ ਰਹੱਸਮਈ ਅੰਕ ਵਿਚ ਹੈ, ਅਤੇ ਇਰੇਨਾਈਅਸ ਜਿਸ ਨੂੰ ਨੀਰੋ ਸਮਝਦਾ ਸੀ।

ਆਗਸਟਸ ਤੋਂ ਗਿਣਦਿਆਂ, ਸਾਡੇ ਕੋਲ ਹਨ ਆਗਸਟਸ, ਤਿਬੇਰੀਅਸ, ਕਾਲੀਗੂਲਾ, ਕਲਾਊਦੀਅਸ, ਅਤੇ ਪੰਜਵਾਂ ਨੀਰੋ। ਛੇਵਾਂ, ਜੋ ਹੈ, ਗਾਲਬਾ ਹੈ, ਜਿਸ ਦਾ ਸਿੰਘਾਸਨ ਉਤੇ ਬਹਿਣਾ ਫ਼ੌਜਾਂ (legions) ਦੀ ਬਗ਼ਾਵਤ ਦਾ ਸੰਕੇਤ ਸੀ, ਖ਼ਾਸ ਕਰਕੇ ਗਾਲ ਵਿਚ, ਜਿਸ ਦੀ ਅਗਵਾਈ ਗਾਲਬਾ ਦੇ ਉਤਰ-ਅਧਿਕਾਰੀ ਓਥੋ ਨੇ ਕੀਤੀ। ਇਸ ਪ੍ਰਕਾਰ ਸਾਡੀ ਪੁਸਤਕ ਗਾਲਬਾ ਦੇ ਰਾਜ ਸਮੇਂ, ਜਿਸ ਨੇ ੯ ਜੂਨ ਸੰਨ ੬੮ ਤੋਂ ੧੫ ਜਨਵਰੀ ਸੰਨ ੬੯ ਤੱਕ ਰਾਜ ਕੀਤਾ, ਲਿਖੀ ਗਈ ਹੋਵੇਗੀ। ਅਤੇ ਇਹ ਨੀਰੋ ਦੀ ਛੇਤੀ ਹੀ ਵਾਪਸੀ ਦੀ ਭਵਿਖਬਾਣੀ ਕਰਦੀ ਹੈ।

ਪਰ ਹੁਣ ਆਖਰੀ ਸਬੂਤ — ਅੰਕ। ਫਰਡੀਨਾਂਡ ਬੇਨਾਰੀ ਨੇ ਇਸ ਨੂੰ ਵੀ ਲਭਿਆ ਹੈ, ਅਤੇ ਉਸ ਤੋਂ ਪਿਛੋਂ ਇਸ ਬਾਰੇ ਵਿਗਿਆਨਕ ਸੰਸਾਰ ਵਿਚ ਕਦੇ ਵਿਵਾਦ ਖੜਾ ਨਹੀਂ ਹੋਇਆ।

ਲਗਭਗ ੩੦੦ ਸਾਲ ਪੂਰਬ-ਈਸਾ ਤੋਂ ਯਹੂਦੀਆਂ ਨੇ ਆਪਣੇ ਅਖਰਾਂ ਨੂੰ ਅੰਕਾਂ ਲਈ ਪ੍ਰਤੀਕਾਂ ਵਜੋਂ ਵਰਤਣਾ ਸ਼ੁਰੂ ਕਰ ਦਿਤਾ ਸੀ। ਕਿਆਸ ਕਰਨ ਵਾਲੇ ਯਹੂਦੀ ਰੱਬੀਆਂ * ਨੇ ਇਸ ਨੂੰ ਰਹੱਸਮਈ ਵਿਆਖਿਆਵਾਂ ਜਾਂ 'ਕਬਾਲਾ' ਲਈ ਇਕ ਨਵੀਂ ਵਿਧੀ ਸਮਝਿਆ। ਗੁਪਤ ਸ਼ਬਦਾਂ ਨੂੰ ਉਸ ਸੰਖਿਆ ਨਾਲ ਪ੍ਰਗਟ ਕੀਤਾ ਜਾਂਦਾ ਜਿਹੜੀ ਉਹਨਾਂ ਸ਼ਬਦਾਂ ਦੇ ਅੱਖਰਾਂ ਦੀਆਂ ਗਿਣਤੀ ਵਾਲੀਆਂ ਰਕਮਾਂ ਜੋੜਕੇ ਕੱਢੀ ਜਾਂਦੀ ਸੀ। ਇਸ ਨਵੇਂ ਵਿਗਿਆਨ ਨੂੰ ਉਹਨਾਂ ਨੇ gematriah, (ਰੇਖਾ-ਗਣਤ) ਦਾ ਨਾਂ ਦਿਤਾ। ਇਸ ਪੁਸਤਕ ਵਿਚ ਸਾਡਾ "ਜਾਨ" ਇਸ ਵਿਗਿਆਨ ਦੀ ਵਰਤੋਂ ਕਰਦਾ ਹੈ। ਅਸੀਂ ਸਾਬਤ ਕਰਨਾ ਹੈ (੧) ਕਿ ਇਸ ਅੰਕ ਵਿਚ ਮਨੁਖ ਦਾ ਨਾਂ ਹੈ, ਅਤੇ ਕਿ ਮਨੁਖ ਨੀਰੋ ਹੈ; ਅਤੇ (੨) ਕਿ ਦਿਤਾ ਗਿਆ ਹੱਲ ਜਿੰਨਾ ੬੬੬ ਦੇ ਪਾਠ ਤੇ ਲਾਗੂ ਹੈ ਓਨਾ ਹੀ ਪੁਰਾਣੇ ਪਾਠ ੬੧੬ ਉਤੇ ਵੀ। ਅਸੀਂ ਇਬਰਾਨੀ ਦੇ ਅੱਖਰ ਅਤੇ ਉਹਨਾਂ ਦੀਆਂ ਰਕਮਾਂ ਨੂੰ ਲੈਂਦੇ ਹਾਂ:

| | | | | | |
|---|---|---|---|---|---|
| נ (ਨੂਨ) | ਨ | = ੫੦ | ק (ਕੋਫ) | ਕ | = ੧੦੦ |
| ר (ਰੇਸ਼) | ਰ | = ੨੦੦ | ס (ਸਮੇਖ) | ਸ | = ੬੦ |
| ו (ਵਾਓ) | ਓ ਵਾਂਗ | = ੬ | ר (ਰੇਸ਼) | ਰ | = ੨੦੦ |
| נ (ਨੂਨ) | ਨ | = ੫੦ | | | |

ਨੀਰੋ ਕੈਸਰ, ਸ਼ਹਿਨਸ਼ਾਹ ਨੀਰੋ, ਯੂਨਾਨੀ Nêron Kaisar। ਹੁਣ, ਜੇ ਯੂਨਾਨੀ ਸ਼ਬਦ ਜੋੜਾਂ ਦੀ ਥਾਂ, ਅਸੀਂ ਲਾਤੀਨੀ Nero Caesar ਨੂੰ ਇਬਰਾਨੀ ਅਖਰਾਂ ਵਿਚ ਬਦਲੀਏ, ਤਾਂ ਨੀਰੋਨ ਦੇ ਅਖੀਰਲਾ "ਨੂਨ" ਲੋਪ ਹੋ ਜਾਂਦਾ ਹੈ,

---

* ਯਹੂਦੀ ਪਾਦਰੀ। — **ਅਨੁ:**

14*

ਅਤੇ ਇਸ ਦੇ ਨਾਲ ਹੀ ਇਹਦੀ ਪੰਜਾਹ ਦੀ ਰਕਮ। ਇਸ ਪ੍ਰਕਾਰ ਅਸੀਂ ਦੂਜੀ ਪੁਰਾਣੀ ਗਿਣਤੀ ੬੧੬ ਤੱਕ ਪਹੁੰਚ ਜਾਂਦੇ ਹਾਂ, ਅਤੇ ਇਉਂ ਸਬੂਤ ਉਨਾ ਹੀ ਪਰੀਪੂਰਨ ਹੈ ਜਿੱਨੇ ਦੀ ਇੱਛਾ ਕੀਤੀ ਜਾ ਸਕਦੀ ਹੈ।*

ਸੋ ਰਹੱਸਮਈ ਪੁਸਤਕ ਹੁਣ ਬਿਲਕੁਲ ਸਪਸ਼ਟ ਹੈ। "ਜਾਨ" ਸੰਨ ੭੦ ਦੇ ਨੇੜੇ ਨੀਰੋ ਦੀ ਵਾਪਸੀ ਦੀ ਭਵਿਖਬਾਣੀ ਕਰਦਾ ਹੈ, ਅਤੇ ਉਸ ਦੇ ਅਧੀਨ ਦਹਿਸ਼ਤ ਦੇ ਰਾਜ ਦੀ ਜਿਹੜਾ ਬਤਾਲੀ ਮਹੀਨੇ ਜਾਂ ੧,੨੬੦ ਦਿਨ ਚਲੇਗਾ। ਇਸ ਤੋਂ ਮਗਰੋਂ ਈਸ਼ਵਰ ਪ੍ਰਗਟ ਹੁੰਦਾ ਹੈ, ਨੀਰੋ, ਈਸਾਈ-ਵਿਰੋਧੀ, ਨੂੰ ਹਰਾਉਂਦਾ ਹੈ, ਮਹਾਨ ਨਗਰ ਨੂੰ ਅੱਗ ਲਾਕੇ ਬਰਬਾਦ ਕਰਦਾ ਹੈ, ਅਤੇ ਇਕ ਹਜ਼ਾਰ ਸਾਲ ਲਈ ਸ਼ੈਤਾਨ ਨੂੰ ਬੰਨ੍ਹ ਲੈਂਦਾ ਹੈ। ਸਹੰਸਰ ਸਾਲ ਦਾ ਸਵਰਨ ਕਾਲ ਆਰੰਭ ਹੁੰਦਾ ਹੈ, ਇਤਿਆਦਿ। ਇਸ ਸਭ ਕੁਝ ਵਿਚੋਂ ਹੁਣ ਸਾਰੀ ਦਿਲਚਸਪੀ ਜਾਂਦੀ ਰਹੀ ਹੈ, ਸਿਵਾਏ ਅਗਿਆਨੀ ਲੋਕਾਂ ਦੇ ਜਿਹੜੇ ਹਾਲੇ ਵੀ ਪ੍ਰਲੋ ਦੇ ਦਿਨ ਦਾ ਹਿਸਾਬ ਕਿਤਾਬ ਲਾ ਸਕਦੇ ਹਨ। ਪਰ ਲਗਭਗ ਅਦਿ-ਕਾਲੀਨ ਈਸਾਈਅਤ ਦੀ ਇਕ ਪ੍ਰਮਾਣੀਕ ਤਸਵੀਰ ਵਜੋਂ, ਜਿਹੜੀ ਉਹਨਾਂ ਵਿਚੋਂ ਹੀ ਇਕ ਨੇ ਉਲੀਕੀ, ਇਸ ਪੁਸਤਕ ਦਾ ਬਾਕੀ ਸਾਰੀ ਨਵੀਂ ਸਾਖ ਨਾਲੋਂ ਵਧੇਰੇ ਮੁਲ ਹੈ।

ਰਸਾਲੇ "Progress" ਸੈਂਚੀ II, ਅਗਸਤ ੧੮੮੩ ਵਿਚ ਲਿਖਿਆ ਗਿਆ

ਮੂਲ ਪਾਠ ਅਗ੍ਰੇਜ਼ੀ ਵਿਚ ਹੈ

---

*ਨਾਂ ਦੇ ਇਹ ਸ਼ਬਦ ਜੋੜ, ਦੂਜੇ "ਨੂਨ" ਦੇ ਸਮੇਤ ਅਤੇ ਇਸ ਤੋਂ ਬਿਨਾਂ, ਉਹੀ ਹਨ ਜਿਹੜੇ ਤਾਲਮੂਦ (ਯਹੂਦੀ ਕਾਨੂੰਨ ਅਤੇ ਪਰੰਪਰਾ ਦਾ ਸੰਗ੍ਰਹਿ। —**ਅਨੁ:**) ਵਿਚ ਹਨ, ਅਤੇ ਇਸ ਲਈ ਪ੍ਰਮਾਣੀਕ ਹਨ।

ਫ਼ਰੈਡਰਿਕ ਏਂਗਲਜ਼

# ਲੁਡਵਿਗ ਫ਼ਿਊਰਬਾਖ਼ ਅਤੇ ਕਲਾਸੀਕੀ ਜਰਮਨ ਦਰਸ਼ਨ ਦਾ ਅੰਤ

## I

ਸਾਡੇ ਸਾਹਮਣੇ ਪਈ ਪੁਸਤਕ * ਸਾਨੂੰ ਉਸ ਸਮੇਂ ਵੱਲ ਲੈ ਜਾਂਦੀ ਹੈ ਜਿਸਨੂੰ ਸਮੇਂ ਦੇ ਹਿਸਾਬ ਤਾਂ ਅਜੇ ਇਕ ਪੀੜ੍ਹੀ ਤੋਂ ਵਧ ਨਹੀਂ ਹੋਇਆ ਪਰ ਜਿਹੜਾ ਜਰਮਨੀ ਵਿਚ ਅਜੋਕੀ ਪੀੜ੍ਹੀ ਨੂੰ ਇੱਨਾ ਓਪਰਾ ਜਾਪਦਾ ਹੈ ਜਿਵੇਂ ਇਹ ਹੁਣੇ ਹੀ ਸੌ ਵਰ੍ਹੇ ਪਹਿਲਾਂ ਦਾ ਸਮਾਂ ਹੋਵੇ। ਪਰ ਇਹਦੇ ਬਾਵਜੂਦ ਇਹ ਜਰਮਨੀ ਵਿਚ ੧੮੪੮ ਦੇ ਇਨਕਲਾਬ ਦੀ ਤਿਆਰੀ ਦਾ ਸਮਾਂ ਸੀ; ਅਤੇ ਉਸ ਤੋਂ ਪਿਛੋਂ ਸਾਡੇ ਦੇਸ ਵਿਚ ਜੋ ਕੁਝ ਵਾਪਰਿਆ ਹੈ ਉਹ ੧੮੪੮ ਦਾ ਸਿਲਸਿਲਾ ਹੀ ਹੈ, ਇਨਕਲਾਬ ਦੀ ਅਖ਼ੀਰੀ ਵਸੀਅਤ ਅਤੇ ਇਛਾ ਦੀ ਪੂਰਤੀ ਹੀ ਹੈ।

ਜਿਵੇਂ ਫ਼ਰਾਂਸ ਵਿਚ ਅਠਾਰ੍ਹਵੀਂ ਸਦੀ ਵਿਚ ਹੋਇਆ, ਉਸੇ ਤਰ੍ਹਾਂ ਉਨ੍ਹੀਵੀਂ ਸਦੀ ਵਿਚ ਜਰਮਨੀ ਵਿਚ ਇਕ ਦਾਰਸ਼ਨਿਕ ਇਨਕਲਾਬ ਨੇ ਰਾਜਸੀ ਕਾਇਆ-ਪਲਟ ਲੈ ਆਂਦੀ। ਪਰ ਦੋਵੇਂ ਕਿੰਨੇ ਵਖ ਵਖ ਜਾਪਦੇ ਸਨ! ਫ਼ਰਾਂਸੀਸੀ ਸਾਰੇ ਸਰਕਾਰੀ ਵਿਗਿਆਨ ਵਿਰੁਧ, ਸਥਾਪਤ ਧਰਮ ਵਿਰੁਧ ਅਤੇ ਅਕਸਰ ਰਾਜ ਵਿਰੁਧ ਖੁਲ੍ਹਮ-ਖੁਲ੍ਹਾ ਲੜ ਰਹੇ ਸਨ; ਉਹਨਾਂ ਦੀਆਂ ਲਿਖਤਾਂ ਸਰਹਦੋਂ ਪਾਰ ਹਾਲੈਂਡ ਜਾਂ ਇੰਗਲੈਂਡ ਵਿਚ ਛਪਦੀਆਂ, ਅਤੇ ਖ਼ੁਦ ਉਹਨਾਂ ਨੂੰ ਅਕਸਰ ਬੈਸਟਾਈਲ ਵਿਚ ਕੈਦ ਕਰ ਦਿਤੇ ਜਾਣ ਦਾ ਖ਼ਤਰਾ ਰਹਿੰਦਾ। ਦੂਜੇ ਹਥ ਜਰਮਨ ਪ੍ਰੋਫ਼ੈਸਰ ਸਨ, ਰਾਜ ਵਲੋਂ ਥਾਪੇ ਜਵਾਨਾਂ ਦੇ ਸਿਖਿਅਕ; ਉਹਨਾਂ ਦੀਆਂ ਲਿਖਤਾਂ ਪ੍ਰਵਾਣਤ ਪਾਠ-ਪੁਸਤਕਾਂ ਸਨ ਅਤੇ ਸਾਰੇ ਦਰਸ਼ਨ ਦੇ ਵਿਕਾਸ ਦੀ ਅੰਤਮ ਪ੍ਰਣਾਲੀ—ਹੀਗਲਵਾਦੀ ਪ੍ਰਣਾਲੀ—ਨੂੰ, ਇਕ ਤਰ੍ਹਾਂ, ਰਾਜ ਦੇ ਸ਼ਾਹੀ ਪਰੂਸ਼ੀਆਈ ਦਰਸ਼ਨ ਤੱਕ ਚੁਕ ਦਿਤਾ ਗਿਆ! ਕੀ ਇਹ ਸੰਭਵ ਸੀ ਕਿ ਇਨਕਲਾਬ ਉਹਨਾਂ ਪ੍ਰੋਫ਼ੈਸਰਾਂ ਪਿਛੇ, ਉਹਨਾਂ ਦੇ ਅਸਪਸ਼ਟ, ਪੰਡਤਾਊ ਵਾਕੰਸ਼ਾਂ ਪਿਛੇ, ਉਹਨਾਂ ਦੇ ਬੋਝਲ, ਅਕਾਊ ਵਾਕਾਂ ਪਿਛੇ, ਲੁਕ ਸਕਦਾ? ਕੀ ਐਨ ਉਹੋ ਲੋਕ,

---

* "Ludwig Feuerbach", von C. N. Starcke, Dr. phil., Stuttgart, Ferd. Encke, 1885 ["ਲੁਡਵਿਗ ਫ਼ਿਊਰਬਾਖ਼", ਲੇਖਕ ਕ. ਨ. ਸ਼ਟਾਰਕੇ, ਪੀ ਅਚ. ਡੀ., ਸ਼ਟੁਟਗਾਰਟ, ਫ਼ਰਡ. ਏਨਕੇ, ੧੮੮੫]।

ਉਦਾਰਪੰਥੀ, ਜਿਨ੍ਹਾਂ ਨੂੰ ਇਨਕਲਾਬ ਦੇ ਪ੍ਰਤਿਨਿਧ ਸਮਝਿਆ ਜਾਂਦਾ ਸੀ, ਦਿਮਾਗ-ਭੁਚਲਾਊ ਦਰਸ਼ਨ ਦੇ ਸਭ ਤੋਂ ਕਟੜ ਵਿਰੋਧੀ ਨਹੀਂ ਸਨ? ਪਰ ਜੋ ਗੱਲ ਨਾ ਹੀ ਉਦਾਰਪੰਥੀ ਅਤੇ ਨਾ ਹੀ ਹਕੂਮਤ ਵੇਖ ਸਕੀ ਉਹ ੧੮੩੩ ਵਿਚ ਹੀ ਘਟੋ ਘਟ ਇਕ ਬੰਦੇ ਨੇ ਵੇਖ ਲਈ ਸੀ ਅਤੇ ਇਹ ਬੰਦਾ ਹਾਈਨਰਿਖ਼ ਹਾਈਨੇ ਤੋਂ ਬਿਨਾਂ ਹੋਰ ਕੋਈ ਨਹੀਂ ਸੀ।

ਆਓ ਅਸੀਂ ਇਕ ਮਿਸਾਲ ਲਈਏ। ਕਿਸੇ ਹੋਰ ਦਾਰਸ਼ਨਿਕ ਮਸਲੇ ਨੇ ਤੰਗ-ਨਜ਼ਰ ਹਕੂਮਤਾਂ ਦਾ ਇੱਨਾ ਧੰਨਵਾਦ ਨਹੀਂ ਖਟਿਆ ਅਤੇ ਉੱਨੇ ਹੀ ਤੰਗ-ਨਜ਼ਰ ਉਦਾਰਪੰਥੀਆਂ ਦਾ ਗ਼ੁਸਾ ਨਹੀਂ ਖਟਿਆ, ਜਿੰਨਾਂ ਹੀਗਲ ਦੇ ਇਸ ਬਿਆਨ ਨੇ:

> "ਜੋ ਕੁਝ ਯਥਾਰਥਕ ਹੈ ਉਹ ਤਰਕਸ਼ੀਲ ਹੈ ਅਤੇ ਜੋ ਕੁਝ ਤਰਕਸ਼ੀਲ ਹੈ ਉਹ ਯਥਾਰਥਕ ਹੈ।"

ਇਹ ਸਥੂਲ ਤੌਰ ਤੇ ਵਰਤਮਾਨ ਗੱਲਾਂ ਨੂੰ ਪਵਿਤਰਾਉਣਾ ਸੀ, ਅਪਹੁਦਰੇਸ਼ਾਹੀ, ਪੁਲਸੀ ਹਕੂਮਤ, ਮਨ-ਮਰਜ਼ੀ ਦਾ ਫ਼ੈਸਲਾ ਕਰਨ ਵਾਲੀਆਂ ਅਦਾਲਤਾਂ ਅਤੇ ਸੈਂਸਰ ਪ੍ਰਬੰਧ ਨੂੰ ਦਿਤੀ ਦਾਰਸ਼ਨਿਕ ਅਸੀਸ ਸੀ। ਫ਼ਰੀਡਰਿਖ਼ ਵਿਲਹੈਲਮ ਤੀਜੇ ਨੇ ਇਸਦੇ ਇਹੋ ਅਰਥ ਲਏ; ਅਤੇ ਉਹਦੀ ਪਰਜਾ ਨੇ ਵੀ। ਪਰ ਹੀਗਲ ਅਨੁਸਾਰ ਹਰ ਉਹ ਸ਼ੈ ਜਿਸਦੀ ਹੋਂਦ ਹੈ ਹੋਰ ਸ਼ਰਤ ਤੋਂ ਬਿਨਾਂ ਯਥਾਰਥਕ ਨਹੀਂ। ਕਿਉਂਕਿ ਹੀਗਲ ਅਨੁਸਾਰ ਯਥਾਰਥਕ ਹੋਣ ਦੀ ਸਿਫ਼ਤ ਕੇਵਲ ਉਸ ਵਿਚ ਹੈ ਜੋ ਲੋੜੀਂਦਾ ਵੀ ਹੈ:

> "ਆਪਣੇ ਵਿਕਾਸ ਦੇ ਦੌਰਾਨ ਯਥਾਰਥ ਲੋੜ ਸਾਬਤ ਹੁੰਦਾ ਹੈ।"

ਇਸ ਲਈ ਉਹਦੇ ਲਈ ਕੋਈ ਵਿਸ਼ੇਸ਼ ਹਕੂਮਤੀ ਕਦਮ ਸ਼ਰਤਾਂ ਤੋਂ ਬਿਨਾਂ ਯਥਾਰਥਕ ਨਹੀਂ—ਹੀਗਲ ਆਪ "ਇਕ ਵਿਸ਼ੇਸ਼ ਟੈਕਸ ਕਾਨੂੰਨ" ਦੀ ਮਿਸਾਲ ਦੇਂਦਾ ਹੈ। ਪਰ ਜੋ ਕੁਝ ਲੋੜੀਂਦਾ ਹੈ ਉਹ ਅੰਤ ਆਪਣੇ ਆਪ ਨੂੰ ਤਰਕਸ਼ੀਲ ਵੀ ਸਾਬਤ ਕਰਦਾ ਹੈ; ਅਤੇ ਜਦੋਂ ਇਹਨੂੰ ਉਸ ਸਮੇਂ ਦੇ ਪਰੂਸ਼ੀਆਈ ਰਾਜ ਉਤੇ ਲਾਗੂ ਕੀਤਾ ਜਾਂਦਾ ਹੈ ਤਾਂ ਹੀਗਲ ਦੇ ਮਸਲੇ ਦੇ ਅਸਲੀ ਅਰਥ ਹੁੰਦੇ ਹਨ: ਜਿਥੋਂ ਤੱਕ ਇਹ ਲੋੜੀਂਦਾ ਹੈ ਉਥੋਂ ਤੱਕ ਇਹ ਰਾਜ ਤਰਕਸ਼ੀਲ ਹੈ, ਤਰਕ ਨਾਲ ਮੇਲ ਖਾਂਦਾ ਹੈ; ਅਤੇ ਜੇ ਇਹ ਸਾਨੂੰ ਭੈੜਾ ਜਾਪਦਾ ਹੈ, ਪਰ ਇਹਦੇ ਬਾਵਜੂਦ, ਆਪਣੇ ਮਾੜੇ ਖ਼ਾਸੇ ਦੇ ਹੁੰਦਿਆਂ ਵੀ ਇਹਦੀ ਹੋਂਦ ਕਾਇਮ ਰਹਿੰਦੀ ਹੈ ਤਾਂ ਇਹਦੀ ਪਰਜਾ ਦਾ ਅਨੁਸਾਰੀ ਭੈੜਾ ਖ਼ਾਸਾ ਹਕੂਮਤ ਦੇ ਭੈੜੇ ਖ਼ਾਸੇ ਨੂੰ ਹੱਕੀ ਠਹਿਰਾਉਂਦਾ ਅਤੇ ਇਹਦੀ ਵਿਆਖਿਆ ਕਰਦਾ ਹੈ। ਉਸ ਸਮੇਂ ਦੇ ਪਰੂਸ਼ੀਆ ਦੇ ਵਸਨੀਕਾਂ ਨੂੰ ਉਹੋ ਜਿਹੀ ਹਕੂਮਤ ਪ੍ਰਾਪਤ ਸੀ ਜਿਸਦੇ ਉਹ ਹਕਦਾਰ ਸਨ।

ਪਰ ਹੁਣ, ਹੀਗਲ ਅਨੁਸਾਰ, ਯਥਾਰਥ ਕਿਸੇ ਵੀ ਤਰ੍ਹਾਂ ਅਜਿਹੀ ਸਿਫ਼ਤ ਨਹੀਂ

ਜਿਸਨੂੰ ਕਿਸੇ ਖ਼ਾਸ ਸਮਾਜੀ ਜਾਂ ਰਾਜਸੀ ਪ੍ਰਸਥਿਤੀ ਵਿਚ, ਸਭਨਾਂ ਹਾਲਾਤ ਵਿਚ ਅਤੇ ਸਭਨਾਂ ਸਮਿਆਂ ਤੇ ਅਗਾਊਂ ਦਸਿਆ ਜਾ ਸਕੇ। ਮਸਲਾ ਇਹਦੇ ਉਲਟ ਹੈ। ਰੋਮ ਦੀ ਜਮਹੂਰੀਅਤ ਯਥਾਰਥਕ ਸੀ ਪਰ ਇਹਦਾ ਤਖ਼ਤਾ ਉਲਟਣ ਵਾਲੀ ਰੋਮ ਦੀ ਸ਼ਹਿਨਸ਼ਾਹੀ ਵੀ ਉਸੇ ਤਰ੍ਹਾਂ ਯਥਾਰਥਕ ਸੀ। ੧੭੮੯ ਵਿਚ ਫ਼ਰਾਂਸੀਸੀ ਬਾਦਸ਼ਾਹੀ ਇੱਨੀ ਅਣਯਥਾਰਥਕ ਬਣ ਚੁਕੀ ਸੀ, ਅਰਥਾਤ ਇਹ ਲੋੜ ਤੋਂ ਇੱਨੀ ਵਿਰਵੀ ਹੋ ਚੁਕੀ ਸੀ, ਇੱਨੀ ਅਤਰਕਸ਼ੀਲ ਬਣ ਗਈ ਸੀ ਕਿ ਮਹਾਨ ਇਨਕਲਾਬ ਲਈ, ਜਿਸ ਬਾਰੇ ਹੀਗਲ ਸਦਾ ਅਤਿ-ਅੰਤ ਉਤਸ਼ਾਹ ਨਾਲ ਗੱਲ ਕਰਦਾ ਹੈ, ਇਹਨੂੰ ਤਬਾਹ ਕਰਨਾ ਲਾਜ਼ਮੀ ਸੀ। ਇਸ ਲਈ, ਇਸ ਹਾਲਤ ਵਿਚ ਬਾਦਸ਼ਾਹੀ ਅਣਯਥਾਰਥਕ ਸੀ ਅਤੇ ਇਨਕਲਾਬ ਯਥਾਰਥਕ। ਅਤੇ ਇਉਂ, ਵਿਕਾਸ ਦੇ ਦੌਰਾਨ, ਜੋ ਕੁਝ ਵੀ ਪਹਿਲਾਂ ਯਥਾਰਥਕ ਸੀ, ਉਹ ਅਣਯਥਾਰਥਕ ਬਣ ਜਾਂਦਾ ਹੈ, ਆਪਣੀ ਲੜ, ਆਪਣੀ ਹੋਂਦ ਦਾ ਹੱਕ, ਆਪਣੀ ਤਰਕਸ਼ੀਲਤਾ ਗੁਆ ਬਹਿੰਦਾ ਹੈ। ਅਤੇ ਮਰਨ-ਮਰਾਂਦ ਯਥਾਰਥ ਦੀ ਥਾਂ ਇਕ ਨਵਾਂ, ਜਿਊਣ-ਜੋਗਾ ਯਥਾਰਥ ਆ ਜਾਂਦਾ ਹੈ—ਜੇ ਪੁਰਾਣੇ ਵਿਚ ਘੋਲ ਤੋਂ ਬਿਨਾਂ ਆਪਣੀ ਮੌਤ ਵੱਲ ਚਲੇ ਜਾਣ ਦੀ ਅਕਲ ਹੋਵੇ ਤਾਂ ਅਮਨ ਨਾਲ; ਜੇ ਇਹ ਨਵੇਂ ਦਾ ਵਿਰੋਧ ਕਰੇ ਤਾਂ ਤਾਕਤ ਨਾਲ। ਸੋ ਹੀਗਲ ਦਾ ਇਹ ਮਸਲਾ ਹੀਗਲਵਾਦੀ ਦਵੰਦਵਾਦ ਰਾਹੀਂ ਹੀ ਇਹਦੇ ਵਿਰੋਧ ਵਿਚ ਤਬਦੀਲ ਹੋ ਜਾਂਦਾ ਹੈ: ਮਨੁਖੀ ਇਤਿਹਾਸ ਦੇ ਖੇਤਰ ਵਿਚ ਜੋ ਕੁਝ ਯਥਾਰਥਕ ਹੈ ਉਹ ਸਮੇਂ ਦੇ ਲੰਘਣ ਨਾਲ ਅਤਰਕਸ਼ੀਲ ਬਣ ਜਾਂਦਾ ਹੈ, ਅਤੇ ਇਸੇ ਲਈ ਐਨ ਆਪਣੀ ਹੋਣੀ ਕਾਰਨ ਅਤਰਕਸ਼ੀਲ ਹੈ, ਪਹਿਲਾਂ ਤੋਂ ਹੀ ਅਤਰਕਸ਼ੀਲਤਾ ਨਾਲ ਭਿਟਿਆ ਹੋਇਆ ਹੈ; ਅਤੇ ਹਰ ਉਹ ਗੱਲ ਜਿਹੜੀ ਮਨੁਖਾਂ ਦੇ ਮਨਾਂ ਵਿਚ ਤਰਕਸ਼ੀਲ ਹੈ, ਭਾਵੇਂ ਉਹ ਵਿਦਮਾਨ ਜਾਪਦੇ ਯਥਾਰਥ ਦਾ ਵਿਰੋਧ ਕਿਉਂ ਨਾ ਕਰੇ, ਜ਼ਰੂਰ ਹੀ ਯਥਾਰਥਕ ਬਣੇਗੀ। ਹੀਗਲਵਾਦੀ ਸੋਚ ਦੇ ਢੰਗ ਦੇ ਨਿਯਮਾਂ ਅਨੁਸਾਰ ਹਰ ਉਸ ਸ਼ੈ ਦੀ ਜੋ ਯਥਾਰਥਕ ਹੈ ਤਰਕਸ਼ੀਲਤਾ ਸੰਬੰਧੀ ਮਸਲਾ ਆਪਣੇ ਆਪ ਨੂੰ ਦੂਜੇ ਮਸਲੇ ਵਿਚ ਤਬਦੀਲ ਕਰ ਲੈਂਦਾ ਹੈ: ਹਰ ਵਿਦਮਾਨ ਵਸਤ ਤਬਾਹ ਹੋਣ ਦੇ ਯੋਗ ਹੈ। *

ਪਰ ਐਨ ਇਸੇ ਵਿਚ ਹੀਗਲਵਾਦੀ ਦਰਸ਼ਨ ਦੀ ਸੱਚੀ ਮਹੱਤਤਾ ਅਤੇ ਇਨਕਲਾਬੀ ਖ਼ਾਸਾ ਹੈ (ਜਿਸ ਤੱਕ, ਇਥੇ ਕਾਂਟ ਤੋਂ ਪਿਛੋਂ ਪੂਰੀ ਲਹਿਰ ਦੇ ਅੰਤ ਵਜੋਂ ਸਾਨੂੰ ਆਪਣੇ ਆਪ ਨੂੰ ਸੀਮਤ ਰਖਣਾ ਪਵੇਗਾ) ਕਿ ਇਹਨੇ ਮਨੁਖੀ ਵਿਚਾਰ ਅਤੇ ਅਮਲ ਦੀਆਂ ਸਭਨਾਂ ਉਪਜਾਂ ਦੀ ਅੰਤਿਮਤਾ ਉਤੇ ਸਦਾ ਸਦਾ ਲਈ ਮਾਰੂ ਵਾਰ ਕੀਤਾ। ਸੱਚ, ਜਿਸਦਾ ਬੋਧ ਦਰਸ਼ਨ ਦਾ ਕੰਮ ਹੈ, ਹੀਗਲ ਦੇ ਹਥਾਂ ਵਿਚ ਪੂਰੀ

---

* ਗੋਇਥੇ ਦੇ "ਫ਼ਾਊਸਟ", ਭਾਗ I, ਦ੍ਰਿਸ਼ ੩ (ਫ਼ਾਊਸਟ ਦਾ ਪੜ੍ਹਨ ਕਮਰਾ) ਵਿਚੋਂ ਮੈਫ਼ਿਸਟਾਫ਼ਲੀਜ਼ ਦੇ ਸ਼ਬਦਾਂ ਦਾ ਭਾਵ-ਅਰਥ।—**ਸੰਪਾ:**

ਤਰ੍ਹਾਂ ਤਿਆਰ ਅਣਬਦਲਵੇਂ ਮੱਤਾਂ ਦਾ ਸਮੂਹ ਨਹੀਂ ਸੀ ਰਿਹਾ, ਜਿਹੜੇ ਇਕ ਵਾਰ ਲਭੇ ਜਾਣ ਪਿਛੋਂ ਬਸ ਰੱਟ ਲਏ ਜਾਣੇ ਸਨ। ਸੱਚ ਹੁਣ ਖ਼ੁਦ ਬੋਧ ਦੇ ਅਮਲ ਵਿਚ, ਵਿਗਿਆਨ ਦੇ ਲੰਮੇ ਇਤਿਹਾਸਕ ਵਿਕਾਸ ਵਿਚ ਸੀ, ਜਿਹੜਾ ਅਖੌਤੀ ਨਿਹਕੇਵਲ ਸੱਚ ਨੂੰ ਢੂੰਡ ਕੇ ਇਕ ਅਜਿਹੇ ਪੜਾਅ ਉਤੇ, ਜਿਥੋਂ ਇਹ ਹੋਰ ਅਗੇ ਨਹੀਂ ਜਾ ਸਕਦਾ, ਜਿਥੇ ਇਹਨੇ ਇਸ ਤੋਂ ਬਿਨਾਂ ਹੋਰ ਕੁਝ ਨਹੀਂ ਸੀ ਕਰਨਾ ਕਿ ਹਥ ਜੋੜ ਕੇ ਬਸ ਨਿਹਕੇਵਲ ਸੱਚ ਨੂੰ ਵੇਖੀ ਜਾਵੇ, ਅਪੜੇ ਬਿਨਾਂ, ਗਿਆਨ ਦੀਆਂ ਨੀਵੀਆਂ ਪਧਰਾਂ ਤੋਂ ਉਚੇਰੀਆਂ ਵੱਲ ਵਧਦਾ ਹੈ। ਅਤੇ ਜਿਹੜੀ ਗੱਲ ਦਾਰਸ਼ਨਿਕ ਗਿਆਨ ਦੇ ਖੇਤਰ ਲਈ ਠੀਕ ਹੈ ਉਹ ਹੋਰ ਹਰ ਤਰ੍ਹਾਂ ਦੇ ਗਿਆਨ ਅਤੇ ਵਿਹਾਰਕ ਅਮਲ ਲਈ ਵੀ ਠੀਕ ਹੈ। ਐਨ ਉਸੇ ਤਰ੍ਹਾਂ ਜਿਵੇਂ ਗਿਆਨ ਮਨੁਖਜਾਤੀ ਦੀ ਪੂਰਨ, ਆਦਰਸ਼ ਪ੍ਰਸਥਿਤੀ ਵਿਚ ਮੁਕੰਮਲ ਸਿੱਟੇ ਉਤੇ ਅਪੜਨੋਂ ਅਸਮਰਥ ਹੈ, ਉਸੇ ਤਰ੍ਹਾਂ ਇਤਿਹਾਸ ਵੀ ਅਜਿਹਾ ਕਰਨੋਂ ਅਸਮਰਥ ਹੈ; ਇਕ ਪੂਰਨ ਸਮਾਜ, ਇਕ ਪੂਰਨ "ਰਾਜ" ਅਜਿਹੀਆਂ ਗੱਲਾਂ ਹਨ, ਜਿਨ੍ਹਾਂ ਦੀ ਬਸ ਕਲਪਨਾ ਵਿਚ ਹੀ ਹੋਂਦ ਹੋ ਸਕਦੀ ਹੈ। ਇਹਦੇ ਉਲਟ ਇਕ ਤੋਂ ਪਿਛੋਂ ਦੂਜੀ ਸਭੇ ਇਤਿਹਾਸਕ ਪ੍ਰਣਾਲੀਆਂ ਮਨੁਖਜਾਤੀ ਦੇ ਨੀਵੀਂ ਤੋਂ ਉਚੇਰੀ ਪਧਰ ਵੱਲ ਵਿਕਾਸ ਦੇ ਅਨੰਤ ਰਾਹ ਉਤੇ ਆਰਜ਼ੀ ਪੜਾਅ ਹੀ ਹਨ। ਹਰ ਪੜਾਅ ਲੋੜੀਂਦਾ ਹੈ ਅਤੇ ਇਸ ਲਈ ਇਹ ਉਸ ਸਮੇਂ ਅਤੇ ਪ੍ਰਸਥਿਤੀਆਂ ਲਈ, ਜਿਨ੍ਹਾਂ ਨੇ ਇਹਨੂੰ ਜਨਮ ਦਿਤਾ ਹੈ, ਉਚਿਤ ਹੈ। ਪਰ ਨਵੀਆਂ, ਉਚੇਰੀਆਂ ਪ੍ਰਸਥਿਤੀਆਂ ਦੇ ਸਨਮੁਖ, ਜਿਹੜੀਆਂ ਇਹਦੇ ਆਪਣੇ ਗਰਭ ਵਿਚ ਹੀ ਹੌਲੀ ਹੌਲੀ ਵਿਕਸਤ ਹੁੰਦੀਆਂ ਹਨ, ਇਹ ਆਪਣੀ ਪ੍ਰਮਾਣਕਤਾ ਅਤੇ ਉਚੱਤਤਾ ਗੁਵਾ ਬਹਿੰਦਾ ਹੈ। ਇਹ ਲਾਜ਼ਮੀ ਹੈ ਕਿ ਇਹ ਉਚੇਰੇ ਪੜਾਅ ਨੂੰ ਥਾਂ ਦੇਵੇ, ਜਿਹੜਾ ਆਪਣੀ ਵਾਰੀ ਨਿਘਰੇਗਾ ਅਤੇ ਤਬਾਹ ਹੋ ਜਾਵੇਗਾ। ਐਨ ਉਸੇ ਤਰ੍ਹਾਂ ਜਿਵੇਂ ਵਡੀ-ਪਧਰ ਦੀ ਸਨਅਤ, ਮੁਕਾਬਲੇ ਅਤੇ ਸੰਸਾਰ ਦੀ ਮੰਡੀ ਰਾਹੀਂ ਬੁਰਜੂਆਜ਼ੀ ਅਮਲ ਵਿਚ ਸਭਨਾਂ ਸਥਿਰ, ਸਮੇਂ ਨਾਲ ਸਤਿਕਾਰੀਆਂ ਸੰਸਥਾਵਾਂ ਦਾ ਅੰਤ ਕਰ ਦੇਂਦੀ ਹੈ, ਐਨ ਉਸੇ ਤਰ੍ਹਾਂ ਇਹ ਦਵੰਦਵਾਦੀ ਦਰਸ਼ਨ ਅੰਤਮ, ਨਿਹਕੇਵਲ ਸੱਚ ਦੇ ਸਭਨਾਂ ਸੰਕਲਪਾਂ ਅਤੇ ਉਹਨਾਂ ਦੇ ਅਨੁਸਾਰੀ ਮਨੁਖਜਾਤੀ ਦੀਆਂ ਸਭਨਾਂ ਨਿਹਕੇਵਲ ਅਵਸਥਾਵਾਂ ਦਾ ਅੰਤ ਕਰ ਦੇਂਦਾ ਹੈ। ਇਹਦੇ [ ਦਵੰਦਵਾਦੀ ਦਰਸ਼ਨ ] ਲਈ ਕੋਈ ਗੱਲ ਅੰਤਮ, ਨਿਹਕੇਵਲ, ਪਵਿਤਰ ਨਹੀਂ। ਇਹ ਹਰ ਵਸਤ ਦੇ ਅਤੇ ਹਰ ਵਸਤ ਅੰਦਰਲੇ ਅਸਥਾਈ ਖ਼ਾਸੇ ਨੂੰ ਪ੍ਰਗਟ ਕਰਦਾ ਹੈ; ਇਹਦੇ ਸਾਹਮਣੇ ਬਣਨ ਅਤੇ ਖ਼ਤਮ ਹੋ ਜਾਣ ਦੇ ਅਖੰਡ ਅਮਲ, ਨੀਵੇਂ ਤੋਂ ਨਿਰੰਤਰ ਉਪਰ ਉਠਣ ਦੇ ਅਮਲ ਤੋਂ ਬਿਨਾਂ ਕੁਝ ਨਹੀਂ ਠਹਿਰ ਸਕਦਾ। ਅਤੇ ਖ਼ੁਦ ਦਵੰਦਵਾਦੀ ਦਰਸ਼ਨ ਸੋਚਣ ਵਾਲੇ ਦਿਮਾਗ਼ ਵਿਚ ਬਸ ਇਸ ਅਮਲ ਦੇ ਪ੍ਰਤਿਬਿੰਬ ਤੋਂ ਬਿਨਾਂ ਕੁਝ ਨਹੀਂ। ਨਿਰਸੰਦੇਹ ਇਹਦਾ ਇਕ ਪੁਰਾਤਨਤਾਵਾਦੀ ਪੱਖ ਵੀ ਹੈ: ਇਹ ਇਸ ਗੱਲ ਨੂੰ ਪ੍ਰਵਾਨ ਕਰਦਾ ਹੈ ਕਿ

ਗਿਆਨ ਅਤੇ ਸਮਾਜ ਦੇ ਨਿਸ਼ਚਤ ਪੜਾਅ ਆਪਣੇ ਸਮੇਂ ਅਤੇ ਪ੍ਰਸਥਿਤੀ ਅਨੁਸਾਰ ਉਚਿਤ ਹਨ, ਪਰ ਉਸੇ ਸਮੇਂ ਅਤੇ ਪ੍ਰਸਥਿਤੀ ਲਈ ਹੀ। ਪਰ ਦ੍ਰਿਸ਼ਟੀਕੋਣ ਦੇ ਇਸ ਢੰਗ ਦਾ ਪੁਰਾਤਨਤਾਵਾਦ ਸਾਪੇਖ ਹੈ; ਇਹਦਾ ਇਨਕਲਾਬੀ ਖ਼ਾਸਾ ਨਿਹਕੇਵਲ ਹੈ— ਇਹ ਇਕੋ ਇਕ ਨਿਹਕੇਵਲਤਾ ਹੈ ਜਿਸਨੂੰ ਦਵੰਦਵਾਦੀ ਦਰਸ਼ਨ ਕਬੂਲ ਕਰਦਾ ਹੈ।

ਇਥੇ ਇਸ ਸਵਾਲ ਵਿਚ ਜਾਣ ਦੀ ਲੋੜ ਨਹੀਂ ਕਿ ਕੀ ਦ੍ਰਿਸ਼ਟੀਕੋਣ ਦਾ ਇਹ ਢੰਗ ਪ੍ਰਾਕਿਰਤਕ ਵਿਗਿਆਨ ਦੀ ਅਜੋਕੀ ਪ੍ਰਸਥਿਤੀ ਨਾਲ ਪੂਰੀ ਤਰ੍ਹਾਂ ਮੇਲ ਖਾਂਦਾ ਹੈ ਜਾਂ ਨਹੀਂ, ਜਿਹੜਾ ਖ਼ੁਦ ਧਰਤੀ ਦੇ ਸੰਭਵ, ਅਤੇ ਇਹਦੇ ਰਹਿਣ ਯੋਗ ਹੋਣ ਦੇ ਚੋਖੇ ਨਿਸ਼ਚਤ ਅੰਤ ਦੀ ਵੀ ਭਵਿਖਬਾਣੀ ਕਰਦਾ ਹੈ; ਇਸ ਲਈ ਜੋ ਇਸ ਗੱਲ ਨੂੰ ਪ੍ਰਵਾਨ ਕਰਦਾ ਹੈ ਕਿ ਮਨੁਖਜਾਤੀ ਦੇ ਇਤਿਹਾਸ ਲਈ ਵੀ ਨਾ ਕੇਵਲ ਉਪਰ ਜਾਣ ਵਾਲੀ ਸਗੋਂ ਹੇਠਾਂ ਆਉਣ ਵਾਲੀ ਸ਼ਾਖ਼ ਵੀ ਹੈ। ਕੁਝ ਵੀ ਹੋਵੇ, ਅਜੇ ਅਸੀਂ ਉਸ ਮੋੜ ਤੋਂ ਬਹੁਤ ਦੂਰ ਹਾਂ ਜਿਥੇ ਸਮਾਜ ਦਾ ਇਤਿਹਾਸਕ ਰਾਹ ਹੇਠਾਂ ਆਉਣ ਵਾਲਾ ਬਣ ਜਾਵੇਗਾ ਅਤੇ ਅਸੀਂ ਇਹ ਆਸ ਨਹੀਂ ਕਰ ਸਕਦੇ ਕਿ ਹੀਗਲਵਾਦੀ ਦਰਸ਼ਨ ਉਸ ਵਿਸ਼ੇ ਸੰਬੰਧੀ ਫ਼ਿਕਰਮੰਦ ਹੋਵੇ ਜਿਸ ਨੂੰ ਪ੍ਰਾਕਿਰਤਕ ਵਿਗਿਆਨ ਨੇ, ਆਪਣੇ ਸਮੇਂ, ਕਾਰਜ-ਕਰਮ ਵਿਚ ਅਜੇ ਉੱਕਾ ਹੀ ਨਹੀਂ ਰਖਿਆ।

ਪਰ ਅਸਲ ਵਿਚ ਜੋ ਕੁਝ ਕਹਿਣਾ ਲਾਜ਼ਮੀ ਹੈ ਉਹ ਇਹ ਹੈ: ਕਿ ਹੀਗਲ ਵਿਚ ਉਪਰ ਵਿਸਥਾਰੇ ਵਿਚਾਰ ਇੱਨੀ ਸਪਸ਼ਟਤਾ ਨਾਲ ਉਲੀਕੇ ਨਹੀਂ ਹੋਏ। ਇਹ ਉਹਦੇ ਢੰਗ ਦਾ ਲਾਜ਼ਮੀ ਸਿੱਟਾ ਹਨ ਪਰ ਇਕ ਅਜਿਹਾ ਸਿੱਟਾ ਜਿਹੜਾ ਉਹਨੇ ਇੱਨੀ ਸਪਸ਼ਟਤਾ ਨਾਲ ਕਦੇ ਨਾ ਕੱਢਿਆ ਅਤੇ ਇਹ, ਨਿਰਸੰਦੇਹ, ਇਸ ਸਿਰਫ ਕਾਰਨ ਕਿ ਉਹ ਇਕ ਪ੍ਰਣਾਲੀ ਤਿਆਰ ਕਰਨ ਲਈ ਮਜਬੂਰ ਸੀ ਅਤੇ ਰਵਾਇਤੀ ਮੰਗਾਂ ਅਨੁਸਾਰ ਇਹ ਲਾਜ਼ਮੀ ਹੈ ਕਿ ਦਰਸ਼ਨ ਦੀ ਪ੍ਰਣਾਲੀ ਦਾ ਅੰਤ ਕਿਸੇ ਤਰ੍ਹਾਂ ਦੇ ਨਿਹਕੇਵਲ ਸਚ ਨਾਲ ਹੋਵੇ। ਇਸੇ ਲਈ ਭਾਵੇਂ ਹੀਗਲ ਨੇ, ਵਿਸ਼ੇਸ਼ ਤੌਰ ਤੇ ਆਪਣੀ ਕਿਰਤ "ਮੰਤਕ" ਵਿਚ, ਇਸ ਗੱਲ ਉਤੇ ਕਿੰਨਾ ਜ਼ੋਰ ਕਿਉਂ ਨਾ ਦਿਤਾ ਕਿ ਇਹ ਸਦੀਵੀ ਸੱਚ ਮੰਤਕੀ (resp. *: ਇਤਿਹਾਸਕ) ਅਮਲ ਤੋਂ ਬਿਨਾਂ ਕੁਝ ਨਹੀਂ,— ਪਰ ਉਹ ਆਪ ਇਸ ਅਮਲ ਵਿਚ ਇਕ ਅੰਤ ਦਾਖ਼ਲ ਕਰਨ ਤੇ ਮਜਬੂਰ ਹੋ ਗਿਆ, ਕੇਵਲ ਇਸ ਲਈ ਕਿ ਉਹ ਕਿਸੇ ਨਾ ਕਿਸੇ ਨੁਕਤੇ ਉਤੇ ਆਪਣੀ ਪ੍ਰਣਾਲੀ ਨੂੰ ਖ਼ਤਮ ਕਰਨ ਉਤੇ ਮਜਬੂਰ ਸੀ। ਆਪਣੇ "ਮੰਤਕ" ਵਿਚ ਉਹ ਇਸ ਅੰਤ ਨੂੰ ਮੁੜ ਆਦਿ ਬਣਾ ਸਕਦਾ ਹੈ ਕਿਉਂਕਿ ਇਥੇ ਅੰਤ ਦਾ ਨੁਕਤਾ, ਨਿਹਕੇਵਲ ਵਿਚਾਰ— ਜਿਹੜਾ ਕੇਵਲ ਇਸ ਹੱਦ ਤੱਕ ਨਿਹਕੇਵਲ ਹੈ ਕਿ ਉਹਦੇ ਕੋਲ ਇਸ ਸੰਬੰਧੀ ਕਹਿਣ ਨੂੰ ਉੱਕਾ ਕੁਝ ਨਹੀਂ—ਆਪਣੇ ਆਪ ਨੂੰ "ਬਿਗਾਨਾ ਬਣਾ ਲੈਂਦਾ ਹੈ",

---

* respective — ਤਦਾਨੁਸਾਰ। — **ਸੰਪਾ:**

(ਅਰਥਾਤ, ਪ੍ਰਕਿਰਤੀ ਵਿਚ ਆਪਣੀ ਕਾਇਆ-ਪਲਟ ਕਰ ਲੈਂਦਾ ਹੈ) ਅਤੇ ਪਿਛੋਂ ਜਾਕੇ ਮਨ ਵਿਚ, ਅਰਥਾਤ, ਵਿਚਾਰ ਵਿਚ ਅਤੇ ਇਤਿਹਾਸ ਵਿਚ ਫਿਰ ਰੂਪਮਾਨ ਹੁੰਦਾ ਹੈ। ਪਰ ਪੂਰੇ ਦਰਸ਼ਨ ਦੇ ਅੰਤ ਉਤੇ ਆਦਿ ਵੱਲ ਅਜਿਹਾ ਹੀ ਮੋੜ ਕੇਵਲ ਇਕੋ ਇਕ ਢੰਗ ਨਾਲ ਸੰਭਵ ਹੈ। ਅਰਥਾਤ, ਇਤਿਹਾਸ ਦਾ ਅੰਤ ਹੇਠ-ਲਿਖੇ ਅਨੁਸਾਰ ਚਿਤਵ ਕੇ: ਮਨੁਖਜਾਤੀ ਐਨ ਇਸੇ ਨਿਹਕੇਵਲ ਵਿਚਾਰ ਦੇ ਬੋਧ ਤੱਕ ਅਪੜਦੀ ਹੈ ਅਤੇ ਇਹ ਐਲਾਨ ਕਰਦੀ ਹੈ ਕਿ ਇਸ ਬੋਧ ਤੱਕ ਹੀਗਲਵਾਦੀ ਦਰਸ਼ਨ ਵਿਚ ਅਪੜਿਆ ਗਿਆ ਹੈ। ਪਰ ਇਉਂ ਉਹਦੇ ਦਵੰਦਵਾਦੀ ਢੰਗ ਦੇ ਵਿਰੋਧ ਵਿਚ, ਜਿਸਨੇ ਹਰ ਤਰ੍ਹਾਂ ਦੇ ਮੱਤਵਾਦ ਨੂੰ ਖੋਰ ਦਿਤਾ, ਹੀਗਲ ਦੀ ਪ੍ਰਣਾਲੀ ਦੇ ਸਮੁਚੇ ਮੱਤਵਾਦੀ ਤੱਤ ਦੇ ਨਿਹਕੇਵਲ ਸੱਚ ਹੋਣ ਦਾ ਐਲਾਨ ਕਰ ਦਿਤਾ ਜਾਂਦਾ ਹੈ। ਇਉਂ ਪੁਰਾਤਨਤਾਵਾਦੀ ਪੱਖ ਦੀ ਵਾਧੂ ਪੌਂਦ ਹੇਠ ਇਨਕਲਾਬੀ ਪੱਖ ਦਾ ਸਾਹ ਘੁਟ ਦਿਤਾ ਜਾਂਦਾ ਹੈ,—ਅਤੇ ਜੋ ਕੁਝ ਦਾਰਸ਼ਨਿਕ ਬੋਧ ਉਤੇ ਲਾਗੂ ਹੁੰਦਾ ਹੈ ਉਹ ਇਤਿਹਾਸਕ ਅਮਲ ਉਤੇ ਵੀ ਲਾਗੂ ਹੁੰਦਾ ਹੈ। ਮਨੁਖਜਾਤੀ, ਜਿਹੜੀ ਹੀਗਲ ਦੇ ਰੂਪ ਵਿਚ ਨਿਹਕੇਵਲ ਵਿਚਾਰ ਘੜ ਲੈਣ ਦੇ ਨੁਕਤੇ ਤੇ ਅਪੜ ਗਈ ਸੀ ਉਹ ਅਮਲ ਵਿਚ ਇੱਨੀ ਦੂਰ ਜ਼ਰੂਰ ਅਪੜ ਗਈ ਹੋਣੀ ਹੈ ਕਿ ਉਹ ਯਥਾਰਥ ਵਿਚ ਇਸ ਨਿਹਕੇਵਲ ਵਿਚਾਰ ਉਤੇ ਅਮਲ ਕਰੇ। ਸੋ ਸਮਕਾਲੀਆਂ ਤੋਂ ਕੀਤੀਆਂ ਨਿਹਕੇਵਲ ਵਿਚਾਰ ਦੀਆਂ ਅਮਲੀ ਰਾਜਸੀ ਮੰਗਾਂ ਬਹੁਤ ਦੂਰ ਤੱਕ ਖਿਚੀਆਂ ਨਹੀਂ ਜਾਂਦੀਆਂ। ਅਤੇ ਸੋ ਅਸੀਂ "ਹੱਕ ਦੇ ਦਰਸ਼ਨ" ਦੇ ਅੰਤ ਤੇ ਵੇਖਦੇ ਹਾਂ ਕਿ ਨਿਹਕੇਵਲ ਵਿਚਾਰ ਉਸ ਸਮਾਜੀ ਵਰਗਾਂ ਉਤੇ ਆਧਾਰਤ ਬਾਦਸ਼ਾਹੀ ਵਿਚ ਪ੍ਰਾਪਤ ਕੀਤਾ ਜਾਵੇਗਾ ਜਿਸਦਾ ਫ਼ਰੀਡਰਿਖ਼ ਵਿਲਹੈਲਮ ਤੀਜੇ ਨੇ ਇੱਨੀ ਦ੍ਰਿੜ੍ਹਤਾ ਨਾਲ ਪਰ ਵਿਅਰਥ ਆਪਣੀ ਪਰਜਾ ਨਾਲ ਇਕਰਾਰ ਕੀਤਾ, ਅਰਥਾਤ, ਉਸ ਸਮੇਂ ਦੀਆਂ ਜਰਮਨ ਨਿਕ-ਬੁਰਜੂਆ ਪ੍ਰਸਥਿਤੀਆਂ ਲਈ ਯੋਗ ਮਾਲਕ ਸ਼੍ਰੇਣੀਆਂ ਦੀ ਸੀਮਤ, ਨਰਮ-ਖ਼ਿਆਲ, ਅਣਸਿਧੀ ਹਕੂਮਤ; ਅਤੇ, ਇਹੋ ਨਹੀਂ, ਰਾਠਸ਼ਾਹੀ ਦੀ ਲੋੜ ਸਾਡੇ ਲਈ ਅਨੁਮਾਨੇ ਢੰਗ ਨਾਲ ਸਾਬਤ ਕੀਤੀ ਜਾਂਦੀ ਹੈ।

ਇਸੇ ਲਈ ਪ੍ਰਣਾਲੀ ਦੀਆਂ ਅੰਤ੍ਰੀਵ ਲੋੜਾਂ ਇਸ ਗੱਲ ਦੀ ਵਿਆਖਿਆ ਕਰਨ ਲਈ ਕਾਫ਼ੀ ਹਨ ਕਿ ਵਿਚਾਰ ਦੇ ਪੂਰੀ ਤਰ੍ਹਾਂ ਇਨਕਲਾਬੀ ਢੰਗ ਨੇ ਇਕ ਅਤਿ-ਅੰਤ ਲਿਸੜ ਰਾਜਸੀ ਸਿੱਟਾ ਕਿਉਂ ਕੱਢਿਆ। ਤੱਥ ਤਾਂ ਇਹ ਹੈ ਕਿ ਇਸ ਸਿੱਟੇ ਦਾ ਠੋਸ ਰੂਪ ਇਸ ਗੱਲ ਤੋਂ ਪੈਦਾ ਹੁੰਦਾ ਹੈ ਕਿ ਹੀਗਲ ਇਕ ਜਰਮਨ ਸੀ ਅਤੇ ਉਹਦੇ ਸਮਕਾਲੀ ਗੋਇਥੇ ਵਾਂਗ ਉਹਦੇ ਪਿਛੇ ਵੀ ਇਕ ਨਿਕੀ ਜਿਹੀ ਖੂਹ-ਦੇ-ਡਡੂ ਵਾਲੀ ਬੋਦੀ ਲਟਕ ਰਹੀ ਸੀ। ਉਹਨਾਂ ਵਿਚੋਂ ਹਰ ਇਕ ਆਪਣੇ ਖੇਤਰ ਵਿਚ ਓਲੰਪਸ ਦਾ ਜ਼ੀਊਸ ਸੀ ਪਰ ਉਹਨਾਂ ਵਿਚੋਂ ਕੋਈ ਵੀ ਆਪਣੇ ਆਪ ਨੂੰ ਕਦੀ ਵੀ ਜਰਮਨ ਖੂਹ-ਦੇ-ਡਡੂਪੁਣੇ ਤੋਂ ਪੂਰੀ ਤਰ੍ਹਾਂ ਮੁਕਤ ਨਾ ਕਰ ਸਕਿਆ।

ਪਰ ਇਸ ਸਭ ਕੁਝ ਨੇ ਹੀਗਲ ਦੀ ਪ੍ਰਣਾਲੀ ਦੇ ਪਹਿਲਾਂ ਦੀ ਕਿਸੇ ਪ੍ਰਣਾਲੀ ਨਾਲੋਂ ਬੇਨਜ਼ੀਰ ਤੌਰ ਉਤੇ ਵਧੇਰੇ ਖੇਤਰ ਆਪਣੀ ਵਲਗਣ ਵਿਚ ਲੈਣ ਦੇ ਰਾਹ ਵਿਚ ਰੋਕ ਨਾ ਪਾਈ, ਨਾ ਹੀ ਉਹਦੇ ਇਸ ਖੇਤਰ ਵਿਚ ਵਿਚਾਰਾਂ ਦੀ ਉਹ ਬਹੁਲਤਾ ਵਿਕਸਤ ਕਰਨ ਦੇ ਰਾਹ ਵਿਚ ਰੋਕ ਪਾਈ ਜਿਹੜੀ ਅਜ ਵੀ ਹੈਰਾਨ ਕਰਨ ਵਾਲੀ ਹੈ। ਮਨੁਖੀ ਮਨ ਦਾ ਘਟਨਾ-ਕਿਰਿਆ-ਵਿਗਿਆਨ (ਜਿਸ ਨੂੰ ਅਸੀਂ ਮਨ ਦੇ ਭਰੂਣ-ਵਿਗਿਆਨ ਅਤੇ ਪਥਰਾਏ ਜੀਵਾਂ ਦੇ ਅਧਿਅਨ ਦੇ ਵਿਗਿਆਨ ਦੇ ਸਮਾਨ ਸਮਝ ਸਕਦੇ ਹਾਂ, ਵੱਖ ਵੱਖ ਪੜਾਆਂ ਵਿਚੋਂ ਮਨੁਖੀ ਚੇਤਨਤਾ ਦਾ ਵਿਕਾਸ, ਜਿਹੜਾ ਉਹਨਾਂ ਪੜਾਆਂ ਦਾ ਸੰਖੇਪ ਰੂਪ ਵਿਚ ਪੁਨਰ ਪ੍ਰਸਤੁਤੀਕਰਨ ਹੈ ਜਿਨ੍ਹਾਂ ਵਿਚੋਂ ਇਤਿਹਾਸ ਦੇ ਦੌਰਾਨ ਮਨੁਖੀ ਚੇਤਨਤਾ ਲੰਘੀ ਹੈ), ਮੰਤਕ, ਪ੍ਰਾਕਿਰਤਕ ਦਰਸ਼ਨ, ਮਨੁਖੀ ਮਨ ਦਾ ਦਰਸ਼ਨ ਅਤੇ ਇਸ ਪਿਛਲੇਰੇ ਦਾ ਇਹਦੇ ਵੱਖ ਵੱਖ ਇਤਿਹਾਸਕ ਉਪ-ਖੰਡਾਂ ਵਿਚ ਵਿਸਥਾਰ: ਇਤਿਹਾਸ ਦਾ ਦਰਸ਼ਨ, ਹੱਕ ਦਾ, ਧਰਮ ਦਾ, ਦਰਸ਼ਨ ਦਾ ਇਤਿਹਾਸ, ਸੁਹਜ-ਵਿਦਿਆ ਆਦਿ ਵਿਚ — ਫੈਲੀ ਵਿਕਾਸ ਦੀ ਤੰਦ ਨੂੰ ਲਭਣ ਅਤੇ ਪ੍ਰਤੱਖ ਕਰਨ ਲਈ ਹੀਗਲ ਨੇ ਇਹਨਾਂ ਸਭਨਾਂ ਵੱਖ ਵੱਖ ਇਤਿਹਾਸਕ ਖੇਤਰਾਂ ਵਿਚ ਮਿਹਨਤ ਕੀਤੀ। ਅਤੇ ਕਿਉਂਕਿ ਉਹ ਰਚਨਾਤਮਕ ਪ੍ਰਤਿਭਾ ਹੀ ਨਹੀਂ ਸੀ ਸਗੋਂ ਮਹਾਨ-ਕੋਸ਼ੀ ਗਿਆਨ ਦਾ ਮਾਲਕ ਵੀ ਸੀ, ਇਸ ਲਈ ਉਹਨੇ ਹਰ ਖੇਤਰ ਵਿਚ ਜੁਗ-ਪਲਟਾਊ ਰੋਲ ਅਦਾ ਕੀਤਾ। ਇਹ ਗੱਲ ਸਵੈ-ਪ੍ਰਤੱਖ ਹੈ ਕਿ "ਪ੍ਰਣਾਲੀ" ਦੀਆਂ ਲੋੜਾਂ ਕਾਰਨ ਉਹਨੂੰ ਅਕਸਰ ਮਜਬੂਰੀ ਦੀਆਂ ਉਹ ਘਾੜਤਾਂ ਘੜਨੀਆਂ ਪਈਆਂ ਜਿਨ੍ਹਾਂ ਸੰਬੰਧੀ ਉਹਦੇ ਗਿਠਮੁਠੀਏ ਵਿਰੋਧੀ ਅਜ ਵੀ ਇੰਨਾ ਰਾਮ-ਰੌਲਾ ਪਾਉਂਦੇ ਹਨ। ਪਰ ਇਹ ਘਾੜਤਾਂ ਉਹਦੇ ਕੰਮ ਦਾ ਢਾਂਚਾ ਅਤੇ ਗੋਹਾਂ ਹੀ ਹਨ। ਅਤੇ ਜੇ ਮਨੁਖ ਅਜਾਈਂ ਹੀ ਇਥੇ ਵਿਹਲਾ ਨਾ ਫਿਰੇ ਸਗੋਂ ਧੜਵੈਲ ਇਮਾਰਤ ਵਿਚ ਅਗੇ ਚਲਾ ਜਾਵੇ ਤਾਂ ਉਹਨੂੰ ਅਣ-ਗਿਣਤ ਖ਼ਜ਼ਾਨੇ ਮਿਲਦੇ ਹਨ, ਜਿਨ੍ਹਾਂ ਦਾ ਅਜ ਵੀ ਅਣ-ਘਟਿਆ ਮੁਲ ਹੈ। ਸਭਨਾਂ ਦਾਰਸ਼ਨਿਕਾਂ ਦੀ ਹਾਲਤ ਵਿਚ "ਪ੍ਰਣਾਲੀ" ਹੀ ਨਾਸ਼ਮਾਨ ਹੁੰਦੀ ਹੈ; ਅਤੇ ਇਹਦਾ ਸਾਧਾਰਨ ਕਾਰਨ ਇਹ ਹੈ ਕਿ ਇਹ ਮਨੁਖੀ ਮਨ ਦੀ ਇਕ ਅਨਾਸ਼ਮਾਨ ਇਛਾ ਤੋਂ ਪੈਦਾ ਹੁੰਦੀ ਹੈ — ਸਭਨਾਂ ਵਿਰੋਧਾਂ ਉਤੇ ਕਾਬੂ ਪਾ ਲੈਣ ਦੀ ਇਛਾ ਤੋਂ। ਪਰ ਜੇ ਸਭਨਾਂ ਵਿਰੋਧਾਂ ਨੂੰ ਸਦਾ ਲਈ ਖ਼ਤਮ ਕਰ ਦਿਤਾ ਜਾਵੇ ਤਾਂ ਅਸੀ ਅਖੌਤੀ ਨਿਹਕੇਵਲ ਸੱਚ ਤੱਕ ਅਪੜ ਗਏ ਹੋਵਾਂਗੇ — ਸੰਸਾਰ ਦੇ ਇਤਿਹਾਸ ਦਾ ਅੰਤ ਹੋ ਜਾਵੇਗਾ। ਪਰ ਇਹਦੇ ਬਾਵਜੂਦ ਇਹਨੇ ਚਲਦੇ ਰਹਿਣਾ ਹੈ ਭਾਵੇਂ ਇਹਦੇ ਲਈ ਕੁਝ ਕਰਨ ਜੋਗਾ ਨਹੀਂ ਰਹਿ ਜਾਂਦਾ। ਇਸੇ ਕਾਰਨ ਇਕ ਨਵਾਂ, ਹਲ ਨਾ ਹੋ ਸਕਣ ਵਾਲਾ ਵਿਰੋਧ ਪੈਦਾ ਹੁੰਦਾ ਹੈ। ਜਿਉਂ ਹੀ ਅਸੀਂ ਇਕ ਵਾਰ ਇਹ ਅਨੁਭਵ ਕਰ ਲੈਂਦੇ ਹਾਂ — ਅਤੇ ਅੰਤਮ ਨਿਰਣੇ ਵਿਚ ਸਾਨੂੰ ਇਹ ਸਮਝਣ ਵਿਚ ਹੀਗਲ ਤੋਂ ਵਧ ਕਿਸੇ ਨੇ ਸਹਾਇਤਾ ਨਹੀਂ ਦਿਤੀ — ਕਿ ਇਉਂ ਪੇਸ਼ ਕੀਤਿਆਂ

ਦਰਸ਼ਨ ਦਾ ਕੰਮ ਤੇ ਅਰਥ ਇਸ ਕੰਮ ਤੋਂ ਬਿਨਾਂ ਕੁਝ ਨਹੀਂ ਕਿ ਇਕ ਇਕਲਾ ਦਾਰਸ਼ਨਿਕ ਉਹ ਕੁਝ ਪ੍ਰਾਪਤ ਕਰੇ ਜੋ ਕੁਝ ਸਮੁਚੀ ਮਨੁਖਜਾਤੀ ਆਪਣੇ ਦਰਜੇਵਾਰ ਵਿਕਾਸ ਵਿਚ ਪ੍ਰਾਪਤ ਕਰਦੀ ਹੈ—ਜਿਉਂ ਹੀ ਅਸੀਂ ਇਹ ਅਨੁਭਵ ਕਰਦੇ ਹਾਂ, ਸ਼ਬਦ ਦੇ ਹੁਣ ਤੱਕ ਕਬੂਲੇ ਅਰਥਾਂ ਵਿਚ ਦਰਸ਼ਨ ਦਾ ਅੰਤ ਹੋ ਜਾਂਦਾ ਹੈ। ਮਨੁਖ "ਨਿਹਕੇਵਲ ਸੱਚ" ਨੂੰ ਇਕਲਾ ਛਡ ਦੇਂਦਾ ਹੈ, ਜਿਹੜਾ ਇਸ ਰਾਹ ਉਤੇ ਜਾਂ ਕਿਸੇ ਇਕ ਵਿਅਕਤੀ ਰਾਹੀਂ ਪ੍ਰਾਪਤ ਨਹੀਂ ਕੀਤਾ ਜਾ ਸਕਦਾ; ਇਹਦੀ ਥਾਂ ਮਨੁਖ ਸਾਕਾਰਾਤਮਕ ਵਿਗਿਆਨਾਂ ਦੇ ਰਾਹ ਉਤੇ ਪ੍ਰਾਪਤ ਹੋਣ-ਯੋਗ ਸਾਪੇਖ ਸਚਾਈਆਂ ਅਤੇ ਦਵੰਦਵਾਦੀ ਸੋਚ ਰਾਹੀਂ ਉਹਨਾਂ ਦੇ ਸਿੱਟਿਆਂ ਦਾ ਸਾਰ ਕੱਢਣ ਦੇ ਪਿਛੇ ਲਗ ਜਾਂਦਾ ਹੈ। ਕੁਝ ਵੀ ਹੋਵੇ ਹੀਗਲ ਨਾਲ ਦਰਸ਼ਨ ਦਾ ਅੰਤ ਹੋ ਜਾਂਦਾ ਹੈ: ਇਕ ਹਥ ਇਸ ਲਈ ਕਿ ਆਪਣੀ ਪ੍ਰਣਾਲੀ ਵਿਚ ਉਹਨੇ ਇਹਦੇ ਸਮੁਚੇ ਵਿਕਾਸ ਦਾ ਸਾਰ ਅਤਿ-ਅੰਤ ਸ਼ਾਨਦਾਰ ਢੰਗ ਨਾਲ ਪੇਸ਼ ਕੀਤਾ, ਅਤੇ ਦੂਜੇ ਹਥ ਇਸ ਲਈ ਕਿ ਭਾਵੇਂ ਅਚੇਤ ਤੌਰ ਉਤੇ ਉਹਨੇ ਸਾਨੂੰ ਪ੍ਰਣਾਲੀਆਂ ਦੀਆਂ ਭੂਲ-ਭੁਲਈਆਂ ਵਿਚੋਂ ਸੰਸਾਰ ਦੇ ਅਸਲ ਸਾਕਾਰਾਤਮਕ ਗਿਆਨ ਵੱਲ ਰਾਹ ਵਿਖਾਇਆ।

ਮਨੁਖ ਕਲਪਨਾ ਕਰ ਸਕਦਾ ਹੈ ਕਿ ਜਰਮਨੀ ਦੇ ਦਰਸ਼ਨ-ਭਿੰਨੇ ਵਾਯੂ-ਮੰਡਲ ਵਿਚ ਹੀਗਲ ਦੀ ਇਸ ਪ੍ਰਣਾਲੀ ਨੇ ਕਿੰਨਾ ਅਥਾਹ ਪ੍ਰਭਾਵ ਪੈਦਾ ਕੀਤਾ ਹੋਵੇਗਾ। ਇਹ ਇਕ ਜਿਤ ਦਾ ਜਲੂਸ ਸੀ ਜਿਹੜਾ ਕਈ ਦਹਾਕੇ ਜਾਰੀ ਰਿਹਾ ਅਤੇ ਜਿਹੜਾ ਹੀਗਲ ਦੀ ਮੌਤ ਨਾਲ ਕਿਸੇ ਵੀ ਤਰ੍ਹਾਂ ਰੁਕ ਨਹੀਂ ਗਿਆ। ਇਹਦੇ ਉਲਟ ੧੮੩੦ ਤੋਂ ੧੮੪੦ ਤੱਕ ਹੀ "ਹੀਗਲਵਾਦ" ਅਤਿ-ਅੰਤ ਅਨੰਨ ਰੂਪ ਵਿਚ ਪ੍ਰਫੁਲਤ ਸੀ ਅਤੇ ਇਹਨੇ ਘਟ ਜਾਂ ਵਧ ਹੱਦ ਤੱਕ ਆਪਣੇ ਵਿਰੋਧੀਆਂ ਨੂੰ ਵੀ ਲਾਗ ਲਾਈ। ਐਨ ਇਸੇ ਸਮੇਂ ਵਿਚ ਹੀ ਸੁਚੇਤ ਜਾਂ ਅਚੇਤ ਤੌਰ ਉਤੇ ਹੀਗਲਵਾਦੀ ਵਿਚਾਰ ਅਤਿ-ਅੰਤ ਭਿੰਨ ਭਿੰਨ ਵਿਗਿਆਨਾਂ ਵਿਚ ਘੁਸ ਗਏ ਅਤੇ ਉਹਨਾਂ ਲੋਕ-ਪ੍ਰਿਆ ਸਾਹਿਤ ਅਤੇ ਰੋਜ਼ਾਨਾ ਅਖ਼ਬਾਰਾਂ ਨੂੰ ਵੀ, ਜਿਨ੍ਹਾਂ ਤੋਂ ਔਸਤ "ਪੜ੍ਹੀ ਲਿਖੀ ਚੇਤਨਤਾ" ਆਪਣਾ ਦਿਮਾਗ਼ੀ ਆਹਾਰ ਪ੍ਰਾਪਤ ਕਰਦੀ ਹੈ, ਜਾਗ ਲਾਈ। ਪਰ ਪੂਰੇ ਮੋਰਚੇ ਉਤੇ ਇਹ ਜਿਤ ਕੇਵਲ ਅੰਦਰੂਨੀ ਘੋਲ ਦੀ ਉਥਾਨਕਾ ਹੀ ਸੀ।

ਜਿਹਾ ਕਿ ਅਸੀਂ ਵੇਖਿਆ ਹੈ ਸਮੁਚੇ ਤੌਰ ਤੇ ਲਿਆਂ ਹੀਗਲ ਦੀ ਵਿਚਾਰਧਾਰਾ ਵਿਚ ਅਤਿ-ਅੰਤ ਭਿੰਨ ਕਿਸਮ ਦੇ ਅਮਲੀ ਪਾਰਟੀ ਵਿਚਾਰਾਂ ਨੂੰ ਸ਼ਰਨ ਦੇਣ ਲਈ ਚੋਖੀ ਥਾਂ ਸੀ। ਅਤੇ ਉਸ ਸਮੇਂ ਦੇ ਸਿਧਾਂਤਕ ਜਰਮਨੀ ਵਿਚ ਦੋ ਵਸਤਾਂ ਸਭ ਤੋਂ ਵਧ ਅਮਲੀ ਸਨ: ਧਰਮ ਅਤੇ ਰਾਜਨੀਤੀ। ਜਿਸ ਕਿਸੇ ਨੇ ਵੀ ਮੁਖ ਜ਼ੋਰ ਹੀਗਲ ਦੀ **ਪ੍ਰਣਾਲੀ** ਉਤੇ ਦਿਤਾ ਸੀ ਉਹ ਦੁਹਾਂ ਖੇਤਰਾਂ ਵਿਚ ਚੋਖਾ ਪੁਰਾਤਨਤਾਵਾਦੀ ਹੋ ਸਕਦਾ ਸੀ; ਜਿਹੜਾ ਦਵੰਦਵਾਦੀ **ਢੰਗ** ਨੂੰ ਮੁਖ ਗੱਲ ਸਮਝਦਾ ਸੀ ਉਹ ਰਾਜਨੀਤੀ ਵਿਚ ਵੀ ਅਤੇ ਧਰਮ ਵਿਚ ਵੀ ਅਤਿ ਦੇ ਵਿਰੋਧ ਦਾ ਅੰਗ ਹੋ ਸਕਦਾ ਸੀ।

ਆਪਣੀਆਂ ਲਿਖਤਾਂ ਵਿਚ ਅਨੇਕ ਵਾਰ ਆਏ ਇਨਕਲਾਬੀ ਗ਼ੁਸੇ ਦੇ ਉਬਾਲਾਂ ਦੇ ਬਾਵਜੂਦ ਸਮੁਚੇ ਤੌਰ ਤੇ ਹੀਗਲ ਵਧੇਰੇ ਪੁਰਾਤਨਤਾਵਾਦੀ ਪੱਖ ਵੱਲ ਝੁਕਦਾ ਜਾਪਦਾ ਸੀ: ਨਿਰਸੰਦੇਹ ਉਹਦੀ ਪ੍ਰਣਾਲੀ ਨੇ ਉਹਦੇ ਢੰਗ ਨਾਲੋਂ ਉਸ ਤੋਂ ਕਿਤੇ ਵਧੇਰੇ "ਦਿਮਾਗ਼ੀ ਮਿਹਨਤ" ਲਈ ਸੀ। ਚੌਥੇ ਦਹਾਕੇ ਦੇ ਅੰਤ ਉਤੇ ਉਹਦੀ ਪਰਪਾਟੀ ਵਿਚ ਪਾੜ ਸਦਾ ਵਧੇਰੇ ਸਪਸ਼ਟ ਹੋ ਗਿਆ। ਖਬੇ ਪਖ, ਅਖੌਤੀ ਯੁਵਕ ਹੀਗਲਵਾਦੀਆਂ ਨੇ, ਸਨਾਤਨੀ ਪਿਏਤਵਾਦੀਆਂ[115] ਅਤੇ ਸਾਮੰਤੀ ਪਿਛਾਖੜ ਵਿਰੁਧ ਆਪਣੇ ਘੋਲ ਵਿਚ ਆਪਣੇ ਸਵਾਲਾਂ ਸੰਬੰਧੀ ਉਹ ਦਾਰਸ਼ਨਿਕ-ਸਾਊ ਸੰਕੋਚ ਹੌਲੀ ਹੌਲੀ ਤਿਆਗ ਦਿਤੀ ਜਿਸ ਨੇ ਉਸ ਸਮੇਂ ਤੱਕ ਉਹਨਾਂ ਦੀ ਸਿਖਿਆ ਲਈ ਰਾਜਕੀ ਉਦਾਰਤਾ ਅਤੇ ਇਥੋਂ ਤੱਕ ਕਿ ਰਖਿਆ ਪ੍ਰਾਪਤ ਕੀਤੀ ਸੀ। ਅਤੇ ੧੮੪੦ ਵਿਚ ਜਦੋਂ ਫ਼ਰੀਡਰਿਖ਼ ਵਿਲਹੈਲਮ ਚੌਥੇ ਦੇ ਰੂਪ ਵਿਚ ਸਨਾਤਨੀ ਪਿਏਤਵਾਦ ਅਤੇ ਨਿਰੰਕੁਸ਼ ਸਾਮੰਤੀ ਪਿਛਾਖੜ ਤਖ਼ਤ ਉਤੇ ਬੈਠੇ ਤਾਂ ਖੁਲ੍ਹੀ ਤਰਫ਼ਦਾਰੀ ਅਟੱਲ ਹੋ ਗਈ। ਲੜਾਈ ਹੁਣ ਵੀ ਦਾਰਸ਼ਨਿਕ ਹਥਿਆਰਾਂ ਨਾਲ ਹੀ ਲੜੀ ਜਾਂਦੀ ਸੀ ਪਰ ਹੁਣ ਇਹ ਖ਼ਿਆਲੀ ਦਾਰਸ਼ਨਿਕ ਮੰਤਵਾਂ ਲਈ ਨਹੀਂ ਸੀ ਲੜੀ ਜਾਂਦੀ। ਇਹਦਾ ਸਿਧਾ ਰੁਖ਼ ਰਵਾਇਤੀ ਧਰਮ ਅਤੇ ਵਿਦਮਾਨ ਰਾਜ ਦੀ ਤਬਾਹੀ ਵੱਲ ਹੋ ਗਿਆ। ਅਤੇ ਜਿਥੇ "Deutsche Jahrbücher" ਵਿਚ ਅਮਲੀ ਮੰਤਵ ਅਜੇ ਵੀ ਭਾਰੂ ਰੂਪ ਵਿਚ ਦਾਰਸ਼ਨਿਕ ਭੇਸ ਵਿਚ ਪੇਸ਼ ਕੀਤੇ ਜਾਂਦੇ ਸਨ ਉਥੇ ੧੮੪੨ ਵਿਚ "Rheinische Zeitung" ਵਿਚ ਯੁਵਕ ਹੀਗਲਵਾਦੀ ਪਰਪਾਟੀ ਨੇ ਆਪਣੇ ਆਪ ਨੂੰ ਸਿਧੇ ਤੌਰ ਉਤੇ ਅਭਿਲਾਖੀ ਗਰਮ-ਖ਼ਿਆਲ ਬੁਰਜੂਆਜ਼ੀ ਦੇ ਦਰਸ਼ਨ ਵਜੋਂ ਪ੍ਰਗਟ ਕੀਤਾ ਅਤੇ ਦਰਸ਼ਨ ਦਾ ਮਾੜਾ ਜਿਹਾ ਬੁਰਕਾ ਕੇਵਲ ਸੈਂਸਰ ਨੂੰ ਧੋਖਾ ਦੇਣ ਲਈ ਵਰਤਿਆ।

ਉਸ ਸਮੇਂ ਰਾਜਨੀਤੀ ਇਕ ਬੜਾ ਬਿਖੜਾ ਖੇਤਰ ਸੀ ਅਤੇ ਇਸੇ ਲਈ ਮੁਖ ਘੋਲ ਦਾ ਰੁਖ ਧਰਮ ਵਿਰੁਧ ਕੀਤਾ ਗਿਆ। ਇਹ ਘੋਲ, ਵਿਸ਼ੇਸ਼ ਤੌਰ ਤੇ ੧੮੪੦ ਤੋਂ ਪਿਛੋਂ ਅਣਸਿਧੇ ਤੌਰ ਤੇ ਰਾਜਸੀ ਵੀ ਸੀ। ਸ਼ਟਰਾਊਸ ਦੀ "ਯਸੂ ਦਾ ਜੀਵਨ" ਨੇ ਜਿਹੜੀ ੧੮੩੫ ਵਿਚ ਛਪੀ ਪਹਿਲੀ ਪ੍ਰੇਰਨਾ ਦਿਤੀ ਸੀ। ਉਸ ਵਿਚ ਅੰਜੀਲ ਦੀਆਂ ਮਿਥਿਹਾਸਕ ਕਥਾਵਾਂ ਦੇ ਵਿਕਾਸ ਸੰਬੰਧੀ ਜਿਹੜਾ ਸਿਧਾਂਤ ਪੇਸ਼ ਕੀਤਾ ਗਿਆ, ਪਿਛੋਂ ਬਰੂਨੋ ਬਾਵੇਰ ਨੇ ਉਹਨਾਂ ਦਾ ਇਹਨਾਂ ਸਬੂਤਾਂ ਸਹਿਤ ਟਾਕਰਾ ਕੀਤਾ ਕਿ ਅੰਜੀਲ ਦੀਆਂ ਮਿਥਿਹਾਸਕ ਕਥਾਵਾਂ ਦੀ ਇਕ ਪੂਰੀ ਲੜੀ ਖ਼ੁਦ ਲੇਖਕਾਂ ਨੇ ਘੜੀ ਸੀ। ਇਹਨਾਂ ਦੁਹਾਂ ਵਿਚ ਵਿਵਾਦ "ਸਵੈ-ਚੇਤਨਤਾ" ਅਤੇ "ਮੂਲ-ਤੱਤ" ਵਿਚਕਾਰ ਦਾਰਸ਼ਨਿਕ ਘੋਲ ਦੇ ਭੇਸ ਵਿਚ ਚਲਿਆ। ਅੰਜੀਲ ਦੇ ਵੱਖ ਵੱਖ ਹਿੱਸਿਆਂ ਦੀਆਂ ਚਮਤਕਾਰੀ ਕਥਾਵਾਂ ਭਾਈਚਾਰੇ ਦੀ ਵਲਗਣ ਅੰਦਰ ਅਚੇਤ-ਰਵਾਇਤੀ ਮਿਥਿਹਾਸ-ਸਿਰਜਣਾ ਰਾਹੀਂ ਹੋਂਦ ਵਿਚ ਆਈਆਂ ਜਾਂ ਇਹਨਾਂ ਨੂੰ ਇਹਨਾਂ ਹਿੱਸਿਆਂ ਦੇ ਪ੍ਰਚਾਰਕ

ਲੇਖਕਾਂ ਨੇ ਖ਼ੁਦ ਘੜਿਆ, ਇਸ ਸਵਾਲ ਨੂੰ ਵਧਾ ਕੇ ਇਹ ਸਵਾਲ ਬਣਾ ਦਿਤਾ ਗਿਆ ਕਿ ਸੰਸਾਰ ਇਤਿਹਾਸ ਵਿਚ "ਮੂਲ-ਤੱਤ" ਅਤੇ "ਸਵੈ-ਚੇਤਨਤਾ" ਵਿਚੋਂ ਕਿਹੜੀ ਨਿਰਣਾਇਕ ਚਾਲਕ ਸ਼ਕਤੀ ਹੈ। ਅੰਤ ਵਿਚ ਸਮਕਾਲੀ ਅਰਾਜਕਤਾਵਾਦ ਦਾ ਪੈਗ਼ੰਬਰ ਸ਼ਟਿਰਨਰ ਆਇਆ — ਬਾਕੂਨਿਨ ਨੇ ਉਸ ਤੋਂ ਬਹੁਤ ਕੁਝ ਲਿਆ ਹੈ — ਅਤੇ ਖ਼ੁਦ-ਮੁਖ਼ਤਾਰ "ਸਵੈ-ਚੇਤਨਤਾ" ਦੇ ਸਿਰ ਉਤੇ ਖ਼ੁਦ-ਮੁਖ਼ਤਾਰ "ਹਉਂ" ਦਾ ਮੁਕਟ ਸਜਾ ਦਿਤਾ।

ਅਸੀਂ ਹੀਗਲਵਾਦੀ ਪਰਪਾਟੀ ਦੇ ਅੰਜੋ-ਅੰਜ ਹੋਣ ਦੇ ਅਮਲ ਦੇ ਇਸ ਪੱਖ ਵਿਚ ਹੋਰ ਅਗੇ ਨਹੀਂ ਜਾਵਾਂਗੇ। ਸਾਡੇ ਲਈ ਹੇਠ ਲਿਖੀ ਗੱਲ ਵਧੇਰੇ ਮਹਤਵ-ਪੂਰਨ ਹੈ: ਸਾਕਾਰਾਤਮਕ ਧਰਮ ਵਿਰੁਧ ਘੋਲ ਦੀਆਂ ਅਮਲੀ ਲੋੜਾਂ ਕਾਰਨ ਦ੍ਰਿੜ੍ਹ ਯੁਵਕ ਹੀਗਲਵਾਦੀਆਂ ਦਾ ਮੁਖ ਹਿੱਸਾ ਅੰਗ੍ਰੇਜ਼-ਫ਼ਰਾਂਸੀਸੀ ਪਦਾਰਥਵਾਦ ਵੱਲ ਚਲਾ ਗਿਆ। ਇਸਨੇ ਆਪਣੀ ਪਰਪਾਟੀ ਦੀ ਪ੍ਰਣਾਲੀ ਨਾਲ ਉਹਨਾਂ ਦੀ ਟੱਕਰ ਕਰਾ ਦਿਤੀ। ਜਿਥੇ ਪਦਾਰਥਵਾਦ ਪ੍ਰਕਿਰਤੀ ਨੂੰ ਇਕੋ ਇਕ ਯਥਾਰਥ ਵਜੋਂ ਸੰਕਲਪਦਾ ਹੈ ਉਥੇ ਹੀਗਲਵਾਦੀ ਪ੍ਰਣਾਲੀ ਵਿਚ ਪ੍ਰਕਿਰਤੀ ਕੇਵਲ ਨਿਹਕੇਵਲ ਵਿਚਾਰ ਦੀ "ਬਿਗਾਨਗੀ" ਹੀ ਹੈ, ਅਰਥਾਤ, ਇਸ ਵਿਚਾਰ ਦੀ ਗਿਰਾਵਟ ਹੈ। ਕੁਝ ਵੀ ਹੋਵੇ, ਸੋਚ ਅਤੇ ਇਹਦੀ ਸੋਚ-ਉਪਜ ਇਥੇ ਬੁਨਿਆਦੀ ਹਨ, ਪ੍ਰਕਿਰਤੀ ਉਸ ਦੀ ਵਿਉਤਪਤੀ ਹੈ, ਜਿਸ ਦੀ ਹੋਂਦ ਉਕਾ ਹੀ ਵਿਚਾਰ ਦੀ ਮਿਹਰ ਵਜੋਂ ਹੈ। ਅਤੇ ਉਹ ਇਸ ਵਿਰੋਧ ਵਿਚ ਜਿੰਨੀ ਚੰਗੀ ਜਾਂ ਮਾੜੀ ਤਰ੍ਹਾਂ ਭੰਬਲ ਭੂਸੇ ਖਾ ਸਕਦੇ ਸਨ ਖਾਂਦੇ ਰਹੇ।

ਫੇਰ ਫ਼ਿਊਰਬਾਖ਼ ਦੀ "ਈਸਾਈਅਤ ਦਾ ਤੱਤ" ਆਈ। ਇਕੋ ਵਾਰ ਨਾਲ ਇਹਨੇ ਵਿਰੋਧ ਦਾ ਕਚੂਮਰ ਕੱਢ ਦਿਤਾ, ਕਿਉਂਕਿ ਕਿਸੇ ਰਖ ਰਖਾ ਤੋਂ ਬਿਨਾਂ ਇਹਨੇ ਪਦਾਰਥਵਾਦ ਨੂੰ ਇਕ ਵਾਰ ਫੇਰ ਗਦੀ ਉਤੇ ਬਿਠਾ ਦਿਤਾ। ਪ੍ਰਕਿਰਤੀ ਦੀ ਕੁਲ ਦਰਸ਼ਨ ਤੋਂ ਸੁਤੰਤਰ ਹੋਂਦ ਹੈ। ਇਹ ਉਹ ਆਧਾਰ ਹੈ, ਜਿਸ ਉਤੇ ਅਸੀਂ, ਮਨੁਖ, ਜੋ ਖ਼ੁਦ ਪ੍ਰਕਿਰਤੀ ਦੀ ਪੈਦਾਵਾਰ ਹਾਂ, ਵਧੇ ਹਾਂ। ਪ੍ਰਕਿਰਤੀ ਅਤੇ ਮਨੁਖ ਤੋਂ ਬਾਹਰ ਕਿਸੇ ਸ਼ੈ ਦੀ ਹੋਂਦ ਨਹੀਂ ਅਤੇ ਉਚੇਰੇ ਜੀਵ, ਜਿਨ੍ਹਾਂ ਨੂੰ ਸਾਡੀ ਧਾਰਮਿਕ ਨਿਰੂਪਣ-ਸ਼ਕਤੀ ਨੇ ਸਿਰਜਿਆ ਹੈ, ਕੇਵਲ ਸਾਡੇ ਆਪਣੇ ਤੱਤ ਦਾ ਕਾਲਪਨਿਕ ਪ੍ਰਤੀਬਿੰਬ ਹਨ। ਜਾਦੂ ਟੁਟ ਗਿਆ ਸੀ; "ਪ੍ਰਣਾਲੀ" ਉਡਾ ਦਿਤੀ ਗਈ ਅਤੇ ਇਕ ਪਾਸੇ ਸੁਟ ਦਿਤੀ ਗਈ ਸੀ ਅਤੇ ਵਿਰੋਧ, ਜਿਸਦੀ ਹੋਂਦ ਕੇਵਲ ਸਾਡੀ ਕਲਪਨਾ ਵਿਚ ਵਿਖਾਈ ਗਈ ਸੀ, ਖ਼ਤਮ ਹੋ ਗਿਆ ਸੀ। — ਇਹ ਲਾਜ਼ਮੀ ਹੈ ਕਿ ਇਹਦਾ ਵਿਚਾਰ ਪ੍ਰਾਪਤ ਕਰਨ ਲਈ ਮਨੁਖ ਨੇ ਇਸ ਪੁਸਤਕ ਦਾ ਮੁਕਤੀ-ਦਾਤਾ ਅਸਰ ਖ਼ੁਦ ਅਨੁਭਵ ਕੀਤਾ ਹੋਵੇ। ਉਤਸ਼ਾਹ ਵਿਆਪਕ ਸੀ: ਅਸੀਂ ਸਾਰੇ ਫ਼ਿਊਰਬਾਖ਼ਵਾਦੀ ਬਣ ਗਏ। ਮਾਰਕਸ ਨੇ ਨਵੇਂ ਸੰਕਲਪ ਨੂੰ ਕਿੰਨੇ ਉਤਸ਼ਾਹ ਨਾਲ ਜੀ-ਆਇਆਂ ਆਖਿਆ ਅਤੇ — ਸਭਨਾਂ ਪੜਚੋਲੀ ਸੰਕੋਚਾਂ ਦੇ ਬਾਵਜੂਦ — ਉਹਦੇ ਉਤੇ ਇਹਦਾ ਕਿੰਨਾ ਪ੍ਰਭਾਵ ਪਿਆ, ਬੰਦਾ "ਪਵਿਤਰ ਪ੍ਰਵਾਰ" ਵਿਚ ਪੜ੍ਹ ਸਕਦਾ ਹੈ।

ਪੁਸਤਕ ਦੀਆਂ ਊਣਤਾਈਆਂ ਨੇ ਵੀ ਇਹਦੇ ਫ਼ੌਰੀ ਅਸਰ ਵਿਚ ਹਿੱਸਾ ਪਾਇਆ। ਇਸਦੀ ਸਾਹਿਤਕ, ਇਥੋਂ ਤੱਕ ਕਿ ਕਈ ਥਾਂ ਆਡੰਬਰ-ਪੂਰਨ, ਸ਼ੈਲੀ ਨੇ ਇਹਦੇ ਲਈ ਪਾਠਕਾਂ ਦਾ ਵਿਸ਼ਾਲ ਘੇਰਾ ਪ੍ਰਾਪਤ ਕਰ ਲਿਆ ਅਤੇ ਭਾਵੇਂ ਕੁਝ ਹੋਵੇ ਖ਼ਿਆਲੀ ਅਤੇ ਔਖੇ ਹੀਗਲਵਾਦੀ-ਬਣਾਉਣ ਦੇ ਲੰਮੇ ਵਰ੍ਹਿਆਂ ਪਿਛੋਂ ਸਜਰਾਉਣ ਵਾਲੀ ਸੀ। ਇਹੋ ਗੱਲ ਇਹਦੇ ਪਿਆਰ ਦੇ ਹਦੋਂ ਵਧ ਦੈਵੀਕਰਣ ਸੰਬੰਧੀ ਵੀ ਠੀਕ ਹੈ, ਜਿਹੜਾ "ਖ਼ਾਲਸ ਤਰਕ" ਦੇ ਹੁਣ ਅਸਹਿ ਹੋ ਚੁਕੇ ਰਾਜ਼ ਪਿਛੋਂ ਆਉਣ ਕਾਰਨ ਜੇ ਇਹਦੇ ਹਕੀ ਹੋਣ ਦਾ ਸਬੂਤ ਨਹੀਂ ਸੀ, ਤਾਂ ਇਹਦੇ ਲਈ ਬਹਾਨਾ ਤਾਂ ਹੈ ਸੀ। ਪਰ ਸਾਨੂੰ ਜੋ ਗੱਲ ਨਹੀਂ ਭੁਲਣੀ ਚਾਹੀਦੀ ਉਹ ਇਹ ਹੈ ਕਿ ਫ਼ਿਊਰਬਾਖ਼ ਦੀਆਂ ਐਨ ਇਹੋ ਦੋ ਕਮਜ਼ੋਰੀਆਂ ਹੀ ਸਨ ਜਿਨ੍ਹਾਂ ਨੂੰ "ਸਚੇ ਸੋਸ਼ਲਿਜ਼ਮ" ਨੇ, ਜਿਹੜਾ ੧੮੪੪ ਤੋਂ "ਪੜ੍ਹੇ ਲਿਖੇ" ਜਰਮਨੀ ਵਿਚ ਪਲੇਗ ਵਾਂਗ ਫੈਲ ਰਿਹਾ ਸੀ, ਆਪਣਾ ਮੁਢਲਾ ਨੁਕਤਾ ਬਣਾਇਆ ਅਤੇ ਵਿਗਿਆਨਕ ਗਿਆਨ ਦੀ ਥਾਂ ਸਾਹਿਤਕ ਵਾਕਾਂ ਨੂੰ ਦਿਤੀ, ਉਤਪਾਦਨ ਦੀ ਆਰਥਕ ਕਾਇਆ-ਪਲਟ ਰਾਹੀਂ ਪ੍ਰੋਲਤਾਰੀ ਦੀ ਮੁਕਤੀ ਦੀ ਥਾਂ "ਪਿਆਰ" ਰਾਹੀਂ ਮਨੁਖਜਾਤੀ ਦੀ ਮੁਕਤੀ ਨੂੰ ਦਿਤੀ—ਮੁਕਦੀ ਗੱਲ ਆਪਣੇ ਆਪ ਨੂੰ ਪਿਆਰ ਸੰਬੰਧੀ ਘਿਣਾਉਣੇ ਗਲਪ ਅਤੇ ਵਿਸਮਾਦਾਂ ਵਿਚ ਗੁਵਾ ਦਿਤਾ ਜਿਨ੍ਹਾਂ ਦੀ ਲਛਣੀ ਮਿਸਾਲ ਸ੍ਰੀ ਕਾਰਲ ਗਰਿਊਨ ਸੀ।

ਇਕ ਹੋਰ ਗੱਲ ਜਿਹੜੀ ਸਾਨੂੰ ਨਹੀਂ ਭੁਲਣੀ ਚਾਹੀਦੀ ਉਹ ਇਹ ਹੈ: ਹੀਗਲਵਾਦੀ ਪਰਪਾਟੀ ਖਿੰਡ ਗਈ ਪਰ ਹੀਗਲਵਾਦੀ ਦਰਸ਼ਨ ਨੂੰ ਪੜਚੋਲ ਰਾਹੀਂ ਹਰਾਇਆ ਨਾ ਗਿਆ। ਸ਼ਟਰਾਊਸ ਅਤੇ ਬਾਵੇਰ ਨੇ ਇਹਦੇ ਇਕ ਇਕ ਪੱਖ ਨੂੰ ਲਿਆ ਅਤੇ ਉਹਨਾਂ ਨੂੰ ਵਿਵਾਦੀ ਢੰਗ ਨਾਲ ਇਕ ਦੂਜੇ ਦੇ ਵਿਰੁਧ ਖੜਾ ਕਰ ਦਿਤਾ। ਫ਼ਿਊਰਬਾਖ਼ ਨੇ ਪ੍ਰਣਾਲੀ ਨੂੰ ਤੋੜ ਫੋੜ ਦਿਤਾ ਅਤੇ ਇਹਨੂੰ ਬਸ ਤਿਆਗ ਹੀ ਦਿਤਾ। ਪਰ ਕੇਵਲ ਇਹ ਕਹਿ ਦੇਣ ਨਾਲ ਕਿ ਇਹ ਝੂਠਾ ਹੈ ਕਿਸੇ ਦਰਸ਼ਨ ਨਾਲ ਨਿਬੜਿਆ ਨਹੀਂ ਜਾ ਸਕਦਾ। ਅਤੇ ਹੀਗਲਵਾਦੀ ਦਰਸ਼ਨ ਜਿਹੀ ਇੱਨੀ ਬਲਵਾਨ ਕਿਰਤ ਨਾਲ, ਜਿਸਨੇ ਕੌਮ ਦੇ ਬੌਧਕ ਵਿਕਾਸ ਉਤੇ ਇੱਨਾ ਧੜਵੈਲ ਅਸਰ ਪਾਇਆ ਸੀ ਉਹਨੂੰ ਅਖੋਂ ਉਹਲੇ ਕਰਕੇ ਹੀ ਨਿਬੜਿਆ ਨਹੀਂ ਸੀ ਜਾ ਸਕਦਾ। ਇਹਦਾ "ਅੰਤ" ਇਹਦੇ ਆਪਣੇ ਅਰਥ ਵਿਚ ਹੀ ਕੀਤਾ ਜਾਣਾ ਸੀ, ਅਰਥਾਤ, ਇਸ ਅਰਥ ਵਿਚ ਕਿ ਜਿਥੇ ਪੜਚੋਲ ਰਾਹੀਂ ਇਹਦੇ ਰੂਪ ਨੂੰ ਖ਼ਤਮ ਕੀਤਾ ਜਾਣਾ ਸੀ ਉਥੇ ਇਹਦੇ ਰਾਹੀਂ ਜਿਹੜਾ ਨਵਾਂ ਤੱਤ ਜਿਤਿਆ ਗਿਆ ਸੀ, ਉਹਦੀ ਰਖਿਆ ਕੀਤੀ ਜਾਣੀ ਸੀ। ਇਹ ਕਿਵੇਂ ਕੀਤਾ ਗਿਆ, ਅਸੀਂ ਅਗੇ ਚਲ ਕੇ ਵੇਖਾਂਗੇ।

ਪਰ ਇਚਰ ੧੮੪੮ ਦੇ ਇਨਕਲਾਬ ਨੇ ਸਮੁਚੇ ਦਰਸ਼ਨ ਨੂੰ ਬਿਨਾਂ ਕਿਸੇ ਰਖ ਰਖਾ ਦੇ ਐਨ ਉਸੇ ਤਰ੍ਹਾਂ ਇਕ ਪਾਸੇ ਸੁਟ ਦਿਤਾ ਜਿਵੇਂ ਫ਼ਿਊਰਬਾਖ਼ ਨੇ ਹੀਗਲ ਨੂੰ ਇਕ ਪਾਸੇ ਸੁਟ ਦਿਤਾ ਸੀ। ਅਤੇ ਇਸ ਅਮਲ ਵਿਚ ਖ਼ੁਦ ਫ਼ਿਊਰਬਾਖ਼ ਵੀ ਪਿਛੋਕੜ ਵਿਚ ਧਕ ਦਿਤਾ ਗਿਆ।

II

ਸਾਰੇ ਦਰਸ਼ਨ, ਵਿਸ਼ੇਸ਼ ਤੌਰ ਤੇ ਵਧੇਰੇ ਨਵੀਨ ਸਮੇਂ ਦੇ ਦਰਸ਼ਨ ਦਾ ਬੁਨਿਆਦੀ ਸਵਾਲ ਸੋਚ ਅਤੇ ਹੋਂਦ ਵਿਚਕਾਰ ਸੰਬੰਧ ਹੈ। ਬਹੁਤ ਮੁਢਲੇ ਸਮਿਆਂ ਤੋਂ ਜਦੋਂ ਮਨੁਖ, ਜਿਹੜੇ ਅਜੇ ਆਪਣੇ ਸ੍ਰੀਰਾਂ ਦੀ ਅੰਦਰਲੀ ਬਣਤਰ ਤੋਂ ਉਕਾ ਹੀ ਅਣਜਾਣ ਸਨ, ਸੁਪਨੇ ਵਿਚ ਆਏ ਛਲੇਡਿਆਂ * ਦੇ ਉਤੇਜਕ ਪ੍ਰਭਾਵ ਅਧੀਨ ਇਹ ਮੰਨਣ ਲਗ ਪਏ ਕਿ ਸੋਚ ਅਤੇ ਅਨੁਭਵ ਉਹਨਾਂ ਦੇ ਸ੍ਰੀਰਾਂ ਦੇ ਅਮਲ ਨਹੀਂ ਸਨ ਸਗੋਂ ਇਕ ਸਪਸ਼ਟ ਆਤਮਾ ਦੇ ਅਮਲ ਸਨ, ਜਿਹੜੀ ਸ੍ਰੀਰ ਵਿਚ ਨਿਵਾਸ ਕਰਦੀ ਹੈ ਅਤੇ ਮੌਤ ਸਮੇਂ ਇਹਨੂੰ ਛਡ ਜਾਂਦੀ ਹੈ—ਉਸ ਸਮੇਂ ਤੋਂ ਹੀ ਮਨੁਖ ਇਸ ਆਤਮਾ ਅਤੇ ਬਾਹਰਲੇ ਸੰਸਾਰ ਵਿਚਕਾਰ ਸੰਬੰਧ ਉਤੇ ਵਿਚਾਰ ਕਰਨ ਉਤੇ ਮਜਬੂਰ ਹੋਏ ਹਨ। ਜੇ ਮੌਤ ਦੇ ਸਮੇਂ ਇਹ ਸ੍ਰੀਰ ਛਡ ਜਾਂਦੀ ਹੈ ਅਤੇ ਜਿਉਂਦੀ ਰਹਿੰਦੀ ਹੈ ਤਾਂ ਇਹਦੇ ਲਈ ਇਕ ਹੋਰ ਸਪਸ਼ਟ ਮੌਤ ਘੜਨ ਦੀ ਕੋਈ ਲੋੜ ਨਹੀਂ ਸੀ। ਇਉਂ ਇਹਦੇ ਅਮਰ ਹੋਣ ਦਾ ਵਿਚਾਰ ਉਪਜਿਆ, ਜਿਹੜਾ ਵਿਕਾਸ ਦੇ ਉਸ ਪੜਾਅ ਉਤੇ ਇਕ ਦਿਲਾਸੇ ਵਜੋਂ ਉਕਾ ਹੀ ਨਹੀਂ ਸਗੋਂ ਇਕ ਅਜਿਹੀ ਹੋਣੀ ਵਜੋਂ ਹੋਂਦ ਵਿਚ ਆਇਆ ਜਿਸ ਵਿਰੁਧ ਲੜਨ ਦਾ ਕੋਈ ਲਾਭ ਨਹੀਂ ਸੀ, ਅਤੇ ਅਕਸਰ, ਜਿਵੇਂ ਕਿ ਯੂਨਾਨੀਆਂ ਵਿਚ ਸੀ, ਇਹਨੂੰ ਇਕ ਸਪਸ਼ਟ ਮੰਦਾ ਭਾਗ ਗਿਣਿਆ ਗਿਆ। ਸੰਤੋਖ ਲਈ ਧਾਰਮਕ ਇਛਾ ਨਹੀਂ, ਜਦੋਂ ਇਕ ਵਾਰ ਸ੍ਰੀਰ ਦੀ ਮੌਤ ਤੋਂ ਪਿਛੋਂ ਆਤਮਾ ਦੀ ਹੋਂਦ ਕਬੂਲ ਕਰ ਲਈ ਗਈ ਤਾਂ ਇਹ ਮਸਲੇ ਤੋਂ ਪੈਦਾ ਹੁੰਦੀ ਉਲਝਣ ਦੀ ਆਮ ਵਿਆਪਕ

---

* ਵਹਿਸ਼ੀਆਂ ਅਤੇ ਨੀਵੇਂ ਦਰਜੇ ਦੇ ਜਾਂਗਲੀਆਂ ਵਿਚ ਅਜੇ ਵੀ ਇਹ ਵਿਚਾਰ ਵਿਆਪਕ ਹੈ ਕਿ ਸੁਪਨਿਆਂ ਵਿਚ ਜਿਹੜੇ ਮਨੁਖੀ ਆਕਾਰ ਦਿਸਦੇ ਹਨ, ਉਹ ਆਤਮਾਵਾਂ ਹਨ ਜਿਨ੍ਹਾਂ ਅਸਥਾਈ ਤੌਰ ਉਤੇ ਆਪਣੇ ਸ੍ਰੀਰ ਛਡ ਦਿਤੇ ਹਨ; ਇਸੇ ਲਈ ਸੁਪਨੇ ਵਿਚ ਆਏ ਛਲੇਡੇ ਵਲੋਂ ਸੁਪਨਾ ਲੈਣ ਵਾਲੇ ਵਿਰੁਧ ਕੀਤੇ ਕਰਮਾਂ ਲਈ ਅਸਲੀ ਮਨੁਖ ਨੂੰ ਜ਼ਿਮੇਵਾਰ ਠਹਿਰਾਇਆ ਜਾਂਦਾ ਹੈ। ਮਿਸਾਲ ਵਜੋਂ ਇਮ ਥੁਰਨ ਨੇ ਗੁਈਆਨਾ ਦੇ ਰੈਡ ਇੰਡੀਅਨਾਂ ਵਿਚ ਇਹ ਵਿਚਾਰ ਆਮ ਵੇਖਿਆ।

ਅਗਿਆਨਤਾ, ਕਿ ਇਸ ਆਤਮਾ ਦਾ ਕੀ ਕੀਤਾ ਜਾਵੇ, ਆਮ ਢੰਗ ਨਾਲ ਨਿਜੀ ਅਮਰਤਾ ਦੇ ਅਕਾਊ ਸੰਕਲਪ ਤੱਕ ਲੈ ਗਈ। ਐਨ ਇਸੇ ਤਰ੍ਹਾਂ ਪ੍ਰਾਕਿਰਤਕ ਸ਼ਕਤੀਆਂ ਦੇ ਮਾਨਵੀਕਰਨ ਤੋਂ ਪਹਿਲੇ ਦੇਵਤੇ ਹੋਂਦ ਵਿਚ ਆਏ। ਅਤੇ ਧਰਮਾਂ ਦੇ ਵਧੇਰੇ ਵਿਕਾਸ ਦੇ ਦੌਰਾਨ ਇਹ ਦੇਵਤੇ ਵਧੇਰੇ ਗ਼ੈਰ-ਸੰਸਾਰਕ ਰੂਪ ਧਾਰਨ ਕਰਦੇ ਗਏ, ਇਥੋਂ ਤੱਕ ਕਿ ਅੰਤ ਆਮਿਆਉਣ, ਮੈਂ ਇਹ ਵੀ ਲਗਭਗ ਕਹਿ ਸਕਦਾ ਹਾਂ ਕਿ ਖਿਚਣ ਦੇ ਅਮਲ ਰਾਹੀਂ, ਜਿਹੜਾ ਮਨੁਖ ਦੇ ਬੌਧਕ ਵਿਕਾਸ ਦੇ ਦੌਰਾਨ ਸੁਭਾਵਕ ਤੌਰ ਤੇ ਵਾਪਰਿਆ, ਅਨੇਕਾਂ ਸੀਮਤ ਅਤੇ ਇਕ ਦੂਜੇ ਨੂੰ ਸੀਮਤ ਕਰਨ ਵਾਲੇ ਦੇ ਦੇਵਤਿਆਂ ਵਿਚੋਂ ਮਨੁਖਾਂ ਦੇ ਮਨਾਂ ਵਿਚ ਇਕੀਸ਼ਵਰੀ ਧਰਮਾਂ ਵਾਲੇ ਇਕ ਅਨੰਨ ਰੱਬ ਦਾ ਵਿਚਾਰ ਪੈਦਾ ਹੋਇਆ।

ਇਉਂ ਸੋਚ ਅਤੇ ਹੋਂਦ ਵਿਚਕਾਰ ਸੰਬੰਧ, ਆਤਮਾ ਅਤੇ ਪ੍ਰਕਿਰਤੀ ਵਿਚਕਾਰ ਸੰਬੰਧ ਦੇ ਸਵਾਲ—ਸਮੁਚੇ ਦਰਸ਼ਨ ਦੇ ਸਰਵਉਚ ਸਵਾਲ—ਦੀਆਂ ਜੜ੍ਹਾਂ ਧਰਮ ਵਾਂਗ ਹੀ ਵਹਿਸ਼ਤ ਦੇ ਸਮੇਂ ਦੇ ਸੰਕੀਰਣ ਅਤੇ ਅਗਿਆਨ ਸੰਕਲਪਾਂ ਵਿਚ ਹਨ। ਪਰ ਇਹ ਸਵਾਲ ਪਹਿਲੀ ਵਾਰ ਆਪਣੀ ਪੂਰੀ ਤੀਖਣਤਾ ਨਾਲ ਓਦੋਂ ਹੀ ਚੁਕਿਆ ਜਾ ਸਕਿਆ, ਆਪਣੀ ਪੂਰੀ ਮਹੱਤਤਾ ਓਦੋਂ ਹੀ ਪ੍ਰਾਪਤ ਕਰ ਸਕਿਆ ਜਦੋਂ ਯੂਰਪ ਈਸਾਈ ਮੱਧ-ਕਾਲ ਦੀ ਲੰਮੀ ਨੀਂਦ 'ਚੋਂ ਜਾਗਿਆ। ਹੋਂਦ ਦੇ ਸੰਬੰਧ ਵਿਚ ਸੋਚ ਦਾ ਸਵਾਲ, ਇਕ ਅਜਿਹਾ ਸਵਾਲ, ਜਿਸਨੇ, ਕਿਹਾ ਜਾ ਸਕਦਾ ਹੈ, ਮੱਧ-ਕਾਲ ਦੇ ਪੰਡਤਾਊਵਾਦ ਵਿਚ ਇਕ ਮਹਾਨ ਰੋਲ ਅਦਾ ਕੀਤਾ, ਇਹ ਸਵਾਲ: ਬੁਨਿਆਦੀ ਕੀ ਹੈ, ਆਤਮਾ ਜਾਂ ਪ੍ਰਕਿਰਤੀ—ਈਸਾਈ ਮੱਤ ਦੇ ਸੰਬੰਧ ਵਿਚ ਇਸ ਪ੍ਰਸ਼ਨ ਨੂੰ ਤਿਖਾ ਕਰਕੇ ਇਹ ਬਣਾ ਦਿਤਾ ਗਿਆ: ਕੀ ਰੱਬ ਨੇ ਸੰਸਾਰ ਸਿਰਜਿਆ ਜਾਂ ਸੰਸਾਰ ਦੀ ਸਦੀਵੀ ਹੋਂਦ ਰਹੀ ਹੈ?

ਦਾਰਸ਼ਨਿਕਾਂ ਨੇ ਇਸ ਸਵਾਲ ਦੇ ਜੋ ਜਵਾਬ ਦਿਤੇ ਉਹਨਾਂ ਨੇ ਉਹਨਾਂ ਨੂੰ ਦੋ ਵਡੇ ਧੜਿਆਂ ਵਿਚ ਵੰਡ ਦਿਤਾ। ਜਿਹੜੇ ਪ੍ਰਕਿਰਤੀ ਉਤੇ ਆਤਮਾ ਦੀ ਸਰਦਾਰੀ ਉਤੇ ਜ਼ੋਰ ਦੇਂਦੇ ਸਨ, ਅਤੇ ਇਸੇ ਲਈ, ਅੰਤਲੇ ਵਿਸ਼ਲੇਸ਼ਣ ਵਿਚ, ਕਿਸੇ ਇਕ ਜਾਂ ਦੂਜੇ ਰੂਪ ਵਿਚ ਸੰਸਾਰ ਦੀ ਸਿਰਜਣਾ ਫ਼ਰਜ਼ ਕਰਦੇ ਸਨ—ਅਤੇ ਦਾਰਸ਼ਨਿਕਾਂ ਵਿਚ, ਮਿਸਾਲ ਵਜੋਂ ਹੀਗਲ ਵਿਚ, ਇਹ ਸਿਰਜਣਾ ਈਸਾਈਅਤ ਨਾਲੋਂ ਵਧੇਰੇ ਗੁੰਝਲਦਾਰ ਅਤੇ ਅਸੰਭਵ ਹੋ ਜਾਂਦੀ ਹੈ—ਉਹ ਮਿਲ ਕੇ ਆਦਰਸ਼ਵਾਦ ਦਾ ਧੜਾ ਬਣੇ। ਦੂਜੇ, ਜਿਹੜੇ ਪ੍ਰਕਿਰਤੀ ਨੂੰ ਬੁਨਿਆਦੀ ਖਿਆਲ ਕਰਦੇ ਸਨ, ਪਦਾਰਥਵਾਦ ਦੀਆਂ ਵਖ ਵਖ ਪਰਪਾਟੀਆਂ ਨਾਲ ਸੰਬੰਧ ਰਖਦੇ ਸਨ।

ਇਹਨਾਂ ਦੋ ਸਮੁਦਾਇਆਂ, ਆਦਰਸ਼ਵਾਦ ਅਤੇ ਪਦਾਰਥਵਾਦ, ਦੇ ਮੁਢ ਵਿਚ ਇਸ ਤੋਂ ਵਧ ਕੁਝ ਅਰਥ ਨਹੀਂ ਸਨ ਅਤੇ ਇਥੇ ਵੀ ਇਹ ਕਿਸੇ ਹੋਰ ਅਰਥ ਵਿਚ

ਨਹੀਂ ਵਰਤੇ ਗਏ। ਜਦੋਂ ਇਹਨਾਂ ਵਿਚ ਕੋਈ ਹੋਰ ਅਰਥ ਵਾੜੇ ਜਾਂਦੇ ਹਨ ਤਾਂ ਕਿੰਨੀ ਗੜ-ਬੜ ਹੁੰਦੀ ਹੈ, ਇਹ ਅਸੀਂ ਅਗੇ ਚਲਕੇ ਵੇਖਾਂਗੇ।

ਪਰ ਸੋਚ ਅਤੇ ਹੋਂਦ ਵਿਚਕਾਰ ਸੰਬੰਧ ਦਾ ਇਕ ਹੋਰ ਪੱਖ ਵੀ ਹੈ: ਸਾਡੇ ਆਲੇ ਦੁਆਲੇ ਦੇ ਸੰਸਾਰ ਸੰਬੰਧੀ ਸਾਡੇ ਵਿਚਾਰਾਂ ਦਾ ਖ਼ੁਦ ਇਸ ਸੰਸਾਰ ਨਾਲ ਕੀ ਸੰਬੰਧ ਹੈ? ਕੀ ਸਾਡੀ ਸੋਚ ਯਥਾਰਥਕ ਸੰਸਾਰ ਦਾ ਬੋਧ ਪ੍ਰਾਪਤ ਕਰ ਸਕਦੀ ਹੈ? ਕੀ ਅਸੀਂ ਯਥਾਰਥਕ ਸੰਸਾਰ ਸੰਬੰਧੀ ਆਪਣੇ ਵਿਚਾਰਾਂ ਅਤੇ ਸੰਕਲਪਾਂ ਵਿਚ ਯਥਾਰਥ ਦਾ ਠੀਕ ਪ੍ਰਤਿਬਿੰਬ ਪੇਸ਼ ਕਰ ਸਕਦੇ ਹਾਂ? ਦਾਰਸ਼ਨਿਕ ਭਾਸ਼ਾ ਵਿਚ ਇਸ ਸਵਾਲ ਨੂੰ ਸੋਚ ਅਤੇ ਹੋਂਦ ਦੀ ਇਕੱਤਾ ਦਾ ਸਵਾਲ ਕਿਹਾ ਜਾਂਦਾ ਹੈ ਅਤੇ ਦਾਰਸ਼ਨਿਕਾਂ ਦੀ ਭਾਰੂ ਬਹੁ-ਗਿਣਤੀ ਇਹਦਾ ਉਤਰ ਹਾਂ ਵਿਚ ਦੇਂਦੀ ਹੈ। ਮਿਸਾਲ ਵਜੋਂ ਹੀਗਲ ਵਿਚ ਇਸਦੀ ਪ੍ਰਵਾਨਗੀ ਸਵੈ-ਪ੍ਰਤਖ ਹੈ: ਕਿਉਂਕਿ ਯਥਾਰਥਕ ਸੰਸਾਰ ਵਿਚ ਅਸੀਂ ਜਿਸ ਗੱਲ ਨੂੰ ਪ੍ਰਵਾਨ ਕਰਦੇ ਹਾਂ, ਉਹ ਇਹਦਾ ਸੋਚ-ਤੱਤ ਹੈ—ਉਹ ਜਿਹੜਾ ਸੰਸਾਰ ਨੂੰ ਨਿਹਕੇਵਲ ਵਿਚਾਰ ਦੀ ਦਰਜੇਵਾਰ ਪ੍ਰਾਪਤੀ ਬਣਾਉਂਦਾ ਹੈ, ਜਿਸ ਨਿਹਕੇਵਲ ਵਿਚਾਰ ਦੀ ਕਿਧਰੇ ਅਨੰਤਤਾ ਤੋਂ, ਸੰਸਾਰ ਤੋਂ ਸੁਤੰਤਰ ਅਤੇ ਸੰਸਾਰ ਤੋਂ ਪਹਿਲਾਂ ਹੋਂਦ ਰਹੀ ਹੈ। ਪਰ ਇਹ ਗੱਲ ਹੋਰ ਸਬੂਤ ਤੋਂ ਬਿਨਾਂ ਪ੍ਰਤੱਖ ਹੈ ਕਿ ਸੋਚ ਅਜਿਹੇ ਤੱਤ ਨੂੰ ਜਾਣ ਸਕਦੀ ਹੈ, ਜਿਹੜਾ ਮੁਢ ਤੋਂ ਹੀ ਵਿਚਾਰ-ਤੱਤ ਹੈ। ਇਹ ਗੱਲ ਵੀ ਉਸੇ ਤਰ੍ਹਾਂ ਪ੍ਰਤੱਖ ਹੈ ਕਿ ਇਥੇ ਜੋ ਕੁਝ ਸਾਬਤ ਕੀਤਾ ਜਾਣਾ ਹੈ ਉਹ ਪਹਿਲੀ ਮਨੌਤ ਵਿਚ ਅਣਕਹੇ ਤੌਰ ਤੇ ਪਹਿਲਾਂ ਹੀ ਮੌਜੂਦ ਹੈ। ਪਰ ਇਹ ਗੱਲ ਕਿਸੇ ਵੀ ਤਰ੍ਹਾਂ ਹੀਗਲ ਨੂੰ ਆਪਣੇ ਸੋਚ ਅਤੇ ਹੋਂਦ ਦੀ ਇਕੱਠਾ ਦੇ ਸਬੂਤ ਤੋਂ ਇਕ ਹੋਰ ਸਿੱਟਾ ਕੱਢਣੋਂ ਨਹੀਂ ਰੋਕਦੀ ਕਿ ਕਿਉਂਕਿ ਉਹਦਾ ਦਰਸ਼ਨ ਉਹਦੀ ਸੋਚ ਲਈ ਠੀਕ ਹੈ ਇਸ ਲਈ ਇਹ ਇਕੋ ਇਕ ਠੀਕ ਦਰਸ਼ਨ ਹੈ ਅਤੇ ਇਹ ਲਾਜ਼ਮੀ ਹੈ ਕਿ ਮਨੁਖਜਾਤੀ ਇਕ ਦਮ ਉਹਦੇ ਦਰਸ਼ਨ ਨੂੰ ਸਿਧਾਂਤ ਤੋਂ ਅਮਲ ਵਿਚ ਤਬਦੀਲ ਕਰੇ ਅਤੇ ਸਮੁਚੇ ਸੰਸਾਰ ਨੂੰ ਹੀਗਲਵਾਦੀ ਅਸੂਲਾਂ ਅਨੁਸਾਰ ਨਵੇਂ ਸਿਰਿਉਂ ਢਾਲਣ ਰਾਹੀਂ ਸੋਚ ਅਤੇ ਹੋਂਦ ਦੀ ਇਕੱਤਾ ਦੀ ਆਪਣੀ ਪ੍ਰਮਾਣਤਾ ਸਾਬਤ ਕਰੇ। ਇਹ ਇਕ ਭਰਮ ਹੈ ਜਿਹੜਾ ਉਹਦੇ ਅਤੇ ਲਗਭਗ ਹੋਰਨਾਂ ਸਭਨਾਂ ਦਾਰਸ਼ਨਿਕਾਂ ਵਿਚ ਸਾਂਝਾ ਹੈ।

ਇਹਨਾਂ ਤੋਂ ਬਿਨਾਂ ਦਾਰਸ਼ਨਿਕਾਂ ਦੀ ਇਕ ਵਖਰੀ ਲੜੀ ਵੀ ਹੈ—ਉਹ ਜਿਹੜੇ ਸੰਸਾਰ ਦੇ ਕਿਸੇ ਵੀ ਬੋਧ, ਜਾਂ ਘਟੋ ਘਟ ਸਰਬੰਗੀ ਬੋਧ ਦੀ ਸੰਭਾਵਨਾ ਤੋਂ ਇਨਕਾਰੀ ਹਨ। ਉਹਨਾਂ ਵਿਚ, ਨਵੀਨ ਜੁਗ ਦੇ ਦਾਰਸ਼ਨਿਕਾਂ ਵਿਚੋਂ ਕਾਂਟ ਅਤੇ ਹਿਊਮ ਸ਼ਾਮਲ ਹਨ, ਅਤੇ ਉਹਨਾਂ ਨੇ ਦਾਰਸ਼ਨਿਕ ਵਿਕਾਸ ਵਿਚ ਇਕ ਬਹੁਤ ਮਹਤਵ-ਪੂਰਨ ਰੋਲ ਅਦਾ ਕੀਤਾ ਹੈ। ਇਸ ਵਿਚਾਰ ਨੂੰ ਰੱਦ ਕਰਨ ਲਈ ਜੋ ਕੁਝ ਨਿਰਣਾਇਕ ਸੀ ਉਹ ਹੀਗਲ ਨੇ ਕਹਿ ਦਿਤਾ ਹੈ, ਘਟੋ ਘਟ ਜਿਥੋਂ ਤੱਕ

ਆਦਰਸ਼ਵਾਦੀ ਦ੍ਰਿਸ਼ਟੀਕੋਣ ਤੋਂ ਸੰਭਵ ਸੀ। ਫ਼ਿਊਰਬਾਖ ਨੇ ਜਿਹੜੇ ਪਦਾਰਥਵਾਦੀ ਵਾਧੇ ਕੀਤੇ ਹਨ ਉਹ ਇੱਨੇ ਡੂੰਘੇ ਨਹੀਂ ਜਿੰਨੇ ਹਿਕਮਤੀ ਹਨ। ਬਾਕੀ ਸਭਨਾਂ ਦਾਰਸ਼ਨਿਕ ਬੁਣਤੀਆਂ ਵਾਂਗ ਇਹਦਾ ਵੀ ਕਾਰੀ ਤੋੜ ਅਮਲ, ਅਰਥਾਤ, ਤਜਰਬਾ ਅਤੇ ਸਨਅਤ ਹੈ। ਜੇ ਅਸੀਂ ਕਿਸੇ ਪ੍ਰਾਕਿਰਤਕ ਅਮਲ ਦੇ ਆਪਣੇ ਸੰਕਲਪ ਦਾ ਠੀਕ ਹੋਣਾ ਇਹਨੂੰ ਖ਼ੁਦ ਬਣਾ ਕੇ, ਇਹਨੂੰ ਇਹਦੀਆਂ ਪ੍ਰਸਥਿਤੀਆਂ ਵਿਚੋਂ ਹੋਂਦ ਵਿਚ ਲਿਆ ਕੇ ਸਾਬਤ ਕਰ ਸਕਦੇ ਹਾਂ, ਅਤੇ ਇਹੋ ਨਹੀਂ ਸਗੋਂ ਇਹਨੂੰ ਆਪਣਾ ਮੰਤਵ ਪੂਰਾ ਕਰਨ ਲਈ ਲਗਾ ਸਕਦੇ ਹਾਂ ਤਾਂ ਇਹ ਕਾਂਟਵਾਦੀ ਪਹੁੰਚੋਂ-ਬਾਹਰੀ "ਆਪਣੇ-ਆਪ-ਵਿਚ-ਵਸਤ" ਦਾ ਅੰਤ ਹੈ। ਬੂਟਿਆਂ ਅਤੇ ਪਸ਼ੂਆਂ ਦੇ ਸ੍ਰੀਰਾਂ ਵਿਚ ਪੈਦਾ ਹੁੰਦੇ ਰਸਾਇਣੀ ਪਦਾਰਥ ਉਸ ਸਮੇਂ ਤੱਕ ਅਜਿਹੀਆਂ ਹੀ "ਆਪਣੇ-ਆਪ-ਵਿਚ-ਵਸਤਾਂ" ਰਹੇ ਜਦੋਂ ਤੱਕ ਜਲ-ਕਾਰਬਨੀ ਰਸਾਇਣ-ਵਿਗਿਆਨ ਨੇ ਇਹਨਾਂ ਵਿਚੋਂ ਇਕ ਤੋਂ ਪਿਛੋਂ ਦੂਜੇ ਨੂੰ ਤਿਆਰ ਕਰਨਾ ਨਾ ਸ਼ੁਰੂ ਕਰ ਦਿਤਾ, ਜਿਸ ਤੋਂ ਪਿਛੋਂ "ਆਪਣੇ-ਆਪ-ਵਿਚ-ਵਸਤ" ਸਾਡੇ ਲਈ ਇਕ ਵਸਤ ਬਣ ਗਈ, ਜਿਵੇਂ, ਮਿਸਾਲ ਵਜੋਂ, ਅਸੀਂ ਅਲੀਜ਼ਾਰਿਨ, ਜਿਹੜਾ ਮਜੀਠ ਦਾ ਰੰਗਣ ਵਾਲਾ ਅੰਸ਼ ਹੈ, ਹੁਣ ਖੇਤਾਂ ਵਿਚ ਮਜੀਠ ਦੀਆਂ ਜੜ੍ਹਾਂ ਵਿਚ ਪੈਦਾ ਨਹੀਂ ਕਰਦੇ ਸਗੋਂ ਕਿਤੇ ਵਧੇਰੇ ਘਟ ਖ਼ਰਚੇ ਉਤੇ ਅਤੇ ਸਾਦਾ ਢੰਗ ਨਾਲ ਕੋਲਤਾਰ ਤੋਂ ਤਿਆਰ ਕਰਦੇ ਹਾਂ। ਤਿੰਨ ਸੌ ਵਰ੍ਹੇ ਤੱਕ ਕਾਪਰਨੀਕਸਵਾਦੀ ਸੂਰਜ-ਮੰਡਲੀ ਪ੍ਰਣਾਲੀ ਇਕ ਮਿਥ ਸੀ, ਜਿਸਦੇ ਹੱਕ ਵਿਚ ਇਕ ਦੇ ਮੁਕਾਬਲੇ ਤੇ ਸੌ, ਹਜ਼ਾਰ ਜਾਂ ਦਸ ਹਜ਼ਾਰ ਸੰਭਾਵਨਾਵਾਂ ਸਨ, ਪਰ ਇਹਦੇ ਬਾਵਜੂਦ ਇਹ ਸਦਾ ਇਕ ਮਿਥ ਹੀ ਸੀ। ਪਰ ਜਦੋਂ ਲੇਵੇਰੀਯੇ ਨੇ ਇਸ ਪ੍ਰਣਾਲੀ ਦੀ ਵਰਤੋਂ ਕਰਕੇ ਨਾ ਕੇਵਲ ਇਕ ਅਣਜਾਣੇ ਨਛੱਤਰ ਦੀ ਹੋਂਦ ਸਾਬਤ ਕੀਤੀ ਸਗੋਂ ਆਕਾਸ਼ ਵਿਚ ਉਸ ਥਾਂ ਦਾ ਵੀ ਹਿਸਾਬ ਕਿਤਾਬ ਲਾਇਆ, ਜਿਸ ਥਾਂ ਇਹ ਨਛੱਤਰ ਹੋਣਾ ਚਾਹੀਦਾ ਹੈ ਅਤੇ ਗਾਲੇ ਨੇ ਸਚ ਮੁਚ ਇਹ ਨਛੱਤਰ[116] ਲਭ ਲਿਆ ਤਾਂ ਕਾਪਰਨੀਕਸਵਾਦੀ ਪ੍ਰਣਾਲੀ ਠੀਕ ਸਾਬਤ ਹੋ ਗਈ। ਜੇ, ਸਭ ਕੁਝ ਦੇ ਬਾਵਜੂਦ, ਨਵ-ਕਾਂਟਵਾਦੀ ਜਰਮਨੀ ਵਿਚ ਕਾਂਟਵਾਦੀ ਸੰਕਲਪ ਨੂੰ ਅਤੇ ਅਬੋਧਵਾਦੀ ਇੰਗਲੈਂਡ ਵਿਚ (ਜਿਥੇ ਇਹ ਕਦੇ ਖ਼ਤਮ ਹੋਇਆ ਹੀ ਨਹੀਂ) ਹਿਊਮਵਾਦ ਨੂੰ ਸੁਰਜੀਤ ਕਰਨ ਦਾ ਜਤਨ ਕਰ ਰਹੇ ਹਨ, ਤਾਂ ਇਹ, ਲੰਮਾ ਸਮਾਂ ਪਹਿਲਾਂ ਉਹਨਾਂ ਦੇ ਸਿਧਾਂਤ ਅਤੇ ਅਮਲ ਵਿਚ ਰੱਦ ਕੀਤੇ ਜਾਣ ਨੂੰ ਮੁਖ ਰਖਦੇ ਹੋਏ, ਵਿਗਿਆਨਕ ਤੌਰ ਉਤੇ ਅਵੁੱਨਤੀ ਹੈ ਅਤੇ, ਸੰਸਾਰ ਸਾਹਮਣੇ ਇਸਤੋਂ ਇਨਕਾਰ ਕਰਦੇ ਹੋਏ ਅਮਲ ਵਿਚ ਪਦਾਰਥਵਾਦ ਨੂੰ ਚੋਰੀ ਚੋਰੀ ਕਬੂਲ ਕਰਨ ਦਾ ਇਕ ਝੇਪੂ ਢੰਗ ਹੈ।

ਪਰ ਡੇਸਕਾਰਟ ਤੋਂ ਹੀਗਲ ਤੱਕ ਅਤੇ ਹਾਬਸ ਤੋਂ ਫ਼ਿਊਰਬਾਖ਼ ਤੱਕ ਇਸ ਲੰਮੇ ਸਮੇਂ ਵਿਚ ਦਾਰਸ਼ਨਿਕ ਕਿਸੇ ਵੀ ਤਰ੍ਹਾਂ ਖ਼ਾਲਸ ਤਰਕ ਤੋਂ ਪ੍ਰੇਰਤ ਨਹੀਂ ਹੋਏ, ਜਿਹਾ

ਕਿ ਉਹ ਸੋਚਦੇ ਰਹੇ ਹਨ। ਇਹਦੇ ਉਲਟ ਜਿਸ ਗੱਲ ਨੇ ਸਚ ਮੁਚ ਉਹਨਾਂ ਨੂੰ ਅਗੇ ਵੱਲ ਧਕਿਆ ਉਹ ਪ੍ਰਾਕਿਰਤਕ ਵਿਗਿਆਨ ਅਤੇ ਸਨਅਤ ਦੀ ਤੇਜ਼ੀ ਨਾਲ ਵਧਦੀ ਹੋਈ ਉੱਨਤੀ ਸੀ। ਪਦਾਰਥਵਾਦੀਆਂ ਵਿਚ ਇਹ ਗੱਲ ਉਪਰੋ-ਉਪਰੀ ਵੀ ਸਪਸ਼ਟ ਸੀ ਪਰ ਆਦਰਸ਼ਵਾਦੀ ਪ੍ਰਣਾਲੀਆਂ ਨੇ ਵੀ ਆਪਣੇ ਆਪ ਨੂੰ ਸਦਾ ਵਧੇਰੇ ਪਦਾਰਥਵਾਦੀ ਤੱਤ ਨਾਲ ਭਰਨਾ ਸ਼ੁਰੂ ਕਰ ਦਿਤਾ ਅਤੇ ਬਹੁ-ਈਸ਼ਵਰਵਾਦੀ ਢੰਗ ਨਾਲ ਮਨ ਅਤੇ ਪਦਾਰਥ ਵਿਚਕਾਰ ਟਕਰਾਉ ਨੂੰ ਮਿਲਾਉਣ ਦਾ ਜਤਨ ਕੀਤਾ। ਸੋ, ਅੰਤ ਵਿਚ, ਹੀਗਲਵਾਦ ਆਦਰਸ਼ਵਾਦੀ ਢੰਗ ਨਾਲ ਵਿੱਧੀ ਅਤੇ ਤੱਤ ਵਿਚ ਸਿਰ ਭਾਰ ਖੜਾ ਕੀਤਾ ਪਦਾਰਥਵਾਦ ਹੀ ਹੈ।

ਇਸ ਲਈ ਇਹ ਗੱਲ ਸਮਝ ਆਉਣ ਵਾਲੀ ਹੈ ਕਿ ਫ਼ਿਊਰਬਾਖ਼ ਦੇ ਆਪਣੇ ਲਛਣੀਕਰਣ ਵਿਚ ਸ਼ਟਾਰਕੇ ਸਭ ਤੋਂ ਪਹਿਲਾਂ ਸੋਚ ਅਤੇ ਹੋਂਦ ਦੇ ਸੰਬੰਧ ਦੇ ਬੁਨਿਆਦੀ ਸਵਾਲ ਬਾਰੇ ਉਹਦੇ ਵਿਚਾਰਾਂ ਦੀ ਪੜਤਾਲ ਕਰਦਾ ਹੈ। ਇਕ ਸੰਖੇਪ ਮੁਖ-ਬੰਧ ਪਿਛੋਂ, ਜਿਸ ਵਿਚ ਪਹਿਲੇ ਦੇ ਦਾਰਸ਼ਨਿਕਾਂ, ਵਿਸ਼ੇਸ਼ ਤੌਰ ਤੇ ਕਾਂਟ ਦੇ ਸਮੇਂ ਤੋਂ ਦੇ ਦਾਰਸ਼ਨਿਕਾਂ ਦਾ ਜ਼ਿਕਰ ਬੇਲੋੜੀ ਬੋਝਲ ਦਾਰਸ਼ਨਿਕ ਭਾਸ਼ਾ ਵਿਚ ਕੀਤਾ ਗਿਆ ਹੈ, ਅਤੇ ਜਿਸ ਵਿਚ, ਉਹਦੀਆਂ ਕਿਰਤਾਂ ਦੇ ਕੁਝ ਟੋਟਕਿਆਂ ਉਤੇ ਅਤਿ ਦੇ ਰਸਮੀ ਢੰਗ ਨਾਲ ਕਾਇਮ ਰਹਿ ਕੇ, ਹੀਗਲ ਨੂੰ ਉਹਦੇ ਹੱਕ ਤੋਂ ਬਹੁਤ ਘਟ ਦਿਤਾ ਗਿਆ ਹੈ, ਫ਼ਿਊਰਬਾਖ਼ ਦੇ "ਪਰਾਭੌਤਿਕਵਾਦ" ਦੇ ਆਪਣੇ ਵਿਕਾਸ ਦੇ ਦੌਰ ਦਾ ਵਿਸਥਾਰ-ਪੂਰਵਕ ਵਿਵਰਣ ਦਿਤਾ ਗਿਆ ਹੈ, ਜਿਵੇਂ ਇਹ ਦੌਰ ਇਸ ਦਾਰਸ਼ਨਿਕ ਦੀਆਂ ਉਹਨਾਂ ਲਿਖਤਾਂ ਵਿਚ ਪ੍ਰਤਿਬਿੰਬਤ ਹੋਇਆ ਜਿਨ੍ਹਾਂ ਦਾ ਇਸ ਨਾਲ ਸੰਬੰਧ ਹੈ। ਇਹ ਵਿਵਰਣ ਬੜੀ ਮਿਹਨਤ ਨਾਲ ਅਤੇ ਬੜੀ ਸਪਸ਼ਟਤਾ ਨਾਲ ਵਿਸਥਾਰਿਆ ਗਿਆ ਹੈ; ਕੇਵਲ, ਸਾਰੀ ਪੁਸਤਕ ਵਾਂਗ, ਇਹ ਦਾਰਸ਼ਨਿਕ ਫ਼ਿਕਰੇਬਾਜ਼ੀ ਦੇ ਵਾਧੂ ਭਾਰ ਨਾਲ ਬੋਝਲ ਹੈ, ਭਾਵੇਂ ਹਰ ਥਾਂ ਇਸਤੋਂ ਛੁਟਕਾਰਾ ਨਹੀਂ ਪਾਇਆ ਜਾ ਸਕਦਾ, ਅਤੇ ਜਿੰਨਾ ਘਟ ਲੇਖਕ ਆਪਣੇ ਆਪ ਨੂੰ ਇਕੋ ਇਕ ਪਰਪਾਟੀ ਦੇ ਜਾਂ ਇਥੋਂ ਤੱਕ ਕਿ ਫ਼ਿਊਰਬਾਖ਼ ਦੇ ਬਿਆਨ ਦੇ ਢੰਗ ਤੱਕ ਸੀਮਤ ਰਖਦਾ ਹੈ ਅਤੇ ਜਿੰਨਾ ਵਧੇਰੇ ਉਹ ਬਹੁਤ ਵਖ ਵਖ ਪ੍ਰਵਿਰਤੀਆਂ ਦੇ, ਵਿਸ਼ੇਸ਼ ਤੌਰ ਉਤੇ ਉਹਨਾਂ ਪ੍ਰਵਿਰਤੀਆਂ ਦੇ ਜਿਹੜੀਆਂ ਅਜ ਕੱਲ ਪ੍ਰਚੱਲਤ ਹਨ ਅਤੇ ਆਪਣੇ ਆਪ ਨੂੰ ਦਾਰਸ਼ਨਿਕ ਕਹਿੰਦੀਆਂ ਹਨ, ਵਾਕੰਸ਼ਾਂ ਨੂੰ ਇਸ ਵਿਚ ਵਾੜਦਾ ਹੈ, ਉੱਨਾ ਵਧੇਰੇ ਇਹ ਆਪਣੇ ਅਸਰ ਵਿਚ ਤੌਖਲਾ ਪੈਦਾ ਕਰਨ ਵਾਲਾ ਹੈ।

ਫ਼ਿਊਰਬਾਖ਼ ਦੇ ਵਿਕਾਸ ਦਾ ਰੌਂ ਇਕ ਹੀਗਲਵਾਦੀ—ਇਹ ਠੀਕ ਹੈ ਕਿ ਕਦੇ ਵੀ ਪੂਰੇ ਸਨਾਤਨੀ ਹੀਗਲਵਾਦੀ ਨਹੀਂ—ਦੇ ਇਕ ਪਦਾਰਥਵਾਦੀ ਵਿਚ ਬਦਲਣ ਦਾ ਰੌਂ ਹੈ; ਇਕ ਅਜਿਹਾ ਵਿਕਾਸ ਜਿਹੜਾ ਇਕ ਸਪਸ਼ਟ ਪੜਾਅ ਉਤੇ ਆਪਣੇ ਤੋਂ ਪਹਿਲਾਂ ਦੀ ਆਦਰਸ਼ਵਾਦੀ ਪ੍ਰਣਾਲੀ ਨਾਲ ਪੂਰੇ ਤੋੜ-ਵਿਛੋੜੇ ਦੀ ਮੰਗ

ਕਰਦਾ ਹੈ। ਅੰਤ ਵਿਚ ਅਰੁਕ ਸ਼ਕਤੀ ਨਾਲ ਫ਼ਿਊਰਬਾਖ਼ ਇਸ ਅਨੁਭਵ ਉਤੇ ਅਪੜਦਾ ਹੈ ਕਿ "ਨਿਹਕੇਵਲ ਵਿਚਾਰ" ਦੀ ਹੀਗਲਵਾਦੀ ਪੂਰਵ-ਸੰਸਾਰਕ ਹੋਂਦ ਸੰਸਾਰ ਦੇ ਹੋਂਦ ਵਿਚ ਆਉਣ ਤੋਂ ਪਹਿਲਾਂ "ਮੰਤਕੀ ਪਟੀਆਂ ਦੀ ਪੂਰਵ-ਹੋਂਦ", ਕਿਸੇ ਪਰਾ-ਸੰਸਾਰੀ ਰਚਣਹਾਰੇ ਦੀ ਹੋਂਦ ਵਿਚ ਨਿਸ਼ਚੇ ਦੀ ਅਣੋਖੀ ਰਹਿੰਦ-ਖੂੰਹਦ ਤੋਂ ਬਿਨਾਂ ਹੋਰ ਕੁਝ ਨਹੀਂ; ਕਿ ਪਦਾਰਥਕ, ਗਿਆਨ-ਇੰਦਰੀਆਂ ਰਾਹੀਂ ਅਨੁਭਵ ਹੋ ਸਕਣ ਵਾਲਾ ਸੰਸਾਰ ਜਿਸ ਵਿਚ ਅਸੀਂ ਆਪ ਸ਼ਾਮਲ ਹਾਂ, ਇਕੋ ਇਕ ਯਥਾਰਥ ਹੈ ਅਤੇ ਸਾਡੀ ਚੇਤਨਤਾ ਅਤੇ ਸੋਚ, ਭਾਵੇਂ ਉਹ ਕਿੰਨੇ ਪਰਾ-ਇੰਦਰਿਆਵੀ ਕਿਉਂ ਨਾ ਜਾਪਣ, ਇਕ ਪਦਾਰਥਕ, ਸਰੀਰਕ ਅੰਗ, ਦਿਮਾਗ ਦੀ ਉਪਜ ਹਨ। ਪਦਾਰਥ ਮਨ ਦੀ ਉਪਜ ਨਹੀਂ ਸਗੋਂ ਮਨ ਪਦਾਰਥ ਦੀ ਸਰਵਉਚ ਉਪਜ ਹੈ। ਨਿਰਸੰਦੇਹ ਇਹ ਨਰੋਲ ਪਦਾਰਥਵਾਦ ਹੈ। ਪਰ ਇਥੋਂ ਤੱਕ ਵਧ ਕੇ ਫ਼ਿਊਰਬਾਖ਼ ਅਚਣਚੇਤ ਹੀ ਰੁਕ ਜਾਂਦਾ ਹੈ। ਉਹ ਰਵਾਇਤੀ ਦਾਰਸ਼ਨਿਕ ਤਅਸਬ ਉਤੇ ਕਾਬੂ ਨਹੀਂ ਪਾ ਸਕਦਾ, ਖ਼ੁਦ ਵਸਤ ਵਿਰੁਧ ਨਹੀਂ ਸਗੋਂ "ਪਦਾਰਥਵਾਦ" ਦੇ ਨਾਂ ਵਿਰੁਧ ਤਅਸਬ ਉਤੇ। ਉਹ ਕਹਿੰਦਾ ਹੈ:

> "ਮੇਰੇ ਲਈ ਪਦਾਰਥਵਾਦ ਮਨੁਖੀ ਤੱਤ ਅਤੇ ਗਿਆਨ ਦੀ ਉਸਾਰੀ ਦੀ ਬੁਨਿਆਦ ਹੈ; ਪਰ ਮੇਰੇ ਲਈ ਇਹ ਉਹ ਕੁਝ ਨਹੀਂ ਜੋ ਇਹ ਸਰੀਰ-ਵਿਗਿਆਨੀ ਲਈ, ਪ੍ਰਾਕਿਰਤਕ ਵਿਗਿਆਨੀ ਲਈ, ਮਿਸਾਲ ਵਜੋਂ ਮੋਲੇਸ਼ੋਟ ਲਈ, ਸੌੜੇ ਅਰਥਾਂ ਵਿਚ ਹੈ; ਅਤੇ ਉਹਨਾਂ ਦੇ ਦ੍ਰਿਸ਼ਟੀਕੋਣ ਅਤੇ ਕਿੱਤੇ ਲਈ ਜੋ ਕੁਝ ਇਹ ਹੈ, ਅਰਥਾਤ, ਖ਼ੁਦ ਬਣਤਰ। ਪਿਛੇ ਵੱਲ ਮੈਂ ਪੂਰੀ ਤਰ੍ਹਾਂ ਪਦਾਰਥਵਾਦੀਆਂ ਨਾਲ ਸਹਿਮਤ ਹਾਂ; ਪਰ ਅਗੇ ਵੱਲ ਨਹੀਂ।"

ਇਥੇ ਫ਼ਿਊਰਬਾਖ਼ ਪਦਾਰਥ ਅਤੇ ਮਨ ਵਿਚਕਾਰ ਸੰਬੰਧਾਂ ਦੇ ਸਪਸ਼ਟ ਸੰਕਲਪ ਉਤੇ ਟੇਕ ਰਖਣ ਵਾਲੇ ਆਮ ਸੰਸਾਰ ਦ੍ਰਿਸ਼ਟੀਕੋਣ ਵਜੋਂ ਪਦਾਰਥਵਾਦ ਨੂੰ ਅਤੇ ਇਸ ਸੰਸਾਰ ਦ੍ਰਿਸ਼ਟੀਕੋਣ ਦੇ ਉਸ ਵਿਸ਼ੇਸ਼ ਰੂਪ ਨੂੰ ਜਿਸ ਵਿਚ ਇਹ ਇਕ ਸਪਸ਼ਟ ਇਤਿਹਾਸਕ ਪੜਾਅ ਸਮੇਂ, ਅਰਥਾਤ ਅਠਾਰ੍ਹਵੀਂ ਸਦੀ ਵਿਚ, ਪ੍ਰਗਟ ਹੋਇਆ, ਇਕੋ ਰਸੇ ਬੰਨ੍ਹ ਦੇਂਦਾ ਹੈ। ਇਸ ਤੋਂ ਵੀ ਵਧ, ਉਹ ਇਹਨੂੰ ਉਸ ਪੇਤਲੇ ਗੰਵਾਰੂ ਰੂਪ ਨਾਲ ਇਕੋ ਰਸੇ ਬੰਨ੍ਹ ਦੇਂਦਾ ਹੈ ਜਿਸ ਵਿਚ ਅਠਾਰ੍ਹਵੀਂ ਸਦੀ ਦਾ ਪਦਾਰਥਵਾਦ ਅਜ ਪ੍ਰਕਿਰਤੀ-ਵਿਗਿਆਨੀਆਂ ਅਤੇ ਚਕਿਤਸਕਾਂ ਵਿਚ ਜਿਊਂਦਾ ਰਹਿ ਰਿਹਾ ਹੈ, ਉਹ ਰੂਪ ਜਿਹੜਾ ਛੇਵੇਂ ਦਹਾਕੇ ਵਿਚ ਬਿਊਖ਼ਨਰ, ਫ਼ੋਗਟ ਅਤੇ ਮੋਲੇਸ਼ੋਟ ਨੇ ਆਪਣੇ ਦੌਰਿਆਂ ਸਮੇਂ ਪ੍ਰਚਾਰਿਆ। ਪਰ ਜਿਵੇਂ ਆਦਰਸ਼ਵਾਦ ਵਿਕਾਸ ਦੇ ਪੜਾਆਂ ਦੀ ਪੂਰੀ ਲੜੀ ਵਿਚੋਂ ਲੰਘਿਆ, ਉਸੇ ਤਰ੍ਹਾਂ ਪਦਾਰਥਵਾਦ ਵੀ ਲੰਘਿਆ। ਪ੍ਰਾਕਿਰਤਕ ਵਿਗਿਆਨਾਂ ਦੇ ਖੇਤਰ ਵਿਚ ਵੀ ਹਰ ਜੁਗ-ਪਲਟਾਊ ਲਭਤ ਨਾਲ ਇਹਨੂੰ ਆਪਣਾ

ਰੂਪ ਬਦਲਣਾ ਪਿਆ; ਅਤੇ ਜਦੋਂ ਇਤਿਹਾਸ ਨੂੰ ਵੀ ਪਦਾਰਥਵਾਦੀ ਢੰਗ ਨਾਲ ਜੋਖਿਆ ਗਿਆ, ਇਥੇ ਵੀ ਵਿਕਾਸ ਦੀ ਇਕ ਨਵੀਂ ਸ਼ਾਹਰਾਹ ਖੁਲ੍ਹ ਗਈ ਹੈ।

ਅਠਾਰ੍ਹਵੀਂ ਸਦੀ ਦਾ ਪਦਾਰਥਵਾਦ ਮੁਖ ਤੌਰ ਤੇ ਯਾਂਤਰਿਕ ਸੀ ਕਿਉਂਕਿ ਸਭਨਾਂ ਪ੍ਰਾਕਿਰਤਕ ਵਿਗਿਆਨਾਂ ਵਿਚੋਂ ਕੇਵਲ ਗਤੀ-ਵਿਗਿਆਨ, ਅਤੇ ਨਿਰਸੰਦੇਹ ਉਹ ਵੀ ਨਿੱਗਰ ਪਦਾਰਥਾਂ—ਅਸਮਾਨੀ ਅਤੇ ਜ਼ਮੀਨੀ—ਦਾ ਗਤੀ-ਵਿਗਿਆਨ, ਅਰਥਾਤ ਧਰਤ-ਖਿਚ ਦਾ ਗਤੀ-ਵਿਗਿਆਨ ਹੀ ਸਪਸ਼ਟ ਅੰਤ ਤੱਕ ਅਪੜਿਆ ਸੀ। ਰਸਾਇਣ-ਵਿਗਿਆਨ ਦੀ ਉਸ ਸਮੇਂ ਬਚਗਾਨਾ ਫਲੋਜਿਸਟਿਕ[117] ਰੂਪ ਵਿਚ ਹੋਂਦ ਸੀ। ਜੀਵ-ਵਿਗਿਆਨ ਅਜੇ ਪੋਤੜਿਆਂ ਵਿਚ ਹੀ ਸੀ; ਬਨਸਪਤੀ ਅਤੇ ਪਸ਼ੂ ਸਰੀਰਕ-ਪ੍ਰਬੰਧ ਨੂੰ ਅਜੇ ਮੋਟੇ ਤੌਰ ਉਤੇ ਹੀ ਘੋਖਿਆ ਗਿਆ ਸੀ ਅਤੇ ਉਹਨਾਂ ਦੀ ਵਿਆਖਿਆ ਕੇਵਲ ਗਤੀ-ਵਿਗਿਆਨਕ ਕਾਰਨਾਂ ਦਾ ਸਿੱਟਾ ਕਰਕੇ ਹੀ ਕੀਤੀ ਜਾਂਦੀ ਸੀ। ਜੋ ਕੁਝ ਪਸ਼ੂ ਡੇਸਕਾਰਟ ਲਈ ਸੀ, ਉਹੋ ਕੁਝ ਅਠਾਰ੍ਹਵੀਂ ਸਦੀ ਦੇ ਪਦਾਰਥਵਾਦੀਆਂ ਲਈ ਮਨੁਖ ਸੀ—ਇਕ ਮਸ਼ੀਨ। ਗਤੀ-ਵਿਗਿਆਨ ਦੀਆਂ ਪਧਰਾਂ ਨੂੰ ਰਸਾਇਣੀ ਅਤੇ ਜੀਵੀ ਅਮਲਾਂ ਉਤੇ ਅਨੰਨ ਤੌਰ ਤੇ ਲਾਗੂ ਕਰਨਾ—ਇਹਨਾਂ ਅਮਲਾਂ ਵਿਚ ਵੀ ਨਿਰਸੰਦੇਹ ਗਤੀ-ਵਿਗਿਆਨ ਦੇ ਨਿਯਮ ਜਾਇਜ਼ ਹਨ, ਪਰ ਹੋਰ, ਉਚੇਰੇ ਨਿਯਮ ਉਹਨਾਂ ਨੂੰ ਪਿਛੋਕੜ ਵਿਚ ਧਕ ਦੇਂਦੇ ਹਨ—ਕਲਾਸੀਕੀ ਫ਼ਰਾਂਸੀਸੀ ਪਦਾਰਥਵਾਦ ਦੀ ਪਹਿਲੀ ਸਪਸ਼ਟ ਪਰ ਉਸ ਸਮੇਂ ਦੀ ਅਟੱਲ ਹੱਦ ਬਣਦੀ ਹੈ।

ਇਸ ਪਦਾਰਥਵਾਦ ਦੀ ਦੂਜੀ ਸਪਸ਼ਟ ਹੱਦ ਸੀ, ਬ੍ਰਹਮੰਡ ਦਾ ਇਕ ਅਮਲ ਵਜੋਂ, ਨਿਰੰਤਰ ਇਤਿਹਾਸਕ ਵਿਕਾਸ ਕਰ ਰਹੇ ਪਦਾਰਥ ਵਜੋਂ ਸੰਕਲਪ ਕਰ ਸਕਣ ਦੀ ਅਸਮਰਥਾ। ਇਹ ਉਸ ਸਮੇਂ ਦੇ ਪ੍ਰਾਕਿਰਤਕ ਵਿਗਿਆਨ ਦੀ ਪਧਰ ਦੇ ਅਤੇ ਇਹਦੇ ਨਾਲ ਸੰਬੰਧਤ ਦਰਸ਼ਨ ਦੇ ਪਰਾ-ਭੌਤਿਕਵਾਦੀ, ਅਰਥਾਤ, ਦਵੰਦਵਾਦ-ਵਿਰੋਧੀ ਢੰਗ ਦੇ ਅਨੁਕੂਲ ਸੀ। ਪ੍ਰਕਿਰਤੀ ਸੰਬੰਧੀ ਇਹ ਪਤਾ ਸੀ ਕਿ ਉਹ ਸਦੀਵੀ ਹਰਕਤ ਵਿਚ ਹੈ। ਪਰ ਉਸ ਸਮੇਂ ਦੇ ਵਿਚਾਰਾਂ ਅਨੁਸਾਰ ਇਹ ਹਰਕਤ ਇਕ ਦਾਇਰੇ ਵਿਚ ਹੁੰਦੀ ਸੀ, ਅਤੇ ਉਹ ਵੀ ਸਦੀਵੀ ਤੌਰ ਉਤੇ, ਇਸ ਲਈ ਇਕ ਨੁਕਤੇ ਤੋਂ ਕਦੇ ਨਾ ਹਟਦੀ; ਇਹ ਘੜੀ ਮੁੜੀ ਉਹੋ ਸਿੱਟੇ ਕੱਢਦੀ। ਉਸ ਸਮੇਂ ਇਹ ਸੰਕਲਪ ਅਟੱਲ ਸੀ। ਸੂਰਜ-ਮੰਡਲ ਦੇ ਆਦਿ ਸੰਬੰਧੀ ਕਾਂਟਵਾਦੀ ਸਿਧਾਂਤ* ਅਜੇ ਪੇਸ਼ ਕੀਤਾ ਹੀ ਗਿਆ ਸੀ ਅਤੇ ਅਜੇ ਇਹਨੂੰ ਬਸ ਇਕ ਅਣੋਖ ਹੀ ਸਮਝਿਆ ਜਾਂਦਾ ਸੀ। ਧਰਤੀ ਦੇ ਵਿਕਾਸ ਦੇ ਇਤਿਹਾਸ, ਭੂ-ਗਰਭ-ਵਿਗਿਆਨ ਦੀ ਅਜੇ ਉਕਾ ਹੀ ਸੋਝੀ ਨਹੀਂ ਸੀ ਅਤੇ ਇਹ ਸੰਕਲਪ ਕਿ ਅਜੋਕੇ ਜਿਊਂਦੇ ਪ੍ਰਕਿਰਤਕ ਜੀਵ

---

*ਉਹ ਸਿਧਾਂਤ ਜਿਹੜਾ ਕਹਿੰਦਾ ਹੈ ਕਿ ਸੂਰਜ ਅਤੇ ਨਛੱਤਰ ਘੁੰਮਦੇ ਪ੍ਰਜਵਲਤ ਧੁੰਦੂਕਾਰ ਸਮੂਹਾਂ ਤੋਂ ਪੈਦਾ ਹੋਏ।—**ਸੰਪਾ:**

ਸਾਦੇ ਤੋਂ ਵਧੇਰੇ ਗੁੰਝਲਦਾਰ ਵੱਲ ਵਿਕਾਸ ਦੀ ਇਕ ਲੰਮੀ ਲੜੀ ਦਾ ਸਿੱਟਾ ਹਨ, ਉਸ ਸਮੇਂ ਵਿਗਿਆਨਕ ਤੌਰ ਤੇ ਪੇਸ਼ ਵੀ ਨਹੀਂ ਸੀ ਕੀਤਾ ਜਾ ਸਕਦਾ। ਇਸ ਲਈ ਪ੍ਰਕਿਰਤੀ ਸੰਬੰਧੀ ਅਣ-ਇਤਿਹਾਸਕ ਵਿਚਾਰ ਅਟੱਲ ਸੀ। ਸਾਡੇ ਕੋਲ ਅਠਾਰ੍ਹਵੀਂ ਸਦੀ ਦੇ ਦਾਰਸ਼ਨਿਕਾਂ ਨੂੰ ਇਸ ਕਾਰਨ ਮਿਹਣਾ ਦੇਣ ਲਈ ਕੋਈ ਕਾਰਨ ਨਹੀਂ ਕਿਉਂਕਿ ਇਹੋ ਗੱਲ ਹੀਗਲ ਵਿਚ ਮਿਲਦੀ ਹੈ। ਉਹਦੇ ਅਨੁਸਾਰ ਪ੍ਰਕਿਰਤੀ, ਵਿਚਾਰ ਦੀ ਕੇਵਲ "ਬਿਗਾਨਗੀ" ਵਜੋਂ ਸਮੇਂ ਵਿਚ ਵਿਕਾਸ ਕਰਨ ਦੇ ਅਸਮਰਥ ਹੈ—ਇਹ ਆਪਣੀ ਵੰਨ-ਸੁਵੰਨਤਾ ਕੇਵਲ ਸਥਾਨ ਵਿਚ ਹੀ ਵਧਾ ਸਕਦੀ, ਤਾਂ ਜੁ ਇਹ ਵਿਕਾਸ ਦੇ ਉਹ ਸਭ ਪੜਾਅ ਜਿਹੜੇ ਇਹਦੇ ਕੋਲ ਹਨ ਇਕੋ ਸਮੇਂ ਅਤੇ ਇਕ ਦੂਜੇ ਦੇ ਨਾਲ ਨਾਲ ਵਿਖਾਉਂਦੀ ਹੈ ਅਤੇ ਉਹਨਾਂ ਹੀ ਅਮਲਾਂ ਨੂੰ ਮੁੜ ਮੁੜ ਦੁਹਰਾਉਣ ਤੇ ਮਜਬੂਰ ਹੈ। ਸਥਾਨ ਵਿਚ ਪਰ ਸਮੇਂ ਤੋਂ—ਜੋ ਸਾਰੇ ਵਿਕਾਸ ਦੀ ਬੁਨਿਆਦੀ ਸ਼ਰਤ ਹੈ—ਬਾਹਰ ਵਿਕਾਸ ਦੀ ਵਾਹਯਾਤੀ ਹੀਗਲ ਉਸ ਸਮੇਂ ਪ੍ਰਕਿਰਤੀ ਦੇ ਸਿਰ ਮੜ੍ਹਦਾ ਹੈ ਜਦੋਂ ਭੂ-ਗਰਭ-ਵਿਗਿਆਨ, ਭਰੂਣ-ਵਿਗਿਆਨ, ਪੌਦਿਆਂ ਅਤੇ ਪਸ਼ੂਆਂ ਦਾ ਸਰੀਰ-ਕਿਰਿਆ-ਵਿਗਿਆਨ ਅਤੇ ਜਲ-ਕਾਰਬਨੀ ਰਸਾਇਣ-ਵਿਗਿਆਨ ਉਸਾਰੇ ਜਾ ਰਹੇ ਸਨ, ਜਦੋਂ ਹਰ ਪਾਸੇ ਇਹਨਾਂ ਨਵੇਂ ਵਿਗਿਆਨਾਂ ਦੇ ਆਧਾਰ ਉਤੇ ਅਗੋਂ ਜਾਕੇ ਆਉਣ ਵਾਲੇ ਵਿਕਾਸ ਦੇ ਸਿਧਾਂਤ ਦੀਆਂ ਸ਼ਾਨਦਾਰ ਝਲਕਾਂ ਦਿਸ ਰਹੀਆਂ ਸਨ (ਮਿਸਾਲ ਵਜੋਂ ਗੋਇਥੇ ਅਤੇ ਲਾਮਾਰਕ)। ਪਰ ਪ੍ਰਣਾਲੀ ਇਸ ਗੱਲ ਦੀ ਮੰਗ ਕਰਦੀ ਸੀ; ਇਸ ਲਈ ਵਿਧੀ ਨੂੰ ਪ੍ਰਣਾਲੀ ਦੀ ਖ਼ਾਤਰ ਆਪਣੇ ਆਪ ਨਾਲ ਗਦਾਰੀ ਕਰਨੀ ਪੈਣੀ ਸੀ।

ਇਤਿਹਾਸ ਦੇ ਖੇਤਰ ਵਿਚ ਵੀ ਇਹੋ ਅਣ-ਇਤਿਹਾਸਕ ਸੰਕਲਪ ਪ੍ਰਚਲਤ ਸੀ। ਇਥੇ ਮੱਧ-ਕਾਲ ਦੀ ਰਹਿੰਦ-ਖੂੰਹਦ ਵਿਰੁਧ ਘੋਲ ਦ੍ਰਿਸ਼ ਨੂੰ ਧੁੰਧਲਾ ਦੇਂਦਾ ਸੀ। ਮੱਧ-ਕਾਲ ਨੂੰ ਕੇਵਲ ਇਤਿਹਾਸ ਵਿਚ ਵਿਆਪਕ ਵਹਿਸ਼ੀਪੁਣੇ ਦੇ ਇਕ ਹਜ਼ਾਰ ਵਰ੍ਹਿਆਂ ਦੇ ਵਿਘਨ ਵਜੋਂ ਹੀ ਵੇਖਿਆ ਜਾਂਦਾ ਸੀ। ਮੱਧ-ਕਾਲ ਵਿਚ ਹੋਈ ਮਹਾਨ ਉੱਨਤੀ—ਯੂਰਪੀ ਸਭਿਆਚਾਰ ਦੇ ਖੇਤਰ ਵਿਚ ਫੈਲਾਅ, ਜਿਊਣ-ਯੋਗ ਮਹਾਨ ਕੌਮਾਂ ਦਾ ਉਥੇ ਇਕ ਦੂਜੇ ਦੇ ਨਾਲ ਨਾਲ ਰੂਪ ਧਾਰਨਾ, ਅਤੇ ਅੰਤ ਚੌਧਵੀਂ ਅਤੇ ਪੰਦਰ੍ਹਵੀਂ ਸਦੀ ਦੀ ਮਹਾਨ ਟੈਕਨੀਕਲ ਉੱਨਤੀ—ਇਹ ਸਭ ਕੁਝ ਨਹੀਂ ਸੀ ਵੇਖਿਆ ਜਾਂਦਾ। ਸੋ ਮਹਾਨ ਇਤਿਹਾਸਕ ਅੰਤਰ-ਸੰਬੰਧਾਂ ਵਿਚ ਇਕ ਤਰਕਸ਼ੀਲ ਦ੍ਰਿਸ਼ਟੀ ਅਸੰਭਵ ਬਣਾ ਦਿਤੀ ਗਈ ਅਤੇ ਇਤਿਹਾਸ ਕੇਵਲ ਦਾਰਸ਼ਨਿਕਾਂ ਦੀ ਵਰਤੋਂ ਲਈ ਉਦਾਹਰਣਾਂ ਅਤੇ ਦ੍ਰਿਸ਼ਟਾਂਤਾਂ ਦੇ ਸੰਗ੍ਰਹਿ ਤੋਂ ਬਿਨਾਂ ਕੁਝ ਨਹੀਂ ਸੀ।

ਗੰਵਾਰੂ-ਬਣਾਊ ਪਰਚੇ, ਜਿਨ੍ਹਾਂ ਪੰਜਵੇਂ ਦਹਾਕੇ ਵਿਚ ਪਦਾਰਥਵਾਦ ਵਿਚ ਲਤ ਅੜਾਈ, ਕਿਸੇ ਵੀ ਤਰ੍ਹਾਂ ਆਪਣੇ ਉਸਤਾਦਾਂ ਦੀਆਂ ਊਣਤਾਈਆਂ ਉਤੇ ਕਾਬੂ ਨਾ ਪਾ ਸਕੇ। ਉਸ ਸਮੇਂ ਤੱਕ ਪ੍ਰਾਕਿਰਤਕ ਵਿਗਿਆਨਾਂ ਵਿਚ ਜਿਹੜੀਆਂ ਉੱਨਤੀਆਂ

ਕੀਤੀਆਂ ਗਈਆਂ ਸਨ ਉਹਨਾਂ ਨੇ ਉਹਨਾਂ ਲਈ ਕੇਵਲ ਸੰਸਾਰ ਦੇ ਕਿਸੇ ਰਚਣਹਾਰੇ ਦੀ ਅਣਹੋਂਦ ਲਈ ਹੋਰ ਸਬੂਤਾਂ ਦਾ ਹੀ ਕੰਮ ਦਿਤਾ; ਅਤੇ, ਨਿਰਸੰਦੇਹ, ਉਹਨਾਂ ਸਿਧਾਂਤ ਨੂੰ ਅਗੇ ਵਧਾਉਣਾ ਕਿਸੇ ਵੀ ਤਰ੍ਹਾਂ ਆਪਣਾ ਕੰਮ ਨਾ ਸਮਝਿਆ। ਭਾਵੇਂ ਆਦਰਸ਼ਵਾਦ ਆਪਣੀ ਹੱਦ ਦੇ ਅੰਤ ਉਤੇ ਅਪੜ ਰਿਹਾ ਸੀ ਅਤੇ ੧੮੪੮ ਦੇ ਇਨਕਲਾਬ ਨੇ ਇਸ ਉਤੇ ਕਾਰੀ ਸਟ ਮਾਰੀ, ਇਹਨੂੰ ਇਹ ਵੇਖਣ ਦੀ ਤਸਲੀ ਹੋਈ ਕਿ ਉਸ ਛਿਣ ਪਦਾਰਥਵਾਦ ਹੋਰ ਵੀ ਨੀਵਾਂ ਡਿਗ ਗਿਆ ਸੀ। ਜਦੋਂ ਫ਼ਿਊਰਬਾਖ਼ ਨੇ ਇਸ ਪਦਾਰਥਵਾਦ ਲਈ ਜ਼ਿਮੇਵਾਰੀ ਕਬੂਲਣੋਂ ਨਾਂਹ ਕੀਤੀ ਤਾਂ ਉਹ ਨਿਰਸੰਦੇਹ ਠੀਕ ਸੀ; ਕੇਵਲ ਉਹਨੂੰ ਇਹਨਾਂ ਪਰਾਚੇ ਪ੍ਰਚਾਰਕਾਂ ਦੇ ਸਿਧਾਂਤ ਨੂੰ ਆਮ ਤੌਰ ਤੇ ਪਦਾਰਥਵਾਦ ਨਾਲ ਗਡ ਮਡ ਨਹੀਂ ਸੀ ਕਰਨਾ ਚਾਹੀਦਾ।

ਪਰ ਇਥੇ ਦੋ ਗੱਲਾਂ ਧਿਆਨ ਦਿਵਾਉਣ ਵਾਲੀਆਂ ਹਨ। ਪਹਿਲੇ, ਫ਼ਿਊਰਬਾਖ਼ ਦੇ ਜੀਵਨ ਕਾਲ ਵਿਚ ਵੀ ਪ੍ਰਾਕਿਰਤਕ ਵਿਗਿਆਨ ਅਜੇ ਉਸ ਅਤਿ-ਅੰਤ ਤਿਖੇ ਉਭਾਰ ਦੇ ਦੌਰ ਵਿਚੋਂ ਲੰਘ ਰਿਹਾ ਸੀ ਜਿਹੜਾ ਕੇਵਲ ਪਿਛਲੇ ਪੰਦਰਾਂ ਵਰ੍ਹਿਆਂ ਵਿਚ ਹੀ ਇਕ ਸਪਸ਼ਟ ਕਰਨ ਵਾਲੇ, ਸਾਪੇਖ ਸਿੱਟੇ ਉਤੇ ਅਪੜਿਆ ਹੈ। ਨਵੀਂ ਵਿਗਿਆਨਕ ਵਾਕਫ਼ੀ ਪਹਿਲਾਂ ਅਣਸੁਣੀ ਹੱਦ ਤੱਕ ਪ੍ਰਾਪਤ ਕੀਤੀ ਜਾ ਰਹੀ ਸੀ ਪਰ ਪ੍ਰਸਪਰ ਸੰਬੰਧਾਂ ਦੀ ਸਥਾਪਤੀ ਅਤੇ ਇਉਂ ਇਕ ਦੂਜੀ ਦੀ ਪੈੜ ਦਬਕੇ ਆ ਰਹੀਆਂ ਲਭਤਾਂ ਵਿਚ ਕੋਈ ਤਰਤੀਬ ਸਥਾਪਤ ਕਰਨਾ ਅਜੇ ਬਹੁਤ ਥੋੜ੍ਹਾ ਸਮਾਂ ਪਹਿਲਾਂ ਹੀ ਸੰਭਵ ਹੋਇਆ ਹੈ। ਇਹ ਠੀਕ ਹੈ ਕਿ ਤਿੰਨ ਨਿਰਣਾਇਕ ਲਭਤਾਂ ਫ਼ਿਊਰਬਾਖ਼ ਦੇ ਜੀਵਨ ਕਾਲ ਵਿਚ ਹੋਈਆਂ — ਸੈਲ ਦੀ ਲਭਤ, ਸ਼ਕਤੀ ਦਾ ਪਰਿਵਰਤਨ ਅਤੇ ਡਾਰਵਿਨ ਦੇ ਨਾਂ ਵਾਲਾ ਵਿਕਾਸ ਦਾ ਸਿਧਾਂਤ। ਪਰ ਇਕ ਕਲ-ਮੁਕਲਾ, ਪੇਂਡੂ ਸ਼ਾਂਤੀ ਵਿਚ ਰਹਿਣ ਵਾਲਾ ਦਾਰਸ਼ਨਿਕ ਉਹਨਾਂ ਲਭਤਾਂ ਦਾ ਪੂਰੀ ਤਰ੍ਹਾਂ ਮੁਲ ਪਾਉਣ ਯੋਗ ਹੋਣ ਲਈ, ਜਿਨ੍ਹਾਂ ਦਾ ਖ਼ੁਦ ਪ੍ਰਾਕਿਰਤਕ ਵਿਗਿਆਨੀ ਅਜੇ ਵਿਰੋਧ ਕਰਦੇ ਸਨ ਜਾਂ ਇਹ ਨਹੀਂ ਸਨ ਸਮਝ ਸਕਦੇ ਕਿ ਉਹਨਾਂ ਦੀ ਯੋਗ ਵਰਤੋਂ ਕਿਵੇਂ ਕੀਤੀ ਜਾਵੇ, ਵਿਗਿਆਨਕ ਘਟਨਾਵਾਂ ਨੂੰ ਪੂਰੀ ਤਰ੍ਹਾਂ ਕਿਵੇਂ ਸਮਝ ਸਕਦਾ ਸੀ? ਇਹਦਾ ਦੋਸ਼ ਉਸ ਸਮੇਂ ਦੀਆਂ ਜਰਮਨੀ ਦੀਆਂ ਜਿਨਸ ਪ੍ਰਸਥਿਤੀਆਂ ਉਤੇ ਹੈ, ਜਿਨ੍ਹਾਂ ਦੇ ਸਿਟੇ ਵਜੋਂ ਮਕੜੀ ਦੇ ਜਾਲ ਬੁਣਨ ਵਾਲੇ ਚੌਂਗੇ ਮਖੀ-ਮਾਰ ਦਾਰਸ਼ਨਿਕਾਂ ਨੇ ਯੂਨੀਵਰਸਿਟੀਆਂ ਵਿਚ ਦਰਸ਼ਨ ਦੇ ਵਿਭਾਗਾਂ ਉਤੇ ਕਬਜ਼ਾ ਕਰ ਲਿਆ ਸੀ ਪਰ ਫ਼ਿਊਰਬਾਖ਼, ਜੋ ਉਹਨਾਂ ਸਭਨਾਂ ਤੋਂ ਕਦਾਵਰ ਸੀ, ਇਕ ਨਿਕੇ ਜਿਹੇ ਪਿੰਡ ਵਿਚ ਰਹਿ ਕੇ ਪੇਂਡੂ ਅਤੇ ਖਿਝੂ ਬਣ ਜਾਣ ਉਤੇ ਮਜਬੂਰ ਸੀ। ਇਸ ਲਈ ਇਹ ਫ਼ਿਊਰਬਾਖ਼ ਦਾ ਕਸੂਰ ਨਹੀਂ ਕਿ ਪ੍ਰਕਿਰਤੀ ਦਾ ਇਤਿਹਾਸਕ ਸੰਕਲਪ ਜਿਹੜਾ ਹੁਣ ਸੰਭਵ ਹੋ ਗਿਆ ਹੈ ਅਤੇ ਜਿਸਨੇ ਫ਼ਰਾਂਸੀਸੀ ਪਦਾਰਥਵਾਦ ਦਾ ਇਕ-ਪਖੀਪੁਣਾ ਖ਼ਤਮ ਕਰ ਦਿਤਾ ਹੈ, ਉਹਦੇ ਲਈ ਅਪ੍ਰਾਪਤ ਰਿਹਾ।

ਦੂਜੇ, ਫ਼ਿਊਰਬਾਖ਼ ਇਸ ਗੱਲ ਉਤੇ ਜ਼ੋਰ ਦੇਣ ਵਿਚ ਉਕਾ ਹੀ ਸਹੀ ਹੈ ਕਿ ਅਨੰਨ ਪ੍ਰਾਕਿਰਤਕ-ਵਿਗਿਆਨਕ ਪਦਾਰਥਵਾਦ ਨਿਰਸੰਦੇਹ "ਮਨੁਖੀ ਗਿਆਨ ਦੀ ਉਸਾਰੀ ਦੀ ਬੁਨਿਆਦ" ਹੈ "ਪਰ ਖ਼ੁਦ ਉਸਾਰੀ ਨਹੀਂ।" ਕਿਉਂਕਿ ਅਸੀਂ ਕੇਵਲ ਪ੍ਰਕਿਰਤੀ ਵਿਚ ਹੀ ਨਹੀਂ ਸਗੋਂ ਮਨੁਖੀ ਸਮਾਜ ਵਿਚ ਵੀ ਰਹਿੰਦੇ ਹਾਂ ਅਤੇ ਪ੍ਰਕਿਰਤੀ ਵਾਂਗ ਹੀ ਇਹਦਾ ਵੀ ਆਪਣਾ ਵਿਕਾਸ ਦਾ ਇਤਿਹਾਸ ਅਤੇ ਆਪਣਾ ਵਿਗਿਆਨ ਹੈ। ਇਸ ਲਈ ਸਵਾਲ ਸਮਾਜ ਦੇ ਵਿਗਿਆਨ, ਅਰਥਾਤ, ਅਖੌਤੀ ਇਤਿਹਾਸਕ ਅਤੇ ਦਾਰਸ਼ਨਿਕ ਵਿਗਿਆਨਾਂ ਦੇ ਕੁਲ ਜੋੜ ਅਤੇ ਪਦਾਰਥਵਾਦੀ ਬੁਨਿਆਦ ਵਿਚਕਾਰ ਸਮੇਲ ਪੈਦਾ ਕਰਨ ਅਤੇ ਇਸ ਬੁਨਿਆਦ ਅਨੁਸਾਰ ਇਸਦੀ ਨਵੀਂ ਉਸਾਰੀ ਕਰਨ ਦਾ ਸੀ। ਪਰ ਅਜਿਹਾ ਕਰਨਾ ਫ਼ਿਊਰਬਾਖ਼ ਦੇ ਹਿੱਸੇ ਨਾ ਆਇਆ। "ਬੁਨਿਆਦ" ਦੇ ਬਾਵਜੂਦ ਉਹ ਰਵਾਇਤੀ ਆਦਰਸ਼ਵਾਦੀ ਸੰਗਲਾਂ ਨਾਲ ਜਕੜਿਆ ਰਿਹਾ, ਇਕ ਤੱਥ ਜਿਹੜਾ ਉਹ ਆਪ ਇਹਨਾਂ ਸ਼ਬਦਾਂ ਵਿਚ ਪ੍ਰਵਾਨ ਕਰਦਾ ਹੈ: "ਪਿਛੇ ਵੱਲ ਮੈਂ ਪਦਾਰਥਵਾਦੀਆਂ ਨਾਲ ਸਹਿਮਤ ਹਾਂ, ਅਗੇ ਵੱਲ ਨਹੀਂ।" ਪਰ ਇਹ ਫ਼ਿਊਰਬਾਖ਼ ਹੀ ਸੀ ਜਿਹੜਾ ਇਥੇ, ਸਮਾਜੀ ਖੇਤਰ ਵਿਚ, "ਅਗੇ ਵੱਲ" ਨਹੀਂ ਗਿਆ, ਜਿਹੜਾ ਆਪਣੇ ੧੮੪੦ ਜਾਂ ੧੮੪੪ ਦੇ ਦ੍ਰਿਸ਼ਟੀਕੋਣ ਤੋਂ ਅਗੇ ਨਾ ਗਿਆ। ਅਤੇ ਇਕ ਵਾਰ ਫੇਰ ਇਹ ਉਹਦੀ ਵਿਰੱਕਤਤਾ ਸੀ ਕਿ ਉਹਨੂੰ, ਜਿਹੜਾ ਸਭਨਾਂ ਦਾਰਸ਼ਨਿਕਾਂ ਤੋਂ ਵਧ ਸਮਾਜੀ ਮੇਲ-ਮਿਲਾਪ ਵੱਲ ਝੁਕਾਅ ਰਖਦਾ ਸੀ, ਆਪਣੀ ਪਧਰ ਦੇ ਹੋਰਨਾਂ ਲੋਕਾਂ ਨਾਲ ਮਿਤਰਤਾ-ਭਰਪੂਰ ਜਾਂ ਵਿਰੋਧੀ ਟਕਰਾਂ ਰਾਹੀਂ ਨਹੀਂ ਸਗੋਂ ਆਪਣੇ ਕਲ-ਮੁਕਲੇ ਦਿਮਾਗ਼ ਵਿਚੋਂ ਵਿਚਾਰ ਪੈਦਾ ਕਰਨੇ ਪਏ। ਅਗੋਂ ਚਲ ਕੇ ਅਸੀਂ ਵੇਖਾਂਗੇ ਕਿ ਉਹ ਆਪਣੇ ਖੇਤਰ ਵਿਚ ਕਿਸ ਹੱਦ ਤੱਕ ਆਦਰਸ਼ਵਾਦੀ ਰਿਹਾ।

ਇਥੇ ਬਸ ਇੰਨਾ ਵਾਧਾ ਕਰਨ ਦੀ ਲੋੜ ਹੈ ਕਿ ਸ਼ਟਾਰਕੇ ਫ਼ਿਊਰਬਾਖ਼ ਦਾ ਆਦਰਸ਼ਵਾਦ ਗ਼ਲਤ ਥਾਂ ਲਭਦਾ ਹੈ।

> "ਫ਼ਿਊਰਬਾਖ਼ ਇਕ ਆਦਰਸ਼ਵਾਦੀ ਹੈ; ਉਹਨੂੰ ਮਨੁਖਜਾਤੀ ਦੀ ਉੱਨਤੀ ਵਿਚ ਵਿਸ਼ਵਾਸ ਹੈ" (ਪੰਨਾ ੧੯)। "ਪਰ ਸਮੁਚੇ ਦੀ ਬੁਨਿਆਦ, ਹੇਠਲੀ ਬਣਤਰ ਆਦਰਸ਼ਵਾਦ ਰਹਿੰਦੀ ਹੈ। ਸਾਡੇ ਲਈ ਯਥਾਰਥਵਾਦ, ਸਾਡੇ ਆਪਣੇ ਆਦਰਸ਼ਕ ਮੁਹਾਣਾਂ ਪਿਛੇ ਚਲਦੇ ਹੋਏ, ਕੁਰਾਹਿਆਂ ਵਿਰੁਧ ਰਖਿਆ ਹੀ ਹੈ। ਕੀ ਦਯਾ, ਪਿਆਰ ਅਤੇ ਸਚ ਅਤੇ ਇਨਸਾਫ਼ ਲਈ ਉਤਸ਼ਾਹ ਆਦਰਸ਼ਕ ਸ਼ਕਤੀਆਂ ਨਹੀਂ ?" (ਪੰਨਾ VIII)।

ਪਹਿਲੀ ਥਾਵੇਂ ਇਥੇ ਆਦਰਸ਼ਵਾਦ ਦੇ ਅਰਥ ਆਦਰਸ਼ ਮੰਤਵ ਪ੍ਰਾਪਤ ਕਰਨ ਦੇ ਜਤਨਾਂ ਤੋਂ ਬਿਨਾਂ ਕੁਝ ਨਹੀਂ। ਪਰ ਇਹਨਾਂ ਦਾ ਸੰਬੰਧ ਲਾਜ਼ਮੀ ਤੌਰ ਤੇ ਕਾਂਟਵਾਦੀ ਆਦਰਸ਼ਵਾਦ ਅਤੇ ਇਹਦੀ "ਦੋ-ਟੂਕ ਆਦੇਸ਼" ਨਾਲ ਹੈ; ਪਰ ਕਾਂਟ

ਨੇ ਖ਼ੁਦ ਆਪਣੇ ਦਰਸ਼ਨ ਨੂੰ "ਪਰਾ-ਅਨੁਭਵੀ ਆਦਰਸ਼ਵਾਦ" ਕਿਹਾ ਹੈ; ਕਿਸੇ ਵੀ ਤਰ੍ਹਾਂ ਇਸ ਕਰਕੇ ਨਹੀਂ ਕਿ ਉਹਨੇ ਇਸ ਵਿਚ ਸਦਾਚਾਰਕ ਆਦਰਸ਼ਾਂ ਉਤੇ ਵਿਚਾਰ ਕੀਤੀ ਸਗੋਂ, ਜਿਹਾ ਕਿ ਸ਼ਟਾਰਕੇ ਨੂੰ ਚੇਤੇ ਹੋਵੇਗਾ ਹੋਰਨਾਂ ਕਾਰਨਾਂ ਕਰਕੇ। ਇਹ ਵਹਿਮ ਕਿ ਦਾਰਸ਼ਨਿਕ ਆਦਰਸ਼ਵਾਦ ਦਾ ਧੁਰਾ ਸਦਾਚਾਰਕ, ਅਰਥਾਤ, ਸਮਾਜੀ ਆਦਰਸ਼ਾਂ ਵਿਚ ਵਿਸ਼ਵਾਸ ਹੈ ਦਰਸ਼ਨ ਤੋਂ ਬਾਹਰ ਹੋਂਦ ਵਿਚ ਆਇਆ, ਜਰਮਨ ਖੂਹ-ਦੇ-ਡਡੂਆਂ ਵਿਚ, ਜਿਨ੍ਹਾਂ ਸ਼ਿਲਰ ਦੀਆਂ ਕਵਿਤਾਵਾਂ ਤੋਂ ਦਾਰਸ਼ਨਿਕ ਸਭਿਆਚਾਰ ਦੀਆਂ ਕੁਝ ਉਹ ਟੂਕਾਂ ਯਾਦ ਕਰ ਲਈਆਂ ਜਿਨ੍ਹਾਂ ਦੀ ਉਹਨਾਂ ਨੂੰ ਲੋੜ ਸੀ। ਕਾਂਟ ਦੇ ਖਸੀ "ਦੋ-ਟੂਕ ਆਦੇਸ਼" ਤੇ — ਖਸੀ ਕਿਉਂਕਿ ਇਹ ਅਸੰਭਵ ਦੀ ਮੰਗ ਕਰਦਾ ਹੈ ਅਤੇ ਇਸੇ ਲਈ ਕਿਸੇ ਯਥਾਰਥ ਤੱਕ ਨਹੀਂ ਅਪੜਦਾ — ਉਨੀ ਸਖ਼ਤ ਪੜਚੋਲ ਕਿਸੇ ਨੇ ਨਹੀਂ ਕੀਤੀ ਜਿੰਨੀ ਮੁਕੰਮਲ ਆਦਰਸ਼ਵਾਦੀ ਹੀਗਲ ਨੇ, ਨਾ ਹੀ ਕਿਸੇ ਨੇ ਉਸ ਤੋਂ ਵਧ ਨਿਰਦੈਤਾ ਨਾਲ ਸ਼ਿਲਰ ਵਲੋਂ ਪੇਸ਼ ਕੀਤੇ ਪ੍ਰਾਪਤ ਨਾ ਹੋ ਸਕਣ ਵਾਲੇ ਆਸ਼ਿਆਂ ਲਈ ਖੂਹ-ਦੇ-ਡਡੂ ਭਾਵਕ ਉਤਸ਼ਾਹਾਂ ਦਾ ਠੱਠਾ ਉਡਾਇਆ ਹੈ (ਮਿਸਾਲ ਵਜੋਂ ਉਹਦਾ "ਘਟਨਾ-ਕਿਰਿਆ-ਵਿਗਿਆਨ")।

ਦੂਜੀ ਥਾਵੇਂ, ਅਸੀਂ ਇਸ ਤੱਥ ਤੋਂ ਪਰ੍ਹਾਂ ਨਹੀਂ ਜਾ ਸਕਦੇ ਕਿ ਇਹ ਲਾਜ਼ਮੀ ਹੈ ਕਿ ਜੋ ਕੁਝ ਵੀ ਮਨੁਖਾਂ ਨੂੰ ਅਮਲ ਵੱਲ ਲਿਜਾਂਦਾ ਹੈ, ਉਹ ਉਹਨਾਂ ਦੇ ਦਿਮਾਗ਼ਾਂ ਰਾਹੀਂ ਰਾਹ ਲਭੇ — ਇਥੋਂ ਤੱਕ ਕਿ ਖਾਣਾ ਅਤੇ ਪੀਣਾ ਵੀ, ਜਿਹੜਾ ਦਿਮਾਗ ਵਲੋਂ ਪ੍ਰਸਾਰਤ ਕੀਤੇ ਭੁੱਖ ਜਾਂ ਪਿਆਸ ਦੇ ਅਨੁਭਵ ਰਾਹੀਂ ਸ਼ੁਰੂ ਹੁੰਦਾ ਹੈ ਅਤੇ ਇਸੇ ਤਰ੍ਹਾਂ ਦਿਮਾਗ਼ ਰਾਹੀਂ ਪ੍ਰਸਾਰਤ ਕੀਤੇ ਸੰਤੋਖ ਦੇ ਅਨੁਭਵ ਨਾਲ ਹੀ ਜਿਸਦਾ ਅੰਤ ਹੁੰਦਾ ਹੈ। ਮਨੁਖ ਉਤੇ ਬਾਹਰੀ ਦੁਨੀਆਂ ਦੇ ਪ੍ਰਭਾਵ ਆਪਣੇ ਆਪ ਨੂੰ ਉਹਦੇ ਦਿਮਾਗ ਵਿਚ ਪ੍ਰਗਟ ਕਰਦੇ ਹਨ, ਉਹਦੇ ਵਿਚ ਭਾਵਾਂ, ਵਿਚਾਰਾਂ, ਮਨੋ-ਵੇਗਾਂ ਅਤੇ ਇਛਾਵਾਂ ਦੇ ਰੂਪ ਵਿਚ ਪ੍ਰਤਿਬਿੰਬਤ ਹੁੰਦੇ ਹਨ — ਸੰਖੇਪ ਵਿਚ "ਆਦਰਸ਼ਕ ਮੁਹਾਣਾਂ" ਦੇ ਰੂਪ ਵਿਚ ਪ੍ਰਗਟ ਹੁੰਦੇ ਹਨ ਅਤੇ ਇਸ ਰੂਪ ਵਿਚ "ਆਦਰਸ਼ਕ ਸ਼ਕਤੀਆਂ" ਬਣ ਜਾਂਦੇ ਹਨ। ਸੋ, ਜੇ ਕਿਸੇ ਮਨੁਖ ਨੂੰ ਇਸ ਲਈ ਆਦਰਸ਼ਵਾਦੀ ਸਮਝਿਆ ਜਾਣਾ ਚਾਹੀਦਾ ਹੈ ਕਿ ਉਹ "ਆਦਰਸ਼ਕ ਮੁਹਾਣਾਂ" ਪਿਛੇ ਚਲਦਾ ਹੈ ਅਤੇ ਇਹ ਪ੍ਰਵਾਨ ਕਰਦਾ ਹੈ ਕਿ "ਆਦਰਸ਼ਕ ਸ਼ਕਤੀਆਂ" ਉਹਨੂੰ ਪ੍ਰਭਾਵਤ ਕਰਦੀਆਂ ਹਨ ਤਾਂ ਹਰ ਮਨੁਖ ਜਿਹੜਾ ਕਿਸੇ ਵੀ ਤਰ੍ਹਾਂ ਸਾਧਾਰਨ ਤੌਰ ਤੇ ਵਿਕਸਤ ਹੋਇਆ ਹੈ ਜਨਮ ਤੋਂ ਆਦਰਸ਼ਵਾਦੀ ਹੈ ਅਤੇ, ਉਸ ਹਾਲਤ ਵਿਚ, ਕੀ ਹਾਲੇ ਵੀ ਕੋਈ ਪਦਾਰਥਵਾਦੀ ਹੋ ਸਕਦੇ ਹਨ?

ਤੀਜੀ ਥਾਵੇਂ, ਇਸ ਨਿਸ਼ਚੇ ਦਾ ਕਿ ਮਨੁਖਜਾਤੀ, ਘਟੋ ਘਟ ਇਸ ਘੜੀ, ਸਮੁਚੇ ਤੌਰ ਉਤੇ ਅਗੇ-ਵਧੂ ਸੇਧ ਵਿਚ ਵਧ ਰਹੀ ਹੈ, ਪਦਾਰਥਵਾਦ ਅਤੇ ਆਦਰਸ਼ਵਾਦ ਵਿਚਕਾਰ ਵਿਰੋਧ ਨਾਲ ਕੋਈ ਸੰਬੰਧ ਨਹੀਂ। ਵਾਲਟੇਅਰ ਅਤੇ ਰੂਸੋ

ਜਿਹੇ ਦੇਵਵਾਦੀਆਂ ਦੀ ਤਾਂ ਗੱਲ ਹੀ ਨਾ ਕਰੋ ਫ਼ਰਾਂਸੀਸੀ ਪਦਾਰਥਵਾਦੀਆਂ ਵਿਚ ਇਹ ਨਿਸ਼ਚਾ ਲਗ ਭਗ ਕਟੜਪੁਣੇ ਦੀ ਹੱਦ ਤੱਕ ਸੀ ਅਤੇ ਅਕਸਰ ਉਹਨਾਂ ਇਹਦੇ ਲਈ ਵਡੀਆਂ ਤੋਂ ਵਡੀਆਂ ਨਿਜੀ ਕੁਰਬਾਨੀਆਂ ਕੀਤੀਆਂ। ਜੇ ਕਿਸੇ ਨੇ ਆਪਣਾ ਸਾਰਾ ਜੀਵਨ—ਇਸ ਵਾਕੰਸ਼ ਨੂੰ ਚੰਗੇ ਅਰਥਾਂ ਵਿਚ ਵਰਤਦੇ ਹੋਏ—"ਸੱਚ ਅਤੇ ਇਨਸਾਫ਼ ਲਈ ਉਤਸ਼ਾਹ" ਨੂੰ ਅਰਪਨ ਕੀਤਾ ਤਾਂ ਉਹ ਮਿਸਾਲ ਵਜੋਂ, ਦੀਦਰੋ ਸੀ। ਸੋ, ਇਸ ਲਈ, ਜੇ ਸ਼ਟਾਰਕੇ ਇਹ ਕਹਿੰਦਾ ਹੈ ਕਿ ਇਹ ਆਦਰਸ਼ਵਾਦ ਹੈ ਤਾਂ ਇਸ ਤੋਂ ਕੇਵਲ ਇਹ ਸਾਬਤ ਹੁੰਦਾ ਹੈ ਕਿ ਇਥੇ ਉਹਦੇ ਲਈ ਸ਼ਬਦ "ਪਦਾਰਥਵਾਦ", ਅਤੇ ਦੁਹਾਂ ਮੁਹਾਣਾਂ ਵਿਚਕਾਰ ਕੁਲ ਵਿਰੋਧ ਦੇ, ਕੋਈ ਅਰਥ ਨਹੀਂ ਰਹੇ।

ਤੱਥ ਤਾਂ ਇਹ ਹੈ ਕਿ ਸ਼ਟਾਰਕੇ ਇਸ ਵਿਚ ਸ਼ਬਦ "ਪਦਾਰਥਵਾਦ" ਵਿਰੁਧ ਰਵਾਇਤੀ ਖੂਹ-ਦੇ-ਡਡੂਆਂ ਦੇ ਤਅਸਬ ਨੂੰ, ਜੋ ਇਹਦੇ ਵਲੋਂ ਬੜੇ ਲੰਮੇ ਸਮੇਂ ਤੋਂ ਚਲੀ ਆਉਂਦੀ ਪਾਦਰੀਆਂ ਦੀ ਨਿੰਦਿਆ ਦੀ ਨੀਤੀ ਕਾਰਨ ਸੀ, ਇਕ ਮਾਫ਼ ਨਾ ਕੀਤੇ ਜਾ ਸਕਣ ਵਾਲੀ ਰਿਆਇਤ ਦੇਂਦਾ ਹੈ, ਭਾਵੇਂ ਉਹ ਸ਼ਾਇਦ ਅਜਿਹਾ ਅਚੇਤ ਤੌਰ ਤੇ ਕਰਦਾ ਹੈ। ਸ਼ਬਦ "ਪਦਾਰਥਵਾਦ" ਦੇ ਅਰਥ ਖੂਹ-ਦੇ-ਡਡੂ ਪੇਟੂਪੁਣਾ, ਨਸ਼ੇਬਾਜ਼ੀ, ਅਖ ਦੀ ਵਾਸ਼ਨਾ, ਸਰੀਰ ਦੀ ਵਾਸ਼ਨਾ, ਹੈਂਕੜ, ਲੋਭ, ਲਾਲਚ, ਹਿਰਸ, ਨਫ਼ੇ-ਬਾਜ਼ੀ ਅਤੇ ਸਟਾ-ਬਾਜ਼ਾਰ ਵਿਚ ਧੋਖੇਬਾਜ਼ੀ ਲੈਂਦਾ ਹੈ—ਸੰਖੇਪ ਵਿਚ ਉਹ ਸਭੇ ਗੰਦੇ ਐਬ ਜਿਹੜੇ ਉਹ ਆਪ ਲੁਕ ਕੇ ਕਰਦਾ ਹੈ। ਸ਼ਬਦ "ਆਦਰਸ਼ਵਾਦ" ਦੇ ਅਰਥ ਉਹ ਨੇਕੀ, ਵਿਆਪਕ ਪਰਉਪਕਾਰ ਅਤੇ ਆਮ ਤੌਰ ਉਤੇ ਇਕ "ਚੰਗੇਰੀ ਦੁਨੀਆਂ" ਲੈਂਦਾ ਹੈ, ਜਿਸ ਸੰਬੰਧੀ ਉਹ ਹੋਰਨਾਂ ਦੇ ਸਾਹਮਣੇ ਫੜਾਂ ਮਾਰਦਾ ਹੈ ਪਰ ਜਿਸ ਵਿਚ ਉਹ ਵਧ ਤੋਂ ਵਧ ਉੱਨਾ ਸਮਾਂ ਯਕੀਨ ਰਖਦਾ ਹੈ ਜਿੰਨਾ ਸਮਾਂ ਉਹ ਤੋਟ ਦੀ ਹਾਲਤ ਵਿਚ ਹੁੰਦਾ ਹੈ ਜਾਂ ਆਪਣੀਆਂ ਰਵਾਇਤੀ "ਪਦਾਰਥਵਾਦੀ" ਵਧੀਕੀਆਂ ਪਿਛੋਂ ਆਏ ਦੀਵਾਲੀਆਪੁਣੇ ਵਿਚੋਂ ਲੰਘ ਰਿਹਾ ਹੈ। ਉਸ ਸਮੇਂ ਉਹ ਆਪਣਾ ਮਨ-ਪਸੰਦ ਗੀਤ ਗਾਉਂਦਾ ਹੈ: ਮਨੁਖ ਕੀ ਹੈ?—ਅਧਾ ਪਸ਼ੂ, ਅਧਾ ਫ਼ਰਿਸ਼ਤਾ।

ਬਾਕੀ, ਸ਼ਟਾਰਕੇ ਉਹਨਾਂ ਸ਼ੋਰ ਮਚਾਊ ਮੀਤ ਪ੍ਰੋਫ਼ੈਸਰਾਂ ਦੇ ਹਮਲਿਆਂ ਅਤੇ ਸਿਧਾਂਤਾਂ ਵਿਰੁਧ ਫ਼ਿਊਰਬਾਖ਼ ਦੀ ਰਖਿਆ ਕਰਨ ਦਾ ਪੂਰਾ ਜਤਨ ਕਰਦਾ ਹੈ, ਜਿਨ੍ਹਾਂ ਨੂੰ ਅਜ ਕਲ ਜਰਮਨੀ ਵਿਚ ਦਾਰਸ਼ਨਿਕ ਗਿਣਿਆ ਜਾਂਦਾ ਹੈ। ਜਿਨ੍ਹਾਂ ਲੋਕਾਂ ਨੂੰ ਕਲਾਸੀਕੀ ਜਰਮਨ ਦਰਸ਼ਨ ਦੀ ਇਸ ਆਊਲ ਵਿਚ ਦਿਲਚਸਪੀ ਹੈ ਉਹਨਾਂ ਲਈ, ਨਿਰਸੰਦੇਹ, ਇਹ ਇਕ ਮਹੱਤਤਾ ਵਾਲਾ ਮਾਮਲਾ ਹੈ; ਹੋ ਸਕਦਾ ਹੈ ਖ਼ੁਦ ਸ਼ਟਾਰਕੇ ਲਈ ਇਹ ਜ਼ਰੂਰੀ ਜਾਪਿਆ ਹੋਵੇ। ਪਰ ਅਸੀਂ ਪਾਠਕ ਉਤੇ ਇਹ ਨਹੀਂ ਥੋਪਾਂਗੇ।

# III

ਜਿਉਂ ਹੀ ਅਸੀਂ ਉਹਦੇ ਧਰਮ ਦੇ ਦਰਸ਼ਨ ਅਤੇ ਸਦਾਚਾਰ ਤੱਕ ਅਪੜਦੇ ਹਾਂ ਫ਼ਿਊਰਬਾਖ਼ ਦਾ ਅਸਲੀ ਆਦਰਸ਼ਵਾਦ ਸਪਸ਼ਟ ਹੋ ਜਾਂਦਾ ਹੈ। ਉਹ ਕਿਸੇ ਵੀ ਤਰ੍ਹਾਂ ਧਰਮ ਨੂੰ ਖ਼ਤਮ ਨਹੀਂ ਕਰਨਾ ਚਾਹੁੰਦਾ; ਉਹ ਇਹਨੂੰ ਨਿਪੁੰਨ ਬਣਾਉਣਾ ਚਾਹੁੰਦਾ ਹੈ। ਖ਼ੁਦ ਦਰਸ਼ਨ ਨੂੰ ਧਰਮ ਵਿਚ ਜਜ਼ਬ ਹੋ ਜਾਣਾ ਚਾਹੀਦਾ ਹੈ।

> "ਮਨੁਖਤਾ ਦੇ ਜੁਗ ਕੇਵਲ ਧਾਰਮਕ ਤਬਦੀਲੀਆਂ ਰਾਹੀਂ ਨਿਖੜੇ ਹੋਏ ਹਨ। ਕੋਈ ਇਤਿਹਾਸਕ ਲਹਿਰ ਤਾਂ ਹੀ ਬੁਨਿਆਦੀ ਹੁੰਦੀ ਹੈ ਜੇ ਇਹਦੀਆਂ ਜੜ੍ਹਾਂ ਮਨੁਖਾਂ ਦੇ ਦਿਲਾਂ ਵਿਚ ਹੋਣ। ਦਿਲ ਧਰਮ ਦਾ ਇਕ ਰੂਪ ਨਹੀਂ, ਸੋ ਪਿਛਲੇਰੇ ਦੀ ਵੀ ਦਿਲ ਅੰਦਰ ਹੋਂਦ ਹੋਣੀ ਚਾਹੀਦੀ ਹੈ; ਦਿਲ ਧਰਮ ਦਾ ਤੱਤ ਹੈ" (ਸ਼ਟਾਰਕੇ ਵਲੋਂ ਦਿਤੀ ਟੂਕ, ਪੰਨਾ ੧੬੮)।

ਫ਼ਿਊਰਬਾਖ਼ ਅਨੁਸਾਰ ਧਰਮ ਪਿਆਰ ਦੇ ਆਧਾਰ ਉਤੇ ਮਨੁਖਾਂ ਵਿਚਕਾਰ ਸੰਬੰਧ ਹੈ, ਦਿਲ ਉਤੇ ਆਧਾਰਤ ਸੰਬੰਧ, ਸੰਬੰਧ ਜਿਸਨੇ ਹੁਣ ਤੱਕ ਆਪਣੀ ਸਚਾਈ ਯਥਾਰਥ ਦੇ ਅਣੋਖੇ ਪ੍ਰਤਿਬਿੰਬ ਵਿਚ ਢੂੰਡੀ ਸੀ, — ਇਕ ਜਾਂ ਬਹੁਤ ਸਾਰੇ ਦੇਵਤਿਆਂ ਦੀ ਵਿਚੋਲਗੀ ਵਿਚ, ਮਨੁਖੀ ਸਿਫ਼ਤਾਂ ਦੇ ਅਣੋਖੇ ਪ੍ਰਤਿਬਿੰਬਾਂ ਵਿਚ — ਪਰ ਜਿਹੜਾ ਹੁਣ ਇਹਨੂੰ ਸਿਧੀ ਤਰ੍ਹਾਂ ਅਤੇ ਵਿਚੋਲਗੀ ਤੋਂ ਬਿਨਾਂ "ਮੈਂ" ਅਤੇ "ਤੂੰ" ਵਿਚਕਾਰ ਪਿਆਰ ਵਿਚ ਲਭ ਲੈਂਦਾ ਹੈ। ਇਉਂ ਫ਼ਿਊਰਬਾਖ਼ ਲਈ ਲਿੰਗ ਪਿਆਰ ਉਹਦੇ ਨਵੇਂ ਧਰਮ ਦੇ ਅਮਲ ਦਾ ਜੇ ਸਰਵਉਚ ਰੂਪ ਨਹੀਂ ਤਾਂ ਸਰਵਉਚ ਰੂਪਾਂ ਵਿਚੋਂ ਇਕ ਬਣ ਜਾਂਦਾ ਹੈ।

ਹੁਣ, ਪਿਆਰ ਉਤੇ ਆਧਾਰਤ ਮਨੁਖਾਂ ਵਿਚਕਾਰ ਸੰਬੰਧ, ਅਤੇ ਵਿਸ਼ੇਸ਼ ਤੌਰ ਤੇ ਦੋ ਲਿੰਗਾਂ ਵਿਚਕਾਰ ਸੰਬੰਧ, ਉਦੋਂ ਦੇ ਹੋਂਦ ਵਿਚ ਹਨ ਜਦੋਂ ਦੀ ਮਨੁਖਜਾਤੀ। ਪਿਛਲੇ ਅਠ ਸੌ ਵਰ੍ਹਿਆਂ ਵਿਚ ਲਿੰਗ ਪਿਆਰ ਦਾ ਵਿਸ਼ੇਸ਼ ਤੌਰ ਤੇ ਵਿਕਾਸ ਹੋਇਆ ਹੈ ਅਤੇ ਇਹਨੇ ਇਕ ਅਜਿਹੀ ਥਾਂ ਪ੍ਰਾਪਤ ਕਰ ਲਈ ਹੈ ਜਿਸਨੇ ਇਹਨੂੰ ਇਸ ਸਮੇਂ ਦੀ ਸਾਰੀ ਕਵਿਤਾ ਦਾ ਲਾਜ਼ਮੀ ਧਰੁਵੀ ਨੁਕਤਾ ਬਣਾ ਦਿਤਾ ਹੈ। ਪ੍ਰਚਲਤ ਸਾਕਾਰਾਤਮਕ ਧਰਮਾਂ ਨੇ ਆਪਣੇ ਆਪ ਨੂੰ ਰਾਜ ਵਲੋਂ ਨਿਯਮਤ ਲਿੰਗ ਪਿਆਰ, ਅਰਥਾਤ ਵਿਆਹ ਸੰਬੰਧੀ ਕਾਨੂੰਨ, ਉਤੇ ਉਚੇਰੀ ਪਵਿਤਰਤਾ ਨਿਛਾਵਰ ਕਰਨ ਤੱਕ ਸੀਮਤ ਰਖਿਆ ਹੈ ਅਤੇ ਉਹ ਪਿਆਰ ਅਤੇ ਮਿਤਰਤਾ ਦੇ ਅਮਲ ਵਿਚ ਛੋਟੀ ਤੋਂ ਛੋਟੀ ਤਬਦੀਲੀ ਲਿਆਏ ਬਿਨਾਂ ਭਲਕੇ ਹੀ ਲੋਪ ਹੋ ਸਕਦੇ ਹਨ। ਜਿਵੇਂ ਫ਼ਰਾਂਸ ਵਿਚ ਈਸਾਈ ਧਰਮ ੧੭੯੩-੯੮ ਵਿਚ ਸਚ ਮੁਚ ਇੰਨੀ ਪੂਰੀ ਤਰ੍ਹਾਂ ਲੋਪ ਹੋ ਗਿਆ ਕਿ ਨੈਪੋਲੀਅਨ ਵੀ ਵਿਰੋਧ ਅਤੇ ਔਖ ਤੋਂ ਬਿਨਾਂ ਇਹਨੂੰ ਦੁਬਾਰਾ ਪ੍ਰਚਲਤ ਨਾ ਕਰ

ਸਕਿਆ; ਅਤੇ ਅਜਿਹਾ, ਫ਼ਿਊਰਬਾਖ਼ ਦੇ ਵਿਚਾਰ ਦੇ ਅਰਥਾਂ ਵਿਚ, ਵਿਚਕਾਰਲੇ ਸਮੇਂ ਵਿਚ ਕਿਸੇ ਬਦਲ ਦੀ ਲੋੜ ਅਨੁਭਵ ਕਰਵਾਏ ਬਿਨਾਂ ਹੋਇਆ।

ਫ਼ਿਊਰਬਾਖ਼ ਦਾ ਆਦਰਸ਼ਵਾਦ ਇਸ ਗੱਲ ਵਿਚ ਹੈ ਕਿ ਉਹ ਮਨੁਖਾਂ ਵਿਚਕਾਰ ਦੁਵਲੀ ਝੁਕਾਅ ਉਤੇ ਆਧਾਰਤ ਪ੍ਰਸਪਰ ਸੰਬੰਧਾਂ, ਜਿਹਾ ਕਿ ਲਿੰਗ ਪਿਆਰ, ਮਿਤਰਤਾ, ਤਰਸ, ਆਪਾ-ਵਾਰਨ, ਆਦਿ ਨੂੰ ਉਸ ਰੂਪ ਵਿਚ ਨਹੀਂ ਲੈਂਦਾ ਜਿਸ ਵਿਚ ਉਹ ਹਨ—ਕਿਸੇ ਧਰਮ ਨਾਲ ਜੋੜੇ ਬਿਨਾਂ, ਜਿਹੜਾ ਉਹਦੇ ਕਥਨ ਅਨੁਸਾਰ ਵੀ ਬੀਤੇ ਦੀ ਗੱਲ ਹੈ; ਸਗੋਂ ਇਹਦੀ ਥਾਂ ਇਸ ਗੱਲ ਉਤੇ ਜ਼ੋਰ ਦੇਂਦਾ ਹੈ ਕਿ ਉਹ ਆਪਣੀ ਪੂਰੀ ਕਦਰ ਤਾਂ ਹੀ ਪ੍ਰਾਪਤ ਕਰਨਗੇ ਜਦੋਂ ਉਹ ਧਰਮ ਦੇ ਨਾਂ ਤੇ ਪਵਿਤਰ ਬਣਨਗੇ। ਉਹਦੇ ਲਈ ਮੁਖ ਗੱਲ ਇਹ ਨਹੀਂ ਕਿ ਨਿਰੋਲ ਮਨੁਖੀ ਸੰਬੰਧਾਂ ਦੀ ਹੋਂਦ ਹੈ ਸਗੋਂ ਇਹ ਹੈ ਕਿ ਉਹਨਾਂ ਨੂੰ ਇਕ ਨਵੇਂ, ਸਚੇ ਧਰਮ ਵਜੋਂ ਵਿਚਾਰਿਆ ਜਾਵੇ। ਉਹਨਾਂ ਦੀ ਪੂਰੀ ਕਦਰ ਤਾਂ ਹੀ ਪਵੇਗੀ ਜਦੋਂ ਉਹਨਾਂ ਉਤੇ ਧਰਮ ਦੀ ਛਾਪ ਲਗ ਜਾਵੇਗੀ। "ਧਰਮ" (religion) ਦਾ ਆਦਿ ਸ਼ਬਦ religare * ਹੈ ਅਤੇ ਸ਼ੁਰੂ ਵਿਚ ਇਹਦਾ ਅਰਥ ਕੇਵਲ ਬੰਧਨ ਸੀ। ਇਸ ਲਈ ਦੋ ਮਨੁਖਾਂ ਵਿਚਕਾਰ ਹਰ ਬੰਧਨ ਧਰਮ ਹੈ। ਅਜਿਹੀਆਂ ਸ਼ਬਦ-ਵਿਗਿਆਨਕ ਹਥ-ਫੇਰੀਆਂ ਆਦਰਸ਼ਵਾਦੀ ਦਰਸ਼ਨ ਦਾ ਅਖ਼ੀਰੀ ਸਹਾਰਾ ਹਨ। ਇਹਦੀ ਯਥਾਰਥਕ ਵਰਤੋਂ ਦੇ ਇਤਿਹਾਸਕ ਵਿਕਾਸ ਕਾਰਨ ਕਿਸੇ ਸ਼ਬਦ ਦੇ ਅਰਥ ਕੀ ਹਨ, ਉਹ ਨਹੀਂ ਸਗੋਂ ਅਸਲ ਗੱਲ ਇਹ ਹੈ ਕਿ ਇਹਦੀ ਉਤਪਤੀ ਅਨੁਸਾਰ ਇਹਦੇ ਅਰਥ ਕੀ ਹੋਣੇ ਚਾਹੀਦੇ ਹਨ। ਸੋ ਲਿੰਗ ਪਿਆਰ ਅਤੇ ਲਿੰਗਾਂ ਵਿਚਕਾਰ ਭੋਗ ਦਾ "ਧਰਮ" ਤੱਕ ਦੈਵੀਕਰਣ ਕਰ ਦਿਤਾ ਜਾਂਦਾ ਹੈ, ਕੇਵਲ ਇਸ ਲਈ ਕਿ ਧਰਮ ਦਾ ਸ਼ਬਦ, ਜਿਹੜਾ ਆਦਰਸ਼ਵਾਦੀ ਯਾਦਾਂ ਨੂੰ ਬਹੁਤ ਪਿਆਰਾ ਹੈ, ਭਾਸ਼ਾ ਵਿਚੋਂ ਲੋਪ ਨਾ ਹੋ ਜਾਵੇ। ਪੰਜਵੇਂ ਦਹਾਕੇ ਵਿਚ ਲੂਈ ਬਲਾਂ ਮੁਹਾਣ ਦੇ ਪੈਰਿਸ ਦੇ ਸੁਧਾਰਕ ਐਨ ਇਸੇ ਤਰ੍ਹਾਂ ਗੱਲ ਕਰਿਆ ਕਰਦੇ ਸਨ। ਇਸੇ ਤਰ੍ਹਾਂ ਉਹ ਵੀ ਧਰਮ ਤੋਂ ਬਿਨਾਂ ਮਨੁਖ ਦੀ ਕਲਪਨਾ ਇਕ ਦੁਰਾਤਮਾ ਵਜੋਂ ਹੀ ਕਰ ਸਕਦੇ ਸਨ ਅਤੇ ਸਾਨੂੰ ਕਿਹਾ ਕਰਦੇ ਸਨ: "Donc, l'athéisme c'est votre religion!"** ਜੇ ਫ਼ਿਊਰਬਾਖ਼ ਪ੍ਰਕਿਰਤੀ ਦੇ ਮੁਖ ਰੂਪ ਵਿਚ ਪਦਾਰਥਵਾਦੀ ਸੰਕਲਪ ਦੇ ਆਧਾਰ ਉਤੇ ਇਕ ਸਚਾ ਧਰਮ ਸਥਾਪਤ ਕਰਨਾ ਚਾਹੁੰਦਾ ਹੈ ਤਾਂ ਇਹ ਉਸੇ ਤਰ੍ਹਾਂ ਹੈ ਜਿਵੇਂ ਨਵੀਨ ਰਸਾਇਣ-ਵਿਗਿਆਨ ਨੂੰ ਸਚੀ ਕੀਮੀਆਗਰੀ ਸਮਝਿਆ ਜਾਵੇ। ਜੇ ਇਹਦੇ ਰੱਬ ਤੋਂ ਬਿਨਾਂ ਧਰਮ ਦੀ ਹੋਂਦ ਸੰਭਵ ਹੈ ਤਾਂ ਇਹਦੇ ਪਾਰਸ ਪਥਰ ਤੋਂ ਬਿਨਾਂ ਕੀਮੀਆਗਰੀ ਦੀ ਹੋਂਦ ਵੀ ਸੰਭਵ ਹੈ। ਲਗਦੇ ਹਥ,

---

* ਬੰਨ੍ਹਣਾ (ਲਾਤੀਨੀ ਭਾਸ਼ਾ)।—**ਸੰਪਾ:**

** "ਸੋ, ਤਾਂ ਨਾਸਤਕਤਾ ਹੀ ਤੁਹਾਡਾ ਧਰਮ ਹੈ!"—**ਸੰਪਾ:**

ਕੀਮੀਆਗਰੀ ਅਤੇ ਧਰਮ ਵਿਚਕਾਰ ਬੜਾ ਨੇੜੇ ਦਾ ਸੰਬੰਧ ਹੈ। ਪਾਰਸ ਪਥਰ ਵਿਚ ਅਨੇਕ ਰੱਬ ਜਿਹੀਆਂ ਸਿਫ਼ਤਾਂ ਹਨ ਅਤੇ ਸਾਡੇ ਜੁਗ ਦੀਆਂ ਪਹਿਲੀਆਂ ਦੋ ਸਦੀਆਂ ਦੇ ਮਿਸਰੀ-ਯੂਨਾਨੀ ਕੀਮੀਆਗਰਾਂ ਦਾ ਈਸਾਈ ਸਿਧਾਂਤਾਂ ਦੇ ਵਿਕਾਸ ਵਿਚ ਬਹੁਤ ਹਿੱਸਾ ਸੀ, ਜਿਹਾ ਕਿ ਕਾਪ ਅਤੇ ਬੇਰਥਲੋ ਵਲੋਂ ਦਿਤੀ ਵਾਕਫ਼ੀ ਨੇ ਸਾਬਤ ਕੀਤਾ ਹੈ।

ਫ਼ਿਊਰਬਾਖ਼ ਦਾ ਇਹ ਕਥਨ ਕਿ "ਮਨੁਖਤਾ ਦੇ ਜੁਗ ਕੇਵਲ ਧਾਰਮਕ ਤਬਦੀਲੀਆਂ ਰਾਹੀਂ ਹੀ ਨਿਖੜੇ ਹੋਏ ਹਨ", ਨਿਸ਼ਚੇ ਹੀ ਗ਼ਲਤ ਹੈ। ਮਹਾਨ ਇਤਿਹਾਸਕ ਮੋੜਾਂ ਦੇ **ਨਾਲ ਨਾਲ** ਧਾਰਮਕ ਤਬਦੀਲੀਆਂ ਕੇਵਲ ਉਸ ਹੱਦ ਤੱਕ **ਆਈਆਂ ਹਨ** ਜਿਸ ਹੱਦ ਤੱਕ ਉਹਨਾਂ ਤਿੰਨ ਧਰਮਾਂ — ਬੁਧ ਮੱਤ, ਈਸਾਈਅਤ ਅਤੇ ਇਸਲਾਮ — ਦਾ ਸੰਬੰਧ ਹੈ ਜਿਹੜੇ ਇਸ ਸਮੇਂ ਪ੍ਰਚਲਤ ਹਨ। ਪੁਰਾਣੇ ਕਬਾਇਲੀ ਅਤੇ ਕੌਮੀ ਧਰਮ, ਜਿਹੜੇ ਆਪਮੁਹਾਰੇ ਤੌਰ ਤੇ ਉਠੇ, ਧਰਮ-ਪ੍ਰਚਾਰ ਕਰਨ ਵਾਲੇ ਨਹੀਂ ਸਨ ਅਤੇ ਜਿਉਂ ਹੀ ਕਬੀਲੇ ਜਾਂ ਕੌਮ ਦੀ ਸੁਤੰਤਰਤਾ ਖ਼ਤਮ ਹੋਈ ਉਹਨਾਂ ਦੀ ਮੁਕਾਬਲਾ ਕਰਨ ਦੀ ਕੁਲ ਸ਼ਕਤੀ ਖ਼ਤਮ ਹੋ ਗਈ। ਜਰਮਨਾਂ ਲਈ ਟੁਟ ਫੁਟ ਰਹੀ ਰੋਮ ਦੀ ਸੰਸਾਰ ਸਲਤਨਤ ਨਾਲ ਅਤੇ ਇਹਦੀਆਂ ਆਰਥਕ, ਰਾਜਸੀ ਅਤੇ ਵਿਚਾਰਧਾਰਕ ਪ੍ਰਸਥਿਤੀਆਂ ਨਾਲ ਮੇਲ ਖਾਂਦੇ ਨਵੇਂ ਨਵੇਂ ਅਪਣਾਏ ਈਸਾਈ ਸੰਸਾਰ ਧਰਮ ਨਾਲ ਸਾਦਾ ਛੁਹ ਕਾਫ਼ੀ ਸੀ। ਕੇਵਲ ਇਹਨਾਂ ਸੰਸਾਰ ਧਰਮਾਂ ਵਿਚ, ਜਿਹੜੇ ਘਟ ਜਾਂ ਵਧ ਨਕਲੀ ਤੌਰ ਤੇ ਉਠੇ ਹਨ, ਵਿਸ਼ੇਸ਼ ਤੌਰ ਤੇ ਈਸਾਈਅਤ ਅਤੇ ਇਸਲਾਮ ਵਿਚ, ਅਸੀਂ ਵੇਖਦੇ ਹਾਂ ਕਿ ਵਧੇਰੇ ਆਮ ਇਤਿਹਾਸਕ ਲਹਿਰਾਂ ਉਤੇ ਧਾਰਮਕ ਛਾਪ ਲਗ ਜਾਂਦੀ ਹੈ। ਈਸਾਈਅਤ ਦੇ ਸੰਬੰਧ ਵਿਚ ਵੀ ਸਚਮੁਚ ਸਰਬਵਰਤੀ ਮਹੱਤਤਾ ਵਾਲੇ ਇਨਕਲਾਬਾਂ ਉਤੇ ਇਨਕਲਾਬੀ ਛਾਪ ਬੁਰਜੂਆਜ਼ੀ ਦੇ ਮੁਕਤੀ ਲਈ ਘੋਲ ਦੇ ਪਹਿਲੇ ਪੜਾਆਂ — ਤੇਰ੍ਹਵੀਂ-ਸਤਾਰ੍ਹਵੀਂ ਸਦੀ — ਤੱਕ ਸੀਮਤ ਹੈ, ਅਤੇ ਇਹਦਾ ਕਾਰਨ, ਫ਼ਿਊਰਬਾਖ਼ ਦੇ ਕਥਨ ਅਨੁਸਾਰ ਮਨੁਖਾਂ ਦੇ ਦਿਲ ਅਤੇ ਉਹਨਾਂ ਦੀਆਂ ਧਾਰਮਕ ਲੋੜਾਂ ਨਹੀਂ ਸਗੋਂ ਮੱਧ-ਕਾਲ ਦਾ ਸਾਰਾ ਪਿਛਲਾ ਇਤਿਹਾਸ ਹੈ, ਜਿਸ ਨੂੰ ਧਰਮ ਅਤੇ ਧਰਮ-ਵਿਦਿਆ ਤੋਂ ਬਿਨਾਂ ਵਿਚਾਰਧਾਰਾ ਦੇ ਹੋਰ ਕਿਸੇ ਰੂਪ ਦਾ ਪਤਾ ਨਹੀਂ ਸੀ। ਪਰ ਜਦੋਂ ਅਠਾਰ੍ਹਵੀਂ ਸਦੀ ਦੀ ਬੁਰਜੂਆਜ਼ੀ ਇੱਨੀ ਬਲਵਾਨ ਹੋ ਗਈ ਕਿ ਉਹਦੇ ਕੋਲ ਇਸੇ ਤਰ੍ਹਾਂ ਆਪਣੀ ਵਿਚਾਰਧਾਰਾ ਹੋ ਸਕੇ, ਜਿਹੜੀ ਉਹਦੇ ਸ੍ਰੇਣੀ ਦ੍ਰਿਸ਼ਟੀਕੋਣ ਨਾਲ ਮੇਲ ਖਾਂਦੀ ਹੋਵੇ, ਤਾਂ ਇਹਨੇ ਆਪਣਾ ਮਹਾਨ ਅਤੇ ਅੰਤਮ ਇਨਕਲਾਬ, ਫ਼ਰਾਂਸੀਸੀ ਇਨਕਲਾਬ, ਖ਼ਾਲਸ ਕਾਨੂੰਨੀ ਅਤੇ ਰਾਜਸੀ ਵਿਚਾਰਾਂ ਦਾ ਸੱਦਾ ਦੇਕੇ ਕੀਤਾ ਅਤੇ ਧਰਮ ਨਾਲ ਕੇਵਲ ਉਸ ਹੱਦ ਤੱਕ ਸੰਬੰਧ ਰਖਿਆ ਜਿਸ ਹੱਦ ਤੱਕ ਇਹ ਉਹਦਾ ਰਾਹ ਰੋਕਦਾ ਸੀ। ਪਰ ਉਹਨੂੰ ਇਹ ਗੱਲ ਕਦੇ ਨਾ ਸੁਝੀ ਕਿ ਪੁਰਾਣੇ ਧਰਮ ਦੀ ਥਾਂ ਇਕ ਨਵਾਂ

ਧਰਮ ਖੜਾ ਕਰ ਦਿਤਾ ਜਾਵੇ। ਸਭਨਾਂ ਨੂੰ ਪਤਾ ਹੈ ਕਿ ਰੋਬਸਪਿਯੇਰ[118] ਆਪਣੇ ਜਤਨ ਵਿਚ ਕਿਵੇਂ ਅਸਫਲ ਰਿਹਾ।

ਹੋਰਨਾਂ ਮਨੁਖਾਂ ਨਾਲ ਸਾਡੇ ਸੰਬੰਧਾਂ ਦੇ ਦੌਰਾਨ ਖ਼ਾਲਸ ਮਨੁਖੀ ਭਾਵਨਾਵਾਂ ਦੀ ਸੰਭਾਵਨਾ ਨੂੰ ਅਜ ਕੱਲ ਉਸ ਸਮਾਜ ਵਿਚ, ਜਿਸ ਵਿਚ ਸਾਨੂੰ ਰਹਿਣਾ ਪੈ ਰਿਹਾ ਹੈ ਅਤੇ ਜਿਹੜਾ ਸ਼੍ਰੇਣੀ-ਵਿਰੋਧ ਅਤੇ ਸ਼੍ਰੇਣੀ ਹਕਮਤ ਉਤੇ ਆਧਾਰਤ ਹੈ, ਚੋਖੀ ਹੱਦ ਤੱਕ ਸੀਮਤ ਕਰ ਦਿਤਾ ਹੈ। ਸਾਡੇ ਕੋਲ ਇਹਨਾਂ ਭਾਵਾਂ ਨੂੰ ਧਰਮ ਤੱਕ ਵਡਿਆ ਕੇ ਇਹਨਾਂ ਨੂੰ ਹੋਰ ਸੀਮਤ ਕਰਨ ਦਾ ਕੋਈ ਕਾਰਨ ਨਹੀਂ। ਅਤੇ ਇਸੇ ਹੀ ਤਰ੍ਹਾਂ ਪ੍ਰਚਲਤ ਇਤਿਹਾਸ-ਲੇਖਣ ਨੇ ਮਹਾਨ ਸ਼੍ਰੇਣੀ ਘੋਲਾਂ ਦੀ ਸੂਝ ਨੂੰ ਪਹਿਲਾਂ ਹੀ ਇੱਨਾ ਧੁੰਦਲਾ ਕਰ ਦਿਤਾ ਹੈ, ਵਿਸ਼ੇਸ਼ ਤੌਰ ਉਤੇ ਜਰਮਨੀ ਵਿਚ, ਕਿ ਸਾਨੂੰ ਇਹਨਾਂ ਘੋਲਾਂ ਦੇ ਇਤਿਹਾਸ ਨੂੰ ਕੇਵਲ ਧਾਰਮਕ ਇਤਿਹਾਸ ਦਾ ਜ਼ਮੀਮਾ ਬਣਾ ਕੇ ਅਜਿਹੀ ਸੂਝ ਉਕਾ ਹੀ ਅਸੰਭਵ ਬਣਾਉਣ ਦੀ ਕੋਈ ਲੋੜ ਨਹੀਂ। ਇਹ ਗੱਲ ਪਹਿਲਾਂ ਹੀ ਸਪਸ਼ਟ ਹੋ ਜਾਂਦੀ ਹੈ ਕਿ ਅਸੀਂ ਅਜ ਫ਼ਿਊਰਬਾਖ਼ ਤੋਂ ਕਿੰਨੇ ਦੂਰ ਚਲੇ ਗਏ ਹਾਂ। ਆਪਣੇ ਪਿਆਰ ਦੇ ਨਵੇਂ ਧਰਮ ਨੂੰ ਵਡਿਆਉਂਦੇ ਉਹਦੇ "ਅਤਿ-ਅੰਤ ਸੁਹਣੇ ਟੋਟਕੇ" ਅਜ ਪੜ੍ਹੇ ਨਹੀਂ ਜਾ ਸਕਦੇ।

ਫ਼ਿਊਰਬਾਖ਼ ਜਿਸ ਇਕੋ ਇਕ ਧਰਮ ਦਾ ਵਿਸ਼ਲੇਸ਼ਣ ਕਰਦਾ ਹੈ ਉਹ ਈਸਾਈਅਤ ਹੈ, ਪਛਮ ਦਾ ਸੰਸਾਰ ਧਰਮ ਜਿਹੜਾ ਇਕੀਸ਼ਵਰਵਾਦ ਉਤੇ ਆਧਾਰਤ ਹੈ। ਉਹ ਸਾਬਤ ਕਰਦਾ ਹੈ ਕਿ ਈਸਾਈ ਰੱਬ ਮਨੁਖ ਦਾ ਇਕ ਅਣੋਖਾ ਪਰਤੌ, ਪ੍ਰਤਿਬਿੰਬ ਹੈ। ਪਰ ਇਹ ਰੱਬ ਵੀ ਅਮੂਰਤੀ ਕਰਨ ਦੇ ਇਕ ਅਕਾਊ ਅਮਲ ਦਾ, ਪਹਿਲਾਂ ਦੇ ਅਨੇਕਾਂ ਕਬਾਇਲੀ ਅਤੇ ਕੌਮੀ ਰੱਬਾਂ ਦਾ ਸੰਘਣਾ ਸੱਤ ਹੈ। ਅਤੇ ਇਸ ਲਈ, ਜਿਸ ਮਨੁਖ ਦਾ ਬਿੰਬ ਇਹ ਰੱਬ ਹੈ, ਉਹ ਵੀ ਯਥਾਰਥਕ ਮਨੁਖ ਨਹੀਂ ਸਗੋਂ ਅਨੇਕਾਂ ਯਥਾਰਥਕ ਮਨੁਖਾਂ, ਖ਼ਿਆਲੀ ਤੌਰ ਤੇ ਮਨੁਖ, ਦਾ ਸੱਤ ਹੈ ਅਤੇ ਇਸੇ ਲਈ ਇਹ ਵੀ ਇਕ ਦਿਮਾਗੀ ਬਿੰਬ ਹੈ। ਫ਼ਿਊਰਬਾਖ਼ ਹਰ ਪੰਨੇ ਉਤੇ ਇੰਦਰੀਅਤਾ ਦਾ ਅਤੇ ਸਥੂਲ ਯਥਾਰਥਕ ਦੁਨੀਆਂ ਵਿਚ ਲੀਨ ਹੋ ਜਾਣ ਦਾ ਪ੍ਰਚਾਰ ਕਰਦਾ ਹੈ, ਪਰ ਜਿਉਂ ਹੀ ਉਹ ਮਨੁਖਾਂ ਵਿਚਕਾਰ ਕੇਵਲ ਲਿੰਗ ਸੰਬੰਧਾਂ ਤੋਂ ਬਿਨਾਂ ਕਿਸੇ ਹੋਰ ਸ਼ੈ ਦੀ ਗੱਲ ਕਰਦਾ ਹੈ, ਉਹ ਉਕਾ ਹੀ ਖ਼ਿਆਲੀ ਹੋ ਜਾਂਦਾ ਹੈ।

ਇਹਨਾਂ ਸੰਬੰਧਾਂ ਦਾ ਕੇਵਲ ਇਕ ਪੱਖ ਉਹਨੂੰ ਚੰਗਾ ਲਗਦਾ ਹੈ: ਸਦਾਚਾਰ। ਅਤੇ ਇਥੇ ਜਦੋਂ ਅਸੀਂ ਫ਼ਿਊਰਬਾਖ਼ ਦਾ ਹੀਗਲ ਨਾਲ ਮੁਕਾਬਲਾ ਕਰਦੇ ਹਾਂ ਤਾਂ ਸਾਨੂੰ ਉਹਦੀ ਕਮਜ਼ੋਰੀ ਪ੍ਰਤੱਖ ਦਿਸਦੀ ਹੈ। ਪਿਛਲੇਰੇ ਦਾ ਸਦਾਚਾਰ-ਸਿਖਿਆ, ਜਾਂ ਸਦਾਚਾਰਕ ਵਤੀਰੇ ਦਾ ਸਿਧਾਂਤ ਹੱਕ ਦਾ ਦਰਸ਼ਨ ਹੈ ਅਤੇ ਇਹਦੇ ਵਿਚ ਇਹ ਸ਼ਾਮਲ ਹਨ: (੧) ਖ਼ਿਆਲੀ ਹੱਕ; (੨) ਸਦਾਚਾਰ; (੩) ਸਮਾਜੀ ਸਦਾਚਾਰ-ਸਿਖਿਆ [Sittlichkeit], ਜਿਸ ਅਧੀਨ ਫਿਰ ਸ਼ਾਮਲ ਹਨ: ਪਰਵਾਰ, ਸ਼ਹਿਰੀ

ਸਮਾਜ ਅਤੇ ਰਾਜ। ਇਥੇ ਰੂਪ ਜਿਨਾਂ ਆਦਰਸ਼ਵਾਦੀ ਹੈ, ਤੱਤ ਉੱਨਾ ਹੀ ਯਥਾਰਥਵਾਦੀ ਹੈ। ਸਦਾਚਾਰ ਤੋਂ ਬਿਨਾਂ, ਕਾਨੂੰਨ, ਆਰਥਕਤਾ, ਰਾਜਨੀਤੀ ਦਾ ਸਾਰਾ ਖੇਤਰ ਇਥੇ ਸ਼ਾਮਲ ਕਰ ਲਿਆ ਗਿਆ ਹੈ। ਫ਼ਿਊਰਬਾਖ਼ ਦੇ ਸੰਬੰਧ ਵਿਚ ਗੱਲ ਬਿਲਕੁਲ ਉਲਟੀ ਹੈ। ਰੂਪ ਵਿਚ ਉਹ ਯਥਾਰਥਵਾਦੀ ਹੈ, ਕਿਉਂਕਿ ਉਹ ਮਨੁਖ ਤੋਂ ਮੁਢ ਬੰਨ੍ਹਦਾ ਹੈ; ਪਰ ਉਸ ਸੰਸਾਰ ਦਾ ਉੱਕਾ ਕੋਈ ਜ਼ਿਕਰ ਨਹੀਂ ਜਿਸ ਵਿਚ ਇਹ ਮਨੁਖ ਰਹਿੰਦਾ ਹੈ: ਇਸ ਲਈ ਇਹ ਮਨੁਖ ਉਹ ਖ਼ਿਆਲੀ ਮਨੁਖ ਰਹਿੰਦਾ ਹੈ ਜਿਹੜਾ ਧਰਮ ਦੇ ਦਰਸ਼ਨ ਵਿਚ ਮੈਦਾਨ ਉਤੇ ਛਾਇਆ ਹੋਇਆ ਹੈ। ਕਿਉਂਕਿ ਇਹ ਮਨੁਖ ਇਸਤ੍ਰੀ ਦੇ ਗਰਭ ਤੋਂ ਪੈਦਾ ਨਹੀਂ ਹੋਇਆ: ਇਉਂ ਜਾਪਦਾ ਹੈ ਉਹ ਕਿਸੇ ਕੋਏ ਵਿਚੋਂ, ਇਕੀਸ਼ਵਰੀ ਧਰਮ ਦੇ ਰੱਬ ਵਿਚੋਂ ਉਭਰਦਾ ਹੈ। ਇਸ ਲਈ ਉਹ ਕਿਸੇ ਯਥਾਰਥਕ ਦੁਨੀਆਂ ਵਿਚ ਨਹੀਂ ਰਹਿੰਦਾ ਜਿਹੜੀ ਇਤਿਹਾਸਕ ਤੌਰ ਤੇ ਹੋਂਦ ਵਿਚ ਆਈ ਹੈ ਅਤੇ ਇਤਿਹਾਸਕ ਤੌਰ ਤੇ ਮਿਥੀ ਜਾਂਦੀ ਹੈ। ਇਹ ਸੱਚ ਹੈ ਕਿ ਉਹਦੇ ਹੋਰਨਾਂ ਮਨੁਖਾਂ ਨਾਲ ਸੰਬੰਧ ਹੁੰਦੇ ਹਨ, ਪਰ ਉਹਨਾਂ ਵਿਚੋਂ ਹਰ ਇਕ ਉਹਦੇ ਆਪਣੇ ਵਾਂਗ ਹੀ ਖ਼ਿਆਲੀ ਹੈ। ਉਹਦੇ ਧਰਮ ਦੇ ਦਰਸ਼ਨ ਵਿਚ ਸਾਨੂੰ ਅਜੇ ਮਰਦ ਅਤੇ ਇਸਤ੍ਰੀਆਂ ਮਿਲਦੀਆਂ ਸਨ ਪਰ ਉਹਦੀ ਸਦਾਚਾਰ-ਸਿਖਿਆ ਵਿਚ ਇਹ ਅਖ਼ੀਰੀ ਫ਼ਰਕ ਵੀ ਖ਼ਤਮ ਹੋ ਜਾਂਦਾ ਹੈ। ਨਿਸ਼ਚੇ ਹੀ ਲੰਮੀਆਂ ਵਿਥਾਂ ਪਿਛੋਂ ਫ਼ਿਊਰਬਾਖ਼ ਅਜਿਹੀਆਂ ਗੱਲਾਂ ਕਹਿੰਦਾ ਹੈ:

> "ਮਨੁਖ ਮਹੱਲ ਅਤੇ ਕੁਲੀ ਵਿਚ ਵੱਖ ਵੱਖ ਤਰ੍ਹਾਂ ਸੋਚਦਾ ਹੈ।"— "ਜੇ ਭੁਖ ਕਾਰਨ, ਮੁਸੀਬਤਾਂ ਕਾਰਨ ਤੁਹਾਡੇ ਸਰੀਰ ਵਿਚ ਕੋਈ ਬਲ ਨਹੀਂ ਤਾਂ ਤੁਹਾਡੇ ਸਿਰ, ਤੁਹਾਡੇ ਮਨ ਜਾਂ ਦਿਲ ਵਿਚ ਸਦਾਚਾਰ ਲਈ ਕੋਈ ਬਲ ਨਹੀਂ।"— "ਰਾਜਨੀਤੀ ਨੂੰ ਸਾਡਾ ਧਰਮ ਬਣ ਜਾਣਾ ਚਾਹੀਦਾ ਹੈ," ਆਦਿ।

ਪਰ ਫ਼ਿਊਰਬਾਖ਼ ਇਹਨਾਂ ਅਖਾਣਾਂ ਰਾਹੀਂ ਕੁਝ ਪ੍ਰਾਪਤ ਕਰਨ ਦੇ ਉੱਕਾ ਹੀ ਅਸਮਰਥ ਹੈ; ਇਹ ਕੇਵਲ ਵਾਕ ਹੀ ਰਹਿ ਜਾਂਦੇ ਹਨ, ਅਤੇ ਸ਼ਟਾਰਕੇ ਨੂੰ ਵੀ ਮੰਨਣਾ ਪੈਂਦਾ ਹੈ ਕਿ ਰਾਜਨੀਤੀ ਫ਼ਿਊਰਬਾਖ਼ ਲਈ ਇਕ ਅਲੰਘ ਹੱਦ ਬਣ ਗਈ ਸੀ ਅਤੇ

> "ਸਮਾਜ ਦਾ ਵਿਗਿਆਨ, ਸਮਾਜ-ਵਿਗਿਆਨ ਉਹਦੇ ਲਈ terra incognita * ਸੀ।"

ਚੰਗਿਆਈ ਅਤੇ ਬੁਰਾਈ ਦੇ ਵਿਰੋਧ ਸੰਬੰਧੀ ਵੀ ਉਹ ਹੀਗਲ ਦੇ ਮੁਕਾਬਲੇ ਉਤੇ ਇਸੇ ਤਰ੍ਹਾਂ ਪੇਤਲਾ ਜਾਪਦਾ ਹੈ।

---

* ਅਣਪਛਾਤੀ ਧਰਤੀ।— **ਸੰਪਾ:**

"ਮਨੁਖ ਸਮਝਦਾ ਹੈ ਕਿ ਜੇ ਉਹ ਕਹਿੰਦਾ ਹੈ ਕਿ 'ਮਨੁਖ ਸੁਭਾਵਕ ਤੌਰ ਤੇ ਚੰਗਾ ਹੈ' ਤਾਂ ਉਹ ਕੋਈ ਮਹਾਨ ਗੱਲ ਕਹਿ ਰਿਹਾ ਹੈ", ਹੀਗਲ ਕਹਿੰਦਾ ਹੈ, "ਪਰ ਉਹ ਭੁਲ ਜਾਂਦਾ ਹੈ ਕਿ ਜਦੋਂ ਉਹ ਕਹਿੰਦਾ ਹੈ ਕਿ 'ਮਨੁਖ ਸੁਭਾਵਕ ਤੌਰ ਤੇ ਭੈੜਾ ਹੈ' ਤਾਂ ਉਹ ਕਿਤੇ ਵਧੇਰੇ ਮਹਾਨ ਗੱਲ ਕਹਿ ਰਿਹਾ ਹੈ।"

ਹੀਗਲ ਲਈ ਬੁਰਾਈ ਉਹ ਰੂਪ ਹੈ ਜਿਸ ਵਿਚ ਇਤਿਹਾਸਕ ਵਿਕਾਸ ਦੀ ਚਾਲਕ ਸ਼ਕਤੀ ਆਪਣੇ ਆਪ ਨੂੰ ਪੇਸ਼ ਕਰਦੀ ਹੈ। ਇਸ ਵਿਚ ਦੂਹਰੇ ਅਰਥ ਹਨ, ਕਿ, ਇਕ ਹਥ, ਹਰ ਨਵੀਂ ਉੱਨਤੀ ਲਾਜ਼ਮੀ ਤੌਰ ਉਤੇ ਪਵਿਤਰ ਬਣੀਆਂ ਗੱਲਾਂ ਦੀ ਬੇਅਦਬੀ ਰਾਹੀਂ, ਉਹਨਾਂ ਪ੍ਰਸਥਿਤੀਆਂ ਵਿਰੁਧ ਬਗ਼ਾਵਤ ਦੇ ਰੂਪ ਵਿਚ ਹੁੰਦੀ ਹੈ, ਜਿਹੜੀਆਂ ਭਾਵੇਂ ਪੁਰਾਣੀਆਂ ਅਤੇ ਮਰਨ-ਮਰਾਂਦ ਹਨ, ਪਰ ਰਵਾਇਤ ਹਥੋਂ ਪਵਿਤਰ ਬਣਾਈਆਂ ਗਈਆਂ ਹਨ; ਅਤੇ ਇਹ ਕਿ ਦੂਜੇ ਹਥ ਮਨੁਖ ਦੀਆਂ ਮੰਦੀਆਂ ਲਾਲਸਾਵਾਂ—ਲਾਲਚ ਅਤੇ ਸ਼ਕਤੀ ਲਈ ਹਵਸ—ਹੀ ਸ਼੍ਰੇਣੀ ਵਿਰੋਧਾਂ ਦੇ ਪ੍ਰਗਟ ਹੋਣ ਤੋਂ ਪਿਛੋਂ ਇਤਿਹਾਸਕ ਵਿਕਾਸ ਦੀਆਂ ਉਤੇਜਕ ਰਹੀਆਂ ਹਨ—ਇਹ ਇਕ ਅਜਿਹਾ ਤੱਥ ਹੈ, ਜਿਸਦਾ ਸਾਮੰਤਵਾਦ ਅਤੇ ਬੁਰਜੂਆਜ਼ੀ ਦਾ ਇਤਿਹਾਸ, ਮਿਸਾਲ ਵਜੋਂ, ਇਕ ਨਿਰੰਤਰ ਸਬੂਤ ਬਣਦੇ ਹਨ। ਪਰ ਫ਼ਿਊਰਬਾਖ਼ ਨੂੰ ਇਹ ਗੱਲ ਅਹੁੜਦੀ ਹੀ ਨਹੀਂ ਕਿ ਉਹ ਸਦਾਚਾਰਕ ਬੁਰਾਈ ਦੇ ਇਤਿਹਾਸਕ ਰੋਲ ਨੂੰ ਘੋਖੇ। ਉਹਦੇ ਲਈ ਇਤਿਹਾਸ ਇਕ ਉੱਕਾ ਹੀ ਰਮਜ਼-ਭਰਿਆ ਖੇਤਰ ਹੈ ਜਿਸ ਵਿੱਚ ਉਹ ਔਖਾ ਅਨੁਭਵ ਕਰਦਾ ਹੈ। ਉਹਦਾ ਆਪਣਾ ਗੁਰ:

"ਮਨੁਖ ਜਿਵੇਂ ਮੁਢ ਵਿਚ ਪ੍ਰਕਿਰਤੀ ਵਿਚੋਂ ਉਗੰਮਿਆ, ਮਨੁਖ ਨਹੀਂ ਸੀ, ਪ੍ਰਕਿਰਤੀ ਦਾ ਇਕ ਜੀਵ ਸੀ। ਮਨੁਖ ਮਨੁਖ ਦੀ, ਸਭਿਆਚਾਰ ਦੀ, ਇਤਿਹਾਸ ਦੀ ਉਪਜ ਹੈ।"—

ਉਹਦੇ ਕੋਲ ਇਹ ਗਰ ਵੀ ਉੱਕਾ ਬਾਂਝ ਰਹਿੰਦਾ ਹੈ।

ਇਸ ਲਈ ਫ਼ਿਊਰਬਾਖ਼ ਸਦਾਚਾਰ ਸੰਬੰਧੀ ਸਾਨੂੰ ਜੋ ਕੁਝ ਦਸਦਾ ਹੈ ਉਹ ਅਤਿ-ਅੰਤ ਨਿਗੂਣਾ ਰਹਿੰਦਾ ਹੈ। ਖ਼ੁਸ਼ੀ ਲਈ ਪ੍ਰੇਰਨਾ ਮਨੁਖ ਵਿਚ ਅੰਤ੍ਰੀਵ ਹੈ ਅਤੇ ਇਹ ਲਾਜ਼ਮੀ ਹੈ ਕਿ ਇਹ ਕੁਲ ਸਦਾਚਾਰ ਦਾ ਆਧਾਰ ਬਣੇ। ਪਰ ਖ਼ੁਸ਼ੀ ਲਈ ਪ੍ਰੇਰਨਾ ਦੂਹਰੀ ਸੋਧ ਦੇ ਅਧੀਨ ਹੈ। ਪਹਿਲੇ, ਸਾਡੇ ਅਮਲਾਂ ਦੇ ਪ੍ਰਾਕਿਰਤਕ ਸਿੱਟਿਆਂ ਰਾਹੀਂ: ਐਸ਼ ਤੋਂ ਪਿਛੋਂ "ਉਦਾਸੀ" ਆਉਂਦੀ ਹੈ, ਅਤੇ ਆਦੀ ਵਧੀਕੀਆਂ ਤੋਂ ਪਿਛੋਂ ਬਿਮਾਰੀ ਆਉਂਦੀ ਹੈ। ਦੂਜੇ, ਇਹਦੇ ਸਮਾਜੀ ਸਿੱਟਿਆਂ ਰਾਹੀਂ: ਜੇ ਅਸੀਂ ਖ਼ੁਸ਼ੀ ਲਈ ਹੋਰਨਾਂ ਦੀ ਅਜਿਹੀ ਪ੍ਰੇਰਨਾ ਦਾ ਸਤਿਕਾਰ ਨਾ ਕਰੀਏ

ਤਾਂ ਉਹ ਆਪਣੀ ਰਖਿਆ ਕਰਨੀ ਸ਼ੁਰੂ ਕਰ ਦੇਣਗੇ ਅਤੇ ਇਉਂ ਖ਼ੁਸ਼ੀ ਲਈ ਸਾਡੀ ਪ੍ਰੇਰਨਾ ਵਿਚ ਰੋਕ ਪਾਉਣਗੇ। ਇਹਦੇ ਸਿੱਟੇ ਵਜੋਂ ਆਪਣੀ ਪ੍ਰੇਰਨਾ ਪੂਰੀ ਕਰਨ ਲਈ ਇਹ ਲਾਜ਼ਮੀ ਹੈ ਕਿ ਅਸੀਂ ਆਪਣੇ ਅਮਲ ਦੇ ਸਿੱਟਿਆਂ ਨੂੰ ਠੀਕ ਤਰ੍ਹਾਂ ਸਮਝਣ ਦੇ ਯੋਗ ਹੋਈਏ ਅਤੇ ਇਸੇ ਤਰ੍ਹਾਂ ਹੀ ਹੋਰਨਾਂ ਨੂੰ ਖ਼ੁਸ਼ੀ ਦੀ ਖੋਜ ਕਰਨ ਦਾ ਸਾਵਾਂ ਹੱਕ ਦਈਏ। ਆਪਣੇ ਸੰਬੰਧੀ ਮੰਤਕੀ ਸਵੈ-ਸੰਜਮ ਅਤੇ ਦੂਜਿਆਂ ਨਾਲ ਸੰਬੰਧਾਂ ਵਿਚ ਪਿਆਰ — ਘੜੀ ਮੁੜੀ ਪਿਆਰ! — ਇਹ ਹਨ ਫ਼ਿਊਰਬਾਖ਼ ਦੇ ਸਦਾਚਾਰ ਦੇ ਬੁਨਿਆਦੀ ਨਿਯਮ; ਬਾਕੀ ਸਭ ਇਹਨਾਂ ਵਿਚੋਂ ਵਿਉਤਪਤ ਹਨ। ਅਤੇ ਨਾ ਹੀ ਫ਼ਿਊਰਬਾਖ਼ ਦੇ ਅਤਿ ਜੁਸ਼ੀਲੇ ਕਥਨ ਅਤੇ ਨਾ ਸ਼ਟਾਰਕੇ ਦੇ ਸਭ ਤੋਂ ਬਲਵਾਨ ਸੋਹਿਲੇ ਇਹਨਾਂ ਕੁਝ ਕਥਨਾਂ ਦੇ ਫੋਕੇਪੁਣੇ ਅਤੇ ਤੁਛਤਾ ਨੂੰ ਲੁਕਾ ਸਕਦੇ ਹਨ।

ਬੜੇ ਅਸਾਧਾਰਨ ਤੌਰ ਤੇ ਹੀ, ਅਤੇ ਉਹ ਵੀ ਉਹਦੇ ਅਤੇ ਹੋਰਨਾਂ ਲੋਕਾਂ ਦੇ ਭਲੇ ਲਈ ਨਹੀਂ, ਕੋਈ ਮਨੁਖ ਆਪਣੇ ਆਪ ਵਿਚ ਲੀਨ ਹੋਕੇ ਆਪਣੀ ਖ਼ੁਸ਼ੀ ਲਈ ਤਾਂਘ ਪੂਰੀ ਕਰ ਸਕਦਾ ਹੈ। ਸਗੋਂ ਇਹਦੇ ਲਈ ਬਾਹਰਲੀ ਦੁਨੀਆਂ ਨਾਲ, ਲੋੜਾਂ ਪੂਰੀਆਂ ਕਰਨ ਦੇ ਸਾਧਨਾਂ ਨਾਲ, ਅਰਥਾਤ ਖ਼ੁਰਾਕ, ਦੂਜੀ ਲਿੰਗ ਦੇ ਇਕ ਜੀਵ, ਕਿਤਾਬਾਂ, ਗੱਲ ਬਾਤ, ਬਹਿਸ, ਸਰਗਰਮੀਆਂ, ਵਰਤੋਂ ਅਤੇ ਕੰਮ ਕਰਨ ਲਈ ਵਸਤਾਂ, ਨਾਲ ਰੁਝੇਵੇਂ ਦੀ ਲੋੜ ਹੈ। ਫ਼ਿਊਰਬਾਖ਼ ਦਾ ਸਦਾਚਾਰ ਜਾਂ ਤਾਂ ਇਹ ਫ਼ਰਜ਼ ਕਰ ਲੈਂਦਾ ਹੈ ਕਿ ਸੰਤੁਸ਼ਟੀ ਦੇ ਇਹ ਸਾਧਨ ਅਤੇ ਵਸਤਾਂ ਹਰ ਇਕ ਨੂੰ ਸੁਭਾਵਕ ਤੌਰ ਤੇ ਪ੍ਰਾਪਤ ਹਨ ਜਾਂ ਇਹ ਕੇਵਲ ਲਾਗੂ ਨਾ ਕੀਤੇ ਜਾ ਸਕਣ ਵਾਲੀ ਨੇਕ ਸਲਾਹ ਦੇਂਦਾ ਹੈ ਅਤੇ, ਇਸ ਲਈ, ਇਹ ਉਹਨਾਂ ਲਈ ਦੋ ਕੌਡੀ ਦੇ ਮੁਲ ਦੀ ਨਹੀਂ, ਜਿਹੜੇ ਸਾਧਨਾਂ ਤੋਂ ਬਿਨਾਂ ਹਨ। ਅਤੇ ਜਿਵੇਂ ਫ਼ਿਊਰਬਾਖ਼ ਸਾਫ ਸ਼ਬਦਾਂ ਵਿਚ ਆਪ ਕਹਿੰਦਾ ਹੈ:

> "'ਮਨੁਖ ਮੱਹਲ ਅਤੇ ਕੁਲੀ ਵਿਚ ਵਖ ਵਖ ਤਰ੍ਹਾਂ ਸੋਚਦਾ ਹੈ।' 'ਜੇ ਭੁਖ ਕਾਰਨ, ਮੁਸੀਬਤਾਂ ਕਾਰਨ, ਤੁਹਾਡੇ ਸਰੀਰ ਵਿਚ ਬਲ ਨਹੀਂ ਤਾਂ ਤੁਹਾਡੇ ਸਿਰ, ਤੁਹਾਡੇ ਮਨ ਜਾਂ ਦਿਲ ਵਿਚ ਸਦਾਚਾਰ ਲਈ ਕੋਈ ਬਲ ਨਹੀਂ।'"

ਕੀ ਹੋਰਨਾਂ ਦੇ ਖ਼ੁਸ਼ੀ ਲਈ ਆਪਣੀ ਤਾਂਘ ਪੂਰੀ ਕਰ ਸਕਣ ਦੇ ਸਾਵੇਂ ਹੱਕ ਸੰਬੰਧੀ ਮਾਮਲਾ ਕੁਝ ਚੰਗੇਰਾ ਹੈ? ਫ਼ਿਊਰਬਾਖ਼ ਇਸ ਦਾਹਵੇ ਨੂੰ ਨਿਹਕੇਵਲ ਰੂਪ ਵਿਚ ਪੇਸ਼ ਕਰਦਾ ਹੈ ਜਿਹੜਾ ਹਰ ਸਮੇਂ ਅਤੇ ਹਰ ਪ੍ਰਸਥਿਤੀ ਲਈ ਠੀਕ ਹੈ। ਪਰ ਇਹ ਕਦੋਂ ਤੋਂ ਜਾਇਜ਼ ਬਣਿਆ ਹੈ? ਕੀ ਕਦੇ ਪ੍ਰਾਚੀਨ ਸਮੇਂ ਵਿਚ ਗ਼ੁਲਾਮਾਂ ਅਤੇ ਮਾਲਕਾਂ ਵਿਚਕਾਰ, ਜਾਂ ਮੱਧ-ਕਾਲ ਵਿਚ ਖੇਤ-ਗ਼ੁਲਾਮਾਂ ਅਤੇ ਜਾਗੀਰਦਾਰਾਂ ਵਿਚਕਾਰ ਖ਼ੁਸ਼ੀ ਲਈ ਤਾਂਘ ਬਾਰੇ ਏਕਤਾ ਸੰਬੰਧੀ ਕੋਈ ਗੱਲ ਹੋਈ ਸੀ? ਕੀ ਪਸਿਤੀਆਂ ਸ੍ਰੇਣੀਆਂ ਦੀ ਖ਼ੁਸ਼ੀ ਲਈ ਤਾਂਘ ਬੇਕਿਰਕੀ ਨਾਲ ਅਤੇ "ਕਾਨੂੰਨ ਦੇ

ਹੱਕ ਨਾਲ" ਹਾਕਮ ਸ਼੍ਰੇਣੀ ਦੇ ਹੱਕ ਵਿਚ ਕੁਰਬਾਨ ਨਹੀਂ ਸੀ ਕੀਤੀ ਗਈ ?— ਹਾਂ, ਇਹ ਨਿਰਸੰਦੇਹ ਅਣਸਦਾਚਾਰਕ ਸੀ; ਪਰ ਅਜ ਕੱਲ ਹੱਕਾਂ ਦੀ ਬਰਾਬਰੀ ਪ੍ਰਵਾਨ ਕੀਤੀ ਜਾਂਦੀ ਹੈ।—ਜਿਸ ਸਮੇਂ ਤੋਂ ਅਤੇ ਜਿਸ ਹੱਦ ਤੱਕ ਸਾਮੰਤਵਾਦ ਵਿਰੁਧ ਘੋਲ ਅਤੇ ਸਰਮਾਏਦਾਰਾਨਾ ਉਤਪਾਦਨ ਦੇ ਵਿਕਾਸ ਦੇ ਦੌਰਾਨ ਬੁਰਜੂਆਜ਼ੀ ਵਰਗਾਂ ਦੇ ਸਭ ਵਿਸ਼ੇਸ਼ ਹੱਕ, ਅਰਥਾਤ ਨਿਜੀ ਵਿਸ਼ੇਸ਼ ਹੱਕ ਸਮਾਪਤ ਕਰਨ, ਅਤੇ ਕਾਨੂੰਨ ਸਾਹਮਣੇ, ਪਹਿਲਾਂ ਨਿਜੀ ਕਾਨੂੰਨ ਦੇ ਖੇਤਰ ਵਿਚ ਅਤੇ ਫਿਰ ਹੌਲੀ ਹੌਲੀ ਸਰਵਜਨਕ ਕਾਨੂੰਨ ਦੇ ਖੇਤਰ ਵਿਚ, ਸਭਨਾਂ ਵਿਅਕਤੀਆਂ ਦੀ ਬਰਾਬਰੀ ਸਥਾਪਤ ਕਰਨ ਉਤੇ ਮਜਬੂਰ ਹੋਈ, ਉਸ ਸਮੇਂ ਤੋਂ ਅਤੇ ਉਸ ਹੱਦ ਤੱਕ ਇਹ ਜ਼ਬਾਨੀ ਕਲਾਮੀ ਪ੍ਰਵਾਨ ਕੀਤੀ ਜਾਂਦੀ ਹੈ। ਪਰ ਖ਼ੁਸ਼ੀ ਲਈ ਤਾਂਘ ਆਦਰਸ਼ਕ ਹੱਕਾਂ ਦੇ ਸਹਾਰੇ ਬਹੁਤ ਨਿਗੂਣੀ ਹੱਦ ਤੱਕ ਪਲਰਦੀ ਹੈ। ਸਭ ਤੋਂ ਵਧ ਹੱਦ ਤੱਕ ਇਹ ਪਦਾਰਥਕ ਸਾਧਨਾਂ ਦੇ ਸਹਾਰੇ ਪਲਰਦੀ ਹੈ; ਅਤੇ ਸਰਮਾਏਦਾਰਾਨਾ ਉਤਪਾਦਨ ਇਸ ਗੱਲ ਦਾ ਧਿਆਨ ਰਖਦਾ ਹੈ ਕਿ ਬਰਾਬਰ ਦੇ ਹੱਕਾਂ ਵਾਲਿਆਂ ਦੀ ਬਹੁਤ ਵਡੀ ਬਹੁ-ਗਿਣਤੀ ਨੂੰ ਉੱਨਾ ਕੁਝ ਹੀ ਮਿਲੇ ਜਿਹੜਾ ਉਹਨਾਂ ਦੀ ਬਸ ਹੋਂਦ ਲਈ ਕਾਫ਼ੀ ਹੋਵੇ। ਸਰਮਾਏਦਾਰਾਨਾ ਉਤਪਾਦਨ ਨੂੰ ਬਹੁ-ਗਿਣਤੀ ਦੀ ਖ਼ੁਸ਼ੀ ਲਈ ਤਾਂਘ ਵੱਲ ਗ਼ੁਲਾਮੀ ਅਤੇ ਖੇਤ-ਗ਼ੁਲਾਮੀ ਨਾਲੋਂ ਬਹੁਤ ਥੋੜ੍ਹਾ ਵਧ ਸਤਿਕਾਰ ਹੈ, ਜੇ ਸਚ ਮੁਚ ਕੁਝ ਵਧ ਹੈ ਵੀ ਤਾਂ। ਜਿਥੋਂ ਤੱਕ ਖ਼ੁਸ਼ੀ ਦੇ ਦਿਮਾਗ਼ੀ ਸਾਧਨਾਂ, ਵਿਦਿਅਕ ਸਾਧਨਾਂ, ਦਾ ਸੰਬੰਧ ਹੈ, ਕੀ ਸਾਡੀ ਹਾਲਤ ਕੁਝ ਚੰਗੇਰੀ ਹੈ? ਕੀ "ਸਾਡੋਵਾ ਦਾ ਸਕੂਲ ਮਾਸਟਰ"[119] ਵੀ ਇਕ ਮਿਥਿਹਾਸਕ ਵਿਅਕਤੀ ਨਹੀਂ?

ਹੋਰ। ਫ਼ਿਊਰਬਾਖ਼ ਦੇ ਸਦਾਚਾਰ ਦੇ ਸਿਧਾਂਤ ਅਨੁਸਾਰ ਜੇ ਮਨੁਖ ਠੀਕ ਤਰ੍ਹਾਂ ਸੱਟਾ ਖੇਡੇ ਤਾਂ ਸੱਟਾ ਬਾਜ਼ਾਰ ਸਦਾਚਾਰਕ ਵਰਤਾਰੇ ਦਾ ਸਰਵਉਚ ਮੰਦਰ ਹੈ। ਜੇ ਮੇਰੀ ਖ਼ੁਸ਼ੀ ਲਈ ਤਾਂਘ ਮੈਨੂੰ ਸੱਟਾ ਬਾਜ਼ਾਰ ਵੱਲ ਲੈ ਜਾਂਦੀ ਹੈ ਅਤੇ ਜੇ ਉਥੇ ਮੈਂ ਆਪਣੇ ਕਦਮਾਂ ਦੇ ਸਿੱਟੇ ਸਦਾ ਠੀਕ ਤਰ੍ਹਾਂ ਨਾਪਦਾ ਹਾਂ ਤਾਂ ਜੁ ਸਦਾ ਸੁਖਾਵੇਂ ਸਿੱਟੇ ਹੀ ਨਿਕਲਦੇ ਹਨ ਅਤੇ ਕੋਈ ਅਸੁਖਾਵੇਂ ਸਿੱਟੇ ਨਹੀਂ ਨਿਕਲਦੇ, ਅਰਥਾਤ, ਮੈਂ ਸਦਾ ਜਿਤਦਾ ਹਾਂ, ਤਾਂ ਮੈਂ ਫ਼ਿਊਰਬਾਖ਼ ਦਾ ਅਸੂਲ ਪੂਰਾ ਕਰ ਰਿਹਾ ਹਾਂ। ਨਾਲੇ ਮੈਂ ਅਜਿਹਾ ਕਰਕੇ ਕਿਸੇ ਹੋਰ ਮਨੁਖ ਦੇ ਆਪਣੀ ਖ਼ੁਸ਼ੀ ਭਾਲਣ ਦੇ ਹੱਕ ਵਿਚ ਦਖ਼ਲ ਨਹੀਂ ਦੇ ਰਿਹਾ, ਕਿਉਂਕਿ ਉਹ ਦੂਜਾ ਮਨੁਖ ਉਸੇ ਤਰ੍ਹਾਂ ਸਵੈ-ਇਛਾ ਨਾਲ ਸੱਟਾ ਬਾਜ਼ਾਰ ਵਿਚ ਗਿਆ ਜਿਸ ਨਾਲ ਮੈਂ ਗਿਆ ਸਾਂ ਅਤੇ ਮੇਰੇ ਨਾਲ ਸੱਟੇ ਦਾ ਸੌਦਾ ਕਰਨ ਵਿਚ ਉਹ ਉਸੇ ਤਰ੍ਹਾਂ ਖ਼ੁਸ਼ੀ ਵੱਲ ਆਪਣੀ ਤਾਂਘ ਪਿਛੇ ਚਲ ਰਿਹਾ ਸੀ ਜਿਵੇਂ ਮੈਂ ਆਪਣੀ ਤਾਂਘ ਪਿਛੇ ਚਲਿਆ। ਅਤੇ ਕਿਉਂਕਿ ਉਹ ਆਪਣੇ ਪੈਸੇ ਗੁਵਾ ਬੈਠਦਾ ਹੈ, ਇਸ ਤੱਥ ਕਾਰਨ ਹੀ ਉਹਦਾ ਅਮਲ ਅਣਸਦਾਚਾਰਕ ਸਾਬਤ ਹੁੰਦਾ ਹੈ, ਕਿਉਂਕਿ ਉਹਨੇ ਗ਼ਲਤ ਅੰਦਾਜ਼ਾ ਲਾਇਆ ਅਤੇ ਕਿਉਂਕਿ ਮੈਂ ਉਹਨੂੰ ਉਹ

ਸਜ਼ਾ ਦਿਤੀ ਹੈ ਜਿਸਦਾ ਉਹ ਹੱਕਦਾਰ ਸੀ, ਮੈਂ ਮਾਣ ਨਾਲ, ਨਵੀਨ ਜੁਗ ਦੇ ਰਹਾਦਾਮਾਨਥਸ ਵਾਂਗ ਆਪਣੀ ਛਾਤੀ ਠੋਕ ਸਕਦਾ ਹਾਂ। ਸੱਟਾ ਬਾਜ਼ਾਰ ਉਤੇ ਪਿਆਰ ਦਾ ਵੀ ਰਾਜ ਹੈ, ਜਿਥੋਂ ਤੱਕ ਇਹ ਕੇਵਲ ਭਾਵੁਕ ਬੋਲ ਹੀ ਨਹੀਂ; ਕਿਉਂਕਿ ਹਰ ਇਕ ਨੂੰ ਹੋਰਨਾਂ ਅੰਦਰ ਖ਼ੁਸ਼ੀ ਲਈ ਆਪਣੀ ਤਾਂਘ ਦੀ ਪੂਰਤੀ ਮਿਲਦੀ ਹੈ ਅਤੇ ਪਿਆਰ ਨੂੰ ਇਸੇ ਤਰ੍ਹਾਂ ਅਮਲ ਕਰਨਾ ਚਾਹੀਦਾ ਹੈ ਅਤੇ ਅਮਲ ਵਿਚ ਇਹ ਅਜਿਹਾ ਹੀ ਕਰਦਾ ਹੈ। ਅਤੇ ਜੇ ਮੈਂ ਸਿੱਟਿਆਂ ਨੂੰ ਠੀਕ ਤਰ੍ਹਾਂ ਵੇਖਦਾ ਅਤੇ ਇਹਦੇ ਸਿੱਟੇ ਵਜੋਂ ਸਫ਼ਲਤਾ ਨਾਲ ਦਾਅ ਲਾਉਂਦਾ ਹਾਂ ਤਾਂ ਮੈਂ ਫ਼ਿਉਰਬਾਖ਼ਵਾਦੀ ਸਦਾਚਾਰ ਦੀਆਂ ਸਾਰੀਆਂ ਕਰੜੀਆਂ ਤੋਂ ਕਰੜੀਆਂ ਲੋੜਾਂ ਪੂਰੀਆਂ ਕਰ ਰਿਹਾ ਹਾਂ—ਅਤੇ ਨਾਲ ਹੀ ਨਾਲ ਮੈਂ ਅਮੀਰ ਵੀ ਬਣ ਜਾਂਦਾ ਹਾਂ। ਦੂਜੇ ਸ਼ਬਦਾਂ ਵਿਚ ਫ਼ਿਊਰਬਾਖ਼ ਦਾ ਸਦਾਚਾਰ ਐਨ ਨਵੀਨ ਸਰਮਾਏਦਾਰ ਸਮਾਜ ਦੇ ਸੱਚੇ ਅਨੁਸਾਰ ਢਲਿਆ ਹੈ ਭਾਵੇਂ ਫ਼ਿਊਰਬਾਖ਼ ਦੀ ਅਜਿਹੀ ਇਛਾ ਉੱਕਾ ਹੀ ਨਾ ਹੋਵੇ ਅਤੇ ਉਹਨੇ ਇਸ ਗੱਲ ਦੀ ਕਲਪਨਾ ਉੱਕਾ ਹੀ ਨਾ ਕੀਤੀ ਹੋਵੇ।

ਪਰ ਪਿਆਰ!—ਹਾਂ, ਫ਼ਿਊਰਬਾਖ਼ ਲਈ ਪਿਆਰ ਹਰ ਥਾਂ ਅਤੇ ਹਰ ਸਮੇਂ ਉਹ ਚਮਤਕਾਰ ਕਰਨ ਵਾਲਾ ਦੇਵਤਾ ਹੈ ਜਿਹੜਾ ਅਮਲੀ ਜੀਵਨ ਵਿਚ ਸਭਨਾਂ ਔਕੜਾਂ ਉਤੇ ਕਾਬੂ ਪਾਉਣ ਵਿਚ ਸਹਾਇਤਾ ਦੇਂਦਾ ਹੈ—ਅਤੇ ਉਹ ਵੀ ਇਕ ਅਜਿਹੇ ਸਮਾਜ ਵਿਚ ਜਿਹੜਾ ਉੱਕਾ ਹੀ ਵਿਰੋਧੀ ਹਿਤਾਂ ਵਾਲੀਆਂ ਸ਼੍ਰੇਣੀਆਂ ਵਿਚ ਵੰਡਿਆ ਹੋਇਆ ਹੈ! ਇਸ ਨੁਕਤੇ ਉਤੇ ਆਕੇ ਉਹਦੇ ਦਰਸ਼ਨ ਵਿਚੋਂ ਇਨਕਲਾਬੀ ਖ਼ਾਸੇ ਦੀ ਅਖ਼ੀਰੀ ਰਹਿੰਦ-ਖੂੰਹਦ ਵੀ ਨਿਕਲ ਜਾਂਦੀ ਹੈ ਅਤੇ ਉਹੋ ਪੁਰਾਣਾ ਗੀਤ ਰਹਿ ਜਾਂਦਾ ਹੈ: ਇਕ ਦੂਜੇ ਨੂੰ ਪਿਆਰ ਕਰੋ—ਲਿੰਗ ਜਾਂ ਰੁਤਬੇ ਦੇ ਵਖੇਵੇਂ ਨੂੰ ਭੁਲ ਕੇ ਇਕ ਦੂਜੇ ਨੂੰ ਗਲੇ ਲਾ ਲਓ—ਮਨੋਵੇਂ ਦੀਆਂ ਵਿਆਪਕ ਰੰਗ-ਰਲੀਆਂ!

ਮੁਕਦੀ ਗੱਲ ਸਦਾਚਾਰ ਸੰਬੰਧੀ ਫ਼ਿਊਰਬਾਖ਼ ਦੇ ਸਿਧਾਂਤ ਦਾ ਹਸ਼ਰ ਆਪਣੇ ਤੋਂ ਪਹਿਲਿਆਂ ਜਿਹਾ ਹੀ ਹੁੰਦਾ ਹੈ। ਇਹਦਾ ਨਿਸ਼ਾਨਾ ਸਭਨਾਂ ਸਮਿਆਂ, ਸਭਨਾਂ ਕੌਮਾਂ ਅਤੇ ਸਭਨਾਂ ਪ੍ਰਸਥਿਤੀਆਂ ਦੇ ਯੋਗ ਹੋਣਾ ਹੈ ਅਤੇ ਐਨ ਇਸੇ ਲਈ ਇਹ ਕਦੇ ਵੀ ਅਤੇ ਕਿਧਰੇ ਵੀ ਲਾਗੂ ਨਹੀਂ ਹੋ ਸਕਦਾ। ਜਿਥੋਂ ਤੱਕ ਯਥਾਰਥਕ ਦੁਨੀਆਂ ਦਾ ਸੰਬੰਧ ਹੈ ਇਹ ਕਾਂਟ ਦੇ ਦੋ-ਟੁਕ ਆਦੇਸ਼ ਵਾਂਗ ਹੀ ਨਿਤਾਣਾ ਰਹਿੰਦਾ ਹੈ। ਯਥਾਰਥ ਵਿਚ ਹਰ ਸ਼੍ਰੇਣੀ, ਇਥੋਂ ਤਕ ਕਿ ਹਰ ਕਿੱਤੇ ਦਾ ਆਪਣਾ ਸਦਾਚਾਰ ਹੁੰਦਾ ਹੈ ਅਤੇ ਜਦੋਂ ਕਦੇ ਉਹ ਨਿਧੜਕ ਹੋਕੇ ਉਹਦੀ ਉਲੰਘਣਾ ਕਰ ਸਕਦਾ ਹੈ ਅਤੇ ਕਰਦਾ ਹੈ। ਅਤੇ ਪਿਆਰ, ਜਿਸਨੇ ਸਭਨਾਂ ਨੂੰ ਇਕ-ਮੁਠ ਕਰਨਾ ਹੈ, ਆਪਣੇ ਆਪ ਨੂੰ ਯੁਧਾਂ, ਵਿਵਾਦਾਂ, ਮੁਕਦਮਿਆਂ, ਘਰੋਗੀ ਝਗੜਿਆਂ, ਤਲਾਕਾਂ ਅਤੇ ਇਕ ਦੀ ਦੂਜੇ ਵਲੋਂ ਹਰ ਸੰਭਵ ਲੁਟ-ਚੋਘ ਵਿਚ ਪ੍ਰਗਟ ਕਰਦਾ ਹੈ।

ਹੁਣ ਇਹ ਕਿਵੇਂ ਸੰਭਵ ਹੋਇਆ ਕਿ ਫ਼ਿਊਰਬਾਖ਼ ਨੇ ਜਿਹੜਾ ਇੰਨਾ ਬਲਵਾਨ

ਉਤੇਜਕ ਦਿਤਾ, ਉਹ ਉਹਦੇ ਆਪਣੇ ਲਈ ਇੱਨਾ ਨਾਕਾਰਾ ਸਾਬਤ ਹੋਇਆ? ਇਹਦਾ ਸਾਦਾ ਕਾਰਨ ਇਹ ਹੈ ਕਿ ਫ਼ਿਊਰਬਾਖ਼ ਕਦੇ ਵੀ ਖ਼ਿਆਲੀਪੁਣੇ ਦੇ ਖੇਤਰ ਵਿਚੋਂ — ਜਿਸ ਲਈ ਉਹਦੇ ਮਨ ਵਿਚ ਮਾਰੂ ਘਿਰਣਾ ਸੀ — ਨਿਕਲ ਕੇ ਜਿਊਂਦੇ ਯਥਾਰਥ ਦੇ ਖੇਤਰ ਵਿਚ ਨਹੀਂ ਆ ਸਕਿਆ। ਉਹ ਘੁਟ ਕੇ ਪ੍ਰਕਿਰਤੀ ਅਤੇ ਮਨੁਖ ਨੂੰ ਚੰਬੜਿਆ ਰਹਿੰਦਾ ਹੈ; ਪਰ ਉਹਦੇ ਲਈ ਪ੍ਰਕਿਰਤੀ ਅਤੇ ਮਨੁਖ ਬਸ ਸ਼ਬਦ ਹੀ ਰਹਿੰਦੇ ਹਨ। ਉਹ ਸਾਨੂੰ ਅਸਲੀ ਮਨੁਖ ਜਾਂ ਅਸਲੀ ਪ੍ਰਕਿਰਤੀ ਸੰਬੰਧੀ ਕੁਝ ਸਪਸ਼ਟ ਦਸਣੋਂ ਅਸਮਰਥ ਹੈ। ਪਰ ਫ਼ਿਊਰਬਾਖ਼ ਦੇ ਖ਼ਿਆਲੀ ਮਨੁਖਾਂ ਤੋਂ ਅਸੀਂ ਅਸਲੀ ਮਨੁਖਾਂ ਤੱਕ ਉਸ ਸਮੇਂ ਅਪੜਦੇ ਹਾਂ ਜਦੋਂ ਅਸੀਂ ਉਹਨਾਂ ਨੂੰ ਇਤਿਹਾਸ ਵਿਚ ਹਿੱਸਾ ਲੈਣ ਵਾਲਿਆਂ ਵਜੋਂ ਵੇਖਦੇ ਹਾਂ। ਅਤੇ ਫ਼ਿਊਰਬਾਖ਼ ਨੇ ਇਸੇ ਗੱਲ ਦਾ ਵਿਰੋਧ ਕੀਤਾ ਅਤੇ ਇਸੇ ਲਈ ੧੮੪੮ ਦਾ ਵਰ੍ਹਾਂ, ਜਿਸਦੀ ਉਹਨੂੰ ਸਮਝ ਨਾ ਆਈ, ਉਹਦੇ ਲਈ ਯਥਾਰਥਕ ਦੁਨੀਆਂ ਨਾਲ ਅਖ਼ੀਰੀ ਤੋੜ-ਵਿਛੋੜਾ ਅਤੇ ਏਕਾਂਤ ਵਿਚ ਚਲੇ ਜਾਣਾ ਸੀ। ਇਹਦਾ ਦੋਸ਼ ਇਕ ਵਾਰ ਫਿਰ ਉਸ ਸਮੇਂ ਦੇ ਜਰਮਨੀ ਵਿਚ ਪ੍ਰਸਥਿਤੀਆਂ ਉਤੇ ਆਉਂਦਾ ਹੈ, ਜਿਨ੍ਹਾਂ ਉਹਨੂੰ ਬੜੀ ਮੰਦੀ ਤਰ੍ਹਾਂ ਸੜਨ ਲਈ ਮਜਬੂਰ ਕਰ ਦਿਤਾ।

ਪਰ ਜਿਹੜਾ ਕਦਮ ਫ਼ਿਊਰਬਾਖ਼ ਨੇ ਨਾ ਚੁਕਿਆ, ਉਹ ਚੁਕਿਆ ਜਾਣਾ ਹੀ ਸੀ। ਖ਼ਿਆਲੀ ਮਨੁਖ ਦਾ ਸੰਪ੍ਰਦਾਅ, ਜਿਹੜਾ ਫ਼ਿਊਰਬਾਖ਼ ਦੇ ਨਵੇਂ ਧਰਮ ਦੀ ਗਿਰੀ ਸੀ, ਉਹਦੀ ਥਾਂ ਅਸਲੀ ਮਨੁਖਾਂ ਅਤੇ ਉਹਨਾਂ ਦੇ ਇਤਿਹਾਸਕ ਵਿਕਾਸ ਦੇ ਵਿਗਿਆਨ ਨੂੰ ਦਿਤੀ ਜਾਣੀ ਸੀ। ਫ਼ਿਊਰਬਾਖ਼ ਦੇ ਦ੍ਰਿਸ਼ਟੀਕੋਣ ਤੋਂ ਅਗੇ ਫ਼ਿਊਰਬਾਖ਼ ਦਾ ਇਹ ਵਿਕਾਸ ਮਾਰਕਸ ਨੇ ੧੮੪੫ ਵਿਚ "ਪਵਿਤਰ ਪ੍ਰਵਾਰ" ਵਿਚ ਸ਼ੁਰੂ ਕੀਤਾ।

## IV

ਸ਼ਟਰਾਊਸ, ਬਾਵੇਰ, ਸ਼ਟਿਰਨਰ, ਫ਼ਿਊਰਬਾਖ਼ — ਜਿਸ ਹੱਦ ਤੱਕ ਇਹਨਾਂ ਦਰਸ਼ਨ ਦੇ ਖੇਤਰ ਨੂੰ ਨਾ ਤਿਆਗਿਆ, ਇਹ ਹੀਗਲਵਾਦੀ ਦਰਸ਼ਨ ਦੀਆਂ ਸ਼ਾਖਾਂ ਸਨ। ਸ਼ਟਰਾਊਸ ਨੇ ਆਪਣੇ "ਯਸੂ ਦਾ ਜੀਵਨ" ਅਤੇ "ਸਿਧਾਂਤ-ਸ਼ਾਸਤਰ" ਤੋਂ ਪਿਛੋਂ à la* ਰੇਨਾਨ ਦਰਸ਼ਨ ਵਿਚ ਕੇਵਲ ਸਾਹਿਤਕ ਲਿਖਤਾਂ, ਕਲੀਸਾਈ ਇਤਿਹਾਸ ਹੀ ਲਿਖਿਆ। ਬਾਵੇਰ ਨੇ ਕੇਵਲ ਈਸਾਈਅਤ ਦੇ ਆਦਿ ਦੇ ਇਤਿਹਾਸ ਦੇ ਖੇਤਰ ਵਿਚ ਹੀ ਕੁਝ ਪ੍ਰਾਪਤੀ ਕੀਤੀ, ਭਾਵੇਂ ਉਹਨੇ ਜਿਹੜਾ ਕੰਮ ਕੀਤਾ ਉਹ

---

* ਰੇਨਾਨ ਦੇ ਢੰਗ ਵਿਚ। — **ਸੰਪਾ:**

ਮਹਤਵ-ਪੂਰਨ ਸੀ। ਸ਼ਟਿਰਨਰ ਇਕ ਅਣੋਖ ਹੀ ਰਿਹਾ, ਬਾਕੂਨਿਨ ਦੇ ਉਹਨੂੰ ਪਰੂਧੋਨ ਵਿਚ ਮਿਲਾਕੇ ਮਿਸ਼ਰਣ ਨੂੰ "ਅਰਾਜਕਤਾਵਾਦ" ਦਾ ਨਾਂ ਦੇਣ ਤੋਂ ਪਿਛੋਂ ਵੀ। ਫਿਊਰਬਾਖ਼ ਇਕਲਾ ਮਹੱਤਤਾ ਵਾਲਾ ਦਾਰਸ਼ਨਿਕ ਸੀ। ਪਰ ਨਾ ਕੇਵਲ ਦਰਸ਼ਨ—ਜਿਸ ਸੰਬੰਧੀ ਇਹ ਦਾਹਵਾ ਕੀਤਾ ਜਾਂਦਾ ਹੈ ਕਿ ਇਹ ਸਭ ਵਿਸ਼ੇਸ਼ ਵਿਗਿਆਨਾਂ ਦੇ ਉਪਰ ਉਡਾਰੀ ਲਾਉਂਦਾ ਹੈ ਅਤੇ ਉਹਨਾਂ ਨੂੰ ਜੋੜਨ ਵਾਲਾ ਵਿਗਿਆਨਾਂ ਦਾ ਵਿਗਿਆਨ ਹੈ—ਉਹਦੇ ਲਈ ਇਕ ਅਲੰਘ ਰੋਕ, ਇਕ ਅਟੁਟ ਪਵਿਤਰ ਵਸਤ ਰਹੀ, ਸਗੋਂ ਇਕ ਦਾਰਸ਼ਨਿਕ ਦੇ ਤੌਰ ਤੇ ਵੀ ਉਹ ਅਧਵਾਟੇ ਹੀ ਰੁਕ ਗਿਆ, ਹੇਠੋਂ ਉਹ ਪਦਾਰਥਵਾਦੀ ਸੀ, ਉਪਰੋਂ ਆਦਰਸ਼ਵਾਦੀ। ਉਹ ਪੜਚੋਲ ਰਾਹੀਂ ਹੀਗਲ ਨੂੰ ਖ਼ਤਮ ਕਰਨ ਦੇ ਅਸਮਰਥ ਸੀ, ਇਸ ਲਈ ਉਹਨੇ ਨਕਾਰਾ ਸਮਝ ਕੇ ਇਹਨੂੰ ਇਕ ਪਾਸੇ ਸੁਟ ਦਿਤਾ; ਅਤੇ ਉਹਨੇ ਆਪ, ਹੀਗਲ ਦੀ ਪ੍ਰਣਾਲੀ ਦੀ ਮਹਾਨ-ਕੋਸ਼ੀ ਬਹੁਲਤਾ ਦੇ ਮੁਕਾਬਲੇ ਉਤੇ, ਪਿਆਰ ਦੇ ਅਡੰਬਰੀ ਜਿਹੇ ਧਰਮ ਅਤੇ ਇਕ ਨਿਗੂਣ, ਖਸੀ ਸਦਾਚਾਰ ਤੋਂ ਬਿਨਾਂ ਕੁਝ ਪ੍ਰਾਪਤ ਨਾ ਕੀਤਾ।

ਪਰ ਹੀਗਲਵਾਦੀ ਪਰਪਾਟੀ ਦੇ ਖ਼ਤਮ ਹੋਣ ਵਿਚੋਂ ਇਕ ਹੋਰ ਪ੍ਰਵਿਰਤੀ ਵਿਕਸਤ ਹੋਈ, ਇਕੋ ਇਕ ਜਿਸਨੇ ਅਸਲੀ ਫਲ ਦਿਤਾ ਹੈ। ਅਤੇ ਇਸ ਝੁਕਾਅ ਦਾ ਸੰਬੰਧ ਲਾਜ਼ਮੀ ਤੌਰ ਤੇ ਮਾਰਕਸ ਦੇ ਨਾਂ ਨਾਲ ਹੈ।*

---

*ਇਥੇ ਮੈਂ ਇਕ ਨਿਜੀ ਵਿਆਖਿਆ ਕਰਨਾ ਚਾਹੁੰਦਾ ਹਾਂ। ਪਿਛੇ ਜਿਹੇ ਤੋਂ ਇਸ ਸਿਧਾਂਤ ਵਿਚ ਮੇਰੇ ਵਲੋਂ ਪਾਏ ਹਿੱਸੇ ਦਾ ਘੜੀ ਮੁੜੀ ਜ਼ਿਕਰ ਕੀਤਾ ਗਿਆ ਹੈ; ਇਸ ਲਈ ਮੈਂ ਇਸ ਮਾਮਲੇ ਦਾ ਹਲ ਕਰਨ ਲਈ ਕੁਝ ਗੱਲਾਂ ਕਹੇ ਬਿਨਾਂ ਨਹੀਂ ਰਹਿ ਸਕਦਾ। ਮੈਂ ਇਸ ਗਲੋਂ ਇਨਕਾਰ ਨਹੀਂ ਕਰ ਸਕਦਾ ਕਿ ਮਾਰਕਸ ਨਾਲ ਇਕਠੇ ਕੰਮ ਕਰਨ ਤੋਂ ਪਹਿਲਾਂ ਅਤੇ ੪੦ ਵਰ੍ਹਿਆਂ ਦੇ ਇਕਠੇ ਕੰਮ ਵਿਚ ਇਸ ਸਿਧਾਂਤ ਦਾ ਆਧਾਰ ਘੜਨ ਵਿਚ ਅਤੇ ਵਿਸ਼ੇਸ਼ ਤੌਰ ਉਤੇ ਇਹਦੇ ਵਿਸਥਾਰਨ ਵਿਚ ਮੇਰਾ ਕੁਝ ਸੁਤੰਤਰ ਹਿੱਸਾ ਸੀ। ਪਰ ਇਹਦੇ ਮੁਖ ਬੁਨਿਆਦੀ ਨਿਯਮਾਂ ਦਾ ਵਡੇਰਾ ਹਿੱਸਾ, ਵਿਸ਼ੇਸ਼ ਤੌਰ ਤੇ ਆਰਥਕਤਾ ਅਤੇ ਇਤਿਹਾਸ ਦੇ ਖੇਤਰ ਵਿਚ ਅਤੇ ਸਭ ਤੋਂ ਵਧ ਉਹਨਾਂ ਦਾ ਅੰਤਮ ਅਤਿ ਸਪਸ਼ਟ ਸੂਤਰੀਕਰਨ, ਮਾਰਕਸ ਦਾ ਕੰਮ ਹੈ। ਜਿਹੜਾ ਹਿੱਸਾ ਮੈਂ ਪਾਇਆ—ਵਧ ਤੋਂ ਵਧ ਕੁਝ ਵਿਸ਼ੇਸ਼ ਖੇਤਰਾਂ ਵਿਚ ਮੇਰੇ ਕੰਮ ਨੂੰ ਛਡ ਕੇ—ਮਾਰਕਸ ਮੇਰੇ ਬਿਨਾਂ ਬਹੁਤ ਚੰਗੀ ਤਰ੍ਹਾਂ ਕਰ ਸਕਦਾ ਸੀ। ਜੋ ਕੁਝ ਮਾਰਕਸ ਨੇ ਪ੍ਰਾਪਤ ਕੀਤਾ ਮੈਂ ਕਦੇ ਪ੍ਰਾਪਤ ਨਾ ਕਰ ਸਕਦਾ। ਮਾਰਕਸ ਸਾਡੇ ਬਾਕੀ ਸਾਰਿਆਂ ਨਾਲੋਂ ਕਦਾਵਰ ਸੀ, ਵਧੇਰੇ ਦੂਰ ਤੱਕ ਵੇਖਦਾ ਅਤੇ ਵਧੇਰੇ ਵਿਸ਼ਾਲ ਅਤੇ ਤਿਖੀ ਨਿਗਾਹ ਰਖਦਾ ਸੀ। ਮਾਰਕਸ ਇਕ ਪ੍ਰਤਿਭਾ ਸੀ, ਅਸੀਂ ਬਾਕੀ ਦੇ ਵਧ ਤੋਂ ਵਧ ਗੁਣੀ ਸਾਂ। ਉਹਦੇ ਤੋਂ ਬਿਨਾਂ ਸਿਧਾਂਤ ਕਿਸੇ ਵੀ ਤਰ੍ਹਾਂ ਉਹ ਨਾ ਹੁੰਦਾ ਜੋ ਇਹ ਹੈ। ਇਸ ਲਈ ਇਹ ਯੋਗ ਤੌਰ ਤੇ ਉਹਦੇ ਨਾਂ ਨਾਲ ਸੰਬੰਧਤ ਹੈ।

ਇਥੇ ਵੀ ਹੀਗਲਵਾਦੀ ਦਰਸ਼ਨ ਤੋਂ ਵਖਰੇਵਾਂ ਪਦਾਰਥਵਾਦੀ ਦ੍ਰਿਸ਼ਟੀਕੋਣ ਵੱਲ ਮੁੜਨ ਦਾ ਸਿੱਟਾ ਸੀ। ਇਹਦੇ ਅਰਥ ਇਹ ਸਨ ਕਿ ਯਥਾਰਥਕ ਸੰਸਾਰ—ਪ੍ਰਕਿਰਤੀ ਅਤੇ ਇਤਿਹਾਸ—ਨੂੰ ਉਸ ਰੂਪ ਵਿਚ ਵੇਖਣ ਦਾ ਫ਼ੈਸਲਾ ਕੀਤਾ ਗਿਆ ਜਿਸ ਵਿਚ ਇਹ ਆਪਣੇ ਆਪ ਨੂੰ ਹਰ ਉਸ ਮਨੁਖ ਸਾਹਮਣੇ ਪੇਸ਼ ਕਰਦਾ ਹੈ ਜਿਹੜਾ ਪਹਿਲਾਂ ਤੋਂ ਮਿਥੇ ਆਦਰਸ਼ਵਾਦੀ ਵਹਿਮਾਂ ਤੋਂ ਆਜ਼ਾਦ ਇਹਦੇ ਵੱਲ ਜਾਂਦਾ ਹੈ। ਇਹ ਫ਼ੈਸਲਾ ਕੀਤਾ ਗਿਆ ਕਿ ਹਰ ਉਸ ਆਦਰਸ਼ਵਾਦੀ ਵਹਿਮ ਨੂੰ ਜਿਹੜਾ ਅਜੀਬ ਅੰਤਰ-ਸੰਬੰਧਾਂ ਰਾਹੀਂ ਨਹੀਂ ਸਗੋਂ ਆਪਣੇ ਆਧਾਰ ਉਤੇ ਤੱਥਾਂ ਨਾਲ ਸੁਮੇਲਿਆ ਨਹੀਂ ਜਾ ਸਕਦਾ ਬੇਕਿਰਕੀ ਨਾਲ ਕੁਰਬਾਨ ਕਰ ਦਿਤਾ ਜਾਵੇ। ਅਤੇ ਪਦਾਰਥਵਾਦ ਦਾ ਅਰਥ ਇਸ ਤੋਂ ਬਿਨਾਂ ਕੁਝ ਨਹੀਂ। ਪਰ ਇਥੇ ਪਦਾਰਥਵਾਦੀ ਸੰਸਾਰ ਦ੍ਰਿਸ਼ਟੀਕੋਣ ਨੂੰ ਪਹਿਲੀ ਵਾਰ ਗੰਭੀਰਤਾ ਨਾਲ ਲਿਆ ਗਿਆ ਅਤੇ—ਘਟੋ ਘਟ ਇਹਦੇ ਬੁਨਿਆਦੀ ਲਛਣਾਂ ਵਿਚ—ਇਹਨੂੰ ਗਿਆਨ ਦੇ ਸਭਨਾਂ ਸੰਬੰਧਤ ਖੇਤਰਾਂ ਵਿਚ ਇਕਸਾਰ ਤੌਰ ਤੇ ਲਾਗੂ ਕੀਤਾ ਗਿਆ।

ਹੀਗਲ ਨੂੰ ਬਸ ਇਕ ਪਾਸੇ ਨਹੀਂ ਰਖ ਦਿਤਾ ਗਿਆ। ਇਹਦੇ ਉਲਟ ਉਪਰ ਦਸੇ ਉਹਦੇ ਇਨਕਲਾਬੀ ਪੱਖ, ਦਵੰਦਵਾਦੀ ਢੰਗ ਤੋਂ ਮੁਢ ਬੰਨ੍ਹਿਆ ਗਿਆ। ਪਰ ਆਪਣੇ ਹੀਗਲਵਾਦੀ ਰੂਪ ਵਿਚ ਇਹ ਢੰਗ ਵਰਤਣ-ਯੋਗ ਨਹੀਂ ਸੀ। ਹੀਗਲ ਅਨੁਸਾਰ ਦਵੰਦਵਾਦ ਸੰਕਲਪ ਦਾ ਸਵੈ-ਵਿਕਾਸ ਹੈ। ਨਿਹਕੇਵਲ ਸੰਕਲਪ ਨਾ ਕੇਵਲ ਅਨੰਤ ਕਾਲ ਤੋਂ ਹੋਂਦ ਵਿਚ ਹੈ—ਕਿਥੇ ਅਣਜਾਣਿਆ—ਇਹ ਅਸਲ ਵਿਚ ਸਮੁਚੇ ਵਿਦਮਾਨ ਸੰਸਾਰ ਦੀ ਅਸਲੀ ਜਿਊਂਦੀ ਆਤਮਾ ਹੈ। ਇਹ ਉਹਨਾਂ ਸਭਨਾਂ ਮੁਢਲੀਆਂ ਮੰਜ਼ਲਾਂ ਵਿਚੋਂ ਵਿਕਸਤ ਹੁੰਦਾ ਹੋਇਆ ਆਪਣਾ ਆਪ ਬਣਦਾ ਹੈ ਜਿਨ੍ਹਾਂ ਨੂੰ "ਮੰਤਕ" ਵਿਚ ਵਿਸਥਾਰ ਨਾਲ ਲਿਆ ਗਿਆ ਹੈ ਅਤੇ ਜਿਹੜੀਆਂ ਇਸ ਵਿਚ ਸ਼ਾਮਲ ਹਨ। ਫੇਰ ਇਹ ਆਪਣੇ ਆਪ ਨੂੰ ਪ੍ਰਕਿਰਤੀ ਵਿਚ ਬਦਲ ਕੇ ਆਪਣੀ "ਬਿਗਾਨਗੀ" ਕਰ ਲੈਂਦਾ ਹੈ, ਜਿਥੇ, ਆਪਣੇ ਆਪ ਦੀ ਚੇਤਨਤਾ ਤੋਂ ਬਿਨਾਂ, ਇਕ ਪ੍ਰਕਿਰਤਕ ਲੋੜ ਵਜੋਂ ਭੇਸ ਵਟਾਕੇ, ਇਹ ਇਕ ਨਵੇਂ ਵਿਕਾਸ ਵਿਚੋਂ ਲੰਘਦਾ ਹੈ ਅਤੇ ਅੰਤ ਮਨੁਖ ਵਿਚ ਸਵੈ-ਚੇਤਨਤਾ ਪ੍ਰਾਪਤ ਕਰਦਾ ਹੈ। ਇਹ ਸਵੈ-ਚੇਤਨਤਾ ਮੁੜ ਕੇ ਆਪਣੇ ਆਪ ਨੂੰ ਇਤਿਹਾਸ ਵਿਚ ਵਿਸਥਾਰਦੀ ਹੈ, ਇਥੋਂ ਤੱਕ ਕਿ ਨਿਹਕੇਵਲ ਸੰਕਲਪ ਹੀਗਲਵਾਦੀ ਦਰਸ਼ਨ ਵਿਚ ਪੂਰੀ ਤਰ੍ਹਾਂ ਆਪਣੇ ਆਪ ਵਿਚ ਆ ਜਾਂਦਾ ਹੈ। ਸੋ, ਹੀਗਲ ਅਨੁਸਾਰ, ਪ੍ਰਕਿਰਤੀ ਅਤੇ ਇਤਿਹਾਸ ਵਿਚ ਦਵੰਦਵਾਦੀ ਵਿਕਾਸ, ਅਰਥਾਤ ਨੀਵੇਂ ਤੋਂ ਉਪਰਲੇ ਵੱਲ ਅਗੇ-ਵਧੂ ਗਤੀ ਦਾ ਸੱਬਬੀ ਪ੍ਰਸਪਰ ਸੰਬੰਧ, ਜਿਹੜਾ ਸਾਰੀਆਂ ਵਿੰਗੀਆਂ ਟੇਢੀਆਂ ਗਤੀਆਂ ਅਤੇ ਅਸਥਾਈ ਅਵੂਨਤੀਆਂ ਵਿਚ ਆਪਣੇ ਆਪ ਨੂੰ ਜ਼ੋਰ ਨਾਲ ਪ੍ਰਗਟ ਕਰਦਾ ਹੈ, ਆਦਿ-ਅਨੰਤ ਤੋਂ ਚਲ ਰਹੀ ਸੰਕਲਪ ਦੀ ਸਵੈ-ਗਤੀ ਦੀ, ਜਿਸ ਸੰਬੰਧੀ ਕੋਈ ਨਹੀਂ ਜਾਣਦਾ ਕਿ ਉਹ ਕਿਥੇ

ਚਲ ਰਹੀ ਹੈ, ਪਰ ਹਰ ਹਾਲਤ ਵਿਚ ਸੋਚਣ ਵਾਲੇ ਮਨੁਖ ਦੇ ਦਿਮਾਗ਼ ਤੋਂ ਸੁਤੰਤਰ ਰੂਪ ਵਿਚ ਚਲ ਰਹੀ ਹੈ, ਇਕ ਨਕੱਲ [Abklatsch] ਹੀ ਹੈ। ਇਸ ਵਿਚਾਰਧਾਰਕ ਵਿਗਾੜ ਦਾ ਇਕ ਦਮ ਅੰਤ ਕਰ ਦੇਣਾ ਲਾਜ਼ਮੀ ਸੀ। ਅਸਾਂ ਇਕ ਵਾਰ ਫਿਰ ਆਪਣੇ ਸਿਰਾਂ ਵਿਚ ਆਏ ਸੰਕਲਪਾਂ ਦਾ ਪਦਾਰਥਵਾਦੀ ਵਿਚਾਰ ਅਪਣਾਇਆ,—ਅਸਲੀ ਵਸਤਾਂ ਨੂੰ ਨਿਹਕੇਵਲ ਸੰਕਲਪ ਦੇ ਇਸ ਜਾਂ ਉਸ ਪੜਾਅ ਦੇ ਬਿੰਬ ਸਮਝਣ ਦੀ ਥਾਂ ਆਪਣੇ ਸੰਕਲਪਾਂ ਨੂੰ ਅਸਲੀ ਵਸਤਾਂ ਦੇ ਬਿੰਬ [Abbilder] ਸਮਝ ਕੇ। ਇਉਂ ਦਵੰਦਵਾਦ ਨੇ ਆਪਣੇ ਆਪ ਨੂੰ ਬਾਹਰਲੇ ਜਗਤ ਦੀ ਵੀ ਅਤੇ ਮਨੁਖੀ ਸੋਚ ਦੀ ਵੀ ਹਰਕਤ ਦੇ ਆਮ ਨਿਯਮਾਂ ਦੇ ਵਿਗਿਆਨ ਤੱਕ ਘਟਾ ਲਿਆ—ਇਹ ਨਿਯਮਾਂ ਦੀਆਂ ਦੋ ਅਜਿਹੀਆਂ ਲੜੀਆਂ ਹਨ ਜਿਹੜੀਆਂ ਤੱਤ ਵਿਚ ਸਗਵੀਆਂ ਹਨ ਪਰ ਜਿਥੋਂ ਤੱਕ ਮਨੁਖੀ ਮਨ ਉਹਨਾਂ ਨੂੰ ਚੇਤੰਨ ਤੌਰ ਤੇ ਲਾਗੂ ਕਰ ਸਕਦਾ ਹੈ, ਇਹ ਇਕ ਦੂਜੇ ਤੋਂ ਭਿੰਨ ਹਨ, ਪਰ ਪ੍ਰਕਿਰਤੀ ਵਿਚ ਅਤੇ ਹੁਣ ਤੱਕ ਵਧੇਰੇ ਹੱਦ ਤੱਕ ਮਨੁਖੀ ਇਤਿਹਾਸ ਵਿਚ ਇਹ ਨਿਯਮ ਆਪਣੇ ਆਪ ਨੂੰ ਅਚੇਤੰਨ ਤੌਰ ਉਤੇ ਬਾਹਰਮੁਖੀ ਲੋੜ ਦੇ ਰੂਪ ਵਿਚ, ਜਾਪਦੇ ਮੌਕਾ-ਮੇਲਾਂ ਦੀਆਂ ਅਨੰਤ ਲੜੀਆਂ ਵਿਚਕਾਰ, ਪ੍ਰਗਟ ਕਰਦੇ ਰਹੇ ਹਨ। ਇਉਂ ਸੰਕਲਪਾਂ ਦਾ ਦਵੰਦਵਾਦ ਖ਼ੁਦ ਯਥਾਰਥਕ ਸੰਸਾਰ ਦੀ ਦਵੰਦਵਾਦੀ ਗਤੀ ਦਾ ਚੇਤੰਨ ਬਿੰਬ ਬਣ ਗਿਆ ਅਤੇ ਇਉਂ ਹੀਗਲ ਦੇ ਦਵੰਦਵਾਦ ਨੂੰ ਸਿਰ ਭਾਰ ਖੜਾ ਕਰ ਦਿਤਾ ਗਿਆ, ਜਾਂ ਸ਼ਾਇਦ ਉਹਦੇ ਸਿਰ ਉਤੋਂ, ਜਿਸ ਉਤੇ ਇਹ ਖੜਾ ਸੀ, ਹਟਾ ਦਿਤਾ ਗਿਆ ਅਤੇ ਪੈਰਾਂ ਭਾਰ ਖੜਾ ਕਰ ਦਿਤਾ ਗਿਆ। ਅਤੇ ਇਹ ਅਣੋਖੀ ਗੱਲ ਹੈ ਕਿ ਪਦਾਰਥਵਾਦੀ ਦਵੰਦਵਾਦ, ਜਿਹੜਾ ਵਰ੍ਹਿਆਂ ਤੋਂ ਸਾਡਾ ਸਭ ਤੋਂ ਕਾਰਗਰ ਸੰਦ ਅਤੇ ਸਭ ਤੋਂ ਤਿਖਾ ਹਥਿਆਰ ਰਿਹਾ ਹੈ ਅਸਾਂ ਨਹੀਂ ਲਭਿਆ, ਸਗੋਂ ਸਾਡੇ ਤੋਂ ਅਤੇ ਹੀਗਲ ਤੋਂ ਵੀ ਸੁਤੰਤਰ ਰੂਪ ਵਿਚ ਇਕ ਜਰਮਨ ਕਿਰਤੀ ਯੋਜ਼ਫ਼ ਡੀਟਜ਼ਗਨ* ਨੇ ਲਭਿਆ।

ਇਉਂ ਹੀਗਲਵਾਦੀ ਦਰਸ਼ਨ ਦਾ ਇਨਕਲਾਬੀ ਪੱਖ ਇਕ ਵਾਰ ਫਿਰ ਲਿਆ ਗਿਆ ਅਤੇ ਇਹਦੇ ਨਾਲ ਹੀ ਨਾਲ ਇਹਨੂੰ ਉਹਨਾਂ ਆਦਰਸ਼ਵਾਦੀ ਸ਼ਿੰਗਾਰਾਂ ਤੋਂ ਵਖ ਕਰ ਦਿਤਾ ਗਿਆ ਜਿਨ੍ਹਾਂ ਰਾਹੀਂ ਹੀਗਲ ਨੇ ਇਸ ਉਤੇ ਇਕਸਾਰ ਅਮਲ ਰੋਕਿਆ ਸੀ। ਇਹ ਮਹਾਨ ਬੁਨਿਆਦੀ ਵਿਚਾਰ ਕਿ ਸੰਸਾਰ ਨੂੰ ਬਣੀਆਂ-ਬਣਾਈਆਂ **ਵਸਤਾਂ** ਦਾ ਪ੍ਰਬੰਧ ਨਹੀਂ ਸਮਝਣਾ ਚਾਹੀਦਾ ਸਗੋਂ **ਅਮਲਾਂ** ਦਾ ਅਜਿਹਾ ਜੋੜ ਸਮਝਣਾ ਚਾਹੀਦਾ ਹੈ ਜਿਸ ਵਿਚ ਸਥਿਰ ਜਾਪਦੀਆਂ ਵਸਤਾਂ ਸਾਡੇ ਮਨ ਵਿਚ ਉਹਨਾਂ

---

* ਵੇਖੋ "Das Wesen der menschlichen Kopfarbeit, dargestellt von einem Handarbeiter" ["ਮਨੁਖੀ ਦਿਮਾਗ਼ੀ ਕੰਮ ਦਾ ਖ਼ਾਸਾ, ਇਕ ਸ੍ਰੀਰਕ ਕਿਰਤ ਕਰਨ ਵਾਲੇ ਕਿਰਤੀ ਦੇ ਸ਼ਬਦਾਂ ਵਿਚ"]। ਹੈਮਬਰਗ, ਮਾਈਸਨਰ।

ਸੰਬੰਧੀ ਬਿੰਬਾਂ, ਸੰਕਲਪਾਂ ਤੋਂ ਘਟ, ਹੋਂਦ ਵਿਚ ਆਉਣ ਅਤੇ ਖ਼ਤਮ ਹੋ ਜਾਣ ਦੇ ਅਮਲ ਵਿਚੋਂ ਨਹੀਂ ਲੰਘਦੀਆਂ, ਜਿਸ ਵਿਚ ਇਹਦੀ ਸਾਰੀ ਜਾਪਦੀ ਮੌਕਾ-ਮੇਲੀਅਤ ਅਤੇ ਸਭਨਾਂ ਅਸਥਾਈ ਅਵ੍ਨਤੀਆਂ ਦੇ ਬਾਵਜੂਦ ਅੰਤ ਵਿਚ ਅਗੇ-ਵਧੂ ਵਿਕਾਸ ਭਾਰੂ ਹੁੰਦਾ ਹੈ—ਇਹ ਮਹਾਨ ਬੁਨਿਆਦੀ ਵਿਚਾਰ ਸਾਧਾਰਨ ਚੇਤਨਤਾ ਵਿਚ ਇੰਨੀ ਪੂਰੀ ਤਰ੍ਹਾਂ ਰੱਚ ਗਿਆ ਹੈ, ਵਿਸ਼ੇਸ਼ ਤੌਰ ਤੇ ਹੀਗਲ ਦੇ ਸਮੇਂ ਤੋਂ, ਕਿ ਸਾਧਾਰਨ ਨਿਯਮ ਦਾ ਖੰਡਨ ਲਗਭਗ ਉੱਕਾ ਹੀ ਨਹੀਂ ਕੀਤਾ ਜਾਂਦਾ। ਪਰ ਇਸ ਬੁਨਿਆਦੀ ਵਿਚਾਰ ਨੂੰ ਜ਼ਬਾਨੀ ਕਲਾਮੀ ਕਬੂਲ ਕਰ ਲੈਣਾ ਅਤੇ ਇਹਨੂੰ ਯਥਾਰਥ ਵਿਚ ਹਰ ਖੇਤਰ ਵਿਚ ਲਾਗੂ ਕਰਨਾ ਦੋ ਵਖ ਵਖ ਗੱਲਾਂ ਹਨ। ਪਰ, ਜੇ, ਖੋਜ ਇਸ ਦ੍ਰਿਸ਼ਟੀਕੋਣ ਤੋਂ ਲਗਾਤਾਰ ਚਲੇ ਤਾਂ ਅੰਤਮ ਹੱਲਾਂ ਅਤੇ ਸਦੀਵੀ ਸਚਾਈਆਂ ਲਈ ਮੰਗ ਸਦਾ ਲਈ ਖ਼ਤਮ ਹੋ ਜਾਂਦੀ ਹੈ; ਮਨੁਖ ਸਦਾ ਸਾਰੇ ਪ੍ਰਾਪਤ ਗਿਆਨ ਦੀਆਂ ਲਾਜ਼ਮੀ ਹੱਦਾਂ ਸੰਬੰਧੀ ਅਤੇ ਇਸ ਤੱਥ ਸੰਬੰਧੀ ਚੇਤੰਨ ਰਹਿੰਦਾ ਹੈ ਕਿ ਜਿਨ੍ਹਾਂ ਪ੍ਰਸਥਿਤੀਆਂ ਵਿਚ ਇਹ ਗਿਆਨ ਪ੍ਰਾਪਤ ਕੀਤਾ ਗਿਆ, ਉਹਨਾਂ ਦਾ ਇਹਦੇ ਉਤੇ ਪ੍ਰਭਾਵ ਪੈਂਦਾ ਹੈ। ਦੂਜੇ ਹਥ, ਮਨੁਖ ਇਸ ਗੱਲ ਦੀ ਆਗਿਆ ਨਹੀਂ ਦੇਂਦਾ ਕਿ ਉਹਨੂੰ ਆਮ ਪੁਰਾਣੇ ਪਰਾਭੌਤਿਕਵਾਦ ਤੋਂ ਅਜੇ ਤੱਕ ਪ੍ਰਚਲਤ ਅਲੰਘ ਸੱਚੇ ਅਤੇ ਝੂਠੇ, ਚੰਗੇ ਅਤੇ ਬੁਰੇ, ਸਗਵੇਂ ਅਤੇ ਵਖਰੇ, ਲੋੜੀਂਦੇ ਅਤੇ ਸੱਬਬੀ ਵਿਚਕਾਰ ਫ਼ਰਕਾਂ ਕਾਰਨ ਠੱਗਿਆ ਜਾਵੇ। ਮਨੁਖ ਜਾਣਦਾ ਹੈ ਕਿ ਇਹਨਾਂ ਵਿਰੋਧਾਂ ਦੀ ਇਕ ਸਾਪੇਖ ਪ੍ਰਮਾਣਕਤਾ ਹੈ; ਜਿਸ ਗੱਲ ਨੂੰ ਹੁਣ ਸੱਚ ਕਰਕੇ ਮੰਨਿਆ ਜਾਂਦਾ ਹੈ, ਉਹਦਾ ਲੁਪਤ ਝੂਠਾ ਪੱਖ ਵੀ ਹੈ ਜਿਹੜਾ ਅਗੇ ਜਾਕੇ ਆਪਣੇ ਆਪ ਨੂੰ ਪ੍ਰਗਟ ਕਰੇਗਾ; ਐਨ ਉਸੇ ਤਰ੍ਹਾਂ ਜਿਵੇਂ ਹੁਣ ਜਿਸ ਗੱਲ ਨੂੰ ਝੂਠਾ ਸਮਝਿਆ ਜਾਂਦਾ ਹੈ ਉਹਦਾ ਸੱਚਾ ਪਾਸਾ ਵੀ ਹੈ ਜਿਸ ਕਾਰਨ ਪਹਿਲਾਂ ਇਹਨੂੰ ਸੱਚ ਮੰਨਿਆ ਜਾਂਦਾ ਸੀ; ਮਨੁਖ ਜਾਣਦਾ ਹੈ ਕਿ ਜਿਸ ਨੂੰ ਜ਼ਰੂਰੀ ਸਮਝਿਆ ਜਾਂਦਾ ਹੈ ਉਹ ਖ਼ਾਲਸ ਮੌਕਾ-ਮੇਲਾਂ ਦਾ ਬਣਿਆ ਹੋਇਆ ਹੈ ਅਤੇ ਇਹ ਕਿ ਅਖੌਤੀ ਮੌਕਾ-ਮੇਲ ਉਹ ਰੂਪ ਹੈ ਜਿਸ ਦੇ ਪਿਛੇ ਲੋੜ ਆਪਣੇ ਆਪ ਨੂੰ ਲੁਕਾਉਂਦੀ ਹੈ—ਇਤਿ-ਆਦਿ।

ਖੋਜ ਅਤੇ ਚਿੰਤਨ ਦਾ ਪੁਰਾਣਾ ਢੰਗ ਜਿਸਨੂੰ ਹੀਗਲ "ਪਰਾਭੌਤਿਕਵਾਦੀ" ਕਹਿੰਦਾ ਹੈ, ਜਿਹੜਾ **ਵਸਤਾਂ** ਦੀ ਉਹਨਾਂ ਦੇ ਵਿਦਮਾਨ ਰੂਪ, ਮਿਥੀਆਂ ਅਤੇ ਸਥਾਈ ਹੋਣ ਦੇ ਰੂਪ ਵਿਚ ਖੋਜ ਕਰਦਾ ਸੀ, ਇਕ ਅਜਿਹਾ ਢੰਗ ਜਿਸਦੀ ਰਹਿੰਦ-ਖੂੰਹਦ ਅਜੇ ਤੱਕ ਲੋਕਾਂ ਦੇ ਮਨਾਂ ਵਿਚ ਬਾਕੀ ਹੈ, ਉਹਨੂੰ ਆਪਣੇ ਸਮੇਂ ਵਿਚ ਇਤਿਹਾਸਕ ਉਚਿੱਤਤਾ ਪ੍ਰਾਪਤ ਸੀ। ਅਮਲਾਂ ਨੂੰ ਪਰਖਣ ਤੋਂ ਪਹਿਲਾਂ ਵਸਤਾਂ ਨੂੰ ਪਰਖਣਾ ਲਾਜ਼ਮੀ ਸੀ। ਇਹ ਜਾਣਨ ਤੋਂ ਪਹਿਲਾਂ ਕਿ ਕੋਈ ਵਿਸ਼ੇਸ਼ ਵਸਤ ਕਿਨ੍ਹਾਂ ਤਬਦੀਲੀਆਂ ਵਿਚੋਂ ਲੰਘ ਰਹੀ ਹੈ ਮਨੁਖ ਲਈ ਇਹ ਜਾਣਨਾ ਲਾਜ਼ਮੀ ਸੀ ਕਿ ਉਹ ਵਸਤ ਕੀ ਹੈ। ਅਤੇ ਅਜਿਹੀ ਹੀ ਪ੍ਰਾਕਿਰਤਕ ਵਿਗਿਆਨਾਂ ਦੀ ਹਾਲਤ ਸੀ। ਪੁਰਾਣਾ ਪਰਾਭੌਤਿਕਵਾਦ,

ਜਿਹੜਾ ਵਸਤਾਂ ਨੂੰ ਪੂਰੀ ਤਰ੍ਹਾਂ ਤਿਆਰ ਪਦਾਰਥਾਂ ਵਜੋਂ ਕਬੂਲ ਕਰਦਾ ਸੀ, ਇਕ ਪ੍ਰਾਕਿਰਤਕ ਵਿਗਿਆਨ ਵਿਚੋਂ ਪੈਦਾ ਹੋਇਆ, ਜਿਹੜਾ ਜਿਊਂਦੀਆਂ ਅਤੇ ਮੁਰਦਾ ਵਸਤਾਂ ਦੀ ਪੂਰੀ ਤਰ੍ਹਾਂ ਤਿਆਰ ਪਦਾਰਥਾਂ ਵਜੋਂ ਖੋਜ ਕਰਦਾ ਸੀ। ਪਰ ਜਦੋਂ ਇਹ ਖੋਜ ਇਸ ਹੱਦ ਤੱਕ ਅਗੇ ਵਧ ਗਈ ਕਿ ਅਗੇ ਵੱਲ ਨਿਰਣਾਇਕ ਕਦਮ ਚੁਕਣਾ ਸੰਭਵ ਹੋ ਗਿਆ, ਅਰਥਾਤ, ਉਹਨਾਂ ਤਬਦੀਲੀਆਂ ਦੀ ਨੇਮ-ਬਧ ਖੋਜ ਕਰਨਾ ਜਿਨ੍ਹਾਂ ਵਿਚੋਂ ਵਸਤਾਂ ਖ਼ੁਦ ਪ੍ਰਕਿਰਤੀ ਦੇ ਅੰਦਰ ਲੰਘਦੀਆਂ ਹਨ, ਤਾਂ ਦਰਸ਼ਨ ਦੀ ਦੁਨੀਆਂ ਵਿਚ ਵੀ ਪੁਰਾਣੇ ਪਰਾਭੌਤਿਕਵਾਦ ਦੀ ਅਖ਼ੀਰੀ ਘੜੀ ਆ ਗਈ। ਅਤੇ ਤੱਥ ਤਾਂ ਇਹ ਹੈ ਕਿ ਜਿਥੇ ਪਿਛਲੀ ਸਦੀ ਦੇ ਅਖ਼ੀਰ ਤੱਕ ਪ੍ਰਾਕਿਰਤਕ ਵਿਗਿਆਨ ਮੁਖ ਤੌਰ ਤੇ **ਇਕਤਰ ਕਰਨ ਵਾਲਾ** ਵਿਗਿਆਨ ਸੀ, ਤਿਆਰ ਵਸਤਾਂ ਦਾ ਵਿਗਿਆਨ ਸੀ, ਸਾਡੀ ਸਦੀ ਵਿਚ ਮੁਖ ਤੌਰ ਤੇ ਇਹ ਬੁਨਿਆਦੀ ਤੌਰ ਉਤੇ **ਨੇਮ-ਬਧ ਕਰਨ ਵਾਲਾ** ਵਿਗਿਆਨ ਹੈ, ਅਮਲਾਂ ਦਾ, ਇਹਨਾਂ ਵਸਤਾਂ ਦੇ ਆਦਿ ਅਤੇ ਵਿਕਾਸ ਦਾ ਅਤੇ ਉਸ ਪ੍ਰਸਪਰ ਸੰਬੰਧ ਦਾ ਵਿਗਿਆਨ ਹੈ ਜਿਹੜਾ ਇਹਨਾਂ ਸਾਰੇ ਪ੍ਰਾਕਿਰਤਕ ਅਮਲਾਂ ਨੂੰ ਇਕ ਮਹਾਨ ਇਕਾਈ ਵਿਚ ਜੋੜਦਾ ਹੈ। ਸਰੀਰ-ਕਿਰਿਆ-ਵਿਗਿਆਨ, ਜਿਹੜਾ ਬਨਸਪਤ ਅਤੇ ਪਸ਼ੂ ਦੇਹਾਂ ਵਿਚ ਹੁੰਦੇ ਅਮਲਾਂ ਦੀ ਖੋਜ ਕਰਦਾ ਹੈ; ਭਰੂਣ-ਵਿਗਿਆਨ, ਜਿਹੜਾ ਵਿਕੋਲਤ੍ਰੀਆਂ ਦੇਹਾਂ ਦੇ ਬੀ ਤੋਂ ਪੂਰਨਤਾ ਤੱਕ ਵਿਕਾਸ ਦੀ ਖੋਜ ਕਰਦਾ ਹੈ; ਭੂ-ਗਰਭ-ਵਿਗਿਆਨ, ਜਿਹੜਾ ਧਰਤੀ ਦੇ ਤੱਲ ਦੇ ਹੌਲੀ ਹੌਲੀ ਬਣਨ ਦੀ ਖੋਜ ਕਰਦਾ ਹੈ,—ਇਹ ਸਭ ਸਾਡੀ ਸਦੀ ਦੀ ਉਪਜ ਹਨ।

ਪਰ, ਸਭ ਤੋਂ ਵਧ, ਤਿੰਨ ਮਹਾਨ ਲਭਤਾਂ ਹਨ ਜਿਨ੍ਹਾਂ ਪ੍ਰਾਕਿਰਤਕ ਅਮਲਾਂ ਦੇ ਅੰਤਰ-ਸੰਬੰਧ ਬਾਰੇ ਸਾਡੇ ਗਿਆਨ ਨੂੰ ਛਾਲੀਂ ਵਧਣ ਵਿਚ ਸਹਾਇਤਾ ਦਿਤੀ ਹੈ:

ਪਹਿਲੇ, ਸੈਲ ਦੀ ਇਕ ਅਜਿਹੀ ਇਕਾਈ ਵਜੋਂ ਲਭਤ ਜਿਸਦੇ ਇਕ ਤੋਂ ਵਧ ਹੋਣ ਅਤੇ ਵਖਰੀਣ ਨਾਲ ਸਮੁਚੀ ਬਨਸਪਤੀ ਅਤੇ ਪਸ਼ੂ ਦੇਹ ਵਿਕਸਤ ਹੁੰਦੀ ਹੈ, ਨਾ ਕੇਵਲ ਕੁਲ ਉਚੇਰੀਆਂ ਦੇਹਾਂ ਦਾ ਵਿਕਾਸ ਅਤੇ ਵਾਧਾ ਇਕੋ ਇਕ ਆਮ ਨਿਯਮ ਅਨੁਸਾਰ ਹੁੰਦਾ ਪ੍ਰਵਾਨਿਆ ਜਾਂਦਾ ਹੈ ਸਗੋਂ ਸੈਲ ਦੀ ਤਬਦੀਲ ਹੋ ਸਕਣ ਦੀ ਯੋਗਤਾ ਉਸ ਰਾਹ ਵੱਲ ਸੰਕੇਤ ਕਰਦੀ ਹੈ ਜਿਸ ਰਾਹੀਂ ਦੇਹਾਂ ਆਪਣੀ ਜਾਤ ਤਬਦੀਲ ਕਰ ਸਕਦੀਆਂ ਹਨ ਅਤੇ ਵਿਅਕਤੀਗਤ ਵਿਕਾਸ ਤੋਂ ਵਧ ਵਿਕਾਸ ਕਰ ਸਕਦੀਆਂ ਹਨ।

ਦੂਜੇ, ਸ਼ਕਤੀ ਦਾ ਪਰਿਵਰਤਨ ਜਿਸਨੇ ਸਾਨੂੰ ਦਰਸਾ ਦਿਤਾ ਹੈ ਕਿ ਪਹਿਲੇ ਗੈਰ-ਜਲ-ਕਾਰਬਨੀ ਪ੍ਰਕਿਰਤੀ ਵਿਚ ਪ੍ਰਚਲਤ ਸਾਰੇ ਅਮਲ—ਯਾਂਤਰਿਕ ਬਲ ਅਤੇ ਇਹਦਾ ਪੂਰਕ, ਅਖੌਤੀ ਸੰਭਾਵੀ ਸ਼ਕਤੀ, ਤਾਪ, ਕਿਰਨ-ਪਸਾਰਤਾ (ਲੋਅ,

resp.* ਕਿਰਨ-ਪਸਾਰ ਗਰਮੀ), ਬਿਜਲੀ, ਚੁੰਬਕੀ ਅਤੇ ਰਸਾਇਣੀ ਸ਼ਕਤੀ— ਸਭੇ ਵਿਆਪਕ ਗਤੀ ਦੇ ਵਖ ਵਖ ਪ੍ਰਗਟਾਅ ਹਨ ਜਿਹੜੇ ਨਿਸ਼ਚਿਤ ਸਾਪੇਖਤਾ ਨਾਲ ਇਕ ਤੋਂ ਦੂਜੇ ਵਿਚ ਤਬਦੀਲ ਹੁੰਦੇ ਹਨ ਤਾਂ ਜੁ ਕਿਸੇ ਇਕ ਦੀ ਇਕ ਮਿਥੀ ਮਾਤਰਾ ਦੀ ਥਾਂ, ਜਿਹੜੀ ਲੋਪ ਹੋ ਜਾਂਦੀ ਹੈ, ਇਕ ਹੋਰ ਦੀ ਮਿਥੀ ਮਾਤਰਾ ਹੋਂਦ ਵਿਚ ਆਉਂਦੀ ਹੈ ਅਤੇ ਇਉਂ ਪ੍ਰਕਿਰਤੀ ਦੀ ਸਮੁਚੀ ਗਤੀ ਇਕ ਰੂਪ ਤੋਂ ਦੂਜੇ ਵਿਚ ਪਰਿਵਰਤਨ ਦੇ ਇਸ ਨਿਰੰਤਰ ਅਮਲ ਤੱਕ ਘਟ ਜਾਂਦੀ ਹੈ।

ਅੰਤ, ਉਹ ਸਬੂਤ ਜਿਹੜਾ ਸਾਡੇ ਲਈ ਪਹਿਲਾਂ ਪਹਿਲ ਡਾਰਵਿਨ ਨੇ ਜੁੜੇ ਰੂਪ ਵਿਚ ਇਕਠਾ ਕੀਤਾ ਕਿ, ਮਨੁਖ ਸਮੇਤ ਪ੍ਰਕਿਰਤੀ ਦੀਆਂ ਜਲ-ਕਾਰਬਨੀ ਵਸਤਾਂ ਦਾ ਜਿਹੜਾ ਸਮੂਹ ਅਜ ਸਾਡੇ ਆਲੇ ਦੁਆਲੇ ਦਿਸਦਾ ਹੈ ਉਹ ਮੁਢਲੇ ਕੁਝ ਇਕ-ਸੈਲੀ ਬੀਆਂ ਤੋਂ ਵਿਕਾਸ ਦੇ ਲੰਮੇ ਅਮਲ ਦਾ ਸਿੱਟਾ ਹੈ, ਅਤੇ ਇਹ ਬੀਅ ਵੀ ਪ੍ਰੋਟੋਪਲਾਜ਼ਮ ਜਾਂ ਐਲਬਿਊਮਨ ਤੋਂ ਪੈਦਾ ਹੋਏ, ਜੋ ਰਸਾਇਣੀ ਅਮਲਾਂ ਰਾਹੀਂ ਹੋਂਦ ਵਿਚ ਆਏ।

ਇਹਨਾਂ ਤਿੰਨ ਮਹਾਨ ਲਭਤਾਂ ਅਤੇ ਪ੍ਰਾਕਿਰਤਕ ਵਿਗਿਆਨਾਂ ਵਿਚ ਹੋਰ ਅਥਾਹ ਉੱਨਤੀਆਂ ਸਦਕਾ ਅਸੀਂ ਹੁਣ ਇਕ ਅਜਿਹੀ ਥਾਂ ਅਪੜ ਗਏ ਹਾਂ ਜਿਥੇ ਅਸੀਂ ਪ੍ਰਕਿਰਤੀ ਵਿਚ ਵਾਪਰਦੇ ਅਮਲਾਂ ਵਿਚਕਾਰ ਅੰਤਰ-ਸੰਬੰਧ ਨੂੰ ਕੇਵਲ ਵਿਸ਼ੇਸ਼ ਖੇਤਰਾਂ ਵਿਚਕਾਰ ਅੰਤਰ-ਸੰਬੰਧ ਵਜੋਂ ਹੀ ਨਹੀਂ ਸਗੋਂ ਇਹਨਾਂ ਖੇਤਰਾਂ ਵਿਚਕਾਰ ਸਮੁਚੇ ਤੌਰ ਤੇ ਅੰਤਰ-ਸੰਬੰਧ ਵਜੋਂ ਵੇਖ ਸਕਦੇ ਹਾਂ ਅਤੇ ਇਉਂ ਖ਼ੁਦ ਪ੍ਰਯੋਗਕ ਪ੍ਰਾਕਿਰਤਕ ਵਿਗਿਆਨ ਰਾਹੀਂ ਪ੍ਰਾਪਤ ਕੀਤੇ ਤੱਥਾਂ ਰਾਹੀਂ ਇਕ ਲਗਭਗ ਨੇਮ-ਬਧ ਰੂਪ ਵਿਚ ਪ੍ਰਕਿਰਤੀ ਅੰਦਰ ਅੰਤਰ-ਸੰਬੰਧ ਦਰਸਾ ਸਕਦੇ ਹਾਂ। ਇਹ ਵਿਆਪਕ ਦ੍ਰਿਸ਼ਟੀਕੋਣ ਪੇਸ਼ ਕਰਨਾ ਪਹਿਲੀਆਂ ਵਿਚ ਅਖੌਤੀ ਪ੍ਰਾਕਿਰਤਕ ਦਰਸ਼ਨ ਦਾ ਕੰਮ ਸੀ। ਇਹ ਯਥਾਰਥਕ ਪਰ ਅਜੇ ਅਣਜਾਣੇ ਅੰਤਰ-ਸੰਬੰਧਾਂ ਦੀ ਥਾਂ ਆਦਰਸ਼ਕ, ਕਾਲਪਨਿਕ ਅੰਤਰ-ਸੰਬੰਧ ਰਖਕੇ ਹੀ, ਅਣਜਾਣੇ ਤੱਥਾਂ ਦੀ ਥਾਂ ਮਨ ਦੀਆਂ ਘਾੜਤਾਂ ਨਾਲ ਭਰਕੇ ਅਤੇ ਯਥਾਰਥਕ ਪਾੜਾਂ ਨੂੰ ਕੇਵਲ ਕਲਪਨਾ ਰਾਹੀਂ ਭਰ ਕੇ ਹੀ ਅਜਿਹਾ ਕਰ ਸਕਦਾ ਸੀ। ਇਸ ਅਮਲ ਦੇ ਦੌਰਾਨ ਇਹਨੇ ਕਈ ਸ਼ਾਨਦਾਰ ਵਿਚਾਰ ਚਿਤਵੇ ਅਤੇ ਪਿਛੋਂ ਜਾਕੇ ਹੋਣ ਵਾਲੀਆਂ ਅਨੇਕ ਲਭਤਾਂ ਅਗਾਊਂ ਪ੍ਰਗਟਾ ਦਿਤੀਆਂ ਪਰ ਇਹਨੇ ਚੋਖੀ ਮਾਤਰਾ ਵਿਚ ਬਕਵਾਸ ਵੀ ਪੈਦਾ ਕੀਤੀ ਅਤੇ ਇਸ ਤੋਂ ਬਿਨਾਂ ਕੁਝ ਹੋ ਵੀ ਨਹੀਂ ਸੀ ਸਕਦਾ। ਅਜ ਜਦੋਂ ਮਨੁਖ ਨੂੰ ਪ੍ਰਾਕਿਰਤਕ ਵਿਗਿਆਨਾਂ ਦੇ ਸਿੱਟੇ ਕੇਵਲ ਦਵੰਦਵਾਦੀ ਢੰਗ ਨਾਲ ਸਮਝਣ ਦੀ ਲੋੜ ਹੈ, ਅਰਥਾਤ, ਉਹਨਾਂ ਦੇ ਅੰਤਰ-ਸੰਬੰਧਾਂ ਦੇ ਅਰਥਾਂ ਵਿਚ ਜਾਣ ਦੀ ਲੋੜ ਹੈ ਤਾਂ ਜੁ ਉਹ ਸਾਡੇ ਸਮੇਂ

* ਅਨੁਸਾਰ। — **ਅਨੁ :**

ਲਈ ਕਾਫ਼ੀ "ਪ੍ਰਕਿਰਤੀ ਦੇ ਪ੍ਰਬੰਧ" ਤੱਕ ਅਪੜ ਜਾਵੇ; ਜਦੋਂ ਉਹਨਾਂ ਦੀ ਮਰਜ਼ੀ ਦੇ ਉਲਟ ਇਸ ਅੰਤਰ-ਸੰਬੰਧ ਦਾ ਦਵੰਦਵਾਦੀ ਖ਼ਾਸਾ ਪ੍ਰਾਕਿਰਤਕ ਵਿਗਿਆਨੀਆਂ ਦੇ ਪਰਾਭੌਤਿਕਵਾਦੀ-ਸਿਖਿਅਤ ਮਨਾਂ ਵਿਚ ਵੀ ਘੁਸਦਾ ਜਾ ਰਿਹਾ ਹੈ, ਅਜ ਪ੍ਰਾਕਿਰਤਕ ਦਰਸ਼ਨ ਦਾ ਅੰਤਮ ਅੰਤ ਹੋ ਗਿਆ ਹੈ। ਇਹਨੂੰ ਸੁਰਜੀਤ ਕਰਨ ਦਾ ਹਰ ਜਤਨ ਕੇਵਲ ਵਾਧੂ ਹੀ ਨਹੀਂ ਹੋਵੇਗਾ ਸਗੋਂ **ਪਿਛੇ ਵੱਲ ਇਕ ਕਦਮ ਵੀ ਹੋਵੇਗਾ।**

ਪਰ ਜੋ ਕੁਝ ਪ੍ਰਕਿਰਤੀ ਬਾਰੇ ਸੱਚ ਹੈ, ਜਿਹੜਾ ਇਸੇ ਕਾਰਨ ਵਿਕਾਸ ਦੇ ਇਕ ਇਤਿਹਾਸਕ ਅਮਲ ਵਜੋਂ ਕਬੂਲ ਕੀਤਾ ਜਾਂਦਾ ਹੈ, ਉਹ ਇਸੇ ਹੀ ਤਰ੍ਹਾਂ ਉਹਦੀਆਂ ਸਾਰੀਆਂ ਸ਼ਾਖ਼ਾਂ ਵਿਚ ਸਮਾਜ ਦੇ ਇਤਿਹਾਸ ਲਈ, ਅਤੇ ਉਹਨਾਂ ਸਭਨਾਂ ਵਿਗਿਆਨਾਂ ਦੀ ਸਮੂਹਕਤਾ ਲਈ ਵੀ ਸੱਚ ਹੈ, ਜਿਹੜੇ ਮਨੁਖੀ (ਅਤੇ ਦੈਵੀ) ਵਸਤਾਂ ਨਾਲ ਆਪਣਾ ਸੰਬੰਧ ਜੋੜਦੇ ਹਨ। ਇਥੇ ਵੀ ਇਤਿਹਾਸ, ਹੱਕ, ਧਰਮ, ਆਦਿ ਦਾ ਦਰਸ਼ਨ ਦਾਰਸ਼ਨਿਕ ਦੇ ਮਨ ਵਿਚ ਘੜੇ ਅੰਤਰ-ਸੰਬੰਧ ਨੂੰ ਉਸ ਅੰਤਰ-ਸੰਬੰਧ ਦੀ ਥਾਂ ਦੇਣਾ ਰਿਹਾ ਹੈ ਜੋ ਘਟਨਾਵਾਂ ਨੇ ਪ੍ਰਗਟ ਕਰਨਾ ਸੀ; ਇਹ ਸਮੁਚੇ ਇਤਿਹਾਸ ਦੀ ਵੀ ਅਤੇ ਇਹਦੇ ਵਖ ਵਖ ਹਿੱਸਿਆਂ ਦੇ ਵਿਚਾਰਾਂ ਦੀ—ਅਤੇ ਸੁਭਾਵਕ ਹੀ ਸਦਾ ਖ਼ੁਦ ਦਾਰਸ਼ਨਿਕ ਦੇ ਮਨ-ਪਸੰਦ ਵਿਚਾਰਾਂ ਦੀ—ਪ੍ਰਾਪਤੀ ਵਜੋਂ ਸਮਝਣਾ ਰਿਹਾ ਹੈ। ਇਸ ਅਨੁਸਾਰ ਇਤਿਹਾਸ ਨੇ ਅਚੇਤ ਤੌਰ ਤੇ ਪਰ ਲਾਜ਼ਮੀ ਤੌਰ ਤੇ ਇਕ ਪਹਿਲਾਂ ਤੋਂ ਮਿਥੇ ਆਦਰਸ਼ਕ ਆਸ਼ੇ ਵੱਲ—ਜਿਵੇਂ ਕਿ ਮਿਸਾਲ ਵਜੋਂ ਹੀਗਲ ਦੀ ਹਾਲਤ ਵਿਚ ਉਹਦੇ ਨਿਹਕੇਵਲ ਵਿਚਾਰ ਦੀ ਪ੍ਰਾਪਤੀ ਵੱਲ—ਕੰਮ ਕੀਤਾ ਅਤੇ ਇਸ ਨਿਹਕੇਵਲ ਵਿਚਾਰ ਵੱਲ ਤਬਦੀਲੀ ਨਾ ਹੋ ਸਕਣ ਵਾਲਾ ਮੁਹਾਣ ਇਤਿਹਾਸ ਦੀਆਂ ਘਟਨਾਵਾਂ ਵਿਚਕਾਰ ਅੰਤ੍ਰੀਵ ਅੰਤਰ-ਸੰਬੰਧ ਬਣਿਆ। ਇਕ ਨਵੀਂ, ਭੇਤ-ਭਰੀ ਦੇਵ-ਨੈਤ ਨੂੰ—ਅਚੇਤ ਜਾਂ ਹੌਲੀ ਹੌਲੀ ਚੇਤਨਤਾ ਵਿਚ ਆ ਰਹੀ—ਅਸਲੀ, ਅਜੇ ਅਣਜਾਣੇ ਅੰਤਰ-ਸੰਬੰਧ ਦੀ ਥਾਂ ਦਿਤੀ ਗਈ। ਇਸ ਲਈ ਇਥੇ ਵੀ, ਪ੍ਰਕਿਰਤੀ ਦੇ ਖੇਤਰ ਵਾਂਗ ਹੀ, ਅਸਲੀ ਅੰਤਰ-ਸੰਬੰਧਾਂ ਦੀ ਲਭਤ ਰਾਹੀਂ, ਇਹਨਾਂ ਘੜੇ ਹੋਏ, ਨਕਲੀ ਅੰਤਰ-ਸੰਬੰਧਾਂ ਦਾ ਅੰਤ ਕਰਨ ਦੀ ਲੋੜ ਸੀ—ਇਕ ਅਜਿਹਾ ਕੰਮ ਜਿਹੜਾ ਅੰਤ ਵਿਚ ਗਤੀ ਦੇ ਆਮ ਨਿਯਮ ਢੂੰਡਣਾ ਬਣਦਾ ਹੈ, ਜਿਹੜੇ ਆਪਣੇ ਆਪ ਨੂੰ ਮਨੁਖੀ ਸਮਾਜ ਵਿਚ ਪਰਧਾਨ ਪ੍ਰਗਟ ਕਰਦੇ ਹਨ।

ਪਰ ਇਕ ਪਖ ਤੋਂ ਸਮਾਜ ਦੇ ਵਿਕਾਸ ਦਾ ਇਤਿਹਾਸ ਪ੍ਰਕਿਰਤੀ ਦੇ ਇਤਿਹਾਸ ਤੋਂ ਲਾਜ਼ਮੀ ਤੌਰ ਉਤੇ ਵਖਰਾ ਹੈ। ਪ੍ਰਕਿਰਤੀ ਵਿਚ—ਜੇ ਅਸੀਂ ਪ੍ਰਕਿਰਤੀ ਉਤੇ ਮਨੁਖ ਦੇ ਪ੍ਰਤਿਕਰਮ ਨੂੰ ਅਖੋਂ ਉਹਲੇ ਕਰ ਦਈਏ —ਕੇਵਲ ਅੰਨ੍ਹੇ ਅਚੇਤੰਨ ਸਾਧਨ ਇਕ ਦੂਜੇ ਉਤੇ ਅਮਲ ਕਰ ਰਹੇ ਸਨ, ਜਿਨ੍ਹਾਂ ਦੇ ਇਕ ਦੂਜੇ ਉਤੇ ਅਮਲ ਵਿਚੋਂ ਆਮ ਨਿਯਮ ਅਮਲ ਵਿਚ ਆਏ। ਜੋ ਕੁਝ ਵੀ ਵਾਪਰਦਾ ਹੈ ਉਸ ਵਿਚੋਂ ਕੁਝ ਵੀ—

ਭਾਵੇਂ ਉਪਰੋਂ ਉਪਰੋਂ ਵੇਖੇ ਜਾ ਸਕਦੇ ਜਾਪਦੇ ਦੇਵ-ਨੈਤੀ ਅਮਲਾਂ ਵਿਚ ਜਾਂ ਅੰਤਮ ਸਿੱਟਿਆਂ ਵਿਚ, ਜਿਹੜੇ ਇਹਨਾਂ ਦੇਵ-ਨੈਤੀ ਅਮਲਾਂ ਵਿਚ ਲੁਪਤ ਬਾਕਾਇਦਗੀ ਦੀ ਪ੍ਰੋੜ੍ਹਤਾ ਕਰਦੇ ਹਨ—ਚੇਤੰਨ ਤੌਰ ਤੇ ਚਾਹੇ ਸਿੱਟੇ ਵਜੋਂ ਨਹੀਂ ਵਾਪਰਦਾ। ਇਹਦੇ ਉਲਟ ਸਮਾਜ ਦੇ ਇਤਿਹਾਸ ਵਿਚ ਅਮਲ ਵਿਚ ਹਿੱਸਾ ਲੈਣ ਵਾਲੇ ਸਭਨਾਂ ਅੰਸ਼ਾਂ ਵਿਚ ਚੇਤਨਤਾ ਹੁੰਦੀ ਹੈ, ਉਹ ਅਜਿਹੇ ਮਨੁਖ ਹਨ ਜਿਹੜੇ ਸੋਚੇ ਸਮਝੇ ਢੰਗ ਨਾਲ ਜਾਂ ਮਨੋਵੇਗ ਅਨੁਸਾਰ ਅਮਲ ਕਰ ਰਹੇ ਹਨ, ਸਪਸ਼ਟ ਆਸ਼ਿਆਂ ਵੱਲ ਕੰਮ ਕਰ ਰਹੇ ਹਨ; ਚੇਤੰਨ ਮੰਤਵ ਤੋਂ ਬਿਨਾਂ, ਚਾਹੇ ਗਏ ਨਿਸ਼ਾਨੇ ਤੋਂ ਬਿਨਾਂ ਕੁਝ ਨਹੀਂ ਵਾਪਰਦਾ। ਪਰ ਇਹ ਵਖਰੇਵਾਂ, ਜਿਹੜਾ ਇਤਿਹਾਸਕ ਖੋਜਾਂ ਲਈ, ਵਿਸ਼ੇਸ਼ ਤੌਰ ਤੇ ਇਕਲੇ ਇਕਲੇ ਜੁਗਾਂ ਅਤੇ ਘਟਨਾਵਾਂ ਦੀ ਖੋਜ ਲਈ ਇੰਨਾ ਮਹਤਵ ਰਖਦਾ ਹੈ, ਇਸ ਤੱਥ ਨੂੰ ਤਬਦੀਲ ਨਹੀਂ ਕਰ ਸਕਦਾ ਕਿ ਇਤਿਹਾਸ ਦੀ ਚਾਲ ਉਤੇ ਅੰਤ੍ਰੀਵ ਆਮ ਨਿਯਮ ਲਾਗੂ ਹੁੰਦੇ ਹਨ। ਕਿਉਂਕਿ ਇਥੇ ਵੀ, ਸਮੁਚੇ ਤੌਰ ਉਤੇ, ਵਿਅਕਤੀਆਂ ਦੇ ਚੇਤੰਨ ਤੌਰ ਤੇ ਚਾਹੇ ਆਸ਼ਿਆਂ ਦੇ ਬਾਵਜੂਦ, ਉਪਰੀ ਤੱਲ ਤੇ ਦੇਵ-ਨੈਤੀ ਘਟਨਾਵਾਂ ਵਾਪਰਦੀਆਂ ਜਾਪਦੀਆਂ ਹਨ। ਜੋ ਕੁਝ ਚਾਹਿਆ ਜਾਂਦਾ ਹੈ ਉਹ ਘਟ ਵਧ ਹੀ ਵਾਪਰਦਾ ਹੈ; ਮਿਸਾਲਾਂ ਦੀ ਬਹੁ-ਗਿਣਤੀ ਵਿਚ ਅਨੇਕ ਚਾਹੇ ਸਿੱਟੇ ਇਕ ਦੂਜੇ ਨੂੰ ਕਟਦੇ ਅਤੇ ਇਕ ਦੂਜੇ ਨਾਲ ਟਕਰਾਉਂਦੇ ਹਨ, ਜਾਂ ਇਹ ਸਿੱਟੇ ਆਪਣੇ ਆਪ ਵਿਚ ਮੁਢ ਤੋਂ ਹੀ ਪ੍ਰਾਪਤੀ ਦੇ ਅਸਮਰਥ ਹਨ ਜਾਂ ਉਹਨਾਂ ਨੂੰ ਪ੍ਰਾਪਤ ਕਰਨ ਦੇ ਸਾਧਨ ਕਾਫ਼ੀ ਨਹੀਂ ਹੁੰਦੇ। ਇਉਂ ਇਤਿਹਾਸ ਦੇ ਖੇਤਰ ਵਿਚ ਅਣਗਿਣਤ ਵਿਕੋਲਤ੍ਰੀਆਂ ਇਛਾਵਾਂ ਅਤੇ ਵਿਕੋਲਤ੍ਰੇ ਅਮਲਾਂ ਦੀਆਂ ਟਕਰਾਂ ਇਕ ਅਜਿਹੀ ਪ੍ਰਸਥਿਤੀ ਪੈਦਾ ਕਰ ਦੇਂਦੀਆਂ ਹਨ ਜਿਹੜੀ ਅਚੇਤੰਨ ਪ੍ਰਕਿਰਤੀ ਦੇ ਖੇਤਰ ਵਿਚ ਪ੍ਰਚਲਤ ਪ੍ਰਸਥਿਤੀ ਦੇ ਤੁਲ ਹੀ ਹੈ। ਅਮਲਾਂ ਦੇ ਮੰਤਵ ਚਿਤਵੇ ਜਾਂਦੇ ਹਨ ਪਰ ਇਹਨਾਂ ਅਮਲਾਂ ਤੋਂ ਜਿਹੜੇ ਸਿੱਟੇ ਸਚ ਮੁਚ ਪੈਦਾ ਹੁੰਦੇ ਹਨ ਉਹ ਚਿਤਵੇ ਹੋਏ ਨਹੀਂ ਹੁੰਦੇ; ਜਾਂ ਜਦੋਂ ਉਹ ਚਿਤਵੇ ਮੰਤਵਾਂ ਦੇ ਅਨੁਸਾਰੀ ਵੀ ਜਾਪਦੇ ਹਨ ਉਹ ਅੰਤ ਅਜਿਹੇ ਨਤੀਜੇ ਕੱਢਦੇ ਹਨ ਜਿਹੜੇ ਚਿਤਵੇ ਨਤੀਜਿਆਂ ਤੋਂ ਉੱਕਾ ਹੀ ਵਖ ਹੁੰਦੇ ਹਨ। ਇਉਂ ਸਮੁਚੇ ਤੌਰ ਤੇ ਇਤਿਹਾਸਕ ਘਟਨਾਵਾਂ ਵੀ ਦੇਵ-ਨੇਤ ਦੇ ਅਧੀਨ ਜਾਪਦੀਆਂ ਹਨ। ਪਰ ਜਿਥੇ ਉਪਰੋਂ ਉਪਰੋਂ ਦੇਵ-ਨੇਤ ਪਰਧਾਨ ਜਾਪਦੀ ਹੈ, ਉਥੇ ਅਸਲ ਵਿਚ ਅੰਤ੍ਰੀਵ, ਲੁਪਤ ਨਿਯਮ ਲਾਗੂ ਹੁੰਦੇ ਹਨ ਅਤੇ ਮਾਮਲਾ ਬਸ ਇਹਨਾਂ ਨਿਯਮਾਂ ਨੂੰ ਲਭਣ ਦਾ ਹੀ ਹੈ।

ਭਾਵੇਂ ਇਹਦਾ ਸਿੱਟਾ ਕੁਝ ਕਿਉਂ ਨਾ ਹੋਵੇ, ਮਨੁਖ ਇਸ ਹੱਦ ਤੱਕ ਆਪਣਾ ਇਤਿਹਾਸ ਆਪ ਬਣਾਉਂਦੇ ਹਨ ਕਿ ਹਰ ਵਿਅਕਤੀ ਆਪਣੇ ਚੇਤੰਨ ਤੌਰ ਤੇ ਚਿਤਵੇ ਆਸ਼ੇ ਦੀ ਪ੍ਰਾਪਤੀ ਦਾ ਜਤਨ ਕਰਦਾ ਹੈ ਅਤੇ ਇਹਨਾਂ ਵਖ ਵਖ ਦਿਸ਼ਾਵਾਂ ਵਿਚ ਅਮਲ ਕਰਨ ਵਾਲੀਆਂ ਇਛਾਵਾਂ ਦਾ ਸਮੂਹ ਅਤੇ ਬਾਹਰਲੇ ਸੰਸਾਰ ਉਤੇ

ਉਹਨਾਂ ਦੇ ਬਹੁ-ਭਾਂਤੀ ਪ੍ਰਭਾਵ ਹੀ ਹਨ ਜਿਹੜੇ ਇਤਿਹਾਸ ਬਣਦੇ ਹਨ। ਇਸ ਲਈ ਇਹ ਉਸ ਗੱਲ ਦਾ ਵੀ ਮਸਲਾ ਹੈ ਜੋ ਅਨੇਕ ਵਿਅਕਤੀ ਚਾਹੁੰਦੇ ਹਨ। ਇੱਛਾ ਮਨੋਵੇਗ ਜਾਂ ਡੂੰਘੇ ਵਿਚਾਰ ਰਾਹੀਂ ਮਿਥੀ ਜਾਂਦੀ ਹੈ। ਪਰ ਜਿਹੜੀਆਂ ਤੁਲਾਂ ਫ਼ੌਰੀ ਤੌਰ ਉਤੇ ਮਨੋਵੇਗ ਜਾਂ ਡੂੰਘੇ ਵਿਚਾਰ ਨੂੰ ਮਿਥਦੀਆਂ ਹਨ, ਉਹ ਬਹੁਤ ਵਖ ਵਖ ਕਿਸਮ ਦੀਆਂ ਹਨ। ਆਂਸ਼ਕ ਤੌਰ ਉਤੇ ਇਹ ਬਾਹਰਲੀਆਂ ਵਸਤਾਂ ਹੋ ਸਕਦੀਆਂ ਹਨ, ਆਂਸ਼ਕ ਤੌਰ ਉਤੇ ਆਦਰਸ਼ ਮੰਤਵ: ਪਦ-ਲਾਲਸਾ, "ਸੱਚ ਅਤੇ ਇਨਸਾਫ਼ ਲਈ ਉਤਸ਼ਾਹ," ਨਿਜੀ ਘਿਰਣਾ ਜਾਂ ਵਖ ਵਖ ਤਰ੍ਹਾਂ ਦੇ ਨਰੋਲ ਵਿਅਕਤੀਗਤ ਖ਼ਬਤ। ਪਰ, ਇਕ ਹੱਥ, ਅਸਾਂ ਵੇਖਿਆ ਹੈ ਕਿ ਅਸੀਂ ਇਤਿਹਾਸ ਵਿਚ ਸਰਗਰਮ ਕਈ ਵਿਅਕਤੀਗਤ ਇੱਛਾਵਾਂ ਵਧੇਰੇ ਕਰਕੇ ਉਸ ਤੋਂ ਵਖਰਾ ਸਿੱਟਾ ਪੈਦਾ ਕਰਦੀਆਂ ਹਨ ਜਿਸਦੀ ਇੱਛਾ ਕੀਤੀ ਗਈ ਸੀ—ਅਕਸਰ ਬਿਲਕੁਲ ਉਲਟਾ; ਕਿ ਇਸੇ ਲਈ ਸਮੁਚੇ ਸਿੱਟੇ ਦੇ ਸੰਬੰਧ ਵਿਚ ਇਸੇ ਤਰ੍ਹਾਂ ਉਹਨਾਂ ਦੀ ਇੱਛਾ ਦੂਜੈਲੀ ਮਹੱਤਤਾ ਰਖਦੀ ਹੈ। ਦੂਜੇ ਹਥ, ਇਕ ਹੋਰ ਪ੍ਰਸ਼ਨ ਉਠਦਾ ਹੈ: ਆਪਣੀ ਵਾਰੀ ਇਹਨਾਂ ਮੰਤਵਾਂ ਪਿਛੇ ਕਿਹੜੀਆਂ ਚਾਲਕ ਸ਼ਕਤੀਆਂ ਹਨ? ਉਹ ਕਿਹੜੇ ਇਤਿਹਾਸਕ ਕਾਰਨ ਹਨ ਜਿਹੜੇ ਅਮਲ ਕਰ ਰਹੇ ਲੋਕਾਂ ਦੇ ਦਿਮਾਗ਼ਾਂ ਵਿਚ ਆਪਣੇ ਆਪ ਨੂੰ ਇਹਨਾਂ ਮੰਤਵਾਂ ਵਿਚ ਤਬਦੀਲ ਕਰ ਲੈਂਦੇ ਹਨ?

ਪੁਰਾਣੇ ਪਦਾਰਥਵਾਦ ਨੇ ਆਪਣੇ ਆਪ ਤੋਂ ਕਦੇ ਇਹ ਸਵਾਲ ਨਾ ਪੁਛਿਆ। ਇਸੇ ਲਈ ਇਹਦਾ ਇਤਿਹਾਸ ਦਾ ਸੰਕਲਪ, ਜਿਥੋਂ ਤੱਕ ਇਹਦੇ ਕੋਲ ਅਜਿਹਾ ਸੰਕਲਪ ਸੀ, ਬੁਨਿਆਦੀ ਤੌਰ ਉਤੇ ਪ੍ਰਯੋਗਕ ਹੈ: ਇਹ ਸਭ ਕੁਝ ਦਾ ਨਿਰਣਾ ਅਮਲ ਦੇ ਮੰਤਵਾਂ ਦੇ ਆਧਾਰ ਉਤੇ ਕਰਦਾ ਹੈ, ਇਹ ਇਤਿਹਾਸ ਵਿਚ ਅਮਲ ਕਰਨ ਵਾਲੇ ਮਨੁਖਾਂ ਨੂੰ ਉੱਚ ਅਤੇ ਨੀਚ ਵਿਚ ਵੰਡਦਾ ਹੈ ਅਤੇ ਫਿਰ ਵੇਖਦਾ ਹੈ ਕਿ ਉੱਚ ਲੋਕਾਂ ਨਾਲ ਧੋਖਾ ਹੁੰਦਾ ਹੈ ਅਤੇ ਨੀਚ ਜੇਤੂ ਹੁੰਦੇ ਹਨ। ਇਸ ਤੋਂ, ਪੁਰਾਣੇ ਪਦਾਰਥਵਾਦ ਲਈ ਇਹ ਸਿੱਟਾ ਨਿਕਲਦਾ ਹੈ ਕਿ ਇਤਿਹਾਸ ਦੇ ਅਧਿਅਨ ਤੋਂ ਕੋਈ ਖ਼ਾਸ ਸਿਖਿਆਦਾਇਕ ਗੱਲ ਨਹੀਂ ਮਿਲਣ ਲਗੀ ਅਤੇ ਇਸੇ ਲਈ ਸਾਡੇ ਲਈ ਇਤਿਹਾਸ ਦੇ ਖੇਤਰ ਵਿਚ ਪੁਰਾਣਾ ਪਦਾਰਥਵਾਦ ਆਪਣੇ ਆਪ ਨਾਲ ਸਚਿਆਰਾ ਨਹੀਂ ਰਹਿੰਦਾ ਕਿਉਂਕਿ ਇਸ ਗੱਲ ਦੀ ਪੜਤਾਲ ਕਰਨ ਦੀ ਥਾਂ ਕਿ ਉਹਨਾਂ ਦੇ ਪਿਛੇ ਕੀ ਹੈ, ਕਿ ਇਹਨਾਂ ਚਾਲਕ ਸ਼ਕਤੀਆਂ ਦੀਆਂ ਚਾਲਕ ਸ਼ਕਤੀਆਂ ਕੀ ਹਨ ਉਹ ਇਸ ਖੇਤਰ ਵਿਚ ਸਰਗਰਮ ਆਦਰਸ਼ਕ ਚਾਲਕ ਸ਼ਕਤੀਆਂ ਨੂੰ ਅੰਤਮ ਕਾਰਨ ਸਮਝ ਲੈਂਦਾ ਹੈ। ਅਣਮੇਲ ਇਸ ਗੱਲ ਵਿਚ ਨਹੀਂ ਕਿ **ਆਦਰਸ਼ਕ** ਚਾਲਕ ਸ਼ਕਤੀਆਂ ਨੂੰ ਪਛਾਣਿਆ ਜਾਂਦਾ ਹੈ ਸਗੋਂ ਇਸ ਗੱਲ ਵਿਚ ਹੈ ਕਿ ਹੋਰ ਅਗੇ, ਇਹਨਾਂ ਦੇ ਪਿਛੇ, ਇਹਨਾਂ ਨੂੰ ਹਰਕਤ ਵਿਚ ਲਿਆਉਣ ਵਾਲੀਆਂ ਸ਼ਕਤੀਆਂ ਦੀ ਖੋਜ ਨਹੀਂ ਕੀਤੀ ਜਾਂਦੀ। ਦੂਜੇ ਹਥ, ਇਤਿਹਾਸ ਦਾ ਦਰਸ਼ਨ, ਵਿਸ਼ੇਸ਼ ਤੌਰ

ਤੇ ਜਿਵੇਂ ਇਹ ਹੀਗਲ ਦੇ ਰੂਪ ਵਿਚ ਪ੍ਰਗਟ ਹੋਇਆ, ਇਸ ਗਲ ਨੂੰ ਪ੍ਰਵਾਨ ਕਰਦਾ ਹੈ ਕਿ ਇਤਿਹਾਸ ਵਿਚ ਅਮਲ ਕਰਨ ਵਾਲੇ ਮਨੁਖਾਂ ਦੇ ਜਾਪਦੇ ਅਤੇ ਸਚ ਮੁਚ ਦੇ ਮੰਤਵ ਕਿਸੇ ਵੀ ਤਰ੍ਹਾਂ ਇਤਿਹਾਸਕ ਘਟਨਾਵਾਂ ਦੇ ਅਤਮ ਕਾਰਨ ਨਹੀਂ, ਕਿ ਇਹਨਾਂ ਮੰਤਵਾਂ ਦੇ ਪਿਛੇ ਹੋਰ ਚਾਲਕ ਸ਼ਕਤੀਆਂ ਹਨ ਜਿਨ੍ਹਾਂ ਨੂੰ ਲਭਿਆ ਜਾਣਾ ਹੈ। ਪਰ ਇਹ ਇਹਨਾਂ ਸ਼ਕਤੀਆਂ ਨੂੰ ਖ਼ੁਦ ਇਤਿਹਾਸ ਵਿਚ ਨਹੀਂ ਲਭਦਾ, ਸਗੋਂ ਇਹਨੂੰ ਬਾਹਰੋਂ, ਦਾਰਸ਼ਨਿਕ ਵਿਚਾਰਧਾਰਾ ਵਿਚੋਂ ਇਤਿਹਾਸ ਵਿਚ ਲੈ ਆਉਂਦਾ ਹੈ। ਮਿਸਾਲ ਵਜੋਂ, ਪ੍ਰਾਚੀਨ ਯੂਨਾਨ ਦੇ ਇਤਿਹਾਸ ਦੀ ਵਿਆਖਿਆ ਇਹਦੇ ਅਤ੍ਰੀਵ ਅੰਤਰ-ਸੰਬੰਧਾਂ ਰਾਹੀਂ ਕਰਨ ਦੀ ਥਾਂ ਹੀਗਲ ਬਸ ਇਹ ਕਹਿੰਦਾ ਹੈ ਕਿ ਇਹ "ਖ਼ੂਬਸੂਰਤ ਵਿਅਕਤੀਤਵ ਦੇ ਰੂਪਾਂ" ਨੂੰ ਘੜਨ ਤੋਂ, "ਕਲਾ ਕਿਰਤ" ਨੂੰ ਇਹਦੇ ਆਪਣੇ ਰੂਪ ਵਿਚ ਪੂਰਨਤਾ ਦੇਣ ਤੋਂ ਵਧ ਕੁਝ ਨਹੀਂ। ਉਹ ਇਸ ਸੰਬੰਧ ਵਿਚ ਪੁਰਾਣੇ ਯੂਨਾਨੀਆਂ ਸੰਬੰਧੀ ਬਹੁਤ ਕੁਝ ਅਜਿਹਾ ਕਹਿੰਦਾ ਹੈ ਜਿਹੜਾ ਸ਼ਾਨਦਾਰ ਅਤੇ ਡੂੰਘਾਈ ਵਾਲਾ ਹੈ ਪਰ ਇਹ ਗਲ ਸਾਨੂੰ ਅਜ ਇਸ ਗਲ ਤੋਂ ਨਹੀਂ ਰੋਕਦੀ ਕਿ ਅਸੀਂ ਅਜਿਹੀ ਵਿਆਖਿਆ ਰਾਹੀਂ, ਜਿਹੜੀ ਕੇਵਲ ਗੱਲ ਕਹਿਣ ਦਾ ਇਕ ਢਗ ਹੀ ਹੈ, ਟਾਲੇ ਨਾ ਜਾਈਏ।

ਸੋ, ਜਦੋਂ ਉਹਨਾਂ ਚਾਲਕ ਸ਼ਕਤੀਆਂ ਦੀ ਪੜਤਾਲ ਦਾ ਸਵਾਲ ਉਠਦਾ ਹੈ ਜਿਹੜੀਆਂ—ਚੇਤੰਨ ਜਾਂ ਅਚੇਤੰਨ ਤੌਰ ਉਤੇ ਅਤੇ ਨਿਸ਼ਚੇ ਹੀ ਵਧੇਰੇ ਵਾਰ ਅਚੇਤੰਨ ਤੌਰ ਉਤੇ—ਇਤਿਹਾਸ ਵਿਚ ਅਮਲ ਕਰਨ ਵਾਲੇ ਮਨੁਖਾਂ ਦੇ ਮਤਵਾਂ ਪਿਛੇ ਹੁੰਦੀਆਂ ਹਨ ਅਤੇ ਜਿਹੜੀਆਂ ਇਤਿਹਾਸ ਦੀ ਅਸਲੀ ਅਤਮ ਚਾਲਕ ਸ਼ਕਤੀ ਬਣਦੀਆਂ ਹਨ, ਤਾਂ ਸਵਾਲ ਇਕਲੇ ਇਕਲੇ ਵਿਅਕਤੀਆਂ ਦੇ, ਭਾਵੇਂ ਉਹ ਕਿੰਨੀਆਂ ਉਚੀਆਂ ਪਦਵੀਆਂ ਵਾਲੇ ਕਿਉਂ ਨਾ ਹੋਣ, ਮਤਵਾਂ ਦਾ ਨਹੀਂ, ਜਿੰਨਾ ਕਿ ਉਹਨਾਂ ਮੰਤਵਾਂ ਦਾ ਹੈ ਜਿਹੜੇ ਜਨਤਾ ਦੇ ਮਹਾਨ ਹਿਸਿਆਂ, ਪੂਰੀਆਂ ਕੌਮਾਂ ਅਤੇ ਫਿਰ ਹਰ ਕੌਮ ਦੇ ਅਦਰ ਪੂਰੀਆਂ ਸ਼੍ਰੇਣੀਆਂ ਨੂੰ ਹਰਕਤ ਵਿਚ ਲਿਆਉਂਦੇ ਹਨ। ਅਤੇ ਇਹ ਵੀ ਇਕ ਛਿਣ ਲਈ, ਘਾਹ ਦੀ ਧੂਣੀ ਵਾਂਗ ਨਹੀਂ, ਜਿਹੜੀ ਛੇਤੀ ਹੀ ਬੁਝ ਜਾਂਦੀ ਹੈ, ਸਗੋਂ ਇਕ ਸਥਿਰ ਅਮਲ ਲਈ ਜਿਸਦਾ ਸਿੱਟਾ ਮਹਾਨ ਕਾਇਆ-ਪਲਟਾਂ ਹੁੰਦੀਆਂ ਹਨ। ਉਹਨਾਂ ਚਾਲਕ ਕਾਰਨਾਂ ਨੂੰ ਜਾਣਨਾ ਜਿਹੜੇ ਸਪਸ਼ਟ ਜਾਂ ਅਸਪਸ਼ਟ, ਸਿਧੇ ਜਾਂ ਵਿਚਾਰਧਾਰਕ, ਇਥੋਂ ਤਕ ਕਿ ਕਾਲਪਨਕ ਰੂਪ ਵਿਚ ਇਥੇ ਸਰਗਰਮ ਜਨਤਾ ਅਤੇ ਉਹਦੇ ਨੇਤਾਵਾਂ—ਅਖੌਤੀ ਮਹਾਂ-ਪੁਰਖਾਂ—ਦੇ ਮਨਾਂ ਵਿਚ ਚੇਤੰਨ ਅਮਲਾਂ ਵਜੋਂ ਪ੍ਰਤਿਬਿੰਬਤ ਹੁਦੇ ਹਨ, ਇਕੋ ਇਕ ਰਾਹ ਹੈ ਜਿਹੜਾ ਸਾਨੂੰ ਸਮੁਚੇ ਤੌਰ ਤੇ ਇਤਿਹਾਸ ਵਿਚ ਅਤੇ ਖ਼ਾਸ ਸਮਿਆਂ ਅਤੇ ਖ਼ਾਸ ਦੇਸਾਂ ਵਿਚ ਪ੍ਰਬਲ ਨਿਯਮਾਂ ਦੀ ਪੈੜ ਉਤੇ ਪਾ ਸਕਦਾ ਹੈ। ਇਹ ਲਾਜ਼ਮੀ ਹੈ ਕਿ ਹਰ ਉਹ ਗੱਲ ਜਿਹੜੀ ਮਨੁਖਾਂ ਨੂੰ ਹਰਕਤ ਵਿਚ ਲਿਆਉਂਦੀ ਹੈ ਉਹ ਉਹਨਾਂ ਦੇ ਮਨਾਂ

ਵਿਚੋਂ ਲੰਘੇ; ਪਰ ਉਹ ਮਨ ਵਿਚ ਕੀ ਰੂਪ ਧਾਰਨ ਕਰੇਗੀ ਬਹੁਤ ਹੱਦ ਤਕ ਪ੍ਰਸਥਿਤੀਆਂ ਉਤੇ ਨਿਰਭਰ ਹੈ। ਕਿਰਤੀ ਕਿਸੇ ਵੀ ਤਰ੍ਹਾਂ ਸਰਮਾਏਦਾਰ ਮਸ਼ੀਨੀ ਸਨਅਤ ਨਾਲ ਰਜ਼ਾਮੰਦ ਨਹੀਂ ਹੋ ਗਏ ਪਰ ਹੁਣ ਉਹ ਉਸੇ ਤਰ੍ਹਾਂ ਮਸ਼ੀਨਾਂ ਨਹੀਂ ਤੋੜਦੇ ਜਿਵੇਂ ਉਹ ੧੮੪੮ ਵਿਚ ਵੀ ਰਾਈਨ ਕੰਢੇ ਕਰਦੇ ਹੁੰਦੇ ਸਨ।

ਪਰ ਜਿਥੇ ਪਹਿਲੇ ਜੁਗਾਂ ਵਿਚ ਇਤਿਹਾਸ ਦੇ ਇਹਨਾਂ ਚਾਲਕ ਕਾਰਨਾਂ ਦੀ ਖੋਜ ਲਗਭਗ ਸੰਭਵ ਨਹੀਂ ਸੀ—ਉਹਨਾਂ ਦੇ ਅਤੇ ਉਹਨਾਂ ਦੇ ਅਸਰਾਂ ਵਿਚਕਾਰ ਗੁੰਝਲਦਾਰ ਅਤੇ ਅਕਸਰ ਗੁੱਝੇ ਅੰਤਰ-ਸੰਬੰਧਾਂ ਕਾਰਨ—ਸਾਡੇ ਅਜੋਕੇ ਜੁਗ ਨੇ ਇਹਨਾਂ ਅੰਤਰ-ਸੰਬੰਧਾਂ ਨੂੰ ਇੰਨਾ ਸਾਦਾ ਬਣਾ ਦਿਤਾ ਹੈ ਕਿ ਬੁਝਾਰਤ ਬੁਝੀ ਜਾ ਸਕਦੀ ਹੈ। ਵਡੀ ਪਧਰ ਦੀ ਸਨਅਤ ਦੀ ਸਥਾਪਤੀ, ਅਰਥਾਤ, ਘਟੋ ਘਟ ੧੮੧੫ ਦੀ ਯੂਰਪੀ ਸ਼ਾਂਤੀ[120] ਤੋਂ ਪਿਛੋਂ ਇਹ ਗੱਲ ਬਰਤਾਨੀਆ ਵਿਚ ਕਿਸੇ ਮਨੁਖ ਲਈ ਭੇਤ ਨਹੀਂ ਰਹੀ ਕਿ ਉਥੇ ਸਾਰਾ ਰਾਜਸੀ ਘੋਲ ਦੋ ਸ਼੍ਰੇਣੀਆਂ: ਜ਼ਮੀਨ ਦੀ ਮਾਲਕ ਅਮੀਰਸ਼ਾਹੀ (landed aristocracy) ਅਤੇ ਬੁਰਜੂਆਜ਼ੀ (middle class) ਵਿਚਕਾਰ ਘੋਲ ਦੁਆਲੇ ਘੁੰਮਦਾ ਸੀ। ਫ਼ਰਾਂਸ ਵਿਚ, ਬੂਰਬੋਨ ਵੰਸ਼ ਦੇ ਸ਼ਾਹੀ ਗਦੀ ਉਤੇ ਮੁੜਨ ਤੋਂ ਪਿਛੋਂ ਇਹੋ ਪ੍ਰਭਾਵ ਵੇਖਿਆ ਗਿਆ। ਮੁੜ-ਸਥਾਪਤੀ[121] ਦੇ ਸਮੇਂ ਦੇ ਇਤਿਹਾਸਕਾਰ, ਥੀਯੇਰੀ ਤੋਂ ਗੀਜ਼ੋ ਤੱਕ, ਮਿਨਿਯੇ ਤੋਂ ਥੀਯੇਰ ਤੱਕ, ਹਰ ਥਾਂ ਇਹਦੇ ਬਾਰੇ ਇਹ ਕਹਿੰਦੇ ਹਨ ਕਿ ਇਹ ਮੱਧ-ਕਾਲ ਤੋਂ ਪਿਛੋਂ ਸਮੁਚੇ ਫ਼ਰਾਂਸੀਸੀ ਇਤਿਹਾਸ ਨੂੰ ਸਮਝਣ ਦੀ ਕੁੰਜੀ ਹੈ। ਅਤੇ ੧੮੩੦ ਤੋਂ ਪਿਛੋਂ ਕਿਰਤੀ ਸ਼੍ਰੇਣੀ, ਪ੍ਰੋਲਤਾਰੀ, ਦੁਹਾਂ ਦੇਸਾਂ ਵਿਚ ਸੱਤਾ ਲਈ ਤੀਜਾ ਵਿਰੋਧੀ ਸਮਝਿਆ ਜਾਂਦਾ ਰਿਹਾ ਹੈ। ਪ੍ਰਸਥਿਤੀਆਂ ਇੰਨੀਆਂ ਸਾਦੀਆਂ ਹੋ ਗਈਆਂ ਹਨ ਕਿ ਜੇ ਮਨੁਖ ਇਹਨਾਂ ਤਿੰਨ ਮਹਾਨ ਸ਼੍ਰੇਣੀਆਂ ਦੀ ਟੱਕਰ ਅਤੇ ਉਹਨਾਂ ਦੇ ਹਿਤਾਂ ਦੀ ਟੱਕਰ ਵਿਚ ਨਵੀਨ ਇਤਿਹਾਸ ਦੀ ਚਾਲਕ ਸ਼ਕਤੀ ਨਹੀਂ ਵੇਖਣਾ ਚਾਹੁੰਦਾ ਤਾਂ ਉਹਨੂੰ ਜਾਣ ਬੁਝ ਕੇ ਆਪਣੀਆਂ ਅਖਾਂ ਬੰਦ ਕਰਨੀਆਂ ਪੈਣਗੀਆਂ—ਘਟੋ ਘਟ ਦੋ ਸਭ ਤੋਂ ਵਧ ਉੱਨਤ ਦੇਸਾਂ ਵਿਚ।

ਪਰ ਇਹ ਸ਼੍ਰੇਣੀਆਂ ਹੋਂਦ ਵਿਚ ਕਿਵੇਂ ਆਈਆਂ? ਜੇ ਪਹਿਲੀ ਨਜ਼ਰੇ ਅਜੇ ਵੀ ਇਹ ਸੰਭਵ ਸੀ ਕਿ ਮਹਾਨ, ਪਹਿਲੀਆਂ ਦੀ ਸਾਮੰਤੀ ਜ਼ਮੀਨੀ ਜਾਇਦਾਦ ਦੀ ਉਤਪਤੀ ਦਾ ਕਾਰਨ—ਘਟੋ ਘਟ ਮੁਢ ਵਿਚ—ਰਾਜਸੀ ਕਾਰਨ ਨੂੰ, ਜਬਰ ਨਾਲ ਕਬਜ਼ੇ ਨੂੰ ਦਸਿਆ ਜਾ ਸਕੇ, ਬੁਰਜੂਆਜ਼ੀ ਅਤੇ ਪ੍ਰੋਲਤਾਰੀ ਦੀ ਹਾਲਤ ਵਿਚ ਅਜਿਹਾ ਨਹੀਂ ਕੀਤਾ ਜਾ ਸਕਦਾ। ਇਥੇ ਦੋ ਮਹਾਨ ਸ਼੍ਰੇਣੀਆਂ ਦਾ ਆਦਿ ਅਤੇ ਵਿਕਾਸ ਸਪਸ਼ਟ ਤੌਰ ਉਤੇ ਅਤੇ ਪ੍ਰਤਖ ਤੌਰ ਉਤੇ ਆਰਥਕ ਕਾਰਨਾਂ ਵਿਚ ਵੇਖਿਆ ਜਾ ਸਕਦਾ ਹੈ। ਅਤੇ ਇਹ ਗੱਲ ਵੀ ਉੱਨੀ ਹੀ ਸਪਸ਼ਟ ਹੈ ਕਿ ਜ਼ਮੀਨੀ ਜਾਇਦਾਦ ਅਤੇ ਬੁਰਜੂਆਜ਼ੀ ਵਿਚਕਾਰ ਘੋਲ ਦਾ ਮੰਤਵ, ਐਨ ਬੁਰਜੂਆਜ਼ੀ ਅਤੇ ਪ੍ਰੋਲਤਾਰੀ ਵਿਚਕਾਰ ਘੋਲ ਵਾਂਗ, ਪਹਿਲਾਂ ਅਤੇ ਮੁਖ ਤੌਰ ਉਤੇ ਆਰਥਕ ਹਿਤਾਂ ਦਾ ਸਵਾਲ

ਸੀ, ਜਿਨ੍ਹਾਂ ਨੂੰ ਅਗੇ ਵਧਾਉਣ ਲਈ ਰਾਜਸੀ ਸੱਤਾ ਨੇ ਕੇਵਲ ਇਕ ਸਾਧਨ ਬਣਨਾ ਸੀ। ਬੁਰਜੂਆਜ਼ੀ ਅਤੇ ਪ੍ਰੋਲਤਾਰੀ ਦੋਵੇਂ ਆਰਥਕ ਪ੍ਰਸਥਿਤੀਆਂ, ਵਧੇਰੇ ਠੀਕ ਸ਼ਬਦਾਂ ਵਿਚ, ਉਤਪਾਦਨ ਦੇ ਢੰਗ ਦੀ ਕਾਇਆ-ਪਲਟ ਦੇ ਸਿੱਟੇ ਵਜੋਂ ਹੋਂਦ ਵਿਚ ਆਏ। ਪਹਿਲਾਂ ਕਿਰਤ-ਬ੍ਰਾਦਰੀ ਦਸਤਕਾਰੀ ਤੋਂ ਕਾਰਖ਼ਾਨੇਦਾਰੀ ਵੱਲ, ਕਾਰਖ਼ਾਨੇ-ਦਾਰੀ ਤੋਂ ਵਡੀ ਪਧਰ ਦੇ ਉਤਪਾਦਨ ਵੱਲ, ਜਿਸ ਵਿਚ ਭਾਫ਼ ਜਾਂ ਮਸ਼ੀਨੀ ਸ਼ਕਤੀ ਸ਼ਾਮਲ ਸਨ, ਇਹਨਾਂ ਦੋ ਸ੍ਰੇਣੀਆਂ ਦਾ ਵਿਕਾਸ ਹੋਇਆ ਸੀ। ਬੁਰਜੂਆਜ਼ੀ ਨੇ ਜਿਹੜੀਆਂ ਨਵੀਆਂ ਉਪਜਾਊ ਸ਼ਕਤੀਆਂ ਨੂੰ ਹਰਕਤ ਵਿਚ ਲਿਆਂਦਾ ਸੀ — ਸਭ ਤੋਂ ਪਹਿਲਾਂ ਕਿਰਤ ਦੀ ਵੰਡ ਅਤੇ ਅਨੇਕ ਵਖ ਵਖ ਪੁਰਜ਼ੇ ਬਣਾਉਣ ਵਿਚ ਰੁਝੇ ਮਜ਼ਦੂਰਾਂ (Teilarbeiter) ਦੇ ਇਕ ਸਾਂਝੀ ਕਾਰਖ਼ਾਨੇਦਾਰੀ ਵਿਚ ਇਕਠਾ ਕਰਕੇ — ਅਤੇ ਇਹਨਾਂ ਉਪਜਾਊ ਸ਼ਕਤੀਆਂ ਰਾਹੀਂ ਪੈਦਾ ਕੀਤੀਆਂ ਤਬਾਦਲੇ ਦੀਆਂ ਪ੍ਰਸਥਿਤੀਆਂ ਅਤੇ ਲੋੜਾਂ ਇਕ ਖ਼ਾਸ ਪੜਾਅ ਉਤੇ ਉਤਪਾਦਨ ਦੇ ਵਿਦਮਾਨ ਪ੍ਰਬੰਧ ਨਾਲ, ਜਿਹੜਾ ਇਤਿਹਾਸ ਵਿਚ ਚਲਿਆ ਆਇਆ ਸੀ ਅਤੇ ਜਿਸਨੂੰ ਕਾਨੂੰਨ ਨੇ ਪਵਿਤਰ ਬਣਾਇਆ ਸੀ, ਅਣਮੇਲ ਹੋ ਗਈਆਂ, ਅਰਥਾਤ ਸਮਾਜ ਦੀ ਸਾਮੰਤੀ ਬਣਤਰ ਦੀਆਂ ਕਿਰਤ ਬ੍ਰਾਦਰੀਆਂ ਦੇ ਵਿਸ਼ੇਸ਼ ਅਧਿਕਾਰਾਂ ਅਤੇ ਹੋਰਨਾਂ ਅਣਗਿਣਤ ਨਿਜੀ ਅਤੇ ਸਥਾਨਕ ਵਿਸ਼ੇਸ਼ ਅਧਿਕਾਰਾਂ ਨਾਲ (ਜਿਹੜੇ ਵਿਸ਼ੇਸ਼ ਅਧਿਕਾਰਾਂ ਤੋਂ ਬਿਨਾਂ ਵਰਗਾਂ ਲਈ ਇੱਨੇ ਸਾਰੇ ਸੰਗਲ ਹੀ ਸਨ), ਅਣਮੇਲ ਹੋ ਗਈਆਂ। ਉਹਨਾਂ ਉਪਜਾਊ ਸ਼ਕਤੀਆਂ ਨੇ, ਜਿਨ੍ਹਾਂ ਦੀ ਪ੍ਰਤਿਨਿਧਤਾ ਬੁਰਜੂਆਜ਼ੀ ਕਰਦੀ ਸੀ, ਉਤਪਾਦਨ ਦੇ ਉਸ ਪ੍ਰਬੰਧ ਵਿਰੁਧ ਜਿਸਦੀ ਪ੍ਰਤਿਨਿਧਤਾ ਸਾਮੰਤੀ ਜਾਗੀਰਦਾਰ ਅਤੇ ਕਿਰਤ-ਬ੍ਰਾਦਰੀਆਂ ਦੇ ਉਸਤਾਦ-ਕਾਰੀਗਰ ਕਰਦੇ ਸਨ, ਬਗ਼ਾਵਤ ਕਰ ਦਿਤੀ। ਨਤੀਜੇ ਦਾ ਪਤਾ ਹੀ ਹੈ। ਸਾਮੰਤੀ ਸੰਗਲ ਟੁਟ ਗਏ: ਇੰਗਲੈਂਡ ਵਿਚ ਹੌਲੀ ਹੌਲੀ ਅਤੇ ਫ਼ਰਾਂਸ ਵਿਚ ਇਕੋ ਹੀ ਵਾਰ ਨਾਲ, ਜਰਮਨੀ ਵਿਚ ਇਹ ਅਮਲ ਅਜੇ ਖ਼ਤਮ ਨਹੀਂ ਹੋਇਆ। ਪਰ ਐਨ ਜਿਵੇਂ, ਇਹਦੇ ਵਿਕਾਸ ਦੇ ਇਕ ਵਿਸ਼ੇਸ਼ ਪੜਾਅ ਉਤੇ, ਕਾਰਖ਼ਾਨੇਦਾਰੀ ਦੀ ਉਤਪਾਦਨ ਦੇ ਸਾਮੰਤੀ ਪ੍ਰਬੰਧ ਨਾਲ ਟੱਕਰ ਹੋਈ, ਉਸੇ ਤਰ੍ਹਾਂ ਹੁਣ ਵਡੀ ਪਧਰ ਦੀ ਸਨਅਤ ਦੀ ਉਹਦੀ ਥਾਂ ਸਥਾਪਤ ਹੋਏ ਉਤਪਾਦਨ ਦੇ ਬੁਰਜੂਆ ਪ੍ਰਬੰਧ ਨਾਲ ਪਹਿਲਾਂ ਹੀ ਟੱਕਰ ਹੋ ਚੁਕੀ ਹੈ। ਇਸ ਪ੍ਰਬੰਧ ਕਾਰਨ, ਉਤਪਾਦਨ ਦੇ ਸਰਮਾਏਦਾਰ ਢੰਗ ਦੀਆਂ ਤੰਗ ਹੱਦਾਂ ਕਾਰਨ ਬਝੀ ਇਹ ਸਨਅਤ ਇਕ ਹਥ, ਜਨਤਾ ਦਾ ਸਦਾ ਵਧ ਰਿਹਾ ਪ੍ਰੋਲਤਾਰੀਕਰਣ ਲਿਆਉਂਦੀ ਹੈ ਅਤੇ ਦੂਜੇ ਹਥ, ਵਿਕ ਨਾ ਸਕਣ ਵਾਲੀਆਂ ਵਸਤਾਂ ਦੀ ਸਦਾ ਵਧੇਰੇ ਮਾਤਰਾ ਹੋਂਦ ਵਿਚ ਲਿਆਉਂਦੀ ਹੈ। ਹਦੋਂ ਵਧ ਉਤਪਾਦਨ ਅਤੇ ਜਨਤਕ ਪਧਰ ਉਤੇ ਬਦਹਾਲੀ — ਜਿਨ੍ਹਾਂ ਵਿਚੋਂ ਹਰ ਇਕ ਦੂਜੇ ਦਾ ਕਾਰਨ ਹੈ — ਇਹ ਹੈ ਉਹ ਵਾਹਯਾਤ ਵਿਰੋਧ ਜਿਹੜਾ ਇਹਦਾ ਸਿੱਟਾ ਹੈ ਅਤੇ ਜਿਹੜਾ ਲਾਜ਼ਮੀ ਤੌਰ ਉਤੇ ਉਤਪਾਦਨ ਦੇ ਢੰਗ

ਵਿਚ ਤਬਦੀਲੀ ਰਾਹੀਂ ਉਤਪਾਦਕ ਸ਼ਕਤੀਆਂ ਦੀ ਮੁਕਤੀ ਦੀ ਮੰਗ ਕਰਦਾ ਹੈ।

ਇਸ ਲਈ ਘਟੋ ਘਟ ਨਵੀਨ ਇਤਿਹਾਸ ਵਿਚ ਇਹ ਸਾਬਤ ਹੋ ਗਿਆ ਹੈ ਕਿ ਸਭੇ ਰਾਜਸੀ ਘੋਲ ਸ਼੍ਰੇਣੀ ਘੋਲ ਹਨ ਅਤੇ ਇਹ ਕਿ ਆਪਣੇ ਲਾਜ਼ਮੀ ਤੌਰ ਤੇ ਰਾਜਸੀ ਰੂਪ ਦੇ ਬਾਵਜੂਦ ਮੁਕਤੀ ਲਈ ਸਭੇ ਸ਼੍ਰੇਣੀ ਘੋਲ—ਕਿਉਂਕਿ ਹਰ ਸ਼੍ਰੇਣੀ ਘੋਲ ਰਾਜਸੀ ਘੋਲ ਹੁੰਦਾ ਹੈ—ਅੰਤ, **ਆਰਥਕ** ਮੁਕਤੀ ਦੇ ਸਵਾਲ ਦੁਆਲੇ ਘੁੰਮਦੇ ਹਨ। ਇਸ ਲਈ, ਘਟੋ ਘਟ ਇਥੇ, ਰਾਜ—ਰਾਜਸੀ ਪ੍ਰਬੰਧ—ਅਧੀਨ ਹੈ ਅਤੇ ਸ਼ਹਿਰੀ ਸਮਾਜ—ਆਰਥਕ ਸੰਬੰਧਾਂ ਦਾ ਖੇਤਰ—ਨਿਰਣਾਇਕ ਅੰਸ਼ ਹੈ। ਰਵਾਇਤੀ ਸੰਕਲਪ, ਜਿਸਨੂੰ ਹੀਗਲ ਵੀ ਮੰਨਦਾ ਸੀ, ਰਾਜ ਨੂੰ ਨਿਰਣਾਇਕ ਅੰਸ਼ ਸਮਝਦਾ ਸੀ ਅਤੇ ਸ਼ਹਿਰੀ ਸਮਾਜ ਨੂੰ ਉਹ ਅੰਸ਼ ਸਮਝਦਾ ਸੀ ਜਿਸਦਾ ਇਹਨੇ ਨਿਰਣਾ ਕੀਤਾ। ਓਪਰੀ ਦਿਖ ਇਹਦੀ ਅਨੁਸਾਰੀ ਹੈ। ਜਿਵੇਂ ਇਹ ਲਾਜ਼ਮੀ ਹੈ ਕਿ ਕਿਸੇ ਵਿਅਕਤੀਗਤ ਮਨੁਖ ਦੀਆਂ ਸਭੇ ਅਮਲ ਦੀਆਂ ਸ਼ਕਤੀਆਂ ਉਹਦੇ ਦਿਮਾਗ਼ ਵਿਚੋਂ ਲੰਘਣ ਅਤੇ ਆਪਣੇ ਆਪ ਨੂੰ ਉਹਨੂੰ ਹਰਕਤ ਵਿਚ ਲਿਆਉਣ ਲਈ ਉਹਦੀ ਇਛਾ ਦੇ ਮੰਤਵਾਂ ਵਿਚ ਤਬਦੀਲ ਕਰ ਲੈਣ, ਇਸੇ ਤਰ੍ਹਾਂ ਸ਼ਹਿਰੀ ਸਮਾਜ ਦੀਆਂ—ਭਾਵੇਂ ਇਸ ਉਤੇ ਕਿਸੇ ਸ਼੍ਰੇਣੀ ਦੀ ਹਕੂਮਤ ਕਿਉਂ ਨਾ ਹੋਵੇ—ਸਭਨਾਂ ਲੋੜਾਂ ਦਾ ਕਾਨੂੰਨ ਦੇ ਰੂਪ ਵਿਚ ਵਿਆਪਕ ਪ੍ਰਵਾਨਗੀ ਪ੍ਰਾਪਤ ਕਰਨ ਲਈ ਰਾਜ ਦੀ ਇਛਾ ਵਿਚੋਂ ਲੰਘਣਾ ਲਾਜ਼ਮੀ ਹੈ। ਇਹ ਮਾਮਲੇ ਦਾ ਰਸਮੀ ਪੱਖ **ਹੈ**—ਇਕ ਅਜਿਹਾ ਪੱਖ ਜਿਹੜਾ ਸਵੈ-ਪ੍ਰਤਖ ਹੈ। ਪਰ ਪ੍ਰਸ਼ਨ ਉਠਦਾ ਹੈ ਕਿ ਇਸ—ਵਿਅਕਤੀ ਦੀ ਵੀ ਅਤੇ ਰਾਜ ਦੀ ਵੀ—ਕੇਵਲ ਰਸਮੀ ਇਛਾ ਦਾ ਤੱਤ ਕੀ ਹੈ ਅਤੇ ਇਹ ਤੱਤ ਕਿਥੋਂ ਪ੍ਰਾਪਤ ਹੁੰਦਾ ਹੈ? ਇਸੇ ਦੀ ਇਛਾ ਕਿਉਂ ਕੀਤੀ ਜਾਂਦੀ ਹੈ ਅਤੇ ਕਿਸੇ ਹੋਰ ਦੀ ਕਿਉਂ ਨਹੀਂ? ਜੇ ਅਸੀਂ ਇਹਨੂੰ ਘੋਖੀਏ ਤਾਂ ਸਾਨੂੰ ਪਤਾ ਲਗਦਾ ਹੈ ਕਿ ਨਵੀਨ ਜੁਗ ਦੇ ਇਤਿਹਾਸ ਵਿਚ ਰਾਜ ਦੀ ਇਛਾ, ਸਮੁਚੇ ਤੌਰ ਤੇ, ਸ਼ਹਿਰੀ ਸਮਾਜ ਦੀਆਂ ਤਬਦੀਲ ਹੋ ਰਹੀਆਂ ਲੋੜਾਂ ਰਾਹੀਂ ਮਿਥੀ ਜਾਂਦੀ ਹੈ, ਇਕ ਜਾਂ ਦੂਜੀ ਸ਼੍ਰੇਣੀ ਦੀ ਪ੍ਰਬਲਤਾ ਰਾਹੀਂ, ਅੰਤਲੇ ਵਿਸ਼ਲੇਸ਼ਣ ਵਿਚ ਉਤਪਾਦਕ ਸ਼ਕਤੀਆਂ ਅਤੇ ਤਬਾਦਲੇ ਦੇ ਸੰਬੰਧਾਂ ਦੇ ਵਿਕਾਸ ਰਾਹੀਂ ਮਿਥੀ ਜਾਂਦੀ ਹੈ।

ਪਰ, ਇਹਦੇ ਉਤਪਾਦਨ ਅਤੇ ਸੰਚਾਰ ਦੇ ਧੜਵੈਲ ਸਾਧਨਾਂ ਦੇ ਬਾਵਜੂਦ, ਨਵੀਨ ਜੁਗ ਵਿਚ ਵੀ ਰਾਜ ਇਕ ਸੁਤੰਤਰ ਵਿਕਾਸ ਵਾਲਾ ਸੁਤੰਤਰ ਖੇਤਰ ਨਹੀਂ ਸਗੋਂ ਇਕ ਅਜਿਹਾ ਖੇਤਰ ਹੈ ਜਿਸਦੀ ਹੋਂਦ ਅਤੇ ਵਿਕਾਸ ਦੁਹਾਂ ਦੀ ਵਿਆਖਿਆ, ਅੰਤਮ ਵਿਸ਼ਲੇਸ਼ਣ ਵਿਚ, ਸਮਾਜ ਦੀਆਂ ਆਰਥਕ ਪ੍ਰਸਥਿਤੀਆਂ ਰਾਹੀਂ ਕੀਤੀ ਜਾਣੀ ਹੈ ਤਾਂ ਇਹ ਗੱਲ ਸਭਨਾਂ ਪਹਿਲੇ ਦੇ ਸਮਿਆਂ ਲਈ ਹੋਰ ਵੀ ਵਧੇਰੇ ਸਚੀ ਹੋਵੇਗੀ ਜਦੋਂ ਮਨੁਖ ਦਾ ਪਦਾਰਥਕ ਜੀਵਨ ਉਤਪਾਦਨ ਦੇ ਇੱਨੇ ਵਾਫ਼ਰ ਸਹਾਇਕ ਸਾਧਨਾਂ ਨਾਲ ਨਹੀਂ ਸੀ ਚਲਾਇਆ ਜਾ ਰਿਹਾ ਅਤੇ ਜਦੋਂ, ਇਸੇ ਲਈ, ਅਜਿਹੇ ਉਤਪਾਦਨ

ਦੀ ਮਨੁਖਾਂ ਉਤੇ ਕਿਤੇ ਵਧੇਰੇ ਪ੍ਰਬਲਤਾ ਰਹੀ ਹੋਣੀ ਹੈ। ਜੇ ਅਜ ਵੀ, ਵਡੀ ਸਨਅਤ ਅਤੇ ਰੇਲਾਂ ਦੇ ਜੁਗ ਵਿਚ, ਸਮੁਚੇ ਤੌਰ ਤੇ, ਰਾਜ, ਕੇਂਦਰਿਤ ਰੂਪ ਵਿਚ, ਉਤਪਾਦਨ ਉਤੇ ਕੰਟਰੋਲ ਕਰਨ ਵਾਲੀ ਸ਼੍ਰੇਣੀ ਦੀਆਂ ਆਰਥਕ ਲੋੜਾਂ ਦਾ ਪ੍ਰਤਿਬਿੰਬ ਹੈ, ਤਾਂ ਉਸ ਜੁਗ ਵਿਚ ਇਹ ਗੱਲ ਕਿੱਨੀ ਵਧੇਰੇ ਹੋਵੇਗੀ, ਜਿਸ ਵਿਚ ਹਰ ਪੀੜ੍ਹੀ ਨੂੰ ਆਪਣੇ ਕੁਲ ਜੀਵਨ ਕਾਲ ਦਾ ਕਿਤੇ ਵਡੇਰਾ ਹਿੱਸਾ ਪਦਾਰਥਕ ਲੋੜਾਂ ਪੂਰੀਆਂ ਕਰਨ ਉਤੇ ਲਾਉਣਾ ਪੈਂਦਾ ਸੀ, ਅਤੇ ਉਹ ਇਹਨਾਂ ਉਤੇ ਸਾਡੇ ਨਾਲੋਂ ਕਿਤੇ ਵਧੇਰੇ ਨਿਰਭਰ ਸਾਂ। ਜਿਉਂ ਹੀ ਪਹਿਲਾਂ ਦੇ ਸਮਿਆਂ ਦੇ ਇਤਿਹਾਸ ਦਾ ਇਸ ਦ੍ਰਿਸ਼ਟੀਕੋਣ ਤੋਂ ਗੰਭੀਰ ਅਧਿਅਨ ਕੀਤਾ ਜਾਂਦਾ ਹੈ, ਉਹ ਇਸ ਗੱਲ ਦੀ ਪੂਰੀ ਤਰ੍ਹਾਂ ਪੁਸ਼ਟੀ ਕਰ ਦੇਂਦਾ ਹੈ। ਪਰ, ਨਿਰਸੰਦੇਹ, ਇਥੇ ਇਸ ਗੱਲ ਨੂੰ ਹਥ ਵਿਚ ਨਹੀਂ ਲਿਆ ਜਾ ਸਕਦਾ।

ਜੇ ਰਾਜ ਅਤੇ ਸਰਵਜਨਕ ਕਾਨੂੰਨ ਆਰਥਕ ਸੰਬੰਧਾਂ ਕਾਰਨ ਮਿਥੇ ਜਾਂਦੇ ਹਨ ਤਾਂ, ਨਿਰਸੰਦੇਹ, ਇਸੇ ਤਰ੍ਹਾਂ ਹੀ ਨਿਜੀ ਕਾਨੂੰਨ ਮਿਥਿਆ ਜਾਂਦਾ ਹੈ, ਜਿਹੜਾ ਆਪਣੇ ਤੱਤ ਵਿਚ ਵਿਅਕਤੀਆਂ ਵਿਚਕਾਰ ਆਰਥਕ ਸੰਬੰਧਾਂ ਨੂੰ, ਜਿਹੜੇ ਮਿਥੀਆਂ ਪ੍ਰਸਥਿਤੀਆਂ ਅਧੀਨ ਸਾਧਾਰਨ ਹੁੰਦੇ ਹਨ, ਪ੍ਰਵਾਨਗੀ ਹੀ ਦੇਂਦਾ ਹੈ। ਪਰ ਜਿਨ੍ਹਾਂ ਰੂਪਾਂ ਵਿਚ ਅਜਿਹਾ ਹੁੰਦਾ ਹੈ ਉਹ ਚੋਖੇ ਵਖ ਵਖ ਹੋ ਸਕਦੇ ਹਨ। ਜਿਹਾ ਕਿ ਇੰਗਲੈਂਡ ਵਿਚ ਹੋਇਆ ਇਹ ਸੰਭਵ ਹੈ, ਕਿ ਸਾਰੇ ਕੌਮੀ ਵਿਕਾਸ ਨਾਲ ਸੁਰ ਮੇਲਕੇ ਪੁਰਾਣੇ ਸਾਮੰਤੀ ਕਾਨੂੰਨਾਂ ਨੂੰ ਬੁਰਜੂਆ ਤੱਤ ਦੇਂਦੇ ਹੋਏ ਮੁਖ ਤੌਰ ਤੇ ਉਹਨਾਂ ਦੇ ਰੂਪ ਕਾਇਮ ਰਖੇ ਜਾਣ, ਯਥਾਰਥ ਵਿਚ ਸਾਮੰਤੀ ਨਾਂ ਵਿਚ ਸਿਧੇ ਬੁਰਜੂਆ ਅਰਥ ਮੜ੍ਹੇ ਜਾਣ। ਪਰ ਇਹ ਵੀ ਹੋ ਸਕਦਾ ਹੈ, ਜਿਹੜਾ ਕਿ ਮਹਾਂ-ਦੀਪੀ ਪਛਮੀ ਯੂਰਪ ਵਿਚ ਹੋਇਆ, ਕਿ ਰੋਮਨ ਕਾਨੂੰਨ ਨੂੰ, ਜਿਹੜਾ ਜਿਨਸ-ਉਤਪਾਦਕ ਸਮਾਜ ਦਾ ਪਹਿਲਾ ਸੰਸਾਰ ਕਾਨੂੰਨ ਸੀ, ਜਿਸ ਵਿਚ ਸਾਦੀਆਂ ਜਿਨਸਾਂ ਦੇ ਮਾਲਕਾਂ (ਲਵਾਲਾਂ ਅਤੇ ਵਿਕਵਾਲਾਂ, ਕਰਜ਼ਦਾਰਾਂ ਅਤੇ ਸਾਹੂਕਾਰਾਂ, ਠੇਕਿਆਂ, ਜ਼ਿਮੇਵਾਰੀਆਂ, ਆਦਿ) ਦੇ ਸਾਰੇ ਬੁਨਿਆਦੀ ਕਾਨੂੰਨੀ ਸੰਬੰਧਾਂ ਦਾ ਅਤਿ-ਅੰਤ ਬਰੀਕੀ ਨਾਲ ਵਿਸਥਾਰ ਕੀਤਾ ਗਿਆ ਹੈ, ਆਧਾਰ ਬਣਾਇਆ ਜਾ ਸਕਦਾ ਹੈ। ਅਜਿਹੀ ਹਾਲਤ ਵਿਚ ਅਜੇ ਤੱਕ ਨਿਕ-ਬੁਰਜੂਆ ਅਤੇ ਅਰਧ-ਸਾਮੰਤੀ ਸਮਾਜ ਦੇ ਭਲੇ ਲਈ ਇਹਨੂੰ ਅਦਾਲਤੀ ਪ੍ਰੰਪਰਾ (ਸਰਬ ਜਰਮਨ ਕਾਨੂੰਨ) ਰਾਹੀਂ ਜਾਂ ਤਾਂ ਅਜਿਹੇ ਸਮਾਜ ਦੀ ਪਧਰ ਤੱਕ ਘਟਾਇਆ ਜਾ ਸਕਦਾ ਹੈ ਅਤੇ ਜਾਂ ਅਖੌਤੀ ਤੌਰ ਤੇ ਜਾਗ੍ਰਤ, ਸਦਾਚਾਰ ਦਾ ਪ੍ਰਚਾਰ ਕਰਨ ਵਾਲੇ ਕਾਨੂੰਨਦਾਨਾਂ ਦੀ ਸਹਾਇਤਾ ਨਾਲ ਅਜਿਹੀ ਸਮਾਜੀ ਪਧਰ ਦੀ ਅਨੁਸਾਰੀ ਸੰਘਤਾ ਵਿਚ ਤਬਦੀਲ ਕੀਤਾ ਜਾ ਸਕਦਾ ਹੈ—ਇਕ ਅਜਿਹੀ ਸੰਘਤਾ ਜਿਹੜੀ ਇਹਨਾਂ ਪ੍ਰਸਥਿਤੀਆਂ ਵਿਚ ਕਾਨੂੰਨੀ ਦ੍ਰਿਸ਼ਟੀਕੋਣ ਤੋਂ ਵੀ ਭੈੜੀ ਹੋਵੇਗੀ

(ਮਿਸਾਲ ਵਜੋਂ ਪਰੂਸ਼ੀਆਈ Landrecht *)। ਪਰ ਮਹਾਨ ਬੁਰਜੂਆ ਇਨਕਲਾਬ ਤੋਂ ਪਿਛੋਂ ਵੀ ਇਹ ਸੰਭਵ ਹੈ ਕਿ ਫ਼ਰਾਂਸੀਸੀ Code civile ** ਜਿਹੀ ਬੁਰਜੂਆ ਸਮਾਜ ਦੀ ਕਲਾਸੀਕੀ ਕਾਨੂੰਨੀ ਸੰਘਤਾ ਨੂੰ ਉਸੇ ਹੀ ਰੋਮਨ ਕਾਨੂੰਨ ਦੇ ਆਧਾਰ ਉਤੇ ਤਿਆਰ ਕੀਤਾ ਜਾਵੇ। ਇਸ ਲਈ ਜੇ ਦੀਵਾਨੀ ਕਾਨੂੰਨ ਦੇ ਨਿਯਮ ਸਮਾਜ ਦੀਆਂ ਆਰਥਕ ਜੀਵਨ ਪ੍ਰਸਥਿਤੀਆਂ ਨੂੰ ਕਾਨੂੰਨੀ ਰੂਪ ਵਿਚ ਪੇਸ਼ ਕਰਦੇ ਹਨ ਤਾਂ ਉਹ ਹਾਲਾਤ ਅਨੁਸਾਰ ਅਜਿਹਾ ਚੰਗੇ ਜਾਂ ਮਾੜੇ ਰੂਪ ਵਿਚ ਕਰ ਸਕਦੇ ਹਨ।

ਰਾਜ ਆਪਣੇ ਆਪ ਨੂੰ ਸਾਡੇ ਸਾਹਮਣੇ ਮਨੁਖ ਉਤੇ ਪਹਿਲੀ ਵਿਚਾਰਧਾਰਕ ਸ਼ਕਤੀ ਵਜੋਂ ਪੇਸ਼ ਕਰਦਾ ਹੈ। ਸਮਾਜ ਅੰਦਰਲੇ ਅਤੇ ਬਾਹਰਲੇ ਹਮਲਿਆਂ ਵਿਰੁਧ ਆਪਣੇ ਸਾਂਝੇ ਹਿਤਾਂ ਦੀ ਰਖਿਆ ਕਰਨ ਲਈ ਇਕ ਸਾਧਨ ਖੜਾ ਕਰਦਾ ਹੈ। ਇਹ ਸਾਧਨ ਰਾਜਕੀ ਸੱਤਾ ਹੈ। ਪਰ ਅਜੇ ਇਹ ਹੋਂਦ ਵਿਚ ਆਈ ਹੀ ਹੁੰਦੀ ਹੈ ਕਿ ਇਹ ਸਮਾਜ ਦੇ ਟਾਕਰੇ ਵਿਚ ਆਪਣੇ ਆਪ ਨੂੰ ਸੁਤੰਤਰ ਕਰ ਲੈਂਦੀ ਹੈ, ਅਤੇ, ਨਿਰਸੰਦੇਹ, ਜਿੰਨੀ ਵਧੇਰੇ ਇਹ ਇਕ ਵਿਸ਼ੇਸ਼ ਸ਼੍ਰੇਣੀ ਦਾ ਸਾਧਨ ਬਣ ਜਾਂਦੀ ਹੈ, ਉੱਨੀ ਹੀ ਵਧੇਰੇ ਸਿਧੀ ਤਰ੍ਹਾਂ ਇਹ ਉਸ ਸ਼੍ਰੇਣੀ ਦੀ ਪ੍ਰਬਲਤਾ ਲਾਗੂ ਕਰਦੀ ਹੈ। ਹਾਕਮ ਸ਼੍ਰੇਣੀ ਵਿਰੁਧ ਪਸਿਤੀ ਸ਼੍ਰੇਣੀ ਦਾ ਘੋਲ ਲਾਜ਼ਮੀ ਤੌਰ ਤੇ ਇਕ ਰਾਜਸੀ ਘੋਲ ਬਣ ਜਾਂਦਾ ਹੈ, ਸਭ ਤੋਂ ਪਹਿਲਾਂ ਉਸ ਸ਼੍ਰੇਣੀ ਦੀ ਰਾਜਸੀ ਪ੍ਰਬਲਤਾ ਵਿਰੁਧ ਘੋਲ। ਇਸ ਰਾਜਸੀ ਘੋਲ ਅਤੇ ਇਹਦੇ ਆਰਥਕ ਆਧਾਰ ਵਿਚਕਾਰ ਅੰਤਰ-ਸੰਬੰਧ ਦੀ ਚੇਤਨਤਾ ਖੁੰਢੀ ਹੋ ਜਾਂਦੀ ਹੈ ਅਤੇ ਉਕਾ ਗਵਾਚ ਵੀ ਸਕਦੀ ਹੈ। ਜਿਥੇ ਇਹ ਗੱਲ ਘੋਲ ਵਿਚ ਹਿੱਸਾ ਲੈਣ ਵਾਲਿਆਂ ਲਈ ਪੂਰੀ ਤਰ੍ਹਾਂ ਠੀਕ ਨਹੀਂ, ਇਤਿਹਾਸਕਾਰਾਂ ਸੰਬੰਧੀ ਸਦਾ ਅਜਿਹਾ ਹੁੰਦਾ ਹੈ। ਰੋਮ ਦੇ ਗਣਰਾਜ ਅੰਦਰ ਘੋਲ ਸੰਬੰਧੀ ਕੇਵਲ ਅੱਪੀਅਨ ਸਾਨੂੰ ਸਪਸ਼ਟ ਅਤੇ ਸਾਫ਼ ਤੌਰ ਤੇ ਦਸਦਾ ਹੈ ਕਿ ਅੰਤਲੇ ਵਿਸ਼ਲੇਸ਼ਣ ਵਿਚ ਝਗੜਾ ਕਿਸ ਬਾਰੇ ਸੀ — ਅਰਥਾਤ, ਜ਼ਮੀਨੀ ਜਾਇਦਾਦ।

ਪਰ ਜਦੋਂ ਇਕ ਵਾਰ ਰਾਜ ਸਮਾਜ ਦੇ ਟਾਕਰੇ ਵਿਚ ਸੁਤੰਤਰ ਹੋ ਜਾਂਦਾ ਹੈ, ਇਹ ਇਕ ਦਮ ਇਕ ਹੋਰ ਵਿਚਾਰਧਾਰਾ ਪੇਸ਼ ਕਰ ਦੇਂਦਾ ਹੈ। ਨਿਰਸੰਦੇਹ ਪੇਸ਼ਾਵਰ ਰਾਜਸੀ ਨੇਤਾਵਾਂ, ਸਰਵਜਨਕ ਕਾਨੂੰਨ ਦੇ ਸਿਧਾਂਤਕਾਰਾਂ ਅਤੇ ਨਿਜੀ ਕਾਨੂੰਨ ਦੇ ਕਾਨੂੰਨਦਾਨਾਂ ਵਿਚ ਇਹ ਆਰਥਕ ਆਧਾਰ ਉੱਕਾ ਹੀ ਗਵਾਚ ਜਾਂਦਾ ਹੈ। ਕਿਉਂਕਿ ਹਰ ਵਿਸ਼ੇਸ਼ ਹਾਲਤ ਵਿਚ ਇਹ ਲਾਜ਼ਮੀ ਹੈ ਕਿ ਆਰਥਕ ਤੱਥ ਲਾਜ਼ਮੀ ਤੌਰ ਉਤੇ ਕਾਨੂੰਨੀ ਰੂਪ ਧਾਰਨ ਕਰਨ ਤਾਂ ਜੁ ਉਹਨਾਂ ਨੂੰ ਕਾਨੂੰਨੀ ਪ੍ਰਵਾਨਗੀ ਮਿਲ ਸਕੇ ਅਤੇ ਕਿਉਂਕਿ ਅਜਿਹਾ ਕਰਦੇ ਹੋਏ ਪਹਿਲਾਂ ਹੀ ਪ੍ਰਚਲਤ ਸਮੁਚੇ ਕਾਨੂੰਨੀ ਪ੍ਰਬੰਧ

* ਕਾਨੂੰਨ। — **ਅਨੁ:**

** ਦੀਵਾਨੀ ਸੰਘਤਾ। — **ਸੰਪਾ:**

ਨੂੰ ਮੁਖ ਰਖਣਾ ਲਾਜ਼ਮੀ ਹੈ, ਇਸ ਲਈ ਕਾਨੂੰਨੀ ਰੂਪ ਸਭ ਕੁਝ ਬਣਾ ਦਿਤਾ ਜਾਂਦਾ ਹੈ ਅਤੇ ਆਰਥਕ ਤੱਤ ਕੁਝ ਵੀ ਨਹੀਂ ਰਹਿਣ ਦਿਤਾ ਜਾਂਦਾ। ਸਰਵਜਨਕ ਕਾਨੂੰਨ ਅਤੇ ਨਿਜੀ ਕਾਨੂੰਨ ਨੂੰ ਵਖ ਵਖ ਖੇਤਰ ਗਿਣਿਆ ਜਾਂਦਾ ਹੈ, ਜਿਨ੍ਹਾਂ ਵਿਚੋਂ ਹਰ ਇਕ ਦਾ ਸੁਤੰਤਰ ਇਤਿਹਾਸਕ ਵਿਕਾਸ ਹੋਇਆ ਹੁੰਦਾ ਹੈ, ਅਤੇ ਸਾਰੇ ਅੰਤ੍ਰੀਵ ਵਿਰੋਧਾਂ ਦੇ ਇਕਸਾਰ ਅੰਤ ਰਾਹੀਂ ਨੇਮ-ਬਧ ਢੰਗ ਨਾਲ ਪੇਸ਼ ਕਰਨ ਦੇ ਯੋਗ ਹੁੰਦਾ ਹੈ ਅਤੇ ਉਹਨੂੰ ਅਜਿਹਾ ਕਰਨ ਦੀ ਲੋੜ ਹੁੰਦੀ ਹੈ।

ਹੋਰ ਵੀ ਉਚੇਰੀਆਂ ਵਿਚਾਰਧਾਰਾਵਾਂ, ਅਰਥਾਤ, ਉਹ ਜਿਹੜੀਆਂ ਪਦਾਰਥਕ, ਆਰਥਕ ਆਧਾਰ ਤੋਂ ਹੋਰ ਵੀ ਦੂਰ ਹੁੰਦੀਆਂ ਹਨ, ਦਰਸ਼ਨ ਅਤੇ ਧਰਮ ਦਾ ਰੂਪ ਧਾਰਨ ਕਰ ਲੈਂਦੀਆਂ ਹਨ। ਇਥੇ ਸੰਕਲਪਾਂ ਅਤੇ ਉਹਨਾਂ ਦੀਆਂ ਪਦਾਰਥਕ ਪ੍ਰਸਥਿਤੀਆਂ ਵਿਚਕਾਰ ਅੰਤਰ-ਸੰਬੰਧ ਵਧੇਰੇ ਅਤੇ ਹੋਰ ਵਧੇਰੇ ਗੁੰਝਲਦਾਰ ਹੁੰਦਾ ਜਾਂਦਾ ਹੈ, ਅਤੇ ਦਰਮਿਆਨੀ ਕੜੀਆਂ ਰਾਹੀਂ ਵਧੇਰੇ ਅਤੇ ਹੋਰ ਵਧੇਰੇ ਧੁੰਦਲਾ ਹੁੰਦਾ ਜਾਂਦਾ ਹੈ। ਪਰ ਅੰਤਰ-ਸੰਬੰਧ ਹੁੰਦਾ ਹੈ। ਐਨ ਉਸੇ ਤਰ੍ਹਾਂ ਜਿਵੇਂ ਪੰਦਰ੍ਹਵੀਂ ਸਦੀ ਦੇ ਮਧ ਤੋਂ ਪੁਨਰ-ਜਾਗ੍ਰਤੀ ਦਾ ਸਮੁਚਾ ਸਮਾਂ ਨਗਰਾਂ ਅਤੇ, ਇਸੇ ਲਈ, ਬਰਗਰਾਂ ਦੀ ਉਪਜ ਸੀ, ਉਸੇ ਹੀ ਤਰ੍ਹਾਂ ਉਸ ਤੋਂ ਪਿਛੋਂ ਨਵ-ਜਾਗ੍ਰਤ ਹੋਇਆ ਦਰਸ਼ਨ ਵੀ ਉਹਨਾਂ ਦੀ ਹੀ ਉਪਜ ਸੀ। ਇਹਦਾ ਤੱਤ ਲਾਜ਼ਮੀ ਤੌਰ ਉਤੇ ਉਹਨਾਂ ਵਿਚਾਰਾਂ ਦਾ ਦਾਰਸ਼ਨਿਕ ਪ੍ਰਗਟਾਅ ਸੀ ਜਿਹੜੇ ਛੋਟੇ ਅਤੇ ਦਰਮਿਆਨੇ ਬਰਗਰਾਂ ਦੇ ਵਡੀ ਬੁਰਜੂਆਜ਼ੀ ਵਿਚ ਵਿਕਸਤ ਹੋਣ ਨਾਲ ਮੇਲ ਖਾਂਦੇ ਸਨ। ਪਿਛਲੀ ਸਦੀ ਦੇ ਅਗ੍ਰੇਜ਼ਾਂ ਅਤੇ ਫ਼ਰਾਂਸੀਸੀਆਂ ਦੇ ਸੰਬੰਧ ਵਿਚ, ਜਿਹੜੇ ਵਧੇਰੇ ਹਾਲਤਾਂ ਵਿਚ ਜਿੰਨੇ ਦਾਰਸ਼ਨਿਕ ਸਨ ਉੱਨੇ ਹੀ ਰਾਜਸੀ ਅਰਥ-ਵਿਗਿਆਨੀ ਸਨ, ਇਹ ਸਪਸ਼ਟ ਤੌਰ ਤੇ ਪ੍ਰਤਖ ਹੈ। ਅਤੇ ਅਸੀਂ ਹੀਗਲਵਾਦੀ ਪਰਪਾਟੀ ਦੇ ਸੰਬੰਧ ਵਿਚ ਇਹ ਗੱਲ ਪਿਛੇ ਸਾਬਤ ਕਰ ਦਿਤੀ ਹੈ।

ਹੁਣ ਅਸੀਂ ਇਸ ਤੋਂ ਵਧ ਸੰਖੇਪ ਤੌਰ ਤੇ ਕੇਵਲ ਧਰਮ ਨੂੰ ਲਵਾਂਗੇ ਕਿਉਂਕਿ ਇਹ ਪਦਾਰਥਕ ਜੀਵਨ ਤੋਂ ਵਧੇਰੇ ਦੂਰ ਖੜਾ ਹੁੰਦਾ ਹੈ ਅਤੇ ਇਹਦੇ ਲਈ ਸਭ ਤੋਂ ਵਧ ਹੀ ਓਪਰਾ ਜਾਪਦਾ ਹੈ। ਧਰਮ ਅਤਿ-ਅੰਤ ਆਦਿ-ਕਾਲੀਨ ਸਮਿਆਂ ਵਿਚ ਮਨੁਖਾਂ ਦੇ ਖ਼ੁਦ ਆਪਣੇ ਖ਼ਾਸੇ ਅਤੇ ਆਪਣੇ ਆਲੇ ਦੁਆਲੇ ਦੀ ਬਾਹਰਲੀ ਪ੍ਰਕਿਰਤੀ ਸੰਬੰਧੀ ਗ਼ਲਤ, ਆਦਿ-ਕਾਲੀਨ ਸੰਕਲਪਾਂ ਤੋਂ ਪੈਦਾ ਹੋਇਆ। ਪਰ, ਹਰ ਵਿਚਾਰਧਾਰਾ, ਇਕ ਵਾਰ ਉਭਰ ਜਾਣ ਪਿਛੋਂ ਪ੍ਰਾਪਤ ਸੰਕਲਪ-ਸਮਿਗਰੀ ਦੇ ਨਾਲ ਨਾਲ ਵਿਕਸਤ ਹੁੰਦੀ ਹੈ ਅਤੇ ਇਸ ਸਮਿਗਰੀ ਦਾ ਹੋਰ ਅਗੇ ਵਿਕਾਸ ਕਰਦੀ ਹੈ; ਨਹੀਂ ਤਾਂ ਇਹ ਵਿਚਾਰਧਾਰਾ ਨਹੀਂ ਰਹੇਗੀ, ਅਰਥਾਤ ਸੁਤੰਤਰ ਤੌਰ ਉਤੇ ਵਿਕਸਤ ਹੋ ਰਹੀਆਂ ਅਤੇ ਕੇਵਲ ਆਪਣੇ ਹੀ ਨਿਯਮਾਂ ਦੇ ਅਧੀਨ ਸੁਤੰਤਰ ਹੋਂਦਾਂ ਵਜੋਂ ਵਿਚਾਰਾਂ ਦਾ ਕਿੱਤਾ ਨਹੀਂ ਰਹੇਗੀ। ਜਿਨ੍ਹਾਂ ਮਨੁਖਾਂ ਦੇ ਸਿਰਾਂ ਵਿਚ ਵਿਚਾਰਾਂ ਦਾ

ਇਹ ਅਮਲ ਚਲ ਰਿਹਾ ਹੈ, ਅੰਤਲੇ ਵਿਸ਼ਲੇਸ਼ਣ ਵਿਚ ਉਹਨਾਂ ਦੇ ਜੀਵਨ ਦੀਆਂ ਆਰਥਕ ਪ੍ਰਸਥਿਤੀਆਂ ਇਸ ਅਮਲ ਦਾ ਰਾਹ ਮਿਥਦੀਆਂ ਹਨ, ਜਿਹੜੀ ਗੱਲ ਲਾਜ਼ਮੀ ਤੌਰ ਉਤੇ ਇਹਨਾਂ ਲੋਕਾਂ ਲਈ ਅਣਜਾਣੀ ਰਹਿੰਦੀ ਹੈ ਕਿਉਂਕਿ ਜੇ ਅਜਿਹਾ ਨਾ ਹੋਵੇ ਤਾਂ ਸਾਰੀ ਵਿਚਾਰਧਾਰਾ ਦਾ ਅੰਤ ਹੋ ਜਾਵੇਗਾ। ਇਸ ਲਈ, ਇਹ ਮੁਢਲੇ ਧਾਰਮਕ ਸੰਕਲਪ, ਜਿਹੜੇ ਸਜਾਤ ਕੌਮਾਂ ਦੇ ਹਰ ਸਮੂਹ ਵਿਚਕਾਰ ਮੁਖ ਤੌਰ ਉਤੇ ਸਾਂਝੇ ਹੁੰਦੇ ਹਨ, ਸਮੂਹ ਦੇ ਨਿਖੜ ਜਾਣ ਪਿਛੋਂ, ਹਰ ਕੌਮ ਲਈ ਵਿਸ਼ੇਸ਼ ਢੰਗ ਨਾਲ, ਉਹਦੀ ਹੋਣੀ ਵਿਚ ਜਿਹੜੀਆਂ ਜੀਵਨ ਪ੍ਰਸਥਿਤੀਆਂ ਆਉਂਦੀਆਂ ਹਨ, ਉਹਨਾਂ ਅਨੁਸਾਰ ਵਿਕਸਤ ਹੁੰਦੇ ਹਨ। ਕੌਮਾਂ ਦੇ ਕਈ ਸਮੂਹਾਂ ਲਈ, ਵਿਸ਼ੇਸ਼ ਤੌਰ ਤੇ ਆਰੀਆਂ (ਅਖੌਤੀ ਹਿੰਦ-ਯੂਰਪੀ) ਲੋਕਾਂ ਲਈ ਇਹ ਅਮਲ ਮਿਥਿਹਾਸ ਦੇ ਤੁਲਨਾਤਮਕ ਅਧਿਅਨ ਰਾਹੀਂ ਵਿਸਥਾਰ ਨਾਲ ਪ੍ਰਗਟ ਕਰ ਦਿਤਾ ਗਿਆ ਹੈ। ਹਰ ਕੌਮ ਦੇ ਅੰਦਰ ਇਉਂ ਘੜੇ ਗਏ ਦੇਵਤੇ ਕੌਮੀ ਦੇਵਤੇ ਸਨ ਜਿਨ੍ਹਾਂ ਦਾ ਅਧਿਕਾਰ-ਖੇਤਰ ਉਸ ਕੌਮੀ ਇਲਾਕੇ ਤੋਂ ਅਗੇ ਨਹੀਂ ਸੀ ਜਾਂਦਾ ਜਿਨ੍ਹਾਂ ਦੀ ਉਹਨਾਂ ਰਖਿਆ ਕਰਨੀ ਹੁੰਦੀ ਸੀ; ਸਰਹਦਾਂ ਦੇ ਦੂਜੇ ਪਾਸੇ ਹੋਰ ਦੇਵਤਿਆਂ ਦਾ ਅਵਿਵਾਦੀ ਰਾਜ ਸੀ। ਕਲਪਨਾ ਵਿਚ ਉਸ ਸਮੇਂ ਤੱਕ ਉਹਨਾਂ ਦੀ ਹੋਂਦ ਰਹਿੰਦੀ ਜਿੰਨਾ ਚਿਰ ਕੌਮ ਕਾਇਮ ਰਹਿੰਦੀ, ਇਹਦੇ ਪਤਨ ਨਾਲ ਉਹਨਾਂ ਦਾ ਵੀ ਪਤਨ ਹੋ ਜਾਂਦਾ। ਰੋਮਨ ਸੰਸਾਰ ਸਲਤਨਤ ਨੇ, ਜਿਸਦੇ ਆਦਿ ਦੀਆਂ ਆਰਥਕ ਪ੍ਰਸਥਿਤੀਆਂ ਵਿਚ ਜਾਣ ਦੀ ਇਥੇ ਲੋੜ ਨਹੀ, ਪੁਰਾਣੀਆਂ ਕੌਮਾਂ ਦਾ ਇਉਂ ਪਤਨ ਲਿਆਂਦਾ। ਪੁਰਾਣੇ ਕੌਮੀ ਦੇਵਤੇ ਖ਼ਤਮ ਹੋ ਗਏ, ਇਥੋਂ ਤੱਕ ਕਿ ਰੋਮਵਾਸੀਆਂ ਦੇ ਦੇਵਤੇ ਵੀ, ਕਿਉਂਕਿ ਉਹ ਰੋਮ ਸ਼ਹਿਰ ਦੀਆਂ ਤੰਗ ਹੱਦਾਂ ਦੇ ਯੋਗ ਸੱਚੇ ਵਿਚ ਢਾਲੇ ਗਏ ਸਨ। ਸੰਸਾਰ ਧਰਮ ਰਾਹੀਂ ਸੰਸਾਰ ਸਲਤਨਤ ਦੀ ਪੂਰਤੀ ਕਰਨ ਦੀ ਲੋੜ ਉਹਨਾਂ ਜਤਨਾਂ ਵਿਚ ਸਪਸ਼ਟ ਹੈ ਜਿਹੜੇ ਉਹਨਾਂ ਸਭਨਾਂ ਬਦੇਸੀ ਦੇਵਤਿਆਂ ਨੂੰ, ਜਿਹੜੇ ਥੋੜ੍ਹੇ ਜਿਹੇ ਵੀ ਸਤਿਕਾਰਯੋਗ ਸਨ, ਕਬੂਲਣ ਅਤੇ ਰੋਮ ਵਿਚ ਸਥਾਨਕ ਦੇਵਤਿਆਂ ਦੇ ਨਾਲ ਨਾਲ ਉਹਨਾਂ ਲਈ ਵੇਦੀਆਂ ਖੜੀਆਂ ਕਰਨ ਲਈ ਕੀਤੇ ਗਏ। ਪਰ ਇਕ ਨਵਾਂ ਸੰਸਾਰ ਧਰਮ ਇਸ ਢੰਗ ਨਾਲ, ਸ਼ਹਿਨਸ਼ਾਹੀ ਫ਼ਰਮਾਨ ਰਾਹੀਂ ਨਹੀਂ ਖੜਾ ਕੀਤਾ ਜਾ ਸਕਦਾ। ਨਵਾਂ ਸੰਸਾਰ ਧਰਮ, ਈਸਾਈਅਤ, ਪਹਿਲਾਂ ਹੀ ਆਮਿਆਏ ਪੂਰਬੀ, ਵਿਸ਼ੇਸ਼ ਤੌਰ ਤੇ ਯਹੂਦੀ ਧਰਮ-ਸ਼ਾਸਤ੍ਰ ਅਤੇ ਗੰਵਾਰੂ ਬਣਾਏ ਯੂਨਾਨੀ, ਵਿਸ਼ੇਸ਼ ਤੌਰ ਤੇ ਸਹਿਜ-ਮਾਰਗੀ ਦਰਸ਼ਨ ਦੇ ਆਧਾਰ ਉਤੇ ਚੁਪ ਚਾਪ ਹੋਂਦ ਵਿਚ ਆ ਚੁਕਾ ਸੀ। ਆਦਿ ਵਿਚ ਇਹਦਾ ਰੂਪ ਕਿਹੋ ਜਿਹਾ ਹੋਵੇਗਾ, ਪਹਿਲਾਂ ਇਹਦੀ ਮਿਹਨਤ ਨਾਲ ਭਾਲ ਕਰਨੀ ਪਵੇਗੀ, ਕਿਉਂਕਿ ਇਹਦਾ ਸਰਕਾਰੀ ਰੂਪ, ਜਿਸ ਵਿਚ ਇਹ ਸਾਡੇ ਤੱਕ ਅਪੜਿਆ ਹੈ, ਕੇਵਲ ਉਹ ਰੂਪ ਹੈ ਜਿਸ ਵਿਚ ਇਹ ਰਾਜ ਧਰਮ ਬਣਿਆ ਜਿਸ ਮੰਤਵ ਲਈ ਇਹਨੂੰ ਨਿਕੇਈਆ ਦੀ ਕੌਂਸਲ[122] ਨੇ ਢਾਲਿਆ। ਇਹ ਤੱਥ ਕਿ

ਹੋਂਦ ਵਿਚ ਆਉਣ ਤੋਂ ੨੫੦ ਵਰ੍ਹੇ ਪਿਛੋਂ ਹੀ ਇਹ ਰਾਜ-ਧਰਮ ਬਣ ਗਿਆ ਇਹ ਗੱਲ ਪ੍ਰਗਟ ਕਰਨ ਲਈ ਕਾਫ਼ੀ ਹੈ ਕਿ ਇਹ ਇਕ ਅਜਿਹਾ ਧਰਮ ਸੀ ਜਿਹੜਾ ਸਮੇਂ ਦੀਆਂ ਪ੍ਰਸਥਿਤੀਆਂ ਦੇ ਅਨੁਕੂਲ ਸੀ। ਮਧ-ਕਾਲ ਵਿਚ, ਜਿਸ ਹੱਦ ਤੱਕ ਸਾਮੰਤਸ਼ਾਹੀ ਵਿਕਸਤ ਹੋਈ, ਈਸਾਈਅਤ ਇਹਦੇ ਧਾਰਮਕ ਦੂਜੇ ਅਧ ਵਜੋਂ ਵਿਕਸਤ ਹੋਈ ਜਿਸਦੀਆਂ ਅਨੁਸਾਰੀ ਸਾਮੰਤੀ ਪਦਵੀਆਂ ਸਨ। ਅਤੇ ਜਦੋਂ ਬਰਗਰ ਖ਼ੁਸ਼ਹਾਲ ਹੋਣੇ ਸ਼ੁਰੂ ਹੋ ਗਏ ਤਾਂ ਸਾਮੰਤੀ ਕੈਥੋਲਿਕ ਮੱਤ ਦੇ ਵਿਰੋਧ ਵਿਚ, ਪ੍ਰੋਟੈਸਟੈਂਟ ਕੁਰਾਹਾ ਵਿਕਸਤ ਹੋਇਆ, ਜਿਹੜਾ ਪਹਿਲਾਂ ਪਹਿਲਾਂ ਦਖਣੀ ਫ਼ਰਾਂਸ ਵਿਚ ਅਲਬੀਗੇਨਸੀਆਂ[123] ਵਿਚ ਐਨ ਉਸ ਸਮੇਂ ਪ੍ਰਗਟ ਹੋਇਆ ਜਦੋਂ ਸ਼ਹਿਰ ਆਪਣੀ ਖ਼ੁਸ਼ਹਾਲੀ ਦੀ ਸਿਖਰ ਦੇ ਅਪੜ ਗਏ ਸਨ। ਮਧ-ਕਾਲ ਨੇ ਵਿਚਾਰਧਾਰਾ ਦੇ ਹੋਰਨਾਂ ਸਭਨਾਂ ਰੂਪਾਂ— ਦਰਸ਼ਨ, ਰਾਜਨੀਤੀ, ਕਾਨੂੰਨ-ਸ਼ਾਸਤ੍ਰ—ਨੂੰ ਧਰਮ-ਸ਼ਾਸਤ੍ਰ ਦੇ ਅਧੀਨ ਕਰ ਦਿਤਾ ਸੀ ਅਤੇ ਉਹਨਾਂ ਨੂੰ ਧਰਮ-ਸ਼ਾਸਤ੍ਰ ਦੇ ਉਪ-ਖੰਡ ਬਣਾ ਦਿਤਾ ਸੀ। ਇਉਂ ਇਹ ਹਰ ਸਮਾਜੀ ਅਤੇ ਰਾਜਸੀ ਲਹਿਰ ਨੂੰ ਮਜਬੂਰ ਕਰਦਾ ਕਿ ਉਹ ਧਰਮ-ਸ਼ਾਸਤ੍ਰਕ ਰੂਪ ਧਾਰੇ। ਹੋਰ ਸਭ ਕੁਝ ਨੂੰ ਛਡ ਕੇ ਜਨਤਾ ਦੀਆਂ ਭਾਵਨਾਵਾਂ ਨੂੰ ਧਰਮ ਉਤੇ ਪਾਲਿਆ ਜਾਂਦਾ ਸੀ; ਇਸ ਲਈ ਇਹ ਲਾਜ਼ਮੀ ਸੀ ਕਿ ਇਕ ਵਡਾ ਤੂਫ਼ਾਨ ਪੈਦਾ ਕਰਨ ਲਈ ਉਹ ਆਪਣੇ ਹਿਤਾਂ ਨੂੰ ਧਰਮ-ਸ਼ਾਸਤ੍ਰਕ ਰੂਪ ਵਿਚ ਪੇਸ਼ ਕਰਨ। ਅਤੇ ਐਨ ਉਸ ਤਰ੍ਹਾਂ ਜਿਵੇਂ ਬਰਗਰਾਂ ਨੇ ਮੁਢ ਤੋਂ ਹੀ ਜਾਇਦਾਦ-ਹੀਣ ਸ਼ਹਿਰੀ ਨਿਮਨ-ਵਰਗ ਦਾ, ਦਿਹਾੜੀਦਾਰ ਮਜ਼ਦੂਰ ਅਤੇ ਹਰ ਤਰ੍ਹਾਂ ਦੇ ਨੌਕਰਾਂ ਦਾ, ਜਿਹੜੇ ਕਿਸੇ ਪ੍ਰਵਾਣਤ ਸਮਾਜੀ ਵਰਗ ਨਾਲ ਸੰਬੰਧਤ ਨਹੀਂ ਸਨ, ਇਕ ਪਿਛ-ਲਗ ਟੋਲਾ ਪੈਦਾ ਕੀਤਾ, ਜਿਹੜਾ ਪਿਛੋਂ ਜਾਕੇ ਆਏ ਪ੍ਰੋਲਤਾਰੀ ਦਾ ਮੁਢਲਾ ਰੂਪ ਸੀ, ਇਸੇ ਤਰ੍ਹਾਂ ਅਖੌਤੀ ਕੁਰਾਹਾ ਛੇਤੀ ਹੀ ਬਰਗਰ—ਨਰਮ-ਖ਼ਿਆਲ ਕੁਰਾਹੇ ਅਤੇ ਨਿਮਨ-ਵਰਗ ਇਨਕਲਾਬੀ ਕੁਰਾਹੇ ਵਿਚ ਵੰਡਿਆ ਗਿਆ, ਜਿਸ ਵਿਚੋਂ ਪਿਛਲੇਰਾ ਖ਼ੁਦ ਬਰਗਰ ਕੁਰਹਿਤੀਆਂ ਲਈ ਘਿਰਣਤ ਬਣ ਗਿਆ।

ਪ੍ਰੋਟੈਸਟੈਂਟ ਕੁਰਾਹੇ ਦਾ ਖੁਰਾਖੋਜ ਮਿਟਾਏ ਜਾਣੋਂ ਅਸਮਰਥ ਹੋਣਾ ਉਭਰ ਰਹੇ ਬਰਗਰਾਂ ਦੀ ਅਜਿਤੱਤਾ ਦੇ ਅਨੁਸਾਰੀ ਸੀ। ਜਦੋਂ ਇਹ ਬਰਗਰ ਚੋਖੇ ਬਲਵਾਨ ਹੋ ਗਏ ਤਾਂ ਸਾਮੰਤੀ ਰਾਠਸ਼ਾਹੀ ਵਿਰੁਧ ਉਹਨਾਂ ਦੇ ਘੋਲ ਨੇ, ਜਿਹੜਾ ਉਸ ਸਮੇਂ ਤੱਕ ਮੁਖ ਤੌਰ ਉਤੇ ਸਥਾਨਕ ਸੀ, ਕੌਮੀ ਆਕਾਰ ਧਾਰਨ ਕਰਨਾ ਸ਼ੁਰੂ ਕਰ ਲਿਆ। ਪਹਿਲਾ ਮਹਾਨ ਅਮਲ—ਅਖੌਤੀ ਧਾਰਮਕ ਸੁਧਾਰ —ਜਰਮਨੀ ਵਿਚ ਹੋਇਆ। ਬਰਗਰ ਨਾ ਇੱਨੇ ਬਲਵਾਨ ਸਨ ਅਤੇ ਨਾ ਹੀ ਇੱਨੇ ਚੋਖੇ ਵਿਕਸਤ ਕਿ ਆਪਣੇ ਝੰਡੇ ਹੇਠ ਬਾਕੀ ਬਾਗ਼ੀ ਵਰਗਾਂ—ਸ਼ਹਿਰੀ ਨਿਮਨ-ਵਰਗ, ਛੋਟੀ ਰਾਠਸ਼ਾਹੀ ਅਤੇ ਖੇਤੀ ਕਰਦੇ ਕਿਸਾਨਾਂ—ਨੂੰ ਇਕ-ਮੁਠ ਕਰ ਸਕਣ। ਪਹਿਲਾਂ ਪਹਿਲ ਰਾਠਾਂ ਨੂੰ ਹਾਰ ਹੋਈ; ਕਿਸਾਨ ਉਠ ਖੜੇ ਹੋਏ ਅਤੇ ਸਾਰੇ ਇਨਕਲਾਬੀ ਘੋਲ ਦੀ ਸਿਖਰ ਬਣ ਗਏ;

ਸ਼ਹਿਰਾਂ ਨੇ ਉਹਨਾਂ ਨੂੰ ਵਿਚ-ਵਿਚਾਲੇ ਛਡ ਦਿਤਾ ਅਤੇ ਇਉਂ ਇਨਕਲਾਬ ਗੈਰ-ਧਾਰਮਕ ਰਜਵਾੜਿਆਂ ਦੀਆਂ ਫ਼ੌਜਾਂ ਅਗੇ ਡਿਗ ਗਿਆ, ਜਿਨ੍ਹਾਂ ਸਾਰਾ ਨਫ਼ਾ ਹੂੰਝ ਲਿਆ। ਉਸ ਤੋਂ ਪਿਛੋਂ ਜਰਮਨੀ ਤਿੰਨ ਸਦੀਆਂ ਤੱਕ ਇਤਿਹਾਸ ਵਿਚ ਸੁਤੰਤਰ ਹਿੱਸਾ ਪਾਉਣ ਵਾਲੇ ਦੇਸਾਂ ਦੀਆਂ ਸਫ਼ਾਂ ਵਿਚੋਂ ਲੋਪ ਹੋ ਗਿਆ। ਪਰ ਜਰਮਨ ਲੂਥਰ ਦੇ ਨਾਲ ਹੀ ਨਾਲ ਫ਼ਰਾਂਸੀਸੀ ਕਾਲਵਿਨ ਪੈਦਾ ਹੋਇਆ। ਅਸਲੀ ਫ਼ਰਾਂਸੀਸੀ ਤੇਜ਼ੀ ਨਾਲ ਉਹਨੇ ਸੁਧਾਰ ਦੇ ਬੁਰਜੂਆ ਖ਼ਾਸੇ ਨੂੰ ਮੂਹਰੇ ਰਖਿਆ ਅਤੇ ਮੱਤ ਦਾ ਜਮਹੂਰੀਕਰਣ ਅਤੇ ਗਣ-ਰਾਜੀਕਰਣ ਕਰ ਦਿਤਾ। ਜਿਥੇ ਜਰਮਨੀ ਵਿਚ ਲੂਥਰਵਾਦੀ ਸੁਧਾਰ ਵਿਚ ਗਿਰਾਵਟ ਆ ਗਈ ਅਤੇ ਇਹਨੇ ਦੇਸ ਨੂੰ ਨਿਘਾਰ ਦੇ ਵਸ ਪਾ ਦਿਤਾ ਉਥੇ ਕਾਲਵਿਨਵਾਦੀ ਸੁਧਾਰ ਨੇ ਜਨੇਵਾ ਵਿਚ, ਹਾਲੈਂਡ ਵਿਚ ਅਤੇ ਸਕਾਟਲੈਂਡ ਵਿਚ ਗਣ-ਰਾਜਵਾਦੀਆਂ ਲਈ ਇਕ ਝੰਡੇ ਦਾ ਕੰਮ ਕੀਤਾ, ਹਾਲੈਂਡ ਨੂੰ ਸਪੇਨ ਤੋਂ ਅਤੇ ਜਰਮਨ ਸਲਤਨਤ ਤੋਂ ਆਜ਼ਾਦ ਕਰਵਾਇਆ ਅਤੇ ਉਸ ਬੁਰਜੂਆ ਇਨਕਲਾਬ ਦੇ ਦੂਜੇ ਅੰਗ ਲਈ, ਜਿਹੜਾ ਉਸ ਸਮੇਂ ਇੰਗਲੈਂਡ ਵਿਚ ਹੋ ਰਿਹਾ ਸੀ, ਵਿਚਾਰਧਾਰਕ ਚੋਗਾ ਦਿਤਾ। ਇਥੇ ਕਾਲਵਿਨਵਾਦ ਨੇ ਆਪਣੇ ਆਪ ਨੂੰ ਉਸ ਸਮੇਂ ਦੀ ਬੁਰਜੂਆਜ਼ੀ ਦੇ ਹਿਤਾਂ ਲਈ ਸਚੇ ਧਾਰਮਕ ਭੇਸ ਵਜੋਂ ਪ੍ਰਗਟ ਕੀਤਾ ਅਤੇ ਇਸ ਲਈ ਜਦੋਂ ੧੬੮੯ ਵਿਚ ਇਨਕਲਾਬ ਰਾਠਸ਼ਾਹੀ ਦੇ ਇਕ ਹਿੱਸੇ ਅਤੇ ਬੁਰਜੂਆਜ਼ੀ ਵਿਚਕਾਰ ਸਮਝੌਤੇ ਵਿਚ ਖ਼ਤਮ ਹੋਇਆ ਤਾਂ ਇਹਨੂੰ ਪੂਰੀ ਪ੍ਰਵਾਨਗੀ ਨਾ ਮਿਲੀ[124]। ਇੰਗਲੈਂਡ ਵਿਚ ਰਾਜ-ਧਰਮ ਮੁੜ ਸਥਾਪਤ ਕਰ ਦਿਤਾ ਗਿਆ, ਪਰ ਇਹ ਆਪਣੇ ਪੁਰਾਣੇ ਕੈਥੋਲਿਕ ਰੂਪ ਵਿਚ ਨਹੀਂ ਸੀ ਜਿਸ ਵਿਚ ਪੋਪ ਦੀ ਥਾਂ ਬਾਦਸ਼ਾਹ ਸੀ ਸਗੋਂ ਤਕੜੀ ਤਰ੍ਹਾਂ ਕਾਲਵਿਨਵਾਦੀ ਬਣਿਆ ਹੋਇਆ ਸੀ। ਪੁਰਾਣਾ ਰਾਜ-ਧਰਮ ਖ਼ੁਸ਼ੀਆਂ ਭਰਿਆ ਕੈਥੋਲਿਕ ਐਤਵਾਰ ਮਨਾਇਆ ਕਰਦਾ ਸੀ ਅਤੇ ਅਕਾਊ ਕਾਲਵਿਨਵਾਦੀ ਐਤਵਾਰ ਵਿਰੁਧ ਲੜਦਾ ਸੀ। ਨਵੇਂ, ਬੁਰਜੂਆ ਬਣਾਏ ਧਰਮ ਨੇ ਪਿਛਲੇਰਾ ਲਾਗੂ ਕਰ ਦਿਤਾ ਅਤੇ ਇਹ ਅਜ ਤੱਕ ਇੰਗਲੈਂਡ ਦਾ ਸ਼ਿੰਗਾਰ ਹੈ।

ਫ਼ਰਾਂਸ ਵਿਚ ਕਾਲਵਿਨਵਾਦੀ ਘਟ-ਗਿਣਤੀ ਨੂੰ ੧੬੮੫ ਵਿਚ ਕੁਚਲ ਦਿਤਾ ਗਿਆ ਅਤੇ ਕੈਥੋਲਿਕ ਬਣਾ ਲਿਆ ਗਿਆ ਜਾਂ ਦੇਸ 'ਚੋਂ ਬਾਹਰ ਧਕ ਦਿਤਾ ਗਿਆ[125]। ਪਰ ਇਹਦਾ ਲਾਭ ਕੀ ਹੋਇਆ? ਉਸ ਸਮੇਂ ਹੀ ਆਜ਼ਾਦ-ਖ਼ਿਆਲੀਆ ਪਿਯੇਰ ਬੇਈਲ ਪਹਿਲਾਂ ਹੀ ਆਪਣੀ ਸਰਗਰਮੀ ਦੀ ਸਿਖਰ ਉਤੇ ਸੀ ਅਤੇ ੧੬੯੪ ਵਿਚ ਵਾਲਟੇਅਰ ਦਾ ਜਨਮ ਹੋਇਆ। ਲੂਈ ਚੌਧਵੇਂ ਦੇ ਜਬਰੀ ਕਦਮਾਂ ਨੇ ਫ਼ਰਾਂਸੀਸੀ ਬੁਰਜੂਆਜ਼ੀ ਲਈ ਇਹ ਸੌਖਾ ਬਣਾਇਆ ਕਿ ਉਹ ਆਪਣਾ ਇਨਕਲਾਬ ਗ਼ੈਰ-ਧਾਰਮਕ, ਉੱਕਾ ਹੀ ਰਾਜਸੀ ਰੂਪ ਵਿਚ ਕਰੇ, ਜਿਹੜਾ ਇਕ ਵਿਕਸਤ ਬੁਰਜੂਆਜ਼ੀ ਲਈ ਵਧੇਰੇ ਯੋਗ ਸੀ। ਪ੍ਰੋਟੈਸਟੈਂਟਾਂ ਦੀ ਥਾਂ ਆਜ਼ਾਦ-ਖ਼ਿਆਲੀਆਂ ਨੇ

ਕੌਮੀ ਅਸੰਬਲੀਆਂ ਵਿਚ ਥਾਵਾਂ ਮਲੀਆਂ। ਇਉਂ ਈਸਾਈਅਤ ਆਪਣੇ ਅੰਤਮ ਪੜਾਅ ਵਿਚ ਦਾਖ਼ਲ ਹੋ ਗਈ। ਇਹ ਕਿਸੇ ਅਗੇ-ਵਧੂ ਸ੍ਰੇਣੀ ਦੀ ਉਹਦੇ ਆਸ਼ਿਆਂ ਦੇ ਵਿਚਾਰਧਾਰਕ ਚੋਗੇ ਵਜੋਂ ਭਵਿਖ ਵਿਚ ਕੋਈ ਸੇਵਾ ਕਰਨ ਦੇ ਅਸਮਰਥ ਹੋ ਗਈ; ਇਹ ਸਦਾ ਵਧੇਰੇ ਹਾਕਮ ਸ੍ਰੇਣੀਆਂ ਦੀ ਅਨੰਨ ਮਿਲਖ ਬਣਦੀ ਗਈ; ਉਹ ਇਹਨੂੰ ਕੇਵਲ ਹਕੂਮਤ ਦੇ ਇਕ ਸਾਧਨ ਵਜੋਂ, ਹੇਠਲੀਆਂ ਸ੍ਰੇਣੀਆਂ ਨੂੰ ਉਹਨਾਂ ਦੀਆਂ ਹੱਦਾਂ ਦੇ ਅੰਦਰ ਰਖਣ ਲਈ ਵਰਤਦੀਆਂ ਹਨ। ਇਹੋ ਨਹੀਂ, ਵਖ ਵਖ ਸ੍ਰੇਣੀਆਂ ਵਿਚੋਂ ਹਰ ਇਕ ਖ਼ੁਦ ਆਪਣਾ ਯੋਗ ਧਰਮ ਵਰਤਦੀ ਹੈ: ਭੋ-ਮਾਲਕ ਰਾਠਸ਼ਾਹੀ— ਕੈਥੋਲਿਕ ਯਸੂਹੀਵਾਦ ਜਾਂ ਪ੍ਰੋਟੈਸਟੈਂਟ ਪੁਰਾਤਨਤਾ; ਉਦਾਰਪੰਥੀ ਅਤੇ ਗਰਮ-ਖ਼ਿਆਲ ਬੁਰਜੂਆਜ਼ੀ — ਤਰੱਕਵਾਦ; ਅਤੇ ਇਸ ਨਾਲ ਕੋਈ ਫ਼ਰਕ ਨਹੀਂ ਪੈਂਦਾ ਕਿ ਇਹ ਭਦਰ-ਪੁਰਸ਼ ਆਪੋ ਆਪਣੇ ਧਰਮਾਂ ਵਿਚ ਨਿਸ਼ਚਾ ਰਖਦੇ ਹਨ ਜਾਂ ਨਹੀਂ।

ਇਸ ਲਈ ਅਸੀਂ ਵੇਖਦੇ ਹਾਂ: ਜਦੋਂ ਇਕ ਵਾਰ ਉਹ ਰੂਪ ਧਾਰ ਲੈਂਦਾ ਹੈ ਤਾਂ ਧਰਮ ਵਿਚ ਸਦਾ ਰਵਾਇਤੀ ਸਮਿਗਰੀ ਹੁੰਦੀ ਹੈ ਐਨ ਉਸੇ ਤਰ੍ਹਾਂ ਜਿਵੇਂ ਸਭਨਾਂ ਵਿਚਾਰਧਾਰਕ ਖੇਤਰਾਂ ਵਿਚ ਰਵਾਇਤ ਇਕ ਮਹਾਨ ਪੁਰਾਤਨਤਾਵਾਦੀ ਸ਼ਕਤੀ ਹੁੰਦੀ ਹੈ। ਪਰ ਇਸ ਸਮਿਗਰੀ ਵਿਚ ਜਿਹੜੀ ਕਾਇਆ-ਪਲਟ ਹੁੰਦੀ ਹੈ ਉਹ ਸ੍ਰੇਣੀ ਸੰਬੰਧਾਂ ਵਿਚੋਂ, ਅਰਥਾਤ, ਇਹਨਾਂ ਕਾਇਆ-ਪਲਟਾਂ ਨੂੰ ਅਮਲ ਵਿਚ ਲਿਆਉਣ ਵਾਲੇ ਲੋਕਾਂ ਦੇ ਆਰਥਕ ਸੰਬੰਧਾਂ ਵਿਚੋਂ ਪੈਦਾ ਹੁੰਦੀ ਹੈ। ਅਤੇ ਇਥੇ ਇੰਨਾ ਹੀ ਕਾਫ਼ੀ ਹੈ।

ਉਪ੍ਰੋਕਤ ਵਿਚ ਇਤਿਹਾਸ ਦੇ ਮਾਰਕਸਵਾਦੀ ਸੰਕਲਪ ਦੀ ਇਕ ਆਮ ਰੂਪ-ਰੇਖਾ ਦੇਣ ਦਾ ਹੀ ਸਵਾਲ ਸੀ, ਜਿਸ ਦੇ ਨਾਲ ਵਧ ਤੋਂ ਵਧ ਕੁਝ ਉਦਾਹਰਣਾਂ ਹੀ ਦਿਤੀਆਂ ਜਾ ਸਕਦੀਆਂ ਹਨ। ਸਬੂਤ ਖ਼ੁਦ ਇਤਿਹਾਸ ਤੋਂ ਪ੍ਰਾਪਤ ਕਰਨਾ ਚਾਹੀਦਾ ਹੈ; ਅਤੇ ਇਸ ਸੰਬੰਧੀ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਹੋਰਨਾਂ ਲਿਖਤਾਂ ਵਿਚ ਚੋਖਾ ਸਬੂਤ ਪੇਸ਼ ਕੀਤਾ ਗਿਆ ਹੈ। ਪਰ ਇਹ ਸੰਕਲਪ ਇਤਿਹਾਸ ਦੇ ਖੇਤਰ ਵਿਚ ਦਰਸ਼ਨ ਦਾ ਅੰਤ ਕਰਦਾ ਹੈ ਐਨ ਉਸੇ ਤਰ੍ਹਾਂ ਜਿਵੇਂ ਪ੍ਰਕਿਰਤੀ ਦਾ ਦਵੰਦਵਾਦੀ ਸੰਕਲਪ ਸਾਰੇ ਪ੍ਰਾਕਿਰਤਕ ਦਰਸ਼ਨ ਨੂੰ ਬੇਲੋੜਾ ਵੀ ਅਤੇ ਅਸੰਭਵ ਵੀ ਬਣਾ ਦੇਂਦਾ ਹੈ। ਹੁਣ ਪ੍ਰਸ਼ਨ ਇਹਨਾਂ ਅੰਤਰ-ਸੰਬੰਧਾਂ ਨੂੰ ਆਪਣੇ ਦਿਮਾਗ ਵਿਚੋਂ ਘੜਨ ਦਾ ਨਹੀਂ ਸਗੋਂ ਇਹਨਾਂ ਨੂੰ ਤੱਥਾਂ ਵਿਚੋਂ ਲਭਣ ਦਾ ਹੈ। ਦਰਸ਼ਨ ਲਈ, ਜਿਸਨੂੰ ਪ੍ਰਕਿਰਤੀ ਅਤੇ ਇਤਿਹਾਸ ਵਿਚੋਂ ਕੱਢ ਦਿਤਾ ਗਿਆ ਹੈ, ਕੇਵਲ ਨਰੋਲ ਵਿਚਾਰ ਦਾ ਖੇਤਰ ਰਹਿ ਜਾਂਦਾ ਹੈ, ਉਹ ਵੀ ਉਸ ਹੱਦ ਤੱਕ ਜਿਸ ਹੱਦ ਤੱਕ ਉਹ ਰਹਿ ਗਿਆ ਹੈ: ਖ਼ੁਦ ਸੋਚ ਦੇ ਅਮਲਾਂ ਦਾ ਸਿਧਾਂਤ, ਮੰਤਕ ਅਤੇ ਦਵੰਦਵਾਦ।

* * *

੧੮੪੮ ਦੇ ਇਨਕਲਾਬ ਤੋਂ ਪਿਛੋਂ "ਪੜ੍ਹੇ ਲਿਖੇ" ਜਰਮਨੀ ਨੇ ਸਿਧਾਂਤ ਨੂੰ ਅਲਵਿਦਾ ਕਿਹਾ ਅਤੇ ਅਮਲ ਦੇ ਖੇਤਰ ਵਿਚ ਚਲਾ ਗਿਆ। ਨਿਕੀ ਦਸਤਕਾਰੀ ਅਤੇ ਕਾਰਖ਼ਾਨੇਦਾਰੀ, ਜਿਸਦਾ ਆਧਾਰ ਸਰੀਰਕ ਮਿਹਨਤ ਸੀ, ਦੀ ਥਾਂ ਸਚ ਮੁਚ ਦੀ ਵਡੀ ਪਧਰ ਦੀ ਸਨਅਤ ਨੇ ਲੈ ਲਈ। ਜਰਮਨੀ ਇਕ ਵਾਰ ਫਿਰ ਸੰਸਾਰ ਮੰਡੀ ਵਿਚ ਪ੍ਰਗਟ ਹੋਇਆ। ਨਵੀਂ ਛੋਟੀ ਜਰਮਨ ਸਲਤਨਤ[126] ਨੇ ਘਟੋ ਘਟ ਉਹਨਾਂ ਦੁਰਵਰਤਵਾਂ ਵਿਚੋਂ ਸਭ ਤੋਂ ਭੈੜੀਆਂ ਨੂੰ ਦੂਰ ਕਰ ਦਿਤਾ ਜਿਨ੍ਹਾਂ ਰਾਹੀਂ ਨਿਕੇ ਨਿਕੇ ਰਾਜਾਂ ਦੇ ਪ੍ਰਬੰਧ, ਸਾਮੰਤਵਾਦ ਦੀ ਰਹਿੰਦ-ਖੂੰਹਦ ਅਤੇ ਨੌਕਰਸ਼ਾਹੀ ਪ੍ਰਬੰਧ ਨੇ ਇਸ ਵਿਕਾਸ ਨੂੰ ਰੋਕਿਆ ਹੋਇਆ ਸੀ। ਅਤੇ ਜਿਸ ਹੱਦ ਤੱਕ ਕਿਆਸ ਨੇ ਦਾਰਸ਼ਨਿਕ ਦਾ ਪੜ੍ਹਨ-ਕਮਰਾ ਛਡ ਕੇ ਸੱਟਾ ਬਾਜ਼ਾਰ ਵਿਚ ਆਪਣਾ ਮੰਦਰ ਬਣਾਇਆ, ਉਸ ਹੱਦ ਤੱਕ ਪੜ੍ਹੇ ਲਿਖੇ ਜਰਮਨੀ ਦੀ ਸਿਧਾਂਤ ਲਈ ਉਹ ਯੋਗਤਾ ਜਾਂਦੀ ਰਹੀ ਜਿਹੜੀ ਅਤਿ-ਅੰਤ ਰਾਜਸੀ ਅਧੋਗਤੀ ਦੇ ਦਿਨਾਂ ਵਿਚ ਇਹਦੀ ਸ਼ਾਨ ਸੀ — ਇਸ ਤੱਥ ਦਾ ਧਿਆਨ ਰਖੇ ਬਿਨਾਂ ਕਿ ਸਿੱਟੇ ਅਮਲੀ ਤੌਰ ਉਤੇ ਲਾਗੂ ਕੀਤੇ ਜਾ ਸਕਦੇ ਹਨ ਜਾਂ ਨਹੀਂ, ਕਿ ਉਹਨਾਂ ਤੋਂ ਪੁਲਸੀ ਅਧਿਕਾਰੀ ਗੁਸੇ ਹੋਣਗੇ ਜਾਂ ਨਹੀਂ, ਖ਼ਾਲਸ ਵਿਗਿਆਨਕ ਖੋਜ ਦੀ ਯੋਗਤਾ। ਇਹ ਠੀਕ ਹੈ ਕਿ ਸਰਕਾਰੀ ਜਰਮਨ ਪ੍ਰਾਕਿਰਤਕ ਵਿਗਿਆਨ ਨੇ ਪਹਿਲੀ ਸਫ਼ ਵਿਚ ਆਪਣੀ ਥਾਂ ਕਾਇਮ ਰਖੀ, ਵਿਸ਼ੇਸ਼ ਤੌਰ ਉਤੇ ਵਿਸ਼ੇਸ਼ ਖੋਜ ਦੇ ਖੇਤਰ ਵਿਚ। ਪਰ ਅਮਰੀਕੀ ਰਸਾਲਾ "Science"* ਵੀ ਹੱਕੀ ਤੌਰ ਉਤੇ ਕਹਿੰਦਾ ਹੈ ਕਿ ਖ਼ਾਸ ਤੱਥਾਂ ਅਤੇ ਉਹਨਾਂ ਦੇ ਨਿਯਮਾਂ ਦੇ ਤੌਰ ਉਤੇ ਆਮਿਆਉਣ ਦੇ ਸਰਬੰਗੀ ਅੰਤਰ-ਸੰਬੰਧ ਦੇ ਖੇਤਰ ਵਿਚ ਨਿਰਣਾਇਕ ਉੱਨਤੀਆਂ ਹੁਣ ਇੰਗਲੈਂਡ ਵਿਚ ਵਧੇਰੇ ਕੀਤੀਆਂ ਜਾ ਰਹੀਆਂ ਹਨ ਨਾ ਕਿ ਜਰਮਨੀ ਵਿਚ, ਜਿਵੇਂ ਕਿ ਪਹਿਲਾਂ ਹੁੰਦਾ ਸੀ। ਅਤੇ ਇਤਿਹਾਸਕ ਵਿਗਿਆਨਾਂ ਦੇ ਖੇਤਰ ਵਿਚ, ਜਿਸ ਵਿਚ ਦਰਸ਼ਨ ਵੀ ਸ਼ਾਮਲ ਹੈ, ਸਿਧਾਂਤ ਲਈ ਪੁਰਾਣਾ ਨਿਡਰ ਉਤਸ਼ਾਹ, ਕਲਾਸੀਕੀ ਦਰਸ਼ਨ ਦੇ ਨਾਲ ਹੀ, ਉੱਕਾ ਹੀ ਖ਼ਤਮ ਹੋ ਗਿਆ ਹੈ। ਖ਼ਾਲੀ ਚੌਗਾਪੁਣਾ, ਅਤੇ ਰੁਜ਼ਗਾਰ ਅਤੇ ਆਮਦਨ ਲਈ ਤੌਖਲੇ-ਭਰੀ ਫ਼ਿਕਰਮੰਦੀ, ਅਤਿ-ਅੰਤ ਗੰਵਾਰੂ ਢੰਗ ਨਾਲ ਪਦਵੀਆਂ ਪਿਛੇ ਨਠਣ ਨੇ ਇਹਦੀ ਥਾਂ ਲੈ ਲਈ ਹੈ। ਇਹਨਾਂ ਵਿਗਿਆਨਾਂ ਦੇ ਸਰਕਾਰੀ ਪ੍ਰਤਿਨਿਧ ਬੁਰਜੂਆਜ਼ੀ ਅਤੇ ਵਰਤਮਾਨ ਰਾਜ ਦੇ ਨੰਗੇ ਵਿਚਾਰਧਾਰਕ ਬਣ ਗਏ ਹਨ — ਪਰ ਉਸ ਸਮੇਂ ਜਦੋਂ ਉਹ ਦੋਵੇਂ ਕਿਰਤੀ ਸ਼੍ਰੇਣੀ ਦਾ ਖੁਲ੍ਹਾ ਵਿਰੋਧ ਕਰ ਰਹੇ ਹਨ।

ਕੇਵਲ ਕਿਰਤੀ ਸ਼੍ਰੇਣੀ ਵਿਚ ਹੀ ਸਿਧਾਂਤ ਲਈ ਜਰਮਨ ਯੋਗਤਾ ਅਣਵਿਗੜੇ ਰੂਪ ਵਿਚ ਕਾਇਮ ਹੈ। ਇਥੇ ਇਹ ਖ਼ਤਮ ਨਹੀਂ ਕੀਤੀ ਜਾ ਸਕਦੀ। ਇਥੇ ਰੁਜ਼ਗਾਰਾਂ

---

* "ਵਿਗਿਆਨ"। — ਅਨੁ:

ਲਈ, ਨਫ਼ੇ ਕਮਾਉਣ ਲਈ, ਉਪਰੋਂ ਦਿਆਲ ਸਰਪਰਸਤੀ ਲਈ ਉੱਕਾ ਹੀ ਕੋਈ ਫ਼ਿਕਰ ਨਹੀਂ। ਇਹਦੇ ਉਲਟ ਜਿੰਨੀ ਬੇਕਿਰਕੀ ਅਤੇ ਬੇਗ਼ਰਜ਼ੀ ਨਾਲ ਵਿਗਿਆਨ ਅਗੇ ਵਧਦਾ ਹੈ ਉੱਨਾ ਹੀ ਉਹ ਆਪਣੇ ਆਪ ਨੂੰ ਕਿਰਤੀਆਂ ਦੇ ਹਿਤਾਂ ਅਤੇ ਆਸ਼ਿਆਂ ਨਾਲ ਵਧੇਰੇ ਇਕ-ਸੁਰ ਵੇਖਦਾ ਹੈ। ਨਵੀਂ ਪ੍ਰਵਿਰਤੀ ਨੇ, ਜਿਸਨੇ ਇਹ ਗੱਲ ਪ੍ਰਵਾਨ ਕੀਤੀ ਕਿ ਸਮੁਚੇ ਸਮਾਜ ਦੇ ਇਤਿਹਾਸ ਨੂੰ ਸਮਝਣ ਦੀ ਕੁੰਜੀ ਕਿਰਤ ਦੇ ਵਿਕਾਸ ਦੇ ਇਤਿਹਾਸ ਨੂੰ ਸਮਝਣ ਵਿਚ ਹੈ, ਮੁਢ ਤੋਂ ਹੀ ਪਹਿਲ ਨਾਲ ਆਪਣਾ ਰੁਖ਼ ਕਿਰਤੀ ਸ਼੍ਰੇਣੀ ਵੱਲ ਕੀਤਾ ਅਤੇ ਇਥੇ ਉਹਨੂੰ ਉਹ ਹੁੰਗਾਰਾ ਮਿਲਿਆ ਜਿਹੜਾ ਨਾ ਇਹਨੇ ਸਰਕਾਰੀ ਵਿਗਿਆਨ ਤੋਂ ਮੰਗਿਆ ਅਤੇ ਨਾ ਇਹਨੂੰ ਮਿਲਣ ਦੀ ਆਸ ਸੀ। ਜਰਮਨੀ ਦੀ ਕਿਰਤੀ ਸ਼੍ਰੇਣੀ ਲਹਿਰ ਜਰਮਨ ਕਲਾਸੀਕੀ ਦਰਸ਼ਨ ਦੀ ਵਾਰਸ ਹੈ।

੧੮੮੬ ਦੇ ਸ਼ੁਰੂ ਵਿਚ
ਲਿਖਿਆ ਗਿਆ

ਮੂਲ ਪਾਠ ਜਰਮਨ ਵਿਚ ਹੈ

ਫ਼ਰੈਡਰਿਕ ਏਂਗਲਜ਼

# ਕਾਨੂੰਨੀ ਸਮਾਜਵਾਦ

( ਅੰਸ਼ )

ਮਧ ਜੁਗ ਦਾ ਸੰਸਾਰ ਦ੍ਰਿਸ਼ਟੀਕੋਣ ਮੂਲ ਰੂਪ ਵਿਚ ਧਰਮ-ਸ਼ਾਸਤ੍ਰਿਕ ਸੀ। ਯੂਰਪੀ ਜਗਤ ਦੀ ਏਕਤਾ ਜਿਸ ਦਾ ਅਸਲ ਵਿਚ ਅੰਦਰੋਂ ਕੋਈ ਵਜੂਦ ਨਹੀਂ ਸੀ, ਸਰਾਸੇਨ *, ਸਾਂਝੇ ਬਾਹਰੀ ਦੁਸ਼ਮਣ, ਦੇ ਖਿਲਾਫ ਈਸਾਈਅਤ ਨੇ ਕਾਇਮ ਕੀਤੀ ਹੋਈ ਸੀ। ਪਛਮ-ਯੂਰਪੀ ਜਗਤ, ਜਿਹੜਾ ਨਿਰੰਤਰ ਮੇਲ ਜੋਲ ਵਿਚ ਵਿਕਾਸ ਕਰ ਰਹੀਆਂ ਕੌਮਾਂ ਦਾ ਇਕ ਦਲ ਸੀ, ਦੀ ਏਕਤਾ ਕੈਥੋਲਿਕ ਮੱਤ ਨਾਲ ਜੁੜੀ ਹੋਈ ਸੀ। ਇਹ ਧਰਮ-ਸ਼ਾਸਤ੍ਰਿਕ ਜੋੜ ਕੇਵਲ ਵਿਚਾਰਾਂ ਵਿਚ ਹੀ ਨਹੀਂ ਸੀ, ਇਸ ਦਾ ਵਜੂਦ ਯਥਾਰਥ ਵਿਚ, ਸਿਰਫ ਪੋਪ ਵਿਚ ਹੀ ਨਹੀਂ, ਇਸ ਦੇ ਰਾਜਤੰਤਰੀ ਕੇਂਦਰ ਵਿਚ ਹੀ ਨਹੀਂ ਸੀ, ਸਗੋਂ ਸਭ ਤੋਂ ਵਧ ਸਾਮੰਤੀ ਢੰਗ ਨਾਲ ਅਤੇ ਸ਼੍ਰੇਣੀ-ਬੱਧ ਰੂਪ ਵਿਚ ਸੰਗਠਤ ਚਰਚ ਵਿਚ ਸੀ ਜਿਸ ਨੇ ਹਰ ਦੇਸ ਵਿਚ ਲਗਭਗ ਇਕ ਤਿਹਾਈ ਜ਼ਮੀਨ ਦਾ ਮਾਲਕ ਬਣਕੇ ਸਾਮੰਤੀ ਸੰਗਠਨ ਵਿਚ ਓੜਕਾਂ ਦੀ ਤਾਕਤ ਵਾਲੀ ਪੁਜ਼ੀਸ਼ਨ ਹਾਸਲ ਕੀਤੀ ਹੋਈ ਸੀ। ਆਪਣੀ ਸਾਮੰਤੀ ਜ਼ਮੀਨ ਮਾਲਕੀ ਵਾਲਾ ਚਰਚ ਵੱਖ ਵੱਖ ਦੇਸਾਂ ਵਿਚਕਾਰ ਅਸਲ ਕੜੀ ਸੀ। ਚਰਚ ਦੇ ਸਾਮੰਤੀ ਸੰਗਠਨ ਕਾਰਨ ਸੰਸਾਰਕ ਸਾਮੰਤੀ ਰਾਜ ਪ੍ਰਣਾਲੀ ਨੂੰ ਧਾਰਮਿਕ ਪਵਿਤਰਤਾ ਮਿਲੀ ਹੋਈ ਸੀ। ਇਸ ਤੋਂ ਇਲਾਵਾ, ਪਾਦਰੀ ਵਰਗ ਹੀ ਇਕੋ ਇਕ ਪੜ੍ਹੀ ਲਿਖੀ ਜਮਾਤ ਸੀ। ਇਸ ਲਈ ਇਹ ਸੁਭਾਵਿਕ ਹੀ ਸੀ ਕਿ ਚਰਚ ਦਾ ਮੱਤ ਸਾਰੇ ਚਿੰਤਨ ਦਾ ਆਰੰਭ-ਬਿੰਦੂ ਅਤੇ ਆਧਾਰ ਬਣਿਆ। ਕਾਨੂੰਨ-ਸ਼ਾਸਤ੍ਰ, ਪ੍ਰਾਕਿਰਤਕ ਵਿਗਿਆਨ, ਦਰਸ਼ਨ, ਹਰ ਗੱਲ ਵੱਲ ਵਤੀਰਾ ਇਹ ਸੋਚ ਕੇ ਧਾਰਨ ਕੀਤਾ ਜਾਂਦਾ ਕਿ ਉਸ ਦਾ ਵਿਸ਼ਾ-ਵਸਤੂ ਚਰਚ ਦੇ ਮੱਤਾਂ ਸਿਧਾਂਤਾਂ ਨਾਲ ਮੇਲ ਖਾਂਦਾ ਹੈ ਜਾਂ ਨਹੀਂ।

ਪਰ ਸਾਮੰਤਵਾਦ ਦੀ ਕੁੱਖ ਵਿਚ ਬੁਰਜੂਆਜ਼ੀ ਦੀ ਸੱਤਾ ਵਿਕਸਤ ਹੋ ਰਹੀ ਸੀ। ਵੱਡੇ ਭੂਮੀਪਤੀਆਂ ਦੇ ਵਿਰੋਧ ਵਿਚ ਇਕ ਨਵੀਂ ਜਮਾਤ ਸਾਮ੍ਹਣੇ ਆ ਗਈ ਸੀ।

---

* ਰੋਮ ਦੀ ਸ਼ਹਿਨਸ਼ਾਹੀ ਦੀਆਂ ਸੀਰੀਆਈ ਸਰਹੱਦਾਂ ਦੇ ਟਪਰੀਵਾਸ ਕਬੀਲੇ। — **ਅਨੁ :**

ਸ਼ਹਿਰਾਂ ਦੇ ਬਰਗਰ ਜਿਨਸਾਂ ਦੇ ਸਭ ਤੋਂ ਪਹਿਲੇ ਅਤੇ ਇਕੋ ਇਕ ਉਤਪਾਦਕ ਅਤੇ ਵਪਾਰੀ ਸਨ, ਜਦੋਂ ਕਿ ਸਾਮੰਤੀ ਉਤਪਾਦਨ ਪ੍ਰਣਾਲੀ ਮੂਲ ਰੂਪ ਵਿਚ ਇਕ ਸੀਮਤ ਹਲਕੇ ਅੰਦਰ ਪੈਦਾ ਹੁੰਦੇ ਉਤਪਾਦਨ ਦੇ ਸਵੈ-ਭੋਗ ਉਤੇ ਆਧਾਰਤ ਸੀ। ਇਸ ਉਪਜ ਦਾ ਇਕ ਹਿੱਸਾ ਉਤਪਾਦਕਾਂ ਅਤੇ ਇਕ ਹਿੱਸਾ ਸਾਮੰਤੀ ਪ੍ਰਭੂਆਂ ਦੀ ਖੱਪਤ ਵਿਚ ਜਾਂਦਾ ਸੀ ਜਿਹੜੇ ਉਹਨਾਂ ਤੇ ਭਾਰੀ ਟੈਕਸ ਲਾਉਂਦੇ ਸਨ। ਸਾਮੰਤਵਾਦ ਦੇ ਪੈਟਰਨ ਉਤੇ ਢਲਿਆ, ਕੈਥੋਲਿਕ ਸੰਸਾਰ ਦ੍ਰਿਸ਼ਟੀਕੋਣ ਇਸ ਨਵੀਂ ਜਮਾਤ ਲਈ ਅਤੇ ਉਤਪਾਦਨ ਤੇ ਵਟਾਂਦਰੇ ਦੀਆਂ ਇਸ ਦੀਆਂ ਨਵੀਆਂ ਪ੍ਰਸਥਿਤੀਆਂ ਲਈ ਹੁਣ ਕਾਫੀ ਨਹੀਂ ਸੀ। ਇਸ ਦੇ ਬਾਵਜੂਦ, ਇਹ ਨਵੀਂ ਜਮਾਤ ਲੰਮੇ ਸਮੇਂ ਤੱਕ ਸਰਬ-ਸ਼ਕਤੀਮਾਨ ਧਰਮ-ਸ਼ਾਸਤ੍ਰ ਦੇ ਬੰਧਨਾਂ ਵਿਚ ਕੈਦ ਰਹੀ। ੧੩-ਵੀਂ ਸਦੀ ਤੋਂ ੧੭-ਵੀਂ ਸਦੀ ਤੱਕ ਸਾਰੀਆਂ ਹੀ ਸੁਧਾਰ ਲਹਿਰਾਂ ਅਤੇ ਸੰਗਰਾਮ, ਜੋ ਇਹਨਾਂ ਨਾਲ ਸੰਬੰਧਤ ਧਾਰਮਿਕ ਨਾਹਰਿਆਂ ਹੇਠ ਚਲੇ, ਸਿਧਾਂਤਕ ਪੱਖ ਤੋਂ ਸ਼ਹਿਰਾਂ ਦੇ ਬਰਗਰਾਂ ਅਤੇ ਨਿਮਨ-ਵਰਗਾਂ ਵਲੋਂ ਅਤੇ ਉਹਨਾਂ ਕਿਸਾਨਾਂ ਵਲੋਂ ਜਿਹੜੇ ਇਹਨਾਂ ਦੋਹਾਂ ਦੇ ਸੰਪਰਕ ਵਿਚ ਆ ਕੇ ਬਾਗੀ ਹੋ ਗਏ ਸਨ, ਪੁਰਾਣੇ ਧਰਮ-ਸ਼ਾਸਤ੍ਰਿਕ ਸੰਸਾਰ ਦ੍ਰਿਸ਼ਟੀਕੋਣ ਨੂੰ ਬਦਲੀਆਂ ਆਰਥਕ ਪ੍ਰਸਥਿਤੀਆਂ ਅਤੇ ਨਵੀਂ ਜਮਾਤ ਦੇ ਜੀਵਨ ਦੀਆਂ ਹਾਲਤਾਂ ਦੇ ਅਨੁਕੂਲ ਬਣਾਉਣ ਲਈ ਬਾਰ ਬਾਰ ਕੀਤੇ ਜਤਨਾਂ ਤੋਂ ਬਿਨਾਂ ਕੁਝ ਨਹੀਂ ਸੀ, ਪਰ ਇਹ ਨਾ ਹੋ ਸਕਿਆ। ਧਰਮ ਦਾ ਝੰਡਾ ਇੰਗਲੈਂਡ ਵਿਚ ੧੭-ਵੀਂ ਸਦੀ ਵਿਚ ਆਖਰੀ ਵਾਰ ਝੁਲਿਆ ਸੀ, ਅਤੇ ਮਸਾਂ ਪੰਜਾਹ ਵਰ੍ਹੇ ਮਗਰੋਂ ਹੀ ਫ਼ਰਾਂਸ ਵਿਚ ਨਵਾਂ ਸੰਸਾਰ ਦ੍ਰਿਸ਼ਟੀਕੋਣ ਬਿਨਾਂ ਕਿਸੇ ਓਹਲੇ ਪਰਦੇ ਦੇ ਸਾਮ੍ਹਣੇ ਆ ਗਿਆ, ਜਿਸ ਨੇ ਬੁਰਜੂਆਜ਼ੀ ਦਾ ਕਲਾਸੀਕੀ ਦ੍ਰਿਸ਼ਟੀਕੋਣ, **ਕਾਨੂੰਨੀ ਸੰਸਾਰ ਦ੍ਰਿਸ਼ਟੀਕੋਣ**, ਬਣਨਾ ਸੀ।

ਇਹ ਧਰਮ-ਸ਼ਾਸਤ੍ਰਿਕ ਦ੍ਰਿਸ਼ਟੀਕੋਣ ਨੂੰ ਸੰਸਾਰਕ ਬਣਾਉਣਾ ਸੀ। ਮਨੁਖੀ ਅਧਿਕਾਰ ਨੇ ਮੱਤ ਦੀ, ਦੈਵੀ ਅਧਿਕਾਰ ਦੀ ਥਾਂ ਲੈ ਲਈ, ਰਾਜ ਨੇ ਚਰਚ ਦੀ ਥਾਂ ਲੈ ਲਈ। ਜਿਨ੍ਹਾਂ ਆਰਥਕ ਤੇ ਸਮਾਜਕ ਪ੍ਰਸਥਿਤੀਆਂ ਨੂੰ ਚਰਚ ਅਤੇ ਮੱਤ ਵਲੋਂ ਸਿਰਜਿਆ ਸਮਝਿਆ ਜਾਂਦਾ ਸੀ ਕਿਉਂਕਿ ਉਹਨਾਂ ਨੂੰ ਚਰਚ ਦੀ ਪ੍ਰਵਾਨਗੀ ਮਿਲੀ ਹੋਈ ਸੀ, ਹੁਣ ਉਹਨਾਂ ਨੂੰ ਕਾਨੂੰਨ ਉਤੇ ਆਧਾਰਤ ਅਤੇ ਰਾਜ ਵਲੋਂ ਸਿਰਜਿਆ ਸਮਝਿਆ ਜਾਣ ਲਗਾ। ਕਿਉਂਕਿ ਸਮਾਜਕ ਪਧਰ ਤੇ ਇਸ ਦੇ ਪੂਰਨ ਵਿਕਾਸ ਵਿਚ ਜਿਨਸ ਵਟਾਂਦਰਾ, ਖਾਸ ਕਰਕੇ ਪੇਸ਼ਗੀ ਅਤੇ ਹੁਦਾਰ ਰਾਹੀਂ, ਗੁੰਝਲਦਾਰ ਪ੍ਰਸਪਰ ਮੁਆਇਦੇ ਦੇ ਰਿਸ਼ਤੇ ਪੈਦਾ ਕਰਦਾ ਹੈ ਅਤੇ ਇਸ ਲਈ ਵਿਆਪਕ ਰੂਪ ਵਿਚ ਲਾਗੂ ਹੋ ਸਕਣ ਵਾਲੇ ਨੇਮਾਂ ਦੀ ਮੰਗ ਕਰਦਾ ਹੈ ਜਿਹੜੇ ਕੇਵਲ ਭਾਈਚਾਰਾ ਹੀ ਮੁਹਈਆ ਕਰ ਸਕਦਾ ਹੈ—ਰਾਜ ਵਲੋਂ ਨਿਸਚਿਤ ਕਾਨੂੰਨੀ ਮਿਆਰ—ਇਸ ਲਈ ਇਹ ਕਲਪਨਾ ਕੀਤੀ ਗਈ ਕਿ ਕਾਨੂੰਨ ਦੇ ਇਹ ਮਿਆਰ ਆਰਥਕ ਤੱਥਾਂ

ਵਿਚੋਂ ਨਹੀਂ ਸਗੋਂ ਰਾਜ ਵਲੋਂ ਰਸਮੀ ਸਥਾਪਤੀ ਵਿਚੋਂ ਜਨਮੇ ਹਨ। ਅਤੇ ਕਿਉਂਕਿ ਮੁਕਾਬਲਾ, ਜੋ ਆਜ਼ਾਦ ਜਿਨਸ ਉਤਪਾਦਕਾਂ ਦੇ ਵਪਾਰ ਦਾ ਬੁਨਿਆਦੀ ਰੂਪ ਹੈ, ਸਭ ਤੋਂ ਵੱਡਾ ਬਰਾਬਰੀ ਲਿਆਉਣ ਵਾਲਾ ਹੈ, ਇਸ ਲਈ ਕਾਨੂੰਨ ਅੱਗੇ ਬਰਾਬਰੀ ਬੁਰਜੂਆਜ਼ੀ ਦਾ ਮੁਖ ਨਾਹਰਾ ਬਣ ਗਈ। ਸਾਮੰਤੀ ਪ੍ਰਭੂਆਂ ਅਤੇ ਨਿਰੰਕੁਸ਼ ਰਾਜਤੰਤਰ ਜਿਹੜਾ ਉਸ ਵੇਲੇ ਉਹਨਾਂ ਦੀ ਰਖਿਆ ਕਰਦਾ ਸੀ, ਵਿਰੁਧ ਇਸ ਨਵੀਂ ਉਠ ਰਹੀ ਜਮਾਤ ਦਾ ਸੰਗਰਾਮ ਹਰ ਜਮਾਤੀ ਸੰਗਰਾਮ ਵਾਂਗ, ਰਾਜਨੀਤਕ ਸੰਗਰਾਮ ਹੀ ਹੋਣਾ ਸੀ, ਰਾਜ ਦੇ ਮਾਲਕ ਬਣਨ ਦਾ ਸੰਗਰਾਮ ਹੀ ਹੋਣਾ ਸੀ, ਅਤੇ **ਕਾਨੂੰਨੀ ਮੰਗਾਂ** ਰਖਕੇ ਹੀ ਲੜਿਆ ਜਾਣਾ ਸੀ। ਇਸ ਹਕੀਕਤ ਨੇ ਕਾਨੂੰਨੀ ਦ੍ਰਿਸ਼ਟੀਕੋਣ ਨੂੰ ਮਜ਼ਬੂਤ ਕਰਨ ਵਿਚ ਹਿੱਸਾ ਪਾਇਆ।

ਪਰ ਬੁਰਜੂਆਜ਼ੀ ਨੇ ਆਪਣਾ ਨਕਾਰਾਤਮਕ ਪ੍ਰਤਿ-ਰੂਪ, ਪ੍ਰੋਲਤਾਰੀ ਪੈਦਾ ਕਰ ਦਿਤਾ, ਅਤੇ ਇਸ ਦੇ ਨਾਲ ਹੀ ਇਕ ਨਵਾਂ ਜਮਾਤੀ ਸੰਗਰਾਮ ਜਿਹੜਾ ਬੁਰਜੂਆਜ਼ੀ ਵਲੋਂ ਰਾਜਨੀਤਕ ਸੱਤਾ ਉਤੇ ਪੂਰੀ ਤਰ੍ਹਾਂ ਕਬਜ਼ਾ ਕਰਨ ਤੋਂ ਪਹਿਲਾਂ ਹੀ ਛਿੜ ਪਿਆ। ਜਿਵੇ ਆਪਣੇ ਵੇਲੇ ਬੁਰਜੂਆਜ਼ੀ ਨੇ ਰਾਠਸ਼ਾਹੀ ਦੇ ਖਿਲਾਫ ਆਪਣੀ ਲੜਾਈ ਵਿਚ ਕੁਝ ਚਿਰ ਵਾਸਤੇ ਰਵਾਇਤ ਦੇ ਜ਼ੋਰ ਨਾਲ ਧਰਮ-ਸ਼ਾਸਤ੍ਰਿਕ ਦ੍ਰਿਸ਼ਟੀਕੋਣ ਨੂੰ ਆਪਣੇ ਨਾਲ ਘਸੀਟ ਲਿਆ ਸੀ, ਉਸੇ ਹੀ ਤਰ੍ਹਾਂ ਪਹਿਲਾਂ ਪਹਿਲ ਪ੍ਰੋਲਤਾਰੀ ਨੇ ਆਪਣੇ ਵਿਰੋਧੀ ਕੋਲੋਂ ਕਾਨੂੰਨੀ ਦ੍ਰਿਸ਼ਟੀਕੋਣ ਲੈ ਲਿਆ ਅਤੇ ਬੁਰਜੂਆਜ਼ੀ ਦੇ ਵਿਰੁਧ ਇਸ ਨੂੰ ਹਥਿਆਰ ਬਣਾਕੇ ਵਰਤਿਆ। ਪ੍ਰੋਲਤਾਰੀ ਪਾਰਟੀ ਅਤੇ ਉਹਨਾਂ ਦੇ ਸਿਧਾਂਤਕ ਪ੍ਰਤਿਨਿਧਾਂ ਦੇ ਪਹਿਲੇ ਤੱਤ ਪੂਰੀ ਤਰ੍ਹਾਂ "ਕਾਨੂੰਨ ਦੇ" ਕਾਨੂੰਨੀ "ਆਧਾਰ" ਉਤੇ ਖੜੇ ਰਹੇ, ਕੇਵਲ ਇਸ ਫਰਕ ਨਾਲ ਕਿ ਉਹਨਾਂ ਨੇ ਆਪਣੇ ਵਾਸਤੇ "ਕਾਨੂੰਨ" ਦਾ ਜੋ "ਆਧਾਰ" ਖੜਾ ਕੀਤਾ ਉਹ ਬੁਰਜੂਆਜ਼ੀ ਦੇ ਆਧਾਰ ਨਾਲੋਂ ਵਖਰਾ ਸੀ। ਇਕ ਪਾਸੇ ਬਰਾਬਰੀ ਦੀ ਮੰਗ ਨੂੰ ਇਸ ਤਰ੍ਹਾਂ ਵਿਸਥਾਰਿਆ ਗਿਆ ਕਿ ਸਮਾਜਕ ਬਰਾਬਰੀ ਕਾਨੂੰਨੀ ਬਰਾਬਰੀ ਦੀ ਪੂਰਕ ਬਣ ਜਾਏ; ਦੂਜੇ ਪਾਸੇ ਐਡਮ ਸਮਿਥ ਦੇ ਇਸ ਪ੍ਰਸਤਾਵ ਤੋਂ ਕਿ ਕਿਰਤ ਸਾਰੀ ਦੌਲਤ ਦਾ ਸੋਮਾ ਹੈ ਪਰ ਕਿਰਤ ਦਾ ਫਲ ਭੂਮੀਪਤੀ ਅਤੇ ਪੂੰਜੀਪਤੀ ਨਾਲ ਵੰਡਿਆ ਜਾਣਾ ਚਾਹੀਦਾ ਹੈ ਇਹ ਨਿਰਣਾ ਕੱਢਿਆ ਗਿਆ ਕਿ ਇਹ ਵੰਡ ਨਾਜਾਇਜ਼ ਸੀ ਅਤੇ ਇਸ ਨੂੰ ਜਾਂ ਤਾਂ ਖ਼ਤਮ ਕਰਨਾ ਚਾਹੀਦਾ ਹੈ ਜਾਂ ਇਸ ਨੂੰ ਮਜ਼ਦੂਰ ਦੇ ਹੱਕ ਵਿਚ ਸੋਧਿਆ ਜਾਣਾ ਚਾਹੀਦਾ ਹੈ। ਪਰ ਇਸ ਅਹਿਸਾਸ ਦਾ ਕਿ ਇਸ ਸਵਾਲ ਨੂੰ "ਕਾਨੂੰਨ ਦੇ" ਮਹਿਜ਼ ਕਾਨੂੰਨੀ "ਆਧਾਰ" ਉਤੇ ਛਡਿਆਂ ਉਤਪਾਦਨ ਦੀ ਬੁਰਜੂਆ-ਪੂੰਜੀਪਤੀ ਪ੍ਰਣਾਲੀ, ਅਰਥਾਤ, ਵੱਡੇ ਪੈਮਾਨੇ ਦੀ ਸਨਅਤ ਉਤੇ ਆਧਾਰਤ ਉਤਪਾਦਨ ਪ੍ਰਣਾਲੀ ਵਲੋਂ ਪੈਦਾ ਕੀਤੀਆਂ ਭੈੜੀਆਂ ਪ੍ਰਸਥਿਤੀਆਂ ਦਾ ਖਾਤਮਾ ਕਿਸੇ ਵੀ ਤਰ੍ਹਾਂ ਸੰਭਵ ਨਹੀਂ, ਓਦੋਂ ਹੀ ਇਹ ਸਿੱਟਾ ਨਿਕਲਿਆ ਕਿ ਮੁਢਲੇ ਸੋਸ਼ਲਿਸਟਾਂ

ਵਿਚੋਂ ਵੱਡੇ ਚਿੰਤਕ —ਸੈਂਤ ਸਾਈਮਨ, ਫੂਰਯੇ ਅਤੇ ਓਵਨ— ਕਾਨੂੰਨੀ-ਰਾਜਸੀ ਖੇਤਰ ਪੂਰੀ ਤਰ੍ਹਾਂ ਛਡ ਗਏ ਅਤੇ ਕੁਲ ਰਾਜਸੀ ਸੰਗਰਾਮ ਨੂੰ ਵਿਅਰਥ ਐਲਾਨ ਕਰ ਦਿਤਾ।

ਇਹ ਦੋਵੇਂ ਦ੍ਰਿਸ਼ਟੀਕੋਣ ਆਰਥਕ ਪ੍ਰਸਥਿਤੀਆਂ ਦੀ ਪੈਦਾ ਕੀਤੀ ਮਜ਼ਦੂਰ ਜਮਾਤ ਦੀ ਮੁਕਤੀ ਦੀ ਇਛਾ ਨੂੰ ਢੁਕਵੇਂ ਰੂਪ ਵਿਚ ਪ੍ਰਗਟ ਕਰਨ ਅਤੇ ਪੂਰੀ ਤਰ੍ਹਾਂ ਕਲਾਵੇ ਵਿਚ ਲੈਣ ਤੋਂ ਇਕੋ ਜਿਹੇ ਹੀ ਗੈਰ-ਤਸਲੀਬਖ਼ਸ਼ ਸਨ। ਕਿਰਤ ਦੇ ਪੂਰੇ ਫਲ ਦੀ ਮੰਗ ਅਤੇ ਇਸੇ ਹੀ ਤਰ੍ਹਾਂ ਬਰਾਬਰੀ ਦੀ ਮੰਗ, ਜਿਉਂ ਹੀ ਇਹਨਾਂ ਨੂੰ ਕਾਨੂੰਨੀ ਢੰਗ ਨਾਲ ਵਿਸਥਾਰ ਵਿਚ ਸੂਤਰਬੱਧ ਕੀਤਾ ਗਿਆ, ਅਮਿਟ ਅੰਤਰ-ਵਿਰੋਧਾਂ ਵਿਚ ਗੁਆਚ ਗਈਆਂ ਅਤੇ ਬੁਨਿਆਦੀ ਸਵਾਲ— ਉਤਪਾਦਨ ਦੀ ਪ੍ਰਣਾਲੀ ਦੀ ਕਾਇਆ-ਪਲਟੀ— ਵਧ ਜਾਂ ਘਟ ਅਛੂਤਾ ਹੀ ਰਹਿ ਗਿਆ। ਮਹਾਨ ਯੂਟੋਪੀਆਈਆਂ ਵਲੋਂ ਰਾਜਨੀਤਕ ਸੰਗਰਾਮ ਨੂੰ ਰੱਦ ਕਰਨਾ ਨਾਲ ਹੀ ਜਮਾਤੀ ਸੰਗਰਾਮ ਨੂੰ, ਅਰਥਾਤ, ਉਸ ਜਮਾਤ ਦੀ ਸਰਗਰਮੀ ਦੇ ਇਕੋ ਇਕ ਰੂਪ ਨੂੰ ਵੀ ਰੱਦ ਕਰਨਾ ਸੀ ਜਿਸ ਜਮਾਤ ਦੇ ਹਿਤਾਂ ਦੇ ਉਹ ਪ੍ਰਤਿਨਿਧ ਸਨ। ਦੋਵੇਂ ਹੀ ਦ੍ਰਿਸ਼ਟੀਕੋਣ ਉਸ ਇਤਿਹਾਸਕ ਪਿਛੋਕੜ ਨੂੰ ਜਿਸ ਦਾ ਸਦਕਾ ਉਹ ਵਜੂਦ ਵਿਚ ਆਏ ਸਨ, ਅਮੂਰਤ ਬਣਾਉਂਦੇ ਸਨ, ਦੋਵੇਂ ਹੀ ਭਾਵਨਾ ਨੂੰ ਟੁੰਬਦੇ ਸਨ: ਕੋਈ ਇਨਸਾਫ ਦੀ ਭਾਵਨਾ ਨੂੰ, ਕੋਈ ਮਨੁਖਤਾ ਦੀ ਭਾਵਨਾ ਨੂੰ; ਦੋਵਾਂ ਨੇ ਆਪਣੀਆਂ ਮੰਗਾਂ ਨੂੰ ਅਜਿਹੀਆਂ ਪਵਿਤਰ ਇਛਾਵਾਂ ਦੇ ਵਸਤਰ ਪੁਆ ਦਿਤੇ ਜਿਨ੍ਹਾਂ ਬਾਰੇ ਇਹ ਨਹੀਂ ਸੀ ਆਖਿਆ ਜਾ ਸਕਦਾ ਕਿ ਉਹਨਾਂ ਨੂੰ ਓਦੋਂ ਹੀ ਪੂਰਾ ਕੀਤਾ ਜਾਣਾ ਕਿਉਂ ਜ਼ਰੂਰੀ ਸੀ ਅਤੇ ਇਕ ਹਜ਼ਾਰ ਵਰ੍ਹੇ ਪਹਿਲਾਂ ਜਾਂ ਬਾਅਦ ਕਿਉਂ ਨਹੀਂ।

ਮਜ਼ਦੂਰ ਜਮਾਤ, ਜਿਹੜੀ ਸਾਮੰਤੀ ਉਤਪਾਦਨ ਪ੍ਰਣਾਲੀ ਦੇ ਪੂੰਜੀਵਾਦੀ ਪ੍ਰਣਾਲੀ ਵਿਚ ਬਦਲ ਜਾਣ ਨਾਲ ਉਤਪਾਦਨ ਦੇ ਸਾਧਨਾਂ ਦੀ ਕੁਲ ਮਾਲਕੀਅਤ ਤੋਂ ਵਿਰਵੀ ਹੋ ਗਈ ਅਤੇ ਜਿਹੜੀ ਪੂੰਜੀਵਾਦੀ ਉਤਪਾਦਨ ਪ੍ਰਣਾਲੀ ਦੀ ਮੇਕਾਨੀਅਤ ਦੁਆਰਾ ਜਾਇਦਾਦ-ਹੀਨਤਾ ਦੀ ਜੱਦੀ ਪੁਸ਼ਤੀ ਅਵਸਥਾ ਵਿਚ ਲਗਾਤਾਰ ਨਵੇ ਸਿਰੋਂ ਪੈਦਾ ਹੋ ਰਹੀ ਹੈ, ਬੁਰਜੂਆਜ਼ੀ ਦੇ ਕਾਨੂੰਨੀ ਭੁਲਾਂਦਰਿਆਂ ਵਿਚ ਆਪਣੀ ਰਹਿਣ ਸਹਿਣ ਦੀ ਹਾਲਤ ਦਾ ਸੰਪੂਰਨ ਪ੍ਰਗਟਾਵਾ ਨਹੀਂ ਵੇਖ ਸਕਦੀ। ਇਹ ਜੀਵਨ ਦੀ ਉਸ ਹਾਲਤ ਨੂੰ ਆਪ ਪੂਰੀ ਤਰ੍ਹਾਂ ਕੇਵਲ ਤਾਂ ਹੀ ਜਾਣ ਸਕਦੀ ਹੈ ਜੇ ਇਹ ਕਾਨੂੰਨੀ ਰੰਗ ਦੀਆਂ ਐਨਕਾਂ ਤੋਂ ਬਗ਼ੈਰ ਚੀਜ਼ਾਂ ਨੂੰ ਉਹਨਾਂ ਦੇ ਯਥਾਰਥ ਵਿਚ ਵੇਖੇ। ਪਰ ਮਾਰਕਸ ਨੇ ਇਤਿਹਾਸ ਦੇ ਆਪਣੇ ਪਦਾਰਥਵਾਦੀ ਸੰਕਲਪ ਨਾਲ, ਇਸ ਗੱਲ ਦਾ ਸਬੂਤ ਦੇ ਕੇ ਅਜਿਹਾ ਕਰਨ ਵਿਚ ਮਦਦ ਕੀਤੀ ਕਿ ਮਨੁਖ ਦੇ ਕਾਨੂੰਨ ਸੰਬੰਧੀ, ਰਾਜਨੀਤਕ, ਦਾਰਸ਼ਨਿਕ, ਧਾਰਮਿਕ ਅਤੇ ਦੂਜੇ ਸਭ ਵਿਚਾਰ ਅੰਤਮ ਵਿਸ਼ਲੇਸ਼ਣ ਵਿਚ ਉਸ ਦੇ ਜੀਵਨ ਦੀਆਂ ਆਰਥਕ ਪ੍ਰਸਥਿਤੀਆਂ ਵਿਚੋਂ, ਉਸ ਦੀ ਉਤਪਾਦਨ

ਪ੍ਰਣਾਲੀ ਅਤੇ ਉਪਜ ਦੀ ਵਟਾਂਦਰਾ ਪ੍ਰਣਾਲੀ ਵਿਚੋਂ ਜਨਮ ਲੈਂਦੇ ਹਨ। ਇਕ ਪ੍ਰਕਾਰ ਉਸ ਨੇ ਉਹ ਸੰਸਾਰ ਦ੍ਰਿਸ਼ਟੀਕੋਣ ਮੁਹਈਆ ਕੀਤਾ ਜਿਹੜਾ ਪ੍ਰੋਲਤਾਰੀ ਦੇ ਜੀਵਨ ਤੇ ਸੰਗਰਾਮ ਦੀਆਂ ਪ੍ਰਸਥਿਤੀਆਂ ਦੇ ਅਨੁਸਾਰੀ ਹੈ। ਮਜ਼ਦੂਰਾਂ ਦੇ ਦਿਮਾਗਾਂ ਵਿਚ ਭੁਲਾਂਦਰਿਆਂ ਦੀ ਅਣਹੋਂਦ ਹੀ ਉਹਨਾਂ ਦੀ ਜਾਇਦਾਦ ਦੀ ਅਣਹੋਂਦ ਦੇ ਅਨੁਸਾਰੀ ਹੈ। ਅਤੇ ਇਹ ਪ੍ਰੋਲਤਾਰੀ ਸੰਸਾਰ ਦ੍ਰਿਸ਼ਟੀਕੋਣ ਹੁਣ ਸਾਰੇ ਸੰਸਾਰ ਵਿਚ ਫੈਲ ਰਿਹਾ ਹੋ ਸਕਦੀ ਸੀ ਹੈ।

੧੮੮੬ ਦੇ ਨਵੰਬਰ ਅਤੇ
ਦਸੰਬਰ ਦੇ ਸ਼ੁਰੂ ਵਿਚ ਲਿਖਿਆ
ਗਿਆ

ਮੂਲ ਪਾਠ ਜਰਮਨ ਵਿਚ ਹੈ

# ਏਂਗਲਜ਼ ਵਲੋਂ ਯ. ਬਲੋਖ਼ ਦੇ ਨਾਂ

## ਕਿਓਨਿਗਜ਼ਬਰਗ ਵਿਚ

ਲੰਦਨ, ੨੧-੨੨ ਸਤੰਬਰ, ੧੮੯੦

...ਮੈਂ ਤੁਹਾਡੇ ਪਹਿਲੇ ਮੁਖ ਕਥਨ ਉਤੇ ਨਿਮਨਲਿਖਤ ਸ਼ਰਤ ਲਾਉਂਦਾ ਹਾਂ: ਇਤਿਹਾਸ ਦੇ ਪਦਾਰਥਵਾਦੀ ਸੰਕਲਪ ਅਨੁਸਾਰ, ਇਤਿਹਾਸ ਵਿਚ **ਅੰਤਮ ਤੌਰ ਤੇ** ਨਿਰਣਾਇਕ ਅਨਸਰ ਅਸਲ ਜੀਵਨ ਦਾ ਉਤਪਾਦਨ ਅਤੇ ਪੁਨਰ-ਉਤਪਾਦਨ ਹੈ। ਇਸ ਤੋਂ ਵਧ ਦਾਹਵਾ ਨਾ ਮਾਰਕਸ ਨੇ ਅਤੇ ਨਾ ਹੀ ਮੈਂ ਕਦੇ ਕੀਤਾ ਹੈ। ਇਸ ਲਈ ਜੇ ਕੋਈ ਇਸ ਨੂੰ ਮਰੋੜ ਕੇ ਇਹ ਆਖੇ ਕਿ ਆਰਥਕ ਅਨਸਰ **ਇਕੋ ਇਕ** ਨਿਰਣਾਇਕ ਅਨਸਰ ਹੈ, ਤਾਂ ਉਹ ਉਤਲੇ ਪ੍ਰਸਤਾਵ ਨੂੰ ਇਕ ਅਰਥਹੀਣ, ਅਮੂਰਤ ਅਤੇ ਬੇਹੂਦਾ ਵਾਕੰਸ਼ ਵਿਚ ਬਦਲ ਦੇਂਦਾ ਹੈ। ਆਰਥਕ ਸਥਿਤੀ ਆਧਾਰ ਹੈ, ਪਰ ਉਤਲੇ ਢਾਂਚੇ ਦੇ ਭਿੰਨ ਭਿੰਨ ਤੱਤ — ਜਮਾਤੀ ਸੰਗਰਾਮ ਦੇ ਰਾਜਨੀਤਕ ਰੂਪ ਅਤੇ ਇਸ ਦੇ ਸਿੱਟੇ, ਜਿਵੇਂ ਕਿ ਸਫਲ ਲੜਾਈ ਤੋਂ ਪਿਛੋਂ ਜੇਤੂ ਜਮਾਤ ਵਲੋਂ ਸਥਾਪਤ ਕੀਤਾ ਰਾਜਕੀ ਪ੍ਰਬੰਧ, ਆਦਿ, ਕਾਨੂੰਨੀ ਰੂਪ, ਅਤੇ ਖਾਸ ਕਰਕੇ ਹਿੱਸਾ ਲੈਣ ਵਾਲਿਆਂ ਦੇ ਦਿਮਾਗਾਂ ਵਿਚ ਇਹਨਾਂ ਸਾਰੇ ਅਸਲ ਸੰਗਰਾਮਾਂ ਦੇ ਪ੍ਰਤਿਬਿੰਬ, ਰਾਜਨੀਤਕ, ਕਾਨੂੰਨੀ, ਦਾਰਸ਼ਨਿਕ ਸਿਧਾਂਤ, ਧਾਰਮਿਕ ਦ੍ਰਿਸ਼ਟੀਕੋਣ ਅਤੇ ਉਹਨਾਂ ਦਾ ਮੱਤਾਂ ਦੀਆਂ ਪ੍ਰਣਾਲੀਆਂ ਵਿਚ ਅਗਲੇਰਾ ਵਿਕਾਸ — ਵੀ ਇਤਿਹਾਸਕ ਸੰਗਰਾਮਾਂ ਦੇ ਧਾਰੇ ਉਤੇ ਆਪਣਾ ਅਸਰ ਪਾਉਂਦੇ ਹਨ ਅਤੇ ਕਈ ਹਾਲਤਾਂ ਵਿਚ ਖਾਸ ਕਰਕੇ ਉਹਨਾਂ ਦਾ **ਰੂਪ** ਨਿਸਚਿਤ ਕਰਦੇ ਹਨ। ਇਹ ਸਾਰੇ ਤੱਤ ਇਕ ਦੂਜੇ ਨੂੰ ਪ੍ਰਸਪਰ ਪ੍ਰਭਾਵਤ ਕਰਦੇ ਹਨ ਜਿਨ੍ਹਾਂ ਵਿਚ, ਸੰਬਬਾਂ ਦੀ ਅਮੁਕ ਭੀੜ ਵਿਚ (ਅਰਥਾਤ, ਉਹਨਾਂ ਗੱਲਾਂ ਅਤੇ ਘਟਨਾਵਾਂ ਦੀ ਜਿਨ੍ਹਾਂ ਅੰਦਰਲਾ ਪ੍ਰਸਪਰ ਸੰਬੰਧ ਪ੍ਰਮਾਣ ਤੋਂ ਇੰਨਾ ਦੁਰੇਡਾ ਜਾਂ ਇੰਨਾ ਅਸੰਭਵ ਹੁੰਦਾ ਹੈ ਕਿ ਅਸੀਂ ਇਸ ਨੂੰ ਅਣਹੋਇਆ ਸਮਝ ਸਕਦੇ ਅਤੇ ਅਖੋਂ ਪਰੋਖਾ ਕਰ ਸਕਦੇ ਹਾਂ), ਆਰਥਕ ਗਤੀ ਦਾ ਅੰਤਮ ਰੂਪ ਵਿਚ ਆਪਣੇ ਆਪ ਨੂੰ ਪ੍ਰਬਲ ਸਿਧ ਕਰਨਾ ਜ਼ਰੂਰੀ ਹੈ। ਵਰਨਾ ਇਤਿਹਾਸ ਦੇ ਕਿਸੇ ਵੀ ਦੌਰ ਉਤੇ ਸਿਧਾਂਤ ਲਾਗੂ ਕਰਨਾ ਪਹਿਲੇ ਦਰਜੇ ਦੇ ਸਰਲ ਸਮੀਕਰਣ ਨੂੰ ਹੱਲ ਕਰਨ ਨਾਲੋਂ ਵਧੇਰੇ ਸੌਖਾ ਹੁੰਦਾ।

ਅਸੀਂ ਆਪਣੇ ਇਤਿਹਾਸ ਦੀ ਸਿਰਜਣਾ ਆਪ ਕਰਦੇ ਹਾਂ, ਪਰ, ਸਭ ਤੋਂ

ਪਹਿਲੀ ਥਾਏਂ, ਨਿਸਚਿਤ ਮਾਨਤਾਵਾਂ ਅਤੇ ਪ੍ਰਸਥਿਤੀਆਂ ਦੇ ਅਧੀਨ ਅਜਿਹਾ ਕਰਦੇ ਹਾਂ। ਇਹਨਾਂ ਵਿਚਕਾਰ ਆਰਥਕ ਮਾਨਤਾਵਾਂ ਤੇ ਪ੍ਰਸਥਿਤੀਆਂ ਅੰਤਮ ਰੂਪ ਵਿਚ ਨਿਰਣਾਇਕ ਹਨ। ਪਰ ਰਾਜਨੀਤਕ ਮਾਨਤਾਵਾਂ ਅਤੇ ਪ੍ਰਸਥਿਤੀਆਂ ਆਦਿ, ਅਤੇ ਨਿਰਸੰਦੇਹ ਉਹ ਪਰੰਪਰਾਵਾਂ ਵੀ ਜਿਹੜੀਆਂ ਮਨੁਖੀ ਮਨ ਤੇ ਸਵਾਰ ਰਹਿੰਦੀਆਂ ਹਨ ਰੋਲ ਅਦਾ ਕਰਦੀਆਂ ਹਨ, ਭਾਵੇਂ ਇਹ ਨਿਰਣਾਇਕ ਨਹੀਂ ਹੁੰਦਾ। ਪਰੂਸ਼ੀਆਈ ਰਾਜ ਦਾ ਜਨਮ ਅਤੇ ਵਿਕਾਸ ਵੀ ਇਤਿਹਾਸਕ, ਅੰਤਮ ਰੂਪ ਵਿਚ ਆਰਥਕ, ਕਾਰਨਾਂ ਕਰਕੇ ਹੋਇਆ। ਪਰ ਇਹ ਦਾਹਵਾ ਕਰਨਾ ਪੰਡਤਾਊਪੁਣੇ ਤੋਂ ਵੱਧ ਕੁਝ ਨਹੀਂ ਹੋਵੇਗਾ ਕਿ ਉਤਰੀ ਜਰਮਨੀ ਦੇ ਕਈ ਨਿੱਕੇ ਨਿੱਕੇ ਰਾਜਾਂ ਵਿਚਾਲੇ, ਠੀਕ ਬ੍ਰਾਂਡਨਬਰਗ ਨੇ ਹੀ ਆਰਥਕ, ਭਾਸ਼ਾਈ ਅਤੇ, ਧਰਮ-ਸੁਧਾਰ ਲਹਿਰ ਮਗਰੋਂ, ਉਤਰ ਅਤੇ ਦਖਣ ਵਿਚਕਾਰ ਧਾਰਮਿਕ ਅੰਤਰਾਂ ਨੂੰ ਸਾਕਾਰ ਕਰਨ ਵਾਲੀ ਵੱਡੀ ਸੱਤਾ ਇਸ ਲਈ ਬਣਨਾ ਸੀ, ਕਿਉਂਕਿ ਇਹ ਆਰਥਕ ਲੋੜ ਸੀ ਅਤੇ ਇਸ ਦਾ ਕਾਰਨ ਹੋਰ ਅਨਸਰ ਨਹੀਂ ਸਨ (ਸਭ ਤੋਂ ਪਹਿਲਾਂ ਪਰੂਸ਼ੀਆ ਦੇ ਮਾਲਕ ਹੋਣ ਕਾਰਨ, ਪੋਲੈਂਡ ਨਾਲ, ਅਤੇ ਇਸ ਕਾਰਨ ਅੰਤਰਰਾਸ਼ਟਰੀ ਰਾਜਨੀਤਕ ਸੰਬੰਧਾਂ ਨਾਲ ਝਮੇਲਾ— ਜਿਹੜੇ ਨਿਰਸੰਦੇਹ ਆਸਟਰਵੀ ਵੰਸ਼ ਸੱਤਾ ਦੀ ਰਚਨਾ ਕਰਨ ਵਿਚ ਵੀ ਨਿਰਣਾਇਕ ਸਨ)। ਜਰਮਨੀ ਦੇ ਬੀਤੇ ਅਤੇ ਵਰਤਮਾਨ ਵਿਚ, ਹਰ ਛੋਟੇ ਰਾਜ ਦੀ ਹੋਂਦ ਦੀ ਅਰਥ-ਸ਼ਾਸਤ੍ਰ ਦੀ ਦ੍ਰਿਸ਼ਟੀ ਤੋਂ ਵਿਆਖਿਆ ਕਰਨਾ, ਆਪਣੇ ਆਪ ਨੂੰ ਹਾਸੋਹੀਣਾ ਬਣਾਏ ਬਿਨਾਂ, ਸੰਭਵ ਨਹੀਂ, ਨਾ ਹੀ ਉੱਚ ਜਰਮਨ ਭਾਸ਼ਾ ਦੇ ਵਿਅੰਜਨ-ਬਦਲੀ ਦੇ ਮੂਲ ਦੀ ਵਿਆਖਿਆ ਕਰਨਾ ਸੰਭਵ ਹੈ, ਜਿਸ ਨੇ ਸੂਡੇਟ ਪਹਾੜਾਂ ਤੋਂ ਲੈਕੇ ਟਾਊਨਸ ਤੱਕ, ਪਹਾੜੀ ਸਿਲਸਲਿਆਂ ਦੀ ਪੈਦਾ ਕੀਤੀ ਭੂਗੋਲਿਕ ਵੰਡ ਨੂੰ ਚੌੜਾ ਕਰਕੇ, ਜਰਮਨੀ ਦੇ ਆਰ-ਪਾਰ ਜਾਂਦੀ ਇਕ ਬਾਕਾਇਦਾ ਦਰਾੜ ਦਾ ਰੂਪ ਦੇ ਦਿਤਾ ਹੈ।

ਦੂਜੀ ਗੱਲ, ਇਤਿਹਾਸ ਦੀ ਸਿਰਜਣਾ ਇਸ ਤਰ੍ਹਾਂ ਹੁੰਦੀ ਹੈ ਕਿ ਅਖੀਰੀ ਸਿੱਟਾ ਹਮੇਸ਼ਾ ਹੀ ਬਹੁਤ ਸਾਰੀਆਂ ਵਿਅਕਤੀਗਤ ਇਛਾਵਾਂ ਵਿਚਕਾਰ ਟੱਕਰਾਂ ਵਿਚੋਂ ਉਗਮਦਾ ਹੈ ਅਤੇ ਇਹਨਾਂ ਵਿਚੋਂ ਹਰ ਇੱਛਾ ਨੇ ਜੀਵਨ ਦੀਆਂ ਅਨੰਤ ਵਿਸ਼ੇਸ਼ ਪ੍ਰਸਥਿਤੀਆਂ ਦੁਆਰਾ ਰੂਪ ਧਾਰਿਆ ਹੁੰਦਾ ਹੈ। ਇਸ ਪ੍ਰਕਾਰ ਇਕ ਦੂਜੀ ਨੂੰ ਕਟਦੀਆਂ ਅਣਗਿਣਤ ਸ਼ਕਤੀਆਂ, ਸ਼ਕਤੀਆਂ ਦੀਆਂ ਸਮਾਨਾਂਤਰ-ਚਤਰਭੁਜਾਂ ਦਾ ਇਕ ਅਮੁਕ ਸਿਲਸਲਾ ਹੈ ਜਿਸ ਦਾ ਇਕ ਪਰਿਣਾਮੀ ਸਿੱਟਾ—ਇਤਿਹਾਸਕ ਘਟਨਾ—ਨਿਕਲਦਾ ਹੈ। ਇਸ ਨੂੰ ਵੀ ਫੇਰ ਅਗੋਂ ਇਕ ਅਜਿਹੀ ਸ਼ਕਤੀ ਦੀ ਉਪਜ ਸਮਝਿਆ ਜਾ ਸਕਦਾ ਹੈ ਜਿਹੜੀ ਸਮੁਚੇ ਰੂਪ ਵਿਚ **ਅਚੇਤ ਤੌਰ** ਤੇ ਅਤੇ ਬਿਨਾਂ ਕਿਸੇ ਇਛਾ ਦੇ ਕਰਮ ਕਰਦੀ ਹੈ। ਕਿਉਂਕਿ ਹਰ ਵਿਅਕਤੀਗਤ ਇਛਾ ਨੂੰ ਹਰ ਕਿਸੇ ਦੂਜੇ ਵਲੋਂ ਰੋਕਿਆ ਜਾਂਦਾ ਹੈ, ਇਸ ਲਈ ਜੋ ਉਤਪੰਨ ਹੁੰਦਾ ਹੈ ਉਹ ਕਿਸੇ

ਨੇ ਵੀ ਨਹੀਂ ਚਿਤਵਿਆ ਹੁੰਦਾ। ਇਸ ਪ੍ਰਕਾਰ ਇਤਿਹਾਸ ਹੁਣ ਤੱਕ ਪ੍ਰਾਕਿਰਤਕ ਪ੍ਰਕਿਰਿਆ ਦੇ ਢੰਗ ਨਾਲ ਹੀ ਵਿਕਸਤ ਹੋਇਆ ਹੈ ਅਤੇ ਲਾਜ਼ਮੀ ਹੀ ਗਤੀ ਦੇ ਉਹਨਾਂ ਹੀ ਪ੍ਰਾਕਿਰਤਕ ਨੇਮਾਂ ਦਾ ਵਿਸ਼ਾ ਹੈ। ਪਰ ਇਸ ਹਕੀਕਤ ਤੋਂ ਕਿ ਵਿਅਕਤੀਆਂ ਦੀਆਂ ਇਛਾਵਾਂ—ਜਿਨ੍ਹਾਂ ਵਿਚੋਂ ਹਰ ਇਕ ਉਹੀ ਚਾਹੁੰਦਾ ਹੈ ਜਿਸ ਲਈ ਉਸ ਦੀ ਸਰੀਰਕ ਬਣਤਰ ਅਤੇ ਬਾਹਰੀ, ਅੰਤਮ ਰੂਪ ਵਿਚ ਆਰਥਕ, ਸਥਿਤੀਆਂ ਜ਼ੋਰ ਪਾਉਂਦੀਆਂ ਹਨ (ਉਸ ਦੀਆਂ ਆਪਣੀਆਂ ਜ਼ਾਤੀ ਸਥਿਤੀਆਂ ਜਾਂ ਵਿਆਪਕ ਰੂਪ ਵਿਚ ਸਮਾਜ ਦੀਆਂ ਸਥਿਤੀਆਂ)—ਉਹ ਕੁਝ ਪ੍ਰਾਪਤ ਨਹੀਂ ਕਰਦੀਆਂ ਜੋ ਉਹ ਚਾਹੁੰਦੇ ਹਨ, ਸਗੋਂ ਇਕ ਸਮੂਹਕ ਸਾਧਨ, ਇਕ ਸਾਂਝੇ ਪਰਿਣਾਮੀ ਸਿੱਟੇ ਦੇ ਰੂਪ ਵਿਚ ਇਕ-ਮਿਕ ਹੋ ਜਾਂਦੀਆਂ ਹਨ, ਇਹ ਨਿਰਣਾ ਨਹੀਂ ਕੱਢ ਲੈਣਾ ਚਾਹੀਦਾ ਕਿ ਉਹ ਸਿਫਰ ਦੇ ਬਰਾਬਰ ਹਨ। ਇਸ ਦੇ ਉਲਟ, ਹਰ ਇਕ ਦਾ ਪਰਿਣਾਮੀ ਸਿੱਟੇ ਵਿਚ ਯੋਗਦਾਨ ਹੁੰਦਾ ਹੈ ਅਤੇ ਇਸ ਹੱਦ ਤੱਕ ਉਹ ਇਸ ਵਿਚ ਸ਼ਾਮਲ ਹੁੰਦੀ ਹੈ।

ਇਸ ਤੋਂ ਇਲਾਵਾ ਮੈਂ ਤੁਹਾਨੂੰ ਆਖਾਂਗਾ ਕਿ ਇਸ ਸਿਧਾਂਤ ਦਾ ਅਧਿਅਨ ਇਸ ਦੇ ਮੂਲ ਸੋਮਿਆਂ ਤੋਂ ਕਰੋ ਅਤੇ ਦੂਜਿਆਂ ਦੀਆਂ ਲਿਖਤਾਂ ਤੋਂ ਨਹੀਂ,—ਨਿਸਚੇ ਹੀ ਇਹ ਬਹੁਤ ਸੌਖਾ ਹੈ। ਮਾਰਕਸ ਨੇ ਅਜਿਹਾ ਸ਼ਾਇਦ ਹੀ ਲਿਖਿਆ ਹੋਵੇ ਜਿਸ ਵਿਚ ਇਸ ਸਿਧਾਂਤ ਨੇ ਰੋਲ ਅਦਾ ਨਹੀਂ ਕੀਤਾ। ਪਰ ਖਾਸ ਤੌਰ ਤੇ "**ਲੂਈ ਬੋਨਾਪਾਰਟ ਦਾ ਅਠਾਰ੍ਹਵਾਂ ਬਰੂਮੇਰ**" ਇਸ ਨੂੰ ਵਰਤੋਂ ਵਿਚ ਲਿਆਉਣ ਦੀ ਅਤਿਅੰਤ ਸ਼ਾਨਦਾਰ ਮਿਸਾਲ ਹੈ। "**ਸਰਮਾਇਆ**" ਵਿਚ ਵੀ ਇਸ ਵੱਲ ਬਹੁਤ ਸਾਰੇ ਸੰਕੇਤ ਹਨ। ਕੀ ਮੈਂ ਤੁਹਾਡਾ ਧਿਆਨ ਆਪਣੀਆਂ ਲਿਖਤਾਂ "ਸ੍ਰੀ ਯੂਜੇਨ ਡੂਹਰਿੰਗ ਦੁਆਰਾ ਵਿਗਿਆਨ ਵਿਚ ਇਨਕਲਾਬ" ਅਤੇ "ਲੁਡਵਿਗ ਫਿਊਰਬਾਖ਼ ਅਤੇ ਕਲਾਸੀਕੀ ਜਰਮਨ ਦਰਸ਼ਨ ਦਾ ਅੰਤ" ਵੱਲ ਵੀ ਦਿਵਾਵਾਂ, ਜਿਨ੍ਹਾਂ ਵਿਚ ਮੈਂ ਇਤਿਹਾਸਕ ਪਦਾਰਥਵਾਦ ਦਾ ਅਤਿਅੰਤ ਵਿਸਤ੍ਰਿਤ ਵੇਰਵਾ ਦਿਤਾ ਹੈ, ਜਿਥੋਂ ਤੱਕ ਮੇਰੀ ਜਾਣਕਾਰੀ ਹੈ, ਇਸ ਤੋਂ ਵਧੇਰੇ ਵਿਸਥਾਰ ਹੋਰ ਕਿਧਰੇ ਨਹੀਂ।

ਇਸ ਗੱਲ ਲਈ ਮਾਰਕਸ ਅਤੇ ਮੈਂ ਕੁਝ ਹੱਦ ਤੱਕ ਜ਼ਿੰਮੇਵਾਰ ਹਾਂ ਕਿ ਨੌਜਵਾਨ ਲੋਕ ਕਈ ਵਾਰੀ ਆਰਥਕ ਪੱਖ ਉਤੇ ਲੋੜ ਨਾਲੋਂ ਬਹੁਤਾ ਜ਼ੋਰ ਦੇਂਦੇ ਹਨ। ਸਾਨੂੰ ਆਪਣੇ ਵਿਰੋਧੀਆਂ ਦੇ ਸਨਮੁਖ, ਜਿਹੜੇ ਇਸ ਤੋਂ ਇਨਕਾਰੀ ਸਨ, ਮੁਖ ਸਿਧਾਂਤ ਉਤੇ ਜ਼ੋਰ ਦੇਣਾ ਪੈਂਦਾ ਸੀ, ਅਤੇ ਪ੍ਰਸਪਰ ਰੂਪ ਵਿਚ ਪ੍ਰਭਾਵਤ ਕਰਨ ਵਾਲੇ ਦੂਜੇ ਅਨਸਰਾਂ ਵੱਲ ਲੋੜੀਂਦਾ ਧਿਆਨ ਦੇਣ ਦਾ ਸਾਨੂੰ ਸਮਾਂ, ਸਥਾਨ ਜਾਂ ਮੌਕਾ ਨਹੀਂ ਸੀ ਮਿਲਦਾ। ਪਰ ਜਦੋਂ ਇਤਿਹਾਸ ਦੇ ਇਕ ਹਿੱਸੇ ਨੂੰ ਪੇਸ਼ ਕਰਨ ਦਾ, ਅਰਥਾਤ, ਸਿਧਾਂਤ ਨੂੰ ਅਮਲ ਵਿਚ ਲਾਗੂ ਕਰਨ ਦਾ ਸਮਾਂ ਆਇਆ, ਤਾਂ ਗੱਲ ਦੂਸਰੀ ਸੀ ਅਤੇ ਇਥੇ ਕਿਸੇ ਭੁਲ ਦੀ ਆਗਿਆ ਨਹੀਂ ਸੀ ਹੋ ਸਕਦੀ। ਪਰ ਬਦਕਿਸਮਤੀ ਨਾਲ ਇਸ ਤਰ੍ਹਾਂ ਅਕਸਰ ਹੁੰਦਾ ਹੈ ਕਿ ਲੋਕ ਜਿਉਂ ਹੀ ਇਸ ਦੇ ਮੁਖ ਨੇਮਾਂ ਨੂੰ ਸਮਝ

ਲੈਂਦੇ ਹਨ, ਅਤੇ ਉਹ ਵੀ ਹਮੇਸ਼ਾ ਹੀ ਸਹੀ ਤਰ੍ਹਾਂ ਨਹੀਂ, ਸੋਚਣ ਲਗਦੇ ਹਨ ਕਿ ਉਹਨਾਂ ਨੇ ਇਕ ਨਵੇਂ ਸਿਧਾਂਤ ਨੂੰ ਪੂਰੀ ਤਰ੍ਹਾਂ ਸਮਝ ਲਿਆ ਹੈ ਅਤੇ ਉਹ ਬਹੁਤੀ ਖੇਚਲ ਕੀਤੇ ਬਿਨਾਂ ਇਸ ਨੂੰ ਲਾਗੂ ਕਰ ਸਕਦੇ ਹਨ। ਅਤੇ ਮੈਂ ਹਾਲ ਦੇ ਬਹੁਤ ਸਾਰੇ "ਮਾਰਕਸਵਾਦੀਆਂ" ਨੂੰ ਇਸ ਦੋਸ਼ ਤੋਂ ਬਰੀ ਨਹੀਂ ਕਰ ਸਕਦਾ, ਕਿਉਂਕਿ ਇਸ ਹਲਕੇ ਵਿਚ ਵੀ ਬੜੀ ਅਚੰਭਾਦਾਇਕ ਗੱਡਮੱਡ ਪੈਦਾ ਕੀਤੀ ਗਈ ਹੈ।

ਮੂਲ ਪਾਠ ਜਰਮਨ
ਵਿਚ ਹੈ

ਫ਼ਰੈਡਰਿਕ ਏਂਗਲਜ਼

# "ਸੋਸ਼ਲਿਜ਼ਮ: ਵਿਗਿਆਨਕ ਅਤੇ ਯੂਟੋਪੀਆਈ" ਦੀ ਅੰਗ੍ਰੇਜ਼ੀ ਛਾਪ ਲਈ ਮੁਖ-ਬੰਧ

## ਵਿਚੋਂ

ਮੈਨੂੰ ਇਸ ਗੱਲ ਦੀ ਪੂਰੀ ਸੋਝੀ ਹੈ ਕਿ ਬਰਤਾਨਵੀ ਜਨਤਾ ਦੇ ਚੋਖੇ ਹਿੱਸੇ ਵਲੋਂ ਇਸ ਕਿਰਤ ਦੀ ਸਮਿਗਰੀ ਉਤੇ ਇਤਰਾਜ਼ ਕੀਤੇ ਜਾਣਗੇ। ਪਰ ਜੇ ਅਸਾਂ ਮਹਾਂਦੀਪੀਆਂ ਨੇ ਬਰਤਾਨਵੀ "ਸਾਊਪੁਣੇ" ਤੇ ਤਅਸਬਾਂ ਦਾ ਮਾੜੇ ਤੋਂ ਮਾੜਾ ਖ਼ਿਆਲ ਵੀ ਰਖਿਆ ਹੁੰਦਾ ਤਾਂ ਸਾਡੀ ਹਾਲਤ ਅਜ ਤੋਂ ਵੀ ਨਿਘਰੀ ਹੁੰਦੀ। ਇਹ ਪੁਸਤਕ "ਇਤਿਹਾਸਕ ਪਦਾਰਥਵਾਦ" ਦੀ ਹਮਾਇਤ ਕਰਦੀ ਹੈ ਅਤੇ "ਪਦਾਰਥਵਾਦ" ਦਾ ਸ਼ਬਦ ਬਰਤਾਨਵੀ ਪਾਠਕਾਂ ਦੀ ਭਾਰੀ ਬਹੁ-ਗਿਣਤੀ ਦੇ ਕੰਨਾਂ ਵਿਚ ਰੜਕਦਾ ਹੈ। "ਅਬੋਧਵਾਦ"[127] ਸਹਾਰਿਆ ਜਾ ਸਕਦਾ ਹੈ ਪਰ ਪਦਾਰਥਵਾਦ ਉੱਕਾ ਹੀ ਨਹੀਂ ਸਹਾਰਿਆ ਜਾ ਸਕਦਾ।

ਪਰ ਇਹਦੇ ਬਾਵਜੂਦ ਸਤਾਰ੍ਹਵੀਂ ਸਦੀ ਤੋਂ ਲੈਕੇ ਸਾਰੇ ਨਵੀਨ ਪਦਾਰਥਵਾਦ ਦਾ ਵਤਨ ਇੰਗਲੈਂਡ ਹੈ।

"ਪਦਾਰਥਵਾਦ ਮਹਾਨ ਬਰਤਾਨੀਆ ਦਾ ਸਕਾ ਪੁਤਰ ਹੈ। ਬਰਤਾਨਵੀ ਪੰਡਤਾਊਵਾਦੀ ਡਨਜ਼ ਸਕਾਟਸ ਨੇ ਪਹਿਲਾਂ ਹੀ ਪੁਛਿਆ ਕੀ ਪਦਾਰਥ ਲਈ ਸੋਚਣਾ ਅਸੰਭਵ ਸੀ ?

ਇਹ ਚਮਤਕਾਰ ਕਰਨ ਲਈ ਉਹਨੇ ਪ੍ਰਮਾਤਮਾ ਦੀ ਸਰਬ-ਸ਼ਕਤੀਮਾਨਤਾ ਦੀ ਸ਼ਰਨ ਲਈ, ਅਰਥਾਤ, ਉਹਨੇ ਧਰਮ-ਸ਼ਾਸਤ੍ਰ ਤੋਂ ਪਦਾਰਥਵਾਦ ਦਾ ਪ੍ਰਚਾਰ ਕਰਵਾਇਆ। ਇਹੋ ਨਹੀਂ ਉਹ ਨਾਂ-ਵਾਦੀ[128] ਸੀ। ਨਾਂ-ਵਾਦ, ਜਿਹੜਾ ਪਦਾਰਥਵਾਦ ਦਾ ਪਹਿਲਾ ਰੂਪ ਹੈ, ਮੁਖ ਤੌਰ ਤੇ ਅੰਗ੍ਰੇਜ਼ ਪਦਾਰਥਵਾਦੀਆਂ ਵਿਚ ਮਿਲਦਾ ਹੈ।

ਅੰਗ੍ਰੇਜ਼ੀ ਪਦਾਰਥਵਾਦ ਦਾ ਅਸਲ ਜਨਮ-ਦਾਤਾ ਬੇਕਨ ਹੈ। ਉਹਦੇ ਲਈ ਪ੍ਰਾਕਿਰਤਕ ਦਰਸ਼ਨ ਇਕੋ ਇਕ ਸਚਾ ਦਰਸ਼ਨ ਹੈ ਅਤੇ ਇੰਦਰੀਆਂ ਦੇ ਅਨੁਭਵ ਉਤੇ ਆਧਾਰਤ ਭੌਤਕ-ਵਿਗਿਆਨ ਪ੍ਰਾਕਿਰਤਕ ਦਰਸ਼ਨ ਦਾ ਸਭ ਤੋਂ ਪ੍ਰਮੁਖ ਹਿੱਸਾ ਹੈ। ਅਨਾਕਸਾਗੋਰਸ ਅਤੇ ਉਹਦੇ ਪਦਾਰਥ ਦੇ ਹੋਮੀਓਮੀਰੀਆਂ[129], ਡੈਮੋਕਰਾਈਟਸ ਅਤੇ ਉਹਦੀਆਂ ਐਟਮਾਂ ਦੀ ਉਹ ਅਕਸਰ ਅਧਿਕਾਰ ਵਾਲੇ ਵਿਅਕਤੀਆਂ ਵਜੋਂ ਟੂਕ ਦੇਂਦਾ ਹੈ। ਉਸ ਅਨੁਸਾਰ ਸਭੇ ਗਿਆਨ-ਇੰਦਰੀਆਂ ਅਭੁਲ ਹਨ ਅਤੇ ਉਹ ਸਾਰੇ

ਗਿਆਨ ਦਾ ਸੋਮਾ ਹਨ। ਸਾਰਾ ਵਿਗਿਆਨ ਅਨੁਭਵ ਉਤੇ ਆਧਾਰਤ ਹੈ ਅਤੇ ਇਹ ਇੰਦਰੀਆਂ ਵਲੋਂ ਦਿਤੀ ਸਮਿਗਰੀ ਨੂੰ ਖੋਜ ਦੇ ਮੰਤਕੀ ਢੰਗਾਂ ਨਾਲ ਪਰਖਣਾ ਹੈ। ਆਗਮਨ, ਵਿਸ਼ਲੇਸ਼ਣ, ਤੁਲਨਾ, ਨਿਰੀਖਣ, ਪ੍ਰਯੋਗ ਅਜਿਹੇ ਮੰਤਕੀ ਢੰਗ ਦੇ ਮੁਖ ਰੂਪ ਹਨ। ਪਦਾਰਥ ਵਿਚ ਜਿਹੜੀਆਂ ਅੰਤ੍ਰੀਵ ਸਿਫ਼ਤਾਂ ਹਨ, ਉਹਨਾਂ ਵਿਚੋਂ ਗਤੀ ਪਹਿਲੀ ਅਤੇ ਪ੍ਰਮੁਖ ਹੈ, ਨਾ ਕੇਵਲ ਯਾਂਤਰਿਕ ਅਤੇ ਗਣਤਕ ਗਤੀ ਦੇ ਰੂਪ ਵਿਚ ਸਗੋਂ ਮੁਖ ਤੌਰ ਤੇ ਪਦਾਰਥ ਦੇ ਇਕ ਵੇਗ, ਇਕ ਲਾਜ਼ਮੀ ਭਾਵ, ਇਕ ਖਿਚਾਅ — ਜਾਂ ਯਾਕੋਬ ਬਿਓਮੇ ਦੀ ਇਸਤਲਾਹ ਵਰਤਦੇ ਹੋਏ "ਤਸੀਹੇ" ["Qual"] * — ਵਜੋਂ।

ਇਹਦੇ ਪਹਿਲੇ ਰਚਣਹਾਰੇ ਬੇਕਨ ਵਿਚ, ਪਦਾਰਥਵਾਦ ਅਜੇ ਆਪਣੇ ਆਪ ਵਿਚ ਬਹੁ-ਪਖੀ ਵਿਕਾਸ ਦੇ ਅੰਕੁਰ ਡਕਦਾ ਹੈ। ਇਕ ਹਥ ਪਦਾਰਥ, ਜਿਹੜਾ ਇੰਦਰਿਆਵੀ, ਕਾਵਮਈ ਠਾਠ ਨਾਲ ਘਿਰਿਆ ਹੋਇਆ ਹੈ, ਰਿਝਾਉਣੀਆਂ ਮੁਸਕਾਨਾਂ ਨਾਲ ਮਨੁਖ ਦੀ ਸਾਰੀ ਹੋਂਦ ਨੂੰ ਖਿਚਦਾ ਜਾਪਦਾ ਹੈ। ਦੂਜੇ ਹਥ ਗੁਰਾਂ ਰਾਹੀਂ ਨਿਰੂਪੇ ਸਿਧਾਂਤ ਵਿਚੋਂ ਧਰਮ-ਸ਼ਾਸਤ੍ਰ ਤੋਂ ਦਰਾਮਦ ਕੀਤੇ ਅਣਮੇਲਾਂ ਦੇ ਭਰਪੂਰ ਅੰਕੁਰ ਫੁਟਦੇ ਹਨ।

ਆਪਣੇ ਹੋਰ ਵਿਕਾਸ ਵਿਚ ਪਦਾਰਥਵਾਦ ਇਕ-ਪੱਖੀ ਹੋ ਜਾਂਦਾ ਹੈ। ਹਾਬਸ ਉਹ ਵਿਅਕਤੀ ਹੈ ਜਿਹੜਾ ਬੇਕਨਵਾਦੀ ਪਦਾਰਥਵਾਦ ਨੂੰ ਸੂਤਰਬਧ ਕਰਦਾ ਹੈ। ਇੰਦਰੀਆਂ ਦੇ ਆਧਾਰ ਉਤੇ ਪ੍ਰਾਪਤ ਗਿਆਨ ਦਾ ਕਾਵਮਈ ਖੇੜਾ ਖ਼ਤਮ ਹੋ ਜਾਂਦਾ ਹੈ, ਇਹ ਗਣਤ-ਵਿਗਿਆਨੀ ਦੇ ਸੂਖਮ ਅਨੁਭਵ ਵਿਚ ਤਬਦੀਲ ਹੋ ਜਾਂਦਾ ਹੈ; ਰੇਖਾ-ਗਣਤ ਦੇ ਵਿਗਿਆਨਾਂ ਦੀ ਮਲਕਾ ਹੋਣ ਦਾ ਐਲਾਨ ਕਰ ਦਿਤਾ ਜਾਂਦਾ ਹੈ। ਪਦਾਰਥਵਾਦ ਮਨੁਖ-ਦੋਖ ਵੱਲ ਪੈ ਜਾਂਦਾ ਹੈ। ਆਪਣੀ ਵਿਰੋਧੀ, ਮਨੁਖ-ਦੋਖੀ, ਚਮਕ-ਹੀਣ ਰੂਹਪ੍ਰਸਤੀ ਉਤੇ ਕਾਬੂ ਪਾਉਣ ਲਈ ਅਤੇ ਉਹ ਵੀ ਪਿਛਲੇਰੇ ਦੇ ਆਪਣੇ ਖੇਤਰ ਵਿਚ ਕਾਬੂ ਪਾਉਣ ਲਈ, ਪਦਾਰਥਵਾਦ ਨੂੰ ਆਪਣੇ ਸਰੀਰ ਦੀਆਂ ਇੰਦਰੀਆਂ ਨੂੰ ਮਾਰਨਾ ਪਿਆ ਅਤੇ ਵਿਰਕਤ ਬਣਨਾ ਪਿਆ। ਸੋ ਇਹ ਇੰਦਰਿਆਵੀ ਤੋਂ ਬੌਧਕ ਹੋਂਦ ਵਿਚ ਤਬਦੀਲ ਹੋ ਗਿਆ; ਪਰ ਅਜਿਹਾ ਕਰਦੇ ਹੋਏ ਵੀ ਇਹ

---

* "Qual" ਇਕ ਵਕ੍ਰੋਕਤੀ ਹੈ। "Qual" ਦੇ ਸ਼ਬਦੀ ਅਰਥ ਹਨ ਤਸੀਹਾ, ਕੋਈ ਅਜਿਹਾ ਦਰਦ ਜਿਹੜਾ ਕਿਸੇ ਤਰ੍ਹਾਂ ਦਾ ਅਮਲ ਕਰਨ ਲਈ ਮਜਬੂਰ ਕਰੇ; ਇਹਦੇ ਨਾਲ ਹੀ ਨਾਲ ਛਾਇਆਵਾਦੀ ਬਿਓਮੇ ਜਰਮਨ ਸ਼ਬਦ ਵਿਚ ਲਾਤੀਨੀ qualitas [ਸਿਫ਼ਤ] ਦੇ ਥੋੜ੍ਹੇ ਜਿਹੇ ਅਰਥ ਪਾ ਦੇਂਦਾ ਹੈ; ਉਹਦਾ "Qual" ਬਾਹਰੋਂ ਪਾਏ ਗਏ ਦਰਦ ਦੇ ਮੁਕਾਬਲੇ ਉਤੇ, ਇਹਦੇ ਪ੍ਰਭਾਵ ਹੇਠ ਆਉਣ ਵਾਲੀ ਵਸਤ, ਸੰਬੰਧ ਜਾਂ ਵਿਅਕਤੀ ਦਾ ਆਪ-ਮੁਹਾਰਾ ਵਿਕਾਸ ਹੈ।

ਸਿੱਟਿਆਂ ਦੀ ਪਰਵਾਹ ਕੀਤੇ ਬਿਨਾਂ ਉਹ ਸਾਰੀ ਨਿਰੰਤਰਤਾ ਵਿਕਸਤ ਕਰ ਲੈਂਦਾ ਹੈ ਜਿਹੜੀ ਬੋਧ ਦੀ ਲਖਣਾਇਕ ਹੈ।

ਬੇਕਨ ਦੇ ਕੰਮ ਨੂੰ ਜਾਰੀ ਰਖਣ ਵਾਲੇ ਵਜੋਂ ਹਾਬਸ ਇਉਂ ਦਲੀਲ ਦੇਂਦਾ ਹੈ: ਜੇ ਸਾਰਾ ਮਨੁਖੀ ਗਿਆਨ ਇੰਦਰੀਆਂ ਰਾਹੀਂ ਪ੍ਰਾਪਤ ਹੁੰਦਾ ਹੈ ਤਾਂ ਸਾਡੇ ਸੰਕਲਪ ਅਤੇ ਵਿਚਾਰ ਉਹਨਾਂ ਦੇ ਇੰਦਰਿਆਵੀ ਰੂਪਾਂ ਤੋਂ ਵੰਚਿਤ ਕੀਤੇ ਯਥਾਰਥਕ ਸੰਸਾਰ ਦੇ ਕੇਵਲ ਛਲੇਡੇ ਹੀ ਹਨ। ਦਰਸ਼ਨ ਤਾਂ ਇਹਨਾਂ ਛਲੇਡਿਆਂ ਨੂੰ ਬਸ ਨਾਂ ਹੀ ਦੇ ਸਕਦਾ ਹੈ। ਇਕ ਨਾਂ ਉਹਨਾਂ ਵਿਚੋਂ ਇਕ ਤੋਂ ਵਧ ਨੂੰ ਦਿਤਾ ਜਾ ਸਕਦਾ ਹੈ। ਇਥੋਂ ਤੱਕ ਕਿ ਨਾਵਾਂ ਦੇ ਵੀ ਨਾਂ ਹੋ ਸਕਦੇ ਹਨ। ਜੇ ਅਸੀਂ ਇਕ ਹਥ ਇਹ ਕਹੀਏ ਕਿ ਸਾਰੇ ਵਿਚਾਰਾਂ ਦਾ ਆਦਿ ਇੰਦਰਿਆਵੀ ਸੰਸਾਰ ਵਿਚ ਹੋਇਆ ਹੈ ਅਤੇ ਦੂਜੇ ਹਥ ਇਹ ਕਹੀਏ ਕਿ ਸ਼ਬਦ ਸ਼ਬਦ ਤੋਂ ਵਧ ਹੈ, ਕਿ ਜਿਨ੍ਹਾਂ ਹੋਂਦਾਂ ਨੂੰ ਅਸੀਂ ਆਪਣੀਆਂ ਗਿਆਨ-ਇੰਦਰੀਆਂ ਰਾਹੀਂ ਜਾਣਦੇ ਹਾਂ, ਹੋਂਦਾਂ ਜਿਹੜੀਆਂ ਇਕ ਅਤੇ ਸਾਰੀਆਂ ਵਿਕੋਲਤ੍ਰੀਆਂ ਹਨ, ਅਜਿਹੀਆਂ ਹੋਂਦਾਂ ਵੀ ਹਨ ਜਿਹੜੀਆਂ ਵਿਕੋਲਤ੍ਰੀਆਂ ਨਹੀਂ ਸਗੋਂ ਆਮ ਖ਼ਾਸੇ ਵਾਲੀਆਂ ਹਨ ਤਾਂ ਇਹਦਾ ਅਰਥ ਇਕ ਵਿਰੋਧ ਹੋਵੇਗਾ। ਇਕ ਸ੍ਰੀਰ ਤੋਂ ਬਿਨਾਂ ਮੂਲ-ਤੱਤ ਉਸ ਤਰ੍ਹਾਂ ਵਾਹਯਾਤੀ ਹੈ ਜਿਵੇਂ ਸ੍ਰੀਰ ਤੋਂ ਬਿਨਾਂ ਸ੍ਰੀਰ, ਹੋਂਦ, ਮੂਲ-ਤੱਤ ਕੇਵਲ ਇਕੋ ਯਥਾਰਥ ਲਈ ਵਖ ਵਖ ਸ਼ਬਦ ਹਨ। ਸੋਚ **ਨੂੰ ਸੋਚਣ ਵਾਲੇ ਪਦਾਰਥ ਤੋਂ ਵਖ ਕਰਨਾ ਅਸੰਭਵ ਹੈ।** ਇਹ ਪਦਾਰਥ ਦੁਨੀਆਂ ਵਿਚ ਹੋ ਰਹੀਆਂ ਸਭਨਾਂ ਤਬਦੀਲੀਆਂ ਦੀ ਹੇਠਲੀ-ਪਰਤ ਹੈ। ਜੇ ਉਹ ਇਹ ਨਹੀਂ ਕਹਿੰਦਾ ਕਿ ਸਾਡਾ ਮਨ ਜੋੜ ਦਾ ਅਨੰਤ ਅਮਲ ਕਰਨ ਦੇ ਯੋਗ ਹੈ ਤਾਂ "ਅਨੰਤ" ਸ਼ਬਦ ਅਰਥਹੀਣ ਹੈ। ਕਿਉਂਕਿ ਅਸੀਂ ਕੇਵਲ ਪਦਾਰਥਕ ਵਸਤਾਂ ਨੂੰ ਹੀ ਅਨੁਭਵ ਕਰ ਸਕਦੇ ਹਾਂ ਇਸ ਲਈ ਅਸੀਂ ਰੱਬ ਦੀ ਹੋਂਦ ਸੰਬੰਧੀ ਕੁਝ ਨਹੀਂ ਜਾਣ ਸਕਦੇ। ਮੇਰੀ ਆਪਣੀ ਹੋਂਦ ਇਕੋ ਇਕ ਨਿਸ਼ਚਿਤ ਗੱਲ ਹੈ। ਹਰ ਮਨੁਖੀ ਵੇਗ ਇਕ ਯਾਂਤਰਿਕ ਹਰਕਤ ਹੈ ਜਿਸਦਾ ਆਦਿ ਅਤੇ ਅੰਤ ਹੁੰਦਾ ਹੈ। ਤਰੰਗ ਦੇ ਵਿਸ਼ੇ ਉਹ ਹਨ ਜਿਨ੍ਹਾਂ ਨੂੰ ਅਸੀਂ ਚੰਗਾ ਕਹਿੰਦੇ ਹਾਂ। ਮਨੁਖ ਉਹਨਾਂ ਹੀ ਨਿਯਮਾਂ ਅਧੀਨ ਹੈ ਜਿਹੜੇ ਪ੍ਰਕਿਰਤੀ ਉਤੇ ਲਾਗੂ ਹੁੰਦੇ ਹਨ। ਸ਼ਕਤੀ ਅਤੇ ਆਜ਼ਾਦੀ ਸਗਵੇਂ ਹਨ।

ਹਾਬਸ ਨੇ ਬੇਕਨ ਦੇ ਬੁਨਿਆਦੀ ਨਿਯਮ ਦਾ ਕਿ ਸਾਰੇ ਮਨੁਖੀ ਗਿਆਨ ਦਾ ਆਦਿ ਇੰਦਰਿਆਵੀ ਸੰਸਾਰ ਵਿਚ ਹੁੰਦਾ ਹੈ, ਕੋਈ ਸਬੂਤ ਦਿਤੇ ਬਿਨਾਂ, ਬੇਕਨ ਨੂੰ ਸੂਤਰ-ਬੱਧ ਕੀਤਾ। ਇਹ ਲਾਕ ਸੀ ਜਿਸਨੇ ਆਪਣੇ "ਮਨੁਖੀ ਸੂਝ ਸੰਬੰਧੀ ਲੇਖ" ਵਿਚ ਇਹ ਸਬੂਤ ਪੇਸ਼ ਕੀਤਾ।

ਹਾਬਸ ਨੇ ਬੇਕਨਵਾਦੀ ਪਦਾਰਥਵਾਦ ਦੇ ਈਸ਼ਵਰਵਾਦੀ ਤਅਸਬਾਂ ਨੂੰ ਖ਼ਤਮ ਕੀਤਾ; ਕਾਲਿਨਜ਼, ਡਾਡਵੇਲ, ਕਾਵਾਰਡ, ਹਾਰਟਲੇ, ਪ੍ਰੀਸਟਲੇ ਨੇ ਇਸੇ ਹੀ ਤਰ੍ਹਾਂ ਉਹਨਾਂ ਧਰਮ-ਸ਼ਾਸਤ੍ਰਿਕ ਸੀਮਾਂ ਨੂੰ ਤੋੜਿਆ ਜਿਨ੍ਹਾਂ ਲਾਕ ਦੇ ਅਨੁਭਵਵਾਦ[130] ਨੂੰ

ਘੇਰਿਆ ਹੋਇਆ ਸੀ। ਭਾਵੇਂ ਕੁਝ ਹੋਵੇ ਅਮਲੀ ਪਦਾਰਥਵਾਦੀਆਂ ਲਈ ਦੇਵਵਾਦ ਧਰਮ ਤੋਂ ਛੁਟਕਾਰਾ ਪਾਉਣ ਦਾ ਸੁਖਦਾਈ ਢੰਗ ਹੈ।"*

ਕਾਰਲ ਮਾਰਕਸ ਨੇ ਨਵੀਨ ਪਦਾਰਥਵਾਦ ਦੇ ਬਰਤਾਨਵੀ ਆਦਿ ਸੰਬੰਧੀ ਇਉਂ ਲਿਖਿਆ। ਜੇ ਅਜ ਕਲ ਅੰਗ੍ਰੇਜ਼ ਉਸ ਸ਼ਲਾਘਾ ਨੂੰ ਪਸੰਦ ਨਹੀਂ ਕਰਦੇ ਜਿਹੜੀ ਉਹਨੇ ਉਹਨਾਂ ਦੇ ਵਡੇਰਿਆਂ ਦੀ ਕੀਤੀ ਤਾਂ ਇਹ ਵਧੇਰੇ ਮਾੜੀ ਗੱਲ ਹੈ। ਇਹਦੇ ਬਾਵਜੂਦ ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਬੇਕਨ, ਹਾਬਸ ਅਤੇ ਲਾਕ ਫ਼ਰਾਂਸੀਸੀ ਪਦਾਰਥਵਾਦੀਆਂ ਦੀ ਉਸ ਪਰਪਾਟੀ ਦੇ ਪਿਤਾਮਾ ਹਨ ਜਿਸਨੇ ਜਰਮਨਾਂ ਅਤੇ ਅੰਗ੍ਰੇਜ਼ਾਂ ਵਲੋਂ ਧਰਤੀ ਅਤੇ ਸਮੁੰਦਰ ਉਤੇ ਫ਼ਰਾਂਸੀਸੀਆਂ ਵਿਰੁਧ ਜਿਤੀਆਂ ਸਭ ਲੜਾਈਆਂ ਦੇ ਬਾਵਜੂਦ ਅਠਾਰ੍ਹਵੀਂ ਸਦੀ ਨੂੰ ਮੁਖ ਤੌਰ ਤੇ ਫ਼ਰਾਂਸੀਸੀ ਸਦੀ ਬਣਾ ਦਿਤਾ, ਉਸ ਸਿਖਰੀ ਫ਼ਰਾਂਸੀਸੀ ਇਨਕਲਾਬ ਤੋਂ ਵੀ ਪਹਿਲਾਂ ਜਿਸ ਦੇ ਸਿੱਟੇ ਅਸੀਂ ਬਦੇਸੀ ਲੋਕ ਇੰਗਲੈਂਡ ਅਤੇ ਜਰਮਨੀ ਵਿਚ ਵੀ ਰਚਾਣ-ਮਿਚਾਣ ਦਾ ਜਤਨ ਕਰ ਰਹੇ ਹਾਂ।

ਇਸ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਇਸ ਸਦੀ ਦੇ ਅਧ ਦੇ ਲਗ ਭਗ ਇੰਗਲੈਂਡ ਵਿਚ ਵਾਸ ਅਖ਼ਤਿਆਰ ਕਰਨ ਵਾਲੇ ਹਰ ਸਭਿਅ ਬਦੇਸੀ ਨੂੰ ਜਿਹੜੀ ਗੱਲ ਖੁੜਕਦੀ ਉਹ ਇਹ ਸੀ ਕਿ ਉਹ ਅੰਗ੍ਰੇਜ਼ ਸਾਊ ਮਧ-ਸ਼੍ਰੇਣੀ ਦੇ ਧਾਰਮਿਕ ਤਅਸਬ ਅਤੇ ਮੂਰਖਤਾ ਨੂੰ ਵਿਚਾਰਨ ਤੇ ਮਜਬੂਰ ਸੀ। ਅਸੀਂ ਸਾਰੇ ਉਸ ਸਮੇਂ ਪਦਾਰਥਵਾਦੀ ਜਾਂ ਘਟੋ ਘਟ ਬਹੁਤ ਅਗੇ-ਵਧੂ ਆਜ਼ਾਦ-ਖ਼ਿਆਲੀਏ ਸਾਂ ਅਤੇ ਇਹ ਗੱਲ ਸਾਡੇ ਵਿਚਾਰ ਵਿਚ ਵੀ ਨਹੀਂ ਸੀ ਆ ਸਕਦੀ ਕਿ ਇੰਗਲੈਂਡ ਵਿਚ ਲਗ ਭਗ ਸਾਰੇ ਪੜ੍ਹੇ ਲਿਖੇ ਲੋਕ ਹਰ ਤਰ੍ਹਾਂ ਦੇ ਅਸੰਭਵ ਚਮਤਕਾਰਾਂ ਵਿਚ ਯਕੀਨ ਰਖ ਸਕਦੇ ਸਨ ਅਤੇ ਇਹ ਕਿ ਬਕਲੈਂਡ ਅਤੇ ਮੈਨਟਲ ਜਿਹੇ ਭੂ-ਗਰਭ-ਵਿਗਿਆਨੀ ਆਪਣੇ ਵਿਗਿਆਨ ਦੇ ਤੱਥਾਂ ਨੂੰ ਇਉਂ ਤੋੜਦੇ ਮਰੋੜਦੇ ਕਿ ਉਹ ਸੰਸਾਰ ਦੀ ਉਤਪਤੀ ਸੰਬੰਧੀ ਅੰਜੀਲ ਦੇ ਪਹਿਲੇ ਅਧਿਆਇ ਵਿਚ ਦਿਤੇ ਮਿਥਾਂ ਨਾਲ ਬਹੁਤੀ ਟੱਕਰ ਨਾ ਖਾਣ; ਇਧਰ, ਅਜਿਹੇ ਲੋਕਾਂ ਨੂੰ ਢੂੰਡਣ ਲਈ ਜਿਹੜੇ ਧਾਰਮਿਕ ਮਾਮਲਿਆਂ ਸੰਬੰਧੀ ਆਪਣੀ ਅਕਲ ਵਰਤਣ ਦੀ ਹਿੰਮਤ ਕਰਦੇ ਸਨ, ਤੁਹਾਨੂੰ ਅਨਪੜ੍ਹਾਂ, "ਹੇਠਲੇ-ਤਬਕਿਆਂ", ਜਿਹਾ ਕਿ ਉਸ ਸਮੇਂ ਉਹਨਾਂ ਨੂੰ ਕਿਹਾ ਜਾਂਦਾ ਸੀ, ਕਿਰਤੀ ਲੋਕਾਂ, ਵਿਸ਼ੇਸ਼ ਤੌਰ ਤੇ ਓਵਨਵਾਦੀ ਸੋਸ਼ਲਿਸਟਾਂ ਵਿਚਕਾਰ ਜਾਣਾ ਪੈਂਦਾ ਸੀ।

ਪਰ ਉਸ ਤੋਂ ਪਿਛੋਂ ਇੰਗਲੈਂਡ "ਸਭਿਅ" ਬਣ ਗਿਆ ਹੈ। ੧੮੫੧ ਦੀ

---

*ਮਾਰਕਸ ਅਤੇ ਏਂਗਲਜ਼। "ਪਵਿਤਰ ਪਰਵਾਰ", ਮਾਈਨ-ਕੰਢੇ-ਫ਼ਰੈਂਕਫ਼ੁਰਟ, ੧੮੪੫, ਪੰਨੇ ੨੦੧-੦੪ (ਵੇਖੋ ਹਥਲੀ ਪੁਸਤਕ, ਪੰਨੇ ੪੯-੫੩)।—ਸੰਪਾ:

ਨੁਮਾਇਸ਼[131] ਨੇ ਪਹਿਲੀਆਂ ਦੀ ਅੰਗ੍ਰੇਜ਼ੀ ਟਾਪੂ ਵਾਲੀ ਵਖਰਤ ਦਾ ਅੰਤ ਕਰ ਦਿਤਾ। ਹੌਲੀ ਹੌਲੀ ਇੰਗਲੈਂਡ ਦਾ ਖਾਣੇ ਵਿਚ, ਚਜ-ਆਚਾਰ ਵਿਚ, ਵਿਚਾਰਾਂ ਵਿਚ ਕੌਮਾਂਤ੍ਰੀਕਰਣ ਹੋ ਗਿਆ ਹੈ; ਇਸ ਹੱਦ ਤੱਕ ਕਿ ਮੈਂ ਇਛਾ ਕਰਨ ਲਗ ਪੈਂਦਾ ਹਾਂ ਕਿ ਕੁਝ ਅੰਗ੍ਰੇਜ਼ ਚਜ-ਆਚਾਰ ਅਤੇ ਰਵਾਜ ਉਸ ਹੱਦ ਤੱਕ ਮਹਾਂ-ਦੀਪ ਵਿਚ ਫੈਲ ਜਾਂਦੇ ਜਿਸ ਹੱਦ ਤੱਕ ਹੋਰ ਮਹਾਂ-ਦੀਪੀ ਆਦਤਾਂ ਉਥੇ ਫੈਲੀਆਂ ਹਨ। ਕੁਝ ਵੀ ਹੋਵੇ, ਸਲਾਦ ਵਿਚ ਪਾਉਣ ਵਾਲੇ ਤੇਲ ਦੇ ਪ੍ਰਵੇਸ਼ ਅਤੇ ਪਸਾਰ (੧੮੫੧ ਤੋਂ ਪਹਿਲਾਂ ਕੇਵਲ ਅਮੀਰਸ਼ਾਹੀ ਹੀ ਇਸ ਤੋਂ ਜਾਣੂ ਸੀ) ਦੇ ਨਾਲ ਨਾਲ ਧਾਰਮਕ ਮਾਮਲਿਆਂ ਵਿਚ ਮਹਾਂ-ਦੀਪੀ ਸ਼ੰਦੇਹਵਾਦ ਮਾਰੂ ਹੱਦ ਤੱਕ ਫੈਲ ਗਿਆ ਹੈ ਅਤੇ ਮਾਮਲਾ ਇਥੋਂ ਤੱਕ ਅਪੜ ਗਿਆ ਹੈ ਕਿ ਭਾਵੇਂ ਅਬੋਧਵਾਦ ਅਜੇ ਐਨ ਚਰਚ ਆਫ਼ ਇੰਗਲੈਂਡ ਵਾਂਗ "ਅਸਲੀ ਸ਼ੈ" ਤਾਂ ਨਹੀਂ ਸਮਝੀ ਜਾਂਦੀ, ਜਿਥੋਂ ਤੱਕ ਸਾਊਪੁਣੇ ਦਾ ਸੰਬੰਧ ਹੈ, ਇਹਨੂੰ ਬਪਤਿਸਮਾਵਾਦੀਆਂ[132] ਦੇ ਨਾਲ ਸਾਵਾਂ ਗਿਣਿਆ ਜਾਂਦਾ ਹੈ ਅਤੇ "ਮੁਕਤੀ ਫ਼ੌਜ"[133] ਤੋਂ ਤਾਂ ਜ਼ਰੂਰ ਹੀ ਉਪਰ ਗਿਣਿਆ ਜਾਂਦਾ ਹੈ। ਮੈਂ ਇਹ ਯਕੀਨ ਕੀਤੇ ਬਿਨਾਂ ਨਹੀਂ ਰਹਿ ਸਕਦਾ ਕਿ ਇਹਨਾਂ ਪ੍ਰਸਥਿਤੀਆਂ ਵਿਚ ਇਹ ਗੱਲ ਉਹਨਾਂ ਵਿਚੋਂ ਅਨੇਕਾਂ ਨੂੰ ਤਸਲੀ ਦੇਵੇਗੀ ਜਿਹੜੇ ਨਾਸਤਕਤਾ ਦੇ ਇਸ ਵਾਧੇ ਉਤੇ ਸਚੇ ਦਿਲੋਂ ਦੁਖੀ ਹਨ ਅਤੇ ਇਹਦੀ ਨਖੇਧੀ ਕਰਦੇ ਹਨ ਕਿ ਇਹ "ਨਵੇਂ ਘੜੇ ਵਿਚਾਰ" ਬਦੇਸੀ ਆਦਿ ਵਾਲੇ ਨਹੀਂ, ਨਿਤ ਵਰਤੋਂ ਦੀਆਂ ਹੋਰ ਅਨੇਕਾਂ ਵਸਤਾਂ ਵਾਂਗ Made in Germany * ਨਹੀਂ ਸਗੋਂ ਨਿਰਸੰਦੇਹ ਪੁਰਾਣੇ ਅੰਗ੍ਰੇਜ਼ੀ ਹਨ ਅਤੇ ਇਹ ਕਿ ਦੋ ਸੌ ਵਰ੍ਹੇ ਪਹਿਲਾਂ ਉਹਨਾਂ ਦਾ ਮੁਢ ਬੰਨ੍ਹਣ ਵਾਲੇ ਬਰਤਾਨਵੀ ਉਸ ਤੋਂ ਬਹੁਤ ਅਗੇ ਜਾਂਦੇ ਸਨ ਜਿਥੋਂ ਤੱਕ ਜਾਣ ਦੀ ਅਜ ਉਹਨਾਂ ਦੀ ਔਲਾਦ ਹਿੰਮਤ ਕਰਦੀ ਹੈ।

ਨਿਸ਼ਚੇ ਹੀ ਲੰਕਾਸ਼ਾਇਰ ਦੀ ਇਕ ਬੜੀ ਪ੍ਰਗਟਾਊ ਇਸਤਲਾਹ ਵਰਤਦੇ ਹੋਏ ਅਬੋਧਵਾਦ "ਸ਼ਰਮਿੰਦੇ" ਪਦਾਰਥਵਾਦ ਤੋਂ ਬਿਨਾਂ ਕੀ ਹੈ? ਅਬੋਧਵਾਦੀ ਦਾ ਪ੍ਰਕਿਰਤੀ ਦਾ ਸੰਕਲਪ ਪੂਰੀ ਤਰ੍ਹਾਂ ਪਦਾਰਥਵਾਦੀ ਹੈ। ਸਮੁਚਾ ਪ੍ਰਾਕਿਰਤਕ ਜਗਤ ਨਿਯਮ ਅਨੁਸਾਰ ਚਲਦਾ ਹੈ ਅਤੇ ਬਾਹਰੋਂ ਅਮਲ ਦੇ ਦਖ਼ਲ ਨੂੰ ਉੱਕਾ ਹੀ ਰੱਦ ਕਰਦਾ ਹੈ। ਪਰ, ਉਹ ਵਾਧਾ ਕਰਦਾ ਹੈ, ਸਾਡੇ ਕੋਲ ਜਾਣੇ ਬ੍ਰਹਮੰਡ ਤੋਂ ਬਾਹਰ ਕਿਸੇ ਸਰਵਉਚ ਹਸਤੀ ਦੀ ਹੋਂਦ ਦਾ ਪਤਾ ਕਰਨ ਜਾਂ ਉਹਨੂੰ ਗ਼ਲਤ ਸਾਬਤ ਕਰਨ ਦੇ ਕੋਈ ਸਾਧਨ ਨਹੀਂ। ਹੁਣ ਇਹ ਗੱਲ ਉਸ ਸਮੇਂ ਤਾਂ ਠੀਕ ਹੋ ਸਕਦੀ ਹੈ ਜਦੋਂ ਲਾਪਲਾਸ ਨੇ ਨੈਪੋਲੀਅਨ ਦੇ ਇਸ ਪ੍ਰਸ਼ਨ ਦੇ ਉਤਰ ਵਿਚ ਕਿ ਮਹਾਨ ਤਾਰਾ-

---

* ਜਰਮਨੀ ਵਿਚ ਬਣੇ ਹੋਏ।—ਸੰਪਾ:

ਵਿਗਿਆਨੀ ਦੇ "Mécanique céleste" * ਵਿਚ ਰਚਣਹਾਰ ਦਾ ਜ਼ਿਕਰ ਤੱਕ ਨਹੀਂ ਸੀ, ਮਾਣ ਨਾਲ ਉਤਰ ਦਿਤਾ: "Je n'avais pas besoin de cette hypothèse"। ** ਪਰ ਅਜ ਕਲ, ਬ੍ਰਹਮੰਡ ਦੇ ਸਾਡੇ ਸੰਕਲਪ ਵਿਚ ਕਿਸੇ ਰਚਣਹਾਰ ਜਾਂ ਹਾਕਮ ਲਈ ਉੱਕਾ ਹੀ ਕੋਈ ਥਾਂ ਨਹੀਂ; ਅਤੇ ਕਿਸੇ ਅਜਿਹੀ ਸਰਵਉਚ ਹਸਤੀ ਦੀ ਗੱਲ ਕਰਨਾ, ਜੋ ਸਾਰੇ ਵਿਦਮਾਨ ਸੰਸਾਰ ਤੋਂ ਕਟੀ ਹੋਈ ਹੈ, ਆਪਣੇ ਆਪ ਵਿਚ ਵਿਰੋਧ ਹੈ, ਅਤੇ ਮੈਨੂੰ ਜਾਪਦਾ ਹੈ ਕਿ ਧਾਰਮਕ ਲੋਕਾਂ ਦੀਆਂ ਭਾਵਨਾਵਾਂ ਦੀ ਅਕਾਰਨ ਨਿਰਾਦਰੀ ਹੈ।

ਇਕ ਵਾਰ ਫਿਰ, ਸਾਡਾ ਅਬੋਧਵਾਦੀ ਮੰਨਦਾ ਹੈ ਕਿ ਸਾਡਾ ਸਾਰਾ ਗਿਆਨ ਸਾਡੀ ਗਿਆਨ-ਇੰਦਰੀਆਂ ਰਾਹੀਂ ਪ੍ਰਾਪਤ ਵਾਕਫ਼ੀ ਉਤੇ ਆਧਾਰਤ ਹੈ। ਪਰ, ਉਹ ਇਸ ਵਿਚ ਵਾਧਾ ਕਰਦਾ ਹੈ, ਅਸੀਂ ਇਹ ਕਿਵੇਂ ਜਾਣਦੇ ਹਾਂ ਕਿ ਅਸੀਂ ਉਹਨਾਂ ਰਾਹੀਂ ਜਿਹੜੀਆਂ ਵਸਤਾਂ ਵੇਖਦੇ ਹਾਂ ਸਾਡੀਆਂ ਗਿਆਨ-ਇੰਦਰੀਆਂ ਸਾਨੂੰ ਉਹਨਾਂ ਦਾ ਠੀਕ ਰੂਪ ਪੇਸ਼ ਕਰਦੀਆਂ ਹਨ? ਅਤੇ ਉਹ ਸਾਨੂੰ ਅਗੇ ਇਹ ਦਸਦਾ ਹੈ ਕਿ ਜਦੋਂ ਕਦੇ ਉਹ ਵਸਤਾਂ ਜਾਂ ਉਹਨਾਂ ਦੀਆਂ ਸਿਫ਼ਤਾਂ ਦੀ ਗੱਲ ਕਰਦਾ ਹੈ ਤਾਂ ਉਹਦਾ ਅਰਥ ਇਹ ਵਸਤਾਂ ਅਤੇ ਸਿਫ਼ਤਾਂ ਨਹੀਂ ਹੁੰਦਾ, ਜਿਨ੍ਹਾਂ ਸੰਬੰਧੀ ਉਹ ਨਿਸ਼ਚੇ ਨਾਲ ਕੁਝ ਨਹੀਂ ਜਾਣ ਸਕਦਾ, ਸਗੋਂ ਉਹ ਪ੍ਰਭਾਵ ਹੁੰਦਾ ਹੈ ਜਿਹੜਾ ਉਹਨਾਂ ਨੇ ਉਹਦੀਆਂ ਗਿਆਨ-ਇੰਦਰੀਆਂ ਉਤੇ ਪਾਇਆ ਹੁੰਦਾ ਹੈ। ਹੁਣ, ਦਲੀਲ ਦੇ ਇਸ ਢੰਗ ਨੂੰ ਕੇਵਲ ਦਲੀਲਬਾਜ਼ੀ ਨਾਲ ਹਰਾਉਣਾ ਅਸੰਭਵ ਜਾਪਦਾ ਹੈ। ਪਰ ਦਲੀਲਬਾਜ਼ੀ ਤੋਂ ਪਹਿਲਾਂ ਅਮਲ ਸੀ। "In Anfang war die That"***। ਅਤੇ ਮਨੁਖੀ ਚਤੁਰਾਈ ਵਲੋਂ ਇਹਦੀ ਕਾਢ ਕਢਨ ਤੋਂ ਬਹੁਤ ਪਹਿਲਾਂ ਮਨੁਖੀ ਅਮਲ ਨੇ ਮੁਸ਼ਕਲ ਹਲ ਕਰ ਲਈ ਸੀ। ਪਕਵਾਨ ਦੇ ਸਵਾਦ ਦਾ ਉਹਨੂੰ ਖਾਕੇ ਹੀ ਪਤਾ ਲਗਦਾ ਹੈ। ਜਿਸ ਛਿਣ ਤੋਂ ਅਸੀਂ ਇਹਨਾਂ ਵਸਤਾਂ ਨੂੰ, ਉਹਨਾਂ ਵਿਚ ਸਾਨੂੰ ਦਿਸਦੀਆਂ ਸਿਫ਼ਤਾਂ ਅਨੁਸਾਰ ਆਪਣੀ ਲੋੜ ਲਈ ਵਰਤਦੇ ਹਾਂ ਤਾਂ ਅਸੀਂ ਆਪਣੇ ਇੰਦਰਿਆਵੀ ਅਨੁਭਵਾਂ ਦੇ ਠੀਕ ਹੋਣ ਜਾਂ ਨਾ ਹੋਣ ਦੀ ਪਕੀ ਪਰਖ ਕਰਦੇ ਹਾਂ। ਜੇ ਸਾਡਾ ਅਨੁਭਵ ਗ਼ਲਤ ਸੀ ਤਾਂ ਕਿਸੇ ਵਸਤ ਤੋਂ ਜੋ ਕੰਮ ਲਿਆ ਜਾ ਸਕਦਾ ਹੈ ਉਸ ਸੰਬੰਧੀ ਸਾਡਾ ਅੰਦਾਜ਼ਾ ਵੀ ਗ਼ਲਤ ਹੋਵੇਗਾ ਅਤੇ ਇਹ ਲਾਜ਼ਮੀ ਹੈ ਕਿ ਸਾਡਾ ਜਤਨ ਅਸਫ਼ਲ ਹੋਵੇ। ਪਰ ਜੇ ਅਸੀਂ ਆਪਣੇ ਮੰਤਵ ਵਿਚ ਸਫ਼ਲ ਹੁੰਦੇ ਹਾਂ, ਜੇ ਅਸੀਂ ਇਹ ਵੇਖਦੇ ਹਾਂ ਕਿ ਉਸ ਵਸਤ ਸੰਬੰਧੀ ਸਾਡੇ ਵਿਚਾਰ ਨਾਲ ਮੇਲ ਖਾਂਦੀ ਹੈ ਅਤੇ ਉਸ ਕੰਮ ਆਉਂਦੀ

---

* "ਆਕਾਸ਼ੀ ਗਤੀ-ਵਿਗਿਆਨ"। — **ਅਨੁ:**

** "ਮੈਨੂੰ ਇਸ ਮਿਥ ਦੀ ਕੋਈ ਲੋੜ ਨਹੀਂ ਸੀ।" — **ਸੰਪਾ:**

*** "ਮੁਢ ਵਿਚ ਕਰਮ ਸੀ"। ਗੋਇਥੇ ਦੇ "ਫ਼ਾਊਸਟ" ਵਿਚੋਂ, ਭਾਗ ਪਹਿਲਾ, ਦ੍ਰਿਸ਼ ਤੀਜਾ ("ਫ਼ਾਊਸਟ ਦਾ ਪੜ੍ਹਨ ਕਮਰਾ")। —**ਸੰਪਾ:**

ਹੈ ਜਿਸ ਕੰਮ ਲਈ ਅਸੀਂ ਇਹਨੂੰ ਵਰਤਣਾ ਚਾਹੁੰਦੇ ਹਾਂ ਤਾਂ ਇਹ ਇਸ ਗੱਲ ਦਾ ਪਕਾ ਸਬੂਤ ਹੈ ਕਿ ਇਹਦੇ ਅਤੇ ਇਹਦੀਆਂ ਸਿਫ਼ਤਾਂ ਸੰਬੰਧੀ ਸਾਡਾ ਅਨੁਭਵ, **ਇਸ ਹੱਦ ਤੱਕ**, ਸਾਡੇ ਆਪਣੇ ਤੋਂ ਬਾਹਰ ਦੇ ਯਥਾਰਥ ਨਾਲ ਮੇਲ ਖਾਂਦੇ ਹਨ। ਅਤੇ ਜਦੋਂ ਕਦੀ ਸਾਨੂੰ ਅਸਫ਼ਲਤਾ ਦਾ ਸਾਹਮਣਾ ਕਰਨਾ ਪੈਂਦਾ ਹੈ ਤਾਂ ਅਕਸਰ ਸਾਨੂੰ ਉਹ ਕਾਰਨ ਲਭਣ ਵਿਚ ਦੇਰ ਨਹੀਂ ਲਗਦੀ ਜਿਸ ਕਰਕੇ ਅਸੀਂ ਅਸਫ਼ਲ ਹੋਏ ਹਾਂ; ਅਸੀਂ ਵੇਖਦੇ ਹਾਂ ਕਿ ਅਸੀਂ ਜਿਸ ਅਨੁਭਵ ਦੇ ਆਧਾਰ ਉਤੇ ਅਮਲ ਕੀਤਾ ਉਹ ਜਾਂ ਗ਼ੈਰ-ਮੁਕੰਮਲ ਅਤੇ ਉਪਰਲਾ-ਉਪਰਲਾ ਜਾਂ ਕੁਝ ਹੋਰ ਅਨੁਭਵਾਂ ਦੇ ਸਿੱਟਿਆਂ ਨਾਲ ਅਜਿਹੇ ਢੰਗ ਨਾਲ ਮਿਲਿਆ ਹੋਇਆ ਸੀ ਜਿਸ ਲਈ ਉਹ ਯੋਗ ਨਹੀਂ ਸਨ — ਜਾਂ ਜਿਸਨੂੰ ਅਸੀਂ ਨੁਕਸਦਾਰ ਦਲੀਲ ਕਹਿੰਦੇ ਹਾਂ। ਜਿੰਨਾ ਚਿਰ ਅਸੀਂ ਆਪਣੀਆਂ ਇੰਦਰੀਆਂ ਨੂੰ ਠੀਕ ਤਰ੍ਹਾਂ ਸਿਖਿਅਤ ਕਰਦੇ ਅਤੇ ਵਰਤਦੇ ਹਾਂ ਅਤੇ ਆਪਣੇ ਅਮਲਾਂ ਨੂੰ ਠੀਕ ਤਰ੍ਹਾਂ ਕੀਤੇ ਅਤੇ ਯੋਗ ਤਰ੍ਹਾਂ ਵਰਤੇ ਅਨੁਭਵਾਂ ਦੀ ਹੱਦ ਦੇ ਅੰਦਰ ਰਖਦੇ ਹਾਂ, ਉੱਨਾ ਚਿਰ ਅਸੀਂ ਵੇਖਦੇ ਹਾਂ ਕਿ ਸਾਡੇ ਅਮਲਾਂ ਦੇ ਸਿੱਟੇ ਸਾਡੇ ਅਨੁਭਵ ਅਤੇ ਅਨੁਭਵ-ਅਧੀਨ ਵਸਤਾਂ ਦੇ ਬਾਹਰਮੁਖੀ ਖ਼ਾਸੇ ਦੀ ਅਨੁਸਾਰਤਾ ਨੂੰ ਸਾਬਤ ਕਰਦੇ ਹਨ। ਅਜੇ ਤੱਕ ਇਕ ਵਾਰ ਵੀ ਅਸੀਂ ਇਸ ਸਿੱਟੇ ਉਤੇ ਨਹੀਂ ਅਪੜੇ ਕਿ, ਜੇ ਉਹਨਾਂ ਨੂੰ ਵਿਗਿਆਨਕ ਢੰਗ ਨਾਲ ਕੰਟਰੋਲ ਕੀਤਾ ਜਾਵੇ, ਤਾਂ ਸਾਡੇ ਇੰਦਰਿਆਵੀ ਅਨੁਭਵ ਸਾਡੇ ਮਨਾਂ ਵਿਚ ਬਾਹਰਲੇ ਸੰਸਾਰ ਸੰਬੰਧੀ ਅਜਿਹੇ ਵਿਚਾਰ ਪੈਦਾ ਕਰਦੇ ਹਨ, ਜਿਹੜੇ ਐਨ ਆਪਣੇ ਖ਼ਾਸੇ ਕਾਰਨ ਯਥਾਰਥ ਨਾਲ ਮੇਲ ਨਹੀਂ ਖਾਂਦੇ ਜਾਂ ਇਹ ਕਿ ਬਾਹਰਲੇ ਸੰਸਾਰ ਅਤੇ ਸਾਡੇ ਇੰਦਰਿਆਵੀ ਅਨੁਭਵ ਵਿਚ ਕੋਈ ਅੰਤ੍ਰੀਵ ਅਣਮੇਲ ਹੈ।

ਪਰ ਫੇਰ ਨਵ-ਕਾਂਟਵਾਦੀ ਅਬੋਧਵਾਦੀ ਆਉਂਦਾ ਹੈ ਅਤੇ ਕਹਿੰਦਾ ਹੈ: ਇਹ ਸੰਭਵ ਹੈ ਕਿ ਅਸੀਂ ਕਿਸੇ ਵਸਤ ਦੀਆਂ ਸਿਫ਼ਤਾਂ ਠੀਕ ਤਰ੍ਹਾਂ ਅਨੁਭਵ ਕਰ ਲਈਏ ਪਰ ਅਸੀਂ ਕਿਸੇ ਵੀ ਇੰਦਰਿਆਵੀ ਅਤੇ ਦਿਮਾਗ਼ੀ ਅਮਲ ਰਾਹੀਂ ਆਪਣੇ-ਆਪ-ਵਿਚ-ਵਸਤ ਨੂੰ ਨਹੀਂ ਸਮਝ ਸਕਦੇ। ਇਹ "ਆਪਣੇ-ਆਪ-ਵਿਚ-ਵਸਤ" ਸਾਡੇ ਗਿਆਨ-ਖੇਤਰ ਤੋਂ ਬਾਹਰ ਹੈ। ਇਹਦਾ ਹੀਗਲ ਬਹੁਤ ਪਹਿਲਾਂ ਜਵਾਬ ਦੇ ਚੁਕਾ ਹੈ: ਜੇ ਤੁਸੀਂ ਕਿਸੇ ਵਸਤ ਦੀਆਂ ਸਭੇ ਸਿਫ਼ਤਾਂ ਜਾਣਦੇ ਹੋ ਤਾਂ ਤੁਸੀਂ ਖ਼ੁਦ ਵਸਤ ਨੂੰ ਜਾਣਦੇ ਹੋ; ਇਸ ਤੋਂ ਬਿਨਾਂ ਕੁਝ ਨਹੀਂ ਰਹਿ ਜਾਂਦਾ ਕਿ ਇਸ ਵਸਤ ਦੀ ਸਾਡੇ ਤੋਂ ਬਾਹਰ ਹੋਂਦ ਹੈ; ਅਤੇ ਜਦੋਂ ਤੁਹਾਡੀਆਂ ਗਿਆਨ-ਇੰਦਰੀਆਂ ਨੇ ਤੁਹਾਨੂੰ ਇਹ ਤੱਥ ਦਸ ਦਿਤਾ ਹੈ ਤਾਂ ਤੁਸੀਂ "ਆਪਣੇ-ਆਪ-ਵਿਚ-ਵਸਤ" ਦੀ, ਕਾਂਟ ਦੀ ਪ੍ਰਸਿਧ ਅਗੋਚਰ "Ding an sich" ਦੀ, ਅਖ਼ੀਰੀ ਰਹਿੰਦ-ਖੂੰਹਦ ਉਤੇ ਵੀ ਕਾਬੂ ਪਾ ਲਿਆ ਹੈ। ਇਸ ਵਿਚ ਇਸ ਗੱਲ ਦਾ ਵਾਧਾ ਕੀਤਾ ਜਾ ਸਕਦਾ ਹੈ ਕਿ ਕਾਂਟ ਦੇ ਜ਼ਮਾਨੇ ਵਿਚ ਸਾਡਾ ਪ੍ਰਾਕਿਰਤਕ ਵਸਤਾਂ ਦਾ ਗਿਆਨ ਇੰਨਾ ਨਿਗੂਣਾ ਸੀ ਕਿ ਉਹ ਉਹਨਾਂ

ਵਿਚੋਂ ਹਰ ਇਕ ਸੰਬੰਧੀ ਜੋ ਕੁਝ ਜਾਣਦਾ ਸੀ, ਉਸਦੇ ਪਿਛੇ ਉਹ ਉਸ ਤੋਂ ਬਿਨਾਂ ਇਕ ਭੇਤ-ਭਰੀ "ਆਪਣੇ-ਆਪ-ਵਿਚ-ਵਸਤ" ਦੀ ਹੋਂਦ ਬਾਰੇ ਸੋਚ ਸਕਦਾ ਸੀ। ਪਰ ਇਕ ਤੋਂ ਪਿਛੋਂ ਦੂਜੀ ਇਹ ਪਕੜ ਵਿਚ ਨਾ ਆਉਣ ਵਾਲੀਆਂ ਵਸਤਾਂ ਸਮਝ ਲਈਆਂ ਗਈਆਂ ਹਨ, ਉਹਨਾਂ ਦਾ ਵਿਸ਼ਲੇਸ਼ਣ ਕੀਤਾ ਗਿਆ ਹੈ ਅਤੇ ਇਸ ਤੋਂ ਵੀ ਵਧ, ਵਿਗਿਆਨ ਦੀ ਧੜਵੈਲ ਉੱਨਤੀ ਨੇ ਉਹਨਾਂ ਨੂੰ **ਨਕਲੀ ਤੌਰ ਤੇ ਪੈਦਾ ਕਰ ਦਿਤਾ ਹੈ**; ਅਤੇ ਜੋ ਕੁਝ ਅਸੀਂ ਪੈਦਾ ਕਰ ਸਕਦੇ ਹਾਂ ਉਸਨੂੰ ਅਸੀਂ ਅਗੋਚਰ ਕਿਵੇਂ ਕਹਿ ਸਕਦੇ ਹਾਂ। ਇਸ ਸਦੀ ਦੇ ਪਹਿਲੇ ਅਧ ਦੇ ਰਸਾਇਣ-ਵਿਗਿਆਨ ਲਈ ਜਲ-ਕਾਰਬਨੀ ਪਦਾਰਥ ਅਤਿ-ਅੰਤ ਭੇਤ-ਭਰੀਆਂ ਵਸਤਾਂ ਸਨ; ਹੁਣ ਅਸੀਂ ਉਹਨਾਂ ਨੂੰ ਇਕ ਤੋਂ ਪਿਛੋਂ ਦੂਜੀ ਉਹਨਾਂ ਦੇ ਰਸਾਇਣੀ ਅੰਸ਼ਾਂ ਤੋਂ, ਜੀਵੀ ਅਮਲਾਂ ਤੋਂ ਬਿਨਾਂ, ਤਿਆਰ ਕਰ ਚੁਕੇ ਹਾਂ। ਨਵੀਨ ਰਸਾਇਣ-ਵਿਗਿਆਨੀ ਕਹਿੰਦੇ ਹਨ ਕਿ ਭਾਵੇਂ ਕੋਈ ਵੀ ਵਸਤ ਕਿਉਂ ਨਾ ਹੋਵੇ, ਜਿਉਂ ਹੀ ਉਹਦੀ ਰਸਾਇਣੀ ਬਣਤਰ ਦਾ ਪਤਾ ਲਗ ਜਾਂਦਾ ਹੈ, ਉਹਨੂੰ ਉਹਦੇ ਅੰਸ਼ਾਂ ਤੋਂ ਬਣਾਇਆ ਜਾ ਸਕਦਾ ਹੈ। ਸਾਨੂੰ ਅਜੇ ਤੱਕ ਸਰਵਉਚ ਪ੍ਰਾਣਧਾਰੀ ਵਸਤਾਂ, ਐਲਬਿਊਮਨ ਵਾਲੇ ਆਕਾਰਾਂ ਦੀ ਰਸਾਇਣੀ ਬਣਤਰ ਦਾ ਪਤਾ ਨਹੀਂ; ਪਰ ਇਸ ਗੱਲ ਦਾ ਕੋਈ ਕਾਰਨ ਨਹੀਂ ਕਿ, ਭਾਵੇਂ ਸਦੀਆਂ ਪਿਛੋਂ ਹੀ, ਅਸੀਂ ਇਹ ਗਿਆਨ ਪ੍ਰਾਪਤ ਕਰ ਲਵਾਂਗੇ ਅਤੇ ਇਹਦੇ ਨਾਲ ਲੈਸ ਹੋਕੇ ਨਕਲੀ ਐਲਬਿਊਮਨ ਤਿਆਰ ਕਰ ਲਵਾਂਗੇ। ਪਰ ਜੇ ਅਸੀਂ ਇਹ ਗਿਆਨ ਪ੍ਰਾਪਤ ਕਰ ਲਿਆ ਤਾਂ ਅਸੀਂ ਇਹਦੇ ਨਾਲ ਹੀ ਨਾਲ ਪ੍ਰਾਣਧਾਰੀ ਜੀਵਨ ਤਿਆਰ ਕਰ ਲਿਆ ਹੋਵੇਗਾ ਕਿਉਂਕਿ ਆਪਣੇ ਨੀਵੇਂ ਤੋਂ ਨੀਵੇਂ ਤੋਂ ਲੈਕੇ ਸਰਵਉਚ ਤੱਕ ਜੀਵਨ ਐਲਬਿਊਮਨ ਵਾਲੇ ਆਕਾਰਾਂ ਦੀ ਹੋਂਦ ਦਾ ਸਾਧਾਰਨ ਢੰਗ ਹੈ।

ਪਰ, ਜਿਉਂ ਸਾਡੇ ਅਬੋਧਵਾਦੀ ਨੇ ਇਹ ਰਸਮੀ ਦਿਮਾਗ਼ੀ ਰਖ ਰਖਾ ਵਰਤੇ ਹਨ, ਉਹ ਉਸ ਖ਼ਾਲਸ ਪਦਾਰਥਵਾਦੀ ਵਾਂਗ ਗੱਲ ਕਰਦਾ ਅਤੇ ਵਿਚਾਰਦਾ ਹੈ ਜਿਹੜਾ ਉਹ ਅਸਲ ਵਿਚ ਹੈ। ਉਹ ਕਹਿ ਸਕਦਾ ਹੈ ਕਿ ਜਿਥੋਂ ਤੱਕ **ਅਸੀਂ** ਜਾਣਦੇ ਹਾਂ ਪਦਾਰਥ ਅਤੇ ਗਤੀ, ਜਾਂ ਜਿਹਾ ਕਿ ਹੁਣ ਕਿਹਾ ਜਾਂਦਾ ਹੈ, ਸ਼ਕਤੀ, ਨਾ ਰਚੇ ਜਾ ਸਕਦੇ ਹਨ ਅਤੇ ਨਾ ਹੀ ਤਬਾਹ ਕੀਤੇ ਜਾ ਸਕਦੇ ਹਨ, ਪਰ ਸਾਡੇ ਕੋਲ ਇਸ ਗੱਲ ਦਾ ਕੋਈ ਸਬੂਤ ਨਹੀਂ ਕਿ ਕਿਸੇ ਨਾ ਕਿਸੇ ਸਮੇਂ ਇਹ ਰਚੇ ਨਹੀਂ ਗਏ। ਪਰ ਜੇ ਤੁਸੀਂ ਕਿਸੇ ਵਿਸ਼ੇਸ਼ ਮਾਮਲੇ ਵਿਚ ਉਹਦੇ ਇਹ ਗੱਲ ਮੰਨਣ ਨੂੰ ਉਹਦੇ ਵਿਰੁਧ ਵਰਤਣ ਦਾ ਜਤਨ ਕਰੋ ਤਾਂ ਉਹ ਕਾਹਲ ਨਾਲ ਤੁਹਾਡੀ ਗੱਲ ਸੁਣਨੋਂ ਇਨਕਾਰ ਕਰ ਦੇਵੇਗਾ। ਜੇ ਉਹ ਰੂਹਪ੍ਰਸਤੀ ਨੂੰ in abstracto* ਮੰਨਣ ਨੂੰ ਤਿਆਰ ਹੈ ਤਾਂ ਉਹ ਇਹਨੂੰ in concreto** ਮੰਨਣ ਲਈ ਤਿਆਰ ਨਹੀਂ। ਉਹ ਤੁਹਾਨੂੰ

---

*ਖ਼ਿਆਲੀ ਤੌਰ ਉਤੇ। — **ਸੰਪਾ:**

**ਅਮਲੀ ਤੌਰ ਉਤੇ। — **ਸੰਪਾ:**

ਦਸੈਗਾ ਕਿ ਜਿਥੋਂ ਤੱਕ ਅਸੀਂ ਜਾਣਦੇ ਹਾਂ ਅਤੇ ਜਾਣ ਸਕਦੇ ਹਾਂ ਬ੍ਰਹਮੰਡ ਦਾ ਕੋਈ ਰਚਣਹਾਰ ਅਤੇ ਹਾਕਮ ਨਹੀਂ; ਜਿਥੋਂ ਤੱਕ ਸਾਡਾ ਸੰਬੰਧ ਹੈ, ਪਦਾਰਥ ਅਤੇ ਸ਼ਕਤੀ ਨਾ ਰਚੇ ਜਾ ਸਕਦੇ ਹਨ ਅਤੇ ਨਾ ਤਬਾਹ ਕੀਤੇ ਜਾ ਸਕਦੇ ਹਨ; ਸਾਡੇ ਲਈ ਮਨ ਸ਼ਕਤੀ ਦਾ ਇਕ ਰੂਪ ਹੈ, ਦਿਮਾਗ਼ ਦਾ ਇਕ ਕਾਰਜ ਹੈ; ਅਸੀਂ ਬਸ ਇੰਨਾਂ ਹੀ ਜਾਣਦੇ ਹਾਂ ਕਿ ਪਦਾਰਥਕ ਸੰਸਾਰ ਅਟੱਲ ਨਿਯਮਾਂ ਅਨੁਸਾਰ ਚਲਦਾ ਹੈ, ਇਤਿ-ਆਦਿ। ਸੋ, ਜਿਥੋਂ ਤੱਕ ਉਹ ਵਿਗਿਆਨਕ ਮਨੁਖ ਹੈ, ਜਿਥੋਂ ਤੱਕ ਉਹ ਕੁਝ ਜਾਣਦਾ ਹੈ, ਉਹ ਪਦਾਰਥਵਾਦੀ ਹੈ; ਆਪਣੇ ਗਿਆਨ ਤੋਂ ਬਾਹਰ, ਉਹਨਾਂ ਖੇਤਰਾਂ ਵਿਚ ਜਿਨ੍ਹਾਂ ਸੰਬੰਧੀ ਉਹ ਕੁਝ ਨਹੀਂ ਜਾਣਦਾ ਉਹ ਆਪਣੇ ਅਗਿਆਨ ਦਾ ਯੂਨਾਨੀ ਵਿਚ ਅਨੁਵਾਦ ਕਰ ਦੇਂਦਾ ਹੈ ਅਤੇ ਇਹਨੂੰ ਅਬੋਧਵਾਦ (agnosticism) ਕਹਿੰਦਾ ਹੈ।

ਕੁਝ ਵੀ ਹੋਵੇ, ਇਕ ਗੱਲ ਸਪਸ਼ਟ ਜਾਪਦੀ ਹੈ: ਜੇ ਮੈਂ ਅਬੋਧਵਾਦੀ ਵੀ ਹੁੰਦਾ ਤਾਂ ਵੀ ਇਹ ਗੱਲ ਸਪਸ਼ਟ ਹੈ ਕਿ ਇਤਿਹਾਸ ਦਾ ਜਿਹੜਾ ਸੰਕਲਪ ਇਸ ਨਿਕੀ ਪੁਸਤਕ ਵਿਚ ਉਲੀਕਿਆ ਗਿਆ ਹੈ ਉਹਨੂੰ ਮੈਂ "ਇਤਿਹਾਸਕ ਅਬੋਧਵਾਦ" ਤਾਂ ਨਹੀਂ ਸਾਂ ਕਹਿ ਸਕਦਾ। ਧਾਰਮਕ ਲੋਕ ਮੇਰਾ ਠੱਠਾ ਉਡਾਉਂਦੇ, ਅਬੋਧਵਾਦੀ ਗ਼ੁਸੇ ਨਾਲ ਪੁਛਦੇ, ਕੀ ਮੈਂ ਉਹਨਾਂ ਦਾ ਠੱਠਾ ਉਡਾਉਣਾ ਚਾਹੁੰਦਾ ਹਾਂ? ਸੋ ਮੇਰਾ ਵਿਚਾਰ ਹੈ ਕਿ ਜੇ ਮੈਂ ਅੰਗ੍ਰੇਜ਼ੀ ਅਤੇ ਅਨੇਕ ਹੋਰਨਾਂ ਭਾਸ਼ਾਵਾਂ ਵਿਚ ਵੀ ਪ੍ਰੀਭਾਸ਼ਕ ਸ਼ਬਦ ਇਤਿਹਾਸ ਦੀ ਚਾਲ ਦੇ ਉਸ ਸੰਕਲਪ ਨੂੰ ਬਿਆਨ ਕਰਨ ਲਈ, ਜਿਹੜਾ ਸਭਨਾਂ ਮਹਤਵਪੂਰਨ ਇਤਿਹਾਸਕ ਘਟਨਾਵਾਂ ਦਾ ਅੰਤਮ ਕਾਰਨ ਅਤੇ ਮਹਾਨ ਚਾਲਕ ਸ਼ਕਤੀ ਸਮਾਜ ਦੇ ਆਰਥਕ ਵਿਕਾਸ ਵਿਚ, ਉਤਪਾਦਨ ਅਤੇ ਵਟਾਂਦਰੇ ਦੇ ਢੰਗਾਂ ਵਿਚ ਤਬਦੀਲੀਆਂ ਵਿਚ, ਇਹਨਾਂ ਦੇ ਸਿੱਟੇ ਵਜੋਂ ਸਮਾਜ ਦੀ ਸ਼੍ਰੇਣੀਆਂ ਅੰਦਰ ਨਿਸ਼ਚਿਤ ਵੰਡ ਵਿਚ ਅਤੇ ਇਹਨਾਂ ਸ਼੍ਰੇਣੀਆਂ ਵਿਚਕਾਰ ਇਕ ਦੂਜੇ ਦੇ ਵਿਰੁਧ ਘੋਲ ਵਿਚ ਵੇਖਦਾ ਹੈ, "ਇਤਿਹਾਸਕ ਪਦਾਰਥਵਾਦ" ਦਾ ਨਾਂ ਦਿਆਂ ਤਾਂ ਅੰਗ੍ਰੇਜ਼ ਸਾਊਪੁਣੇ ਨੂੰ ਵੀ ਹਦੋਂ ਵਧ ਧਕਾ ਨਹੀਂ ਲਗੇਗਾ।

ਜੇ ਮੈਂ ਇਹ ਵਿਖਾ ਸਕਾਂ ਕਿ ਇਤਿਹਾਸਕ ਪਦਾਰਥਵਾਦ ਬਰਤਾਨਵੀ ਸਾਊਪੁਣੇ ਲਈ ਵੀ ਲਾਭਦਾਇਕ ਹੋ ਸਕਦਾ ਹੈ ਤਾਂ ਮੈਨੂੰ ਇਹ ਛੋਟ ਸ਼ਾਇਦ ਹੋਰ ਵਧੇਰੇ ਤੇਜ਼ੀ ਨਾਲ ਦਿਤੀ ਜਾਵੇਗੀ। ਮੈਂ ਪਹਿਲਾਂ ਹੀ ਕਿਹਾ ਹੈ ਕਿ ਚਾਲ੍ਹੀ ਜਾਂ ਪੰਜਾਹ ਵਰ੍ਹੇ ਪਹਿਲਾਂ ਇੰਗਲੈਂਡ ਵਿਚ ਵਾਸ ਅਖ਼ਤਿਆਰ ਕਰਨ ਵਾਲੇ ਹਰ ਸਭਿਅ ਬਦੇਸੀ ਨੂੰ ਜਿਹੜੀ ਗੱਲ ਖੜਕਦੀ ਉਹ ਇਹ ਸੀ ਕਿ ਉਹ ਅੰਗ੍ਰੇਜ਼ ਸਾਊ ਮਧ-ਸ਼੍ਰੇਣੀ ਦੇ ਧਾਰਮਿਕ ਤਅਸਬ ਅਤੇ ਮੂਰਖਤਾ ਨੂੰ ਵਿਚਾਰਨ ਤੇ ਮਜਬੂਰ ਸੀ। ਮੈਂ ਹੁਣ ਇਹ ਸਾਬਤ ਕਰਨ ਲਗਾ ਹਾਂ ਕਿ ਉਸ ਸਮੇਂ ਦੀ ਅੰਗ੍ਰੇਜ਼ ਸਾਊ ਮਧ-ਸ਼੍ਰੇਣੀ ਇੰਨੀ ਮੂਰਖ ਨਹੀਂ ਸੀ ਜਿੰਨਾਂ ਸਿਆਣਾ ਬਦੇਸੀ ਉਹਨੂੰ ਸਮਝਦਾ ਸੀ। ਇਹਦੀਆਂ ਧਾਰਮਿਕ ਪ੍ਰਵਿਰਤੀਆਂ ਦੀ ਵਿਆਖਿਆ ਕੀਤੀ ਜਾ ਸਕਦੀ ਹੈ।

ਜਦੋਂ ਯੂਰਪ ਮਧ-ਕਾਲ ਵਿਚੋਂ ਬਾਹਰ ਨਿਕਲਿਆ ਤਾਂ ਨਗਰਾਂ ਦੀ ਉਭਰ ਰਹੀ ਮਧ-ਸ਼੍ਰੇਣੀ ਇਹਦਾ ਇਨਕਲਾਬੀ ਅੰਸ਼ ਸੀ। ਇਹਨੇ ਮਧ-ਕਾਲ ਦੀ ਸਾਮੰਤੀ ਜਥੇਬੰਦੀ ਵਿਚ ਇਕ ਮੰਨੀ ਪ੍ਰਮੰਨੀ ਥਾਂ ਪ੍ਰਾਪਤ ਕਰ ਲਈ ਸੀ ਪਰ ਇਹ ਥਾਂ ਵੀ ਇਹਦੀ ਪਸਰਵੀਂ ਸ਼ਕਤੀ ਲਈ ਬਹੁਤ ਤੰਗ ਹੋ ਗਈ ਸੀ। ਮਧ-ਸ਼੍ਰੇਣੀ, **ਬੁਰਜੂਆਜ਼ੀ**, ਦਾ ਵਿਕਾਸ ਸਾਮੰਤੀ ਪ੍ਰਣਾਲੀ ਨਾਲ ਬੇਮੇਲ ਹੋ ਗਿਆ; ਇਸ ਲਈ ਸਾਮੰਤੀ ਪ੍ਰਣਾਲੀ ਦਾ ਢਹਿਣਾ ਲਾਜ਼ਮੀ ਸੀ।

ਪਰ ਸਾਮੰਤਵਾਦ ਦਾ ਮਹਾਨ ਕੌਮਾਂਤਰੀ ਕੇਂਦਰ ਰੋਮਨ ਕੈਥੋਲਿਕ ਚਰਚ ਸੀ। ਸਭਨਾਂ ਅੰਦਰੂਨੀ ਯੁਧਾਂ ਦੇ ਬਾਵਜੂਦ ਇਹ ਸਾਰੇ ਸਾਮੰਤੀਕਰਿਤ ਪਛਮੀ ਯੂਰਪ ਨੂੰ ਮਤ-ਭੇਦੀਏ ਯੂਨਾਨੀਆਂ ਵਿਰੁਧ ਵੀ ਇਕੋ ਇਕ ਸ਼ਾਨਦਾਰ ਰਾਜਸੀ ਪ੍ਰਣਾਲੀ ਵਿਚ ਉਸੇ ਤਰ੍ਹਾਂ ਇਕਮੁਠ ਕਰਦਾ ਸੀ ਜਿਵੇਂ ਮੁਸਲਮਾਨਾਂ ਵਿਰੁਧ। ਇਹ ਸਾਮੰਤੀ ਸੰਸਥਾਵਾਂ ਦੁਆਲੇ ਰੱਬੀ ਪਵਿਤਰਤਾ ਦਾ ਪਰਵਾਰ ਜੜ ਦੇਂਦਾ ਸੀ। ਇਹਨੇ ਆਪਣੇ ਪਾਦਰੀ-ਪ੍ਰਬੰਧ ਨੂੰ ਸਾਮੰਤੀ ਨਮੂਨੇ ਉਤੇ ਜਥੇਬੰਦ ਕੀਤਾ ਸੀ, ਅਤੇ, ਅੰਤ, ਇਹ ਆਪਣੇ ਆਪ ਵਿਚ ਸਭ ਤੋਂ ਕਿਤੇ ਵਡਾ ਸਾਮੰਤੀ ਰਾਠ ਸੀ, ਕਿਉਂਕਿ, ਇਹਦੇ ਕੈਥੋਲਿਕ ਸੰਸਾਰ ਦੀ ਭੋਂ ਦੇ ਤੀਜੇ ਹਿੱਸੇ ਉਤੇ ਇਹਦਾ ਕਬਜ਼ਾ ਸੀ। ਗ਼ੈਰ-ਮਜ਼੍ਹਬੀ ਸਾਮੰਤਸ਼ਾਹੀ ਉਤੇ ਹਰ ਦੇਸ ਵਿਚ ਅਤੇ ਉਹਦੇ ਵਖ ਵਖ ਖੇਤਰਾਂ ਵਿਚ ਸਫ਼ਲ ਹਮਲਾ ਕਰਨ ਤੋਂ ਪਹਿਲਾਂ ਉਹਦੀ ਪਵਿਤਰ ਕੇਂਦਰੀ ਜਥੇਬੰਦੀ ਤਬਾਹ ਕਰਨੀ ਲਾਜ਼ਮੀ ਸੀ।

ਨਾਲੇ ਮਧ-ਸ਼੍ਰੇਣੀ ਦੇ ਉਭਰਨ ਦੇ ਨਾਲ ਹੀ ਨਾਲ ਵਿਗਿਆਨ ਦੀ ਮਹਾਨ ਸੁਰਜੀਤਤਾ ਆਈ — ਤਾਰਾ-ਵਿਗਿਆਨ, ਗਤੀ-ਵਿਗਿਆਨ, ਭੌਤਕ-ਵਿਗਿਆਨ, ਸ੍ਰੀਰ-ਬਣਤਰ-ਵਿਗਿਆਨ, ਸ੍ਰੀਰ-ਕਿਰਿਆ-ਵਿਗਿਆਨ ਨੂੰ ਫਿਰ ਵਾਧਾ ਮਿਲਿਆ। ਅਤੇ ਬੁਰਜੂਆਜ਼ੀ ਨੂੰ ਆਪਣੀ ਸਨਅਤੀ ਉਪਜ ਦੇ ਵਾਧੇ ਲਈ ਇਕ ਅਜਿਹੇ ਵਿਗਿਆਨ ਦੀ ਲੋੜ ਸੀ ਜਿਹੜਾ ਪ੍ਰਾਕਿਰਤਕ ਵਸਤਾਂ ਦੀਆਂ ਭੌਤਕ ਸਿਫ਼ਤਾਂ ਦਾ ਅਤੇ ਪ੍ਰਕਿਰਤੀ ਦੀਆਂ ਸ਼ਕਤੀਆਂ ਦੇ ਅਮਲ ਦੇ ਢੰਗਾਂ ਦਾ ਪਤਾ ਕੱਢਦਾ। ਉਸ ਸਮੇਂ ਤੱਕ ਵਿਗਿਆਨ ਸਥਾਪਤ ਧਰਮ ਦੀ ਨਿਰਮਾਣ ਬਾਂਦੀ ਰਿਹਾ ਸੀ, ਉਹਨੂੰ ਧਾਰਮਿਕ ਨਿਸ਼ਚੇ ਵਲੋਂ ਮਿਥੀਆਂ ਹੱਦਾਂ ਤੋਂ ਬਾਹਰ ਨਹੀਂ ਸੀ ਜਾਣ ਦਿਤਾ ਗਿਆ ਅਤੇ ਇਸੇ ਕਾਰਨ ਇਹ ਉੱਕਾ ਹੀ ਵਿਗਿਆਨ ਨਹੀਂ ਸੀ ਰਿਹਾ। ਵਿਗਿਆਨ ਨੇ ਸਥਾਪਤ ਧਰਮ ਵਿਰੁਧ ਬਗ਼ਾਵਤ ਕਰ ਦਿਤੀ; ਬੁਰਜੂਆਜ਼ੀ ਦਾ ਵਿਗਿਆਨ ਤੋਂ ਬਿਨਾਂ ਗੁਜ਼ਾਰਾ ਨਹੀਂ ਸੀ, ਅਤੇ, ਇਸ ਲਈ ਇਹਨੂੰ ਬਗ਼ਾਵਤ ਵਿਚ ਸ਼ਾਮਲ ਹੋਣਾ ਪਿਆ।

ਭਾਵੇਂ ਉਪ੍ਰੋਕਤ ਉਹਨਾਂ ਦੋ ਨੁਕਤਿਆਂ ਨੂੰ ਹੀ ਛੂੰਹਦਾ ਹੈ ਜਿਥੇ ਉਭਰ ਰਹੀ ਮਧ-ਸ਼੍ਰੇਣੀ ਦਾ ਸਥਾਪਤ ਧਰਮ ਨਾਲ ਟਕਰਾਉਣਾ ਲਾਜ਼ਮੀ ਸੀ ਪਰ ਇਹ ਏਨਾ ਵਿਖਾਉਣ ਲਈ ਕਾਫ਼ੀ ਹੈ ਕਿ, ਪਹਿਲੇ, ਰੋਮਨ ਈਸਾਈਅਤ ਦੇ ਦਾਹਵਿਆਂ

ਵਿਰੁਧ ਘੋਲ ਵਿਚ ਜਿਸ ਸ੍ਰੇਣੀ ਨੂੰ ਸਭ ਤੋਂ ਵਧ ਸਿਧੀ ਦਿਲਚਸਪੀ ਸੀ ਉਹ ਬੁਰਜੂਆਜ਼ੀ ਸੀ; ਅਤੇ, ਦੂਜੇ ਕਿ ਉਸ ਸਮੇਂ ਸਾਮੰਤਵਾਦ ਵਿਰੁਧ ਹਰ ਘੋਲ ਲਈ ਧਾਰਮਿਕ ਭੇਸ ਅਖ਼ਤਿਆਰ ਕਰਨਾ ਲਾਜ਼ਮੀ ਸੀ ਅਤੇ ਸਭ ਤੋਂ ਪਹਿਲਾਂ ਇਹਦਾ ਰੁਖ਼ ਸਥਾਪਤ ਧਰਮ ਵਿਰੁਧ ਹੀ ਹੋਣਾ ਸੀ। ਪਰ ਜੇ ਯੂਨੀਵਰਸਿਟੀਆਂ ਅਤੇ ਸ਼ਹਿਰਾਂ ਦੇ ਵਪਾਰੀਆਂ ਨੇ ਸ਼ੋਰ ਸ਼ੁਰੂ ਕੀਤਾ ਤਾਂ ਇਹਨੂੰ ਪਿੰਡਾਂ ਦੇ ਲੋਕਾਂ, ਕਿਸਾਨਾਂ ਦੀ ਬਹੁ-ਗਿਣਤੀ ਵਲੋਂ, ਜਿਨ੍ਹਾਂ ਨੂੰ ਹਰ ਥਾਂ ਆਪਣੇ ਸਾਮੰਤੀ ਮਾਲਕਾਂ, ਧਾਰਮਿਕ ਅਤੇ ਸੰਸਾਰੀ, ਵਿਰੁਧ ਆਪਣੀ ਹੋਂਦ ਲਈ ਹੀ ਜੂਝਣਾ ਪੈਂਦਾ ਸੀ, ਹੁੰਗਾਰਾ ਮਿਲਣਾ ਲਾਜ਼ਮੀ ਸੀ, ਅਤੇ ਮਿਲਿਆ।

ਸਾਮੰਤਵਾਦ ਵਿਰੁਧ ਬੁਰਜੂਆਜ਼ੀ ਦਾ ਲੰਮਾ ਘੋਲ ਤਿੰਨ ਮਹਾਨ, ਨਿਰਣਾਇਕ ਲੜਾਈਆਂ ਵਿਚ ਸਿਖਰ ਉਤੇ ਅਪੜਿਆ।

ਪਹਿਲੀ ਉਹ ਹੈ ਜਿਸਨੂੰ ਜਰਮਨੀ ਵਿਚ ਪ੍ਰੋਟੈਸਟੈਂਟ ਸੁਧਾਰ ਕਿਹਾ ਜਾਂਦਾ ਹੈ। ਲੂਥਰ ਨੇ ਸਥਾਪਤ ਈਸਾਈ ਮੱਤ ਵਿਰੁਧ ਜਿਹੜਾ ਯੁਧ ਦਾ ਨਾਹਰਾ ਲਾਇਆ, ਉਹਦਾ ਹੁੰਗਾਰਾ ਰਾਜਸੀ ਖ਼ਾਸੇ ਵਾਲੀਆਂ ਦੋ ਬਗ਼ਾਵਤਾਂ ਵਿਚ ਮਿਲਿਆ: ਪਹਿਲੀ ਫ਼ਰਾਂਟਸ ਫ਼ੋਨ ਜ਼ਿਕਿੰਗਨ ਦੀ ਅਗਵਾਈ ਹੇਠ ਹੇਠਲੇ ਦਰਜੇ ਦੇ ਰਾਠਾਂ ਦੀ ਬਗ਼ਾਵਤ (੧੫੨੩), ਫਿਰ ਮਹਾਨ ਕਿਸਾਨ ਜੰਗ, ੧੫੨੫। ਦੂਹਾਂ ਦੀ ਹਾਰ ਹੋਈ, ਮੁਖ ਤੌਰ ਤੇ ਸਭ ਤੋਂ ਵਧ ਦਿਲਚਸਪੀ ਰਖਣ ਵਾਲੀ ਧਿਰ, ਨਗਰਾਂ ਦੇ ਨਾਗਰਿਕਾਂ (burghers) ਦੀ ਦੁਚਿਤੀ ਕਾਰਨ—ਇਹ ਇਕ ਅਜਿਹੀ ਦੁਚਿਤੀ ਹੈ ਜਿਸ ਦੇ ਕਾਰਨਾਂ ਵਿਚ ਅਸੀਂ ਇਥੇ ਨਹੀਂ ਜਾ ਸਕਦੇ। ਉਸ ਤੋਂ ਪਿਛੋਂ ਇਹ ਘੋਲ ਸਥਾਨਕ ਰਜਵਾੜਿਆਂ ਅਤੇ ਕੇਂਦਰੀ ਸੱਤਾ ਵਿਚਕਾਰ ਘੋਲ ਵਿਚ ਨਿਘਰ ਗਿਆ ਅਤੇ ਇਹਦੇ ਸਿੱਟੇ ਵਜੋਂ ਜਰਮਨੀ ਦੋ ਸੌ ਵਰ੍ਹਿਆਂ ਲਈ ਯੂਰਪ ਦੀਆਂ ਰਾਜਸੀ ਤੌਰ ਉਤੇ ਸਰਗਰਮ ਕੌਮਾਂ ਵਿਚੋਂ ਬਾਹਰ ਨਿਕਲ ਗਿਆ। ਲੂਥਰਵਾਦੀ ਸੁਧਾਰ ਨੇ ਨਿਰਸੰਦੇਹ ਇਕ ਨਵੇਂ ਮੱਤ ਨੂੰ ਜਨਮ ਦਿਤਾ, ਇਕ ਅਜਿਹੇ ਧਰਮ ਨੂੰ ਜਿਹੜਾ ਨਿਰੰਕੁਸ਼ ਬਾਦਸ਼ਾਹੀ ਦੇ ਅਨੁਕੂਲ ਸੀ। ਜਿਉਂ ਹੀ ਉਤਰ-ਪੂਰਬੀ ਜਰਮਨੀ ਦੇ ਕਿਸਾਨ ਲੂਥਰਵਾਦ ਦੇ ਪੈਰੋ ਬਣੇ ਉਹ ਆਜ਼ਾਦ ਲੋਕਾਂ ਤੋਂ ਖੇਤ-ਗ਼ੁਲਾਮਾਂ ਵਿਚ ਤਬਦੀਲ ਹੋ ਗਏ।

ਪਰ ਜਿਥੇ ਲੂਥਰ ਅਸਫ਼ਲ ਰਿਹਾ ਉਥੇ ਕਾਲਵਿਨ ਨੇ ਮੈਦਾਨ ਜਿਤ ਲਿਆ। ਕਾਲਵਿਨ ਦਾ ਮੱਤ ਉਹਦੇ ਸਮੇਂ ਦੀ ਅਤਿ ਦਲੇਰ ਬੁਰਜੂਆਜ਼ੀ ਲਈ ਯੋਗ ਸੀ। ਉਹਦਾ ਪਰਾਲਭਦ ਸੰਬੰਧੀ ਸਿਧਾਂਤ ਇਸ ਤੱਥ ਦਾ ਧਾਰਮਿਕ ਪ੍ਰਗਟਾਅ ਸੀ ਕਿ ਮੁਕਾਬਲੇ ਦੀ ਵਪਾਰਕ ਦੁਨੀਆਂ ਵਿਚ ਸਫ਼ਲਤਾ ਜਾਂ ਅਸਫ਼ਲਤਾ ਮਨੁਖ ਦੀ ਆਪਣੀ ਸਰਗਰਮੀ ਜਾਂ ਚਤੁਰਾਈ ਉਤੇ ਨਿਰਭਰ ਨਹੀਂ ਸਗੋਂ ਅਜਿਹੀਆਂ ਪ੍ਰਸਥਿਤੀਆਂ ਉਤੇ ਨਿਰਭਰ ਹੈ ਜਿਹੜੀਆਂ ਉਹਦੇ ਅਧੀਨ ਨਹੀਂ। ਸਿੱਟਾ ਇਛਾ ਕਰਨ ਵਾਲੇ ਜਾਂ ਜਤਨ

ਕਰਨ ਵਾਲੇ ਦੇ ਹਥ ਨਹੀਂ ਸਗੋਂ ਅਣਜਾਣੀਆਂ ਉਚੇਰੀਆਂ ਆਰਥਕ ਸ਼ਕਤੀਆਂ ਦੇ ਹਥ ਸੀ; ਅਤੇ ਇਹ ਗੱਲ ਆਰਥਕ ਇਨਕਲਾਬ ਦੇ ਸਮੇਂ ਲਈ ਹੋਰ ਵੀ ਠੀਕ ਸੀ ਜਦੋਂ ਸਾਰੇ ਪੁਰਾਣੇ ਵਪਾਰਕ ਰਾਹਾਂ ਅਤੇ ਕੇਂਦਰਾਂ ਦੀ ਥਾਂ ਨਵਿਆਂ ਨੇ ਲੈ ਲਈ, ਜਦੋਂ ਹਿੰਦ ਅਤੇ ਅਮਰੀਕਾ ਸੰਸਾਰ ਲਈ ਖੋਹਲ ਦਿਤੇ ਗਏ ਅਤੇ ਜਦੋਂ ਆਰਥਕ ਨਿਸ਼ਚੇ ਦੀਆਂ ਸਭ ਤੋਂ ਪਵਿਤਰ ਵਸਤਾਂ — ਸੋਨਾ ਅਤੇ ਚਾਂਦੀ ਵੀ — ਡਾਵਾਂ-ਡੋਲ ਹੋਣੀਆਂ ਅਤੇ ਟੁਟਣੀਆਂ ਸ਼ੁਰੂ ਹੋ ਗਈਆਂ। ਕਾਲਵਿਨ ਦਾ ਧਰਮ ਦਾ ਵਿਧਾਨ ਪੂਰੀ ਤਰ੍ਹਾਂ ਜਮਹੂਰੀ ਅਤੇ ਗਣ-ਰਾਜੀ ਸੀ ਅਤੇ ਜਿਥੇ ਪ੍ਰਮਾਤਮਾ ਦਾ ਰਾਜ ਗਣ-ਰਾਜੀ ਬਣਾ ਦਿਤਾ ਗਿਆ ਹੋਵੇ ਕੀ ਉਥੇ ਸੰਸਾਰ ਦੀਆਂ ਬਾਦਸ਼ਾਹੀਆਂ ਬਾਦਸ਼ਾਹਾਂ, ਬਿਸ਼ਪਾਂ ਅਤੇ ਰਾਠਾਂ ਦੇ ਅਧੀਨ ਰਹਿ ਸਕਦੀਆਂ ਸਨ? ਜਿਥੇ ਜਰਮਨ ਲੂਥਰਵਾਦ ਰਜਵਾੜਿਆਂ ਦੇ ਹਥਾਂ ਵਿਚ ਸਾਊ ਸੰਦ ਬਣ ਗਿਆ ਉਥੇ ਕਾਲਵਿਨਵਾਦ ਨੇ ਹਾਲੈਂਡ ਵਿਚ ਗਣ-ਰਾਜ ਕਾਇਮ ਕੀਤਾ ਅਤੇ ਇੰਗਲੈਂਡ ਅਤੇ, ਸਭ ਤੋਂ ਵਧ, ਸਕਾਟਲੈਂਡ ਵਿਚ ਸਰਗਰਮ ਗਣ-ਰਾਜੀ ਪਾਰਟੀਆਂ ਨੂੰ ਜਨਮ ਦਿਤਾ।

ਕਾਲਵਿਨਵਾਦ ਵਿਚ ਦੂਜੀ ਮਹਾਨ ਬੁਰਜੂਆ ਬਗ਼ਾਵਤ ਨੂੰ ਆਪਣਾ ਸਿਧਾਂਤ ਤਿਆਰ ਬਰ-ਤਿਆਰ ਮਿਲਿਆ। ਇਹ ਬਗ਼ਾਵਤ ਇੰਗਲੈਂਡ ਵਿਚ ਹੋਈ। ਨਗਰਾਂ ਦੀ ਮਧ-ਸ਼੍ਰੇਣੀ ਨੇ ਇਹ ਬਗ਼ਾਵਤ ਸ਼ੁਰੂ ਕੀਤੀ ਅਤੇ ਪਿੰਡਾਂ ਦੇ ਦਰਮਿਆਨੇ ਕਿਸਾਨਾਂ ਨੇ ਇਸ ਲਈ ਅੰਤ ਤੱਕ ਲੜਾਈ ਲੜੀ। ਅਜੀਬ ਗੱਲ ਇਹ ਹੈ ਕਿ ਤਿੰਨਾਂ ਹੀ ਮਹਾਨ ਬੁਰਜੂਆ ਬਗ਼ਾਵਤਾਂ ਵਿਚ ਕਿਸਾਨੀ ਉਹ ਫ਼ੌਜ ਦੇਂਦੀ ਹੈ ਜਿਸਨੇ ਲੜਾਈ ਲੜਨੀ ਹੈ; ਅਤੇ ਕਿਸਾਨੀ ਹੀ ਐਨ ਉਹ ਸ਼੍ਰੇਣੀ ਹੈ, ਜਿਹੜੀ ਇਕ ਵਾਰ ਜਿਤ ਪ੍ਰਾਪਤ ਹੋ ਜਾਣ ਪਿਛੋਂ, ਜਿਤ ਦੇ ਆਰਥਕ ਸਿੱਟਿਆਂ ਕਾਰਨ ਨਿਸ਼ਚੇ ਹੀ ਤਬਾਹ ਹੁੰਦੀ ਹੈ। ਕਰਾਮਵੈਲ ਤੋਂ ਸੌ ਵਰ੍ਹੇ ਪਿਛੋਂ ਇੰਗਲੈਂਡ ਦੇ ਦਰਮਿਆਨੇ ਕਿਸਾਨ ਲਗ ਭਗ ਉੱਕਾ ਹੀ ਖ਼ਤਮ ਹੋ ਗਏ ਸਨ। ਕੁਝ ਵੀ ਹੋਵੇ, ਦਰਮਿਆਨੇ ਕਿਸਾਨ ਅਤੇ ਨਗਰਾਂ ਦੇ **ਨਿਮਨ-ਵਰਗੀ** ਅੰਸ਼ ਤੋਂ ਬਿਨਾਂ ਬੁਰਜੂਆਜ਼ੀ ਇਕਲੀ ਕਦੀ ਤਲਖ਼ ਅੰਤ ਤੱਕ ਨਾ ਲੜ ਸਕਦੀ ਅਤੇ ਚਾਰਲਸ ਪਹਿਲੇ ਨੂੰ ਕਦੇ ਮੌਤ ਦੇ ਘਾਟ ਨਾ ਉਤਾਰ ਸਕਦੀ। ਬੁਰਜੂਆਜ਼ੀ ਦੀਆਂ ਉਹ ਜਿਤਾਂ ਪ੍ਰਾਪਤ ਕਰਨ ਲਈ ਵੀ ਜਿਹੜੀਆਂ ਉਸ ਸਮੇਂ ਇਕਤਰ ਕਰਨ ਲਈ ਤਿਆਰ ਸਨ, ਇਨਕਲਾਬ ਨੂੰ ਚੋਖਾ ਅਗੇ ਲਿਜਾਣਾ ਪਿਆ—ਐਨ ਉਸੇ ਤਰ੍ਹਾਂ ਜਿਵੇਂ ੧੭੯੩ ਵਿਚ ਫ਼ਰਾਂਸ ਵਿਚ ਅਤੇ ੧੮੪੮ ਵਿਚ ਜਰਮਨੀ ਵਿਚ ਹੋਇਆ। ਤੱਥ ਤਾਂ ਇਹ ਹੈ ਕਿ ਇਹ ਬੁਰਜੂਆ ਸਮਾਜ ਦੇ ਵਿਕਾਸ ਦੇ ਨਿਯਮਾਂ ਵਿਚੋਂ ਇਕ ਜਾਪਦਾ ਹੈ।

ਸੋ, ਇਨਕਲਾਬੀ ਸਰਗਰਮੀ ਦੇ ਇਸ ਵਾਧੇ ਦੇ ਸਿੱਟੇ ਪਿਛੋਂ ਲਾਜ਼ਮੀ ਤੌਰ ਤੇ ਉਹ ਪ੍ਰਤਿਕਰਮ ਆਇਆ ਜਿਹੜਾ ਆਪਣੀ ਵਾਰੀ ਉਸ ਨੁਕਤੇ ਤੋਂ ਬਹੁਤ ਅਗੇ ਚਲਾ ਗਿਆ ਜਿਥੇ ਉਹ ਆਪਣੇ ਆਪ ਨੂੰ ਕਾਇਮ ਨਹੀਂ ਰਖ ਸਕਦਾ ਸੀ। ਡਕੋ-ਡੋਲਿਆਂ

ਦੀ ਇਕ ਪੂਰੀ ਲੜੀ ਪਿਛੋਂ ਇਕ ਨਵੀਂ ਖਿਚ-ਨਾਭ ਲਭ ਲਈ ਗਈ ਅਤੇ ਇਹ ਨਵਾਂ ਮੁਢ ਬਣ ਗਈ। ਅੰਗ੍ਰੇਜ਼ੀ ਇਤਿਹਾਸ ਦੇ ਸ਼ਾਨਦਾਰ ਸਮੇਂ, ਜਿਸਨੂੰ ਸਾਊਪੁਣਾ "ਮਹਾਨ ਬਗ਼ਾਵਤ" ਦੇ ਨਾਂ ਨਾਲ ਜਾਣਦਾ ਹੈ, ਅਤੇ ਇਸ ਤੋਂ ਪਿਛੋਂ ਹੋਏ ਘੋਲਾਂ ਦਾ ਅੰਤ ਉਸ ਮੁਕਾਬਲੇ ਤੇ ਪਿਸਤੀ ਜਿਹੀ ਘਟਨਾ ਨਾਲ ਹੋਇਆ ਜਿਸਨੂੰ ਉਦਾਰਪੰਥੀ ਇਤਿਹਾਸਕਾਰ "ਸ਼ਾਨਦਾਰ ਇਨਕਲਾਬ"[134] ਕਹਿੰਦੇ ਹਨ।

ਇਹਦਾ ਮੁਢ ਉਭਰ ਰਹੀ ਮਧ-ਸ਼੍ਰੇਣੀ ਅਤੇ ਸਾਬਕ ਸਾਮੰਤੀ ਜਾਗੀਰਦਾਰਾਂ ਵਿਚਕਾਰ ਇਕ ਸਮਝੌਤਾ ਸੀ। ਭਾਵੇਂ ਪਿਛਲੇਰਿਆਂ ਨੂੰ ਹੁਣ ਵਾਂਗ ਹੀ ਅਮੀਰਸ਼ਾਹੀ ਕਿਹਾ ਜਾਂਦਾ ਸੀ ਉਹ ਲੰਮੇ ਸਮੇਂ ਤੋਂ ਉਸ ਰਾਹ ਉਤੇ ਪੈ ਗਏ ਸਨ ਜਿਹੜਾ ਉਹਨਾਂ ਨੂੰ ਉਹ ਕੁਝ ਬਣਨ ਵੱਲ ਲੈ ਗਿਆ ਜੋ ਫ਼ਰਾਂਸ ਵਿਚ ਲੂਈ ਫ਼ਿਲਿਪ ਬਹੁਤ ਪਿਛੋਂ ਜਾਕੇ ਬਣਿਆ, "ਬਾਦਸ਼ਾਹੀ ਦਾ ਪ੍ਰਮੁਖ ਬੁਰਜੂਆ"। ਇਹ ਇੰਗਲੈਂਡ ਦੇ ਚੰਗੇ ਭਾਗ ਸਨ ਕਿ ਪੁਰਾਣੇ ਸਾਮੰਤੀ ਰਾਠਾਂ ਨੇ ਇਕ ਦੂਜੇ ਨੂੰ ਗੁਲਾਬਾਂ ਦੇ ਯੁਧਾਂ[135] ਵਿਚ ਕਤਲ ਕਰ ਦਿਤਾ ਸੀ। ਉਹਨਾਂ ਦੇ ਵਾਰਸ ਭਾਵੇਂ ਪੁਰਾਣੇ ਪ੍ਰਵਾਰਾਂ ਦੀ ਹੀ ਸੰਤਾਨ ਸਨ ਪਰ ਉਹ ਵਿਰਾਸਤ ਦੀ ਸਿਧੀ ਲੀਹ ਤੋਂ ਇੰਨੇ ਦੂਰ ਸਨ ਕਿ ਉਹ ਇਕ ਨਵਾਂ ਸਮੂਹ ਬਣਦੇ ਸਨ, ਜਿਸਦੀਆਂ ਆਦਤਾਂ ਅਤੇ ਪ੍ਰਵਿਰਤੀਆਂ ਸਾਮੰਤੀ ਨਾਲੋਂ ਵਧੇਰੇ ਬੁਰਜੂਆ ਸਨ। ਉਹ ਪੈਸੇ ਦਾ ਮੁਲ ਪੂਰੀ ਤਰ੍ਹਾਂ ਸਮਝਦੇ ਸਨ ਅਤੇ ਉਹਨਾਂ ਇਕ ਦਮ ਸੈਂਕੜੇ ਨਿਕੇ ਕਿਸਾਨਾਂ ਨੂੰ ਬੇਦਖ਼ਲ ਕਰਕੇ ਅਤੇ ਉਹਨਾਂ ਦੀ ਥਾਂ ਭੇਡਾਂ ਪਾਲਣ ਨੂੰ ਦੇਕੇ ਭੋਂ ਤੋਂ ਆਪਣੀ ਆਮਦਨ ਵਧਾਉਣੀ ਸ਼ੁਰੂ ਕਰ ਦਿਤੀ। ਗਿਰਜਿਆਂ ਦੀ ਭੋਂ ਸ਼ਾਹ-ਦਿਲੀ ਨਾਲ ਵੰਡਦੇ ਹੋਏ ਹੈਨਰੀ ਅਠਵੇਂ ਨੇ ਥੋਕ ਰੂਪ ਵਿਚ ਬੁਰਜੂਆ ਜਾਗੀਰਦਾਰ ਪੈਦਾ ਕੀਤੇ*; ਅਨੇਕ ਜਾਗੀਰਾਂ ਦੀ ਜ਼ਬਤੀ ਅਤੇ ਉਹਨਾਂ ਦਾ ਨਿਰਪੇਖ ਅਤੇ ਸਾਪੇਖ, ਦੁਹਾਂ ਅਰਥਾਂ ਵਿਚ ਨਵੇਂ ਰਈਸਾਂ ਨੂੰ ਦਿਤੇ ਜਾਣ ਦਾ ਜਿਹੜਾ ਅਮਲ ਸਮੁਚੀ ਸਤਾਰ੍ਹਵੀਂ ਸਦੀ ਦੇ ਦੌਰਾਨ ਜਾਰੀ ਰਿਹਾ, ਉਹਦਾ ਸਿੱਟਾ ਵੀ ਇਹੋ ਹੋਇਆ। ਇਹਦੇ ਸਿੱਟੇ ਵਜੋਂ ਹੈਨਰੀ ਸਤਵੇਂ ਦੇ ਸਮੇਂ ਤੋਂ ਅੰਗ੍ਰੇਜ਼ "ਅਮੀਰਸ਼ਾਹੀ" ਨੇ ਸਨਅਤੀ ਉਪਜ ਦੇ ਵਿਕਾਸ ਦਾ ਮੁਕਾਬਲਾ ਕਰਨਾ ਤਾਂ ਇਕ ਪਾਸੇ ਰਿਹਾ, ਇਹਦੇ ਉਲਟ ਇਸ ਤੋਂ ਅਣਸਿਧੇ ਤੌਰ ਤੇ ਲਾਭ ਉਠਾਉਣ ਦਾ ਜਤਨ ਕੀਤਾ ਸੀ; ਅਤੇ ਵਡੇ ਭੋਂ-ਮਾਲਕਾਂ ਦਾ ਇਕ ਹਿੱਸਾ ਹਮੇਸ਼ਾ ਅਜਿਹਾ ਰਿਹਾ ਸੀ ਜਿਹੜਾ ਆਰਥਕ ਜਾਂ ਰਾਜਸੀ ਕਾਰਨਾਂ ਕਰਕੇ ਵਿੱਤ ਅਤੇ ਸਨਅਤੀ ਬੁਰਜੂਆਜ਼ੀ ਦੇ ਮੁਖ ਵਿਅਕਤੀਆਂ ਨਾਲ ਮਿਲਵਰਤਨ ਕਰਨ ਲਈ ਤਿਆਰ ਸੀ। ਇਸ ਲਈ ੧੬੮੯ ਦਾ ਸਮਝੌਤਾ ਸੌਖੇ ਹੀ ਹੋ ਗਿਆ। ਵਿੱਤ, ਸਨਅਤੀ ਅਤੇ ਵਪਾਰੀ ਮਧ-ਸ਼੍ਰੇਣੀ ਦੇ ਆਰਥਕ ਹਿਤਾਂ ਵੱਲ ਚੋਖਾ ਧਿਆਨ

---

*ਹੈਨਰੀ ਅਠਵੇਂ ਨੇ ਗਿਰਜਿਆਂ ਦੀਆਂ ਬਹੁਤ ਵਡੀਆਂ ਜਾਗੀਰਾਂ ਅਤੇ ਇਮਾਰਤਾਂ ਜ਼ਬਤ ਕਰ ਲਈਆਂ ਅਤੇ ਆਪਣੇ ਚਹੇਤਿਆਂ ਵਿਚ ਵੰਡ ਦਿਤੀਆਂ।—**ਅਨੁ:**

ਦੇਣ ਦੀ ਸ਼ਰਤ ਉਤੇ "ਧਨ ਦੌਲਤ ਅਤੇ ਪਦਵੀਆਂ" ਦੀ ਰਾਜਸੀ ਲੁਟ ਵਡੇ ਭੋਂ-ਮਾਲਕ ਪ੍ਰਵਾਰਾਂ ਲਈ ਛਡ ਦਿਤੀ ਗਈ। ਅਤੇ ਇਹ ਆਰਥਕ ਹਿਤ ਉਸ ਸਮੇਂ ਕੌਮ ਦੀ ਆਮ ਨੀਤੀ ਘੜਨ ਲਈ ਚੋਖੇ ਬਲਵਾਨ ਸਨ। ਵਿਸਥਾਰ ਸੰਬੰਧੀ ਮਾਮਲਿਆਂ ਬਾਰੇ ਝਗੜੇ ਹੋ ਸਕਦੇ ਸਨ ਪਰ ਅਮੀਰਸ਼ਾਹੀ ਜੁੰਡੀ-ਰਾਜ ਇਹ ਜਾਣਦਾ ਸੀ ਕਿ ਉਹਦੀ ਆਪਣੀ ਆਰਥਕ ਖ਼ੁਸ਼ਹਾਲੀ ਅਟੁਟ ਤੌਰ ਤੇ ਸਨਅਤੀ ਅਤੇ ਵਪਾਰੀ ਮਧ-ਸ਼੍ਰੇਣੀ ਨਾਲ ਬੰਨ੍ਹੀ ਹੋਈ ਹੈ।

ਉਸ ਸਮੇਂ ਤੋਂ ਬੁਰਜੂਆਜ਼ੀ ਇੰਗਲੈਂਡ ਵਿਚ ਹਾਕਮ ਸ਼੍ਰੇਣੀਆਂ ਦਾ ਇਕ ਨਿਰਮਾਣ, ਪਰ ਪ੍ਰਵਾਣਤ ਹਿੱਸਾ ਸੀ। ਬਾਕੀਆਂ ਦੇ ਨਾਲ ਕੌਮ ਦੇ ਵਡੇ ਕਿਰਤੀ ਸਮੂਹ ਨੂੰ ਦਬਾ ਕੇ ਰਖਣ ਵਿਚ ਇਸ ਦਾ ਸਾਂਝਾ ਹਿਤ ਸੀ। ਵਪਾਰੀ ਜਾਂ ਸਨਅਤਕਾਰ ਖ਼ੁਦ ਆਪਣੇ ਕਲਰਕਾਂ, ਆਪਣੇ ਮਜ਼ਦੂਰਾਂ ਅਤੇ ਆਪਣੇ ਘਰੇਲੂ ਮੁਲਾਜ਼ਮਾਂ ਦੇ ਸੰਬੰਧ ਵਿਚ ਮਾਲਕ ਜਾਂ ਜਿਹਾ ਕਿ ਪਿਛੇ ਜਿਹੇ ਤੱਕ ਕਿਹਾ ਜਾਂਦਾ ਸੀ "ਕੁਦਰਤੀ ਵੱਡੇ" ਦੇ ਸਥਾਨ ਤੇ ਖੜਾ ਸੀ। ਉਹਦਾ ਹਿਤ ਇਸ ਗੱਲ ਵਿਚ ਸੀ ਕਿ ਉਹ ਉਹਨਾਂ ਤੋਂ ਜਿੰਨਾ ਵਧ ਤੋਂ ਵਧ ਅਤੇ ਜਿੰਨਾਂ ਚੰਗੇ ਤੋਂ ਚੰਗਾ ਸੰਭਵ ਕੰਮ ਲੈ ਸਕੇ ਲਵੇ; ਇਸ ਕੰਮ ਲਈ ਉਹਨਾਂ ਨੂੰ ਯੋਗ ਅਧੀਨਗੀ ਦੀ ਸਿਖਿਆ ਦੇਣੀ ਲਾਜ਼ਮੀ ਸੀ। ਉਹ ਆਪ ਧਾਰਮਿਕ ਸੀ; ਉਹਦੇ ਧਰਮ ਨੇ ਉਹ ਝੰਡਾ ਦਿਤਾ ਸੀ ਜਿਸ ਅਧੀਨ ਉਹ ਬਾਦਸ਼ਾਹਾਂ ਅਤੇ ਰਾਠਾਂ ਵਿਰੁਧ ਲੜਿਆ ਸੀ; ਉਹਨੂੰ ਇਹ ਜਾਣਨ ਵਿਚ ਦੇਰ ਨਾ ਲਗੀ ਕਿ ਇਹੋ ਧਰਮ ਉਹਨੂੰ ਆਪਣੇ ਤੋਂ ਕੁਦਰਤੀ ਤੌਰ ਤੇ ਨੀਵਿਆਂ ਦੇ ਮਨਾਂ ਉਤੇ ਪ੍ਰਭਾਵ ਪਾਉਣ ਅਤੇ ਉਹਨਾਂ ਨੂੰ ਉਹਨਾਂ ਮਾਲਕਾਂ ਦੇ ਹੁਕਮ ਮੰਨਣ ਵਾਲੇ ਬਣਾਉਣ ਲਈ, ਜਿਨ੍ਹਾਂ ਨੂੰ ਰੱਬ ਨੇ ਆਪਣੀ ਰਜ਼ਾ ਅਨੁਸਾਰ ਉਹਨਾਂ ਦੇ ਉਪਰ ਰਖਿਆ ਹੈ, ਕਿੰਨੇ ਅਵਸਰ ਦੇਂਦਾ ਹੈ। ਮੁਕਦੀ ਗੱਲ, ਅੰਗ੍ਰੇਜ਼ ਬੁਰਜੂਆਜ਼ੀ ਨੂੰ ਹੁਣ "ਨੀਵੇਂ ਵਰਗਾਂ" ਨੂੰ, ਕੌਮ ਦੇ ਵਡੇ ਉਪਜਾਊ ਹਿੱਸੇ ਨੂੰ ਦਬਾ ਕੇ ਰਖਣ ਵਿਚ ਹਿੱਸਾ ਲੈਣਾ ਪੈਣਾ ਸੀ ਅਤੇ ਇਸ ਮੰਤਵ ਲਈ ਵਰਤੇ ਗਏ ਢੰਗਾਂ ਵਿਚੋਂ ਇਕ ਧਰਮ ਦਾ ਪ੍ਰਭਾਵ ਸੀ।

ਇਕ ਹੋਰ ਤੱਥ ਵੀ ਸੀ ਜਿਸਨੇ ਬੁਰਜੂਆਜ਼ੀ ਦੇ ਧਾਰਮਿਕ ਝੁਕਾਆਂ ਨੂੰ ਬਲਵਾਨ ਬਣਾਉਣ ਵਿਚ ਹਿੱਸਾ ਪਾਇਆ। ਇਹ ਇੰਗਲੈਂਡ ਵਿਚ ਪਦਾਰਥਵਾਦ ਦਾ ਉਭਾਰ ਸੀ। ਇਸ ਨਵੇਂ ਸਿਧਾਂਤ ਨੇ ਨਾ ਕੇਵਲ ਮਧ-ਸ਼੍ਰੇਣੀ ਦੀਆਂ ਧਰਮਾਤਮਾ ਭਾਵਨਾਵਾਂ ਨੂੰ ਠੇਸ ਪਹੁੰਚਾਈ; ਇਹਨੇ ਧਰਮ ਦੇ ਉਲਟ, ਜਿਹੜਾ ਬੁਰਜੂਆਜ਼ੀ ਸਮੇਤ, ਅਨਪੜ੍ਹ ਜਨਤਾ ਲਈ ਕਾਫ਼ੀ ਚੰਗਾ ਸੀ ਇਹ ਐਲਾਨ ਕੀਤਾ ਕਿ ਇਹ ਕੇਵਲ ਆਲਮਾਂ ਜਾਂ ਸਭਿਅ ਲੋਕਾਂ ਲਈ ਹੀ ਦਰਸ਼ਨ ਹੈ। ਹਾਬਸ ਦੇ ਰੂਪ ਵਿਚ ਇਹ ਸ਼ਾਹੀ ਵਿਸ਼ੇਸ਼-ਅਧਿਕਾਰਾਂ ਅਤੇ ਸਰਬ-ਸ਼ਕਤੀਮਾਨਤਾ ਦੇ ਰਖਿਅਕ ਦੇ ਰੂਪ ਵਿਚ ਸਾਹਮਣੇ ਆਇਆ; ਇਹਨੇ ਨਿਰੰਕੁਸ਼ ਬਾਦਸ਼ਾਹੀ ਤੋਂ ਮੰਗ ਕੀਤੀ ਕਿ ਉਹ puer robustus sed malitio-

sus*, ਅਰਥਾਤ ਜਨਤਾ ਨੂੰ ਦਬਾ ਕੇ ਰਖੇ। ਇਸੇ ਤਰ੍ਹਾਂ ਹਾਬਸ ਦੇ ਵਾਰਸਾਂ — ਬੋਲਿੰਗਬਰੋਕ, ਸ਼ੈਫ਼ਟਸਬਰੀ, ਆਦਿ — ਦੀ ਹਾਲਤ ਵਿਚ ਪਦਾਰਥਵਾਦ ਦਾ ਨਵਾਂ ਦੇਵਵਾਦੀ ਰੂਪ ਇਕ ਅਮੀਰਸ਼ਾਹੀ, ਦੁਰਗਮ ਸਿਧਾਂਤ ਰਿਹਾ, ਜਿਹੜਾ, ਇਸੇ ਕਰਕੇ, ਆਪਣੇ ਧਾਰਮਿਕ ਕੁਰਾਹੇ ਅਤੇ ਆਪਣੇ ਬੁਰਜੂਆ-ਵਿਰੋਧੀ, ਰਾਜਸੀ ਸੰਬੰਧਾਂ ਦੁਹਾਂ ਕਾਰਨ ਮਧ-ਸ਼੍ਰੇਣੀ ਲਈ ਘਿਰਣਤ ਰਿਹਾ। ਤਦਅਨੁਸਾਰ ਅਮੀਰਸ਼ਾਹੀ ਦੇ ਪਦਾਰਥਵਾਦ ਅਤੇ ਦੇਵਵਾਦ ਦੇ ਵਿਰੋਧ ਵਿਚ ਉਹ ਪ੍ਰੋਟੈਸਟੈਂਟ ਸੰਪ੍ਰਦਾਅ, ਜਿਨ੍ਹਾਂ ਸਟੂਅਰਟ ਬਾਦਸ਼ਾਹਾਂ ਵਿਰੁਧ ਲੜਨ ਲਈ ਝੰਡਾ ਅਤੇ ਲੜਾਕੂ ਦਸਤੇ ਦਿਤੇ, ਅਗੇ-ਵਧੂ ਮੱਧ-ਸ਼੍ਰੇਣੀ ਦੇ ਬਲ ਦਾ ਮੁਖ ਸੋਮਾ ਬਣੇ ਰਹੇ ਅਤੇ ਅਜ ਵੀ "ਮਹਾਨ ਲਿਬਰਲ ਪਾਰਟੀ" ਦੀ ਰੀੜ੍ਹ ਦੀ ਹਡੀ ਹਨ।

ਇਚਰ ਪਦਾਰਥਵਾਦ ਇੰਗਲੈਂਡ ਤੋਂ ਫ਼ਰਾਂਸ ਚਲਾ ਗਿਆ ਜਿਥੇ ਇਹ ਦਰਸ਼ਨ ਦੀ ਇਕ ਹੋਰ ਪਦਾਰਥਵਾਦੀ ਪਰਪਾਟੀ ਕਾਰਟੀਜ਼ੀਅਨਵਾਦ[136] ਦੀ ਇਕ ਸ਼ਾਖ਼ ਨੂੰ ਮਿਲਿਆ ਅਤੇ ਉਸ ਵਿਚ ਸ਼ਾਮਲ ਹੋ ਗਿਆ। ਫ਼ਰਾਂਸ ਵਿਚ ਵੀ ਪਹਿਲਾਂ ਪਹਿਲ ਇਹ ਅਨੰਨ ਤੌਰ ਉਤੇ ਅਮੀਰਸ਼ਾਹੀ ਸਿਧਾਂਤ ਰਿਹਾ। ਪਰ ਛੇਤੀ ਹੀ ਇਹਦੇ ਇਨਕਲਾਬੀ ਖ਼ਾਸੇ ਨੇ ਆਪਣਾ ਅਸਰ ਵਿਖਾਇਆ। ਫ਼ਰਾਂਸੀਸੀ ਪਦਾਰਥਵਾਦੀਆਂ ਨੇ ਆਪਣੀ ਪੜਚੋਲ ਨੂੰ ਧਾਰਮਿਕ ਨਿਸ਼ਚੇ ਦੇ ਮਾਮਲਿਆਂ ਤੱਕ ਹੀ ਸੀਮਤ ਨਾ ਰਖਿਆ: ਉਹਨਾਂ ਇਹਨੂੰ ਹਰ ਉਸ ਵਿਗਿਆਨਕ ਪ੍ਰੰਪਰਾ ਜਾਂ ਰਾਜਸੀ ਸੰਸਥਾ ਉਤੇ ਲਾਗੂ ਕੀਤਾ ਜਿਹੜੀ ਉਹਨਾਂ ਦੇ ਸਾਹਮਣੇ ਆਈ; ਅਤੇ ਆਪਣੇ ਸਿਧਾਂਤ ਦੇ ਵਿਆਪਕ ਤੌਰ ਤੇ ਲਾਗੂ ਹੋਣ ਦੇ ਦਾਹਵੇ ਨੂੰ ਸਾਬਤ ਕਰਨ ਲਈ ਸਭ ਤੋਂ ਨਿੱਕਾ ਰਾਹ ਅਪਣਾਇਆ, ਅਤੇ ਉਹਨਾਂ ਇਹਨੂੰ ਇਕ ਮਹਾਨ ਕਿਰਤ — Encyclopédie** — ਵਿਚ, ਜਿਸ ਅਨੁਸਾਰ ਉਹਨਾਂ ਦਾ ਨਾਂ ਪੈ ਗਿਆ, ਗਿਆਨ ਦੇ ਸਭਨਾਂ ਵਿਸ਼ਿਆਂ ਉਤੇ ਲਾਗੂ ਕੀਤਾ। ਸੋ ਆਪਣੇ ਦੋ ਰੂਪਾਂ ਵਿਚੋਂ ਇਕ ਜਾਂ ਦੂਜੇ ਰੂਪ — ਕਬੂਲੇ ਪਦਾਰਥਵਾਦ ਜਾਂ ਦੇਵਵਾਦ — ਵਿਚ ਇਹ ਫ਼ਰਾਂਸ ਦੇ ਸਭਨਾਂ ਸਭਿਅ ਜਵਾਨਾਂ ਦਾ ਨਿਸ਼ਚਾ ਬਣ ਗਿਆ, ਇਥੋਂ ਤੱਕ ਕਿ ਜਦੋਂ ਮਹਾਨ ਇਨਕਲਾਬ ਸ਼ੁਰੂ ਹੋਇਆ ਤਾਂ ਅੰਗ੍ਰੇਜ਼ ਸ਼ਾਹ-ਪ੍ਰਸਤਾਂ ਵਲੋਂ ਘੜੀ ਵਿਚਾਰਧਾਰਾ ਨੇ ਫ਼ਰਾਂਸੀਸੀ ਗਣ-ਰਾਜਵਾਦੀ ਅਤੇ ਯਰਕਾਊਆਂ ਨੂੰ ਸਿਧਾਂਤਕ ਝੰਡਾ ਦਿਤਾ ਅਤੇ ਇਹਨੇ "ਮਨੁਖੀ ਹੱਕਾਂ ਦੇ ਐਲਾਨ" ਲਈ ਵਸਤੂ ਦਿਤੀ।

ਮਹਾਨ ਫ਼ਰਾਂਸੀਸੀ ਇਨਕਲਾਬ ਬੁਰਜੂਆਜ਼ੀ ਦੀ ਤੀਜੀ ਬਗ਼ਾਵਤ ਸੀ ਪਰ ਇਹ ਪਹਿਲੀ ਸੀ ਜਿਸਨੇ ਧਾਰਮਿਕ ਬੁਰਕਾ ਉੱਕਾ ਹੀ ਲਾਹ ਸੁਟਿਆ, ਅਤੇ ਇਹ ਲੜਾਈ ਅਣਲੁਕਾਈਆਂ ਰਾਜਸੀ ਲੀਹਾਂ ਉਤੇ ਲੜੀ ਗਈ; ਇਹ ਇਸ ਗਲੋਂ ਵੀ ਪਹਿਲੀ

---

* ਹਟਾ-ਕਟਾ, ਪਰ ਮਾੜੇ ਸੁਭਾ ਵਾਲਾ ਮੁੰਡਾ। — **ਸੰਪਾ:**

** ਵਿਸ਼ਵਕੋਸ਼। — **ਅਨੁ:**

ਸੀ ਕਿ ਇਹ ਸਚਮੁਚ ਇਕ ਧਿਰ, ਅਮੀਰਸ਼ਾਹੀ, ਦੀ ਤਬਾਹੀ ਅਤੇ ਦੂਜੀ ਧਿਰ, ਬੁਰਜੂਆਜ਼ੀ ਦੀ ਮੁਕੰਮਲ ਜਿਤ ਤੱਕ ਲੜੀ ਗਈ। ਇੰਗਲੈਂਡ ਵਿਚ ਪੂਰਵ-ਇਨਕਲਾਬੀ ਅਤੇ ਇਨਕਲਾਬ ਤੋਂ ਪਿਛੋਂ ਦੀਆਂ ਸੰਸਥਾਵਾਂ ਦੀ ਨਿਰੰਤਰਤਾ ਅਤੇ ਜਾਗੀਰਦਾਰਾਂ ਅਤੇ ਸਰਮਾਏਦਾਰਾਂ ਵਿਚਕਾਰ ਸਮਝੌਤੇ ਦਾ ਪ੍ਰਗਟਾਅ ਅਦਾਲਤੀ ਨਜ਼ੀਰਾਂ ਦੀ ਨਿਰੰਤਰਤਾ ਅਤੇ ਕਾਨੂੰਨ ਦੇ ਸਾਮੰਤੀ ਰੂਪਾਂ ਨੂੰ ਧਾਰਮਿਕ ਤੌਰ ਤੇ ਕਾਇਮ ਰਖਣ ਵਿਚ ਹੋਇਆ। ਫ਼ਰਾਂਸ ਵਿਚ ਇਨਕਲਾਬ ਬੀਤੇ ਦੀਆਂ ਪ੍ਰੰਪਰਾਵਾਂ ਨਾਲ ਮੁਕੰਮਲ ਤੋੜ-ਵਿਛੋੜਾ ਸੀ, ਇਹਨੇ ਸਾਮੰਤਵਾਦ ਦੇ ਅਖ਼ੀਰੀ ਨਿਸ਼ਾਨਾਂ ਤੱਕ ਦਾ ਹੂੰਝਾ ਫੇਰ ਦਿਤਾ ਅਤੇ Code civil * ਵਿਚ ਪੁਰਾਣੇ ਰੋਮਨ ਕਾਨੂੰਨ ਦਾ—ਉਸ ਆਰਥਕ ਪੜਾਅ ਦੇ ਜਿਸਨੂੰ ਮਾਰਕਸ ਨੇ ਜਿਨਸਾਂ ਦਾ ਉਤਪਾਦਨ ਕਿਹਾ ਹੈ, ਅਨੁਸਾਰੀ ਕਾਨੂੰਨੀ ਸੰਬੰਧਾਂ ਦਾ ਲਗਭਗ ਪੂਰਨ ਪ੍ਰਗਟਾਅ—ਨਵੀਨ ਸਰਮਾਏਦਾਰਾਨਾ ਪ੍ਰਸਥਿਤੀਆਂ ਅਨੁਸਾਰ ਨਿਪੁੰਨ ਅਨੁਕੂਲਣ ਪੇਸ਼ ਕੀਤਾ; ਇੰਨਾ ਨਿਪੁੰਨ ਕਿ ਇਹ ਫ਼ਰਾਂਸੀਸੀ ਇਨਕਲਾਬੀ ਸੰਘਤਾ ਅਜੇ ਤੱਕ ਸਭਨਾਂ ਹੋਰਨਾਂ ਦੇਸਾਂ ਵਿਚ ਜਾਇਦਾਦ ਸੰਬੰਧੀ ਕਾਨੂੰਨਾਂ ਵਿਚ ਸੁਧਾਰਾਂ ਲਈ ਨਮੂਨਾ ਬਣਦੀ ਹੈ, ਇਸ ਵਿਚ ਇੰਗਲੈਂਡ ਕੋਈ ਛੋਟ ਨਹੀਂ। ਪਰ ਅਸੀਂ ਇਹ ਨਾ ਭੁਲੀਏ ਕਿ ਜੇ ਅੰਗ੍ਰੇਜ਼ ਕਾਨੂੰਨ ਸਰਮਾਏਦਾਰ ਸਮਾਜ ਦੇ ਆਰਥਕ ਸੰਬੰਧਾਂ ਨੂੰ ਉਸ ਜਾਂਗਲੀ ਸਾਮੰਤੀ ਭਾਸ਼ਾ ਵਿਚ ਪ੍ਰਗਟ ਕਰਦਾ ਹੈ ਜਿਹੜੀ ਪ੍ਰਗਟ ਕੀਤੀ ਗੱਲ ਦੇ ਐਨ ਉਸ ਤਰ੍ਹਾਂ ਅਨੁਸਾਰੀ ਹੈ, ਜਿਵੇਂ ਅੰਗ੍ਰੇਜ਼ੀ ਸ਼ਬਦਜੋੜ ਅੰਗ੍ਰੇਜ਼ੀ ਉਚਾਰਣ ਦੇ ਅਨੁਸਾਰੀ ਹਨ—vous écrivez Londres et vous prononcez Constantinople ** ਇਕ ਫ਼ਰਾਂਸੀਸੀ ਨੇ ਕਿਹਾ—ਤਾਂ ਇਹੋ ਅੰਗ੍ਰੇਜ਼ੀ ਕਾਨੂੰਨ ਇਕੋ ਇਕ ਹੈ ਜਿਸਨੇ ਜੁਗਾਂ ਤੱਕ ਉਸ ਪੁਰਾਣੀ ਜਰਮਨੀ ਆਜ਼ਾਦੀ ਦੇ ਸਰਵਉਤਮ ਹਿੱਸੇ—ਨਿਜੀ ਆਜ਼ਾਦੀ, ਸਥਾਨਕ ਖ਼ੁਦ-ਅਖ਼ਤਿਆਰੀ ਅਤੇ ਕਾਨੂੰਨੀ ਅਦਾਲਤਾਂ ਤੋਂ ਬਿਨਾਂ ਕਿਸੇ ਹੋਰ ਦਖ਼ਲ ਤੋਂ ਆਜ਼ਾਦੀ—ਨੂੰ ਕਾਇਮ ਰਖਿਆ ਅਤੇ ਅਮਰੀਕਾ ਅਤੇ ਬਸਤੀਆਂ ਨੂੰ ਭੇਜਿਆ, ਜਿਹੜੀ ਨਿਰੰਕੁਸ਼ ਬਾਦਸ਼ਾਹੀ ਦੇ ਸਮੇਂ ਯੂਰਪੀ ਮਹਾਂ-ਦੀਪ ਵਿਚ ਖੁਸ ਗਈ ਸੀ ਅਤੇ ਅਜੇ ਤੱਕ ਪੂਰੀ ਤਰ੍ਹਾਂ ਮੁੜ ਪ੍ਰਾਪਤ ਨਹੀਂ ਕੀਤੀ ਜਾ ਸਕੀ।

ਆਪਣੇ ਬਰਤਾਨਵੀ ਬੁਰਜੂਆ ਵੱਲ ਮੁੜੀਏ। ਫ਼ਰਾਂਸੀਸੀ ਇਨਕਲਾਬ ਨੇ ਇਹਨੂੰ ਇਸ ਗੱਲ ਦਾ ਸ਼ਾਨਦਾਰ ਅਵਸਰ ਦਿਤਾ ਕਿ ਯੂਰਪੀ ਮਹਾਂ-ਦੀਪ ਦੀਆਂ ਬਾਦਸ਼ਾਹੀਆਂ ਨਾਲ ਮਿਲਕੇ ਫ਼ਰਾਂਸੀਸੀ ਸਮੁੰਦਰੀ ਵਪਾਰ ਨੂੰ ਤਬਾਹ ਕਰੇ, ਫ਼ਰਾਂਸੀਸੀ ਬਸਤੀਆਂ ਉਤੇ ਕਬਜ਼ਾ ਕਰ ਲਵੇ ਅਤੇ ਫ਼ਰਾਂਸ ਵਲੋਂ ਸਮੁੰਦਰਾਂ ਵਿਚ ਮੁਕਾਬਲੇ ਦੇ ਅਖ਼ੀਰੀ

---

* ਦੀਵਾਨੀ ਸੰਘਤਾ।—**ਅਨੁ:**

** ਉਹ ਲੰਦਨ ਲਿਖਦੇ ਹਨ ਪਰ ਉਚਾਰਣ ਕਾਂਸਟੈਂਟੀਨੋਪਲ ਕਰਦੇ ਹਨ।—**ਸੰਪਾ:**

ਦਾਹਵੇ ਨੂੰ ਕੁਚਲ ਦੇਵੇ। ਇਹ ਇਕ ਕਾਰਨ ਸੀ ਕਿ ਉਹ ਇਹਦੇ ਵਿਰੁਧ ਲੜਿਆ। ਇਕ ਹੋਰ ਕਾਰਨ ਇਹ ਸੀ ਕਿ ਇਸ ਇਨਕਲਾਬ ਦੇ ਢੰਗ ਉਹਦੀਆਂ ਆਦਤਾਂ ਦੇ ਬਹੁਤ ਵਿਰੁਧ ਜਾਂਦੇ ਸਨ। ਨਾ ਕੇਵਲ ਇਹਦਾ "ਘਿਰਣਤ" ਯਰਕਾਊਵਾਦ ਸਗੋਂ ਇਹਦੇ ਬੂਰਜੂਆ ਹਕੂਮਤ ਨੂੰ ਅਤਿ-ਅੰਤ ਹੱਦ ਤੱਕ ਲਿਜਾਣ ਦੇ ਜਤਨ। ਬਰਤਾਨਵੀ ਬੂਰਜੂਆ ਦਾ ਅਮੀਰਸ਼ਾਹੀ ਤੋਂ ਬਿਨਾਂ ਕਿਵੇਂ ਗੁਜ਼ਾਰਾ ਹੁੰਦਾ, ਜਿਹੜੀ ਉਹਨੂੰ ਚੱਜ-ਆਚਾਰ, ਜਿਹੋ ਜਿਹਾ ਵੀ ਇਹ ਸੀ, ਸਿਖਾਉਂਦੀ ਸੀ, ਉਹਦੇ ਲਈ ਫ਼ੈਸ਼ਨ ਘੜਦੀ—ਜਿਹੜੀ ਫ਼ੌਜ ਲਈ, ਜਿਹੜੀ ਦੇਸ ਵਿਚ ਅਮਨ-ਅਮਾਨ ਕਾਇਮ ਰਖਦੀ, ਅਤੇ ਸਮੁੰਦਰੀ ਫ਼ੌਜ ਲਈ, ਜਿਹੜੀ ਬਸਤੀਵਾਦੀ ਇਲਾਕੇ ਜਿਤਦੀ ਅਤੇ ਬਦੇਸਾਂ ਵਿਚ ਨਵੀਆਂ ਮੰਡੀਆਂ ਪ੍ਰਾਪਤ ਕਰਦੀ, ਅਫ਼ਸਰ ਦੇਂਦੀ ਸੀ? ਨਿਰਸੰਦੇਹ ਬੂਰਜੂਆਜ਼ੀ ਦੀ ਇਕ ਅਗੇ-ਵਧੂ ਘਟ-ਗਿਣਤੀ ਸੀ, ਇਕ ਘਟ-ਗਿਣਤੀ ਜਿਸਦੇ ਹਿਤਾਂ ਵੱਲ ਸਮਝੌਤੇ ਅਧੀਨ ਘਟ ਧਿਆਨ ਦਿਤਾ ਗਿਆ ਸੀ; ਇਸ ਹਿੱਸੇ ਨੇ, ਜਿਸ ਵਿਚ ਮੁਖ ਤੌਰ ਉਤੇ ਘਟ ਅਮੀਰ ਮਧ-ਸ੍ਰੇਣੀ ਸ਼ਾਮਲ ਸੀ, ਇਨਕਲਾਬ ਨਾਲ ਹਮਦਰਦੀ ਪ੍ਰਗਟ ਕੀਤੀ ਪਰ ਇਹ ਪਾਰਲੀਮੈਂਟ ਵਿਚ ਬੇਬਸ ਸੀ।

ਸੋ, ਜੇ ਪਦਾਰਥਵਾਦ ਫ਼ਰਾਂਸੀਸੀ ਇਨਕਲਾਬ ਦਾ ਨਿਸ਼ਚਾ ਬਣ ਗਿਆ ਤਾਂ ਰੱਬ ਤੋਂ ਡਰਨ ਵਾਲਾ ਅੰਗ੍ਰੇਜ਼ ਬੂਰਜੂਆ ਆਪਣੇ ਧਰਮ ਨਾਲ ਹੋਰ ਪਕੀ ਤਰ੍ਹਾਂ ਚੰਬੜ ਗਿਆ। ਕੀ ਪੈਰਿਸ ਵਿਚ ਜਬਰ ਦੀ ਹਕੂਮਤ ਨੇ ਇਹ ਸਾਬਤ ਨਹੀਂ ਸੀ ਕਰ ਦਿਤਾ ਕਿ ਜੇ ਜਨਤਾ ਦੀ ਧਾਰਮਿਕ ਅਨੁਭਵਤਾ ਜਾਂਦੀ ਰਹੇ ਤਾਂ ਸਿੱਟਾ ਕੀ ਨਿਕਲਦਾ ਹੈ? ਜਿੰਨਾਂ ਵਧੇਰੇ ਪਦਾਰਥਵਾਦ ਫ਼ਰਾਂਸ ਤੋਂ, ਗੁਆਂਢਲੇ ਦੇਸਾਂ ਵਿਚ ਫੈਲਿਆ ਅਤੇ ਇਹਦੇ ਜਿਹੀਆਂ ਹੀ ਵਿਚਾਰਧਾਰਕ ਰੌਆਂ, ਖ਼ਾਸ ਤੌਰ ਤੇ ਜਰਮਨ ਦਰਸ਼ਨ ਰਾਹੀਂ, ਮਜ਼ਬੂਤ ਹੋਇਆ; ਜਿੰਨਾਂ, ਅਸਲ ਵਿਚ, ਪਦਾਰਥਵਾਦ ਅਤੇ ਖੁਲ੍ਹ-ਖ਼ਿਆਲੀ ਯੂਰਪੀ ਮਹਾਂ-ਦੀਪ ਵਿਚ ਇਕ ਸਭਿਅ ਮਨੁਖ ਦੀਆਂ ਜ਼ਰੂਰੀ ਸਿਫ਼ਤਾਂ ਬਣ ਗਈਆਂ, ਉਨੀ ਹੀ ਵਧੇਰੇ ਅੜੀ ਨਾਲ ਅੰਗ੍ਰੇਜ਼ ਮਧ-ਸ੍ਰੇਣੀ ਆਪਣੇ ਅਨੇਕ ਧਾਰਮਿਕ ਨਿਸ਼ਚਿਆਂ ਨੂੰ ਚੰਬੜੀ ਰਹੀ। ਇਹ ਨਿਸ਼ਚੇ ਇਕ ਦੂਜੇ ਤੋਂ ਵਖ ਹੋ ਸਕਦੇ ਸਨ ਪਰ ਇਹ ਸਾਰੇ ਸਪਸ਼ਟ ਤੌਰ ਤੇ ਧਾਰਮਿਕ, ਈਸਾਈ ਨਿਸ਼ਚੇ ਸਨ।

ਜਿਥੇ ਇਨਕਲਾਬ ਨੇ ਫ਼ਰਾਂਸ ਵਿਚ ਬੂਰਜੂਆਜ਼ੀ ਦੀ ਰਾਜਸੀ ਜਿਤ ਯਕੀਨੀ ਬਣਾਈ, ਉਥੇ ਇੰਗਲੈਂਡ ਵਿਚ ਵਾਟ, ਆਰਕਰਾਈਟ, ਕਾਰਟਰਾਈਟ ਅਤੇ ਹੋਰਨਾਂ ਨੇ ਸਨਅਤੀ ਇਨਕਲਾਬ ਸ਼ੁਰੂ ਕੀਤਾ ਜਿਸਨੇ ਆਰਥਕ ਸ਼ਕਤੀਆਂ ਦੀ ਖਿਚ-ਨਾਭ ਉੱਕਾ ਹੀ ਤਬਦੀਲ ਕਰ ਦਿਤੀ। ਬੂਰਜੂਆਜ਼ੀ ਦਾ ਧਨ ਜ਼ਮੀਨ ਦੀ ਮਾਲਕ ਅਮੀਰਸ਼ਾਹੀ ਨਾਲੋਂ ਚੋਖੀ ਤੇਜ਼ੀ ਨਾਲ ਵਧਣ ਲਗ ਪਿਆ। ਖ਼ੁਦ ਬੂਰਜੂਆਜ਼ੀ ਅੰਦਰ ਵੀ ਵਿੱਤ ਅਮੀਰਸ਼ਾਹੀ, ਸਾਹੂਕਾਰ, ਆਦਿ, ਨੂੰ ਸਨਅਤਕਾਰਾਂ ਨੇ ਸਦਾ ਵਧੇਰੇ ਪਿਛੋਕੜ ਵਿਚ ਧਕਣਾ ਸ਼ੁਰੂ ਕਰ ਦਿਤਾ। ੧੬੮੯ ਦਾ ਸਮਝੌਤਾ, ਉਹਨਾਂ ਹੌਲੀ

ਹੌਲੀ ਆਈਆਂ ਤਬਦੀਲੀਆਂ ਦੇ ਬਾਵਜੂਦ ਜਿਹੜੀਆਂ ਬੁਰਜੂਆਜ਼ੀ ਦੇ ਹੱਕ ਵਿਚ ਗਈਆਂ ਸਨ, ਹੁਣ ਦੂਹਾਂ ਧਿਰਾਂ ਦੇ ਬਲ ਦੀ ਨਿਸਬਤ ਨਾਲ ਮੇਲ ਨਹੀਂ ਸੀ ਖਾਂਦਾ। ਇਹਨਾਂ ਧਿਰਾਂ ਦਾ ਖ਼ਾਸਾ ਵੀ ਤਬਦੀਲ ਹੋ ਗਿਆ ਸੀ; ੧੮੩੦ ਦੀ ਬੁਰਜੂਆਜ਼ੀ ਉਸ ਤੋਂ ਪਿਛਲੀ ਸਦੀ ਦੀ ਬੁਰਜੂਆਜ਼ੀ ਤੋਂ ਬਹੁਤ ਵਖਰੀ ਤਰ੍ਹਾਂ ਸੀ। ਅਮੀਰਸ਼ਾਹੀ ਕੋਲ ਜਿਹੜੀ ਰਾਜਸੀ ਤਾਕਤ ਅਜੇ ਵੀ ਬਾਕੀ ਸੀ ਅਤੇ ਜਿਹੜੀ ਇਹ ਨਵੀਂ ਸਨਅਤੀ ਬੁਰਜੂਆਜ਼ੀ ਦੇ ਦਾਹਵਿਆਂ ਦਾ ਮੁਕਾਬਲਾ ਕਰਨ ਲਈ ਵਰਤਦੀ ਸੀ, ਨਵੇਂ ਆਰਥਕ ਹਿਤਾਂ ਨਾਲ ਅਣਮੇਲ ਹੋ ਗਈ। ਅਮੀਰਸ਼ਾਹੀ ਨਾਲ ਇਕ ਸਜਰਾ ਘੋਲ ਜ਼ਰੂਰੀ ਹੋ ਗਿਆ, ਇਹਦਾ ਅੰਤ ਕੇਵਲ ਨਵੀਂ ਆਰਥਕ ਸ਼ਕਤੀ ਦੀ ਜਿਤ ਵਿਚ ਹੀ ਹੋ ਸਕਦਾ ਸੀ। ਪਹਿਲੇ, ੧੮੩੦ ਦੇ ਫ਼ਰਾਂਸੀਸੀ ਇਨਕਲਾਬ ਦੇ ਅਸਰ ਅਧੀਨ, ਸਾਰੇ ਵਿਰੋਧ ਦੇ ਬਾਵਜੂਦ ਸੁਧਾਰ ਦਾ ਕਾਨੂੰਨ ਬਣਾ ਦਿਤਾ ਗਿਆ। ਇਹਨੇ ਬੁਰਜੂਆਜ਼ੀ ਨੂੰ ਪਾਰਲੀਮੈਂਟ ਵਿਚ ਇਕ ਪ੍ਰਵਾਣਤ ਅਤੇ ਬਲਵਾਨ ਥਾਂ ਦਿਤੀ। ਫਿਰ ਅਨਾਜ ਸੰਬੰਧੀ ਕਾਨੂੰਨ[137] ਦਾ ਖ਼ਾਤਮਾ ਕੀਤਾ ਜਾਣਾ, ਜਿਸਨੇ ਇਕ ਵਾਰ ਸਦਾ ਲਈ ਭੋਂ-ਮਾਲਕ ਅਮੀਰਸ਼ਾਹੀ ਉਤੇ ਬੁਰਜੂਆਜ਼ੀ, ਵਿਸ਼ੇਸ਼ ਤੌਰ ਤੇ ਇਹਦੇ ਸਭ ਤੋਂ ਵਧ ਸਰਗਰਮ ਹਿੱਸੇ, ਸਨਅਤਕਾਰਾਂ, ਦੀ ਸਰਦਾਰੀ ਸਥਾਪਤ ਕਰ ਦਿਤੀ। ਇਹ ਇਹਦੀ ਸਭ ਤੋਂ ਵਡੀ, ਪਰ ਅਖ਼ੀਰੀ ਜਿਤ ਸੀ ਜਿਹੜੀ ਇਹਨੇ ਆਪਣੇ ਅਨੰਨ ਹਿਤਾਂ ਵਿਚ ਜਿਤੀ। ਇਸ ਤੋਂ ਪਿਛੋਂ ਇਹਨੇ ਜਿਹੜੀਆਂ ਜਿਤਾਂ ਪ੍ਰਾਪਤ ਕੀਤੀਆਂ ਉਹ ਇਹਨੂੰ ਇਕ ਨਵੀਂ ਸਮਾਜੀ ਸ਼ਕਤੀ ਨਾਲ ਸਾਂਝੀਆਂ ਕਰਨੀਆਂ ਪਈਆਂ, ਜਿਹੜੀ ਪਹਿਲਾਂ ਇਹਦੀ ਇਤਿਹਾਦੀ ਸੀ ਪਰ ਛੇਤੀ ਹੀ ਇਹਦੀ ਵਿਰੋਧੀ ਬਣ ਗਈ।

ਸਨਅਤੀ ਇਨਕਲਾਬ ਨੇ ਵਡੇ ਸਨਅਤੀ ਸਰਮਾਏਦਾਰਾਂ ਦੀ ਇਕ ਸ਼੍ਰੇਣੀ ਪੈਦਾ ਕੀਤੀ ਸੀ ਪਰ ਇਹਨੇ ਸਨਅਤੀ ਕਿਰਤੀ ਲੋਕਾਂ ਦੀ ਇਕ ਹੋਰ—ਅਤੇ ਕਿਤੇ ਵਧ ਗਿਣਤੀ ਵਿਚ—ਸ਼੍ਰੇਣੀ ਵੀ ਪੈਦਾ ਕੀਤੀ ਸੀ। ਜਿਸ ਨਿਸਬਤ ਨਾਲ ਸਨਅਤੀ ਇਨਕਲਾਬ ਸਨਅਤ ਦੀ ਇਕ ਤੋਂ ਪਿਛੋਂ ਦੂਜੀ ਸ਼ਾਖ ਉਤੇ ਕਬਜ਼ਾ ਕਰੀ ਗਿਆ ਉਸੇ ਨਿਸਬਤ ਨਾਲ ਇਹ ਸ਼੍ਰੇਣੀ ਹੌਲੀ ਹੌਲੀ ਗਿਣਤੀ ਵਿਚ ਵਧਦੀ ਗਈ ਅਤੇ ਉਸੇ ਨਿਸਬਤ ਨਾਲ ਉਹਨੇ ਆਪਣੀ ਸ਼ਕਤੀ ਵਧਾ ਲਈ। ਇਹ ਸ਼ਕਤੀ ਇਹਨੇ ੧੮੨੪ ਵਿਚ ਹੀ ਅਣ-ਮੰਨਵੀਂ ਪਾਰਲੀਮੈਂਟ ਨੂੰ ਕਿਰਤੀਆਂ ਦੇ ਸਮੂਹ ਬਣਾਉਣ ਉਤੇ ਪਾਬੰਦੀ ਲਾਉਣ ਵਾਲੇ ਕਾਨੂੰਨ ਖ਼ਤਮ ਕਰਨ ਤੇ ਮਜਬੂਰ ਕਰਕੇ ਪ੍ਰਗਟ ਕੀਤੀ। ਸੁਧਾਰ ਲਈ ਐਜ਼ੀਟੇਸ਼ਨ ਦੇ ਦੌਰਾਨ ਕਿਰਤੀ ਸੁਧਾਰ ਦੀ ਹਾਮੀ ਪਾਰਟੀ ਦਾ ਗਰਮ-ਖ਼ਿਆਲ ਪੱਖ ਸਨ। ੧੮੩੨ ਦੇ ਕਾਨੂੰਨ ਦੇ ਉਹਨਾਂ ਨੂੰ ਵੋਟ ਦੇ ਹੱਕ ਤੋਂ ਵਿਰਵਾ ਰਖਣ ਕਾਰਨ ਉਹਨਾਂ ਆਪਣੀਆਂ ਮੰਗਾਂ ਜਨਤਾ ਦੇ ਚਾਰਟਰ[138] ਵਿਚ ਸੂਤਰਬਧ ਕੀਤੀਆਂ ਅਤੇ ਅਨਾਜ ਸੰਬੰਧੀ ਕਾਨੂੰਨਾਂ ਦੀ ਵਿਰੋਧੀ ਮਹਾਨ ਬੁਰਜੂਆ ਪਾਰਟੀ[139] ਦੇ ਮੁਕਾਬਲੇ ਉਤੇ

ਆਪਣੇ ਆਪ ਨੂੰ ਇਕ ਸੁਤੰਤਰ ਪਾਰਟੀ, ਚਾਰਟਿਸਟਾਂ, ਵਿਚ ਇਕ-ਮੁਠ ਕੀਤਾ, ਜਿਹੜੀ ਨਵੀਨ ਜੁਗ ਵਿਚ ਕਿਰਤੀਆਂ ਦੀ ਪਹਿਲੀ ਪਾਰਟੀ ਸੀ।

ਫਿਰ ਯੂਰਪੀ ਮਹਾਂ-ਦੀਪ ਉਤੇ ਫ਼ਰਵਰੀ ਅਤੇ ਮਾਰਚ ੧੮੪੮ ਦੇ ਇਨਕਲਾਬ ਆਏ ਜਿਨ੍ਹਾਂ ਵਿਚ ਕਿਰਤੀ ਲੋਕਾਂ ਨੇ ਇੰਨਾ ਉਘਾ ਰੋਲ ਅਦਾ ਕੀਤਾ ਅਤੇ, ਘਟੋ ਘਟ ਪੈਰਿਸ ਵਿਚ ਅਜਿਹੀਆਂ ਮੰਗਾਂ ਪੇਸ਼ ਕੀਤੀਆਂ, ਜਿਹੜੀਆਂ ਸਰਮਾਏਦਾਰ ਸਮਾਜ ਦੇ ਦ੍ਰਿਸ਼ਟੀਕੋਣ ਤੋਂ ਨਿਸ਼ਚੇ ਹੀ ਪ੍ਰਵਾਨ ਕਰਨ ਯੋਗ ਨਹੀਂ ਸਨ। ਫਿਰ ਆਮ ਪਿਛਾਖੜ ਆਇਆ। ਪਹਿਲਾਂ ੧੦ ਅਪਰੈਲ ੧੮੪੮ ਨੂੰ ਚਾਰਟਿਸਟਾਂ ਦੀ ਹਾਰ ਹੋਈ, ਫਿਰ ਉਸੇ ਵਰ੍ਹੇ ਦੀ ਜੂਨ ਵਿਚ ਪੈਰਿਸ ਦੇ ਕਿਰਤੀਆਂ ਦੀ ਬਗ਼ਾਵਤ ਕੁਚਲ ਦਿਤੀ ਗਈ ਅਤੇ ਫਿਰ ਇਟਲੀ, ਹੰਗਰੀ, ਦਖਣੀ ਜਰਮਨੀ ਵਿਚ ਤਬਾਹੀਆਂ ਆਈਆਂ ਅਤੇ ਅੰਤ ਦੋ ਦਸੰਬਰ ੧੮੫੧ ਨੂੰ ਪੈਰਿਸ ਉਤੇ ਲੂਈ ਬੋਨਾਪਾਰਟ ਦੀ ਜਿਤ[140] ਆਈ। ਘਟੋ ਘਟ ਕੁਝ ਸਮੇਂ ਲਈ ਕਿਰਤੀ ਸ਼੍ਰੇਣੀ ਦੇ ਦਾਹਵਿਆਂ ਦਾ ਹਊਆ ਦਬਾ ਦਿਤਾ ਗਿਆ, ਪਰ ਕੀ ਮੁਲ ਤਾਰ ਕੇ! ਜੇ ਬਰਤਾਨਵੀ ਬੁਰਜੂਆ ਨੂੰ ਇਸ ਤੋਂ ਪਹਿਲਾਂ ਆਮ ਜਨਤਾ ਨੂੰ ਧਾਰਮਿਕ ਰੌਂ ਵਿਚ ਰਖਣ ਦਾ ਨਿਸ਼ਚਾ ਸੀ ਤਾਂ ਇਹਨਾਂ ਅਨੁਭਵਾਂ ਪਿਛੋਂ ਉਹ ਇਹਨੂੰ ਹੋਰ ਕਿੰਨਾ ਜ਼ਰੂਰੀ ਖਿਆਲ ਕਰਨ ਲਗ ਪਿਆ ਹੋਵੇਗਾ! ਆਪਣੇ ਯੂਰਪੀ ਮਹਾਂ-ਦੀਪ ਦੇ ਹਾਣੀਆਂ ਦੀਆਂ ਟਿਚਕਰਾਂ ਦੇ ਬਾਵਜੂਦ ਉਹ ਵਰ੍ਹੇ ਦੇ ਵਰ੍ਹੇ ਹੇਠਲੇ ਵਰਗਾਂ ਦੇ ਧਾਰਮਕੀਕਰਣ ਤੇ ਹਜ਼ਾਰਹਾ ਦਾ ਖ਼ਰਚ ਕਰਦਾ ਰਿਹਾ; ਅਤੇ ਆਪਣੀ ਦੇਸੀ ਧਾਰਮਕ ਬਣਤਰ ਉਤੇ ਸੰਤੁਸ਼ਟ ਨਾ ਹੁੰਦੇ ਹੋਏ ਉਹਨੇ ਧਰਮ ਦੇ ਵਪਾਰ ਦੇ ਤੌਰ ਤੇ ਅਜੋਕੇ ਸਭ ਤੋਂ ਵਡੇ ਪ੍ਰਬੰਧਕ ਭਰਾ ਜਾਨਾਥਨ[141] ਅਗੇ ਅਰਜ਼ੋਈ ਕੀਤੀ ਅਤੇ ਅਮਰੀਕਾ ਤੋਂ ਜਾਗਰਤੀਵਾਦ,[142] ਮੂਡੀ, ਸਾਂਕੇ ਅਤੇ ਉਹਨਾਂ ਜਿਹੇ ਹੋਰ ਦਰਾਮਦ ਕੀਤੇ; ਅਤੇ, ਅਖ਼ੀਰ, ਮੁਕਤੀ ਫ਼ੌਜ[143] ਦੀ ਖ਼ਤਰਨਾਕ ਸਹਾਇਤਾ ਕਬੂਲ ਕੀਤੀ, ਜਿਹੜੀ ਮੁਢਲੇ ਦਿਨਾਂ ਦੀ ਈਸਾਈਅਤ ਦੇ ਪ੍ਰਚਾਰ ਨੂੰ ਸੁਰਜੀਤ ਕਰਦੀ ਹੈ, ਗ਼ਰੀਬਾਂ ਨੂੰ ਰੱਬ ਦੇ ਚੁਣੇ ਹੋਏ ਹੋਣ ਸੰਬੰਧੀ ਸਦਾ ਦੇਂਦੀ ਹੈ, ਸਰਮਾਏਦਾਰੀ ਵਿਰੁਧ ਧਾਰਮਿਕ ਢੰਗ ਨਾਲ ਲੜਦੀ ਹੈ ਅਤੇ ਇਉਂ ਮੁਢਲੀ ਈਸਾਈਅਤ ਦੇ ਸ਼੍ਰੇਣੀ-ਵਿਰੋਧਾਂ ਦੇ ਇਕ ਅੰਸ਼ ਦੀ ਪੈਰਵਈ ਕਰਦੀ ਹੈ, ਜਿਹੜੇ ਇਕ ਦਿਨ ਉਹਨਾਂ ਅਮੀਰ ਲੋਕਾਂ ਲਈ ਦੁਖ ਦਾ ਕਾਰਨ ਬਣ ਸਕਦੇ ਹਨ ਜਿਹੜੇ ਅਜ ਇਹਦੇ ਲਈ ਪੈਸਾ ਦੇਂਦੇ ਹਨ।

ਇਹ ਇਤਿਹਾਸਕ ਵਿਕਾਸ ਦਾ ਨਿਯਮ ਜਾਪਦਾ ਹੈ ਕਿ ਕਿਸੇ ਵੀ ਯੂਰਪੀ ਦੇਸ ਵਿਚ ਬੁਰਜੂਆਜ਼ੀ ਉਸ ਅਨੰਨ ਢੰਗ ਨਾਲ ਰਾਜਸੀ ਸਤਾ ਹਥ ਵਿਚ ਨਹੀਂ ਲੈ ਸਕਦੀ — ਘਟੋ ਘਟ ਕੁਝ ਲੰਮੇ ਸਮੇਂ ਲਈ — ਜਿਸ ਨਾਲ ਮੱਧ-ਕਾਲ ਵਿਚ ਸਾਮੰਤੀ ਅਮੀਰਸ਼ਾਹੀ ਨੇ ਇਹਨੂੰ ਆਪਣੇ ਹਥ ਵਿਚ ਰਖਿਆ। ਫ਼ਰਾਂਸ ਵਿਚ ਵੀ, ਜਿਥੇ ਸਾਮੰਤਸ਼ਾਹੀ ਦਾ ਉੱਕਾ ਹੀ ਅੰਤ ਕਰ ਦਿਤਾ ਗਿਆ ਹੈ, ਸਮੁਚੇ ਤੌਰ ਉਤੇ ਹਕੂਮਤ ਉਤੇ ਬੁਰਜੂਆਜ਼ੀ

ਦਾ ਕਬਜ਼ਾ ਬਹੁਤ ਥੋੜ੍ਹੇ ਸਮਿਆਂ ਲਈ ਹੀ ਰਿਹਾ ਹੈ। ਲੂਈ ਫ਼ਿਲਿਪ ਦੇ ਰਾਜ, ੧੮੩੦-੧੮੪੮, ਵਿਚ ਬੁਰਜੂਆਜ਼ੀ ਦਾ ਇਕ ਬਹੁਤ ਨਿਕਾ ਹਿੱਸਾ ਰਾਜ ਉਤੇ ਹਕੂਮਤ ਕਰਦਾ ਸੀ; ਕਿਤੇ ਵਡੇਰੇ ਹਿੱਸੇ ਨੂੰ ਵੋਟਾਂ ਦੀਆਂ ਅਤਿ ਉਚੀਆਂ ਸ਼ਰਤਾਂ ਰਾਹੀਂ ਵੋਟ ਦੇ ਹੱਕ ਤੋਂ ਵਿਰਵਾ ਰਖਿਆ ਗਿਆ ਸੀ। ਦੂਜੀ ਰੀਪਬਲਿਕ, ੧੮੪੮-੧੮੫੧, ਅਧੀਨ ਸਮੂਚੀ ਬੁਰਜੂਆਜ਼ੀ ਨੇ ਹਕੂਮਤ ਕੀਤੀ ਪਰ ਕੇਵਲ ਤਿੰਨਾਂ ਵਰ੍ਹਿਆਂ ਲਈ; ਉਹਨਾਂ ਦੀ ਅਸਮਰਥਾ ਨੇ ਦੂਜੀ ਸਲਤਨਤ ਨੂੰ ਲਿਆਂਦਾ। ਇਹ ਹੁਣੇ ਹੀਂ, ਤੀਜੀ ਰੀਪਬਲਿਕ ਅਧੀਨ, ਹੋਇਆ ਹੈ ਕਿ ਬੁਰਜੂਆਜ਼ੀ ਨੇ ਵੀਹ ਵਰ੍ਹੇ ਤੋਂ ਵਧ ਸਮੇਂ ਲਈ ਲਗਾਮਾਂ ਆਪਣੇ ਹਥ ਵਿਚ ਰਖੀਆਂ ਹਨ, ਅਤੇ ਉਹ ਹੁਣੇ ਹੀ ਅਧੋਗਤੀ ਦੇ ਬੜੇ ਤਿਖੇ ਚਿੰਨ੍ਹ ਵਿਖਾ ਰਹੀ ਹੈ। ਬੁਰਜੂਆਜ਼ੀ ਦੀ ਪਾਏਦਾਰ ਹਕੂਮਤ ਕੇਵਲ ਅਮਰੀਕਾ ਜਿਹੇ ਦੇਸਾਂ ਵਿਚ ਹੀ ਸੰਭਵ ਹੋਈ ਹੈ ਜਿਥੇ ਸਾਮੰਤਵਾਦ ਕਦੇ ਰਿਹਾ ਹੀ ਨਹੀਂ ਅਤੇ ਐਨ ਮੁਢ ਤੋਂ ਹੀ ਸਮਾਜ ਬੁਰਜੂਆ ਆਧਾਰ ਤੇ ਸ਼ੁਰੂ ਹੋਇਆ। ਅਤੇ ਫ਼ਰਾਂਸ ਅਤੇ ਅਮਰੀਕਾ ਵਿਚ ਵੀ ਬੁਰਜੂਆਜ਼ੀ ਦੀ ਵਾਰਸ, ਕਿਰਤੀ ਸ੍ਰੇਣੀ, ਇਹਦਾ ਬੂਹਾ ਖੜਕਾ ਹੀ ਹੈ।

ਇੰਗਲੈਂਡ ਵਿਚ ਬੁਰਜੂਆਜ਼ੀ ਨੂੰ ਕਦੀ ਅਵੰਡ ਸਰਦਾਰੀ ਪ੍ਰਾਪਤ ਨਹੀਂ ਰਹੀ। ੧੮੩੨ ਦੀ ਜਿਤ ਨੇ ਵੀ ਭੋਂ-ਮਾਲਕ ਅਮੀਰਸ਼ਾਹੀ ਨੂੰ ਲਗਭਗ ਸਭੇ ਮੁਖ ਹਕੂਮਤੀ ਪਦਵੀਆਂ ਉਤੇ ਅਨੰਨ ਤੌਰ ਤੇ ਕਾਬਜ਼ ਰਹਿਣ ਦਿਤਾ। ਜਿਸ ਨਿਰਮਾਣਤਾ ਨਾਲ ਧਨੀ ਮਧ-ਸ੍ਰੇਣੀ ਇਸ ਸਥਿਤੀ ਅਗੇ ਸੀਸ ਨਿਵਾ ਦੇਂਦੀ ਰਹੀ, ਉਸ ਸਮੇਂ ਤੱਕ ਮੇਰੇ ਕਿਆਸ ਤੋਂ ਬਾਹਰੀ ਰਹੀ ਜਦੋਂ ਤੱਕ ਕਿ ਮਹਾਨ ਉਦਾਰਪੰਥੀ ਸਨਅਤਕਾਰ ਸ੍ਰੀ ਡਬਲਿਊ ਏ. ਫ਼ਾਰਸਟਰ ਨੇ ਇਕ ਖੁਲ੍ਹੀ ਤਕਰੀਰ ਵਿਚ ਬ੍ਰੈਡਫ਼ੋਰਡ ਦੇ ਜਵਾਨਾਂ ਨੂੰ ਇਹ ਨਾ ਕਿਹਾ ਕਿ ਉਹ ਦੁਨੀਆਂ ਵਿਚ ਤਰਕੀ ਕਰਨ ਲਈ ਫ਼ਰਾਂਸੀਸੀ ਸਿਖਣ ਅਤੇ ਉਹਨੇ ਆਪਣਾ ਤਜਰਬਾ ਬਿਆਨ ਕੀਤਾ ਜਦੋਂ ਪੂਰੇ ਵਜ਼ੀਰ ਦੇ ਤੌਰ ਤੇ ਉਹ ਬੜਾ ਨੀਵਾਂ ਮਹਿਸੂਸ ਕਰਦਾ ਸੀ ਜਦੋਂ ਉਹਨੂੰ ਅਜਿਹੀ ਸੰਗਤ ਵਿਚ ਜਾਣਾ ਪੈਂਦਾ ਜਿਥੇ ਫ਼ਰਾਂਸੀਸੀ ਦੀ ਘਟੋ ਘਟ ਅੰਗ੍ਰੇਜ਼ੀ ਜਿੰਨੀ ਹੀ ਮਹੱਤਤਾ ਸੀ! ਅਸਲੀਅਤ ਇਹ ਸੀ ਕਿ ਉਸ ਸਮੇਂ ਦੀ ਅੰਗ੍ਰੇਜ਼ ਮਧ-ਸ੍ਰੇਣੀ ਆਮ ਤੌਰ ਤੇ ਉੱਕਾ ਹੀ ਅਨਪੜ੍ਹ ਨੌਦੌਲਤੀਏ ਸਨ, ਅਤੇ ਉਹ ਉਚੇਰੀਆਂ ਹਕੂਮਤੀ ਪਦਵੀਆਂ, ਜਿਨ੍ਹਾਂ ਲਈ ਵਿਹਾਰੀ ਤੀਖਣਤਾ ਦੀ ਪਾਣ ਚੜ੍ਹੀ ਟਾਪੂ ਵਾਲੀ ਤੰਗ-ਦਿਲੀ ਜਾਂ ਟਾਪੂ ਵਾਲੀ ਹੈਂਕੜ ਤੋਂ ਬਿਨਾਂ ਹੋਰ ਸਿਫ਼ਤਾਂ ਦੀ ਲੋੜ ਸੀ, ਅਮੀਰਸ਼ਾਹੀ ਲਈ ਛਡੇ ਬਿਨਾਂ ਨਹੀਂ ਸੀ ਰਹਿ*

*ਅਤੇ ਵਿਹਾਰੀ ਮਾਮਲਿਆਂ ਵਿਚ ਵੀ ਕੌਮੀ ਅੰਧ-ਰਾਸ਼ਟਰਵਾਦ ਦੀ ਹੈਂਕੜ ਇਕ ਭੈੜਾ ਸਲਾਹਕਾਰ ਹੈ। ਅਜੇ ਥੋੜ੍ਹਾ ਸਮਾਂ ਪਹਿਲਾਂ ਤੱਕ ਔਸਤ ਅੰਗ੍ਰੇਜ਼ ਸਨਅਤਕਾਰ ਕਿਸੇ ਅੰਗ੍ਰੇਜ਼ ਲਈ ਆਪਣੀ ਬੋਲੀ ਤੋਂ ਬਿਨਾਂ ਕੋਈ ਹੋਰ ਬੋਲੀ ਬੋਲਣਾ ਹਤਕ ਵਾਲੀ

ਸਕਦੀ। ਹੁਣ ਵੀ ਅਖ਼ਬਾਰਾਂ ਵਿਚ ਮਧ-ਸ਼੍ਰੇਣੀ ਦੀ ਵਿਦਿਆ [middle-class education] ਸੰਬੰਧੀ ਅਨੰਤ ਬਹਿਸਾਂ ਤੋਂ ਪਤਾ ਲਗਦਾ ਹੈ ਕਿ ਅੰਗ੍ਰੇਜ਼ ਮਧ-ਸ਼੍ਰੇਣੀ ਆਪਣੇ ਆਪ ਨੂੰ ਅਜੇ ਸਰਵ ਉਤਮ ਵਿਦਿਆ ਦੇ ਯੋਗ ਨਹੀਂ ਸਮਝਦੀ ਅਤੇ ਕੁਝ ਵਧੇਰੇ ਨਿਰਮਾਣ ਵਿਦਿਆ ਪ੍ਰਾਪਤ ਕਰਨ ਦੀ ਆਸ ਰਖਦੀ ਹੈ। ਸੋ, ਅਨਾਜ ਸੰਬੰਧੀ ਕਾਨੂੰਨਾਂ ਦੇ ਅੰਤ ਤੋਂ ਪਿਛੋਂ ਵੀ ਇਹ ਗੱਲ ਸੁਭਾਵਕ ਹੀ ਜਾਪੀ ਕਿ ਕਾਬਡਨਾਂ, ਬ੍ਰਾਈਟਾਂ ਅਤੇ ਫ਼ਾਰਸਟਰਾਂ ਜਿਹੇ ਲੋਕ, ਜਿਹੜੇ ਜੇਤੂ ਰਹੇ ਸਨ, ਦੇਸ ਦੀ ਸਰਕਾਰੀ ਹਕੂਮਤ ਤੋਂ ਬਾਹਰ ਰਖੇ ਜਾਣ, ਜਦੋਂ ਤੱਕ ਕਿ ੨੦ ਵਰ੍ਹੇ ਪਿਛੋਂ ਸੁਧਾਰ ਦੇ ਨਵੇਂ ਕਾਨੂੰਨ[144] ਨੇ ਉਹਨਾਂ ਲਈ ਵਜ਼ਾਰਤ ਦੇ ਬੂਹੇ ਨਾ ਖੋਹਲ ਦਿਤੇ। ਅੰਗ੍ਰੇਜ਼ ਬੁਰਜੂਆਜ਼ੀ ਵਿਚ ਅਜ ਤੱਕ ਆਪਣੀ ਸਮਾਜੀ ਹੀਣਤਾ ਦਾ ਭਾਵ ਇੰਨੀ ਡੂੰਘੀ ਤਰ੍ਹਾਂ ਰਚਿਆ

---

ਗੱਲ ਸਮਝਦੇ ਸਨ ਅਤੇ ਇਸ ਗੱਲ ਉਤੇ ਸਗੋਂ ਮਾਣ ਅਨੁਭਵ ਕਰਦੇ ਸਨ ਕਿ "ਵਿਚਾਰੇ" ਬਦੇਸੀ ਇੰਗਲੈਂਡ ਵਿਚ ਵਸ ਗਏ ਹਨ ਅਤੇ ਉਹਨਾਂ ਦੀਆਂ ਉਪਜਾਂ ਬਦੇਸਾਂ ਵਿਚ ਵੇਚਣ ਦੀ ਖੇਚਲ ਉਹਨਾਂ ਦੇ ਹਥੋਂ ਲੈ ਲਈ ਹੈ। ਉਹਨਾਂ ਇਸ ਗੱਲ ਵੱਲ ਧਿਆਨ ਹੀ ਨਾ ਦਿਤਾ ਕਿ ਇਹਨਾਂ ਬਦੇਸੀਆਂ ਨੇ, ਜਿਹੜੇ ਵਧੇਰੇ ਜਰਮਨ ਸਨ, ਬਰਤਾਨੀਆ ਦੇ ਬਦੇਸੀ ਵਪਾਰ, ਬਰਾਮਦ ਅਤੇ ਦਰਾਮਦ, ਦਾ ਵਡਾ ਹਿੱਸਾ ਆਪਣੇ ਹਥ ਵਿਚ ਲੈ ਲਿਆ ਅਤੇ ਅੰਗ੍ਰੇਜ਼ਾਂ ਦਾ ਸਿਧਾ ਬਦੇਸੀ ਵਪਾਰ ਲਗਭਗ ਕੇਵਲ ਬਸਤੀਆਂ, ਚੀਨ, ਸੰਯੁਕਤ ਰਾਜ ਅਮਰੀਕਾ ਅਤੇ ਦਖਣੀ ਅਮਰੀਕਾ ਨਾਲ ਸੀਮਤ ਰਹਿ ਗਿਆ। ਨਾ ਹੀ ਉਹਨਾਂ ਇਸ ਗੱਲ ਵੱਲ ਧਿਆਨ ਦਿਤਾ ਕਿ ਇਹ ਜਰਮਨ ਬਦੇਸਾਂ ਵਿਚ ਹੋਰਨਾਂ ਜਰਮਨਾਂ ਨਾਲ ਵਪਾਰ ਕਰਦੇ ਸਨ, ਜਿਨ੍ਹਾਂ ਹੌਲੀ ਹੌਲੀ ਸਾਰੇ ਸੰਸਾਰ ਵਿਚ ਵਪਾਰਕ ਬਸਤੀਆਂ ਦਾ ਜਾਲ ਵਿਛਾ ਦਿਤਾ। ਪਰ ਜਦੋਂ ਚਾਲ੍ਹੀ ਕੁ ਸਾਲ ਹੋਏ ਜਰਮਨੀ ਨੇ ਗੰਭੀਰਤਾ ਨਾਲ ਬਰਾਮਦ ਲਈ ਮਾਲ ਤਿਆਰ ਕਰਨਾ ਸ਼ੁਰੂ ਕੀਤਾ ਤਾਂ ਇਹ ਜਾਲ, ਇੰਨੇ ਛੋਟੇ ਸਮੇਂ ਵਿਚ ਅਨਾਜ ਬਰਾਮਦ ਕਰਨ ਵਾਲੇ ਤੋਂ ਇਕ ਪਹਿਲੇ ਦਰਜੇ ਦਾ ਸਨਅਤੀ ਦੇਸ ਬਣਨ ਵਿਚ ਉਹਦੀ ਕਾਇਆ-ਪਲਟ ਲਈ ਉਹਦੇ ਚੋਖਾ ਕੰਮ ਆਇਆ। ਫਿਰ ਦਸ ਕੁ ਵਰ੍ਹੇ ਹੋਏ ਬਰਤਾਨਵੀ ਸਨਅਤਕਾਰ ਡਰ ਗਿਆ ਅਤੇ ਉਹਨੇ ਆਪਣੇ ਸਫ਼ੀਰਾਂ ਅਤੇ ਕੌਂਸਲਰਾਂ ਤੋਂ ਪੁਛਿਆ ਕਿ ਅਜਿਹਾ ਕਿਉਂ ਹੋਇਆ ਕਿ ਉਹ ਆਪਣੇ ਗਾਹਕ ਕਾਇਮ ਨਹੀਂ ਰਖ ਸਕਿਆ। ਇਕ-ਜ਼ਬਾਨ ਉਤਰ ਸੀ: ੧. ਤੁਸੀਂ ਆਪਣੇ ਗਾਹਕ ਦੀ ਭਾਸ਼ਾ ਨਹੀਂ ਸਿਖਦੇ ਸਗੋਂ ਇਹ ਆਸ ਕਰਦੇ ਹੋ ਕਿ ਉਹ ਤੁਹਾਡੀ ਭਾਸ਼ਾ ਬੋਲੇਗਾ; ੨. ਤੁਸੀਂ ਤਾਂ ਗਾਹਕ ਦੀਆਂ ਲੋੜਾਂ, ਆਦਤਾਂ ਅਤੇ ਸੁਆਦਾਂ ਦਾ ਪਤਾ ਕਰਨ ਦਾ ਵੀ ਜਤਨ ਨਹੀਂ ਕਰਦੇ ਸਗੋਂ ਆਸ ਕਰਦੇ ਹੋ ਕਿ ਉਹ ਅੰਗ੍ਰੇਜ਼ੀ ਲੋੜਾਂ, ਆਦਤਾਂ ਅਤੇ ਸੁਆਦਾਂ ਦਾ ਅਨੁਸਾਰੀ ਬਣੇਗਾ।

ਹੋਇਆ ਹੈ ਕਿ ਉਹ ਰਾਜਕੀ ਰਸਮਾਂ ਸਮੇਂ ਯੋਗ ਤਰ੍ਹਾਂ ਕੌਮ ਦੀ ਪ੍ਰਤਿਨਿਧਤਾ ਕਰਨ ਲਈ ਆਪਣੇ ਅਤੇ ਕੌਮ ਦੇ ਖ਼ਰਚੇ ਉਤੇ ਨਿਖਟੂਆਂ ਦੀ ਇਕ ਨੁਮਾਇਸ਼ੀ ਜ਼ਾਤ ਕਾਇਮ ਰਖਦੀ ਹੈ, ਅਤੇ ਜਦੋਂ ਕਦੀ ਉਹਨਾਂ ਵਿਚੋਂ ਕੋਈ ਇਸ ਚੁਣਵੇਂ ਅਤੇ ਵਿਸ਼ੇਸ਼-ਅਧਿਕਾਰਾਂ ਵਾਲੇ ਸਮੂਹ ਵਿਚ, ਜਿਸਨੂੰ ਅਖ਼ੀਰ ਉਹਨਾਂ ਆਪ ਹੀ ਘੜਿਆ ਹੈ, ਸ਼ਾਮਲ ਹੋਣ ਦੇ ਯੋਗ ਸਮਝਿਆ ਜਾਂਦਾ ਹੈ ਤਾਂ ਉਹ ਹਦੋਂ ਵਧ ਸਨਮਾਣਤ ਅਨੁਭਵ ਕਰਦੇ ਹਨ।

ਇਸ ਲਈ ਅਜੇ ਸਨਅਤੀ ਅਤੇ ਵਪਾਰਕ ਮਧ-ਸ਼੍ਰੇਣੀਆਂ ਭੋਂ-ਮਾਲਕ ਅਮੀਰਸ਼ਾਹੀ ਨੂੰ ਰਾਜਸੀ ਸਤਾ ਤੋਂ ਪੂਰੀ ਤਰ੍ਹਾਂ ਨਹੀਂ ਸਨ ਹਟਾ ਸਕੀਆਂ ਕਿ ਇਕ ਹੋਰ ਵਿਰੋਧੀ, ਕਿਰਤੀ ਸ਼੍ਰੇਣੀ, ਪਿੜ ਵਿਚ ਆ ਗਿਆ। ਚਾਰਟਿਸਟ ਲਹਿਰ ਅਤੇ ਯੂਰਪੀ ਮਹਾਂ-ਦੀਪ ਉਤੇ ਹੋਏ ਇਨਕਲਾਬਾਂ ਪਿਛੋਂ ਪਿਛਾਖੜ ਨੇ ਵੀ ਅਤੇ ੧੮੪੮-੧੮੬੬ ਵਿਚ ਅੰਗ੍ਰੇਜ਼ੀ ਵਪਾਰ ਦੇ ਬੇਮਿਸਾਲ ਵਾਧੇ ਨੇ ਵੀ (ਜਿਸਦਾ ਕਾਰਨ ਗੰਵਾਰੂ ਤੌਰ ਤੇ ਕੇਵਲ ਆਜ਼ਾਦ ਵਪਾਰ ਨੂੰ ਹੀ ਦਸਿਆ ਜਾਂਦਾ ਹੈ ਪਰ ਜਿਸਦਾ ਕਿਤੇ ਵਧੇਰੇ ਕਾਰਨ ਰੇਲਾਂ, ਭਾਫ਼ ਦੇ ਸਮੁੰਦਰੀ ਜਹਾਜ਼ਾਂ ਅਤੇ ਆਮ ਤੌਰ ਤੇ ਸੰਚਾਰ ਦੇ ਸਾਧਨਾਂ ਵਿਚ ਅਥਾਹ ਵਾਧਾ ਸੀ) ਇਕ ਵਾਰ ਫੇਰ ਕਿਰਤੀ ਸ਼੍ਰੇਣੀ ਨੂੰ ਲਿਬਰਲ ਪਾਰਟੀ ਉਤੇ ਨਿਰਭਰਤਾ ਵੱਲ ਧਕ ਦਿਤਾ ਸੀ, ਜਿਸਦਾ ਇਹ ਚਾਰਟਿਸਟ ਦਿਨਾਂ ਤੋਂ ਪਹਿਲਾਂ ਵਾਂਗ ਹੀ, ਗਰਮ-ਖ਼ਿਆਲ ਧੜਾ ਬਣ ਗਈ। ਪਰ ਉਹਨਾਂ ਦੀ ਵੋਟ ਦੇ ਹੱਕ ਦੇ ਦਾਹਵੇ ਹੌਲੀ ਹੌਲੀ ਅਰੋਕ ਹੁੰਦੇ ਗਏ; ਪਰ ਜਿਥੇ ਲਿਬਰਲਾਂ ਦੇ ਵਿੱਗ ਲੀਡਰ "ਯਰਕ" ਗਏ ਉਥੇ ਡਿਸਰਾਇਲੀ ਨੇ ਟੋਰੀਆਂ[145] ਨੂੰ ਸੁਖਾਵੀਂ ਘੜੀ ਦਾ ਲਾਭ ਉਠਾਉਣ ਵੱਲ ਲਾ ਕੇ ਅਤੇ ਸੀਟਾਂ ਦੀ ਨਵੀਂ ਵੰਡ ਦੇ ਨਾਲ ਨਗਰਾਂ ਵਿਚ ਘਰਾਂ ਦੇ ਆਧਾਰ ਉਤੇ ਵੋਟ ਦਾ ਹਕ [household suffrage] ਲਾਗੂ ਕਰਵਾ ਕੇ ਆਪਣੀ ਉਤਮਤਾ ਪ੍ਰਗਟ ਕੀਤੀ। ਇਸ ਤੋਂ ਪਿਛੋਂ ਗੁਪਤ ਪਰਚੀਆਂ ਆਈਆਂ; ਫਿਰ ੧੮੮੪ ਵਿਚ ਘਰ ਦੇ ਆਧਾਰ ਉਤੇ ਵੋਟ ਕਾਊਂਟੀਆਂ ਤੱਕ ਵਧਾ ਦਿਤੀ ਗਈ ਅਤੇ ਸੀਟਾਂ ਦੀ ਨਵੀਂ ਵੰਡ ਕੀਤੀ ਗਈ, ਜਿਸ ਨਾਲ ਚੋਣ ਹਲਕੇ ਕਿਸੇ ਹੱਦ ਤੱਕ ਬਰਾਬਰ ਕਰ ਦਿਤੇ ਗਏ। ਇਹਨਾਂ ਸਭਨਾਂ ਕਦਮਾਂ ਨੇ ਕਿਰਤੀ ਸ਼੍ਰੇਣੀ ਦੀ ਚੋਣਾਂ ਸੰਬੰਧੀ ਸ਼ਕਤੀ ਬਹੁਤ ਵਧਾ ਦਿਤੀ ਹੈ, ਇਥੋਂ ਤੱਕ ਕਿ ਹੁਣ ਘਟੋ ਘਟ ੧੫੦ ਤੋਂ ੨੦੦ ਹਲਕਿਆਂ ਵਿਚ ਇਹ ਸ਼੍ਰੇਣੀ ਵੋਟਰਾਂ ਦੀ ਬਹੁ-ਗਿਣਤੀ ਹੈ। ਪਰ ਪਾਰਲੀਮਾਨੀ ਹਕੂਮਤ ਪ੍ਰੰਪਰਾ ਲਈ ਸਤਿਕਾਰ ਸਿਖਾਉਣ ਦਾ ਅਤਿ-ਅੰਤ ਸ਼ਾਨਦਾਰ ਸਕੂਲ ਹੈ! ਮਧ-ਸ਼੍ਰੇਣੀ ਬੜੀ ਸ਼ਰਧਾ ਅਤੇ ਸਤਿਕਾਰ ਨਾਲ ਉਸ ਵੱਲ ਵੇਖਦੀ ਹੈ ਜਿਸਨੂੰ ਲਾਰਡ ਜਾਨ ਮੈਨਰਜ਼ "ਸਾਡੀ ਪੁਰਾਣੀ ਰਾਠਸ਼ਾਹੀ" ਕਹਿੰਦਾ ਹੈ ਤਾਂ ਕਿਰਤੀ ਲੋਕ ਉਹਨਾਂ ਵੱਲ ਜਿਨ੍ਹਾਂ ਨੂੰ "ਉਹਨਾਂ ਤੋਂ ਉਚੇਰੇ" ਕਿਹਾ ਜਾਂਦਾ ਸੀ, ਮਧ-ਸ਼੍ਰੇਣੀ ਵੱਲ, ਸਤਿਕਾਰ ਅਤੇ ਆਦਰ ਨਾਲ ਵੇਖਦੇ ਸਨ। ਨਿਰਸੰਦੇਹ ਪੰਦਰਾਂ ਕੁ ਵਰ੍ਹੇ ਪਹਿਲਾਂ ਬਰਤਾਨਵੀ ਕਿਰਤੀ ਇਕ ਨਮੂਨੇ

ਦਾ ਕਿਰਤੀ ਸੀ, ਜਿਸਦਾ ਆਪਣੇ ਮਾਲਕ ਦੇ ਸਥਾਨ ਲਈ ਸਤਿਕਾਰ ਭਰਿਆ ਵਤੀਰਾ, ਜਿਸਦੀ ਆਪਣੇ ਲਈ ਹੱਕ ਮੰਗਣ ਵਿਚ ਸੰਜਮੀ ਨਿਰਮਾਣਤਾ, ਸਾਡੇ **ਕਥੇਡਰ ਸੋਸ਼ਲਿਸਟ**[146] ਪਰਪਾਟੀ ਦੇ ਜਰਮਨ ਅਰਥ-ਵਿਗਿਆਨੀਆਂ ਦੀ ਆਪਣੇ ਦੇਸ ਵਿਚ ਉਹਨਾਂ ਦੇ ਆਪਣੇ ਕਿਰਤੀਆਂ ਦੇ ਅਸਾਧ ਕਮਿਊਨਿਸਟ ਅਤੇ ਇਨਕਲਾਬੀ ਝੁਕਾਵਾਂ ਵਿਰੁਧ ਧਰਵਾਸ ਬੰਨ੍ਹਵਾਇਆ ਕਰਦੀ ਸੀ।

ਪਰ ਅੰਗ੍ਰੇਜ਼ ਮਧ-ਸ਼੍ਰੇਣੀ — ਵਪਾਰ ਵਿਚ ਚੁਸਤ ਹੋਣ ਕਾਰਨ — ਜਰਮਨ ਪ੍ਰੋਫ਼ੈਸਰਾਂ ਤੋਂ ਵਧੇਰੇ ਅਗੇ ਵੇਖਦੀ ਸੀ। ਉਹਨਾਂ ਆਪਣੀ ਸ਼ਕਤੀ ਕਿਰਤੀ ਸ਼੍ਰੇਣੀ ਨਾਲ ਸਾਂਝੀ ਕੀਤੀ ਪਰ ਰੁਕ ਰੁਕ ਕੇ। ਉਹਨਾਂ ਚਾਰਟਿਸਟ ਵਰ੍ਹਿਆਂ ਵਿਚ ਵੇਖ ਲਿਆ ਸੀ ਕਿ ਇਹ puer robustus sed malitiosus, ਲੋਕ, ਕੀ ਕਰ ਸਕਦੇ ਸਨ। ਅਤੇ ਉਸ ਤੋਂ ਪਿਛੋਂ ਉਹ ਜਨਤਾ ਦੇ ਅਧਿਕਾਰ-ਪਤਰ ਦਾ ਵਧੇਰੇ ਹਿੱਸਾ ਬਰਤਾਨੀਆ ਦੇ ਕਾਨੂੰਨ ਵਿਚ ਸ਼ਾਮਲ ਕਰਨ ਉਤੇ ਮਜਬੂਰ ਹੋ ਗਏ ਸਨ। ਹੁਣ, ਜੇ ਕਦੇ ਹੋ ਸਕੇ, ਲੋਕਾਂ ਨੂੰ ਸਦਾਚਾਰਕ ਸਾਧਨਾਂ ਰਾਹੀਂ ਸੇਧ ਵਿਚ ਰਖਣਾ ਲਾਜ਼ਮੀ ਸੀ ਅਤੇ ਜਨਤਾ ਉਤੇ ਅਸਰ ਪਾਉਣ ਵਾਲੇ ਸਭਨਾਂ ਸਦਾਚਾਰਕ ਸਾਧਨਾਂ ਵਿਚੋਂ ਧਰਮ ਪਹਿਲਾ ਅਤੇ ਸਭ ਤੋਂ ਮੂਹਰਲਾ ਹੈ, ਅਤੇ ਅਗੋਂ ਵੀ ਰਹੇਗਾ। ਇਸੇ ਲਈ ਸਕੂਲ ਬੋਰਡਾਂ ਵਿਚ ਪਾਦਰੀ ਬਹੁ-ਸੰਮਤੀ ਵਿਚ ਹੁੰਦੇ ਹਨ, ਇਸੇ ਲਈ ਬੁਰਜੂਆਜ਼ੀ ਰੀਤੀਵਾਦ[147] ਤੋਂ ਮੁਕਤੀ ਫ਼ੌਜ ਤੱਕ ਹਰ ਤਰ੍ਹਾਂ ਦੇ ਜਾਗਰਤੀਵਾਦ ਦੀ ਮਦਦ ਲਈ ਆਪਣੇ ਆਪ ਉਤੇ ਸਦਾ ਵਧੇਰੇ ਟੈਕਸ ਲਾਉਂਦੀ ਹੈ।

ਅਤੇ ਹੁਣ ਯੂਰਪੀ ਮਹਾਂ-ਦੀਪ ਦੀ ਬੁਰਜੂਆਜ਼ੀ ਦੀ ਖੁਲ੍ਹ-ਖ਼ਿਆਲੀ ਅਤੇ ਧਾਰਮਿਕ ਢਿਲ ਦੇ ਮੁਕਾਬਲੇ ਉਤੇ ਬਰਤਾਨਵੀ ਸਾਊਪੁਣੇ ਦੀ ਜਿਤ ਆਈ। ਫ਼ਰਾਂਸ ਅਤੇ ਜਰਮਨੀ ਦੇ ਕਿਰਤੀ ਬਾਗ਼ੀ ਹੋ ਗਏ ਸਨ। ਉਹਨਾਂ ਨੂੰ ਪੂਰੀ ਤਰ੍ਹਾਂ ਸੋਸ਼ਲਿਜ਼ਮ ਦੀ ਲਾਗ ਲਗ ਗਈ ਸੀ ਅਤੇ ਬੜੇ ਚੰਗੇ ਕਾਰਨਾਂ ਕਰਕੇ ਉਹ ਆਪਣੀ ਪ੍ਰਭੁਤਾ ਸਥਾਪਤ ਕਰਨ ਲਈ ਵਰਤੇ ਸਾਧਨਾਂ ਦੀ ਕਾਨੂੰਨੀਅਤ ਦੀ ਪਰਵਾਹ ਨਹੀਂ ਸਨ ਕਰਦੇ। ਇਥੇ puer robustus ਦਿਨੋਂ ਦਿਨ ਵਧੇਰੇ malitiosus ਬਣਦਾ ਜਾ ਰਿਹਾ ਸੀ। ਫ਼ਰਾਂਸੀਸੀ ਅਤੇ ਜਰਮਨ ਬੁਰਜੂਆਜ਼ੀ ਲਈ ਇਸ ਤੋਂ ਬਿਨਾਂ ਕੋਈ ਚਾਰਾ ਨਹੀਂ ਸੀ ਰਹਿ ਗਿਆ ਕਿ ਉਹ ਅਖ਼ੀਰੀ ਹਥਿਆਰ ਦੇ ਤੌਰ ਤੇ ਚੁਪ ਚਾਪ ਆਪਣੀ ਖੁਲ੍ਹ-ਖ਼ਿਆਲੀ ਨੂੰ ਤਿਆਗ ਦੇਣ, ਐਨ ਉਸ ਜਵਾਨ ਦੀ ਤਰ੍ਹਾਂ ਜਿਹੜਾ ਬੜੀ ਤੜ੍ਹੀ ਨਾਲ ਸਿਗਾਰ ਮੂੰਹ ਵਿਚ ਪਾਕੇ ਜਹਾਜ਼ ਦੇ ਤਖ਼ਤੇ ਉਤੇ ਆਉਂਦਾ ਹੈ ਪਰ ਜਦੋਂ ਉਹਨੂੰ ਉਛਾਲੀ ਆਉਂਦੀ ਹੈ ਤਾਂ ਇਹਨੂੰ ਚੁਪ ਚਾਪ ਸੁਟ ਦੇਂਦਾ ਹੈ। ਇਕ ਇਕ ਕਰਕੇ ਠੱਠਾ ਉਡਾਉਣ ਵਾਲੇ ਆਪਣੇ ਬਾਹਰਲੇ ਵਤੀਰੇ ਵਿਚ ਧਾਰਮਿਕ ਬਣ ਗਏ, ਸਥਾਪਤ ਧਰਮ ਸੰਬੰਧੀ, ਇਹਦੇ ਨਿਸ਼ਚਿਆਂ ਅਤੇ ਰੀਤਾਂ ਸੰਬੰਧੀ ਸਤਿਕਾਰ ਨਾਲ ਗੱਲ ਕਰਨ ਲਗ ਪਏ ਅਤੇ ਜਿਥੋਂ ਤੱਕ ਇਸ ਤੋਂ ਬਿਨਾਂ ਚਾਰਾ ਨਹੀਂ ਸੀ, ਇਹਨਾਂ ਨਿਸ਼ਚਿਆਂ

ਅਤੇ ਰੀਤਾਂ ਦੇ ਅਨੁਸਾਰੀ ਵੀ ਬਣਨ ਲਗ ਪਏ। ਫ਼ਰਾਂਸੀਸੀ ਬੁਰਜੂਆ ਸ਼ੁਕਰਵਾਰ ਨੂੰ maigre* ਖਾਣਾ ਖਾਂਦੀ, ਅਤੇ ਜਰਮਨ ਬੁਰਜੂਆਜ਼ੀ ਐਤਵਾਰਾਂ ਨੂੰ ਆਪਣੇ ਕਟਹਿਰਿਆਂ ਵਿਚ ਬੈਠੀ ਲੰਮੇ ਪ੍ਰੋਟੈਸਟੈਂਟ ਵਖਿਆਨ ਸੁਣਦੀ। ਪਦਾਰਥਵਾਦ ਕਾਰਨ ਉਹਨਾਂ ਨੂੰ ਨੁਕਸਾਨ ਪੁਜਾ ਸੀ। "Die Religion muss dem Volk erhalten werden"—"ਧਰਮ ਨੂੰ ਜਨਤਾ ਲਈ ਜਿਊਂਦਾ ਰਖਣਾ ਲਾਜ਼ਮੀ ਹੈ"—ਇਹ ਸਮਾਜ ਨੂੰ ਮੁਕੰਮਲ ਤਬਾਹੀ ਤੋਂ ਬਚਾਉਣ ਦਾ ਇਕੋ ਇਕ ਅਤੇ ਅਖ਼ੀਰੀ ਸਾਧਨ ਸੀ। ਉਹਨਾਂ ਲਈ ਬਦਕਿਸਮਤੀ ਦੀ ਗੱਲ ਇਹ ਸੀ ਕਿ ਉਹ ਇਹ ਗੱਲ ਉਸ ਸਮੇਂ ਤੱਕ ਨਾ ਸਮਝ ਸਕੇ ਜਦੋਂ ਤੱਕ ਕਿ ਉਹਨਾਂ ਧਰਮ ਨੂੰ ਤਬਾਹ ਕਰਨ ਲਈ ਆਪਣੀ ਪੂਰੀ ਵਾਹ ਨਾ ਲਾ ਲਈ। ਅਤੇ ਹੁਣ ਬਰਤਾਨਵੀ ਬੁਰਜੂਆਜ਼ੀ ਦੀ ਵਾਰੀ ਸੀ ਕਿ ਉਹ ਨਕ ਚਾੜ੍ਹੇ ਅਤੇ ਕਹੇ: "ਮੂਰਖੋ, ਮੈਂ ਤੁਹਾਨੂੰ ਇਹ ਗੱਲ ਦੋ ਸੌ ਵਰ੍ਹੇ ਪਹਿਲਾਂ ਦਸ ਸਕਦੀ ਸਾਂ!"

ਪਰ, ਮੇਰਾ ਖ਼ਿਆਲ ਹੈ ਕਿ ਨਾ ਹੀ ਬਰਤਾਨਵੀਆਂ ਦੀ ਧਾਰਮਿਕ ਮੂਰਖਤਾ ਅਤੇ ਨਾ ਹੀ ਯੂਰਪੀ ਮਹਾਂ-ਦੀਪ ਦੀ ਬੁਰਜੂਆਜ਼ੀ ਵਿਚ post festum** ਦੀ ਤਬਦੀਲੀ ਉਭਰ ਰਹੀ ਪ੍ਰੋਲਤਾਰੀ ਲਹਿਰ ਨੂੰ ਰੋਕ ਸਕੇਗੀ। ਪ੍ਰੰਪਰਾ ਮਹਾਨ ਰੋਕ-ਪਾਊ ਸ਼ਕਤੀ ਹੈ, ਇਤਿਹਾਸ ਦੀ vis inertiae***ਹੈ, ਪਰ, ਕਿਉਂਕਿ ਬੇਹਰਕਤ ਹੋਣ ਕਾਰਨ ਇਹ ਨਿਸ਼ਚੇ ਹੀ ਟੁਟ ਜਾਵੇਗੀ; ਅਤੇ ਇਉਂ ਧਰਮ ਸਰਮਾਏਦਾਰ ਸਮਾਜ ਲਈ ਕੋਈ ਸਥਿਰ ਰੱਖ ਨਹੀਂ ਰਹੇਗਾ। ਜੇ ਸਾਡੇ ਕਾਨੂੰਨੀ, ਦਾਰਸ਼ਨਕ ਅਤੇ ਧਾਰਮਕ ਵਿਚਾਰ, ਘਟ ਜਾਂ ਵਧ ਹੱਦ ਤੱਕ, ਕਿਸੇ ਇਕ ਸਮਾਜ ਵਿਚ ਪ੍ਰਚਲਤ ਆਰਥਕ ਸੰਬੰਧਾਂ ਦੀਆਂ ਘਟ ਜਾਂ ਵਧ ਦੁਰਾਡੀਆਂ ਲਗਰਾਂ ਹੀ ਹਨ ਤਾਂ, ਲੰਮੇ ਸਮੇਂ ਵਿਚ, ਉਹ ਇਹਨਾਂ ਸੰਬੰਧਾਂ ਵਿਚ ਮੁਕੰਮਲ ਤਬਦੀਲੀ ਦਾ ਮੁਕਾਬਲਾ ਨਹੀਂ ਕਰ ਸਕਦੀਆਂ। ਅਤੇ, ਜੇ ਸਾਨੂੰ ਕਰਾਮਤੀ ਅਕਾਸ਼-ਬਾਣੀ ਵਿਚ ਯਕੀਨ ਨਹੀਂ ਤਾਂ ਸਾਨੂੰ ਇਹ ਮੰਨਣਾ ਪਵੇਗਾ ਕਿ ਧਾਰਮਿਕ ਨਿਯਮ ਇਕ ਲੜਖੜਾ ਰਹੇ ਸਮਾਜ ਨੂੰ ਠੁੰਮ੍ਹਣਾ ਦੇਣ ਲਈ ਕਦੀ ਕਾਫ਼ੀ ਨਹੀਂ ਹੋਣਗੇ।

ਤੱਥ ਤਾਂ ਇਹ ਹੈ ਕਿ ਇੰਗਲੈਂਡ ਵਿਚ ਵੀ ਕਿਰਤੀ ਲੋਕ ਫੇਰ ਹਰਕਤ ਵਿਚ ਆਉਣ ਲਗ ਪਏ ਹਨ। ਇਸ ਵਿਚ ਕੋਈ ਸ਼ਕ ਨਹੀਂ ਕਿ ਉਹ ਵਖ ਵਖ ਕਿਸਮਾਂ ਦੀਆਂ ਪ੍ਰੰਪਰਾਵਾਂ ਦੇ ਸੰਗਲਾਂ ਵਿਚ ਜਕੜੇ ਹੋਏ ਹਨ। ਬੁਰਜੂਆ ਪ੍ਰੰਪਰਾਵਾਂ, ਜਿਹਾ ਕਿ ਇਹ ਵਿਸ਼ਾਲ ਪਧਰ ਉਤੇ ਫੈਲਿਆ ਯਕੀਨ ਕਿ ਕੇਵਲ ਦੋ ਪਾਰਟੀਆਂ,

---

*ਮਾਸ ਤੋਂ ਬਿਨਾਂ।—ਸੰਪਾ:

**ਜਸ਼ਨ ਤੋਂ ਪਿਛੋਂ; ਇਥੇ: ਕੁਝ ਪਛੜ ਕੇ।—ਸੰਪਾ:

***ਸਿਥਲਤਾ ਦੀ ਸ਼ਕਤੀ।—ਸੰਪਾ:

ਕਨਜ਼ਰਵੇਟਿਵ ਅਤੇ ਲਿਬਰਲ, ਹੋ ਸਕਦੀਆਂ ਹਨ ਅਤੇ ਇਹ ਕਿ ਕਿਰਤੀ ਸ੍ਰੇਣੀ ਲਈ ਇਹ ਲਾਜ਼ਮੀ ਹੈ ਕਿ ਉਹ ਆਪਣੀ ਮੁਕਤੀ ਮਹਾਨ ਲਿਬਰਲ ਪਾਰਟੀ ਰਾਹੀਂ ਹੀ ਪ੍ਰਾਪਤ ਕਰੇ। ਕਿਰਤੀਆਂ ਦੀਆਂ ਪ੍ਰੰਪਰਾਵਾਂ , ਜਿਹੜੀਆਂ ਉਹਨਾਂ ਦੇ ਸੁਤੰਤਰ ਅਮਲ ਦੇ ਪਹਿਲੇ ਜਤਨਾਂ ਤੋਂ ਵਿਰਸੇ ਵਿਚ ਮਿਲੀਆਂ ਹਨ, ਮਿਸਾਲ ਵਜੋਂ ਕਿੰਨੀਆਂ ਹੀ ਪੁਰਾਣੀਆਂ ਟਰੇਡ ਯੂਨੀਅਨਾਂ ਵਿਚੋਂ ਉਹਨਾਂ ਲੋਕਾਂ ਨੂੰ ਬਾਹਰ ਰਖਣਾ ਜਿਹੜੇ ਬਾਕਾਇਦਾ ਸ਼ਗਿਰਦੀ ਵਿਚੋਂ ਨਹੀਂ ਲੰਘੇ; ਜਿਸ ਦਾ ਅਰਥ ਹੈ ਹਰ ਅਜਿਹੀ ਟਰੇਡ ਯੂਨੀਅਨ ਵਲੋਂ ਆਪਣੇ ਹੜਤਾਲ-ਤੋੜ ਪੈਦਾ ਕਰਨਾ ਹੈ। ਪਰ ਇਸ ਸਭ ਕੁਝ ਦੇ ਬਾਵਜੂਦ ਅੰਗ੍ਰੇਜ਼ ਕਿਰਤੀ ਸ੍ਰੇਣੀ ਹਰਕਤ ਵਿਚ ਆ ਰਹੀ ਹੈ ਜਿਹਾ ਕਿ ਪ੍ਰੋਫੈਸਰ ਬਰੈਨਟਾਨੋ ਨੂੰ ਬੜੇ ਦੁਖ ਨਾਲ ਆਪਣੇ ਕਥੈਡਰ ਸੋਸ਼ਲਿਸਟ ਭਰਾਵਾਂ ਨੂੰ ਦਸਣਾ ਪਿਆ ਹੈ। ਇੰਗਲੈਂਡ ਵਿਚ ਹੋਰ ਹਰ ਚੀਜ਼ ਵਾਂਗ ਇਹ ਧੀਮੇ ਅਤੇ ਮਿਥੇ ਕਦਮਾਂ ਨਾਲ ਚਲਦੀ ਹੈ, ਕਿਧਰੇ ਜਕੋ-ਤਕੇ ਨਾਲ, ਕਿਧਰੇ ਘਟ ਜਾਂ ਵਧ ਵਿਅਰਥ, ਤਜਰਬੀ ਕੰਮ ਕਰਦੀ ਹੋਈ; ਇਹ ਕਦੀ ਕਦੀ "ਸੋਸ਼ਲਿਜ਼ਮ" ਦੇ ਨਾਂ ਉਤੇ ਲੋੜੋਂ ਵਧ ਸੋਚੀ ਬੇਇਤਬਾਰੀ ਨਾਲ ਚਲਦੀ ਹੈ ਜਦੋਂ ਕਿ ਇਹ ਇਹਦਾ ਤੱਤ ਆਪਣੇ ਵਿਚ ਸਮੋ ਲੈਂਦੀ ਹੈ; ਅਤੇ ਲਹਿਰ ਫੈਲਦੀ ਹੈ ਅਤੇ ਕਿਰਤੀਆਂ ਦੀ ਇਕ ਤੋਂ ਪਿਛੋਂ ਦੂਜੀ ਪਰਤ ਨੂੰ ਪਕੜ ਲੈਂਦੀ ਹੈ। ਇਹਨੇ ਹੁਣ ਲੰਦਨ ਦੇ ਈਸਟ-ਐਂਡ ਦੇ ਅਣ-ਸਿਖਿਅਤ ਕਿਰਤੀਆਂ ਨੂੰ ਉਹਨਾਂ ਦੀ ਬੇਹਿਸੀ ਤੋਂ ਜਗਾ ਦਿਤਾ ਹੈ ਅਤੇ ਅਸੀਂ ਸਾਰੇ ਜਾਣਦੇ ਹਾਂ ਕਿ ਇਹਨਾਂ ਨਵੀਆਂ ਸ਼ਕਤੀਆਂ ਨੇ ਇਹਨੂੰ ਕਿੰਨਾ ਸ਼ਾਨਦਾਰ ਧੱਕਾ ਦਿਤਾ ਹੈ। ਅਤੇ ਜੇ ਲਹਿਰ ਦੀ ਗਤੀ ਕੁਝ ਲੋਕਾਂ ਦੀ ਬੇਸਬਰੀ ਨਾਲ ਮੇਲ ਨਹੀਂ ਖਾਂਦੀ ਤਾਂ ਉਹਨਾਂ ਨੂੰ ਇਹ ਨਹੀਂ ਭੁਲਣਾ ਚਾਹੀਦਾ ਕਿ ਕਿਰਤੀ ਸ੍ਰੇਣੀ ਹੀ ਅੰਗ੍ਰੇਜ਼ ਆਚਰਣ ਦੀਆਂ ਸਰਵ ਉਤਮ ਸਿਫ਼ਤਾਂ ਨੂੰ ਜਿਊਂਦਾ ਰਖਦੀ ਹੈ ਅਤੇ ਜੇ ਇੰਗਲੈਂਡ ਵਿਚ ਇਕ ਵਾਰ ਅਗੇ ਵੱਲ ਇਕ ਕਦਮ ਜਿਤ ਲਿਆ ਜਾਂਦਾ ਹੈ ਤਾਂ, ਆਮ ਤੌਰ ਉਤੇ, ਫਿਰ ਨਹੀਂ ਖੁਸਦਾ। ਜੇ ਉਪਰ ਦਸੇ ਕਾਰਨਾਂ ਕਰਕੇ ਪੁਰਾਣੇ ਚਾਰਟਿਸਟਾਂ ਦੇ ਪੁਤਰ ਪਰਖ ਵਿਚ ਪੂਰੇ ਨਾ ਉਤਰੇ ਤਾਂ ਪੋਤਰੇ ਸਾਨੂੰ ਆਪਣੇ ਵਡੇਰਿਆਂ ਦੇ ਯੋਗ ਹੋਣ ਦੀ ਆਸ ਬੰਨ੍ਹਾ ਰਹੇ ਹਨ।

ਪਰ ਯੂਰਪ ਦੀ ਕਿਰਤੀ ਸ੍ਰੇਣੀ ਦੀ ਜਿਤ ਕੇਵਲ ਇੰਗਲੈਂਡ ਉਤੇ ਹੀ ਨਿਰਭਰ ਨਹੀਂ। ਇਹ ਘਟੋ ਘਟ ਇੰਗਲੈਂਡ, ਫ਼ਰਾਂਸ ਅਤੇ ਜਰਮਨੀ ਦੀ ਮਿਲਵਰਤਨ ਨਾਲ ਪ੍ਰਾਪਤ ਕੀਤੀ ਜਾ ਸਕਦੀ ਹੈ। ਦੁਹਾਂ ਪਿਛਲੇਰੇ ਦੇਸਾਂ ਵਿਚ ਕਿਰਤੀ ਸ੍ਰੇਣੀ ਲਹਿਰ ਇੰਗਲੈਂਡ ਤੋਂ ਬਹੁਤ ਅਗੇ ਹੈ। ਜਰਮਨੀ ਵਿਚ ਤਾਂ ਇਹ ਜਿਤ ਤੋਂ ਕੇਵਲ ਕਿਆਸੀ ਜਾ ਸਕਣ ਵਾਲੀ ਵਿਥ ਤੇ ਹੈ। ਇਹਨੇ ਪਿਛਲੇ ਪੰਝੀ ਵਰ੍ਹਿਆਂ ਵਿਚ ਉਥੇ ਜਿਹੜੀ ਉੱਨਤੀ ਕੀਤੀ ਹੈ ਉਹ ਬੇਮਿਸਾਲ ਹੈ। ਇਹ ਸਦਾ ਤੇਜ਼ ਹੋ ਰਹੀ ਗਤੀ ਨਾਲ ਅਗੇ ਵਧ ਰਹੀ ਹੈ। ਜੇ ਜਰਮਨ ਮਧ-ਸ੍ਰੇਣੀਆਂ ਨੇ ਆਪਣੇ ਆਪ ਨੂੰ ਰਾਜਸੀ ਯੋਗਤਾ,

ਡਸਿਪਲਿਨ, ਦਲੇਰੀ, ਸ਼ਕਤੀ ਅਤੇ ਦ੍ਰਿੜ੍ਹਤਾ ਵਿਚ ਸੋਗੀ ਹੱਦ ਤੱਕ ਊਣਾ ਸਾਬਤ ਕੀਤਾ ਹੈ ਤਾਂ ਜਰਮਨ ਕਿਰਤੀ ਸ੍ਰੇਣੀ ਨੇ ਇਹਨਾਂ ਸਭਨਾਂ ਸਿਫ਼ਤਾਂ ਦਾ ਚੋਖਾ ਸਬੂਤ ਦਿਤਾ ਹੈ। ਚਾਰ ਸੌ ਵਰ੍ਹੇ ਹੋਏ ਜਰਮਨੀ ਯੂਰਪੀ ਮਧ-ਸ੍ਰੇਣੀ ਦੀ ਪਹਿਲੀ ਬਗ਼ਾਵਤ ਦਾ ਮੁਢ ਬਣਿਆ ਸੀ; ਜਿਵੇਂ ਹਾਲਾਤ ਹੁਣ ਬਣ ਰਹੇ ਹਨ, ਕੀ ਇਹ ਸੰਭਾਵਨਾਵਾਂ ਦੀ ਸੀਮਾ ਤੋਂ ਬਾਹਰੀ ਗੱਲ ਹੈ ਕਿ ਜਰਮਨੀ ਯੂਰਪੀ ਪ੍ਰੋਲਤਾਰੀ ਦੀ ਪਹਿਲੀ ਜਿਤ ਦਾ ਸਥਾਨ ਵੀ ਬਣੇਗਾ?

੨੦ ਅਪਰੈਲ ੧੮੯੨ **ਫ਼. ਏਂਗਲਜ਼**

ਮੂਲ ਪਾਠ ਜਰਮਨ ਵਿਚ ਹੈ

ਫ਼ਰੈਡਰਿਕ ਏਂਗਲਜ਼

# ਮੁਢਲੀ ਈਸਾਈਅਤ ਦੇ ਇਤਿਹਾਸ ਬਾਰੇ ਨੋਟ

## I

ਮੁਢਲੀ ਈਸਾਈਅਤ ਦੇ ਇਤਿਹਾਸ ਦੇ ਕੁਝ ਧਿਆਨਯੋਗ ਨੁਕਤੇ ਆਧੁਨਿਕ ਮਜ਼ਦੂਰ ਜਮਾਤ ਲਹਿਰ ਨਾਲ ਮਿਲਦੇ ਜੁਲਦੇ ਹਨ। ਇਸ ਲਹਿਰ ਵਾਂਗ, ਮੂਲ ਵਿਚ ਈਸਾਈਅਤ ਵੀ ਦਬੇ ਕੁਚਲੇ ਲੋਕਾਂ ਦੀ ਲਹਿਰ ਸੀ। ਇਹ ਸਭ ਤੋਂ ਪਹਿਲਾਂ ਗੁਲਾਮਾਂ ਅਤੇ ਆਜ਼ਾਦ ਕੀਤੇ ਗ਼ੁਲਾਮਾਂ ਦੇ, ਸਾਰੇ ਹੱਕਾਂ ਤੋਂ ਵਿਰਵੇ ਗਰੀਬ ਲੋਕਾਂ ਦੇ, ਰੋਮ ਦੁਆਰਾ ਅਧੀਨ ਬਣਾਈਆਂ ਜਾਂ ਇਧਰ ਉਧਰ ਖਿੰਡਾ ਦਿਤੀਆਂ ਕੌਮੀਆਂ ਦੇ ਧਰਮ ਦੇ ਰੂਪ ਵਿਚ ਪ੍ਰਗਟ ਹੋਈ। ਈਸਾਈਅਤ ਅਤੇ ਮਜ਼ਦੂਰਾਂ ਦਾ ਸਮਾਜਵਾਦ ਦੋਵੇਂ ਹੀ ਗੁਲਾਮੀ ਤੇ ਮੰਦਹਾਲੀ ਤੋਂ ਹੋਣ ਵਾਲੇ ਨਿਸਤਾਰੇ ਦਾ ਪਰਚਾਰ ਕਰਦੇ ਹਨ; ਈਸਾਈਅਤ ਇਸ ਨਿਸਤਾਰੇ ਨੂੰ ਜ਼ਿੰਦਗੀ ਤੋਂ ਪਾਰ, ਮੌਤ ਮਗਰੋਂ, ਸਵਰਗ ਵਿਚ ਮਿਥਦੀ ਹੈ; ਸਮਾਜਵਾਦ ਇਸ ਦੀ ਥਾਂ ਇਸ ਸੰਸਾਰ ਵਿਚ, ਸਮਾਜ ਦੀ ਕਾਇਆ-ਪਲਟ ਵਿਚ ਦਸਦਾ ਹੈ। ਦੋਵਾਂ ਉਤੇ ਅਤਿਆਚਾਰ ਢਾਏ ਜਾਂਦੇ ਹਨ ਅਤੇ ਦੋਵਾਂ ਨੂੰ ਜ਼ਿਚ ਕੀਤਾ ਜਾਂਦਾ ਹੈ, ਉਹਨਾਂ ਦੇ ਸਮਰਥਕਾਂ ਨਾਲ ਘਿਰਣਾ ਕੀਤੀ ਜਾਂਦੀ ਹੈ ਤੇ ਉਹਨਾਂ ਨੂੰ ਵਿਸ਼ੇਸ਼ ਕਾਨੂੰਨਾਂ ਅਧੀਨ ਰਖਿਆ ਜਾਂਦਾ ਹੈ, ਪਹਿਲੇਰਿਆਂ ਨੂੰ ਧਰਮ, ਪਰਵਾਰ, ਮਨੁਖੀ ਨਸਲ ਦੇ ਦੁਸ਼ਮਣ ਕਹਿ ਕੇ, ਦੂਜੇ ਨੂੰ ਰਾਜ ਦਾ ਦੁਸ਼ਮਣ, ਸਮਾਜਕ ਵਿਵਸਥਾ ਦਾ ਦੁਸ਼ਮਣ ਕਹਿ ਕੇ। ਅਤੇ ਸਾਰੇ ਅਤਿਆਚਾਰਾਂ ਦੇ ਬਾਵਜੂਦ, ਨਹੀਂ, ਸਗੋਂ ਇਹਨਾਂ ਤੋਂ ਉਤੇਜਤ ਹੋਕੇ, ਉਹ ਅਰੁਕ ਅੱਗੇ ਵਧਦੇ ਜਾਂਦੇ ਹਨ। ਆਪਣੇ ਜਨਮ ਤੋਂ ਤਿੰਨ ਸੌ ਸਾਲ ਮਗਰੋਂ ਈਸਾਈਅਤ ਰੋਮਨ ਸੰਸਾਰ ਸ਼ਹਿਨਸ਼ਾਹੀ ਦਾ ਪ੍ਰਵਾਣਿਤ ਰਾਜ-ਧਰਮ ਸੀ, ਅਤੇ ਮਸਾਂ ਸੱਠਾਂ ਸਾਲਾਂ ਵਿਚ ਹੀ ਸਮਾਜਵਾਦ ਨੇ ਅਜਿਹੀ ਪੁਜ਼ੀਸ਼ਨ ਪ੍ਰਾਪਤ ਕਰ ਲਈ ਹੈ ਜਿਹੜੀ ਇਸ ਦੀ ਫਤਿਹ ਨੂੰ ਉੱਕਾ ਹੀ ਯਕੀਨੀ ਬਣਾਉਂਦੀ ਹੈ।

ਇਸ ਲਈ, ਜੇ ਪ੍ਰੋਫੈਸਰ ਆਨਟਨ ਮੈਂਗਰ ਆਪਣੀ ਪੁਸਤਕ "ਕਿਰਤ ਦੀ ਪੂਰੀ ਉਪਜ ਉਤੇ ਹੱਕ" ਵਿਚ ਇਸ ਗੱਲ ਤੇ ਹੈਰਾਨੀ ਪ੍ਰਗਟ ਕਰਦਾ ਹੈ ਕਿ ਰੋਮਨ ਸ਼ਹਿਨਸ਼ਾਹਾਂ ਦੇ ਅਧੀਨ ਜ਼ਮੀਨ-ਮਾਲਕੀ ਦੇ ਓੜਕ ਦੇ ਇਕੱਤਰੀਕਰਨ ਨਾਲ ਅਤੇ ਉਸ ਸਮੇਂ ਦੀ ਮਜ਼ਦੂਰ ਜਮਾਤ, ਜੋ ਲਗਭਗ ਨਿਰੋਲ ਗੁਲਾਮ ਹੀ ਸਨ, ਦੀਆਂ

ਅਥਾਹ ਤਕਲੀਫ਼ਾਂ ਨਾਲ, "ਪਛਮ ਵਿਚ ਰੋਮਨ ਸ਼ਹਿਨਸ਼ਾਹੀ ਦੇ ਪਤਨ ਮਗਰੋਂ ਸਮਾਜਵਾਦ ਕਿਉਂ ਨਾ ਆਇਆ" ਤਾਂ ਇਸ ਦਾ ਕਾਰਨ ਇਹ ਹੈ ਕਿ ਉਹ ਇਹ ਨਹੀਂ ਦੇਖਦਾ ਕਿ ਇਹ "ਸਮਾਜਵਾਦ" ਵਾਸਤਵ ਵਿਚ, ਜਿਥੋਂ ਤੱਕ ਉਸ ਵੇਲੇ ਸੰਭਵ ਸੀ, ਈਸਾਈਅਤ ਵਿਚ ਮੌਜੂਦ ਸੀ ਅਤੇ ਸਗੋਂ ਪ੍ਰਬਲ ਹੋ ਗਿਆ ਸੀ। ਕੇਵਲ ਇਹ ਈਸਾਈਅਤ ਸੀ, ਜੋ ਕਿ ਉਹਨਾਂ ਇਤਿਹਾਸਕ ਪ੍ਰਸਥਿਤੀਆਂ ਵਿਚ ਜ਼ਰੂਰੀ ਸੀ, ਸਮਾਜਕ ਕਾਇਆ-ਪਲਟ ਇਸ ਸੰਸਾਰ ਵਿਚ ਨਹੀਂ ਸਗੋਂ ਇਸ ਤੋਂ ਪਾਰ, ਸਵਰਗ ਵਿਚ, ਮੌਤ ਤੋਂ ਪਿਛੋਂ ਸਦੀਵੀ ਜੀਵਨ ਵਿਚ, ਆਉਣ ਵਾਲੇ "ਸਹੰਸਰ ਸਾਲ ਦੇ ਸਵਰਨ ਜੁਗ" ਵਿਚ ਕਰਨਾ ਚਾਹੁੰਦੀ ਸੀ।

ਦੋਹਾਂ ਇਤਿਹਾਸਕ ਵਰਤਾਰਿਆਂ ਵਿਚਲੀ ਸਮਾਨਤਾ ਮਧ ਜੁਗ ਵਿਚ ਹੀ ਸਾਡੇ ਧਿਆਨ ਦਾ ਕੇਂਦਰ ਬਣਦੀ ਹੈ ਜਦੋਂ ਦੱਬੇ ਕੁਚਲੇ ਕਿਸਾਨਾਂ ਅਤੇ ਖਾਸ ਕਰਕੇ ਸ਼ਹਿਰ ਦੇ ਨਿਮਨ-ਵਰਗਾਂ ਦੀਆਂ ਪਹਿਲੀਆਂ ਬਗ਼ਾਵਤਾਂ ਹੁੰਦੀਆਂ ਹਨ। ਇਹਨਾਂ ਬਗਾਵਤਾਂ ਵਲੋਂ, ਮਧ ਜੁਗ ਦੀਆਂ ਸਾਰੀਆਂ ਲੋਕ ਲਹਿਰਾਂ ਵਾਂਗ, ਧਰਮ ਦਾ ਬੁਰਕਾ ਪਾਈ ਰਖਣਾ ਲਾਜ਼ਮੀ ਸੀ ਅਤੇ ਇਹ ਫੈਲ ਰਹੀ ਅਧੋਗਤੀ ਤੋਂ ਮੁਢਲੀ ਈਸਾਈਅਤ ਨੂੰ ਬਹਾਲ ਕਰਨ ਵਾਂਗ ਹੋਂਦ ਵਿਚ ਆਈਆਂ *; ਪਰ ਧਾਰਮਿਕ ਉੱਥਾਨ ਦੇ ਪਿਛੇ ਹਰ ਵਾਰ ਬੜੇ ਨਿਗਰ ਸੰਸਾਰਕ ਹਿੱਤ ਕੰਮ ਕਰਦੇ ਹੁੰਦੇ ਸਨ। ਇਸ ਦਾ ਪ੍ਰਗਟਾ ਅਤਿਅੰਤ

---

*ਇਸ ਦੀ ਖਾਸ ਕਰਕੇ ਵਿਰੋਧੀ-ਸਥਿਤੀ ਮੁਸਲਿਮ ਸੰਸਾਰ ਵਿਚ, ਖਾਸ ਤੌਰ ਤੇ ਅਫ਼ਰੀਕਾ ਵਿਚ, ਧਾਰਮਿਕ ਬਗ਼ਾਵਤਾਂ ਦੀ ਸੀ। ਇਸਲਾਮ ਪੂਰਬ ਦੇ ਲੋਕਾਂ ਦੇ ਅਨੁਕੂਲ ਧਰਮ ਹੈ, ਖਾਸ ਕਰਕੇ ਅਰਬਾਂ ਦੇ, ਅਰਥਾਤ, ਇਕ ਪਾਸੇ ਤਜਾਰਤ ਤੇ ਸਨਅਤ ਵਿਚ ਲਗੇ ਸ਼ਹਿਰੀਆਂ ਦੇ, ਦੂਜੇ ਪਾਸੇ ਟਪਰੀਵਾਸ ਬਦੂਆਂ ਦੇ। ਪਰੰਤੂ, ਇਸੇ ਵਿਚ ਹੀ ਸਮੇਂ ਸਮੇਂ ਮੁੜ ਮੁੜ ਹੁੰਦੀ ਟੱਕਰ ਦਾ ਬੀਜ ਮੌਜੂਦ ਹੈ। ਸ਼ਹਿਰਾਂ ਦੇ ਲੋਕ ਅਮੀਰ, ਅਯਾਸ਼ ਅਤੇ "ਨਿਯਮਾਂ" ਦੇ ਪਾਲਣ ਵਿਚ ਢਿਲੇ ਹੋ ਜਾਂਦੇ ਹਨ। ਗਰੀਬ ਅਤੇ ਇਸ ਕਰਕੇ ਪੱਕੇ ਸਦਾਚਾਰ ਵਾਲੇ, ਬਦੂ ਇਸ ਧਨ-ਦੌਲਤ ਅਤੇ ਐਸ਼-ਆਰਾਮ ਨੂੰ ਈਰਖਾ ਤੇ ਲਾਲਚ ਨਾਲ ਵੇਖਦੇ ਹਨ। ਫੇਰ ਉਹ ਇਕ ਪੈਗ਼ੰਬਰ ਅਧੀਨ, ਇਕ ਮਹਿਦੀ ਅਧੀਨ, ਪਤਿਤਾਂ ਨੂੰ ਦੰਡ ਦੇਣ ਲਈ ਅਤੇ ਧਾਰਮਿਕ ਰਹੁ-ਰੀਤਾਂ ਅਤੇ ਸੱਚੇ ਧਰਮ ਨੂੰ ਬਹਾਲ ਕਰਨ ਲਈ ਅਤੇ ਹਰਜਾਨੇ ਵਜੋਂ ਪਤਿਤ ਲੋਕਾਂ ਦੇ ਖਜ਼ਾਨਿਆਂ ਉਤੇ ਕਬਜ਼ਾ ਕਰਨ ਲਈ ਇਕਮੁਠ ਹੁੰਦੇ ਹਨ। ਸੁਭਾਵਕ ਹੀ ਸੌ ਵਰ੍ਹਿਆਂ ਵਿਚ ਉਹਨਾਂ ਦੀ ਪੁਜ਼ੀਸ਼ਨ ਉਹੋ ਹੋ ਜਾਂਦੀ ਹੈ ਜਿਹੜੀ ਪਤਿਤਾਂ ਦੀ ਸੀ; ਧਰਮ ਵਿਚੋਂ ਫੇਰ ਗੰਦ ਮੰਦ ਸਾਫ ਕਰਨ ਦੀ ਲੋੜ ਪੈਦਾ ਹੁੰਦੀ ਹੈ, ਇਕ ਨਵਾਂ ਮਹਿਦੀ ਉਠਦਾ ਹੈ ਅਤੇ ਖੇਡ ਮੁੜ ਸ਼ੁਰੂ ਤੋਂ ਆਰੰਭ ਹੁੰਦੀ ਹੈ। ਸਪੇਨ ਵਿਚ ਅਫ਼ਰੀਕੀ ਆਲਮੁਰਾਵੀਆਂ ਅਤੇ ਅਲਮੂਹਿਦਾਂ ਦੀਆਂ ਵਿਜਈ ਮੁਹਿੰਮਾਂ ਤੋਂ ਲੈਕੇ ਖਰਤੂਮ

ਸ਼ਾਨਦਾਰ ਤਰੀਕੇ ਨਾਲ ਗੌਰਵਸ਼ੀਲ ਯਾਦ ਵਾਲੇ ਜਾਨ ਜ਼ੀਜ਼ਕਾ ਦੇ ਅਧੀਨ ਬੋਹੇਮੀਆ ਦੇ ਤਾਬੋਰੀਤਾਂ ਦੇ ਸੰਗਠਨ ਵਿਚ ਹੋਇਆ; ਪਰ ਇਹ ਲਛਣ ਸਾਰੇ ਮਧ ਜੁਗ ਵਿਚ ਭਾਰੂ ਰਹਿੰਦਾ ਹੈ ਅਤੇ ਅਖੀਰ ਜਰਮਨ ਕਿਸਾਨ ਜੰਗ ਪਿਛੋਂ ਇਹ ਹੌਲੀ ਹੌਲੀ ਮਧਮ ਪੈਂਦਾ ਹੈ ਅਤੇ ਕੇਵਲ ੧੮੩੦ ਤੋਂ ਮਗਰੋਂ ਮਜ਼ਦੂਰ ਕਮਿਊਨਿਸਟਾਂ ਨਾਲ ਇਕ ਵਾਰ ਫੇਰ ਸੁਰਜੀਤ ਹੁੰਦਾ ਹੈ। ਫ਼ਰਾਂਸੀਸੀ ਇਨਕਲਾਬੀ ਕਮਿਊਨਿਸਟਾਂ ਨੇ, ਜਿਵੇਂ ਖਾਸ ਕਰਕੇ ਵਾਈਟਲਿੰਗ ਅਤੇ ਉਸ ਦੇ ਸਮਰਥਕਾਂ ਨੇ ਵੀ, ਆਰਨੈਸਟ ਰੇਨਾਨ ਦੇ ਹੇਠਲੇ ਸ਼ਬਦਾਂ ਤੋਂ ਢੇਰ ਚਿਰ ਪਹਿਲਾਂ ਮੁਢਲੀ ਈਸਾਈਅਤ ਬਾਰੇ ਜ਼ਿਕਰ ਕੀਤਾ ਸੀ:

> "ਜੇ ਤੁਸੀਂ ਮੁਢਲੇ ਈਸਾਈ ਭਾਈਚਾਰਿਆਂ ਨੂੰ ਸਮਝਣਾ ਚਾਹੁੰਦੇ ਹੋ ਤਾਂ ਮੈਂ ਤੁਹਾਨੂੰ ਕਹਾਂਗਾ ਕਿਰਤੀ ਲੋਕਾਂ ਦੀ ਕੌਮਾਂਤਰੀ ਜਥੇਬੰਦੀ ਦੀ ਕਿਸੇ ਸਥਾਨਕ ਸ਼ਾਖ਼ ਨੂੰ ਦੇਖੋ।"

ਇਸ ਫ਼ਰਾਂਸੀਸੀ ਲੇਖਕ ਨੂੰ, ਜਿਸ ਨੇ ਬਾਈਬਲ ਦੀ ਜਰਮਨ ਆਲੋਚਨਾ ਨੂੰ ਇਉਂ ਵਿਗਾੜਕੇ ਜਿਸ ਦੀ ਆਧਨਿਕ ਪਤਰਕਾਰਤਾ ਵਿਚ ਵੀ ਮਿਸਾਲ ਨਹੀਂ ਮਿਲਦੀ ਚਰਚ ਦੇ ਇਤਿਹਾਸ ਬਾਰੇ "Origines du Christianisme"* ਇਕ ਨਾਵਲ ਲਿਖਿਆ ਸੀ, ਖੁਦ ਆਪ ਨੂੰ ਪਤਾ ਨਹੀਂ ਸੀ ਕਿ ਉਹਨਾਂ ਸ਼ਬਦਾਂ ਵਿਚ ਕਿੰਨਾ ਸੱਚ ਸੀ ਜਿਨ੍ਹਾਂ ਦੀ ਉਪਰ ਟੂਕ ਦਿਤੀ ਗਈ ਹੈ। ਮੈਂ ਇੰਟਰਨੇਸ਼ਨਲ ਦੇ ਉਸ ਸਾਬਕਾ ਮੈਂਬਰ ਨੂੰ ਦੇਖਣਾ ਚਾਹਾਂਗਾ ਜੋ, ਮਿਸਾਲ ਲਈ, ਕੋਰਿਨਥੀਅਨਾਂ ਨੂੰ ਪਾਲ ਦਾ ਅਖੌਤੀ ਦੂਜਾ ਪੱਤਰ ਪੁਰਾਣੇ ਫੱਟਾਂ ਨੂੰ ਖੋਲ੍ਹੇ ਬਿਨਾਂ, ਘਟੋ ਘਟ ਇਕ ਪੱਖ ਤੋਂ ਪੜ੍ਹ ਸਕੇ। ਸਾਰੇ ਪੱਤਰ, ਅਠਵੇਂ ਕਾਂਡ ਤੋਂ ਅੱਗੇ, ਵਿਚ ਸਦੀਵੀ ਅਤੇ ਉਹ! ਸੁਪ੍ਰਸਿਧ

---

ਦੇ ਅਖੀਰਲੇ ਮਹਿਦੀ ਤੱਕ ਇਹੋ ਕੁਝ ਹੋਇਆ ਜਿਸ ਨੇ ਬੜੀ ਸਫਲਤਾ ਨਾਲ ਅੰਗ੍ਰੇਜ਼ਾਂ[148] ਦਾ ਮੁਕਾਬਲਾ ਕੀਤਾ। ਫਾਰਸ ਅਤੇ ਦੂਜੇ ਮੁਸਲਿਮ ਦੇਸਾਂ ਵਿਚ ਬਗ਼ਾਵਤਾਂ ਦਾ ਇਸੇ ਤਰ੍ਹਾਂ ਦਾ, ਜਾਂ ਇਹੋ ਹਾਲ ਹੋਇਆ। ਇਹਨਾਂ ਸਭਨਾਂ ਲਹਿਰਾਂ ਉਤੇ ਧਰਮ ਦਾ ਕਜਣ ਸੀ ਪਰ ਉਹਨਾਂ ਦਾ ਮੂਲ ਆਰਥਕ ਕਾਰਨ ਸਨ; ਅਤੇ ਤੱਦ ਵੀ, ਜਦੋਂ ਉਹ ਵਿਜਈ ਹੁੰਦੀਆਂ ਹਨ ਉਹ ਪੁਰਾਣੀਆਂ ਆਰਥਕ ਪ੍ਰਸਥਿਤੀਆਂ ਨੂੰ ਛੂਹੰਦੀਆਂ ਤੱਕ ਨਹੀਂ। ਇਸ ਲਈ ਪੁਰਾਣੀ ਸਥਿਤੀ ਬਦਲਦੀ ਨਹੀਂ ਅਤੇ ਟੱਕਰ ਮੁੜ ਮੁੜ ਵਾਪਰਦੀ ਹੈ। ਇਸ ਦੇ ਉਲਟ, ਈਸਾਈ ਪਛਮ ਵਿਚ ਲੋਕ ਬਗ਼ਾਵਤਾਂ ਦਾ ਧਾਰਮਿਕ ਓਹਲਾ ਉਸ ਆਰਥਕ ਸਥਿਤੀ ਉਤੇ ਹਮਲਿਆਂ ਲਈ ਇਕ ਝੰਡਾ ਅਤੇ ਮੁਖੌਟਾ ਹੈ ਜੋ ਵੇਲਾ-ਵਿਹਾ ਚੁਕੀ ਬਣ ਰਹੀ ਹੈ। ਅਖੀਰ ਇਸ ਦਾ ਤਖਤਾ ਉਲਟ ਦਿਤਾ ਜਾਂਦਾ ਹੈ, ਨਵੀਂ ਸਥਿਤੀ ਪੈਦਾ ਹੁੰਦੀ ਹੈ ਅਤੇ ਸੰਸਾਰ ਪ੍ਰਗਤੀ ਕਰਦਾ ਹੈ।

*"ਈਸਾਈਅਤ ਦਾ ਆਦਿ"। — **ਸੰਪਾ:**

ਸ਼ਿਕਾਇਤ ਹੀ ਗੂੰਜਦੀ ਹੈ: les cotisations ne rentrent pas— ਚੜ੍ਹਾਵੇ ਨਹੀਂ ਆ ਰਹੇ! ਸੱਠਵਿਆਂ ਦੇ ਕਿੱਨੇ ਕੁ ਅਤਿਅੰਤ ਉਤਸ਼ਾਹੀ ਪਰਚਾਰਕ ਹਮਦਰਦੀ ਨਾਲ ਇਸ ਪਤਰ ਦੇ ਲੇਖਕ ਦਾ, ਉਹ ਭਾਵੇਂ ਕੋਈ ਵੀ ਹੋਵੇ, ਹੱਥ ਘੁਟਣਗੇ ਅਤੇ ਹੌਲੀ ਜਿਹੇ ਕਹਿਣਗੇ: "ਸੋ ਤੁਹਾਡਾ ਵੀ ਇਹੋ ਹਾਲ ਸੀ!" ਅਸੀਂ ਵੀ—ਕੋਰਿਨਥੀਅਨ ਸਾਡੀ ਜਥੇਬੰਦੀ ਵਿਚ ਬਹੁਤ ਸਨ—ਚੜ੍ਹਾਵਿਆਂ ਦੇ ਨਾ ਆਉਣ ਬਾਰੇ, ਪਰ ਸਾਨੂੰ ਲਲਚਾਉਣ ਬਾਰੇ ਕਿਉਂਕਿ ਉਹ ਸਾਡੀਆਂ ਅੱਖਾਂ ਸਾਮ੍ਹਣੇ ਹੱਥ ਨਾ ਆਉਂਦੇ ਤੁਰਦੇ ਫਿਰਦੇ ਸਨ, ਧੁਨ ਅਲਾਪ ਸਕਦੇ ਹਾਂ। ਉਹ "ਇੰਟਰਨੈਸ਼ਨਲ" ਦੇ ਪ੍ਰਸਿਧ "ਲਖੂਖਾ" ਸਨ!

ਪਹਿਲੇ ਈਸਾਈਆਂ ਬਾਰੇ ਸਾਡੇ ਕੋਲ ਇਕ ਸਭ ਤੋਂ ਚੰਗਾ ਸੋਮਾ ਸਾਮੋਸਾਤਾ ਦਾ ਲੂਕਿਅਨ, ਕਲਾਸੀਕੀ ਪ੍ਰਾਚੀਨ ਕਾਲ ਦਾ ਵਾਲਟੇਅਰ, ਹੈ ਜਿਹੜਾ ਹਰ ਕਿਸਮ ਦੇ ਧਾਰਮਿਕ ਵਹਿਮ ਭਰਮ ਬਾਰੇ ਇਕੋ ਜਿੰਨਾ ਹੀ ਸ਼ੱਕੀ ਸੀ ਅਤੇ ਇਸ ਲਈ ਜਿਸ ਕੋਲ ਈਸਾਈਆਂ ਨੂੰ ਕਿਸੇ ਵੀ ਦੂਜੇ ਧਾਰਮਿਕ ਭਾਈਚਾਰੇ ਵਾਂਗ ਹੀ ਵਿਚਾਰਨ ਤੋਂ ਬਿਨਾਂ ਨਾ ਕੋਈ ਕਾਫ਼ਰ- ਧਾਰਮਿਕ ਆਧਾਰ ਸੀ ਨਾ ਹੀ ਰਾਜਨੀਤਕ। ਇਸ ਦੇ ਉਲਟ, ਉਹ ਸਭਨਾਂ ਦਾ ਉਹਨਾਂ ਦੇ ਵਹਿਮ ਭਰਮ ਕਰਕੇ ਮੌਜੂ ਉਡਾਉਂਦਾ ਸੀ, ਉਹਨਾਂ ਦਾ ਵੀ ਜਿਹੜੇ ਜੂਪੀਟਰ ਦੀ ਪੂਜਾ ਕਰਦੇ ਸਨ ਅਤੇ ਉਹਨਾਂ ਦਾ ਵੀ ਜਿਹੜੇ ਈਸਾ ਦੀ ਪੂਜਾ ਕਰਦੇ ਸਨ; ਉਸ ਦੇ ਪੇਤਲੇ ਤਰਕਵਾਦੀ ਦ੍ਰਿਸ਼ਟੀਕੋਣ ਤੋਂ ਇਕ ਪ੍ਰਕਾਰ ਦਾ ਵਹਿਮ ਓਨਾ ਹੀ ਬੇਥਵ੍ਹਾਪਨ ਸੀ ਜਿੰਨਾ ਦੂਜੀ ਕਿਸਮ ਦਾ ਵਹਿਮ। ਹਰ ਹਾਲਤ ਵਿਚ ਇਹ ਨਿਰਪੱਖ ਗਵਾਹ ਹੋਰ ਗੱਲਾਂ ਤੋਂ ਇਲਾਵਾ ਕਿਸੇ ਮਾਹਰਕੇਬਾਜ਼ ਪੈਰੇਗਰੀਨਸ, ਜਿਹੜਾ ਆਪਣੇ ਆਪ ਨੂੰ ਹੈਲਸਪੋਂਤਸ ਵਿਚ ਪਾਰੀਅਮ ਦਾ ਰਹਿਣ ਵਾਲਾ ਪਰੋਤੀਅਸ ਦਸਦਾ ਸੀ, ਦੀ ਜੀਵਨ-ਕਹਾਣੀ ਬਿਆਨ ਕਰਦਾ ਹੈ। ਜਵਾਨੀ ਵੇਲੇ, ਇਸ ਪੈਰੇਗਰੀਨਸ ਨੇ ਆਰਮੀਨੀਆ ਵਿਚ ਪਰ-ਗਮਨ ਕਰਕੇ ਆਪਣਾ ਕੰਮ ਆਰੰਭ ਕੀਤਾ। ਉਹ ਸਿਰੋਂ ਹੀ ਫੜਿਆ ਗਿਆ ਸੀ ਅਤੇ ਦੇਸ ਦੇ ਰਿਵਾਜ ਅਨੁਸਾਰ ਮੌਕੇ ਤੇ ਉਸ ਨੂੰ ਸੰਸਾਰ ਕੀਤਾ ਗਿਆ। ਉਸ ਦੀ ਕਿਸਮਤ ਚੰਗੀ ਸੀ ਕਿ ਉਹ ਬਚ ਨਿਕਲਿਆ ਅਤੇ ਪਾਰੀਅਮ ਵਿਚ ਆਪਣੇ ਪਿਓ ਨੂੰ ਗਲ ਘੁਟ ਕੇ ਮਾਰਨ ਮਗਰੋਂ ਉਸ ਨੂੰ ਭਜਣਾ ਪਿਆ ਸੀ।

"ਅਤੇ ਗੱਲ ਇਸ ਤਰ੍ਹਾਂ ਹੋਈ"—ਮੈਂ ਸ਼ਾਟ ਦੇ ਅਨੁਵਾਦ ਵਿਚੋਂ ਟੂਕ ਦੇ ਰਿਹਾ ਹਾਂ—"ਕਿ ਉਸ ਨੂੰ ਵੀ ਉਹਨਾਂ ਈਸਾਈਆਂ ਦੇ ਅਚੰਭਾਦਾਇਕ ਗਿਆਨ ਦਾ ਪਤਾ ਲਗਾ ਜਿਨ੍ਹਾਂ ਦੇ ਪਾਦਰੀਆਂ ਅਤੇ ਲਿਖਾਰੀਆਂ ਨਾਲ ਉਸ ਦੀ ਫਲਸਤੀਨ ਵਿਚ ਵਾਕਫ਼ੀ ਹੋਈ ਸੀ। ਥੋੜ੍ਹੇ ਜਿਹੇ ਸਮੇਂ ਵਿਚ ਹੀ ਉਸ ਨੇ ਇੱਨੀ ਤਰਕੀ ਕੀਤੀ ਕਿ ਉਸ ਦੇ ਮੁਕਾਬਲੇ ਵਿਚ ਉਹਦੇ ਅਧਿਆਪਕ ਬਚਿਆਂ

ਵਾਂਗ ਜਾਪਣ ਲਗੇ ਸਨ। ਉਹ ਪੈਗੰਬਰ ਬਣ ਗਿਆ, ਇਕ ਵਡੇਰਾ, ਉਪਾਸ਼ਨਾ-ਘਰ ਦਾ ਮੁਖੀ, ਮੁਕਦੀ ਗੱਲ, ਉਹ ਹਰ ਗੱਲ ਵਿਚ ਸਭ ਕੁਝ ਬਣ ਗਿਆ। ਉਸ ਨੇ ਉਹਨਾਂ ਦੀਆਂ ਲਿਖਤਾਂ ਦੀ ਵਿਆਖਿਆ ਕੀਤੀ ਅਤੇ ਬਹੁਤ ਸਾਰੇ ਗ੍ਰੰਥ ਆਪ ਲਿਖੇ, ਇਸ ਤਰ੍ਹਾਂ ਅਖੀਰ ਲੋਕ ਉਸਨੂੰ ਇਕ ਸ੍ਰੇਸ਼ਠ ਹਸਤੀ ਸਮਝਣ ਲਗ ਪਏ, ਉਸ ਨੂੰ ਆਪਣੇ ਲਈ ਕਾਨੂੰਨ ਬਣਾਉਣ ਦਿਤੇ ਅਤੇ ਉਸ ਨੂੰ ਆਪਣਾ ਓਵਰਸੀਅਰ (ਬਿਸ਼ਪ *) ਬਣਾ ਲਿਆ।... ਇਸ ਆਧਾਰ ਉਤੇ" (ਕਿਉਂਕਿ ਉਹ ਇਕ ਈਸਾਈ ਸੀ) "ਅਖੀਰ ਅਧਿਕਾਰੀਆਂ ਨੇ ਪਰੋਤੀਅਸ ਨੂੰ ਫੜ ਲਿਆ ਅਤੇ ਜੇਲ੍ਹ ਵਿਚ ਸੁਟ ਦਿਤਾ।... ਜਦੋਂ ਉਹ ਇਸ ਤਰ੍ਹਾਂ ਕੈਦ ਸੀ ਤਾਂ ਈਸਾਈਆਂ ਨੇ, ਜਿਹੜੇ ਉਸ ਦੀ ਗ੍ਰਿਫਤਾਰੀ ਨੂੰ ਇਕ ਵੱਡੀ ਬਦਕਿਸਮਤੀ ਸਮਝਦੇ ਸਨ, ਉਸ ਨੂੰ ਛੁਡਾਉਣ ਦੇ ਸਾਰੇ ਸੰਭਵ ਜਤਨ ਕੀਤੇ। ਪਰ ਉਹਨਾਂ ਨੂੰ ਸਫਲਤਾ ਨਾ ਮਿਲੀ। ਫੇਰ ਉਹਨਾਂ ਨੇ ਹਰ ਸੰਭਵ ਤਰੀਕੇ ਨਾਲ ਉਸ ਦੇ ਸੁਖ ਆਰਾਮ ਦਾ ਧਿਆਨ ਰਖਿਆ। ਪਹੁ-ਫੁਟਾਲੇ ਨਾਲ ਹੀ ਬੁਢੀਆਂ ਮਾਵਾਂ, ਵਿਧਵਾ ਤੀਂਵੀਆਂ ਅਤੇ ਛੋਟੀ ਉਮਰ ਦੇ ਯਤੀਮਾਂ ਦੀ ਭੀੜ ਉਸ ਦੀ ਜੇਲ੍ਹ ਦੇ ਦਰਵਾਜ਼ੇ ਅੱਗੇ ਇਕੱਠੀ ਹੋ ਜਾਂਦੀ; ਇਥੋਂ ਤੱਕ ਕਿ ਅਤਿਅੰਤ ਆਦਰ ਸਤਿਕਾਰ ਵਾਲੇ ਈਸਾਈ ਪਹਿਰੇਦਾਰਾਂ ਨੂੰ ਰਿਸ਼ਵਤ ਦੇਂਦੇ ਅਤੇ ਪੂਰੀ ਪੂਰੀ ਰਾਤ ਉਹਦੇ ਕੋਲ ਬਿਤਾਉਂਦੇ; ਉਹ ਆਪਣਾ ਖਾਣਾ ਆਪਣੇ ਨਾਲ ਲੈ ਜਾਂਦੇ ਅਤੇ ਉਸ ਦੀ ਮੌਜੂਦਗੀ ਵਿਚ ਆਪਣੀਆਂ ਪਵਿਤਰ ਪੁਸਤਕਾਂ ਦਾ ਪਾਠ ਕਰਦੇ,—ਸੰਖੇਪ ਵਿਚ, ਪਿਆਰਾ ਪੈਰੇਗਰੀਨਸ (ਉਹ ਉਸ ਨੂੰ ਹਾਲੇ ਵੀ ਉਸ ਨਾਂ ਨਾਲ ਸਦਦੇ ਸਨ) ਉਹਨਾਂ ਲਈ ਨਵੇਂ ਸੁਕਰਾਤ ਤੋਂ ਘਟ ਨਹੀਂ ਸੀ। ਉਸ ਵੱਲ ਸਹਾਇਤਾ ਦਾ ਹੱਥ ਵਧਾਉਣ ਲਈ, ਉਸ ਨੂੰ ਢਾਰਸ ਦੇਣ ਲਈ ਅਤੇ ਅਦਾਲਤ ਵਿਚ ਉਹਦੇ ਹੱਕ ਵਿਚ ਗਵਾਹੀ ਦੇਣ ਲਈ ਏਸ਼ੀਆ ਮਾਈਨਰ ਤੱਕ ਦੇ ਸ਼ਹਿਰਾਂ ਵਿਚੋਂ ਈਸਾਈ ਭਾਈਚਾਰਿਆਂ ਦੇ ਦੂਤ ਉਹਦੇ ਕੋਲ ਆਉਂਦੇ। ਇਹ ਅਣਮੰਨਵੀਂ ਗੱਲ ਹੈ ਕਿ ਜਦੋਂ ਵੀ ਉਹਨਾਂ ਦੇ ਭਾਈਚਾਰੇ ਦਾ ਸਵਾਲ ਹੋਵੇ ਇਹ ਲੋਕ ਏਨੀ ਤੇਜ਼ੀ ਨਾਲ ਅਮਲ ਕਰਦੇ ਹਨ; ਓਦੋਂ ਉਹ ਇਕ ਦਮ ਨਾ ਥਕਾਵਟ ਦੀ ਪਰਵਾਹ ਕਰਦੇ ਹਨ ਅਤੇ ਨਾ ਖਰਚ ਦੀ। ਅਤੇ ਇਸ ਪ੍ਰਕਾਰ ਇਸ ਪੈਰੇਗਰੀਨਸ ਕੋਲ ਸਾਰਿਆਂ ਪਾਸਿਆਂ ਤੋਂ ਧਨ ਆਉਣ ਲਗ ਪਿਆ ਤੇ ਉਹਦੀ ਕੈਦ ਉਹਦੇ ਲਈ ਵੱਡੀ ਆਮਦਨ ਦਾ ਵਸੀਲਾ ਬਣ ਗਈ। ਕਿਉਂਕਿ ਵਿਚਾਰੇ ਲੋਕਾਂ ਨੇ ਆਪਣੇ ਆਪ ਨੂੰ ਸਮਝਾ ਲਿਆ ਸੀ ਕਿ ਉਹਨਾਂ ਦੀ ਦੇਹ ਤੇ ਆਤਮਾ ਅਮਰ ਹੈ ਅਤੇ ਕਿ ਉਹ ਸਦਾ ਸਦਾ ਲਈ ਜਿਊਂਦੇ

---

* ਲਾਟ ਪਾਦਰੀ।—**ਅਨੁ:**

ਰਹਿਣਗੇ, ਇਹੋ ਕਾਰਨ ਸੀ ਕਿ ਉਹ ਮੌਤ ਦੀ ਵੀ ਪ੍ਰਵਾਹ ਨਾ ਕਰਦੇ ਅਤੇ ਉਹਨਾਂ ਵਿਚੋਂ ਅਨੇਕ ਆਪਣੀ ਮਰਜ਼ੀ ਨਾਲ ਆਪਣੀਆਂ ਜਾਨਾਂ ਵਾਰਦੇ ਸਨ। ਇਸ ਤੋਂ ਮਗਰੋਂ ਉਹਨਾਂ ਦੇ ਅਤਿਅੰਤ ਉਘੇ ਕਾਨੂੰਨ-ਨਿਰਮਾਤਾ ਨੇ ਉਹਨਾਂ ਨੂੰ ਕਾਇਲ ਕਰ ਲਿਆ ਕਿ ਜੇ ਇਕ ਵਾਰ ਉਹ ਧਰਮ ਬਦਲ ਲੈਣ, ਅਰਥਾਤ, ਯੂਨਾਨੀ ਦੇਵਤਿਆਂ ਨੂੰ ਤਿਆਗ ਦੇਣ, ਸੂਲੀ ਚੜ੍ਹੇ ਭੁਲਾਂਦਰਾਵਾਦੀ * ਤੇ ਵਿਸ਼ਵਾਸ ਕਰਨ ਅਤੇ ਉਹਦੇ ਮਸ਼ਵਰਿਆਂ ਮੁਤਾਬਕ ਜੀਵਨ ਜਿਊਣ, ਤਾਂ ਉਹ ਸਾਰੇ ਇਕ ਦੂਜੇ ਲਈ ਭਰਾ ਬਣ ਜਾਣਗੇ। ਇਹ ਕਾਰਨ ਹੈ ਕਿ ਉਹ ਸਾਰੀਆਂ ਬਾਹਰੀ ਸੰਸਾਰ ਦੀਆਂ ਵਸਤਾਂ ਨੂੰ ਇਕੋ ਜਿੰਨੀ ਨਫਰਤ ਕਰਦੇ ਹਨ ਅਤੇ ਉਹਨਾਂ ਦੀ ਸਾਂਝੀ ਮਾਲਕੀ ਬਣਾਉਂਦੇ ਹਨ—ਇਹੋ ਮੱਤ ਉਹਨਾਂ ਨੇ ਬਿਨਾਂ ਕਿਸੇ ਦਿਖਾਵੇ ਜਾਂ ਪ੍ਰਮਾਣ ਦੇ ਸ਼ਰਧਾ-ਵਸ ਪ੍ਰਵਾਨ ਕਰ ਲਿਆ ਹੈ। ਅਤੇ ਜਦੋਂ ਇਕ ਚਤੁਰ ਧੋਖੇਬਾਜ਼ ਜਿਹੜਾ ਜਾਣਦਾ ਹੈ ਕਿ ਹਾਲਾਤ ਦੀ ਸਿਆਣਪ-ਭਰੀ ਵਰਤੋਂ ਕਿਵੇਂ ਕਰਨੀ ਹੈ ਇਹਨਾਂ ਕੋਲ ਆਉਂਦਾ ਹੈ, ਤਾਂ ਉਹ ਥੋੜ੍ਹੇ ਹੀ ਸਮੇਂ ਵਿਚ ਅਮੀਰ ਬਣ ਸਕਦਾ ਹੈ ਅਤੇ ਇਹਨਾਂ ਸਿਧੜਾਂ ਉਤੇ ਮਨ ਹੀ ਮਨ ਅੰਦਰ ਹੱਸ ਸਕਦਾ ਹੈ। ਬਾਕੀ, ਪੈਰੇਗਰੀਨਸ ਨੂੰ ਸੀਰੀਆ ਦੇ ਉਸ ਵੇਲੇ ਦੇ ਪ੍ਰੀਫੈਕਟ ਨੇ ਰਿਹਾ ਕਰ ਦਿਤਾ ਸੀ।"

ਫੇਰ, ਕੁਝ ਹਰ ਮਾਹਰਕੇਬਾਜ਼ੀਆਂ ਤੋਂ ਮਗਰੋਂ,

"ਸਾਡਾ ਸਤਿਕਾਰਯੋਗ ਦੂਜੀ ਵਾਰ" (ਪਾਰੀਅਮ ਤੋਂ) "ਆਪਣੇ ਸਫਰ ਲਈ ਤੁਰਿਆ, ਈਸਾਈਆਂ ਦਾ ਚੰਗਾ ਨੇਕ ਸੁਭਾ ਉਹਦੇ ਸਫਰ ਲਈ ਪੈਸੇ ਦੀ ਥਾਂ ਉਹਦੇ ਕੰਮ ਆਇਆ: ਉਹ ਹਰ ਥਾਂ ਉਹਦੀਆਂ ਲੋੜਾਂ ਦਾ ਧਿਆਨ ਰਖਦੇ ਸਨ ਅਤੇ ਕਦੇ ਕਿਸੇ ਗੱਲ ਦੀ ਥੁੜ ਨਹੀਂ ਸੀ ਆਉਣ ਦੇਂਦੇ। ਕੁਝ ਚਿਰ ਲਈ ਇਸ ਤਰ੍ਹਾਂ ਉਸ ਨੂੰ ਰੋਟੀ ਕਪੜਾ ਮਿਲਦਾ ਰਿਹਾ। ਪਰ ਫੇਰ, ਜਦੋਂ ਉਸ ਨੇ ਈਸਾਈਆਂ ਦੇ ਨਿਯਮਾਂ ਦਾ ਵੀ ਉਲੰਘਣ ਕੀਤਾ—ਮੇਰਾ ਖਿਆਲ ਹੈ ਕਿ ਉਹ ਕੋਈ ਵਰਜਿਤ ਖਾਣਾ ਖਾਂਦਾ ਫੜਿਆ ਗਿਆ ਸੀ—ਉਹਨਾਂ ਨੇ ਉਸ ਨੂੰ ਆਪਣੇ ਭਾਈਚਾਰੇ ਵਿਚੋਂ ਬਾਹਰ ਕੱਢ ਦਿਤਾ।"

ਲੂਕਿਆਨ ਦੀ ਲਿਖਤ ਵਿਚੋਂ ਜਦੋਂ ਮੈਂ ਇਹ ਹਿੱਸਾ ਪੜ੍ਹਦਾ ਹਾਂ ਤਾਂ ਮੈਨੂੰ ਜਵਾਨੀ ਦੀਆਂ ਕਿੰਨੀਆਂ ਹੀ ਗੱਲਾਂ ਯਾਦ ਆਉਂਦੀਆਂ ਹਨ! ਸਭ ਤੋਂ ਪਹਿਲਾਂ, "ਪੈਗੰਬਰ ਆਲਬਰਖਟ" ਜਿਸਨੇ ਤਕਰੀਬਨ ੧੮੪੦ ਤੋਂ ਲੈਕੇ ਕਈ ਵਰ੍ਹਿਆਂ ਤੱਕ ਸਵਿਟਜ਼ਰਲੈਂਡ

---

* ਈਸਾ ਮਸੀਹ।—**ਅਨੁ:**

ਵਿਚ ਵਾਈਟਲਿੰਗ ਕਮਿਊਨਿਸਟ ਭਾਈਚਾਰਿਆਂ[149] ਨੂੰ ਸਚ ਮੁਚ ਲੁਟਿਆ — ਲੰਮੀ ਦਾੜ੍ਹੀ ਵਾਲਾ ਉੱਚਾ ਲੰਮਾ ਤੇ ਤਕੜਾ ਆਦਮੀ ਜਿਹੜਾ ਸਾਰੇ ਸਵਿਟਜ਼ਰਲੈਂਡ ਵਿਚ ਪੈਦਲ ਘੁੰਮਦਾ ਰਿਹਾ ਅਤੇ ਸੰਸਾਰ ਦੀ ਮੁਕਤੀ ਲਈ ਆਪਣੀ ਰਹੱਸਮਈ ਨਵੀਂ ਅੰਜੀਲੀ-ਕਥਾ ਦੇ ਜਲਸੇ ਕਰਦਾ ਰਿਹਾ, ਪਰ ਜਿਹੜਾ, ਕੁਲ ਮਿਲਾਕੇ, ਚੋਖਾ ਬੇਜ਼ਿਆਨ ਗੱਡ ਮੱਡ ਕਰਨ ਵਾਲਾ ਸੀ ਅਤੇ ਜਲਦੀ ਹੀ ਚਲਾਣਾ ਕਰ ਗਿਆ ਸੀ। ਫੇਰ ਉਸ ਦਾ ਉਤਰ-ਅਧਿਕਾਰੀ, ਹੋਲਸ਼ਟਾਈਨ ਦਾ "ਡਾਕਟਰ" ਗੇਓਰਗ ਕੂਹਲਮਾਨ, ਜਿਹੜਾ ਏਨਾ ਬੇਜ਼ਿਆਨ ਨਹੀਂ ਸੀ, ਜਿਸ ਨੇ ਉਸ ਸਮੇਂ ਤੋਂ ਫਾਇਦਾ ਉਠਾਇਆ ਜਦੋਂ ਵਾਈਟਲਿੰਗ ਜੇਲ੍ਹ ਵਿਚ ਸੀ ਅਤੇ ਫ਼ਰਾਂਸੀਸੀ ਸਵਿਟਜ਼ਰਲੈਂਡ ਦੇ ਭਾਈਚਾਰਿਆਂ ਨੇ ਖ਼ੁਦ ਆਪਣੀ ਅੰਜੀਲ – ਕਥਾ ਵੱਲ ਧਰਮ-ਪਰਿਵਰਤਨ ਕਰ ਲਿਆ, ਅਤੇ ਥੋੜ੍ਹੀ ਦੇਰ ਲਈ ਤਾਂ ਉਹਨੂੰ ਏਨੀ ਸਫਲਤਾ ਮਿਲੀ ਕਿ ਉਸ ਨੇ ਆਗਸਟ ਬੇਕਰ ਤੱਕ ਨੂੰ ਫਸਾ ਲਿਆ ਜਿਹੜਾ ਉਹਨਾਂ ਵਿਚੋਂ ਕਿਤੇ ਵਧੇਰੇ ਚਾਲਾਕ ਅਤੇ ਸਭ ਤੋਂ ਵੱਡਾ ਵਿਗੜਿਆ ਹੋਇਆ ਸੀ। ਇਹ ਕੂਹਲਮਾਨ ਉਹਨਾਂ ਨੂੰ ਲੈਕਚਰ ਦਿਆ ਕਰਦਾ ਸੀ ਜਿਹੜੇ ੧੮੪੫ ਵਿਚ ਜਨੇਵਾ ਵਿਖੇ "ਨਵੀਂ ਦੁਨੀਆਂ, ਜਾਂ ਧਰਤੀ ਉਤੇ ਆਤਮਾ ਦੀ ਬਾਦਸ਼ਾਹੀ। ਐਲਾਨ" ਦੇ ਨਾਂ ਹੇਠ ਛਪੇ ਸਨ। ਉਸ ਦੇ ਅਨੁਯਾਈਆਂ (ਸ਼ਾਇਦ ਆਗਸਟ ਬੇਕਰ) ਦੁਆਰਾ ਲਿਖੀ ਭੂਮਿਕਾ ਵਿਚ ਅਸੀਂ ਪੜ੍ਹਦੇ ਹਾਂ:

> "ਲੋੜ ਉਸ ਮਨੁਖ ਦੀ ਸੀ ਜਿਸ ਦੇ ਬੁਲ੍ਹਾਂ ਤੋਂ ਸਾਡੀਆਂ ਸਾਰੀਆਂ ਤਕਲੀਫਾਂ ਅਤੇ ਸਾਡੀਆਂ ਸਾਰੀਆਂ ਸੱਧਰਾਂ ਤੇ ਆਸਾਂ ਨੂੰ, ਸੰਖੇਪ ਵਿਚ, ਉਸ ਸਭ ਕੁਝ ਨੂੰ ਪ੍ਰਗਟਾਅ ਮਿਲੇ ਜਿਸ ਦਾ ਸਾਡੇ ਜੁਗ ਉਤੇ ਅਤਿਅੰਤ ਡੂੰਘਾ ਅਸਰ ਪੈਂਦਾ ਹੈ।... ਇਹ ਮਨੁਖ, ਜਿਸ ਨੂੰ ਸਾਡਾ ਜੁਗ ਉਡੀਕ ਰਿਹਾ ਸੀ, ਆ ਗਿਆ ਹੈ। ਉਹ ਹੈ ਹੋਲਸ਼ਟਾਈਨ ਦਾ ਡਾ: ਗੇਓਰਗ ਕੂਹਲਮਾਨ। ਉਹ ਨਵੀਂ ਦੁਨੀਆਂ ਦਾ ਜਾਂ ਯਥਾਰਥ ਵਿਚ ਆਤਮਾ ਦੀ ਬਾਦਸ਼ਾਹੀ ਦਾ ਮੱਤ ਲੈ ਕੇ ਆਇਆ ਹੈ।"

ਮੈਨੂੰ ਇਹ ਦਸਣ ਦੀ ਕੋਈ ਲੋੜ ਨਹੀਂ ਕਿ ਨਵੀਂ ਦੁਨੀਆਂ ਦਾ ਇਹ ਮੱਤ ਅਤਿਅੰਤ ਬਾਜ਼ਾਰੂ ਉਪਭਾਵਕ ਬਕਵਾਸ ਤੋਂ ਵਧ ਕੁਝ ਨਹੀਂ ਜਿਸ ਨੂੰ à la * ਲਾਮੇਨੇ ਅਧ-ਅੰਜੀਲੀ ਪ੍ਰਗਟਾਵਾਂ ਵਿਚ ਪੇਸ਼ ਕੀਤਾ ਗਿਆ ਸੀ ਅਤੇ ਪੈਗ਼ੰਬਰੀ ਅਭਿਮਾਨ ਨਾਲ ਐਲਾਨਿਆ ਗਿਆ ਸੀ। ਪਰ ਇਸ ਗੱਲ ਨੇ ਨੇਕ ਵਾਈਟਲਿੰਗੀਆਂ ਨੂੰ ਉਸ ਚਾਲਬਾਜ਼ ਨੂੰ ਮੋਢਿਆਂ ਉਤੇ ਚੁਕਣੋਂ ਨਾ ਰੋਕਿਆ ਜਿਵੇਂ ਏਸ਼ੀਆਈ ਈਸਾਈਆਂ ਨੇ ਇਕ ਸਮੇਂ ਪੈਰੇਗਰੀਨਸ ਨੂੰ ਚੁਕਿਆ ਸੀ। ਉਹ ਲੋਕ ਜਿਹੜੇ ਉਂਜ ਤਾਂ ਇਸ ਹੱਦ ਤੱਕ ਅਤਿ ਜਮਹੂਰੀਅਤਪਸੰਦ ਅਤੇ ਅਤਿ ਦਰਜੇ ਦੇ ਸਮਤਾਵਾਦੀ ਸਨ ਕਿ ਉਹ

---

* ਲਾਮੇਨੇ ਵਾਂਗ। — ਸੰਪਾ:

ਕਿਸੇ ਵੀ ਸਕੂਲ ਮਾਸਟਰ, ਪਤਰਕਾਰ, ਅਤੇ ਕਿਸੇ ਵੀ ਮਨੁਖ ਵਿਰਧ ਜਿਹੜਾ ਸਰੀਰਕ ਮਿਹਨਤ ਨਹੀਂ ਸੀ ਕਰਦਾ ਉਹਨਾਂ ਨੂੰ ਲੁਟਣ ਤੇ ਤੁਲਿਆ ਇਕ "ਵਿਦਵਾਨ" ਹੋਣ ਦਾ ਅਮਿਟ ਸ਼ੰਕਾ ਰਖਦੇ ਸਨ, ਅਤਿ ਭਾਵਕ ਨਾਟਕੀ ਢੰਗ ਨਾਲ ਪੇਸ਼ ਆਉਣ ਵਾਲੇ ਕੂਹਲਮਾਨ ਤੋਂ ਪ੍ਰੇਰੇ ਗਏ ਕਿ "ਨਵੀਂ ਦੁਨੀਆਂ" ਵਿਚ ਸਭ ਤੋਂ ਸਿਆਣਾ, id est * ਕੂਹਲਮਾਨ, ਸੁਖ-ਵਸਤਾਂ ਦੀ ਵੰਡ ਨੂੰ ਨੇਮਬੱਧ ਕਰੇਗਾ ਅਤੇ ਕਿ ਇਸ ਲਈ, ਤਦ ਵੀ, ਪੁਰਾਣੀ ਦੁਨੀਆਂ ਵਿਚ ਚੇਲਿਆਂ ਨੂੰ ਚਾਹੀਦਾ ਹੈ ਕਿ ਉਹ ਸੁਖ-ਵਸਤਾਂ ਦੇ ਢੇਰ ਉਸ ਸਭ ਤੋਂ ਬੁਧੀਮਾਨ ਲਈ ਲਿਆਉਣ ਜਦੋਂ ਕਿ ਆਪ ਉਹਨਾਂ ਨੂੰ ਰਹਿੰਦ-ਖੂਹੰਦ ਨਾਲ ਸੰਤੁਸ਼ਟ ਰਹਿਣਾ ਚਾਹੀਦਾ ਹੈ। ਇਸ ਪ੍ਰਕਾਰ ਪੈਰੇਗਰੀਨਸ-ਕੂਹਲਮਾਨ ਨੇ—ਜਿੱਨਾ ਚਿਰ ਇੰਜ ਹੋ ਸਕਿਆ—ਭਾਈਚਾਰੇ ਦੇ ਸਿਰ ਉਤੇ ਸੁਖ ਆਨੰਦ ਦੀ ਸ਼ਾਨਦਾਰ ਜ਼ਿੰਦਗੀ ਗੁਜ਼ਾਰੀ। ਨਿਰਸੰਦੇਹ, ਇਹ ਸਭ ਬਹੁਤਾ ਚਿਰ ਨਹੀਂ ਸੀ ਚਲਿਆ; ਸ਼ੱਕੀਆਂ ਅਤੇ ਨਾਸਤਕਾਂ ਦੀ ਵਧ ਰਹੀ ਬੁੜਬੁੜ ਅਤੇ ਵਾਡਟ ਦੀ ਸਰਕਾਰ ਵਲੋਂ ਜ਼ੁਲਮ ਕਰਾਏ ਜਾਣ ਦੇ ਖਤਰੇ ਨੇ ਲੋਜ਼ਾਨ ਵਿਚ "ਆਤਮਾ ਦੀ ਬਾਦਸ਼ਾਹੀ" ਦਾ ਅੰਤ ਕਰ ਦਿਤਾ—ਕੂਹਲਮਾਨ ਲੋਪ ਹੋ ਗਿਆ।

ਹਰ ਉਸ ਵਿਅਕਤੀ ਨੂੰ ਜਿਸ ਨੂੰ ਯੂਰਪੀ ਮਜ਼ਦੂਰ ਜਮਾਤ ਲਹਿਰ ਦੇ ਸ਼ੁਰੂ ਦੇ ਦਿਨਾਂ ਦੇ ਤਜਰਬੇ ਦਾ ਗਿਆਨ ਹੈ ਇਸ ਕਿਸਮ ਦੀਆਂ ਦਰਜਨਾਂ ਮਿਸਾਲਾਂ ਯਾਦ ਹੋਣਗੀਆਂ। ਅੱਜ ਅਜਿਹੇ ਅਤਿ ਦੇ ਮਾਮਲੇ, ਘਟੋ ਘਟ ਵੱਡੇ ਕੇਂਦਰਾਂ ਵਿਚ, ਅਸੰਭਵ ਹੋ ਗਏ ਹਨ; ਪਰ ਦੂਰ ਦੁਰਾਡੇ ਇਲਾਕਿਆਂ ਵਿਚ ਜਿਥੇ ਲਹਿਰ ਨੇ ਨਵੇਂ ਨਵੇਂ ਪੈਰ ਜਮਾਏ ਹਨ ਇਸ ਕਿਸਮ ਦਾ ਛੋਟਾ ਪੈਰੇਗਰੀਨਸ ਆਰਜ਼ੀ ਸੀਮਤ ਸਫਲਤਾ ਦੀ ਆਸ ਕਰ ਸਕਦਾ ਹੈ। ਅਤੇ ਬਿਲਕੁਲ ਉਵੇਂ ਹੀ ਜਿਵੇਂ ਉਹ ਲੋਕ ਜਿਨ੍ਹਾਂ ਨੂੰ ਅਧਿਕਾਰੀ ਸੰਸਾਰ ਤੋਂ ਕਿਸੇ ਗੱਲ ਦੀ ਆਸ ਨਹੀਂ ਜਾਂ ਜਿਹੜੇ ਇਸ ਵਿਚ ਵਧ ਤੋਂ ਵਧ ਆਨੰਦ ਲੈ ਚੁਕੇ ਹਨ—ਚੀਚਕ ਦੇ ਟੀਕਿਆਂ ਦੇ ਵਿਰੋਧੀ, ਆਤਮ-ਸੰਜਮ ਦੇ ਹਮਾਇਤੀ, ਸ਼ਾਕਾਹਾਰੀ, ਮੁਰਦਿਆਂ ਦੀ ਚੀਰ-ਫਾੜ ਕਰਨ ਦੇ ਵਿਰੋਧੀ, ਕੁਦਰਤੀ ਇਲਾਜ ਦੇ ਵਿਸ਼ਵਾਸੀ, ਸੁਤੰਤਰ ਭਾਈਚਾਰਿਆਂ[150] ਦੇ ਪਰਚਾਰਕ ਜਿਨ੍ਹਾਂ ਦੇ ਭਾਈਚਾਰੇ ਖੇਰੂੰ ਖੇਰੂੰ ਹੋ ਗਏ ਹਨ, ਬ੍ਰਹਿਮੰਡ ਦੇ ਆਰੰਭ ਸੰਬੰਧੀ ਨਵੇਂ ਸਿਧਾਂਤਾਂ ਦੇ ਕਰਤਾ, ਅਸਫਲ ਜਾਂ ਅਭਾਗੇ ਕਾਢਕਾਰ, ਯਥਾਰਥਕ ਜਾਂ ਕਾਲਪਨਿਕ ਬੇਇਨਸਾਫੀ ਦੇ ਸ਼ਿਕਾਰ ਜਿਨ੍ਹਾਂ ਨੂੰ ਸਾਰੀ ਦਫਤਰਸ਼ਾਹੀ "ਨਿਕੰਮੇ ਝੁਰਕੂਆਂ" ਦਾ ਨਾਂ ਦੇਂਦੀ ਹੈ, ਇਮਾਨਦਾਰ ਮੂਰਖ ਜਾਂ ਬੇਈਮਾਨ ਧੋਖੇਬਾਜ਼—ਸਾਰੇ ਹੀ ਸਭਨਾਂ ਦੇਸਾਂ ਵਿਚ ਮਜ਼ਦੂਰ ਪਾਰਟੀਆਂ ਵੱਲ ਵਹੀਰਾਂ ਘੱਤੀ ਆਉਂਦੇ ਹਨ—ਪਹਿਲੇ ਈਸਾਈਆਂ ਨਾਲ ਵੀ ਇਹੋ ਕੁਝ ਹੋਇਆ ਸੀ। ਉਹ ਸਾਰੇ ਤੱਤ ਜਿਹੜੇ ਪੁਰਾਣੇ ਸੰਸਾਰ ਦੇ ਵਿਗਠਨ ਨਾਲ

---

* ਅਰਥਾਤ। —**ਸੰਪਾ:**

ਆਜ਼ਾਦ ਹੋ ਗਏ ਸਨ, ਅਰਥਾਤ, ਬੇਮੁਹਾਰ ਹੋ ਗਏ ਸਨ, ਇਕ ਇਕ ਕਰਕੇ ਈਸਾਈਅਤ ਦੇ ਦਾਇਰੇ ਵਿਚ ਆਉਂਦੇ ਗਏ ਕਿਉਂਕਿ ਇਹੋ ਇਕ ਤੱਤ ਸੀ ਜਿਸ ਨੇ ਵਿਗਠਨ ਦੀ ਉਸ ਪ੍ਰਕਿਰਿਆ ਦਾ ਵਿਰੋਧ ਕੀਤਾ ਸੀ — ਠੀਕ ਇਸ ਕਰਕੇ ਕਿ ਇਹ ਉਸ ਪ੍ਰਕਿਰਿਆ ਦੀ ਲਾਜ਼ਮੀ ਉਪਜ ਸੀ — ਅਤੇ ਇਸ ਲਈ ਜਿਹੜਾ ਕਾਇਮ ਰਿਹਾ ਅਤੇ ਪ੍ਰਫੁਲਤ ਹੋਇਆ ਅਤੇ ਦੂਜੇ ਸਾਰੇ ਤੱਤ ਅਲਪ-ਕਾਲੀਨ ਮੱਖੀਆਂ ਸਨ। ਕੋਈ ਅਜਿਹਾ ਜਨੂੰਨ ਨਹੀਂ ਸੀ, ਕੋਈ ਮੂਰਖਤਾ, ਕੋਈ ਧੋਖੇਬਾਜ਼ੀ ਨਹੀਂ ਸੀ ਜਿਸ ਨੇ ਨਵੇਂ ਈਸਾਈ ਭਾਈਚਾਰਿਆਂ ਵੱਲ ਵਹੀਰਾਂ ਨਹੀਂ ਪਾਈਆਂ ਅਤੇ ਜਿਨ੍ਹਾਂ ਨੂੰ ਘਟੋ ਘਟ ਕੁਝ ਸਮੇਂ ਲਈ ਅਤੇ ਇੱਕਾ ਦੁੱਕਾ ਥਾਵਾਂ ਉਤੇ ਧਿਆਨ ਨਾਲ ਕੰਨ ਧਰਨ ਵਾਲੇ ਅਤੇ ਮਨ-ਮਰਜ਼ੀ ਨਾਲ ਵਿਸ਼ਵਾਸ ਕਰਨ ਵਾਲੇ ਨਾ ਮਿਲੇ ਹੋਣ। ਅਤੇ ਸਾਡੇ ਪਹਿਲੇ ਕਮਿਊਨਿਸਟ ਮਜ਼ਦੂਰ ਭਾਈਚਾਰਿਆਂ ਵਾਂਗ ਮੁਢਲੇ ਈਸਾਈਆਂ ਨੇ ਵੀ ਹਰ ਗੱਲ ਨੂੰ ਜਿਹੜੀ ਉਹਨਾਂ ਦੇ ਮਨੋਰਥ ਨੂੰ ਢੁਕਦੀ ਸੀ ਅਜਿਹੀ ਲਾਸਾਨੀ ਸਿਧੜਤਾ ਨਾਲ ਪ੍ਰਵਾਨ ਕੀਤਾ ਕਿ ਅਸੀਂ ਯਕੀਨ ਨਾਲ ਨਹੀਂ ਕਹਿ ਸਕਦੇ ਕਿ ਈਸਾਈਅਤ ਲਈ ਲਿਖੀਆਂ ਪੈਰੇਗਰੀਨਸ ਦੀਆਂ "ਵੱਡੀ ਗਿਣਤੀ ਵਿਚ ਪੁਸਤਕਾਂ" ਦੇ ਕੁਝ ਹਿੱਸੇ ਸਾਡੀ ਨਵੀਂ ਸਾਖ ਵਿਚ ਨਾ ਆ ਗਏ ਹੋਣ।

## II

ਬਾਈਬਲ ਦੀ ਜਰਮਨ ਆਲੋਚਨਾ ਨੇ, ਜੋਕਿ ਮੁਢਲੀ ਈਸਾਈਅਤ ਦੇ ਇਤਿਹਾਸ ਸੰਬੰਧੀ ਸਾਡੇ ਗਿਆਨ ਦਾ ਹੁਣ ਤੱਕ ਦਾ ਇਕੋ ਇਕ ਵਿਗਿਆਨਕ ਆਧਾਰ ਹੈ, ਦੋਹਰੀ ਪ੍ਰਵਿਰਤੀ ਅਪਣਾਈ।

ਪਹਿਲੀ ਪ੍ਰਵਿਰਤੀ **ਟੂਬਿਨਗਨ ਪਰਪਾਟੀ** ਹੈ, ਜਿਸ ਵਿਚ, ਵਿਸ਼ਾਲ ਅਰਥਾਂ ਵਿਚ, ਡ. ਫ. ਸ਼ਟਰਾਊਸ ਨੂੰ ਵੀ ਸ਼ਾਮਲ ਕਰ ਲਿਆ ਜਾਣਾ ਚਾਹੀਦਾ ਹੈ। ਆਲੋਚਨਾਤਮਕ ਖੋਜ-ਪੜਤਾਲ ਵਿਚ ਇਹ ਏਨਾ ਦੂਰ ਜਾਂਦੀ ਹੈ ਜਿੰਨਾ **ਧਰਮ-ਸ਼ਾਸਤ੍ਰ** ਦੀ ਕੋਈ ਪਰਪਾਟੀ ਜਾ ਸਕਦੀ ਹੈ। ਇਹ ਮੰਨਦੀ ਹੈ ਕਿ ਚਾਰ ਅੰਜੀਲੀ-ਕਥਾਵਾਂ ਅੱਖੀਂ ਡਿੱਠਾ ਬਿਰਤਾਂਤ ਨਹੀਂ ਸਗੋਂ ਕੇਵਲ ਉਹਨਾਂ ਲਿਖਤਾਂ ਦੇ, ਜੋ ਗੁਆਚ ਗਈਆਂ ਹਨ, ਪਿਛੋਂ ਕੀਤੇ ਰੂਪਾਂਤਰ ਹਨ; ਕਿ ਈਸਾ ਦੇ ਆਦਿ-ਸ਼ਿਸ਼ ਪਾਲ ਨਾਲ ਸੰਬੰਧਤ ਪਤਰਾਂ ਵਿਚੋਂ ਚਾਰ ਤੋਂ ਵਧ ਪ੍ਰਮਾਣੀਕ ਨਹੀਂ ਹਨ, ਆਦਿ। ਇਤਿਹਾਸਕ ਬਿਰਤਾਂਤ ਵਿਚੋਂ ਇਹ ਸਾਰੇ ਚਮਤਕਾਰਾਂ ਤੇ ਅੰਤਰ-ਵਿਰੋਧਾਂ ਨੂੰ, ਉਹਨਾਂ ਨੂੰ ਪ੍ਰਵਾਨ ਨਾ ਕਰਨ ਯੋਗ ਸਮਝਦਿਆਂ, ਕੱਢ ਦੇਂਦੀ ਹੈ; ਪਰ ਬਾਕੀ ਵਿਚੋਂ ਇਹ "ਜੋ ਕੁਝ ਬਚਾਇਆ ਜਾ ਸਕਦਾ ਹੈ ਬਚਾਉਣ" ਦਾ ਜਤਨ ਕਰਦੀ ਹੈ ਅਤੇ ਫੇਰ ਧਰਮ-ਸ਼ਾਸਤ੍ਰ ਦੀ ਪਰਪਾਟੀ ਵਾਲੀ ਇਸ ਦੀ ਪ੍ਰਕਿਰਤੀ ਬਹੁਤ ਸਪਸ਼ਟ ਹੈ। ਇਸ ਪ੍ਰਕਾਰ ਇਸ ਨੇ ਰੇਨਾਨ ਨੂੰ, ਜਿਹੜਾ ਆਪਣੇ ਆਪ ਨੂੰ ਬਹੁਤਾ ਕਰਕੇ ਇਸ ਉਤੇ ਹੀ ਆਧਾਰਤ ਕਰਦਾ ਹੈ, ਇਹੋ ਵਿਧੀ ਵਰਤਕੇ ਹੋਰ ਵੀ ਬਹੁਤ ਕੁਝ "ਬਚਾਉਣ" ਅਤੇ, ਇਸ ਤੋਂ ਇਲਾਵਾ, ਨਵੀਂ ਸਾਖ ਦੇ ਕਈ ਅਜਿਹੇ ਬਿਰਤਾਂਤਾਂ ਨੂੰ ਜਿਹੜੇ ਸ਼ਕੀ ਤੋਂ ਵੀ ਕੁਝ ਵਧ ਹਨ ਅਤੇ, ਇਸ ਦੇ ਨਾਲ ਹੀ, ਸ਼ਹੀਦਾਂ ਬਾਰੇ ਅਨੇਕਾਂ ਦੂਜੀਆਂ ਦੰਦ-ਕਥਾਵਾਂ ਨੂੰ ਇਤਿਹਾਸਕ ਤੌਰ ਤੇ ਪ੍ਰਮਾਣੀਕ ਦਸਕੇ ਸਾਡੇ ਉਤੇ ਮੜ੍ਹਨ ਦਾ ਜਤਨ ਕਰਨ ਦੇ ਯੋਗ ਬਣਾਇਆ। ਹਰ ਹਾਲਤ ਵਿਚ, ਟੂਬਿਨਗਨ ਪਰਪਾਟੀ ਜਿਸ ਗੱਲ ਨੂੰ ਅਣ-ਇਤਿਹਾਸਕ ਜਾਂ ਨਕਲੀ ਵਜੋਂ ਰੱਦ ਕਰਦੀ ਹੈ ਉਸ ਨੂੰ ਵਿਗਿਆਨ ਲਈ ਅੰਤਮ ਰੂਪ ਵਿਚ ਰੱਦਿਆ ਸਮਝਿਆ ਜਾ ਸਕਦਾ ਹੈ।

ਦੂਜੀ ਪ੍ਰਵਿਰਤੀ ਦਾ ਇਕੋ ਹੀ ਪ੍ਰਤਿਨਿਧ ਹੈ—**ਬਰੂਨੋ ਬਾਵੇਰ**। ਉਸ ਦੀ ਸਭ

ਤੋਂ ਵੱਡੀ ਸੇਵਾ ਇਹ ਹੀ ਨਹੀਂ ਕਿ ਉਸ ਨੇ ਅੰਜੀਲੀ-ਕਥਾਵਾਂ ਅਤੇ ਆਦਿ ਸ਼ਿਸ਼ਾਂ ਦੇ ਪਤਰਾਂ ਦੀ ਬੇਕਿਰਕ ਆਲੋਚਨਾ ਕੀਤੀ, ਸਗੋਂ ਇਹ ਵੀ ਹੈ ਕਿ ਉਸ ਨੇ ਪਹਿਲੀ ਵਾਰ ਗੰਭੀਰਤਾ ਨਾਲ ਨਾ ਕੇਵਲ ਯਹੂਦੀ ਅਤੇ ਯੂਨਾਨੀ-ਸਿਕੰਦਰੀਆਈ ਤੱਤਾਂ ਦੀ ਸਗੋਂ ਖ਼ਾਲਸ ਯੂਨਾਨੀ ਅਤੇ ਯੂਨਾਨੀ-ਰੋਮਨ ਤੱਤਾਂ ਦੀ ਜਾਂਚ-ਪੜਤਾਲ ਦੇ ਕੰਮ ਨੂੰ ਹੱਥ ਪਾਇਆ ਜਿਨ੍ਹਾਂ ਨੇ ਸਭ ਤੋਂ ਪਹਿਲਾਂ ਈਸਾਈਅਤ ਲਈ ਸੰਸਾਰ ਧਰਮ ਬਣਨ ਦਾ ਰਾਹ ਖੋਹਲਿਆ ਸੀ। ਬਰੂਨੋ ਬਾਵੇਰ ਉਪਰੰਤ ਇਹ ਦੰਦ-ਕਥਾ ਨਿਰਾਧਾਰ ਹੋ ਗਈ ਹੈ ਕਿ ਈਸਾਈਅਤ ਆਪਣੇ ਤਿਆਰਸ਼ੁਦਾ ਤੇ ਮੁਕੰਮਲ ਰੂਪ ਵਿਚ ਯਹੂਦੀਅਤ ਵਿਚੋਂ ਨਿਕਲੀ ਅਤੇ, ਮੁਖ ਰੂਪ ਵਿਚ ਪਹਿਲਾਂ ਤੋਂ ਹੀ ਪ੍ਰੀਭਾਸ਼ਤ ਆਪਣੇ ਮੱਤ ਅਤੇ ਆਪਣੀ ਨੈਤਿਕਤਾ ਸਹਿਤ ਫਲਸਤੀਨ ਤੋਂ ਸ਼ੁਰੂ ਹੋਕੇ ਸਾਰੀ ਦੁਨੀਆਂ ਨੂੰ ਜਿੱਤ ਲਿਆ; ਇਹ ਦੰਦ-ਕਥਾ ਕੇਵਲ ਧਰਮ-ਸ਼ਾਸਤ੍ਰਿਕ ਵਿਭਾਗਾਂ ਵਿਚ ਹੀ ਪਈ ਰਹਿ ਸਕਦੀ ਹੈ ਅਤੇ ਉਹਨਾਂ ਲੋਕਾਂ ਵਾਸਤੇ ਜਿਹੜੇ ਵਿਗਿਆਨ ਦੀ ਕੀਮਤ ਉਤੇ ਵੀ "ਲੋਕਾਂ ਲਈ ਧਰਮ ਨੂੰ ਜਿਊਂਦਾ ਰਖਣ" ਦੇ ਇੱਛਕ ਹਨ। ਉਸ ਓੜਕਾਂ ਦੇ ਪ੍ਰਭਾਵ ਦੀ ਅਜੇ ਵਿਸਥਾਰ ਨਾਲ ਵਿਆਖਿਆ ਨਹੀਂ ਹੋਈ ਜਿਹੜਾ ਸਿਕੰਦਰੀਆ ਦੀ ਫਿਲੋ ਪਰਪਾਟੀ ਨੇ ਅਤੇ ਯੂਨਾਨੀ-ਰੋਮਨ ਬਾਜ਼ਾਰੂ ਦਰਸ਼ਨ ਨੇ—ਅਫਲਾਤੂਨੀ ਅਤੇ ਮੁਖ ਕਰਕੇ ਸਹਿਜ-ਮਾਰਗੀ[151]—ਉਸ ਈਸਾਈਅਤ ਉਤੇ ਪਾਇਆ ਸੀ ਜਿਹੜੀ ਕਨਸਤਨਤੀਨ ਅਧੀਨ ਰਾਜ-ਧਰਮ ਬਣੀ ਸੀ, ਪਰ ਇਸ ਪ੍ਰਭਾਵ ਦੀ ਹੋਂਦ ਸਿੱਧ ਹੋ ਚੁਕੀ ਹੈ ਅਤੇ ਇਹ ਮੁਖ ਰੂਪ ਵਿਚ ਬਰੂਨੋ ਬਾਵੇਰ ਦੀ ਹੀ ਪ੍ਰਾਪਤੀ ਹੈ; ਉਸ ਨੇ ਇਸ ਸਬੂਤ ਦੀ ਬੁਨਿਆਦ ਰਖੀ ਕਿ ਈਸਾਈਅਤ ਨੂੰ ਬਾਹਰੋਂ—ਯਹੂਦਾ ਤੋਂ—ਰੋਮਨ-ਯੂਨਾਨੀ ਸੰਸਾਰ ਵਿਚ ਦਰਾਮਦ ਕੀਤਾ ਤੇ ਇਸ ਉਤੇ ਮੜ੍ਹਿਆ ਨਹੀਂ ਗਿਆ, ਸਗੋਂ ਇਹ ਕਿ, ਘਟੋ ਘਟ ਸੰਸਾਰ ਧਰਮ ਦੇ ਆਪਣੇ ਰੂਪ ਵਿਚ, ਇਹ ਉਸ ਸੰਸਾਰ ਦੀ ਆਪਣੀ ਉਪਜ ਹੈ। ਨਿਰਸੰਦੇਹ, ਬਾਵੇਰ, ਉਹਨਾਂ ਸਭਨਾਂ ਵਾਂਗ ਜਿਹੜੇ ਡੂੰਘੀਆਂ ਜੜ੍ਹਾਂ ਫੜ ਚੁਕੇ ਤਅਸਬਾਂ ਵਿਰੁਧ ਲੜ ਰਹੇ ਹਨ, ਇਸ ਕੰਮ ਵਿਚ ਆਪਣੇ ਨਿਸ਼ਾਨੇ ਤੋਂ ਅਗਾਂਹ ਨਿਕਲ ਗਿਆ। ਉਭਰ ਰਹੀ ਈਸਾਈਅਤ ਉਤੇ ਫਿਲੋ ਦੇ ਅਤੇ ਖਾਸ ਕਰਕੇ ਸੈਨੇਕਾ ਦੇ ਪ੍ਰਭਾਵ ਦੀ, ਸਾਹਿਤਕ ਸੋਮਿਆਂ ਰਾਹੀਂ ਵਿਆਖਿਆ ਕਰਨ ਲਈ ਵੀ, ਅਤੇ ਨਵੀਂ ਸਾਖ ਦੇ ਲੇਖਕਾਂ ਨੂੰ ਰਸਮੀ ਤੌਰ ਤੇ ਇਹਨਾਂ ਦਰਸ਼ਨਵੇਤਾਵਾਂ ਤੋਂ ਚੋਰੀ ਕਰਨ ਵਾਲੇ ਦਰਸਾਉਣ ਲਈ ਉਸ ਨੂੰ ਨਵੇਂ ਧਰਮ ਦੇ ਜਨਮ ਦਾ ਸਮਾਂ ਲਗਭਗ ਅੱਧੀ ਸਦੀ ਪਿਛੇੜੇ ਰਖਣਾ ਪਿਆ, ਰੋਮਨ ਇਤਿਹਾਸਕਾਰਾਂ ਦੇ ਪ੍ਰਸਪਰ ਵਿਰੋਧੀ ਬਿਰਤਾਂਤ ਰੱਦ ਕਰਨੇ ਪਏ ਅਤੇ ਵਿਆਪਕ ਰੂਪ ਵਿਚ ਇਤਿਹਾਸ-ਲੇਖਣ ਨਾਲ ਬਹੁਤ ਸਾਰੀਆਂ ਖੁਲ੍ਹਾਂ ਲੈਣੀਆਂ ਪਈਆਂ। ਉਹਦੇ ਅਨੁਸਾਰ ਈਸਾਈਅਤ ਦਾ ਉਸਦੇ ਇਸ ਰੂਪ ਵਿਚ ਜਨਮ ਫਲਾਵੀਅਨਾਂ ਦੇ ਰਾਜ-ਕਾਲ ਵਿਚ ਹੁੰਦਾ ਹੈ, ਨਵੀਂ ਸਾਖ ਦਾ ਸਾਹਿਤ ਹਾਦ੍ਰੀਅਨ, ਆਨਤੋਨੀਅਸ ਅਤੇ ਮਾਰਕੁਸ ਆਵਰੇਲੀਅਸ ਦੇ ਅਧੀਨ ਰਚਿਆ ਜਾਂਦਾ

ਹੈ। ਫਲਸਰੂਪ ਈਸਾ ਅਤੇ ਉਸ ਦੇ ਚੇਲਿਆਂ ਸੰਬੰਧੀ ਨਵੀਂ ਸਾਖ ਵਿਚਲੇ ਬਿਰਤਾਂਤਾਂ ਦਾ ਬਾਵੇਰ ਲਈ ਕੋਈ ਇਤਿਹਾਸਕ ਪਿਛੋਕੜ ਨਹੀਂ ਹੈ; ਇਹਨਾਂ ਨੂੰ ਉਹਨਾਂ ਦੰਦ-ਕਥਾਵਾਂ ਦਾ ਪੇਤਲਾ ਰੂਪ ਦੇ ਦਿਤਾ ਗਿਆ ਹੈ ਜਿਨ੍ਹਾਂ ਵਿਚ ਪਹਿਲੇ ਭਾਈਚਾਰਿਆਂ ਦੇ ਅੰਦਰਲੇ ਵਿਕਾਸ ਦੇ ਪੜਾਵਾਂ ਅਤੇ ਸਦਾਚਾਰਕ ਸੰਗਰਾਮਾਂ ਨੂੰ ਵਧ ਜਾਂ ਘਟ ਕਾਲਪਨਿਕ ਵਿਅਕਤੀਆਂ ਨਾਲ ਜੋੜ ਦਿਤਾ ਗਿਆ ਹੈ। ਬਾਵੇਰ ਅਨੁਸਾਰ, ਗਾਲੀਲੀ ਅਤੇ ਯਰੂਸ਼ਲਮ ਨਹੀਂ, ਸਗੋਂ ਸਿਕੰਦਰੀਆ ਤੇ ਰੋਮ ਨਵੇਂ ਧਰਮ ਦੇ ਜਨਮ-ਸਥਾਨ ਹਨ।

ਇਸ ਲਈ ਜੇ ਟੂਬਿਨਗਨ ਪਰਪਾਟੀ ਨਵੀਂ ਸਾਖ ਦੀਆਂ ਕਹਾਣੀਆਂ ਦੀ ਰਹਿੰਦ ਵਿਚ ਅਤੇ ਉਸਦੇ ਸਾਹਿਤ ਵਿਚ ਜਿਸ ਨੂੰ ਇਸ ਨੇ ਛੂਹਿਆ ਨਹੀਂ ਵਧ ਤੋਂ ਵਧ ਉਹ ਕੁਝ ਸਾਨੂੰ ਪੇਸ਼ ਕਰਦੀ ਹੈ ਜਿਸ ਨੂੰ ਵਿਗਿਆਨ ਅੱਜ ਵੀ ਵਿਵਾਦ ਦੇ ਵਿਸ਼ੇ ਵਜੋਂ ਪ੍ਰਵਾਨ ਕਰ ਸਕਦਾ ਹੈ, ਤਾਂ ਬਰੂਨੋ ਬਾਵੇਰ ਸਾਨੂੰ ਉਹ ਕੁਝ ਵਧ ਤੋਂ ਵਧ ਪੇਸ਼ ਕਰਦਾ ਹੈ ਜਿਸ ਤੇ ਕਿੰਤੂ ਕੀਤਾ ਜਾ ਸਕਦਾ ਹੈ। ਵਾਸਤਵਿਕ ਸਚਾਈ ਇਹਨਾਂ ਦੋਹਾਂ ਸੀਮਾਵਾਂ ਦੇ ਵਿਚਕਾਰ ਹੈ। ਅੱਜ ਜੋ ਸਾਧਨ ਸਾਡੇ ਕੋਲ ਹਨ ਉਹਨਾਂ ਨਾਲ ਉਸ ਸੱਚ ਦੀ ਵਿਆਖਿਆ ਕੀਤੀ ਜਾ ਸਕਦੀ ਹੈ ਜਾਂ ਨਹੀਂ, ਇਹ ਬਹੁਤ ਸੰਦੇਹਜਨਕ ਹੈ। ਇਸ ਕੰਮ ਵਿਚ ਨਵੀਆਂ ਲਭਤਾਂ, ਖਾਸ ਕਰਕੇ ਰੋਮ ਵਿਚ, ਪੂਰਬ ਵਿਚ, ਅਤੇ ਸਭ ਤੋਂ ਪਹਿਲਾਂ ਮਿਸਰ ਵਿਚ, ਕਿਸੇ ਵੀ ਆਲੋਚਨਾ ਨਾਲੋਂ ਵਧੇਰੇ ਹਿੱਸਾ ਪਾਉਣਗੀਆਂ।

ਪਰ ਨਵੀਂ ਸਾਖ ਵਿਚ ਇਕ ਪੁਸਤਕ ਹੈ ਜਿਸ ਦੇ ਲਿਖਣ ਦੀ ਤਾਰੀਖ਼ ਕੁਝ ਮਹੀਨਿਆਂ ਦੇ ਫ਼ਰਕ ਨਾਲ ਮਿਥੀ ਜਾ ਸਕਦੀ ਹੈ, ਜਿਹੜੀ ਸ਼ਾਇਦ ਜੂਨ ੬੭ ਅਤੇ ਜਨਵਰੀ ਜਾਂ ਅਪ੍ਰੈਲ ੬੮ ਵਿਚਕਾਰ ਹੀ ਲਿਖੀ ਗਈ ਹੋਵੇਗੀ; ਫਲਸਰੂਪ ਇਹ ਉਹ ਪੁਸਤਕ ਹੈ ਜਿਹੜੀ ਈਸਾਈ ਜੁਗ ਦੇ ਆਰੰਭਕ ਸਮੇਂ ਨਾਲ ਸੰਬੰਧਤ ਹੈ ਅਤੇ ਇਸ ਦੇ ਵਿਚਾਰਾਂ ਨੂੰ ਅਤਿਅੰਤ ਸਿਧੀ ਸਾਦੀ ਈਮਾਨਦਾਰੀ ਨਾਲ ਅਤੇ ਅਨੁਸਾਰੀ ਮੁਹਾਵਰੇ ਦੀ ਭਾਸ਼ਾ ਵਿਚ ਪ੍ਰਤਿਬਿੰਬਤ ਕਰਦੀ ਹੈ; ਇਸ ਲਈ ਮੇਰੀ ਰਾਏ ਵਿਚ ਇਹ ਪੁਸਤਕ, ਇਸ ਗੱਲ ਦੀ ਵਿਆਖਿਆ ਕਰਨ ਲਈ ਕਿ ਮੁਢਲੀ ਈਸਾਈਅਤ ਅਸਲ ਵਿਚ ਕੀ ਸੀ ਬਾਕੀ ਸਾਰੀ ਨਵੀਂ ਸਾਖ ਨਾਲੋਂ, ਜੋ ਆਪਣੇ ਵਰਤਮਾਨ ਰੂਪ ਵਿਚ ਬਹੁਤ ਪਿਛਲੇਰੀ ਮਿਤੀ ਦੀ ਚੀਜ਼ ਹੈ, ਕਿਤੇ ਵਧੇਰੇ ਮਹੱਤਵਪੂਰਨ ਸੋਮਾ ਹੈ। ਇਹ ਪੁਸਤਕ ਅਖੌਤੀ "ਜਾਨ ਦਾ ਅਗੰਮ-ਗਿਆਨ" ਹੈ। ਅਤੇ ਕਿਉਂਕਿ ਇਹ, ਪ੍ਰਤੱਖ ਤੌਰ ਤੇ ਸਮੁਚੀ ਬਾਈਬਲ ਵਿਚ ਅਤਿਅੰਤ ਅਸਪਸ਼ਟ ਪੁਸਤਕ, ਅੱਜ ਜਰਮਨ ਆਲੋਚਨਾ ਦੀ ਬਦੌਲਤ ਸਭ ਤੋਂ ਵਧ ਸਮਝ ਆਉਣ ਵਾਲੀ ਅਤੇ ਸਭ ਤੋਂ ਸਪਸ਼ਟ ਹੈ, ਇਸ ਲਈ ਮੈਂ ਆਪਣੇ ਪਾਠਕਾਂ ਅੱਗੇ ਇਸ ਦਾ ਲੇਖਾ ਜੋਖਾ ਪੇਸ਼ ਕਰਾਂਗਾ।

ਨਾ ਕੇਵਲ ਲੇਖਕ ਦੀ ਹੀ, ਸਗੋਂ "ਆਲੇ ਦੁਆਲੇ ਦਾ ਮਾਧਿਅਮ" ਦੀ ਵੀ ਜਿਸ ਵਿਚ ਉਹ ਕੰਮ ਕਰਦਾ ਸੀ ਮਹਾਨ ਉਚੀ ਸੁਰਤ ਦੀ ਅਵਸਥਾ ਬਾਰੇ ਕਾਇਲ

ਹੋਣ ਲਈ ਇਸ ਪੁਸਤਕ ਵਿਚ ਕੇਵਲ ਇਕ ਝਾਤ ਮਾਰਨ ਦੀ ਹੀ ਲੋੜ ਹੈ। ਸਾਡਾ "ਅਗੰਮ-ਗਿਆਨ" ਆਪਣੀ ਪ੍ਰਕਾਰ ਦੀ ਅਤੇ ਸਮੇਂ ਦੀ ਕੇਵਲ ਇਕ ਹੀ ਉਦਾਹਰਣ ਨਹੀਂ। ਈਸਵੀ ਸੰਨ ਤੋਂ ੧੬੪ ਸਾਲ ਪਹਿਲਾਂ, ਜਦੋਂ ਸਾਡੇ ਤੱਕ ਪਹੁੰਚਣ ਵਾਲੀ ਪਹਿਲੀ, ਅਖੌਤੀ ਡੇਨੀਅਲ ਦੀ ਪੁਸਤਕ, ਲਿਖੀ ਗਈ ਸੀ, ਲਗਭਗ ਸੰਨ ੨੫੦ ਤੱਕ, ਜੋ ਕੋਮੋਦੀਅਨ ਦੇ "ਗੀਤ"[152] ਲਿਖੇ ਜਾਣ ਦੀ ਅਨੁਮਾਨਿਤ ਮਿਤੀ ਹੈ, ਰੇਨਾਨ ਨੇ ਘਟੋ ਘਟ ਪੰਦਰਾਂ ਮੌਜੂਦ ਕਲਾਸੀਕੀ "ਅਗੰਮੀ-ਵਾਕਾਂ" ਦੀ ਗਿਣਤੀ ਕੀਤੀ ਸੀ ਜਿਸ ਵਿਚ ਅਗੋਂ ਜਾਕੇ ਹੋਈਆਂ ਨਕਲਾਂ ਸ਼ਾਮਲ ਨਹੀਂ ਸਨ। (ਮੈਂ ਰੇਨਾਨ ਦਾ ਹਵਾਲਾ ਇਸ ਲਈ ਦਿਤਾ ਹੈ ਕਿ ਉਸ ਦੀ ਪੁਸਤਕ ਦਾ ਹੀ ਗ਼ੈਰ-ਮਾਹਿਰਾਂ ਨੂੰ ਸਭ ਤੋਂ ਬਹੁਤਾ ਗਿਆਨ ਹੈ ਅਤੇ ਇਹੋ ਸਭ ਤੋਂ ਸੌਖੀ ਤਰ੍ਹਾਂ ਮਿਲਦੀ ਹੈ।) ਇਹ ਉਸ ਸਮਾਂ ਸੀ ਜਦੋਂ ਰੋਮ ਅਤੇ ਯੂਨਾਨ ਵਿਚ ਵੀ ਅਤੇ ਇਸ ਤੋਂ ਵੀ ਵਧ ਏਸ਼ੀਆ ਮਾਈਨਰ, ਸ਼ਾਮ ਤੇ ਮਿਸਰ ਵਿਚ, ਅਤਿਅੰਤ ਭਿੰਨ ਭਿੰਨ ਜਾਤੀਆਂ ਦੇ ਅਤਿ-ਅਵਲੜੇ ਵਹਿਮਾਂ-ਭਰਮਾਂ ਦੀ ਉੱਕਾ ਹੀ ਅਣ-ਜਾਚੀ-ਪਰਖੀ ਖਿਚੜੀ ਨੂੰ ਅੰਨ੍ਹੇਵਾਹ ਪ੍ਰਵਾਨ ਕਰ ਲਿਆ ਗਿਆ ਸੀ ਅਤੇ ਪਵਿਤਰ ਛਲ ਤੇ ਨਿਪਟ ਦੰਭ ਨੂੰ ਇਸ ਦਾ ਪੂਰਕ ਬਣਾ ਲਿਆ ਗਿਆ; ਇਹ ਸਮਾਂ ਸੀ ਜਦੋਂ ਚਮਤਕਾਰਾਂ, ਵਿਸਮਾਦਾਂ, ਸੁਰਤੀਆਂ, ਰੂਹਾਂ ਸੱਦਣ, ਪ੍ਰੀਛਿਆ ਪਾਉਣ, ਸੋਨਾ ਬਣਾਉਣ, ਕੱਬਾਲਾ[153] ਅਤੇ ਦੂਜੇ ਗੁਪਤ ਜਾਦੂ ਟੂਣਿਆਂ ਨੇ ਪ੍ਰਮੁਖ ਰੋਲ ਅਦਾ ਕੀਤਾ। ਉਸ ਵਾਤਾਵਰਣ ਵਿਚ, ਅਤੇ, ਨਾਲੇ, ਲੋਕਾਂ ਦੀ ਉਸ ਸ੍ਰੇਣੀ ਵਿਚ ਜਿਹੜੀ ਹੋਰਾਂ ਨਾਲੋਂ ਬਹੁਤਾ ਇਹਨਾਂ ਪਰਾ-ਪ੍ਰਾਕਿਰਤਕ ਖਿਆਲ-ਮੂਰਤੀਆਂ ਨੂੰ ਸੁਣਨ ਵੱਲ ਝੁਕਾ ਰਖਦੀ ਸੀ, ਈਸਾਈਅਤ ਦਾ ਜਨਮ ਹੋਇਆ ਸੀ। ਕਿਉਂਕਿ ਕੀ ਸੰਨ ਈਸਵੀ ਦੀ ਦੂਜੀ ਸਦੀ ਦੌਰਾਨ ਮਿਸਰ ਵਿਚ ਈਸਾਈ ਬੋਧਵਾਦੀ[154] ਵਿਸ਼ਾਲ ਤੌਰ ਤੇ ਕੀਮੀਆਗਰੀ ਵਿਚ ਨਹੀਂ ਰੁਝੇ ਹੋਏ ਸਨ ਅਤੇ ਉਹਨਾਂ ਨੇ ਆਪਣੀ ਸਿਖਿਆ ਵਿਚ ਕੀਮੀਆਗਰੀ ਦੀਆਂ ਧਾਰਨਾਵਾਂ ਨੂੰ ਨਹੀਂ ਸੀ ਸ਼ਾਮਲ ਕਰ ਲਿਆ ਜਿਵੇਂ ਕਿ ਹੋਰ ਚੀਜ਼ਾਂ ਦੇ ਨਾਲ ਹੀ ਲਾਈਡਨ ਦੀਆਂ ਪੈਪੀਰਸ ਦਸਤਾਵੇਜ਼ਾਂ ਤੋਂ ਸਾਬਤ ਹੁੰਦਾ ਹੈ। ਅਤੇ ਖਲਦੂਨ ਤੇ ਯਹੂਦਾ ਦੇ mathematici *, ਜਿਹੜੇ ਤੈਸੀਤਸ ਅਨੁਸਾਰ ਜਾਦੂ ਟੂਣੇ ਕਾਰਨ ਦੋ ਵਾਰ ਰੋਮ ਵਿਚੋਂ ਕੱਢੇ ਗਏ, ਪਹਿਲੀ ਵਾਰ ਕਲਾਊਦੀਅਸ ਵੇਲੇ ਅਤੇ ਫੇਰ ਵਿਤੇਲੀਅਸ ਵੇਲੇ, ਜਿਸ ਕਿਸਮ ਦੇ ਰੇਖਾ-ਗਣਿਤ ਦੀ ਵਰਤੋਂ ਕਰਦੇ ਸਨ ਉਹ ਉਸੇ ਕਿਸਮ ਦਾ ਸੀ ਜਿਹੜਾ ਜਾਨ ਦੇ "ਅੰਗਮ-ਗਿਆਨ" ਦਾ ਆਧਾਰ ਹੈ।

ਇਹਦੇ ਨਾਲ ਸਾਡੇ ਲਈ ਇਕ ਗੱਲ ਹੋਰ ਜੋੜਨਾ ਜ਼ਰੂਰੀ ਹੈ। ਸਾਰੇ ਹੀ ਅਗੰਮੀ-ਵਾਕ ਆਪਣੇ ਆਪ ਨੂੰ ਆਪਣੇ ਪਾਠਕਾਂ ਨੂੰ ਧੋਖਾ ਦੇਣ ਦਾ ਹੱਕ ਦੇਂਦੇ ਹਨ। ਸਿਰਫ

---

* ਗਣਤ ਦੇ ਮਾਹਰ। — **ਸੰਪਾ:**

ਇਹੋ ਹੀ ਨਹੀਂ ਕਿ ਆਮ ਕਰਕੇ ਇਹ ਆਪਣੇ ਅਖੌਤੀ ਲੇਖਕਾਂ ਨਾਲੋਂ ਬਿਲਕੁਲ ਵਖਰੇ ਲੋਕਾਂ ਦੇ, ਅਤੇ ਬਹੁਤਾ ਕਰਕੇ ਉਹਨਾਂ ਲੋਕਾਂ ਦੇ ਲਿਖੇ ਹੋਏ ਹਨ ਜਿਹੜੇ ਬਹੁਤ ਪਿਛੋਂ ਜਾ ਕੇ ਹੋਏ, ਮਿਸਾਲ ਲਈ ਡੇਨੀਅਲ ਦੀ ਪੁਸਤਕ, ਹੇਨੋਖ ਦੀ ਪੁਸਤਕ, ਐਜ਼ਰਾ, ਬਾਰੂਖ, ਯਹੂਦਾ, ਆਦਿ, ਦੇ ਅਗੰਮੀ-ਵਾਕ, ਅਤੇ ਸਿਬੀਲਾ ਦੀਆਂ ਪੁਸਤਕਾਂ,[155] ਪਰ ਜਿਥੋਂ ਤੱਕ ਉਹਨਾਂ ਦੀ ਮੁਖ ਵਸਤੂ ਦਾ ਸੰਬੰਧ ਹੈ, ਉਹ ਸਿਰਫ ਉਹਨਾਂ ਗੱਲਾਂ ਦੀ ਭਵਿਖਬਾਣੀ ਕਰਦੀਆਂ ਹਨ ਜੋ ਢੇਰ ਚਿਰ ਪਹਿਲਾਂ ਵਾਪਰ ਚੁੱਕੀਆਂ ਸਨ ਅਤੇ ਅਸਲ ਕਰਤਾ ਨੂੰ ਜਿਨ੍ਹਾਂ ਦਾ ਚੰਗੀ ਤਰ੍ਹਾਂ ਪਤਾ ਸੀ। ਇਸ ਪ੍ਰਕਾਰ ਸੰਨ ੧੬੪ ਵਿਚ, ਐਂਤੀਓਕਸ ਐਪੀਫਾਨਸ ਦੀ ਮੌਤ ਤੋਂ ਥੋੜ੍ਹਾ ਚਿਰ ਪਹਿਲਾਂ, ਡੇਨੀਅਲ ਦੀ ਪੁਸਤਕ ਦਾ ਕਰਤਾ ਡੇਨੀਅਲ ਤੋਂ, ਜਿਹੜਾ ਨੇਬੂਖਾਦਨੇਜ਼ਾਰ ਦੇ ਸਮੇਂ ਹੋਇਆ ਦਸਿਆ ਜਾਂਦਾ ਹੈ, ਫਾਰਸ ਤੇ ਮਕਦੂਨੀਆ ਦੀਆਂ ਸਲਤਨਤਾਂ ਦੇ ਜਨਮ ਤੇ ਪਤਨ ਅਤੇ ਸੰਸਾਰ ਉਤੇ ਰੋਮਨ ਗ਼ਲਬੇ ਦੇ ਆਰੰਭ ਦੀ ਭਵਿਖਬਾਣੀ ਕਰਾਉਂਦਾ ਹੈ, ਤਾਂ ਜੋ ਭਵਿਖਬਾਣੀ ਕਰਨ ਦੀ ਆਪਣੀ ਪ੍ਰਤਿਭਾ ਦੇ ਇਸ ਸਬੂਤ ਨਾਲ ਪਾਠਕ ਨੂੰ ਆਪਣੀ ਅਖੀਰੀ ਭਵਿਖਬਾਣੀ ਪ੍ਰਵਾਨ ਕਰਨ ਲਈ ਤਿਆਰ ਕਰ ਸਕੇ, ਕਿ ਇਸਰਾਈਲ ਦੇ ਲੋਕ ਸਭ ਮੁਸ਼ਕਲਾਂ ਤੇ ਕਾਬੂ ਪਾ ਲੈਣਗੇ ਅਤੇ ਅਖੀਰ ਵਿਚ ਵਿਜਈ ਹੋਣਗੇ। ਇਸ ਲਈ ਜੇ "ਜਾਨ ਦਾ ਅਗੰਮ-ਗਿਆਨ" ਸਚ ਮੁਚ ਹੀ ਆਪਣੇ ਕਥਿਤ ਕਰਤਾ ਦੀ ਕਿਰਤ ਹੈ ਤਾਂ ਇਹ ਸਾਰੇ ਅਗੰਮੀ-ਵਾਕਾਂ ਦੇ ਸਾਹਿਤ ਵਿਚ ਇਕ ਛੋਟ ਹੀ ਹੋਵੇਗੀ।

ਜਿਹੜਾ ਜਾਨ ਇਸ ਦਾ ਕਰਤਾ ਹੋਣ ਦਾ ਦਾਹਵਾ ਕਰਦਾ ਹੈ, ਉਹ ਹਰ ਹਾਲਤ ਵਿਚ ਏਸ਼ੀਆ ਮਾਈਨਰ ਦੇ ਈਸਾਈਆਂ ਵਿਚ ਬਹੁਤ ਮੰਨਿਆ-ਪਰਮੰਨਿਆ ਆਦਮੀ ਸੀ। ਇਹ ਗੱਲ ਸੱਤ ਚਰਚਾਂ ਨੂੰ ਭੇਜੇ ਸੰਦੇਸ਼ ਦੀ ਸੁਰ ਤੋਂ ਪਰਤੱਖ ਹੁੰਦੀ ਹੈ। ਸੰਭਵ ਹੈ ਕਿ ਉਹ ਆਦਿ-ਸ਼ਿਸ਼ ਜਾਨ ਹੋਵੇ, ਜਿਸ ਦੀ ਇਤਿਹਾਸਕ ਹੋਂਦ ਪੂਰੀ ਤਰ੍ਹਾਂ ਪ੍ਰਮਾਣੀਕ ਤਾਂ ਨਹੀਂ ਪਰ ਬਹੁਤ ਮੁਮਕਿਨ ਹੋ ਸਕਦੀ ਹੈ। ਜੇ ਇਹ ਆਦਿ-ਸ਼ਿਸ਼ ਹੀ ਵਾਸਤਵ ਵਿਚ ਇਸ ਦਾ ਕਰਤਾ ਹੈ, ਤਾਂ ਸਾਡੇ ਦ੍ਰਿਸ਼ਟੀਕੋਣ ਤੋਂ ਇਹ ਗੱਲ ਹੋਰ ਵੀ ਚੰਗੀ ਹੈ। ਇਹ ਇਸ ਗੱਲ ਦੀ ਸਭ ਤੋਂ ਚੰਗੀ ਪੁਸ਼ਟੀ ਹੋਵੇਗੀ ਕਿ ਇਸ ਪੁਸਤਕ ਦੀ ਈਸਾਈਅਤ ਹੀ ਅਸਲ ਵਿਚ ਸੱਚੀ ਮੁਢਲੀ ਈਸਾਈਅਤ ਹੈ। ਲਗਦੇ ਹੱਥ ਇਹ ਵੀ ਨੋਟ ਕਰ ਲਿਆ ਜਾਏ ਕਿ, ਜ਼ਾਹਿਰਾ ਰੂਪ ਵਿਚ, "ਅਗੰਮ-ਗਿਆਨ" ਦਾ ਕਰਤਾ ਉਹ ਨਹੀਂ ਜਿਹੜਾ ਅੰਜੀਲੀ-ਕਥਾ ਜਾਂ ਤਿੰਨ ਪਤਰਾਂ ਦਾ ਕਰਤਾ ਹੈ ਕਿਉਂਕਿ ਇਹ ਵੀ ਉਸੇ ਜਾਨ ਦੇ ਨਾਂ ਨਾਲ ਜੋੜੇ ਜਾਂਦੇ ਹਨ।

"ਅਗੰਮ-ਗਿਆਨ" ਸੁਰਤੀਆਂ ਦੀ ਇਕ ਲੜੀ ਹੈ। ਪਹਿਲੀ ਸੁਰਤੀ ਵਿਚ ਈਸਾ ਵੱਡੇ ਪਾਦਰੀ ਦੇ ਲਿਬਾਸ ਵਿਚ ਪ੍ਰਗਟ ਹੁੰਦਾ ਹੈ, ਏਸ਼ੀਆ ਦੇ ਸੱਤ ਚਰਚਾਂ ਦੀਆਂ ਪ੍ਰਤਿਨਿਧ ਸੱਤ ਮੋਮਬੱਤੀਆਂ ਦੇ ਵਿਚਾਲੇ ਜਾਂਦਾ ਹੈ ਅਤੇ "ਜਾਨ" ਨੂੰ ਇਹਨਾਂ

ਚਰਚਾਂ ਦੇ ਸੱਤ "ਫਰਿਸ਼ਤਿਆਂ" ਲਈ ਸੰਦੇਸ਼ ਲਿਖਵਾਉਂਦਾ ਹੈ। ਇਥੇ ਆਰੰਭ ਵਿਚ ਹੀ ਅਸੀਂ **ਇਸ** ਈਸਾਈਅਤ ਅਤੇ ਨਿਕੇਈਆ ਦੀ ਕੌਂਸਲ[156] ਵਲੋਂ ਸੂਤਰਬੱਧ ਕੀਤੇ ਕਨਸਤਨਤੀਨ ਦੇ ਸੰਸਾਰ ਧਰਮ ਵਿਚਲਾ ਅੰਤਰ ਸਪਸ਼ਟ ਦੇਖਦੇ ਹਾਂ। ਕੇਵਲ ਇਹੋ ਨਹੀਂ ਕਿ ਤ੍ਰਿਕੁਟੀ ਦੀ ਅਜੇ ਹੋਂਦ ਨਹੀਂ, ਸਗੋਂ ਇਹ ਅਸੰਭਵ ਹੀ ਹੈ। ਪਿਛਲੇਰੇ ਸਮੇਂ ਦੀ **ਇਕ** ਪਵਿਤਰ ਰੂਹ ਦੀ ਥਾਂ ਇਥੇ "ਈਸ਼ਵਰ ਦੀਆਂ ਸੱਤ ਆਤਮਾਵਾਂ" ਹਨ ਜਿਨ੍ਹਾਂ ਨੂੰ ਰੱਬੀਆਂ* ਨੇ ਈਸਾਈਆ ਦੀ ਪੁਸਤਕ, ੧੧: ੨, ਵਿਚੋਂ ਲਿਆ ਹੈ। ਈਸਾ ਈਸ਼ਵਰ ਦਾ ਪੁਤਰ ਹੈ, ਪਹਿਲਾ ਅਤੇ ਆਖਰੀ, ਆਦਿ ਅਤੇ ਅੰਤ, ਉਹ ਕਿਸੇ ਵੀ ਤਰ੍ਹਾਂ ਆਪ ਈਸ਼ਵਰ ਨਹੀਂ ਜਾਂ ਈਸ਼ਵਰ ਦੇ ਸਮਾਨ ਨਹੀਂ, ਸਗੋਂ ਇਸ ਦੇ ਉਲਟ, ਉਹ "ਈਸ਼ਵਰ ਦੀ **ਸਿਰਜਣਾ** ਦਾ ਆਰੰਭ" ਹੈ, ਇਸ ਕਰਕੇ ਈਸ਼ਵਰ ਦਾ ਜ਼ਹੂਰ ਹੈ, ਜੋ ਆਦਿ ਜੁਗਾਦਿ ਤੋਂ ਵਿਦਮਾਨ ਹੈ ਪਰ ਈਸ਼ਵਰ ਦੇ ਅਧੀਨ ਹੈ, ਉਪਰ-ਕਥਿਤ ਸੱਤ ਆਤਮਾਵਾਂ ਵਾਂਗ। ਅਧਿਆਇ ੧੫, ੩, ਵਿਚ ਸ਼ਹੀਦ ਸਵਰਗ ਵਿਚ, "ਈਸ਼ਵਰ ਦੇ ਸੇਵਕ, ਮੂਸਾ ਦਾ ਗੀਤ ਅਤੇ ਲੇਲੇ ਦਾ ਗੀਤ" ਈਸ਼ਵਰ ਦੀ ਉਸਤਤੀ ਕਰਦਿਆਂ ਗਾਉਂਦੇ ਹਨ। ਇਸ ਪ੍ਰਕਾਰ ਈਸਾ ਇਥੇ ਕੇਵਲ ਈਸ਼ਵਰ ਦੇ ਅਧੀਨ ਹੀ ਨਹੀਂ ਸਗੋਂ, ਇਕ ਨਿਸਚਿਤ ਪਖੋਂ, ਮੂਸਾ ਦੇ ਬਰਾਬਰ ਵੀ ਪ੍ਰਗਟ ਹੁੰਦਾ ਹੈ। ਈਸਾ ਨੂੰ ਯਰੂਸ਼ਲਮ ਵਿਚ ਸਲੀਬ ਤੇ ਚਾੜ੍ਹਿਆ ਜਾਂਦਾ ਹੈ (੧੧:੮) ਪਰ ਉਹ ਮੁੜ ਜ਼ਿੰਦਾ ਹੋ ਜਾਂਦਾ ਹੈ (੧:੫:੧੮); ਉਹ "ਲੇਲਾ" ਹੈ ਜਿਸ ਦੀ ਸੰਸਾਰ ਦੇ ਪਾਪਾਂ ਕਾਰਨ ਕੁਰਬਾਨੀ ਦਿਤੀ ਜਾਂਦੀ ਹੈ ਅਤੇ ਜਿਸ ਦਾ ਲਹੂ ਸਭਨਾਂ ਜ਼ਬਾਨਾਂ ਤੇ ਸਭਨਾਂ ਕੌਮਾਂ ਦੇ ਸ਼ਰਧਾਲੂਆਂ ਨੂੰ ਈਸ਼ਵਰ ਅੱਗੇ ਮੁਕਤ ਕਰ ਦੇਂਦਾ ਹੈ। ਇਥੇ ਉਹ ਬੁਨਿਆਦੀ ਵਿਚਾਰ ਸਾਡੇ ਸਾਮ੍ਹਣੇ ਆਉਂਦਾ ਹੈ ਜਿਸ ਨੇ ਮੁਢਲੀ ਈਸਾਈਅਤ ਨੂੰ **ਸੰਸਾਰ** ਧਰਮ ਵਿਚ ਵਿਕਸਤ ਹੋਣ ਦੇ ਯੋਗ ਬਣਾਇਆ ਸੀ। ਉਸ ਵੇਲੇ ਦੇ ਸਾਰੇ ਹੀ ਸਾਮੀ ਤੇ ਯੂਰਪੀ ਧਰਮਾਂ ਦਾ ਇਹ ਵਿਚਾਰ ਸੀ ਕਿ ਮਨੁਖ ਦੇ ਅਮਲਾਂ ਤੇ ਕਰੋਪ ਹੋਏ ਦੇਵਤਿਆਂ ਨੂੰ ਕੁਰਬਾਨੀ ਦੇਕੇ ਪ੍ਰਸੰਨ ਕੀਤਾ ਜਾ ਸਕਦਾ ਸੀ; ਈਸਾਈਅਤ ਵਿਚ ਪਹਿਲਾ ਇਨਕਲਾਬੀ ਬੁਨਿਆਦੀ ਵਿਚਾਰ (ਫਿਲੋ ਦੀ ਪਰਪਾਟੀ ਤੋਂ ਹੁਦਾਰ ਲਿਆ ਹੋਇਆ) ਸ਼ਰਧਾਲੂਆਂ ਲਈ ਇਹ ਸੀ ਕਿ ਇਕ ਵਿਚੋਲੇ ਦੀ ਇਕੋ ਵੱਡੀ ਸਵੈ-ਇੱਛਤ ਕੁਰਬਾਨੀ ਨਾਲ ਸਭਨਾਂ ਸਮਿਆਂ ਅਤੇ ਸਭਨਾਂ ਮਨੁਖਾਂ ਦੇ ਪਾਪਾਂ ਦਾ ਹਮੇਸ਼ਾ ਲਈ ਪ੍ਰਾਸ਼ਚਿਤ ਹੋ ਜਾਂਦਾ ਹੈ। ਇਸ ਪ੍ਰਕਾਰ ਹੋਰ ਕੁਰਬਾਨੀਆਂ ਦੀ ਲੋੜ ਖਤਮ ਕਰ ਦਿਤੀ ਗਈ ਅਤੇ ਇਸ ਦੇ ਨਾਲ ਹੀ ਬਹੁਤ ਸਾਰੀਆਂ ਧਾਰਮਿਕ ਰਹੁ-ਰੀਤਾਂ ਦਾ ਆਧਾਰ ਖ਼ਤਮ ਹੋ ਗਿਆ; ਪਰ ਉਹਨਾਂ ਰਹੁ-ਰੀਤਾਂ ਤੋਂ ਆਜ਼ਾਦੀ ਜਿਹੜੀਆਂ ਦੂਜੇ ਧਰਮਾਂ ਦੇ ਲੋਕਾਂ ਨਾਲ ਮੇਲਜੋਲ ਮੁਸ਼ਕਲ ਬਣਾਉਂਦੀਆਂ ਜਾਂ ਇਸ

---

*ਯਹੂਦੀਆਂ ਦੇ ਪ੍ਰੋਹਿਤ।—**ਅਨੁ:**

ਦੀ ਮਨਾਹੀ ਕਰਦੀਆਂ ਸਨ ਸੰਸਾਰ ਧਰਮ ਦੀ ਪਹਿਲੀ ਸ਼ਰਤ ਸੀ। ਇਸ ਦੇ ਬਾਵਜੂਦ ਕੁਰਬਾਨੀ ਦੀ ਆਦਤ ਲੋਕਾਂ ਦੇ ਰਸਮ ਰਿਵਾਜਾਂ ਵਿਚ ਏਨੀ ਡੂੰਘੀ ਜੜ੍ਹ ਫੜ ਚੁਕੀ ਸੀ ਕਿ ਕੈਥੋਲਿਕ ਧਰਮ ਨੂੰ—ਜਿਸ ਨੇ ਬੁਤ-ਪੂਜਕਾਂ ਤੋਂ ਬਹੁਤ ਕੁਝ ਹੁਦਾਰ ਲਿਆ ਸੀ—ਇਹ ਉਚਿਤ ਪ੍ਰਤੀਤ ਹੋਇਆ ਕਿ ਘਟੋ ਘਟ ਰੱਬੀ ਭੋਜ ਦੇ ਸੰਸਕਾਰ ਦੀ ਪ੍ਰਤੀਕਾਤਮਕ ਕੁਰਬਾਨੀ ਰੀਤਾਂ ਵਿਚ ਸ਼ਾਮਲ ਕਰਕੇ ਇਸ ਤੱਥ ਨਾਲ ਸਮਝੌਤਾ ਕਰ ਲਿਆ ਜਾਏ। ਦੂਜੇ ਪਾਸੇ ਸਾਡੀ ਇਸ ਪੁਸਤਕ ਵਿਚ ਆਦਿ-ਗੁਨਾਹ ਦੇ ਮੱਤ ਦਾ ਕੋਈ ਨਾਂ-ਨਿਸ਼ਾਨ ਨਹੀਂ ਹੈ।

ਪਰ ਇਹਨਾਂ ਸੰਦੇਸ਼ਾਂ ਵਿਚ, ਸਮੁਚੀ ਪੁਸਤਕ ਵਾਂਗ ਹੀ, ਅਤਿਅੰਤ ਲਖਣਾਇਕ ਗੱਲ ਇਹ ਹੈ ਕਿ ਕਰਤਾ ਨੂੰ ਕਦੇ ਵੀ ਅਤੇ ਕਿਧਰੇ ਵੀ ਇਹ ਗੱਲ ਨਹੀਂ ਸੁਝਦੀ ਕਿ ਉਹ ਆਪਣੇ ਆਪ ਦਾ ਅਤੇ ਆਪਣੇ ਸਹਿ-ਧਰਮੀਆਂ ਦਾ **ਯਹੂਦੀ** ਤੋਂ ਬਿਨਾਂ ਕਿਸੇ ਹੋਰ ਨਾਂ ਨਾਲ ਜ਼ਿਕਰ ਕਰੇ। ਉਹ ਸਮਿਰਨਾ ਅਤੇ ਫਿਲਾਡੈਲਫੀਆ ਦੇ ਫਿਰਕਿਆਂ ਦੀ ਝਾੜ ਝੰਭ ਕਰਦਾ ਹੈ ਜਿਨ੍ਹਾਂ ਉਤੇ ਉਹ ਦੋਸ਼ ਥਪਦਾ ਹੈ ਕਿ

> "ਉਹ ਕਹਿੰਦੇ ਤਾਂ ਹਨ ਕਿ ਉਹ ਯਹੂਦੀ ਹਨ, ਅਤੇ ਹਨ ਨਹੀਂ, ਸਗੋਂ ਸ਼ੈਤਾਨ ਦੇ ਉਪਾਸ਼ਕ ਹਨ।"

ਪੇਰਗਾਮੋਸ ਵਾਲਿਆਂ ਬਾਰੇ ਉਹ ਕਹਿੰਦਾ ਹੈ: ਉਹ ਬਲਾਮ ਦੇ ਮੱਤ ਦੇ ਧਾਰਨੀ ਹਨ, ਜਿਸ ਨੇ ਬਲਾਕ ਨੂੰ **ਇਸਰਾਈਲ ਦੇ ਵੰਸ਼** ਅੱਗੇ ਅੜਿਕੇ ਖੜੇ ਕਰਨ ਦੀ ਮੱਤ ਦਿਤੀ ਸੀ, ਮੂਰਤੀਆਂ ਅੱਗੇ ਬਲੀ ਚਾੜ੍ਹੀਆਂ ਚੀਜ਼ਾਂ ਖਾਣ, ਅਤੇ ਪਰ-ਗਮਨ ਕਰਨ ਦੀ ਸਿਖਿਆ ਦਿਤੀ ਸੀ। ਇਸ ਲਈ ਇਥੇ ਮਾਮਲਾ ਚੇਤੰਨ ਈਸਾਈਆਂ ਦਾ ਨਹੀਂ ਸਗੋਂ ਉਹਨਾਂ ਲੋਕਾਂ ਦਾ ਹੈ ਜਿਹੜੇ ਕਹਿੰਦੇ ਹਨ ਕਿ ਉਹ ਯਹੂਦੀ ਹਨ। ਮੰਨਿਆ ਕਿ ਉਹਨਾਂ ਦੀ ਯਹੂਦੀਅਤ ਮੁਢਲੇ ਯਹੂਦੀ ਧਰਮ ਦੇ ਵਿਕਾਸ ਦਾ ਨਵਾਂ ਪੜਾਅ ਹੈ, ਪਰ ਠੀਕ ਇਸੇ ਕਾਰਨ ਹੀ ਇਹ ਇਕੋ ਇਕ ਸੱਚਾ ਪੜਾਅ ਹੈ। ਇਸ ਲਈ, ਜਦੋਂ ਸੰਤ ਈਸ਼ਵਰ ਦੇ ਦਰਬਾਰ ਵਿਚ ਹਾਜ਼ਰ ਹੋਏ ਤਾਂ ਸਭ ਤੋਂ ਪਹਿਲਾਂ ੧,੪੪,੦੦੦ ਯਹੂਦੀ ਪੇਸ਼ ਹੋਏ, ਹਰ ਕਬੀਲੇ ਵਿਚੋਂ ੧੨,੦੦੦, ਅਤੇ ਉਹਨਾਂ ਤੋਂ ਪਿਛੋਂ ਕਾਫਰਾਂ ਦਾ ਬੇਸ਼ੁਮਾਰ ਜਨਸਮੂਹ ਜਿਨ੍ਹਾਂ ਦਾ ਇਸ ਨਵਿਆਈ ਯਹੂਦੀਅਤ ਵਿਚ ਧਰਮ-ਪਰਿਵਰਤਨ ਕਰ ਲਿਆ ਗਿਆ ਸੀ। ਸੋ ਸਾਡਾ ਲੇਖਕ ਈਸਵੀ ਸੰਨ ਦੇ ੬੯-ਵੇਂ ਸਾਲ ਵਿਚ ਇਸ ਗੱਲ ਤੋਂ ਅਣਜਾਣ ਸੀ ਕਿ ਉਹ ਇਕ ਧਰਮ ਦੇ ਵਿਕਾਸ ਵਿਚ ਬਿਲਕੁਲ ਨਵੇਂ ਪੜਾਅ ਦਾ ਪ੍ਰਤਿਨਿਧ ਹੈ, ਜਿਸ ਨੇ ਮਨੁਖੀ ਮਨ ਦੇ ਇਤਿਹਾਸ ਵਿਚ ਇਕ ਅਤਿਅੰਤ ਇਨਕਲਾਬੀ ਤੱਤ ਬਣਨਾ ਸੀ।

ਇਸ ਲਈ ਅਸੀਂ ਦੇਖਦੇ ਹਾਂ ਕਿ ਉਸ ਸਮੇਂ ਦੀ ਈਸਾਈਅਤ, ਜਿਹੜੀ ਹਾਲੇ ਆਪਣੇ ਬਾਰੇ ਬੇਖ਼ਬਰ ਸੀ, ਨਿਕੇਈਆ ਦੀ ਕੌਂਸਲ ਦੇ ਪਿਛਲੇਰੇ ਕਟੜਮੱਤ ਦੇ ਰੂਪ

ਵਿਚ ਨਿਸਚਿਤ ਕੀਤੇ ਸੰਸਾਰ ਧਰਮ ਨਾਲੋਂ ਓਨੀ ਹੀ ਵਖਰੀ ਸੀ ਜਿੱਨੀ ਧਰਤੀ ਆਕਾਸ਼ ਤੋਂ ਹੈ; ਇਕ ਨੂੰ ਦੂਜੇ ਵਿਚੋਂ ਲਭਿਆ ਨਹੀਂ ਜਾ ਸਕਦਾ। ਇਥੇ ਪਿਛਲੇਰੀ ਈਸਾਈਅਤ ਵਾਲਾ ਨਾ ਤਾਂ ਕਟੜਮੱਤ ਹੈ ਨਾ ਨੈਤਿਕਤਾ। ਸਗੋਂ ਇਸ ਦੀ ਥਾਂ ਇਕ ਅਹਿਸਾਸ ਹੈ ਕਿ ਬੰਦਾ ਸਾਰੇ ਸੰਸਾਰ ਦੇ ਖਿਲਾਫ ਸੰਗਰਾਮ ਕਰ ਰਿਹਾ ਹੈ ਅਤੇ ਕਿ ਇਹ ਸੰਗਰਾਮ ਵਿਜਈ ਹੋਵੇਗਾ; ਸੰਗਰਾਮ ਲਈ ਉਤਸੁਕਤਾ ਅਤੇ ਜਿੱਤ ਬਾਰੇ ਯਕੀਨ ਜਿਸ ਦੀ ਅਜ ਦੀ ਈਸਾਈਅਤ ਵਿਚ ਉੱਕਾ ਹੀ ਅਣਹੋਂਦ ਹੈ ਅਤੇ ਜਿਹੜੇ ਸਾਡੇ ਸਮੇਂ ਕੇਵਲ ਸਮਾਜ ਦੇ ਦੂਜੇ ਸਿਰੇ ਤੇ, ਸਮਾਜਵਾਦੀਆਂ ਵਿਚ ਹੀ ਦਿਸਦੇ ਹਨ।

ਅਸਲ ਵਿਚ, ਉਸ ਸੰਸਾਰ ਦੇ ਖਿਲਾਫ ਜੋ ਸ਼ੁਰੂ ਵਿਚ ਬਲ ਦੇ ਪਖੋਂ ਸ੍ਰੇਸ਼ਠ ਸੀ, ਅਤੇ ਇਸ ਦੇ ਨਾਲ ਹੀ ਨਵ-ਸਿਰਜਕਾਂ ਦੇ ਖ਼ੁਦ ਆਪਣੇ ਅੰਦਰ ਸੰਗਰਾਮ, ਮੁਢਲੇ ਈਸਾਈਆਂ ਅਤੇ ਸਮਾਜਵਾਦੀਆਂ ਵਿਚ ਸਾਂਝੀ ਗੱਲ ਹੈ। ਇਹਨਾਂ ਦੋ ਮਹਾਨ ਲਹਿਰਾਂ ਵਿਚੋਂ ਕਿਸੇ ਨੂੰ ਵੀ ਆਗੂਆਂ ਜਾਂ ਪੈਗ਼ੰਬਰਾਂ ਨੇ ਨਹੀਂ ਸੀ ਜਨਮ ਦਿਤਾ—ਭਾਵੇਂ ਦੋਹਾਂ ਵਿਚ ਹੀ ਕਾਫੀ ਪੈਗ਼ੰਬਰ ਸਨ—ਇਹ ਲੋਕ ਲਹਿਰਾਂ ਸਨ। ਅਤੇ ਸ਼ੁਰੂ ਵਿਚ ਲੋਕ ਲਹਿਰਾਂ ਅੰਦਰ ਰੋਲ ਘਚੋਲਾ ਲਾਜ਼ਮੀ ਚੀਜ਼ ਹੈ; ਇਸ ਲਈ ਕਿ ਪਹਿਲਾਂ ਪਹਿਲਾਂ ਜਨਸਮੂਹ ਦੀ ਕੁਲ ਸੋਚ ਅੰਤਰ-ਵਿਰੋਧਾਂ ਵਿਚੋਂ, ਸਪਸ਼ਟਤਾ ਦੀ ਅਣਹੋਂਦ ਵਿਚੋਂ ਅਤੇ ਇਕੱਤਾ ਦੀ ਘਾਟ ਵਿਚੋਂ ਗਤੀਮਾਨ ਹੁੰਦੀ ਹੈ; ਅਤੇ ਉਸ ਰੋਲ ਦੇ ਕਾਰਨ ਵੀ ਜਿਹੜਾ ਅਜੇ ਵੀ ਸ਼ੁਰੂ ਸਮੇਂ ਪੈਗ਼ੰਬਰ ਇਹਨਾਂ ਲਹਿਰਾਂ ਵਿਚ ਅਦਾ ਕਰਦੇ ਹਨ। ਇਹ ਰੋਲ ਘਚੋਲਾ ਉਹਨਾਂ ਅਣਗਿਣਤ ਫਿਰਕਿਆਂ ਦੀ ਰਚਨਾ ਵਿਚ ਵੀ ਦਿਖਾਈ ਦੇਂਦਾ ਹੈ ਜਿਹੜੇ ਆਪਸ ਵਿਚ ਘਟੋ ਘਟ ਓਨੇ ਹੀ ਜੋਸ਼ ਨਾਲ ਲੜਦੇ ਹਨ ਜਿੱਨੇ ਜੋਸ਼ ਨਾਲ ਉਹ ਸਾਂਝੇ ਬਾਹਰਲੇ ਦੁਸ਼ਮਣ ਨਾਲ ਲੜਦੇ ਹਨ। ਮੁਢਲੀ ਈਸਾਈਅਤ ਵਿਚ ਇਹੋ ਕੁਝ ਹੀ ਹੋਇਆ ਸੀ, ਸਮਾਜਵਾਦੀ ਲਹਿਰ ਦੇ ਮੁਢਲੇ ਦੌਰ ਵਿਚ ਇਹ ਕੁਝ ਹੋਇਆ, ਭਾਵੇਂ ਨੇਕਨੀਅਤ ਸਤਿਕਾਰਿਤ ਵਿਅਕਤੀਆਂ ਨੂੰ ਇਸ ਤੋਂ ਕਿੰਨੀ ਵੀ ਚਿੰਤਾ ਹੋਈ ਜਿਹੜੇ ਏਕਤਾ ਦਾ ਪ੍ਰਚਾਰ ਕਰਦੇ ਸਨ ਜਿਥੇ ਕੋਈ ਏਕਤਾ ਸੰਭਵ ਨਹੀਂ ਸੀ।

ਕੀ ਇੰਟਰਨੇਸ਼ਨਲ ਕਿਸੇ ਇਕ-ਰੂਪ ਮੱਤ ਸਦਕਾ ਇਕਮੁਠ ਸੀ? ਨਹੀਂ, ਗੱਲ ਇਸ ਦੇ ਉਲਟ ਸੀ। ਉਸ ਵਿਚ ੧੮੪੮ ਤੋਂ ਪਹਿਲਾਂ ਦੀ ਫ਼ਰਾਂਸੀਸੀ ਪਰੰਪਰਾ ਦੇ ਕਮਿਊਨਿਸਟ ਸਨ, ਜਿਨ੍ਹਾਂ ਵਿਚ ਫੇਰ ਅਗੋਂ ਕਈ ਵਨੰਗੀਆਂ ਸਨ: ਵਾਈਟਲਿੰਗ[157] ਦੀ ਪਰਪਾਟੀ ਦੇ ਕਮਿਊਨਿਸਟ ਅਤੇ ਪੁਨਰ-ਸੁਰਜੀਤ ਹੋਈ ਕਮਿਊਨਿਸਟ ਲੀਗ ਦੇ ਮੈਂਬਰ, ਫਰਾਂਸ ਅਤੇ ਬੈਲਜੀਅਮ ਵਿਚ ਪ੍ਰਬਲਤਾ ਰਖਣ ਵਾਲੇ ਪਰੂਧੋਨਵਾਦੀ[158]; ਬਲਾਂਕੀਵਾਦੀ; ਜਰਮਨ ਮਜ਼ਦੂਰ ਪਾਰਟੀ; ਅਤੇ ਅਖੀਰ ਵਿਚ ਬਾਕੂਨਿਨਵਾਦੀ-ਅਰਾਜਕਤਾਵਾਦੀ[159] ਜਿਨ੍ਹਾਂ ਦਾ ਸਪੇਨ ਤੇ ਇਟਲੀ ਵਿਚ ਥੋੜ੍ਹੇ ਚਿਰ ਲਈ ਹੱਥ ਉਤੇ ਰਿਹਾ,—ਇਹ ਕੇਵਲ ਮੁਖ ਦਲ ਹੀ ਸਨ। ਅਰਾਜਕਤਾਵਾਦੀਆਂ ਨਾਲੋਂ ਹਰ ਥਾਂ

ਸਦਾ ਲਈ ਤੇ ਪੂਰੀ ਤਰ੍ਹਾਂ ਤੋੜ-ਵਿਛੋੜੇ ਨੂੰ ਇੰਟਰਨੈਸ਼ਨਲ ਦੀ ਸਥਾਪਤੀ ਤੋਂ ਪਿਛੋਂ ਚੁਥਾਈ ਸਦੀ ਲਗ ਗਈ ਅਤੇ ਤਾਂ ਘਟੋ ਘਟ ਅਤਿਅੰਤ ਵਿਆਪਕ ਆਰਥਕ ਦ੍ਰਿਸ਼ਟੀਕੋਣਾਂ ਦੇ ਪੱਖੋਂ ਏਕਤਾ ਸਥਾਪਤ ਹੋ ਸਕੀ। ਅਤੇ ਉਹ ਵੀ ਓਦੋਂ ਜਦੋਂ ਸਾਡੇ ਕੋਲ ਸੰਚਾਰ ਸਾਧਨ ਹਨ, ਰੇਲਾਂ, ਤਾਰ ਸਿਲਸਲਾ, ਧੜਵੇਲ ਸਨਅਤੀ ਸ਼ਹਿਰ, ਪ੍ਰੈਸ, ਜਥੇਬੰਦ ਲੋਕ ਅਸੈਂਬਲੀਆਂ।

ਮੁਢਲ ਈਸਾਈ ਉਸੇ ਤਰ੍ਹਾਂ ਹੀ ਅਣਗਿਣਤ ਫਿਰਕਿਆਂ ਵਿਚ ਵੰਡੇ ਹੋਏ ਸਨ, ਜੋ ਇਕ ਸਾਧਨ ਸੀ ਜਿਸ ਦੁਆਰਾ ਵਿਚਾਰ-ਵਟਾਂਦਰਾ ਅਤੇ ਫਿਰ ਇਸ ਦੁਆਰਾ ਏਕਤਾ ਪ੍ਰਾਪਤ ਹੋਈ। ਅਸੀਂ ਇਹ ਗੱਲ ਇਸ ਪੁਸਤਕ ਵਿਚ, ਜੋਕਿ ਨਿਰਸੰਦੇਹ ਸਭ ਤੋਂ ਪੁਰਾਣੀ ਈਸਾਈ ਦਸਤਾਵੇਜ਼ ਹੈ, ਦੇਖਦੇ ਹਾਂ, ਅਤੇ ਸਾਡਾ ਲੇਖਕ ਉਸੇ ਹੀ ਅਝੁਕ ਗਰਮ ਜੋਸ਼ੀ ਨਾਲ ਇਸ ਦੇ ਖਿਲਾਫ ਲੜਦਾ ਹੈ ਜਿਸ ਨਾਲ ਬਾਹਰਲੇ ਵੱਡੇ ਪਾਪੀ ਸੰਸਾਰ ਦੇ ਖਿਲਾਫ। ਸਭ ਤੋਂ ਪਹਿਲਾਂ ਏਫੇਸਸ ਅਤੇ ਪਰਗਾਮੋਸ ਵਿਚ ਸਾਰੇ ਨਿਕੋਲਾਈਟਨ ਹਨ; ਸਮਿਰਨਾ ਅਤੇ ਫਿਲਾਡੇਲਫੀਆ ਵਿਚ, ਉਹ ਲੋਕ ਹਨ ਜਿਹੜੇ ਕਹਿੰਦੇ ਹਨ ਕਿ ਉਹ ਯਹੂਦੀ ਹਨ ਪਰ ਹਨ ਸ਼ੈਤਾਨ ਦੇ ਉਪਾਸ਼ਕ, ਪਰਗਾਮੋਸ ਵਿਚ, ਬਲਾਮ ਦੀ ਸਿਖਿਆ ਦੇ ਅਨੁਯਾਈ ਹਨ, ਜਿਸ ਨੂੰ ਝੂਠਾ ਪੈਗ਼ੰਬਰ ਆਖਿਆ ਗਿਆ ਹੈ; ਏਫੇਸਸ ਵਿਚ, ਉਹ ਹਨ ਜਿਹੜੇ ਆਪਣੇ ਆਪ ਨੂੰ ਆਦਿ-ਸ਼ਿਸ਼ ਕਹਿੰਦੇ ਹਨ ਅਤੇ ਨਹੀਂ ਹਨ; ਅਤੇ ਅਖੀਰ ਵਿਚ, ਥੀਆਤੀਰਾ ਵਿਚ, ਝੂਠੇ ਪੈਗ਼ੰਬਰ ਦੇ ਹਮਾਇਤੀ ਹਨ ਜਿਸ ਨੂੰ ਜੈਜ਼ੇਬਲ ਦਸਿਆ ਗਿਆ ਹੈ। ਸਾਨੂੰ ਇਹਨਾਂ ਫਿਰਕਿਆਂ ਦਾ ਵਧੇਰੇ ਵੇਰਵਾ ਨਹੀਂ ਦਿਤਾ ਗਿਆ, ਸਿਰਫ ਬਲਾਮ ਅਤੇ ਜੈਜ਼ੇਬਲ ਦੇ ਅਨੁਯਾਈਆਂ ਬਾਰੇ ਹੀ ਇਹ ਆਖਿਆ ਗਿਆ ਹੈ ਕਿ ਉਹ ਦੇਵਤਿਆਂ ਨੂੰ ਚਾੜ੍ਹੀ ਬਲੀ ਦੀਆਂ ਚੀਜ਼ਾਂ ਖਾਂਦੇ ਸਨ ਅਤੇ ਪਰ-ਗਮਨ ਕਰਦੇ ਸਨ। ਇਹਨਾਂ ਪੰਜਾਂ ਫਿਰਕਿਆਂ ਨੂੰ ਪਾਲ ਦੇ ਪੈਰੋਕਾਰ ਈਸਾਈ ਸਮਝਣ ਦੇ ਜਤਨ ਕੀਤੇ ਗਏ ਹਨ ਅਤੇ ਸਾਰੇ ਸੰਦੇਸ਼ਾਂ ਨੂੰ ਪਾਲ, ਝੂਠੇ ਆਦਿ-ਸ਼ਿਸ਼ ਦੇ, ਕਥਿਤ ਬਲਾਮ ਅਤੇ "ਨਿਕੋਲਸ" ਦੇ ਖਿਲਾਫ ਸਮਝਣ ਦੇ। ਰੇਨਾਨ ਦੀ ਪੁਸਤਕ "ਸੰਤ ਪਾਲ" (ਪੈਰਿਸ, ੧੮੬੯, ਪੰਨੇ ੩੦੩-੦੫ ਅਤੇ ੩੬੭-੭੦) ਵਿਚ ਇਸ ਬਾਰੇ ਜੋ ਦਲੀਲਾਂ ਇਕੱਠੀਆਂ ਕੀਤੀਆਂ ਗਈਆਂ ਹਨ ਉਹ ਨਿਰਾਧਾਰ ਹਨ। ਇਹ ਸਭ ਸੰਦੇਸ਼ਾਂ ਦੀ ਵਿਆਖਿਆ ਆਦਿ-ਸ਼ਿਸ਼ਾਂ ਦੇ ਅਮਲਾਂ ਅਤੇ ਅਖੌਤੀ ਪਾਲ ਦੇ ਪੱਤਰਾਂ ਦੁਆਰਾ ਕਰਨ ਦੀ ਪ੍ਰਵਿਰਤੀ ਰਖਦੀਆਂ ਹਨ। ਪਰ ਇਹ ਲਿਖਤਾਂ (ਪੱਤਰ) ਘਟੋ ਘਟ ਆਪਣੇ ਵਰਤਮਾਨ ਰੂਪ ਵਿਚ "ਅਗੰਮ-ਗਿਆਨ" ਨਾਲੋਂ ਵਧ ਨਹੀਂ ਤਾਂ ੬੦ ਵਰ੍ਹੇ ਪਿਛੋਂ ਦੀਆਂ ਹਨ; ਅਤੇ ਇਸ ਲਈ ਜਿਨ੍ਹਾਂ ਦਾ ਸੰਬੰਧਤ ਵਾਸਤਵਿਕ ਵੇਰਵਾ ਕੇਵਲ ਬੇਹੱਦ ਸ਼ਕੀ ਹੀ ਨਹੀਂ ਸਗੋਂ ਉੱਕਾ ਹੀ ਅੰਤਰ-ਵਿਰੋਧੀ ਵੀ ਹੈ। ਪਰ ਨਿਰਣਾਇਕ ਗੱਲ ਇਹ ਹੈ ਕਿ ਲੇਖਕ ਨੂੰ ਇਹ ਸੁਝ ਹੀ ਨਹੀਂ ਸੀ ਸਕਦਾ ਕਿ ਇਕੋ ਹੀ ਫਿਰਕੇ ਨੂੰ ਪੰਜ ਵਖਰੇ ਵਖਰੇ ਨਾਂ ਦੇਂਦਾ ਅਤੇ ਸਗੋਂ ਇਕੱਲੇ

ਏਫੇਸਸ ਨੂੰ ਵੀ ਦੋ (ਝੂਠੇ ਆਦਿ-ਸ਼ਿਸ਼ ਅਤੇ ਨਿਕੋਲਾਈਟਨ) ਅਤੇ ਪਰਗਾਮੋਸ ਲਈ ਵੀ ਦੋ (ਬਲਾਮਾਈਟ ਅਤੇ ਨਿਕੋਲਾਈਟਨ), ਅਤੇ ਇਹਨਾਂ ਦਾ ਹਰ ਵਾਰ ਪ੍ਰਤੱਖ ਤੌਰ ਤੇ ਦੋ ਵਖਰੇ ਫਿਰਕਿਆਂ ਵਜੋਂ ਜ਼ਿਕਰ ਕਰਦਾ। ਇਸ ਦੇ ਨਾਲ ਹੀ ਇਸ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਇਹਨਾ ਫਿਰਕਿਆਂ ਵਿਚ ਅਜਿਹੇ ਤੱਤ ਵੀ ਸਨ ਜਿਨ੍ਹਾਂ ਨੂੰ ਅੱਜ ਪਾਲ ਦੇ ਅਨੁਯਾਈ ਆਖਿਆ ਜਾਏਗਾ।

ਦੋਹਾਂ ਮਾਮਲਿਆਂ ਵਿਚ ਜਿਨ੍ਹਾਂ ਦਾ ਵਧੇਰੇ ਵਿਸਥਾਰ ਦਿਤਾ ਗਿਆ ਹੈ ਦੇਵਤਿਆਂ ਨੂੰ ਚੜ੍ਹਾਇਆ ਗੋਸ਼ਤ ਖਾਣ ਅਤੇ ਪਰ-ਗਮਨ ਕਰਨ ਦਾ ਦੋਸ਼ ਹੈ। ਇਹ ਉਹ ਦੋ ਨੁਕਤੇ ਹਨ ਜਿਨ੍ਹਾਂ ਬਾਰੇ ਯਹੂਦੀ—ਪੁਰਾਣੇ ਅਤੇ ਈਸਾਈ ਯਹੂਦੀ ਦੋਵੇਂ ਹੀ—ਧਰਮ-ਪਰਿਵਰਤਿਤ ਕਾਫਰਾਂ ਨਾਲ ਲਗਾਤਾਰ ਬਹਿਸਦੇ ਰਹਿੰਦੇ ਸਨ। ਕਾਫਰਾਂ ਵਲੋਂ ਦਿਤੀਆਂ ਕੁਰਬਾਨੀਆਂ ਦਾ ਗੋਸ਼ਤ ਕੇਵਲ ਜਸ਼ਨੀ ਭੋਜ ਵੇਲੇ ਵਰਤਾਇਆ ਹੀ ਨਹੀਂ ਸੀ ਜਾਂਦਾ ਜਿਥੇ ਵਰਤਾਏ ਭੋਜਨ ਤੋਂ ਇਨਕਾਰ ਕਰਨਾ ਅਣਉਚਿਤ ਪ੍ਰਤੀਤ ਹੁੰਦਾ ਅਤੇ ਸਗੋਂ ਖਤਰਨਾਕ ਵੀ ਹੋ ਸਕਦਾ ਸੀ; ਇਹ ਬਾਜ਼ਾਰ ਵਿਚ ਵੇਚਿਆ ਵੀ ਜਾਂਦਾ ਸੀ; ਜਿਥੇ ਇਸ ਗੱਲ ਦਾ ਨਿਤਾਰਾ ਕਰਨਾ ਹਮੇਸ਼ਾ ਹੀ ਸੰਭਵ ਨਹੀਂ ਸੀ ਕਿ ਇਹ ਕਾਨੂੰਨ ਦੀ ਨਜ਼ਰ ਵਿਚ ਪਵਿਤਰ ਸੀ ਜਾਂ ਨਹੀਂ। ਪਰ-ਗਮਨ ਤੋਂ ਯਹੂਦੀ ਵਿਆਹੋਂ-ਬਾਹਰਲੇ ਲਿੰਗ ਸੰਬੰਧਾਂ ਦਾ ਹੀ ਨਹੀਂ ਸਗੋਂ ਉਸ ਰਿਸ਼ਤੇ ਵਿਚ ਵਿਆਹ ਦਾ, ਜਿਹੜੇ ਵਿਚ ਯਹੂਦੀ ਕਾਨੂੰਨ ਵਿਆਹ ਦੀ ਮਨਾਹੀ ਕਰਦਾ ਸੀ ਜਾਂ ਯਹੂਦੀ ਅਤੇ ਗੈਰ-ਯਹੂਦੀ ਵਿਆਹ ਹੁੰਦਾ ਸੀ, ਅਰਥ ਵੀ ਲੈਂਦੇ ਸਨ। ਆਦਿ-ਸ਼ਿਸ਼ਾਂ ਦੇ ਅਮਲਾਂ ਦੇ ੧੫:੨੦ ਅਤੇ ੨੯ ਵਿਚ ਇਸ ਸ਼ਬਦ ਨੂੰ ਆਮ ਕਰਕੇ ਇਸੇ ਅਰਥ ਵਿਚ ਹੀ ਵਰਤਿਆ ਗਿਆ ਹੈ। ਪਰ ਸਨਾਤਨੀ ਯਹੂਦੀਆਂ ਨੂੰ ਜਿਨ੍ਹਾਂ ਲਿੰਗ ਸੰਬੰਧਾਂ ਦੀ ਆਗਿਆ ਸੀ ਉਹਨਾਂ ਬਾਰੇ ਸਾਡੇ ਜਾਨ ਦੇ ਆਪਣੇ ਹੀ ਵਿਚਾਰ ਹਨ। ੧੪:੪ ਵਿਚ ਉਹ ੧,੪੪,੦੦੦ ਸਵਰਗੀ ਯਹੂਦੀਆਂ ਬਾਰੇ ਕਹਿੰਦਾ ਹੈ:

> "ਇਹ ਉਹ ਹਨ ਜਿਹੜੇ ਇਸਤ੍ਰੀਆਂ ਨਾਲ ਪਲੀਤ ਨਹੀਂ ਹੋਏ; ਕਿਉਂਕਿ ਉਹਨਾਂ ਕਦੀ ਲਿੰਗ-ਭੋਗ ਨਹੀਂ ਕੀਤਾ।"

ਅਤੇ ਵਾਸਤਵ ਵਿਚ, ਸਾਡੇ ਜਾਨ ਦੇ ਸਵਰਗ ਵਿਚ ਇਕ ਵੀ ਇਸਤ੍ਰੀ ਨਹੀਂ ਹੈ। ਇਸ ਲਈ ਉਸ ਦਾ ਸੰਬੰਧ ਉਸ ਪ੍ਰਵਿਰਤੀ ਨਾਲ ਹੈ, ਜਿਹੜੀ ਦੂਜੀਆਂ ਮੁਢਲੀਆਂ ਈਸਾਈ ਲਿਖਤਾਂ ਵਿਚ ਅਕਸਰ ਪ੍ਰਗਟ ਹੁੰਦੀ ਹੈ ਅਤੇ ਜਿਹੜੀ ਲਿੰਗ ਸੰਬੰਧਾਂ ਨੂੰ ਆਮ ਕਰਕੇ ਹੀ ਪਾਪ ਸਮਝਦੀ ਹੈ। ਅਤੇ ਨਾਲੇ ਜਦੋਂ ਅਸੀਂ ਇਸ ਤੱਥ ਨੂੰ ਧਿਆਨ ਵਿਚ ਰਖਦੇ ਹਾਂ ਕਿ ਉਹ ਰੋਮ ਨੂੰ ਵੱਡੀ ਰੰਡੀ ਕਹਿੰਦਾ ਹੈ ਜਿਸ ਨਾਲ ਧਰਤੀ ਦੇ ਰਾਜਿਆਂ ਨੇ ਵਿਭਚਾਰ ਕੀਤਾ ਹੈ ਅਤੇ ਉਹ ਵਿਭਚਾਰ ਦੀ ਸ਼ਰਾਬ ਨਾਲ ਮਦਹੋਸ਼ ਹਨ ਅਤੇ ਧਰਤੀ ਦੇ ਵਪਾਰੀ ਉਸ ਦੀਆਂ ਨਿਆਮਤਾਂ ਦੀ ਬਹੁਤਾਤ ਨਾਲ ਮਾਲਾ-ਮਾਲ ਹੋ ਗਏ ਹਨ ਤਾਂ ਸਾਡੇ ਲਈ ਸੰਦੇਸ਼ਾਂ ਵਿਚ ਆਏ ਉਸ ਸ਼ਬਦ ਨੂੰ ਉਸ ਸੌੜੇ ਅਰਥ ਵਿਚ ਲੈਣਾ ਅਸੰਭਵ ਹੋ ਜਾਂਦਾ ਹੈ ਜਿਹੜਾ ਧਰਮ-ਸ਼ਾਸਤ੍ਰ ਦੇ ਹਮਾਇਤੀ

**ਇਸ** ਨਾਲ ਜੋੜਨਾ ਚਾਹੁਣਗੇ ਤਾਂ ਜੋ **ਇਸ** ਵਿਚੋਂ ਨਵੀਂ ਸਾਖ ਦੇ ਕੁਝ ਹੋਰ ਅੰਸ਼ਾਂ ਦੀ ਪੁਸ਼ਟੀ ਹੋ ਸਕੇ। ਗੱਲ ਇਸ ਦੇ ਉਲਟ ਹੈ। ਸੰਦੇਸ਼ਾਂ ਵਿਚਲੇ ਇਹ ਅੰਸ਼ ਉਸ ਵਰਤਾਰੇ ਦਾ ਪ੍ਰਤੱਖ ਸੰਕੇਤ ਹਨ ਜੋ ਵਡੀ ਹਲਚਲ ਦੇ ਹਰ ਸਮੇਂ ਦਾ ਸਾਂਝਾ ਲਛਣ ਹੈ, ਉਹ ਇਹ ਕਿ ਲਿੰਗ ਸੰਬੰਧਾਂ ਦੇ ਪਰੰਪਰਾਗਤ ਬੰਧਨ, ਦੂਜੀਆਂ ਸਾਰੀਆਂ ਬੇੜੀਆਂ ਵਾਂਗ ਹੀ, ਤੋੜ ਦਿਤੇ ਜਾਂਦੇ ਹਨ। ਈਸਾਈਅਤ ਦੀਆਂ ਪਹਿਲੀਆਂ ਸਦੀਆਂ ਵਿਚ ਵੀ, ਸਰੀਰ ਦੀਆਂ ਇੰਦਰਿਆਂ ਨੂੰ ਮਾਰਨ ਵਾਲੇ ਵਿਰਕਤਾਂ ਦੇ ਨਾਲ ਹੀ, ਨਾਲ ਈਸਾਈ ਸੁਤੰਤਰਤਾ ਨੂੰ ਮਰਦ ਤੇ ਇਸਤ੍ਰੀ ਵਿਚਕਾਰ ਵਧ ਜਾਂ ਘੱਟ ਬੰਧਨਹੀਣ ਲਿੰਗ-ਸੰਬੰਧਾਂ ਤੱਕ ਪਸਾਰਨ ਦੀ ਪ੍ਰਵਿਰਤੀ ਵੀ ਅਕਸਰ ਪ੍ਰਗਟ ਹੋਈ। ਇਹੋ ਗੱਲ ਆਧੁਨਿਕ ਸਮਾਜਵਾਦੀ ਲਹਿਰ ਵਿਚ ਦੇਖਣ ਵਿਚ ਆਈ। ਸੇਂਤ ਸਾਈਮਨ ਦੀ "réhabilitation-de la chair"* ਬਾਰੇ, ਜਿਸ ਦਾ ਜਰਮਨ ਭਾਸ਼ਾ ਵਿਚ ["Wiederein setzung des Fleisches"] "ਹਡ-ਮਾਸ ਦੀ ਪੁਨਰ-ਸਥਾਪਨਾ" ਨਾਂ ਹੇਠ ਅਨੁਵਾਦ ਕੀਤਾ ਗਿਆ, ਤੀਹਵਿਆਂ ਵਿਚ ਓਦੋਂ ਦੀ ਜਰਮਨ ਦੀ "ਪਵਿਤਰ ਬਾਲ-ਸ਼ਾਲਾ" ** ਵਿਚ ਅਕਥ ਦਹਿਸ਼ਤ ਮਹਿਸੂਸ ਕੀਤੀ ਗਈ! ਅਤੇ ਸਾਰਿਆਂ ਨਾਲੋਂ ਵਧੇਰੇ ਭੈਭੀਤ ਓਸ ਸਮੇਂ ਦੇ ਹਾਕਮ ਪ੍ਰਤਿਸ਼ਠ ਵਰਗ ਸਨ (ਓਦੋਂ ਹਾਲੇ ਸਾਡੇ ਦੇਸ ਵਿਚ ਜਮਾਤਾਂ ਨਹੀਂ ਸਨ) ਜਿਹੜੇ ਆਪਣੇ ਹਡ-ਮਾਸ ਦੀ ਮੁੜ ਮੁੜ ਪੁਨਰ-ਸਥਾਪਨਾ ਬਿਨਾਂ ਇਕ ਦਿਨ ਵੀ ਨਾ ਆਪਣੀਆਂ ਪੇਂਡੂ ਜਾਗੀਰਾਂ ਵਿਚ ਰਹਿ ਸਕਦੇ ਸਨ ਅਤੇ ਨਾ ਹੀ ਬਰਲਿਨ ਵਿਚ! ਕਾਸ਼ ਇਹ ਭਲੇ ਲੋਕ ਫੂਰਯੇ ਨੂੰ ਜਾਣਦੇ ਹੁੰਦੇ ਜਿਸ ਨੇ ਹਡ-ਮਾਸ ਲਈ ਬਿਲਕੁਲ ਵਖਰੇ ਨਖਰੇ ਸੋਚੇ ਸਨ! ਯੂਟੋਪੀਆਈਵਾਦ ਉਤੇ ਕਾਬੂ ਪਾਉਣ ਮਗਰੋਂ ਇਹਨਾਂ ਵਿਵੇਕਹੀਣ ਗੱਲਾਂ ਦੀ ਥਾਂ ਵਧੇਰੇ ਤਰਕਸ਼ੀਲ ਅਤੇ ਯਥਾਰਥ ਵਿਚ ਕਿਤੇ ਵਧੇਰੇ ਉਗਰਵਾਦੀ ਸੰਕਲਪ ਨੇ ਲੈ ਲਈ, ਅਤੇ ਕਿਉਂਕਿ ਜਰਮਨੀ ਹਾਈਨੇ ਦੀ "ਪਵਿਤਰ ਬਾਲ-ਸ਼ਾਲਾ" ਵਿਚੋਂ ਵੱਡਾ ਹੋ ਨਿਕਲਿਆ ਸੀ ਅਤੇ ਸਮਾਜਵਾਦੀ ਲਹਿਰ ਦਾ ਕੇਂਦਰ ਬਣ ਚੁਕਾ ਸੀ ਅਤੇ ਪ੍ਰਤਿਸ਼ਠ ਪਵਿਤਰ ਸੰਸਾਰ ਦੇ ਦੰਭੀ ਗੁੱਸੇ ਦਾ ਮਖੌਲ ਉਡਾਇਆ ਜਾਂਦਾ ਹੈ।

ਸੰਦੇਸ਼ਾਂ ਦੀ ਮੱਤ ਨਾਲ ਸੰਬੰਧਤ ਵਸਤੂ ਏਨੀ ਹੀ ਹੈ। ਬਾਕੀ ਵਿਚ ਤਾਂ ਸ਼ਰਧਾਲੂਆਂ ਨੂੰ ਪਰਚਾਰ ਕਰਨ ਵਿਚ ਉਦਮੀ ਬਣਨ ਦੀ, ਦੁਸ਼ਮਣ ਸਾਮ੍ਹਣੇ ਆਪਣੇ ਧਰਮ ਨੂੰ ਹੌਸਲੇ ਤੇ ਮਾਣ ਨਾਲ ਸਵੀਕਾਰ ਕਰਨ ਦੀ, ਅੰਦਰਲੇ ਤੇ ਬਾਹਰਲੇ ਦੋਹਾਂ ਦੁਸ਼ਮਣਾਂ ਦੇ ਖਿਲਾਫ ਅਝੁਕ ਸੰਗਰਾਮ ਲੜਨ ਦੀ ਪ੍ਰੇਰਨਾ ਦਿਤੀ ਗਈ ਹੈ—ਅਤੇ ਜਿਥੋਂ ਤੱਕ ਇਸ ਗੱਲ ਦਾ ਸੰਬੰਧ ਹੈ ਇੰਟਰਨੇਸ਼ਨਲ ਦਾ ਕੋਈ ਭਵਿਖਬਾਣੀ ਕਰਨ ਦੀ ਰੁਚੀ ਰਖਣ ਵਾਲਾ ਉਦਮੀ ਵੀ ਇਹ ਗੱਲਾਂ ਲਿਖ ਸਕਦਾ ਸੀ।

---

* ਹਡ-ਮਾਸ ਦੀ ਬਹਾਲੀ।—**ਸੰਪਾ:**

** ਹਾਈਨੇ ਦੀ ਕਵਿਤਾ "ਸ਼ਾਂਤੀ ਦੇਣ ਲਈ" ਵਿਚੋਂ।—**ਸੰਪਾ:**

## III

ਸੰਦੇਸ਼ ਉਸ ਵਾਸਤਵਿਕ ਵਿਸ਼ੇ ਦੀ ਭੂਮਿਕਾ ਪਤਰ ਹਨ ਜੋ ਏਸ਼ੀਆ ਮਾਈਨਰ ਦੇ ਸੱਤ ਚਰਚਾਂ ਨਾਲ ਅਤੇ ਉਹਨਾਂ ਰਾਹੀਂ ਬਾਕੀ ਸੰਨ ੬੯ ਦੀ ਸੁਧਾਰੀ ਯਹੂਦੀਅਤ ਨਾਲ ਜਾਨ ਦੇ ਚਿੱਠੀ-ਪਤਰ ਦਾ ਹੈ, ਜਿਸ ਵਿਚੋਂ ਅਗੋਂ ਜਾਕੇ ਈਸਾਈਅਤ ਦਾ ਵਿਕਾਸ ਹੋਇਆ। ਅਤੇ ਇਸ ਦੇ ਨਾਲ ਹੀ ਅਸੀਂ ਮੁਢਲੀ ਈਸਾਈਅਤ ਦੀ ਧੁਰ-ਪਵਿਤਰਤਾ ਵਿਚ ਪ੍ਰਵੇਸ਼ ਕਰਦੇ ਹਾਂ।

ਉਹ ਕਿਸ ਤਰ੍ਹਾਂ ਦੇ ਲੋਕ ਸਨ ਜਿਨ੍ਹਾਂ ਵਿਚੋਂ ਪਹਿਲੇ ਈਸਾਈ ਭਰਤੀ ਕੀਤੇ ਗਏ ਸਨ? ਮੁਖ ਰੂਪ ਵਿਚ "ਦੁਖ ਸਹਿੰਦੇ ਅਤੇ ਭਾਰ ਹੇਠ ਦੱਬੇ" ਲੋਕਾਂ ਵਿਚੋਂ, ਲੋਕਾਂ ਦੀ ਸਭ ਤੋਂ ਹੇਠਲੀ ਪਰਤ ਵਿਚੋਂ, ਜਿਹਾ ਕਿ ਇਕ ਇਨਕਲਾਬੀ ਤੱਤ ਲਈ ਯੋਗ ਸੀ। ਅਤੇ ਉਹਨਾਂ ਵਿਚ ਕੌਣ ਸ਼ਾਮਲ ਸਨ? ਕੰਗਾਲ ਬਣੇ ਆਜ਼ਾਦ ਲੋਕਾਂ ਦੇ ਸ਼ਹਿਰਾਂ ਵਿਚ, ਹਰ ਪ੍ਰਕਾਰ ਦੇ ਲੋਕ, ਜਿਵੇਂ ਦਖਣ ਦੇ ਗੁਲਾਮੀ ਵਾਲੇ ਰਾਜਾਂ* ਵਿਚ mean whites** ਅਤੇ ਬਸਤੀਆਂ ਤੇ ਚੀਨ ਦੀਆਂ ਬੰਦਰਗਾਹਾਂ ਵਿਚ ਯੂਰਪੀ ਆਵਾਰਾਗਰਦ ਅਤੇ ਮਾਹਰਕੇਬਾਜ਼, ਫੇਰ ਮੁਕਤ ਹੋਏ ਗੁਲਾਮ ਅਤੇ, ਸਭ ਤੋਂ ਵਧ, ਅਸਲ ਗੁਲਾਮ; ਇਟਲੀ, ਸਿਸਲੀ, ਅਤੇ ਅਫ਼ਰੀਕਾ ਦੀਆਂ ਵੱਡੀਆਂ ਜਾਗੀਰਾਂ ਦੇ ਗੁਲਾਮ, ਅਤੇ ਪ੍ਰਾਂਤਾਂ ਦੇ ਪੇਂਡੂ ਇਲਾਕਿਆਂ ਦੇ ਉਹ ਛੋਟੇ ਕਿਸਾਨ ਜਿਹੜੇ ਕਰਜ਼ੇ ਕਾਰਨ ਵਧੇਰੇ ਤੋਂ ਵਧੇਰੇ ਬੱਝੇ-ਮਜ਼ਦੂਰ ਹੋ ਗਏ ਸਨ। ਇਹਨਾਂ ਸਭਨਾਂ ਤੱਤਾਂ ਲਈ ਮੁਕਤੀ ਦਾ ਕੋਈ ਸਾਂਝਾ ਰਾਹ ਉੱਕਾ ਹੀ ਨਹੀਂ ਸੀ। ਉਹਨਾਂ ਸਭਨਾਂ ਲਈ ਸਵਰਗ ਉਹਨਾਂ ਦੇ ਪਿਛੇ ਗੁਆਚ ਗਿਆ ਹੋਇਆ ਸੀ; ਬਰਬਾਦ ਹੋਏ ਆਜ਼ਾਦ ਮਨੁਖਾਂ ਲਈ ਭੂਤਪੂਰਬ polis*** ਜੋ ਇਕੋ ਸਮੇਂ ਸ਼ਹਿਰ ਤੇ ਰਾਜ ਸੀ ਅਤੇ ਉਹਨਾਂ ਦੇ ਵੱਡੇ ਵਡੇਰੇ ਜਿਥੋਂ ਦੇ ਕਦੇ ਆਜ਼ਾਦ ਨਾਗਰਿਕ ਸਨ;

---

*ਅਮਰੀਕਾ ਦੇ।—**ਅਨੁ:**

**ਕਮੀਨੇ ਗੋਰੇ।—**ਸੰਪਾ:**

***ਪ੍ਰਚੀਨ ਯੂਨਾਨੀ ਨਗਰ।—**ਸੰਪਾ:**

ਜੰਗ ਵਿਚ ਬੰਦੀ ਬਣਾਏ ਗਏ ਗੁਲਾਮਾਂ ਲਈ ਉਹਨਾਂ ਦੀ ਅਧੀਨਗੀ ਤੇ ਉਹਨਾਂ ਦੇ ਬੰਦੀ ਬਣਾਏ ਜਾਣ ਤੋਂ ਪਹਿਲਾਂ ਦਾ ਆਜ਼ਾਦੀ ਦਾ ਸਮਾਂ; ਛੋਟੇ ਕਿਸਾਨਾਂ ਲਈ ਨਸ਼ਟ ਕਰ ਦਿਤਾ ਗਿਆ ਗੋਤਰੀ ਸਮਾਜਕ ਪ੍ਰਬੰਧ ਅਤੇ ਸਾਂਝੀ ਮਲਕੀਅਤ ਸਵਰਗ ਸੀ। ਵਿਜਈ ਰੋਮ ਦੇ ਪੱਧਰਾ ਕਰ ਦੇਣ ਵਾਲੇ ਫੌਲਾਦੀ ਮੁੱਕੇ ਨੇ ਇਹ ਸਭ ਕੁਝ ਮਲੀਆ ਮੇਟ ਕਰ ਦਿਤਾ ਸੀ। ਪ੍ਰਾਚੀਨ ਕਾਲ ਵਿਚ ਜਿਸ ਸਭ ਤੋਂ ਵੱਡੇ ਸਮਾਜਕ ਸਮੂਹ ਨੇ ਰੂਪ ਧਾਰਿਆ ਸੀ ਉਹ ਸੀ ਕਬੀਲਾ ਅਤੇ ਸਮਵੰਸ਼ੀ ਕਬੀਲਿਆਂ ਦਾ ਇਕੱਠ; ਵਹਿਸ਼ੀ ਲੋਕਾਂ ਵਿਚ ਇਹ ਦਲਬੰਦੀ ਪਰਿਵਾਰਾਂ ਦੇ ਇਤਿਹਾਦ ਉਤੇ ਆਧਾਰਤ ਸੀ ਅਤੇ ਨਗਰ-ਵਸਾਉਣ ਵਾਲੇ ਯੂਨਾਨੀਆਂ ਅਤੇ ਇਤਾਲਵੀਆਂ ਵਿਚ polis ਉਤੇ, ਜਿਸ ਵਿਚ ਇਕ ਜਾਂ ਬਹੁਤੇ ਸਮਵੰਸ਼ੀ ਕਬੀਲੇ ਹੁੰਦੇ ਸਨ। ਫਿਲਿਪ ਅਤੇ ਸਿਕੰਦਰ ਨੇ ਯੂਨਾਨੀ ਟਾਪੂਹਾਰ ਨੂੰ ਰਾਜਨੀਤਕ ਏਕਤਾ ਪ੍ਰਦਾਨ ਕੀਤੀ ਪਰ ਇਸ ਦਾ ਨਤੀਜਾ ਯੂਨਾਨੀ ਕੌਮ ਦੀ ਸਿਰਜਣਾ ਵਿਚ ਨਾ ਨਿਕਲਿਆ। ਕੌਮਾਂ ਤਾਂ ਸੰਸਾਰ ਉਤੇ ਰੋਮਨ ਗ਼ਲਬੇ ਦੇ ਖਤਮ ਹੋਣ ਨਾਲ ਹੀ ਸੰਭਵ ਹੋਈਆਂ। ਇਸ ਗ਼ਲਬੇ ਨੇ ਛੋਟੇ ਏਕਿਆਂ ਨੂੰ ਹਮੇਸ਼ਾ ਲਈ ਖਤਮ ਕਰ ਦਿਤਾ ਸੀ; ਸੈਨਿਕ ਸ਼ਕਤੀ, ਰੋਮਨ ਵਸੀਕਾਰ ਅਤੇ ਟੈਕਸ ਉਗਰਾਹੁਣ ਵਾਲੀ ਮਸ਼ੀਨਰੀ ਨੇ ਪਰੰਪਰਾਗਤ ਅੰਦਰਲੇ ਸੰਗਠਨ ਨੂੰ ਪੂਰੀ ਤਰ੍ਹਾਂ ਖ਼ਤਮ ਕਰ ਦਿਤਾ ਸੀ। ਸੁਆਧੀਨਤਾ ਤੇ ਮੌਲਕ ਸੰਗਠਨ ਦੀ ਸਮਾਪਤੀ ਨਾਲ ਹੀ ਸੈਨਿਕ ਤੇ ਨਾਗਰਿਕ ਅਧਿਕਾਰੀਆਂ ਵਲੋਂ ਜ਼ੋਰ ਜਬਰ ਨਾਲ ਕੀਤੀ ਲੁਟ ਵੀ ਆ ਰਲੀ, ਜਿਨ੍ਹਾਂ ਨੇ ਅਧੀਨ ਕੀਤੇ ਲੋਕਾਂ ਦੇ ਖਜ਼ਾਨੇ ਉਹਨਾਂ ਤੋਂ ਖੋਹ ਲਏ ਅਤੇ ਫੇਰ ਉਹਨਾਂ ਨੂੰ ਹੀ ਸੂਦ ਦੀਆਂ ਲੋਟੂ ਦਰਾਂ ਉਤੇ ਕਰਜ਼ੇ ਦਿਤੇ ਤਾਂ ਜੋ ਉਹਨਾਂ ਦਾ ਹੋਰ ਲਹੂ ਨਚੋੜ ਸਕਣ। ਟੈਕਸਾਂ ਦੇ ਭਾਰ ਅਤੇ ਮੁਦਰਾ ਦੀ ਲੋੜ ਨੇ, ਜਿਹੜੀ ਇਸ ਕਾਰਨ ਉਹਨਾਂ ਇਲਾਕਿਆਂ ਵਿਚ ਪੈਦਾ ਹੋਈ ਜਿਥੇ ਪੂਰੀ ਤਰ੍ਹਾਂ ਜਾਂ ਮੁਖ ਰੂਪ ਵਿਚ ਪ੍ਰਾਕਿਰਤਕ ਆਰਥਕਤਾ ਭਾਰੂ ਸੀ, ਕਿਸਾਨਾਂ ਨੂੰ ਲੋਟੂ ਸੂਦਖੋਰਾਂ ਦੇ ਪੰਜੇ ਵਿਚ ਹੋਰ ਵੀ ਮਜ਼ਬੂਤੀ ਨਾਲ ਫਸਾ ਦਿਤਾ, ਧਨ ਸੰਪਤੀ ਦਾ ਅੰਤਰ ਹੋਰ ਵੀ ਵਧਾ ਦਿਤਾ ਜਿਸ ਨਾਲ ਅਮੀਰ ਹੋਰ ਅਮੀਰ ਹੋ ਗਏ ਅਤੇ ਗਰੀਬ ਪੂਰੀ ਤਰ੍ਹਾਂ ਮੁਥਾਜ ਹੋ ਗਏ। ਇੱਕਾ ਦੁੱਕਾ ਛੋਟੇ ਕਬੀਲਿਆਂ ਜਾਂ ਸ਼ਹਿਰਾਂ ਵਲੋਂ ਵਿਰਾਟ ਰੋਮਨ ਸੰਸਾਰ ਸੱਤਾ ਦਾ ਕੋਈ ਵਿਰੋਧ ਬੇਕਾਰ ਗੱਲ ਸੀ। ਗੁਲਾਮਾਂ, ਮਜ਼ਲੂਮਾਂ ਅਤੇ ਮੁਥਾਜਾਂ ਲਈ ਸਥਿਤੀ ਵਿਚੋਂ ਨਿਕਲਣ ਦਾ, ਮੁਕਤੀ ਦਾ ਰਾਹ ਕਿਹੜਾ ਸੀ, ਲੋਕਾਂ ਦੇ ਇਹਨਾਂ ਸਭਨਾਂ ਸਮੂਹਾਂ ਲਈ ਸਾਂਝਾ ਰਾਹ ਜਿਨ੍ਹਾਂ ਦੇ ਹਿਤ ਇਕ ਦੂਜੇ ਨਾਲੋਂ ਵਖਰੇ ਵਖਰੇ ਸਨ ਜਾਂ ਇਥੋਂ ਤੱਕ ਕਿ ਵਿਰੋਧੀ? ਪਰ ਜੇ ਇਕ ਮਹਾਨ ਇਨਕਲਾਬੀ ਲਹਿਰ ਨੇ ਇਹਨਾਂ ਸਭਨਾਂ ਨੂੰ ਆਪਣੇ ਕਲਾਵੇ ਵਿਚ ਲੈਣਾ ਸੀ ਤਾਂ ਇਹ ਰਾਹ ਲਭਣਾ ਹੀ ਪੈਣਾ ਸੀ।

ਇਹ ਰਾਹ ਲਭ ਲਿਆ ਗਿਆ। ਪਰ ਇਸ ਸੰਸਾਰ ਵਿਚ ਨਹੀਂ। ਉਸ ਸਮੇਂ

ਜੋ ਅਵਸਥਾ ਸੀ ਉਸ ਵਿਚ ਇਹ ਰਾਹ ਕੇਵਲ ਧਾਰਮਿਕ ਹੀ ਹੋ ਸਕਦਾ ਸੀ। ਫੇਰ ਇਕ ਨਵਾਂ ਸੰਸਾਰ ਲਭਿਆ ਗਿਆ। ਸਰੀਰ ਦੀ ਮੌਤ ਪਿਛੋਂ ਆਤਮਾ ਦਾ ਨਿਰੰਤਰ ਜਿਊਂਦੇ ਰਹਿਣਾ ਸਹਿਜੇ ਸਹਿਜੇ ਰੋਮਨ ਸੰਸਾਰ ਵਿਚ ਹਰ ਥਾਂ ਧਰਮ ਦਾ ਪ੍ਰਵਾਣਿਤ ਨੇਮ ਬਣ ਗਿਆ ਸੀ। ਮ੍ਰਿਤਕ ਆਤਮਾਵਾਂ ਨੂੰ, ਧਰਤੀ ਉਤੇ ਉਹਨਾਂ ਦੇ ਕਰਮਾਂ ਅਨੁਸਾਰ ਇਵਜ਼ਾਨੇ ਜਾਂ ਸਜ਼ਾ ਨੂੰ ਵੀ ਵਧੇਰੇ ਤੋਂ ਵਧੇਰੇ ਵਿਆਪਕ ਮਾਨਤਾ ਮਿਲ ਗਈ। ਜਿਥੋਂ ਤਕ ਇਵਜ਼ਾਨੇ ਦਾ ਸਵਾਲ ਸੀ, ਪ੍ਰਤੱਖ ਤੌਰ ਤੇ, ਸੰਭਾਵਨਾਵਾਂ ਏਨੀਆਂ ਚੰਗੀਆਂ ਨਹੀਂ ਸਨ; ਪ੍ਰਾਚੀਨ ਕਾਲ ਆਪਮੁਹਾਰੇ ਹੀ ਏਨਾ ਪਦਾਰਥਵਾਦੀ ਸੀ ਕਿ ਉਹ ਪਰਛਾਈਆਂ ਦੇ ਜਗਤ ਵਿਚ ਜੀਵਨ ਨਾਲੋਂ ਧਰਤੀ ਉਤੇ ਜੀਵਨ ਨੂੰ ਅਸੀਮ ਤੌਰ ਤੇ ਵਡੇਰੇ ਮੂਲ ਦਾ ਸਮਝਦਾ ਸੀ; ਮੌਤ ਪਿਛੋਂ ਜਿਊਂਦੇ ਰਹਿਣ ਨੂੰ ਯੂਨਾਨੀ ਸਗੋਂ ਬਦਕਿਸਮਤੀ ਸਮਝਦੇ ਸਨ। ਫੇਰ ਈਸਾਈਅਤ ਆ ਗਈ, ਜਿਸ ਨੇ ਪਰਲੋਕ ਵਿਚ ਇਵਜ਼ਾਨੇ ਤੇ ਸਜ਼ਾ ਨੂੰ ਗੰਭੀਰਤਾ ਨਾਲ ਲਿਆ ਅਤੇ ਸਵਰਗ ਤੇ ਨਰਕ ਸਿਰਜ ਲਏ, ਅਤੇ ਉਹ ਰਾਹ ਲਭ ਲਿਆ ਗਿਆ ਜਿਹੜਾ ਦੁਖ ਸਹਿੰਦਿਆਂ ਅਤੇ ਭਾਰ ਹੇਠ ਦਬਿਆਂ ਨੂੰ ਦੁੱਖਾਂ ਦੀ ਇਸ ਵਾਦੀ ਵਿਚੋਂ ਸਦੀਵੀ ਸਵਰਗ ਵਿਚ ਲੈ ਜਾਏਗਾ। ਅਤੇ ਵਾਸਤਵ ਵਿਚ ਪਰਲੋਕ ਵਿਚ ਇਵਜ਼ਾਨੇ ਦੀ ਸੰਭਾਵਨਾ ਨਾਲ ਹੀ ਸੰਸਾਰ ਦੇ ਸਹਿਜ-ਮਾਰਗੀ ਅਤੇ ਫਿਲੋਵਾਦੀ ਤਿਆਗ ਅਤੇ ਵਿਰਕਤਤਾ ਨੂੰ ਇਕ ਨਵੇਂ ਸੰਸਾਰ ਧਰਮ ਦੇ ਬੁਨਿਆਦੀ ਸਦਾਚਾਰਕ ਨੇਮ ਤੱਕ ਉਚਿਆਇਆ ਜਾ ਸਕਦਾ ਸੀ ਜਿਹੜਾ ਦੱਬੇ ਕੁਚਲੇ ਲੋਕਾਂ ਵਿਚ ਉਤਸਾਹ ਪੈਦਾ ਕਰੇ।

ਪਰ ਇਸ ਅਰਸ਼ੀ ਸਵਰਗ ਦੇ ਦਰਵਾਜ਼ੇ ਸ਼ਰਧਾਲੂਆਂ ਲਈ ਮਹਿਜ਼ ਉਹਨਾਂ ਦੀ ਮੌਤ ਹੋ ਜਾਣ ਨਾਲ ਹੀ ਨਹੀਂ ਖੁਲ੍ਹ ਜਾਂਦੇ। ਅਸੀਂ ਦੇਖਾਂਗੇ ਕਿ ਈਸ਼ਵਰ ਦੀ ਬਾਦਸ਼ਾਹੀ, ਜਿਸ ਦੀ ਰਾਜਧਾਨੀ ਨਵਾਂ ਯਰੂਸ਼ਲਮ ਹੈ, ਨਰਕ ਦੀਆਂ ਸ਼ਕਤੀਆਂ ਨਾਲ ਜ਼ਬਰਦਸਤ ਸੰਗਰਾਮ ਕਰਕੇ ਹੀ ਜਿੱਤੀ ਜਾ ਸਕਦੀ ਹੈ ਤੇ ਇਸ ਪਿਛੋਂ ਹੀ ਉਸ ਦੇ ਦਰ ਖੁਲ੍ਹ ਸਕਦੇ ਹਨ। ਪਰ ਮੁਢਲੇ ਈਸਾਈਆਂ ਦੇ ਵਿਚਾਰ ਵਿਚ ਇਹ ਸੰਗਰਾਮ ਅਤਿ ਨਿਕਟ ਭਵਿਖ ਵਿਚ ਹੋਣ ਵਾਲੇ ਸਨ। ਸਾਡਾ ਜਾਨ ਸ਼ੁਰੂ ਵਿਚ ਹੀ ਆਪਣੀ ਪੁਸਤਕ ਨੂੰ ਉਹਨਾਂ "ਗੱਲਾਂ" ਦਾ ਅਗੰਮ-ਗਿਆਨ ਬਿਆਨ ਕਰਦਾ ਹੈ "ਜਿਹੜੀਆਂ **ਛੇਤੀ ਹੀ** ਅਵੱਸ਼ ਵਾਪਰਨੀਆਂ ਹਨ", ਅਤੇ ਇਸ ਤੋਂ ਝਟ ਮਗਰੋਂ, ੧:੩, ਵਿਚ ਉਹ ਐਲਾਨ ਕਰਦਾ ਹੈ:

> "ਭਾਗਵਾਨ ਹੈ ਉਹ ਜਿਹੜਾ ਪੜ੍ਹਦਾ ਹੈ ਅਤੇ ਉਹ ਜਿਹੜੇ ਇਸ ਭਵਿਖਬਾਣੀ ਦੇ ਸ਼ਬਦ ਸੁਣਦਾ ਹੈ... ਕਿਉਂਕਿ **ਸਮਾਂ ਛੇਤੀ ਆਉਣ ਵਾਲਾ ਹੈ।**"

ਫਿਲਾਡੈਲਫੀਆ ਦੇ ਚਰਚ ਨੂੰ ਈਸਾ ਸੰਦੇਸ਼ ਭੇਜਦਾ ਹੈ: 'ਦੇਖੋ, ਮੈਂ **ਛੇਤੀ** ਆ

ਰਿਹਾ ਹਾਂ।" ਅਤੇ ਅਖੀਰਲੇ ਅਧਿਆਇ ਵਿਚ ਫਰਿਸ਼ਤਾ ਕਹਿੰਦਾ ਹੈ ਕਿ ਉਸ ਨੇ ਜਾਨ ਨੂੰ ਉਹ "ਗੱਲਾਂ" ਦਿਖਾ ਦਿਤੀਆਂ ਹਨ "ਜਿਹੜੀਆਂ **ਛੇਤੀ ਹੀ** ਹੋਣੀਆਂ ਜ਼ਰੂਰੀ ਹਨ" ਅਤੇ ਉਸ ਨੂੰ ਹੁਕਮ ਦੇਂਦਾ ਹੈ:

> "**ਇਸ ਪੁਸਤਕ ਦੀ ਭਵਿਖਬਾਣੀ ਦੇ ਕਥਨਾਂ ਨੂੰ ਮੋਹਰਬੰਦ ਨਾ ਕਰੀਂ:** ਕਿਉਂਕਿ **ਸਮਾਂ ਛੇਤੀ ਆਉਣ ਵਾਲਾ ਹੈ।**

ਅਤੇ **ਈਸਾ** ਆਪ ਦੋ ਵਾਰ (ਤੁਕ: ੧੨, ੨੦) ਕਹਿੰਦਾ ਹੈ: "ਮੈਂ **ਛੇਤੀ** ਆ ਰਿਹਾ ਹਾਂ।" ਅੰਤਲੇ ਭਾਗ ਤੋਂ ਸਾਨੂੰ ਪਤਾ ਲਗੇਗਾ ਕਿ ਇਸ ਆਗਮਨ ਦੀ ਕਿੱਨੀ ਛੇਤੀ ਆਸ ਸੀ।

ਅਗੰਮੀ-ਵਾਕਾਂ ਦੀਆਂ ਸੁਰਤੀਆਂ, ਜਿਹੜੀਆਂ ਹੁਣ ਲੇਖਕ ਸਾਨੂੰ ਦਰਸਾਉਂਦਾ ਹੈ, ਪਹਿਲੀਆਂ ਲਿਖਤਾਂ ਤੋਂ, ਮੁਢੋਂ ਅਖੀਰ ਤੱਕ, ਅਤੇ ਬਹੁਤ ਕਰਕੇ ਅੱਖਰ ਅੱਖਰ ਨਕਲ ਹਨ, ਭਾਗਸਮ ਰੂਪ ਵਿਚ ਪੁਰਾਤਨ ਸਾਖ ਦੇ ਕਲਾਸੀਕੀ ਪੈਗ਼ੰਬਰਾਂ, ਖਾਸ ਕਰਕੇ ਏਜ਼ੇਕੀਲ, ਤੋਂ, ਭਾਗਸਮ ਰੂਪ ਵਿਚ ਡੇਨੀਅਲ ਦੀ ਪੁਸਤਕ ਦੇ ਢੰਗ ਨਾਲ ਲਿਖੇ ਪਿਛਲੇਰੇ ਯਹੂਦੀ ਅਗੰਮੀ-ਵਾਕਾਂ ਤੋਂ, ਅਤੇ ਖਾਸ ਕਰਕੇ ਹੇਨੋਖ਼ ਦੀ ਪੁਸਤਕ ਤੋਂ, ਜਿਸ ਦਾ ਘਟੋ ਘਟ ਕੁਝ ਹਿੱਸਾ ਪਹਿਲਾਂ ਹੀ ਲਿਖਿਆ ਜਾ ਚੁਕਾ ਸੀ। ਆਲੋਚਨਾ ਨੇ ਨਿੱਕੇ ਤੋਂ ਨਿੱਕੇ ਵੇਰਵਿਆਂ ਤੱਕ ਦਰਸਾ ਦਿਤਾ ਹੈ ਕਿ ਸਾਡੇ ਜਾਨ ਨੇ ਹਰ ਚਿਤਰ, ਹਰ ਡਰਾਉਣਾ ਚਿੰਨ੍ਹ, ਨਾਸਤਕ ਮਨੁਖਤਾ ਲਈ ਭੇਜੀ ਹਰ ਬਿਪਤਾ, ਮੁਕਦੀ ਗੱਲ, ਆਪਣੀ ਪੁਸਤਕ ਦੀ ਸਮੁਚੀ ਸਮਿਗਰੀ ਕਿਥੋਂ ਲਈ; ਇਸ ਤਰ੍ਹਾਂ ਉਹ ਕੇਵਲ ਦਿਮਾਗ ਦੀ ਵੱਡੀ ਗੁਰਬਤ ਹੀ ਨਹੀਂ ਦਰਸਾਉਂਦਾ ਸਗੋਂ ਆਪ ਹੀ ਸਿੱਧ ਵੀ ਕਰਦਾ ਹੈ ਕਿ ਉਸ ਨੇ ਕਦੇ ਕਲਪਨਾ ਵਿਚ ਵੀ ਉਹਨਾਂ ਕਥਿਤ ਵਿਸਮਾਦਾਂ ਤੇ ਸੁਰਤੀਆਂ ਦਾ ਅਨੁਭਵ ਨਹੀਂ ਕੀਤਾ ਜਿਵੇਂ ਉਹ ਉਹਨਾਂ ਦਾ ਵਰਣਨ ਕਰਦਾ ਹੈ।

ਇਹਨਾਂ ਸੁਰਤੀਆਂ ਦਾ ਪ੍ਰਵਾਹ ਸੰਖੇਪ ਵਿਚ ਹੇਠ ਲਿਖੇ ਅਨੁਸਾਰ ਹੈ: ਪਹਿਲਾਂ ਜਾਨ ਆਪਣੇ ਤਖ਼ਤ ਉਤੇ ਬੈਠੇ **ਈਸ਼ਵਰ** ਨੂੰ ਦੇਖਦਾ ਹੈ ਜਿਸ ਦੇ ਹੱਥ ਵਿਚ ਸੱਤਾਂ ਮੁਹਰਾਂ ਵਾਲੀ ਪੁਸਤਕ ਫੜੀ ਹੋਈ ਹੈ ਅਤੇ ਉਸ ਦੇ ਸਾਮ੍ਹਣੇ ਲੇਲਾ ਹੈ ਜਿਹੜਾ ਕਤਲ ਕੀਤਾ ਗਿਆ ਹੈ ਅਤੇ ਜਿਹੜਾ ਮੁਰਦਿਆਂ ਵਿਚੋਂ ਫਿਰ ਜੀ ਪਿਆ ਹੈ (ਈਸਾ) ਅਤੇ ਇਸ ਪੁਸਤਕ ਦੀਆਂ ਮੁਹਰਾਂ ਖੋਹਲਣ ਦੇ ਯੋਗ ਸਮਝਿਆ ਗਿਆ ਹੈ। ਮੁਹਰਾਂ ਦੇ ਖੁਲ੍ਹਣ ਸਮੇਂ ਸਭ ਪ੍ਰਕਾਰ ਦੇ ਡਰਾਉਣੇ ਚਿੰਨ੍ਹ ਪ੍ਰਗਟ ਹੁੰਦੇ ਹਨ। ਜਦੋਂ ਪੰਜਵੀਂ ਮੁਹਰ ਖੋਹਲੀ ਜਾਂਦੀ ਹੈ ਤਾਂ ਜਾਨ ਈਸ਼ਵਰ ਦੀ ਵੇਦੀ ਹੇਠਾਂ ਈਸਾ ਦੇ ਉਹਨਾਂ ਸ਼ਹੀਦਾਂ ਦੀਆਂ ਆਤਮਾਵਾਂ ਨੂੰ ਦੇਖਦਾ ਹੈ ਜਿਨ੍ਹਾਂ ਨੂੰ ਇਸ਼ਵਰ ਦੀ ਬਾਣੀ ਲਈ ਕਤਲ ਕੀਤਾ ਗਿਆ ਸੀ ਅਤੇ ਜੋ ਉੱਚੀ ਆਵਾਜ਼ ਵਿਚ ਪੁਕਾਰ ਕਰਦੀਆਂ ਹਨ:

"ਹੇ ਈਸ਼ਵਰ, ਤੂੰ ਕਿੰਨਾ ਚਿਰ ਫੈਸਲਾ ਨਹੀਂ ਕਰਨਾ ਅਤੇ ਉਹਨਾਂ ਕੋਲੋਂ ਸਾਡੇ ਕਤਲ ਦਾ ਬਦਲਾ ਨਹੀਂ ਲੈਣਾ ਜਿਹੜੇ ਧਰਤੀ ਦੇ ਵਸਨੀਕ ਹਨ?"

ਅਤੇ ਫਿਰ ਉਹਨਾਂ ਨੂੰ ਚਿੱਟੇ ਚੋਗੇ ਦਿਤੇ ਜਾਂਦੇ ਹਨ ਤੇ ਉਹਨਾਂ ਨੂੰ ਆਖਿਆ ਜਾਂਦਾ ਹੈ ਕਿ ਉਹ ਥੋੜ੍ਹਾ ਚਿਰ ਇੰਤਜ਼ਾਰ ਕਰਨ ਕਿਉਂਕਿ ਹੋਰ ਸ਼ਹੀਦਾਂ ਨੂੰ ਕਤਲ ਕੀਤਾ ਜਾਣਾ ਜ਼ਰੂਰੀ ਹੈ।—ਇਸ ਲਈ ਇਥੇ ਅਜੇ "ਮੁਹੱਬਤ ਦੇ ਧਰਮ" ਦਾ "ਆਪਣੇ ਵੈਰੀਆਂ ਨੂੰ ਪਿਆਰ ਕਰੋ, ਜਿਹੜਾ ਤੁਹਾਨੂੰ ਗਾਲ੍ਹ ਕੱਢਦਾ ਹੈ ਉਸ ਨੂੰ ਅਸੀਸ ਦਿਓ," ਆਦਿ ਦਾ ਸਵਾਲ ਨਹੀਂ ਹੈ। ਇਥੇ ਸ਼ੁਧ ਬਦਲੇ ਦਾ, ਈਸਾਈਆਂ ਉਤੇ ਅਤਿਆਚਾਰ ਕਰਨ ਵਾਲਿਆਂ ਤੋਂ, ਨਿਗਰ, ਈਮਾਨਦਾਰ ਬਦਲੇ ਦਾ ਉਪਦੇਸ਼ ਦਿਤਾ ਜਾਂਦਾ ਹੈ। ਇਹੋ ਕੁਝ ਹੀ ਬਾਕੀ ਸਮੁਚੀ ਪੁਸਤਕ ਵਿਚ ਹੈ। ਸੰਕਟ ਜਿੰਨਾ ਨੇੜੇ ਆਉਂਦਾ ਜਾਂਦਾ ਹੈ, ਅਰਸ਼ਾਂ ਤੋਂ ਬਿਪਤਾ ਅਤੇ ਸਜ਼ਾ ਦਾ ਮੀਂਹ ਜ਼ੋਰਦਾਰ ਹੁੰਦਾ ਜਾਂਦਾ ਹੈ ਅਤੇ ਓਨੀ ਹੀ ਵਧੇਰੇ ਸੰਤੁਸ਼ਟਤਾ ਨਾਲ ਸਾਡਾ ਜਾਨ ਐਲਾਨ ਕਰਦਾ ਹੈ ਕਿ ਸਮੂਹ ਮਾਨਵਤਾ ਆਪਣੇ ਪਾਪਾਂ ਦਾ ਪਸ਼ਚਾਤਾਪ ਨਹੀਂ ਕਰੇਗੀ, ਕਿ ਈਸਾ ਦੀ ਨਵੀਂ ਝੰਬਣੀ ਉਹਨਾਂ ਨੂੰ ਅਵੱਸ਼ ਝੰਬੇਗੀ, ਕਿ ਈਸਾ ਲਾਜ਼ਮੀ ਹੀ ਲੋਹੇ ਦੇ ਡੰਡੇ ਨਾਲ ਉਹਨਾਂ ਤੇ ਰਾਜ ਕਰੇਗਾ ਅਤੇ ਸਰਬ-ਸ਼ਕਤੀਮਾਨ ਈਸ਼ਵਰ ਦੀ ਕਠੋਰਤਾ ਅਤੇ ਰੋਹ ਵਾਲਾ ਅੰਗੂਰ-ਕੋਹਲੂ ਚਲਾਏਗਾ, ਪਰ ਫਿਰ ਵੀ ਨਾਸਤਕ ਲੋਕ ਆਪਣੇ ਦਿਲਾਂ ਵਿਚ ਜ਼ਿੱਦੀ ਹੀ ਬਣੇ ਰਹਿਣਗੇ। ਇਹ ਸੁਭਾਵਿਕ ਅਹਿਸਾਸ ਹੈ, ਕਿਸੇ ਵੀ ਦੰਭ ਤੋਂ ਮੁਕਤ, ਕਿ ਲੜਾਈ ਹੋ ਰਹੀ ਹੈ ਅਤੇ ਕਿ—à la guerre comme à la guerre*। ਜਦੋਂ ਸਤਵੀਂ ਮੁਹਰ ਖੋਹਲੀ ਜਾਂਦੀ ਹੈ ਤਾਂ ਸੱਤ ਫਰਿਸ਼ਤੇ ਆਉਂਦੇ ਹਨ ਅਤੇ ਸੱਤਾਂ ਕੋਲ ਤੁਰਮ ਹਨ ਅਤੇ ਹਰ ਵਾਰ ਜਦੋਂ ਉਹਨਾਂ ਵਿਚੋਂ ਇਕ ਆਪਣਾ ਤੁਰਮ ਵਜਾਉਂਦਾ ਹੈ, ਓਦੋਂ ਨਵੀਆਂ ਭਿਅੰਕਰਤਾਵਾਂ ਵਾਪਰਦੀਆਂ ਹਨ। ਸਤਵੇਂ ਤੁਰਮ ਦੇ ਵਜਣ ਮਗਰੋਂ ਉਥੇ ਸੱਤ ਫਰਿਸ਼ਤੇ ਹੋਰ ਪ੍ਰਗਟ ਹੁੰਦੇ ਹਨ ਜਿਨ੍ਹਾਂ ਕੋਲ ਈਸ਼ਵਰ ਦੇ ਰੋਹ ਦੀਆਂ ਸੱਤ ਕੁਪੀਆਂ ਹਨ ਜਿਨ੍ਹਾਂ ਨੂੰ ਉਹ ਧਰਤੀ ਉਤੇ ਡੋਲ੍ਹ ਦੇਂਦੇ ਹਨ; ਹੋਰ ਵਧੇਰੇ ਬਿਪਤਾਵਾਂ ਅਤੇ ਸਜ਼ਾਵਾਂ, ਮੁਖ ਕਰਕੇ ਉਹਨਾਂ ਗੱਲਾਂ ਦਾ ਹੀ ਅਕਾਵਾਂ ਦੁਹਰਾਓ ਜੋ ਪਹਿਲਾਂ ਕਈ ਵਾਰ ਵਾਪਰ ਚੁਕੀਆਂ ਹਨ। ਫਿਰ ਇਸਤ੍ਰੀ ਆਉਂਦੀ ਹੈ, ਵੱਡੀ ਰੰਡੀ ਬਾਬਲ, ਆਉਂਦੀ ਹੈ ਜਿਹੜੀ ਪਾਣੀਆਂ ਉਤੇ ਕਿਰਮਚੀ ਪੁਸ਼ਾਕ ਵਿਚ ਸਜੀ, ਸੰਤਾਂ ਦੇ ਅਤੇ ਈਸਾ ਦੇ ਸ਼ਹੀਦਾਂ ਦੇ ਲਹੂ ਦੇ ਨਸ਼ੇ ਵਿਚ ਗੁਟ, ਬੈਠੀ ਹੈ। ਇਹ ਸੱਤ ਪਹਾੜੀਆਂ ਉਤੇ ਉਹ ਮਹਾਨ ਨਗਰ ਹੈ ਜਿਸ ਦਾ ਧਰਤੀ ਦੇ ਸਾਰੇ ਰਾਜਿਆਂ ਉਤੇ ਰਾਜ ਹੈ। ਉਹ ਸੱਤ ਸਿਰਾਂ ਅਤੇ ਦਸ ਸਿੰਗਾਂ ਵਾਲੇ

*ਲੜਾਈ ਵਿਚ ਲੜਾਈ ਵਾਂਗ ਹੀ ਵਿਹਾਰ ਕਰਨਾ ਚਾਹੀਦਾ ਹੈ।—ਅਨੁ:

ਇਕ ਦਰਿੰਦੇ ਉਪਰ ਬੈਠੀ ਹੋਈ ਹੈ। ਸੱਤ ਸਿਰ ਸੱਤ ਪਹਾੜੀਆਂ ਦੇ, ਅਤੇ ਸੱਤ "ਰਾਜਿਆਂ" ਦੇ ਵੀ ਪ੍ਰਤਿਨਿਧ ਹਨ। ਇਹਨਾਂ ਰਾਜਿਆਂ ਵਿਚੋਂ ਪੰਜ ਲੱਥ ਚੁਕੇ ਹਨ, ਇਕ ਹੈ ਅਤੇ ਸਤਵਾਂ ਅਜੇ ਆਇਆ ਨਹੀਂ ਹੈ, ਅਤੇ ਉਸ ਮਗਰੋਂ ਪਹਿਲੇ ਪੰਜਾਂ ਵਿਚੋਂ ਇਕ ਫੇਰ ਆਉਂਦਾ ਹੈ; ਉਹ ਮਾਰੂ ਹੱਦ ਤੱਕ ਫੱਟੜ ਹੋ ਗਿਆ ਸੀ ਪਰ ਉਹਦੇ ਫੱਟ ਭਰ ਗਏ ਸਨ। ਉਹ ਧਰਤੀ ਉਤੇ ੪੨ ਮਹੀਨੇ ਜਾਂ ਸਾਢੇ ਤਿੰਨ ਸਾਲ (ਸੱਤ ਪਵਿਤਰ ਵਰ੍ਹਿਆਂ ਦਾ ਅੱਧ) ਰਾਜ ਕਰੇਗਾ ਅਤੇ ਆਸਤਕਾਂ ਨੂੰ ਤਸੀਹੇ ਦੇਕੇ ਮਾਰੇਗਾ ਅਤੇ ਨਾਸਤਕਤਾ ਦਾ ਰਾਜ ਸਥਾਪਤ ਕਰੇਗਾ। ਪਰ ਇਸ ਤੋਂ ਮਗਰੋਂ ਆਖਰੀ ਵੱਡੀ ਲੜਾਈ ਆਉਂਦੀ ਹੈ, ਵੱਡੀ ਰੰਡੀ ਬਾਬਲ ਅਤੇ ਉਸ ਦੇ ਸਾਰੇ ਅਨੁਆਈਆਂ ਅਰਥਾਤ, ਮਨੁਖਤਾ ਦੇ ਬਹੁਤ ਵੱਡੇ ਹਿੱਸੇ ਦੀ ਬਰਬਾਦੀ ਨਾਲ ਸੰਤਾਂ ਅਤੇ ਸ਼ਹੀਦਾਂ ਦਾ ਬਦਲਾ ਲਿਆ ਜਾਂਦਾ ਹੈ; ਸ਼ੈਤਾਨ ਨੂੰ ਉਸ ਖੱਡ ਵਿਚ ਸੁਟ ਦਿਤਾ ਜਾਂਦਾ ਹੈ ਜਿਸ ਦਾ ਥੱਲਾ ਹੀ ਨਹੀਂ ਅਤੇ ਹਜ਼ਾਰ ਵਰ੍ਹੇ ਉਥੇ ਡੱਕ ਕੇ ਰਖਿਆ ਜਾਂਦਾ ਹੈ ਜਿਸ ਸਮੇਂ ਮੁੜ ਜ਼ਿੰਦਾ ਹੋਏ ਸ਼ਹੀਦਾਂ ਨਾਲ ਈਸਾ ਰਾਜ ਕਰਦਾ ਹੈ। ਪਰ ਇਕ ਹਜ਼ਾਰ ਵਰ੍ਹੇ ਤੋਂ ਮਗਰੋਂ ਸ਼ੈਤਾਨ ਫੇਰ ਆਜ਼ਾਦ ਕਰ ਦਿਤਾ ਜਾਂਦਾ ਹੈ ਅਤੇ ਰੂਹਾਂ ਦੀ ਇਕ ਹੋਰ ਵਡੀ ਲੜਾਈ ਹੁੰਦੀ ਹੈ ਜਿਸ ਵਿਚ ਅਖੀਰ ਉਸ ਦੀ ਹਾਰ ਹੋ ਜਾਂਦੀ ਹੈ। ਇਸ ਪਿਛੋਂ ਦੂਜੀ ਵਾਰ ਮੁਰਦਿਆਂ ਦਾ ਜ਼ਿੰਦਾ ਹੋਣਾ ਆਉਂਦਾ ਹੈ, ਜਦੋਂ ਦੂਜੇ ਮੁਰਦੇ ਵੀ ਜ਼ਿੰਦਾ ਹੋ ਜਾਂਦੇ ਹਨ ਅਤੇ ਈਸ਼ਵਰ ਦੇ ਨਿਆਂ ਕਰਨ ਵਾਲੇ ਤਖ਼ਤ ਸਾਮ੍ਹਣੇ (ਧਿਆਨ ਦੇਣ ਵਾਲੀ ਗੱਲ ਇਹ ਹੈ ਕਿ ਈਸਾ ਦੇ **ਨਹੀਂ**) ਪੇਸ਼ ਹੁੰਦੇ ਹਨ ਅਤੇ ਸ਼ਰਧਾਲੂ ਅਮਰ ਜੀਵਨ ਲਈ ਇਕ ਨਵੇਂ ਸਵਰਗ ਵਿਚ, ਇਕ ਨਵੀਂ ਧਰਤੀ ਤੇ, ਅਤੇ ਇਕ ਨਵੇਂ ਯਰੂਸ਼ਲਮ ਵਿਚ ਪ੍ਰਵੇਸ਼ ਕਰਨਗੇ।

ਕਿਉਂਕਿ ਇਹ ਸਮੁਚੀ ਇਮਾਰਤ ਹੀ ਈਸਾਈਆਂ ਤੋਂ ਪਹਿਲਾਂ ਦੀ ਨਰੋਲ ਯਹੂਦੀ ਸਮਿਗਰੀ ਨਾਲ ਉਸਾਰੀ ਗਈ ਹੈ ਜਿਸ ਲਈ ਇਹ ਲਗਭਗ ਨਰੋਲ ਯਹੂਦੀ ਖਿਆਲ ਹੀ ਪੇਸ਼ ਕਰਦੀ ਹੈ। ਇਸਰਾਈਲ ਦੇ ਲੋਕਾਂ ਲਈ ਇਸ ਸੰਸਾਰ ਵਿਚ ਜਦੋਂ ਤੋਂ ਹਾਲਤ ਵਿਗੜਨੀ ਸ਼ੁਰੂ ਹੋਈ—ਅਸੀਰੀਆਈਆਂ ਅਤੇ ਬੇਬੀਲੋਨੀਆਂ ਨੂੰ ਖਿਰਾਜ ਦੇ ਸਮੇਂ ਤੋਂ, ਇਸਰਾਈਲ ਅਤੇ ਯਹੂਦਾ ਦੀਆਂ ਦੋਹਾਂ ਬਾਦਸ਼ਾਹੀਆਂ ਦੀ ਤਬਾਹੀ ਤੋਂ ਲੈਕੇ ਸੈਲਿਊਕਿਸ ਅਧੀਨ ਗੁਲਾਮੀ ਦੇ ਸਮੇਂ ਤੱਕ, ਅਰਥਾਤ, ਈਸਾਈਆ ਤੋਂ ਡੇਨੀਅਲ ਤੱਕ, ਹਰ ਹਨੇਰੇ ਦੌਰ ਵਿਚ ਇਕ ਤਾਰਨਹਾਰ ਬਾਰੇ ਭਵਿਖਬਾਣੀਆਂ ਕੀਤੀਆਂ ਗਈਆਂ। ਡੇਨੀਅਲ ਵਿਚ, ੧੨:੧—੩, ਤਾਂ ਇਹ ਭਵਿਖਬਾਣੀ ਵੀ ਕੀਤੀ ਗਈ ਹੈ ਕਿ ਯਹੂਦੀਆਂ ਦਾ ਰਾਖਾ ਫਰਿਸ਼ਤਾ ਮਾਈਕਲ ਉਹਨਾਂ ਨੂੰ ਭਾਰੀ ਔਕੜ ਤੋਂ ਬਚਾਉਣ ਲਈ ਧਰਤੀ ਉਤੇ ਆਵੇਗਾ; ਬਹੁਤ ਸਾਰੇ ਮੁਰਦੇ ਮੁੜ ਜੀਅ ਉਠਣਗੇ, ਇਕ ਪ੍ਰਕਾਰ ਦਾ ਅੰਤਲਾ ਨਿਆਂ ਹੋਵੇਗਾ ਅਤੇ ਉਹ ਗੁਰੂ ਜਿਨ੍ਹਾਂ ਨੇ ਲੋਕਾਂ ਨੂੰ ਇਨਸਾਫ ਦੀ

ਸਿਖਿਆ ਦਿਤੀ ਹੈ ਅਨੰਤ ਕਾਲ ਤੱਕ ਤਾਰਿਆਂ ਵਾਂਗ ਚਮਕਣਗੇ। ਇਸ ਵਿਚ ਈਸਾਈ ਨੁਕਤਾ ਈਸਾ ਦੇ ਛੇਤੀ ਹੀ ਆਉਣ ਵਾਲੇ ਰਾਜ ਉਤੇ ਦਿਤਾ ਗਿਆ ਵੱਡਾ ਜ਼ੋਰ ਹੈ ਅਤੇ ਸ਼ਰਧਾਲੂਆਂ ਦੀ, ਖਾਸ ਕਰਕੇ ਸ਼ਹੀਦਾਂ ਦੀ ਸ਼ਾਨ ਉਤੇ ਦਿਤਾ ਜ਼ੋਰ ਜਿਹੜੇ ਕਬਰਾਂ ਵਿਚੋਂ ਉਠ ਖੜੇ ਹੋਏ ਹਨ।

ਇਹਨਾਂ ਭਵਿਖਬਾਣੀਆਂ ਦੇ ਭਾਵ ਸਮਝਣ ਲਈ, ਜਿਥੋਂ ਤੱਕ ਉਹ ਉਸ ਸਮੇਂ ਦੀਆਂ ਘਟਨਾਵਾਂ ਵੱਲ ਇਸ਼ਾਰਾ ਕਰਦੀਆਂ ਹਨ, ਅਸੀਂ ਜਰਮਨ ਆਲੋਚਨਾ ਦੇ, ਖਾਸ ਕਰਕੇ ਐਵਾਲਡ, ਲੂਕੇ ਅਤੇ ਫਰਡੀਨਾਂਡ ਬੇਨਾਰੀ ਦੇ ਰਿਣੀ ਹਾਂ। ਰੇਨਾਨ ਨੇ ਇਸ ਸਭ ਕੁਝ ਨੂੰ ਗੈਰ-ਧਰਮਸ਼ਸਤ੍ਰੀਆਂ ਤੱਕ ਪਹੁੰਚਾਇਆ। ਅਸੀਂ ਪਹਿਲਾਂ ਹੀ ਦੇਖ ਚੁਕੇ ਹਾਂ ਕਿ ਵੱਡੀ ਰੰਡੀ ਬਾਬਲ, ਸੱਤਾਂ ਪਹਾੜੀਆਂ ਉਤਲੀ ਨਗਰੀ, ਰੋਮ ਦੀ ਪ੍ਰਤੀਕ ਹੈ। ਅਧਿਆਇ ੧੭, ੯-੧੧, ਵਿਚ ਉਸ ਦਰਿੰਦੇ ਬਾਰੇ ਜਿਸ ਉਤੇ ਉਹ ਬੈਠਦੀ ਹੈ, ਸਾਨੂੰ ਦਸਿਆ ਗਿਆ ਹੈ ਕਿ:

> [ਦਰਿੰਦੇ ਦੇ] "ਸੱਤ ਸਿਰ ਸੱਤ ਪਹਾੜੀਆਂ ਹਨ ਜਿਨ੍ਹਾਂ ਉਤੇ ਇਸਤ੍ਰੀ ਬੈਠੀ ਹੈ। ਅਤੇ ਸੱਤ ਰਾਜੇ ਹਨ; ਪੰਜ ਲੱਥ ਚੁਕੇ ਹਨ, ਅਤੇ ਇਕ ਹੈ, ਅਤੇ ਇਕ ਹੋਰ ਨੇ ਅਜੇ ਆਉਣਾ ਹੈ; ਅਤੇ ਜਦੋਂ ਉਹ ਆਵੇਗਾ ਤਾਂ ਉਹ ਥੋੜ੍ਹਾ ਚਿਰ ਹੀ ਰਹੇਗਾ। ਅਤੇ ਉਹ ਦਰਿੰਦਾ ਜੋ ਸੀ, ਅਤੇ ਨਹੀਂ ਹੈ, ਉਹ ਸਗੋਂ ਅਠਵਾਂ ਹੈ ਅਤੇ ਸੱਤਾਂ ਵਿਚੋਂ ਹੈ, ਅਤੇ ਉਸ ਦੀ ਖੈ ਹੁੰਦੀ ਹੈ।"

ਇਸ ਅਨੁਸਾਰ ਦਰਿੰਦਾ ਰੋਮ ਦਾ ਸੰਸਾਰ ਉਤੇ ਗ਼ਲਬਾ ਹੈ, ਜਿਸ ਦੀ ਪ੍ਰਤਿਨਿਧਤਾ ਅਗੜ ਪਿੱਛੜ ਆਉਂਦੇ ਸੱਤ ਕੈਸਰ ਕਰਦੇ ਹਨ, ਇਹਨਾਂ ਵਿਚੋਂ ਇਕ ਮਾਰੂ ਹੱਦ ਤੱਕ ਫੱਟੜ ਹੋ ਗਿਆ ਅਤੇ ਹੁਣ ਉਹ ਰਾਜ ਨਹੀਂ ਕਰ ਰਿਹਾ, ਪਰ ਉਹ ਰਾਜ਼ੀ ਹੋ ਜਾਏਗਾ ਅਤੇ ਪਰਤ ਆਵੇਗਾ। ਇਹ ਉਹਦੇ ਹਿੱਸੇ ਆਏਗਾ ਕਿ ਉਹ ਅਠਵੇਂ ਦੇ ਰੂਪ ਵਿਚ ਕੁਫਰ ਅਤੇ ਈਸ਼ਵਰ ਦੀ ਅਵਿਗਿਆ ਦੀ ਬਾਦਸ਼ਾਹੀ ਸਥਾਪਤ ਕਰੇ। ਇਹ ਕੰਮ ਉਸ ਨੂੰ ਸੌਂਪਿਆ ਜਾਏਗਾ ਕਿ

> "ਸੰਤਾਂ ਨਾਲ ਲੜਾਈ ਕਰੇ ਤੇ ਉਹਨਾਂ ਤੇ ਵਿਜੈ ਪ੍ਰਾਪਤ ਕਰੇ, ਅਤੇ ਉਹ ਸਾਰੇ ਜਿਹੜੇ ਧਰਤੀ ਤੇ ਵਸਦੇ ਹਨ, ਜਿਨ੍ਹਾਂ ਦੇ ਨਾਂ ਲੇਲੇ ਦੇ ਜੀਵਨ ਦੀ ਪੁਸਤਕ ਵਿਚ ਲਿਖੇ ਨਹੀਂ ਹੋਏ—ਉਹਦੀ ਪੂਜਾ ਕਰਨਗੇ; ਅਤੇ ਉਹ ਛੋਟੇ ਤੇ ਵੱਡੇ, ਅਮੀਰ ਤੇ ਗਰੀਬ, ਆਜ਼ਾਦ ਤੇ ਗੁਲਾਮ ਸਭ ਦੇ ਸੱਜੇ ਹੱਥ ਉਤੇ, ਜਾਂ ਉਹਨਾਂ ਦੇ ਮੱਥਿਆਂ ਉਤੇ ਦਰਿੰਦੇ ਦਾ ਨਿਸ਼ਾਨ ਲਗਵਾ ਦੇਵੇਗਾ: ਅਤੇ ਸਿਵਾਏ ਉਸ ਮਨੁਖ ਦੇ ਜਿਸ ਦੇ ਸਰੀਰ ਉਤੇ ਨਿਸ਼ਾਨ ਹੋਵੇਗਾ, ਜਾਂ ਦਰਿੰਦੇ ਦਾ ਨਾਂ, ਜਾਂ ਉਸ ਦੇ ਨਾਂ ਦਾ ਅੰਕ, ਹੋਰ ਕੋਈ ਵੀ ਨਾ ਖਰੀਦ ਸਕੇਗਾ ਨਾ ਵੇਚ ਸਕੇਗਾ।

ਇਹ ਹੈ ਅਕਲਮੰਦੀ। ਜਿਸ ਕਿਸੇ ਨੂੰ ਸਮਝ ਹੈ ਉਹ ਉਸ ਦਰਿੰਦੇ ਦਾ ਅੰਕ ਗਿਣੇ, ਕਿਉਂਕਿ ਇਹ ਇਕ ਮਨੁਖ ਦਾ ਅੰਕ ਹੈ; ਅਤੇ ਉਸ ਦਾ ਅੰਕ ਹੈ ਛੇ ਸੌ, ਤਿੰਨ ਵੀਹਾਂ ਅਤੇ ਛੇ।" (੧੩:੭—੧੮)।

ਅਸੀਂ ਕੇਵਲ ਇਹ ਦੇਖਦੇ ਹਾਂ ਕਿ ਬਾਈਕਾਟ ਦਾ ਜ਼ਿਕਰ ਉਹਨਾਂ ਕਦਮਾਂ ਵਿਚੋਂ ਇਕ ਦੇ ਰੂਪ ਵਿਚ ਕੀਤਾ ਗਿਆ ਹੈ ਜਿਹੜੇ ਰੋਮਨ ਸ਼ਹਿਨਸ਼ਾਹੀ ਵਲੋਂ ਈਸਾਈਆਂ ਦੇ ਖਿਲਾਫ ਚੁਕੇ ਜਾਣੇ ਹਨ—ਅਤੇ ਇਸ ਲਈ ਪੱਕੇ ਤੌਰ ਤੇ ਸ਼ੈਤਾਨ ਦੀ ਕਾਢ ਹੈ—ਅਤੇ ਇਸ ਸਵਾਲ ਤੇ ਪਹੁੰਚ ਜਾਂਦੇ ਹਾਂ ਕਿ ਇਹ ਰੋਮਨ ਸ਼ਹਿਨਸ਼ਾਹ ਕਿਹੜਾ ਹੈ ਜਿਹੜਾ ਇਕ ਵਾਰ ਪਹਿਲਾਂ ਰਾਜ ਕਰ ਚੁਕਾ ਹੈ, ਮਾਰੂ ਹੱਦ ਤੱਕ ਫੱਟੜ ਹੋ ਗਿਆ ਸੀ ਅਤੇ ਹਟਾ ਦਿਤਾ ਗਿਆ ਸੀ ਪਰ ਕੜੀ ਵਿਚ ਅਠਵਾਂ ਬਣਕੇ ਈਸਾ-ਵਿਰੋਧੀ ਰੋਲ ਵਿਚ ਪਰਤ ਆਵੇਗਾ।

ਆਗਸਟਸ ਨੂੰ ਪਹਿਲੇ ਨੰਬਰ ਉਤੇ ਰੱਖਿਆਂ, ਦੂਜੇ ਨੰਬਰ ਉਤੇ ਤਿਬੇਰੀਅਸ, ਤੀਜੇ ਉਤੇ ਕਾਲੀਗੂਲਾ, ਚੌਥੇ ਉਤੇ ਕਲਾਊਦੀਅਸ, ਪੰਜਵੇਂ ਉਤੇ ਨੀਰੋ ਅਤੇ ਛੇਵੇਂ ਨੰਬਰ ਉਤੇ ਗਾਲਬਾ ਆਉਂਦੇ ਹਨ। "ਪੰਜ ਲੱਥ ਚੁਕੇ ਹਨ, ਅਤੇ ਇਕ ਹੈ।" ਇਸ ਤਰ੍ਹਾਂ, ਨੀਰੋ ਲੱਥ ਚੁਕਾ ਹੈ ਅਤੇ ਗਾਲਬਾ ਹੈ। ਗਾਲਬਾ ਨੇ ੯ ਜੂਨ, ੬੮ ਤੋਂ ੧੫ ਜਨਵਰੀ, ੬੯ ਤੱਕ ਰਾਜ ਕੀਤਾ ਸੀ। ਪਰ ਉਸ ਦੇ ਤਖ਼ਤ ਉਤੇ ਬਹਿਣ ਦੇ ਝੱਟ ਮਗਰੋਂ ਹੀ, ਰਾਈਨ ਦੀਆਂ ਫੌਜਾਂ ਨੇ ਵਿਤੇਲੀਅਸ ਅਧੀਨ ਬਗ਼ਾਵਤ ਕਰ ਦਿਤੀ ਅਤੇ ਦੂਜੇ ਜਰਨੈਲ ਦੂਜਿਆਂ ਪ੍ਰਾਂਤਾਂ ਵਿਚ ਸੈਨਿਕ ਵਿਦਰੋਹਾਂ ਦੀਆਂ ਤਿਆਰੀਆਂ ਕਰਨ ਲਗੇ। ਖ਼ੁਦ ਰੋਮ ਵਿਚ ਪਰੀਟੋਰੀਅਨਾਂ[160] ਨੇ ਬਗ਼ਾਵਤ ਕੀਤੀ, ਗਾਲਬਾ ਨੂੰ ਮਾਰ ਦਿਤਾ ਅਤੇ ਓਥੋ ਨੂੰ ਸ਼ਹਿਨਸ਼ਾਹ ਘੋਸ਼ਤ ਕਰ ਦਿਤਾ।

ਇਸ ਤੋਂ ਸਾਨੂੰ ਪਤਾ ਲਗਦਾ ਹੈ ਕਿ ਸਾਡੀ "ਅਗੰਮ-ਗਿਆਨ ਦੀ ਪੁਸਤਕ" ਗਾਲਬਾ ਦੇ ਰਾਜ-ਕਾਲ ਵਿਚ ਲਿਖੀ ਗਈ। ਸ਼ਾਇਦ ਉਸ ਦੇ ਰਾਜ ਦੇ ਅਖੀਰ ਸਮੇਂ ਜਾਂ, ਘਟੋ ਘਟ, "ਸਤਵੇਂ", ਓਥੋ, ਦੇ ਰਾਜ ਦੇ ਤਿੰਨ ਮਹੀਨਿਆਂ (੧੫ ਅਪ੍ਰੈਲ, ੬੯ ਤੱਕ) ਦੌਰਾਨ। ਪਰ ਅਠਵਾਂ ਕੌਣ ਹੈ, ਜਿਹੜਾ ਸੀ ਅਤੇ ਨਹੀਂ ਹੈ। ਇਸ ਦਾ ਪਤਾ ਸਾਨੂੰ ੬੬੬ ਦੇ ਅੰਕ ਤੋਂ ਲਗਦਾ ਹੈ।

ਸਾਮੀਆਂ ਵਿਚ—ਖਾਲਦੂਨੀ ਅਤੇ ਯਹੂਦੀ ਲੋਕਾਂ ਵਿਚ—ਉਸ ਸਮੇਂ ਅੱਖਰਾਂ ਦੇ ਦੂਹਰੇ ਅਰਥਾਂ ਤੇ ਆਧਾਰਤ ਇਕ ਜਾਦੂ ਜਿਹਾ ਪ੍ਰਚਲਤ ਸੀ। ਈਸਵੀ ਸੰਨ ਤੋਂ ਲਗਭਗ ੩੦੦ ਸਾਲ ਪਹਿਲਾਂ, ਇਬਰਾਨੀ ਅਖਰ ਵੀ ਅੰਕਾਂ ਦੇ ਪ੍ਰਤੀਕਾਂ ਵਜੋਂ ਵਰਤੇ ਜਾਂਦੇ ਸਨ: a=੧, b=੨, g=੩, d=੪ ਆਦਿ। ਕਬਾਲਾ ਜੋਤਸ਼ੀ ਕਿਸੇ ਦੇ ਨਾਂ ਦੇ ਹਰ ਅਖਰ ਦੀ ਕਦਰ ਜੋੜਦੇ ਸਨ ਅਤੇ ਉਸ ਜੋੜ ਤੋਂ ਉਸ ਨਾਂ ਵਾਲੇ ਵਿਅਕਤੀ ਦਾ ਭਵਿਖ ਦਸਣ ਦਾ ਜਤਨ ਕਰਦੇ ਸਨ, ਮਿਸਾਲ ਲਈ, ਸਮਾਨ

ਅੰਦਰ ਵਾਲੇ ਸ਼ਬਦਾਂ ਜਾਂ ਸ਼ਬਦਾਂ ਦੇ ਸੰਜੋਗ ਦੀ ਰਚਨਾ ਦੁਆਰਾ। ਭੇਦਭਰੇ ਸ਼ਬਦਾਂ ਅਤੇ ਇਸ ਤਰ੍ਹਾਂ ਦੀਆਂ ਗੱਲਾਂ ਨੂੰ ਵੀ ਅੰਕਾਂ ਦੀ ਇਸ ਭਾਸ਼ਾ ਵਿਚ ਪ੍ਰਗਟਾਇਆ ਜਾਂਦਾ ਸੀ। ਇਸ ਕਲਾ ਨੂੰ ਯੂਨਾਨੀ ਨਾਂ gematriah, ਰੇਖਾ-ਗਣਤ, ਦਿਤਾ ਗਿਆ। ਜਿਨ੍ਹਾਂ ਖਾਲਦੂਨੀਆਂ ਨੇ ਇਸ ਨੂੰ ਆਪਣਾ ਕਾਰੋਬਾਰ ਬਣਾ ਲਿਆ ਸੀ ਅਤੇ ਜਿਨ੍ਹਾਂ ਨੂੰ ਤੈਸੀਤਸ ਨੇ mathematici ਦਾ ਨਾਂ ਦਿਤਾ ਸੀ, ਉਹਨਾਂ ਨੂੰ ਮਗਰੋਂ ਪਹਿਲਾਂ ਕਲਾਊਦੀਅਸ ਦੇ ਰਾਜ ਸਮੇਂ ਅਤੇ ਫੇਰ ਵਿਤੇਲੀਅਸ ਵੇਲੇ ਰੋਮ ਵਿਚੋਂ ਕੱਢ ਦਿਤਾ ਗਿਆ ਸੀ, ਸ਼ਾਇਦ "ਗੰਭੀਰ ਗੜਬੜ ਪੈਦਾ ਕਰਨ" ਦੇ ਦੋਸ਼ ਵਿਚ।

ਇਸੇ ਹੀ ਗਣਿਤ ਦੁਆਰਾ ਸਾਡਾ ਅੰਕ ੬੬੬ ਪ੍ਰਗਟ ਹੋਇਆ, ਇਹ ਪਹਿਲੇ ਪੰਜ ਕੈਸਰਾਂ ਵਿਚੋਂ ਇਕ ਦੇ ਨਾਂ ਲਈ ਓਹਲਾ ਹੈ। ਪਰ ੬੬੬ ਅੰਕ ਦੇ ਇਲਾਵਾ, ਦੂਜੀ ਸਦੀ ਦੇ ਅਖੀਰ ਤੇ ਇਰੇਨਾਈਅਸ, ਨੂੰ ਇਕ ਹੋਰ ਪਾਠ, ੬੧੬ ਦਾ ਪਤਾ ਸੀ, ਜਿਹੜਾ, ਸਭਨਾਂ ਹਾਲਤਾਂ ਵਿਚ, ਉਸ ਸਮੇਂ ਸਾਮ੍ਹਣੇ ਆਇਆ ਜਦੋਂ ਅੰਕ ਪਹੇਲੀ ਅਜੇ ਵਿਸ਼ਾਲ ਰੂਪ ਵਿਚ ਜਾਣੀ ਜਾਂਦੀ ਸੀ, ਇਸ ਦੇ ਹੱਲ ਦਾ ਸਬੂਤ ਤਾਂ ਮਿਲੇਗਾ ਜੇ ਇਹ ਦੋਵਾਂ ਅੰਕਾਂ ਲਈ ਠੀਕ ਨਿਕਲੇ।

ਇਹ ਹੱਲ ਬਰਲਿਨ ਦੇ ਫਰਡੀਨਾਂਡ ਬੇਨਾਰੀ ਨੇ ਮੁਹਈਆ ਕੀਤਾ ਸੀ। ਇਹ ਨਾਂ ਹੈ ਨੀਰੋ। ਅੰਕ נרונ קסר ਉਤੇ ਆਧਾਰਤ ਹੈ, ਨੀਰੋਨ ਕੈਸਰ, ਯੂਨਾਨੀ Nêron Kaisar ਦੇ ਇਬਰਾਨੀ ਸ਼ਬਦ-ਜੋੜ, ਸ਼ਹਿਨਸ਼ਾਹ ਨੀਰੋ, ਜਿਸ ਦੀ ਪ੍ਰਮਾਣੀਕਤਾ ਤਾਲਮੁਡ ਅਤੇ ਪਾਲਮੀਰੀ ਉਕਰਾਈਆਂ ਤੋਂ ਸਿਧ ਹੁੰਦੀ ਹੈ। ਇਹ ਉਕਰਾਈ ਨੀਰੋ ਦੇ ਸਮੇਂ ਦੇ ਸਿੱਕਿਆਂ ਤੋਂ ਲਭੀ ਸੀ ਜਿਹੜੇ ਸ਼ਹਿਨਸ਼ਾਹੀ ਦੇ ਪੂਰਬੀ ਅੱਧ ਵਿਚ ਢਾਲੇ ਗਏ। ਅਤੇ ਇਸ ਲਈ — n (ਨੂੰਨ) = ੫੦ ; r (ਰੇਸ਼) = ੨੦੦ ; v (ਵਾਓ) ਲਈ o = ੬ ; n (ਨੂੰਨ) = ੫੦ ; k (ਕਾਫ) = ੧੦੦; s (ਸਾਮੇਖ) = ੬੦ ; r (ਰੇਸ਼) = ੨੦੦। ਕੁਲ ਜੋੜ ੬੬੬। ਜੇ ਅਸੀਂ Nero Caesar ਦੇ ਲਾਤੀਨੀ ਸ਼ਬਦ-ਜੋੜਾ ਨੂੰ ਆਧਾਰ ਬਣਾ ਲਈਏ ਤਾਂ ਦੂਜਾ ਨੂੰਨ = ੫੦ ਗ਼ਾਇਬ ਹੋ ਜਾਂਦਾ ਹੈ ਅਤੇ ਸਾਡੇ ਕੋਲ ਰਹਿ ਜਾਂਦੇ ਹਨ ੬੬੬ — ੫੦ = ੬੧੬, ਜੋ ਕਿ ਇਰੇਨਾਈਅਸ ਦਾ ਪਾਠ ਹੈ।

ਅਸਲ ਵਿਚ ਸਾਰੀ ਰੋਮਨ ਸ਼ਹਿਨਸ਼ਾਹੀ ਵਿਚ ਹੀ ਗਾਲਬਾ ਦੇ ਸਮੇਂ ਅਚਾਨਕ ਗੜਬੜ ਮੱਚ ਪਈ ਸੀ। ਗਾਲਬਾ ਆਪ ਸਪੇਨੀ ਅਤੇ ਫਰਾਂਸੀਸੀ ਫੌਜਾਂ ਦਾ ਸਰਦਾਰ ਬਣਕੇ ਨੀਰੋ ਦਾ ਤਖ਼ਤਾ ਉਲਟਾਉਣ ਲਈ ਚੜ੍ਹ ਆਇਆ ਸੀ, ਜਿਹੜਾ ਭੱਜ ਨਿਕਲਿਆ ਸੀ ਅਤੇ ਜਿਸ ਨੇ ਆਜ਼ਾਦ ਕੀਤੇ ਇਕ ਗੁਲਾਮ ਨੂੰ ਹੁਕਮ ਦਿਤਾ ਸੀ ਕਿ ਉਸ ਨੂੰ ਮਾਰ ਦੇਵੇ। ਪਰ ਰੋਮ ਵਿਚ ਰਹਿੰਦੇ ਪਰੀਟੋਰੀਅਨਾਂ ਨੇ ਹੀ ਗਾਲਬਾ ਦੇ ਖਿਲਾਫ ਸਾਜ਼ਸ਼ ਨਹੀਂ ਸੀ ਕੀਤੀ, ਪ੍ਰਾਂਤਾਂ ਵਿਚ ਸੁਪ੍ਰੀਮ ਕਮਾਂਡਰਾਂ ਨੇ ਵੀ ਇਹੋ ਕੁਝ ਕੀਤਾ ਸੀ; ਹਰ ਥਾਂ ਤਖ਼ਤ ਦੇ ਨਵੇਂ ਦਾਹਵੇਦਾਰ ਪੈਦਾ ਹੋ ਗਏ ਸਨ ਅਤੇ ਆਪਣੀਆਂ

ਫੌਜਾਂ ਨਾਲ ਰੋਮ ਉਤੇ ਚੜ੍ਹਾਈ ਕਰਨ ਦੀਆਂ ਤਿਆਰੀਆਂ ਕਰ ਰਹੇ ਸਨ। ਸ਼ਹਿਨਸ਼ਾਹੀ ਖਾਨਾ-ਜੰਗੀ ਦੇ ਮੂੰਹ ਆਈ ਜਾਪਦੀ ਸੀ, ਇਸ ਦਾ ਵਿਗਠਨ ਸਿਰ ਤੇ ਖੜਾ ਦਿਖਾਈ ਦੇਂਦਾ ਸੀ। ਇਸ ਤੋਂ ਇਲਾਵਾ ਅਫਵਾਹ ਫੈਲ ਗਈ, ਖਾਸ ਕਰਕੇ ਪੂਰਬ ਵਿਚ, ਕਿ ਨੀਰੋ ਮਾਰਿਆ ਨਹੀਂ ਸੀ ਗਿਆ ਸਗੋਂ ਕੇਵਲ ਜ਼ਖ਼ਮੀ ਹੀ ਹੋਇਆ ਸੀ ਅਤੇ ਭੱਜ ਕੇ ਪਾਰਥੀਆਈਆਂ * ਕੋਲ ਚਲਾ ਗਿਆ ਸੀ ਅਤੇ ਇਕ ਵਾਰ ਫੇਰ ਫਰਾਤ ਨਦੀ ਪਾਰ ਕਰਕੇ ਇਕ ਹੋਰ ਤੇ ਵਧੇਰੇ ਲਹੂ-ਡੋਲ੍ਹਵਾਂ ਦਹਿਸ਼ਤ ਦਾ ਰਾਜ ਕਰਨ ਲਈ ਸੈਨਾ ਨਾਲ ਅਗੇ ਵਧਣ ਹੀ ਵਾਲਾ ਸੀ। ਅਕਾਇਆ ਅਤੇ ਏਸ਼ੀਆ ਖਾਸ ਕਰਕੇ ਅਜਿਹੀਆਂ ਖਬਰਾਂ ਤੋਂ ਭੈਭੀਤ ਸਨ। ਅਤੇ ਠੀਕ ਉਸ ਵੇਲੇ ਜਦੋਂ "ਅਗੰਮ-ਗਿਆਨ ਦੀ ਪੁਸਤਕ" ਲਿਖੀ ਗਈ ਹੋਣੀ ਚਾਹੀਦੀ ਹੈ ਇਕ ਨਕਲੀ ਨੀਰੋ ਪ੍ਰਗਟ ਹੋ ਪਿਆ ਜਿਹੜਾ ਏਜੀਅਨ ਸਾਗਰ ਵਿਚਲੇ ਕੀਤਨਸ ਟਾਪੂ ਉਤੇ (ਜਿਸ ਨੂੰ ਹੁਣ ਥੇਰਮੀਆ ਕਹਿੰਦੇ ਹਨ), ਜੋਕਿ ਪਾਤਮੋਸ ਤੇ ਏਸ਼ੀਆ ਮਾਈਨਰ ਤੋਂ ਬਹੁਤ ਦੂਰ ਨਹੀਂ, ਆਪਣੇ ਸਮਰਥਕਾਂ ਦੀ ਚੋਖੀ ਵੱਡੀ ਗਿਣਤੀ ਨੂੰ ਨਾਲ ਲੈਕੇ ਆ ਟਿਕਿਆ, ਅਤੇ ਅਖੀਰ ਉਹ ਮਾਰਿਆ ਗਿਆ ਜਦੋਂ ਓਥੋ ਅਜੇ ਰਾਜ ਕਰਦਾ ਸੀ। ਇਸ ਤੱਥ ਉਤੇ ਹੈਰਾਨ ਹੋਣ ਵਾਲੀ ਕਿਹੜੀ ਗੱਲ ਹੈ ਕਿ ਈਸਾਈਆਂ ਵਿਚ, ਜਿਨ੍ਹਾਂ ਦੇ ਖਿਲਾਫ ਨੀਰੋ ਨੇ ਪਹਿਲਾ ਵੱਡਾ ਅਤਿਆਚਾਰ ਸ਼ੁਰੂ ਕੀਤਾ ਸੀ, ਇਹ ਵਿਚਾਰ ਫੈਲ ਗਿਆ ਕਿ ਉਹ ਈਸਾ-ਵਿਰੋਧੀ ਵਜੋਂ ਪਰਤ ਕੇ ਆਵੇਗਾ ਅਤੇ ਇਹ ਕਿ ਉਸ ਦਾ ਪਰਤਣਾ ਅਤੇ ਇਸ ਨਾਲ ਨਵੇਂ ਫਿਰਕੇ ਉਤੇ ਖ਼ੂਨੀ ਜ਼ੁਲਮ ਦੀ ਤਿੱਖੀ ਕੋਸ਼ਿਸ਼ ਹੋਣਾ ਈਸਾ ਦੇ ਪਰਤਣ ਦਾ, ਨਰਕ ਦੀਆਂ ਸ਼ਕਤੀਆਂ ਵਿਰੁਧ ਵਡੇ ਵਿਜਈ ਸੰਗਰਾਮ ਦਾ, "ਛੇਤੀ ਹੀ" ਸਥਾਪਤ ਹੋਣ ਵਾਲੀ ਹਜ਼ਾਰ ਵਰ੍ਹੇ ਦੀ ਬਾਦਸ਼ਾਹੀ, ਜਿਸ ਸੰਬੰਧੀ ਭਰੋਸੇ-ਭਰੀ ਆਸ ਨੇ ਸ਼ਹੀਦਾਂ ਨੂੰ ਖੁਸ਼ੀ ਖੁਸ਼ੀ ਜਾਨਾਂ ਵਾਰਨ ਲਈ ਪ੍ਰੇਰਿਆ ਸੀ, ਸੰਕੇਤ ਅਤੇ ਆਰੰਭ ਹੋਵੇਗਾ?

ਪਹਿਲੀਆਂ ਦੋ ਸਦੀਆਂ ਦਾ ਈਸਾਈ ਅਤੇ ਈਸਾਈ ਪ੍ਰਭਾਵ ਵਾਲਾ ਸਾਹਿਤ ਇਸ ਗੱਲ ਦਾ ਚੋਖਾ ਸੰਕੇਤ ਦੇਂਦਾ ਹੈ ਕਿ ੬੬੬ ਦੇ ਅੰਕ ਦੇ ਰਹੱਸ ਦਾ ਓਦੋਂ ਬਹੁਤ ਸਾਰੇ ਲੋਕਾਂ ਨੂੰ ਪਤਾ ਸੀ। ਇਰੇਨਾਈਅਸ ਨੂੰ ਹੁਣ ਇਸ ਦਾ ਪਤਾ ਨਹੀਂ ਸੀ ਰਿਹਾ, ਪਰ ਦੂਜੇ ਪਾਸੇ ਉਸ ਨੂੰ ਅਤੇ ਤੀਜੀ ਸਦੀ ਦੇ ਅੰਤ ਤੱਕ ਕਈ ਹੋਰਾਂ ਨੂੰ ਵੀ ਪਤਾ ਸੀ ਕਿ ਅਗੰਮੀ-ਵਾਕ ਦੇ ਦਰਿੰਦੇ ਦਾ ਮਤਲਬ ਨੀਰੋ ਦਾ ਪਰਤਣਾ ਸੀ। ਫੇਰ ਇਹ ਖੁਰਾ-ਖੋਜ ਗੁਆਚ ਜਾਂਦਾ ਹੈ ਅਤੇ ਉਸ ਕ੍ਰਿਤੀ ਦੀ ਜਿਸ ਵਿਚ ਸਾਡੀ ਦਿਲਚਸਪੀ ਹੈ ਧਾਰਮਿਕ ਰੁਚੀ ਵਾਲੇ ਜੋਤਸ਼ੀ ਉਸ ਦੀ ਅਜੀਬੋ-ਗਰੀਬ ਵਿਆਖਿਆ ਕਰਦੇ ਹਨ। ਬਚਪਨ ਵਿਚ ਮੈਂ ਖ਼ੁਦ ਅਜਿਹੇ ਬੁਢੇ ਲੋਕਾਂ ਨੂੰ ਜਾਣਦਾ ਸਾਂ

---

* ਅਜੋਕੇ ਖ਼ੁਰਾਸਾਨੀ। — **ਅਨੁ:**

ਜਿਨ੍ਹਾਂ ਨੂੰ, ਬੁਢੇ ਯੋਹਾਨ ਆਲਬ੍ਰੈਖਟ ਬੇਂਗਲ ਦੇ ਪੂਰਨਿਆਂ ਤੇ ਚਲਦਿਆਂ, ਸਾਲ ੧੮੩੬ ਵਿਚ ਸੰਸਾਰ ਦੇ ਅੰਤ ਦੀ ਅਤੇ ਅੰਤਲੇ ਨਿਆਂ ਦੀ ਆਸ ਸੀ। ਇਹ ਭਵਿਖਬਾਣੀ ਪੂਰੀ ਹੋਈ, ਅਤੇ ਉਸੇ ਹੀ ਸਾਲ। ਪਰ, ਅੰਤਲੇ ਨਿਆਂ ਦਾ ਸ਼ਿਕਾਰ ਪਾਪੀ ਸੰਸਾਰ ਨਹੀਂ ਸੀ ਹੋਇਆ, ਸਗੋਂ "ਅਗੰਮ-ਗਿਆਨ ਦੀ ਪੁਸਤਕ" ਦੀ ਪਵਿਤਰ ਵਿਆਖਿਆ ਕਰਨ ਵਾਲੇ ਆਪ ਇਸ ਦਾ ਸ਼ਿਕਾਰ ਹੋਏ ਸਨ। ਕਿਉਂਕਿ ੧੮੩੬ ਵਿਚ ਫਰਡੀਨਾਂਡ ਬੇਨਾਰੀ ਨੇ ੬੬੬ ਅੰਕ ਦੀ ਵਿਆਖਿਆ ਮੁਹਈਆ ਕਰ ਦਿਤੀ ਸੀ ਅਤੇ ਇਸ ਪ੍ਰਕਾਰ ਸਭਨਾਂ ਪੈਗ਼ੰਬਰੀ ਗਿਣਤੀਆਂ ਮਿਣਤੀਆਂ ਦਾ, ਨਵੇਂ gematriah ਦਾ, ਅਜ਼ਾਬੀ ਅੰਤ ਕਰ ਦਿਤਾ ਸੀ।

ਸਾਡਾ ਜਾਨ ਉਸ ਸਵਰਗ ਦੀ ਬਾਦਸ਼ਾਹੀ ਦਾ ਜਿਹੜੀ ਸ਼ਰਧਾਲੂਆਂ ਲਈ ਰਾਖਵੀਂ ਹੈ ਕੇਵਲ ਪੇਤਲਾ ਜਿਹਾ ਹੀ ਵਰਣਨ ਦੇ ਸਕਦਾ ਹੈ। ਨਵਾਂ ਯਰੂਸ਼ਲਮ ਚੋਖੇ ਵੱਡੇ ਖੇਤਰ ਵਿਚ ਵਸਾਇਆ ਗਿਆ ਹੈ, ਘਟੋ ਘਟ ਉਸ ਸਮੇਂ ਦੇ ਸੰਕਲਪਾਂ ਅਨੁਸਾਰ; ਇਹ ਇਕ ਵਰਗ ਦਾ ਰੂਪ ਹੈ ਜਿਸ ਦੀ ਇਕ ਬਾਹੀ ੧੨,੦੦੦ ਫਰਲਾਂਗ ਜਾਂ ੨,੨੨੭ ਕਿਲੋਮੀਟਰ, ਦੇ ਬਰਾਬਰ ਹੈ। ਇਸ ਤਰ੍ਹਾਂ ਇਸ ਦਾ ਰਕਬਾ ਲਗਭਗ ਪੰਜਾਹ ਲੱਖ ਵਰਗ ਕਿਲੋਮੀਟਰ ਬਣਦਾ ਹੈ, ਸੰਯੁਕਤ ਰਾਜ ਅਮ੍ਰੀਕਾ ਦੇ ਅੱਧ ਨਾਲੋਂ ਬਹੁਤਾ। ਅਤੇ ਇਹ ਖਾਲਸ ਸੋਨੇ ਅਤੇ ਮਣੀਆਂ ਦਾ ਬਣਿਆ ਹੋਇਆ ਹੈ। ਉਥੇ ਈਸ਼ਵਰ ਆਪਣੇ ਲੋਕਾਂ ਦੇ ਨਾਲ ਰਹਿੰਦਾ ਹੈ, ਸੂਰਜ ਦੀ ਥਾਂ ਉਹਨਾਂ ਨੂੰ ਰੋਸ਼ਨੀ ਦੇਂਦਾ ਹੈ, ਅਤੇ ਉਥੇ ਹੁਣ ਅਗੋਂ ਕੋਈ ਮੌਤ ਨਹੀਂ ਹੋਵੇਗੀ, ਨਾ ਹੀ ਕੋਈ ਗ਼ਮ, ਨਾ ਹੀ ਉਥੇ ਕੋਈ ਪੀੜ ਹੋਵੇਗੀ। ਅਤੇ ਸ਼ਹਿਰ ਦੇ ਅੰਦਰ ਅੰਮ੍ਰਿਤ ਦਾ ਦਰਿਆ ਵਹਿੰਦਾ ਹੈ, ਅਤੇ ਦਰਿਆ ਦੇ ਦੋਹਾਂ ਕੰਢਿਆਂ ਉਤੇ ਜ਼ਿੰਦਗੀ ਦੇ ਰੁਖ ਹਨ, ਜਿਨ੍ਹਾਂ ਨੂੰ ਬਾਰਾਂ ਕਿਸਮਾਂ ਦਾ ਫਲ ਲਗਦਾ ਹੈ ਅਤੇ ਉਹ ਹਰ ਮਹੀਨੇ ਫਲ ਦੇਂਦੇ ਹਨ; ਅਤੇ ਰੁਖ ਦੇ ਪੱਤੇ "ਮੂਰਤੀ ਪੂਜਕਾਂ ਦੇ ਰੋਗ ਦੂਰ ਕਰਨ ਦੇ ਕੰਮ ਆਉਂਦੇ ਹਨ।" (ਇਕ ਪ੍ਰਕਾਰ ਦਾ ਜਸ਼ਾਂਦਾ, ਰੇਨਾਨ ਦਾ ਖਿਆਲ ਹੈ—"ਈਸਾ-ਵਿਰੋਧੀ", ਪੰਨਾ ੫੪੨)। ਸੰਤ ਹਮੇਸ਼ਾ ਇਥੇ ਹੀ ਰਹਿਣਗੇ।

ਜਿਥੋਂ ਤੱਕ ਸਾਡਾ ਗਿਆਨ ਹੈ, ਸੰਨ ੬੮ ਦੇ ਕਰੀਬ, ਆਪਣੇ ਮੁਖ ਕੇਂਦਰ, ਏਸ਼ੀਆ ਮਾਈਨਰ ਵਿਚ ਈਸਾਈਅਤ ਦੀ ਅਜਿਹੀ ਸਥਿਤੀ ਸੀ। ਕਿਸੇ ਤ੍ਰਿਕੁਟੀ ਦਾ ਕੋਈ ਨਾਂ-ਨਿਸ਼ਾਨ ਨਹੀਂ ਸਗੋਂ, ਇਸ ਦੇ ਉਲਟ, ਪਿਛਲੇਰੀ ਯਹੂਦੀਅਤ ਦਾ ਪੁਰਾਣਾ ਅਤੇ ਅਵੰਡ ਜਿਹੋਵਾ ਹੈ ਜਿਸ ਨੂੰ ਯਹੂਦੀਆਂ ਦੇ ਕੌਮੀ ਦੇਵਤੇ ਤੋਂ ਉੱਚਾ ਚੁਕ ਕੇ ਅਰਸ਼ ਤੇ ਧਰਤੀ ਦਾ ਇਕੋ ਇਕ ਤੇ ਸਰਬਸ਼ਕਤੀਮਾਨ ਈਸ਼ਵਰ ਬਣਾ ਦਿਤਾ ਗਿਆ ਸੀ, ਜਿਥੇ ਉਹ ਸਭਨਾਂ ਕੌਮਾਂ ਉਤੇ ਰਾਜ ਕਰਨ ਦਾ ਦਾਹਵਾ ਕਰਦਾ ਹੈ, ਉਹਨਾਂ ਨਾਲ ਮਿਹਰ ਦਾ ਇਕਰਾਰ ਕਰਦਾ ਹੈ ਜਿਹੜੇ ਧਰਮ-ਪਰਿਵਰਤਿਤ ਹਨ

ਅਤੇ ਜ਼ਿੱਦ ਕਰਨ ਵਾਲਿਆਂ ਨੂੰ ਬੇਕਿਰਕੀ ਨਾਲ ਮਾਰਦਾ ਹੈ ਜੋਕਿ ਪ੍ਰਾਚੀਨ ਅਖਾਣ parcere subjectis ac debellare superbos* ਅਨੁਸਾਰ ਹੈ। ਇਸ ਪ੍ਰਕਾਰ, ਇਹ ਈਸ਼ਵਰ, ਆਪ, ਨਾ ਕਿ ਈਸਾ ਜਿਵੇਂ ਕਿ ਅੰਜੀਲੀ-ਕਥਾਵਾਂ ਅਤੇ ਪਤਰਾਂ ਦੇ ਪਿਛਲੇਰੇ ਵੇਰਵੇ ਵਿਚ ਕਿਹਾ ਗਿਆ ਹੈ, ਅੰਤਲਾ ਨਿਆਂ ਕਰੇਗਾ। ਜ਼ਹੂਰ ਵਿਚ ਆਉਣ ਦੇ ਈਰਾਨੀ ਮੱਤ ਅਨੁਸਾਰ ਜਿਹੜਾ ਪਿਛਲੇਰੀ ਯਹੂਦੀਅਤ ਵਿਚ ਪ੍ਰਚਲਤ ਸੀ, ਲੇਲਾ-ਈਸਾ ਸਦੀਵੀ ਤੌਰ ਤੇ ਉਵੇਂ ਹੀ ਉਸ ਤੋਂ ਉਤਪੰਨ ਹੁੰਦਾ ਹੈ ਜਿਵੇਂ "ਈਸ਼ਵਰ ਦੀਆਂ ਸੱਤ ਰੂਹਾਂ" ਹੁੰਦੀਆਂ ਹਨ, ਪਰ ਹੇਠਲੀ ਪੱਧਰ ਉਤੇ, ਜਿਨ੍ਹਾਂ ਦੀ ਹੋਂਦ ਦਾ ਕਾਰਨ ਇਕ ਕਾਵਿਕ ਅੰਸ਼ ਦੀ ਗ਼ਲਤ ਸਮਝ ਹੈ (ਈਸਾਈਆ, ੧੧:੨)। ਉਹ ਸਾਰੇ ਹੀ ਨਾ ਤਾਂ ਈਸ਼ਵਰ ਹਨ, ਨਾ ਈਸ਼ਵਰ ਦੇ ਬਰਾਬਰ, ਸਗੋਂ ਈਸ਼ਵਰ ਦੇ ਅਧੀਨ ਹਨ। ਲੇਲਾ ਸੰਸਾਰ ਦੇ ਪਾਪਾਂ ਦਾ ਪ੍ਰਾਸ਼ਚਿਤ ਕਰਨ ਲਈ ਆਪਣੀ ਬਲੀ ਦੇਂਦਾ ਹੈ ਅਤੇ ਇਹਦੇ ਬਦਲੇ ਸਵਰਗ ਵਿਚ ਉਸ ਨੂੰ ਚੋਖਾ ਉਚਾ ਕਰ ਦਿਤਾ ਜਾਂਦਾ ਹੈ, ਕਿਉਂਕਿ ਇਸ ਦੀ ਸਵੈ-ਇੱਛਤ ਬਲੀ ਨੂੰ ਸਾਰੀ ਪੁਸਤਕ ਵਿਚ ਇਕ ਅਸਾਧਾਰਨ ਕਾਰਨਾਮਾ ਕਰਕੇ ਵਡਿਆਇਆ ਗਿਆ ਹੈ, ਕਿਸੇ ਅਜਿਹੀ ਗੱਲ ਵਜੋਂ ਨਹੀਂ ਜਿਹੜੀ ਲਾਜ਼ਮੀ ਹੀ ਇਸ ਦੀ ਅੰਤਰੀਵ ਪ੍ਰਕਿਰਤੀ ਤੋਂ ਹੀ ਉਪਜਦੀ ਹੋਵੇ। ਸੁਭਾਵਿਕ ਹੀ ਵੱਡੇ ਫਰਿਸ਼ਤਿਆਂ, ਬਾਲ-ਦੇਵਤਿਆਂ, ਹੋਰ ਫਰਿਸ਼ਤਿਆਂ ਅਤੇ ਸੰਤਾਂ ਦਾ ਸਮੁਚਾ ਇਲਾਹੀ ਦਰਬਾਰ ਲੱਗਾ ਹੋਇਆ ਹੈ। ਇਕੀਸ਼ਵਰਵਾਦ ਨੂੰ ਇਕ ਧਰਮ ਬਣਨ ਲਈ ਸਦਾ ਹੀ ਬਹੁ-ਦੇਵਵਾਦ ਨੂੰ ਰਿਆਇਤਾਂ ਦੇਣੀਆਂ ਪਈਆਂ ਹਨ — ਜੈਂਦ-ਅਵੇਸਤਾ[161] ਦੇ ਸਮੇਂ ਤੋਂ ਹੀ। ਯਹੂਦੀਆਂ ਵਿਚ ਕਾਫਰਾਂ ਦੇ ਇੰਦਰਿਆਵੀ ਦੇਵਤਿਆਂ ਤੱਕ ਗਿਰਾਵਟ ਨਿਰੰਤਰ ਓਦੋਂ ਤੱਕ ਜਾਰੀ ਰਹੀ ਜਦੋਂ ਅਖੀਰ, ਦੇਸ ਨਿਕਾਲੇ[162] ਪਿਛੋਂ, ਇਲਾਹੀ ਦਰਬਾਰ ਨੇ ਈਰਾਨੀ ਨਮੂਨੇ ਅਨੁਸਾਰ ਧਰਮ ਨੂੰ ਲੋਕਾਂ ਦੀ ਖਿਆਲੀ ਮੂਰਤ ਮੁਤਾਬਿਕ ਚੰਗੇਰੀ ਭਾਂਤ ਨਾ ਢਾਲ ਲਿਆ, ਅਤੇ ਖੁਦ ਈਸਾਈਅਤ, ਉਸ ਤੋਂ ਮਗਰੋਂ ਵੀ ਜਦੋਂ ਇਸ ਨੇ ਯਹੂਦੀਆਂ ਦੇ ਸਦੀਵੀ ਤੌਰ ਤੇ ਆਤਮ-ਸਮਾਨ ਅਵਿਕਾਰੀ ਦੇਵਤੇ ਦੀ ਥਾਂ ਤ੍ਰਿਕੁਟੀ ਦਾ ਰਹੱਸਮਈ ਫਰਕ ਕਰਨ ਵਾਲਾ ਦੇਵਤਾ ਸਥਾਪਤ ਕਰ ਲਿਆ ਸੀ, ਪੁਰਾਣੇ ਦੇਵਤਿਆਂ ਦੀ ਪੂਜਾ ਦੀ ਥਾਂ ਸੰਤਾਂ ਦੀ ਪੂਜਾ ਸਥਾਪਤ ਕਰਨ ਬਿਨਾਂ ਕੁਝ ਨਾ ਲਭ ਸਕੀ; ਇਸ ਪ੍ਰਕਾਰ, ਫਾਲਮੇਰਾਯਰ ਅਨੁਸਾਰ, ਪੇਲੋਪੋਨੇਸਸ, ਮਾਈਨਾ ਅਤੇ ਆਰਕਾਦੀਆ ਵਿਚ ਜੁਪੀਟਰ ਦੀ ਪੂਜਾ ਕੇਵਲ ਨੌਵੀਂ ਸਦੀ ਦੇ ਨੇੜੇ ਤੇੜੇ ਜਾ ਕੇ ਹੀ ਖ਼ਤਮ ਹੋਈ ("Geschichte

---

*ਸਨਿਮਰ ਨੂੰ ਖਿਮਾ ਕਰੋ ਅਤੇ ਹੰਕਾਰੀ ਨੂੰ ਨੱਥ ਪਾਓ। — **ਸਪਾ:**

der Halbinsel Morea" * ਭਾਗ I, ਪੰਨਾ ੨੨੭)। ਕੇਵਲ ਆਧੁਨਿਕ ਬੁਰਜੂਆ ਜੁਗ ਅਤੇ ਇਸ ਦੇ ਪ੍ਰੋਟੈਸਟੈਂਟਵਾਦ ਨੇ ਇਕ ਵਾਰ ਫੇਰ ਸੰਤਾਂ ਨੂੰ ਖ਼ਤਮ ਕੀਤਾ ਅਤੇ ਅਖੀਰ ਨਿਖੇੜੇ ਹੋਏ ਇਕੀਸ਼ਵਰਵਾਦ ਨੂੰ ਗੰਭੀਰਤਾ ਨਾਲ ਲਿਆ।

ਇਸ ਪੁਸਤਕ ਵਿਚ ਆਦਿ ਗੁਨਾਹ ਦਾ ਅਤੇ ਵਿਸ਼ਵਾਸ ਦੁਆਰਾ ਮੁਕਤੀ ਦਾ ਓਨਾ ਹੀ ਘਟ ਪਤਾ ਲਗਦਾ ਹੈ। ਇਹਨਾਂ ਮੁਢਲੇ ਜੁਝਾਰ ਭਾਈਚਾਰਿਆਂ ਦਾ ਵਿਸ਼ਵਾਸ ਪਿਛਲੇਰੇ ਵਿਜਈ ਚਰਚ ਦੇ ਵਿਸ਼ਵਾਸ ਨਾਲੋਂ ਬਿਲਕੁਲ ਵਖਰਾ ਹੈ; ਲੇਲੇ ਦੀ ਪ੍ਰਾਸ਼ਚਿਤ ਕਰਨ ਵਾਲੀ ਬਲੀ ਦੇ ਨਾਲ ਨਾਲ, ਈਸਾ ਦੀ ਛੇਤੀ ਹੀ ਹੋਣ ਵਾਲੀ ਵਾਪਸੀ ਅਤੇ ਹਜ਼ਾਰ-ਵਰ੍ਹੇ ਦੀ ਬਾਦਸ਼ਾਹੀ ਜਿਸ ਦੀ ਪ੍ਰਭਾਤ ਛੇਤੀ ਹੀ ਹੋਣ ਵਾਲੀ ਹੈ ਇਸ ਦੀ ਲਾਜ਼ਮੀ ਵਸਤੂ ਹੈ; ਇਹ ਵਿਸ਼ਵਾਸ ਕੇਵਲ ਸਰਗਰਮ ਪਰਚਾਰ, ਅੰਦਰ ਤੇ ਬਾਹਰ ਦੇ ਦੁਸ਼ਮਣ ਵਿਰੁਧ ਸਿਰੜੀ ਸੰਗਰਾਮ, ਕਾਫਰ ਜੱਜਾਂ ਸਾਮ੍ਹਣੇ ਇਨਕਲਾਬੀ ਦ੍ਰਿਸ਼ਟੀਕੋਣ ਦਾ ਮਾਣ ਨਾਲ ਕੀਤਾ ਦਾਹਵਾ ਅਤੇ ਜਿੱਤ ਵਿਚ ਵਿਸ਼ਵਾਸ ਰਖਦੀ ਸ਼ਹੀਦੀ ਰਾਹੀਂ ਹੀ ਜਿਊਂਦਾ ਹੈ।

ਅਸੀਂ ਦੇਖ ਚੁਕੇ ਹਾਂ ਕਿ ਕਰਤਾ ਅਜੇ ਇਸ ਗਲੋਂ ਸੁਚੇਤ ਨਹੀਂ ਕਿ ਉਹ ਯਹੂਦੀ ਤੋਂ ਬਿਨਾਂ ਕੁਝ ਹੋਰ ਹੈ। ਤੱਦਅਨੁਸਾਰ ਸਾਰੀ ਪੁਸਤਕ ਵਿਚ ਬਪਤਿਸਮੇ ਦਾ ਕੋਈ ਜ਼ਿਕਰ ਨਹੀਂ ਆਉਂਦਾ, ਜਿਵੇਂ ਹੋਰ ਵੀ ਬਹੁਤ ਸਾਰੇ ਤੱਥ ਸੰਕੇਤ ਦੇਂਦੇ ਹਨ ਕਿ ਬਪਤਿਸਮਾ ਈਸਾਈਅਤ ਦੇ ਦੂਜੇ ਦੌਰ ਵਿਚ ਸਥਾਪਤ ਕੀਤਾ ਗਿਆ ਸੀ। ੧੪੪,੦੦੦ ਸ਼ਰਧਾਵਾਨ ਯਹੂਦੀਆਂ ਨੂੰ "ਮੁਹਰ ਲਗਦੀ" ਹੈ ਉਹਨਾਂ ਦਾ ਬਪਤਿਸਮਾ ਨਹੀਂ ਹੁੰਦਾ। ਸਵਰਗ ਦੇ ਸੰਤਾਂ ਅਤੇ ਧਰਤੀ ਦੇ ਸ਼ਰਧਾਲੂਆਂ ਬਾਰੇ ਕਿਹਾ ਗਿਆ ਹੈ ਕਿ ਉਹਨਾਂ ਨੇ ਆਪ ਆਪਣੇ ਪਾਪ ਧੋ ਛੱਡੇ ਸਨ ਅਤੇ ਆਪਣੇ ਵਸਤਰ ਧੋ ਲਏ ਸਨ ਅਤੇ ਲੇਲੇ ਦੇ ਲਹੂ ਵਿਚ ਉਹਨਾਂ ਨੂੰ ਚਿੱਟਾ ਕਰ ਲਿਆ ਸੀ; ਇਥੇ ਬਪਤਿਸਮੇ ਦੇ ਪਾਣੀ ਦਾ ਕੋਈ ਜ਼ਿਕਰ ਨਹੀਂ। ਅਧਿਆਇ ੧੧ ਵਿਚ ਈਸਾ-ਵਿਰੋਧੀ ਦੇ ਆਉਣ ਤੋਂ ਪਹਿਲਾਂ ਜਿਹੜੇ ਦੋ ਪੈਗੰਬਰ ਆਉਂਦੇ ਹਨ ਬਪਤਿਸਮਾ ਨਹੀਂ ਦੇਂਦੇ; ਅਤੇ ੧੯:੧੦ ਅਨੁਸਾਰ, ਈਸਾ ਦਾ ਪ੍ਰਮਾਣ ਬਪਤਿਸਮਾ ਨਹੀਂ, ਸਗੋਂ ਭਵਿਖ-ਬਾਣੀ ਦੀ ਆਤਮਾ ਹੈ। ਜੇ ਉਸ ਵੇਲੇ ਇਹ ਪ੍ਰਚਲਤ ਹੁੰਦਾ ਤਾਂ ਇਹਨਾਂ ਸਭਨਾਂ ਹਾਲਤਾਂ ਵਿਚ ਸੁਭਾਵਿਕ ਹੀ ਬਪਤਿਸਮਾ ਦਾ ਜ਼ਿਕਰ ਆਉਣਾ ਚਾਹੀਦਾ ਸੀ; ਇਸ ਲਈ ਅਸੀਂ ਲਗਭਗ ਪੂਰਨ ਨਿਸਚੇ ਨਾਲ ਇਹ ਨਿਰਣਾ ਕੱਢ ਸਕਦੇ ਹਾਂ ਕਿ ਕਰਤਾ ਨੂੰ ਇਸ ਦਾ ਗਿਆਨ ਨਹੀਂ ਸੀ, ਕਿ ਇਹ ਪਹਿਲੀ ਵਾਰ ਓਦੋਂ ਸਾਮ੍ਹਣੇ ਆਇਆ ਜਦੋਂ ਈਸਾਈ ਅੰਤਮ ਤੌਰ ਤੇ ਯਹੂਦੀਆਂ ਨਾਲੋਂ ਵੱਖਰੇ ਹੋ ਗਏ।

---

* "ਮੋਰੇਆ ਟਾਪੂਹਾਰ ਦਾ ਇਤਿਹਾਸ"। — **ਸੰਪਾ:**

ਨਾ ਹੀ ਸਾਡੇ ਕਰਤਾ ਨੂੰ ਦੂਜੇ ਅਤੇ ਪਿਛਲੇਰੇ ਸੈਕਰਮੈਂਟ,* ਯੂਕਾਰਿਸਟ** ਬਾਰੇ ਕੋਈ ਬਹੁਤਾ ਗਿਆਨ ਹੈ। ਜੇ ਲੂਥਰ ਵਾਲੇ ਪਾਠ ਵਿਚ ਈਸਾ ਥੀਆਤੀਰੀਆਂ ਨਾਲ ਜਿਹੜੇ ਆਪਣੇ ਵਿਸ਼ਵਾਸ ਵਿਚ ਪੱਕੇ ਰਹਿੰਦੇ ਹਨ ਆਪਣੇ das Abendmahl halten*** ਸਮੇਤ ਆਉਣ ਦਾ ਇਕਰਾਰ ਕਰਦਾ ਹੈ, ਤਾਂ ਇਸ ਤੋਂ ਗ਼ਲਤ ਪ੍ਰਭਾਵ ਉਤਪੰਨ ਹੁੰਦਾ ਹੈ। ਯੂਨਾਨੀ ਪਾਠ ਵਿਚ deipnêsô ਹੈ—ਮੈਂ (ਉਹਦੇ ਨਾਲ) ਰਾਤ ਦਾ ਖਾਣਾ ਖਾਵਾਂਗਾ, ਅਤੇ ਅੰਗ੍ਰੇਜ਼ੀ ਦੀ ਬਾਈਬਲ ਇਸ ਦਾ ਸਹੀ ਅਨੁਵਾਦ ਦੇਂਦੀ ਹੈ: I shall *sup* with him****। ਇਥੇ ਯੂਕਾਰਿਸਟ ਦਾ ਯਾਦ ਵਿਚ ਦਿਤੇ ਭੋਜਨ ਦੇ ਤੌਰ ਤੇ ਵੀ ਕੋਈ ਸਵਾਲ ਹੀ ਨਹੀਂ।

ਇਸ ਵਿਚ ਕੋਈ ਸ਼ਕ ਨਹੀਂ ਹੋ ਸਕਦਾ ਕਿ ਇਹ ਪੁਸਤਕ, ਜਿਸ ਦੀ ਲਿਖਣ-ਮਿਤੀ ਅਜੀਬ ਢੰਗ ਨਾਲ ਸੰਨ ੬੮ ਜਾਂ ੬੯ ਮੌਲਿਕ ਰੂਪ ਵਿਚ ਪ੍ਰਮਾਣਿਤ ਹੋ ਚੁਕੀ ਹੈ, ਸਾਰੇ ਈਸਾਈ ਸਾਹਿਤ ਵਿਚ ਸਭ ਤੋਂ ਪੁਰਾਣੀ ਹੈ। ਕੋਈ ਵੀ ਹੋਰ ਪੁਸਤਕ ਅਜਿਹੀ ਗੰਵਾਰ ਜ਼ਬਾਨ, ਇਬਰਾਨੀਅਤ[163] ਦੀ ਵਰਤੋਂ ਨਾਲ ਏਨੀਆਂ ਭਰਪੂਰ, ਅਸੰਭਵ ਵਾਕ-ਰਚਨਾਵਾਂ ਅਤੇ ਵਿਆਕਰਣ ਦੀਆਂ ਏਨੀਆਂ ਗ਼ਲਤੀਆਂ ਨਾਲ ਭਰਪੂਰ ਨਹੀਂ ਲਿਖੀ ਗਈ। ਮਿਸਾਲ ਲਈ, ਅਧਿਆਇ ੧, ਚੌਥੀ ਪੰਗਤੀ ਵਿਚ, ਇੰਨ ਬਿੰਨ ਇਹ ਕਿਹਾ ਗਿਆ ਹੈ:

"ਤੁਹਾਡੇ ਤੇ ਰਹਿਮਤ ਤੇ ਸ਼ਾਂਤੀ ਦੀ ਮਿਹਰ ਹੋਵੇ ਉਸ ਤੋਂ ਜੋ ਹੋਂਦ ਵਿਚ ਹੈ ਅਤੇ ਜੋ ਸੀ ਅਤੇ ਜੋ ਆ ਰਿਹਾ ਹੈ।"

ਕੇਵਲ ਪੇਸ਼ਾਵਰ ਧਰਮ-ਸ਼ਾਸਤ੍ਰੀ ਅਤੇ ਦੂਜੇ ਪੱਖਪਾਤੀ ਇਤਿਹਾਸਕਾਰ ਹੀ ਹੁਣ ਇਸ ਗਲੋਂ ਇਨਕਾਰੀ ਹਨ ਕਿ ਅੰਜੀਲੀ ਕਥਾਵਾਂ ਅਤੇ "ਆਦਿ-ਸ਼ਿਸ਼ਾਂ ਦੇ ਕੰਮ" ਉਹਨਾਂ ਲਿਖਤਾਂ ਦੇ ਪਿਛੋਂ ਕੀਤੇ ਰੂਪਾਂਤਰ ਹੀ ਹਨ ਜਿਹੜੀਆਂ ਹੁਣ ਗੁਆਚ ਗਈਆਂ ਹਨ ਅਤੇ ਜਿਨ੍ਹਾਂ ਦਾ ਕਮਜ਼ੋਰ ਇਤਿਹਾਸਕ ਬੀਜ ਦੰਦ-ਕਥਾਵਾਂ ਦੇ ਗੋਰਖ-ਧੰਦੇ ਵਿਚ ਹੁਣ ਪਛਾਣਿਆ ਨਹੀਂ ਜਾਂਦਾ, ਕਿ ਕੁਝ ਉਹ ਪੱਤਰ ਵੀ ਜਿਨ੍ਹਾਂ ਨੂੰ ਬਰੂਨੋ ਬਾਵੇਰ ਨੇ "ਪ੍ਰਮਾਣੀਕ" ਮੰਨਿਆ ਜਾਂ ਤਾਂ ਪਿਛੋਂ ਦੀਆਂ ਲਿਖਤਾਂ ਹਨ ਜਾਂ ਵਧ ਤੋਂ ਵਧ

---

* ਧਾਰਮਿਕ ਸੰਸਕਾਰ। —ਅਨੁ:

** ਸਲੀਬ ਚੜ੍ਹਨ ਤੋਂ ਪਹਿਲਾਂ ਈਸਾ ਦਾ ਆਪਣੇ ਚੇਲਿਆਂ ਨਾਲ ਭੋਜਨ ਕਰਨ ਦਾ ਪਵਿਤਰ ਫਰਮਾਨ। —ਅਨੁ:

*** ਰਾਤ ਦਾ ਖਾਣਾ ਖਾਣ। —ਅਨੁ:

**** ਮੈਂ ਉਹਦੇ ਨਾਲ ਰਾਤ ਦਾ ਖਾਣਾ ਖਾਵਾਂਗਾ। —ਸੰਪਾ:

ਅਗਿਆਤ ਲੇਖਕਾਂ ਦੀਆਂ ਪੁਰਾਤਨ ਲਿਖਤਾਂ ਵਿਚ ਕੁਝ ਵਾਧੇ ਅਤੇ ਸ਼ਮੂਲੀਆਂ ਕਰਕੇ ਬਦਲੇ ਹੋਏ ਰੂਪਾਂਤਰ ਹਨ। ਇਹ ਹੋਰ ਵੀ ਮਹੱਤਵਪੂਰਨ ਹੈ ਕਿ ਸਾਡੇ ਕੋਲ ਇਕ ਅਜਿਹੀ ਪੁਸਤਕ ਹੈ ਜਿਸ ਦੇ ਲਿਖੇ ਜਾਣ ਦੀ ਮਿਤੀ ਨੇੜੇ ਤੋਂ ਨੇੜੇ ਦੇ ਮਹੀਨੇ ਤੱਕ ਨਿਸਚਿਤ ਹੋ ਚੁਕੀ ਹੈ, ਉਹ ਪੁਸਤਕ ਜਿਹੜੀ ਈਸਾਈਅਤ ਨੂੰ ਇਸ ਦੇ ਅਣਵਿਕਸਤ ਰੂਪ ਵਿਚ, ਉਸ ਰੂਪ ਵਿਚ ਸਾਡੇ ਸਾਮ੍ਹਣੇ ਰਖਦੀ ਹੈ ਜਿਸ ਦਾ ਚੌਥੀ ਸਦੀ ਦੇ ਰਾਜ ਧਰਮ ਨਾਲ, ਜਿਸ ਦਾ ਮੱਤ ਅਤੇ ਮਿਥਿਹਾਸ ਪੂਰੀ ਤਰ੍ਹਾਂ ਵਿਕਸਤ ਸੀ, ਉਹੋ ਸੰਬੰਧ ਹੈ ਜਿਹੜਾ ਤੈਸੀਤਸ ਦੇ ਵੇਲੇ ਦੇ ਅਜੇ ਅਸਥਿਰ ਜਰਮਨ ਮਿਥਿਹਾਸ ਦਾ "ਐਡਾ" ਦੇ[164] ਦੇਵਤਿਆਂ ਦੀ ਵਿਕਸਤ ਸਿਖਿਆ ਨਾਲ ਹੈ, ਜਿਸ ਉਤੇ ਈਸਾਈ ਤੇ ਪ੍ਰਾਚੀਨ ਕਾਲ ਦੇ ਤੱਤਾਂ ਦਾ ਪ੍ਰਭਾਵ ਹੈ। ਸੰਸਾਰ ਧਰਮ ਦਾ ਬੀਜ ਤਾਂ ਇਸ ਵਿਚ ਹੈ, ਪਰ ਇਸ ਵਿਚ ਕਿਸੇ ਨਿਖੇੜ ਬਿਨਾਂ ਵਿਕਾਸ ਦੀਆਂ ਹਜ਼ਾਰਾਂ ਸੰਭਾਵਨਾਵਾਂ ਸ਼ਾਮਲ ਹਨ ਜਿਹੜੀਆਂ ਅਣਗਿਣਤ ਆਗਾਮੀ ਫਿਰਕਿਆਂ ਵਿਚ ਯਥਾਰਥ ਦਾ ਰੂਪ ਧਾਰਦੀਆਂ ਹਨ। ਅਤੇ ਜਦੋਂ ਈਸਾਈਅਤ ਜਨਮ ਲੈ ਰਹੀ ਸੀ ਉਸ ਸਮੇਂ ਦੀ ਇਹ ਸਭ ਤੋਂ ਪੁਰਾਣੀ ਲਿਖਤ ਸਾਡੇ ਲਈ ਵਿਸ਼ੇਸ਼ ਕਰਕੇ ਵਡਮੁਲੀ **ਇਸ** ਕਾਰਨ ਹੈ ਕਿ ਇਹ ਸਾਨੂੰ ਸ਼ੁਧ ਰੂਪ ਵਿਚ ਦਰਸਾਉਂਦੀ ਹੈ ਕਿ ਯਹੂਦੀਅਤ ਨੇ, ਜਿਸ ਉਤੇ ਸਿਕੰਦਰੀਆ ਦਾ ਜ਼ਬਰਦਸਤ ਪ੍ਰਭਾਵ ਸੀ, ਈਸਾਈਅਤ ਵਿਚ ਕੀ ਯੋਗਦਾਨ ਪਾਇਆ। ਇਸ ਤੋਂ ਪਿਛੋਂ ਜੋ ਕੁਝ ਆਉਂਦਾ ਹੈ ਉਹ ਪਛਮੀ, ਯੂਨਾਨੀ-ਰੋਮਨ ਵਾਧਾ ਹੈ। ਇਹ ਕੇਵਲ ਇਕੀਸ਼ਵਰਵਾਦੀ ਯਹੂਦੀ ਧਰਮ ਦੇ ਵਿਚੋਲੇ ਰਾਹੀਂ ਹੀ ਹੋਇਆ ਕਿ ਯੂਨਾਨ ਦੇ ਪਿਛਲੇਰੇ ਬਾਜ਼ਾਰੂ ਦਰਸ਼ਨ ਦਾ ਸਭਿਅ ਇਕੀਸ਼ਵਰਵਾਦ ਆਪਣੇ ਆਪ ਨੂੰ ਉਸ ਧਾਰਮਿਕ ਰੂਪ ਵਿਚ ਲੁਕਾ ਸਕਿਆ ਜਿਸ ਵਿਚ ਹੀ ਕੇਵਲ ਇਹ ਜਨਸਮੂਹ ਦੇ ਦਿਲ ਦਿਮਾਗ਼ ਉਤੇ ਪਕੜ ਹਾਸਲ ਕਰ ਸਕਦਾ ਸੀ। ਪਰ ਇਕ ਵਾਰ ਇਸ ਵਿਚੋਲੇ ਦੇ ਲਭ ਲਏ ਜਾਣ ਨਾਲ, ਇਹ ਯੂਨਾਨੀ – ਰੋਮਨ ਸੰਸਾਰ ਵਿਚ ਅਤੇ ਉਹ ਵੀ ਸੰਸਾਰ ਦੁਆਰਾ ਪ੍ਰਾਪਤ ਕੀਤੀ ਚਿੰਤਨ ਸਮਿਗਰੀ ਵਿਚ ਅਗੋਂ ਵਿਕਸਤ ਹੋਕੇ ਅਤੇ ਇਸ ਨਾਲ ਇਕਜਿੰਦ ਹੋਕੇ ਸੰਸਾਰ ਧਰਮ ਬਣ ਸਕਿਆ।

੧੯ ਜੂਨ ਅਤੇ
੧੬ ਜੁਲਾਈ ੧੮੯੪
ਵਿਚਕਾਰ ਲਿਖਿਆ
ਗਿਆ

ਮੂਲ ਪਾਠ
ਜਰਮਨ ਵਿਚ ਹੈ

## ਨੋਟ

[1] "Petri Gassendi Animadversiones in decimum librum Diogenis Laertii, qui est de Vita, Moribus, Placitisque Epicuri" ( ਪਿਯੇਰੇ ਗਾਸੇਂਦੀ, "ਐਪੀਕਿਊਰਸ ਦੇ ਜੀਵਨ, ਸਦਾਚਾਰਕ ਨੇਮਾਂ ਅਤੇ ਵਿਚਾਰਾਂ ਬਾਰੇ ਦਾਇਓਜੀਨਸ ਲਾਐਰਤੀਅਸ ਦੀ ਦਸਵੀਂ ਪੁਸਤਕ ਸੰਬੰਧੀ ਵਿਚਾਰ ), ਲੀਓਨਸ, ੧੬੪੯।

ਪੰਨਾ ੯

[2] **ਐਪੀਕਿਊਰਸ ਦਾ ਦਰਸ਼ਨ**—ਪ੍ਰਾਚੀਨ ਯੂਨਾਨੀ ਪਦਾਰਥਵਾਦ ਦੀ ਇਕ ਸਭ ਤੋਂ ਚੰਗੀ ਤਰ੍ਹਾਂ ਸੂਤਰਬੱਧ ਪ੍ਰਣਾਲੀ। ਇਸ ਦੀ ਪ੍ਰਬੁਧਤਾ ਤੇ ਅਨੀਸ਼ਵਰਵਾਦੀ ਪ੍ਰਕਿਰਤੀ ਇਸ ਦੇ ਖਾਸ ਲਛਣ ਹਨ। ਐਪੀਕਿਊਰਸ ਨੇ ਸੰਸਾਰਕ ਮਾਮਲਿਆਂ ਵਿਚ ਦੇਵਤਿਆਂ ਦੇ ਦਖਲ ਨੂੰ ਰੱਦ ਕੀਤਾ ਅਤੇ ਗਤੀ ਦੇ ਅੰਦਰੂਨੀ ਸੋਮੇ ਦੇ ਮਾਲਕ ਪਦਾਰਥ ਦੀ ਸਦੀਵੀ ਪ੍ਰਕਿਰਤੀ ਦੀ ਹਮਾਇਤ ਕੀਤੀ। ਉਸ ਨੇ ਆਤਮਾ ਦੀ ਅਮਰਤਾ ਨੂੰ ਰੱਦ ਕੀਤਾ ਅਤੇ ਅਗਿਆਨ ਤੇ ਵਹਿਮਾਂ-ਭਰਮਾਂ ਦਾ ਵਿਰੋਧ ਕੀਤਾ ਜਿਹੜੇ ਦੇਵਤਿਆਂ ਅਤੇ ਮੌਤ ਅੱਗੇ ਡਰ ਦਾ ਕਾਰਨ ਬਣਦੇ ਹਨ। ਉਸ ਨੇ ਕਿਹਾ ਕਿ ਦਰਸ਼ਨ ਦਾ ਨਿਸ਼ਾਨਾ ਮਨੁਖ ਦੀ ਖ਼ੁਸ਼ੀ ਹੈ ਜਿਸ ਵਾਸਤੇ ਬੰਦੇ ਨੂੰ ਤੁਅਸਬਾਂ ਤੋਂ ਖਹਿੜਾ ਛੁਡਾਉਣ ਦੀ ਅਤੇ ਪ੍ਰਕਿਰਤੀ ਦੇ ਨੇਮਾਂ ਦਾ ਬੋਧ ਪ੍ਰਾਪਤ ਕਰਨ ਦੀ ਲੋੜ ਹੈ। ਦਰਸ਼ਨ ਦੇ ਆਦਰਸ਼ਵਾਦੀ ਇਤਿਹਾਸਕਾਰਾਂ ਨੇ ਐਪੀਕਿਊਰਸ ਦੇ ਪਦਾਰਥਵਾਦੀ ਸਿਧਾਂਤ ਨੂੰ ਵਿਗਾੜਿਆ ਅਤੇ ਇਹ ਚਰਚ ਦੀ ਖਾਸ ਨਫਰਤ ਅਤੇ ਵਧੀਕੀ ਦਾ ਨਿਸ਼ਾਨਾ ਬਣਿਆ।

**ਸਹਿਜ-ਮਰਗੀ ਦਰਸ਼ਨਵੇਤਾ**—ਇਕ ਦਾਰਸ਼ਨਿਕ ਪ੍ਰਵਿਰਤੀ ਦੇ ਅਨੁਆਈ ਜਿਹੜੀ ਤੀਜੀ ਸਦੀ ਪੂਰਵ ਈਸਾ ਦੇ ਅਖੀਰ ਯੂਨਾਨ ਵਿਚ ਪੈਦਾ ਹੋਈ ਅਤੇ ੬-ਵੀਂ ਸਦੀ ਈਸਵੀ ਤੱਕ ਕਾਇਮ ਰਹੀ। ਇਹ ਲੋਕ ਪਦਾਰਥਵਾਦ ਤੇ ਆਦਰਸ਼ਵਾਦ ਵਿਚ ਡਾਵਾਂਡੋਲ ਸਨ। ਸਹਿਜ-ਮਾਰਗੀ ਦਰਸ਼ਨ ਦੇ ਇਤਿਹਾਸ ਨੂੰ

ਤਿੰਨ ਦੌਰਾਂ ਵਿਚ ਵੰਡਿਆ ਗਿਆ ਹੈ (ਪ੍ਰਾਚੀਨ ਸਹਿਜ-ਮਾਰਗ, ਮਧ ਅਤੇ ਨਵਾਂ)। ਇਸ ਪ੍ਰਵਿਰਤੀ ਦੇ ਮੁਢਲੇ ਦੌਰ ਵਿਚ (ਪ੍ਰਾਚੀਨ ਤੇ ਮਧ ਜੁਗੀ) ਇਹਨਾਂ ਨੇ ਮੁਖ ਕਰਕੇ ਪ੍ਰਕਿਰਤੀ ਦੇ ਨੇਮਾਂ ਅਤੇ ਬੋਧ ਦੇ ਸਿਧਾਂਤ ਵੱਲ ਧਿਆਨ ਦਿਤਾ ਸੀ ਤੇ ਉਹ ਵੀ ਮੁਖ ਕਰਕੇ ਪਦਾਰਥਵਾਦੀ ਦ੍ਰਿਸ਼ਟੀਕੋਣ ਤੋਂ। ਰੋਮ ਸਾਮਰਾਜ ਦੇ ਸਮੇਂ ਨਵੇਂ ਸਹਿਜ-ਮਾਰਗੀਆਂ ਨੇ ਨੈਤਿਕਤਾ ਦੀਆਂ ਸਮਸਿਆਵਾਂ ਵਿਚ ਖਾਸ ਦਿਲਚਸਪੀ ਲਈ, ਧਾਰਮਿਕ ਤੇ ਆਦਰਸ਼ਵਾਦੀ ਭਾਵਨਾ ਨਾਲ ਇਹਨਾਂ ਤੇ ਵਿਚਾਰ ਕੀਤਾ, ਅਤੇ ਆਤਮਾ ਦੀ ਪਰਾ-ਸਰੀਰਕ ਹੋਂਦ, ਭਾਵੀ ਅੱਗੇ ਮਨੁਖਾ ਦੀ ਅਧੀਨਗੀ, ਬਦੀ ਦਾ ਵਿਰੋਧ ਨਾ ਕਰਨ, ਆਤਮ-ਤਿਆਗ, ਵੈਰਾਗ, ਪ੍ਰਭੂ ਦੀ ਖੋਜ, ਆਦਿ ਮਾਰਗਾਂ ਦੀ ਹਮਾਇਤ ਕੀਤੀ। ਇਹਨਾਂ ਸਭ ਗੱਲਾਂ ਦਾ ਈਸਾਈ ਧਰਮ ਦੀ ਸਿਰਜਣਾ ਉਤੇ ਪ੍ਰਭਾਵ ਪਿਆ।

**ਸੰਦੇਹਵਾਦੀ**—ਆਦਰਸ਼ਵਾਦੀ ਦਰਸ਼ਨ ਦੀ ਇਕ ਪ੍ਰਵਿਰਤੀ ਦੇ ਅਨੁਆਈ ਜਿਹੜੇ ਵਸਤੂਮੁਖ ਯਥਾਰਥ ਨੂੰ ਜਾਣਨ ਦੀ ਸੰਭਾਵਨਾ ਉਤੇ ਸੰਦੇਹ ਕਰਦੇ ਸਨ। ਇਹ ਪ੍ਰਵਿਰਤੀ ਚੌਥੀ-ਤੀਜੀ ਸਦੀ ਪੂਰਬ ਈਸਾ ਵਿਚ ਯੂਨਾਨ ਵਿਚ ਪੈਦਾ ਹੋਈ। ਅਬੋਧਵਾਦ—ਉਸਦਾ ਇਕ ਅਤਿ ਫ਼ਰਮ। (ਵੇਖੋ ਨੋਟ ਨੰਬਰ ੧੨੭)

**ਕਿਆਸੀ ਚਿੰਤਨ**—ਆਦਰਸ਼ਵਾਦ ਵਿਚ ਨਹਿਤ ਅਮੂਰਤ ਤਰਕ ਜੋ ਅਨੁਭਵ ਤੇ ਅਮਲ ਨਾਲੋਂ ਟੁਟੀ ਹੋਈ ਹੈ। ਕਿਆਸੀ ਚਿੰਤਨ ਦੇ ਵਿਦਾ-ਬਿੰਦੂ ਉਹ ਸਾਂਝੇ ਨੇਮ ਹਨ ਜਿਹੜੇ ਖਾਲਸ ਕਿਆਸੀ ਤਰੀਕੇ ਨਾਲ ਨਿਸਚਿਤ ਕੀਤੇ ਗਏ ਹਨ ਪਰ ਅਮਲ ਵਿਚ ਨਹੀਂ ਲਿਆਂਦੇ ਜਾਂਦੇ।

ਐਪੀਕਿਊਰਸ, ਸਹਿਜ-ਮਾਰਗੀ ਅਤੇ ਸੰਦੇਹਵਾਦੀ ਦਰਸ਼ਨ ਦੇ ਇਤਿਹਾਸ ਬਾਰੇ ਇਕ ਵਿਸਥਾਰ-ਪੂਰਨ ਪੁਸਤਕ ਲਿਖਣ ਦਾ ਇਰਾਦਾ ਮਾਰਕਸ ਵਲੋਂ ਸਿਰੇ ਨਹੀਂ ਸੀ ਚੜ੍ਹਿਆ।

ਪੰਨਾ ੧੦

[3] "Kölnische Zeitung" ("ਕਾਲੋਨ ਦੀ ਅਖ਼ਬਾਰ")—੧੮੦੨ ਤੋਂ ਕਾਲੋਨ ਵਿਚੋਂ ਪ੍ਰਕਾਸ਼ਤ ਹੋਣ ਵਾਲਾ ਦੈਨਿਕ ਪੱਤਰ। ੩੦-ਵਿਆਂ ਅਤੇ ਸ਼ੁਰੂ ੪੦-ਵਿਆਂ ਵਿਚ ਇਸ ਨੇ ਪਰੋਟੈਸਟੈਂਟਵਾਦ ਵਿਰੁਧ ਜਿਸ ਦਾ ਪਰੂਸ਼ੀਆ ਵਿਚ ਬੋਲ ਬਾਲਾ ਸੀ, ਕੈਥੋਲਿਕ ਚਰਚ ਦੀ ਹਮਾਇਤ ਕੀਤੀ। ੧੮੪੨ ਵਿਚ, ਪਰੂਸ਼ੀਆ ਦੀ ਸਰਕਾਰ ਦਾ ਇਕ ਗੁਪਤਚਰ, ਕਾਰਲ ਹਾਈਨਰਿਖ ਹਰਮੇਜ਼ ਇਸ ਦਾ ਰਾਜਨੀਤਕ ਸੰਪਾਦਕ ਸੀ। ਇਹ ਅਖਬਾਰ "Rheinische Zeitung" ਦਾ ਸਖ਼ਤ ਵਿਰੋਧੀ ਸੀ, ਜਿਸ ਦਾ ਸੰਪਾਦਕ ਕਾ. ਮਾਰਕਸ ਸੀ।

ਪੰਨਾ ੧੩

4 **ਓਲੰਪਸ** — ਪ੍ਰਾਚੀਨ ਯੂਨਾਨੀ ਮਿਥਿਹਾਸ ਵਿਚ ਸਰਵੁਚ ਦੇਵਤਿਆਂ — ਓਲੰਪੀਅਨਾਂ — ਦੇ ਰਹਿਣ ਦੀ ਥਾਂ।

ਪੰਨਾ ੧੫

5 **ਜੜ੍ਹਪੂਜਾ** — ਕੁਝ ਬੇਜਾਨ ਵਸਤਾਂ ਦੀ ਪੂਜਾ ਜਿਨ੍ਹਾਂ ਨਾਲ ਪਰਾ-ਪ੍ਰਾਕਿਰਤਕ ਸ਼ਕਤੀਆਂ ਸੰਬੰਧਤ ਕੀਤੀਆਂ ਜਾਂਦੀਆਂ ਹਨ। ਆਧੁਨਿਕ ਧਰਮਾਂ ਵਿਚ ਵੀ ਇਸ ਦੇ ਕੁਝ ਅੰਸ਼ ਵੇਖੇ ਜਾ ਸਕਦੇ ਹਨ।

ਪੰਨਾ ੨੧

6 ਸੰਵਿਧਾਨਕ ਚਾਰਟਰ (Charte constitutionnelle), ੧੮੩੦ ਦੇ ਫ਼ਰਾਂਸੀਸੀ ਇਨਕਲਾਬ ਤੋਂ ਮਗਰੋਂ ਪ੍ਰਵਾਨ ਕੀਤਾ ਗਿਆ ਅਤੇ ਜਿਹੜਾ ੧੮੩੦ ਤੋਂ ੧੮੪੮ ਦੇ ਸਮੇਂ ਤੱਕ ਮੁਖ ਕਾਨੂੰਨ ਸੀ।

ਪੰਨਾ ੨੫

7 **ਯੁਵਕ ਹੀਗਲਵਾਦੀ** — ੧੮੩੦-ਵਿਆਂ — ੧੮੪੦-ਵਿਆਂ ਵਿਚ ਜਰਮਨ ਦਰਸ਼ਨ ਦੀ ਆਦਰਸ਼ਵਾਦੀ ਪ੍ਰਵਿਰਤੀ ਜਿਹੜੀ ਹੀਗਲ ਦੇ ਸਿਧਾਂਤ ਉਤੇ ਆਧਾਰਤ ਸੀ।

ਪੰਨਾ ੨੬

8 **ਨੈਪੋਲੀਆਨੀਆਈ ਸੰਘਤਾ** (Code Napoléon) — ੧੮੦੪ ਵਿਚ ਪ੍ਰਵਾਨ ਕੀਤੀ ਗਈ ਫ਼ਰਾਂਸ ਦੀ ਦੀਵਾਨੀ ਸੰਘਤਾ।

ਪੰਨਾ ੨੬

9 "Rheinische Zeitung für Politik, Handel und Gewerbe" ("ਰਾਜਨੀਤੀ, ਵਪਾਰ ਤੇ ਸਨਅਤ ਦਾ ਰਾਈਨ ਪਤਰ") — ੧੮੪੨ ਤੋਂ ੧੮੪੩ ਤੱਕ ਕਾਲੋਨ ਤੋਂ ਪ੍ਰਕਾਸ਼ਤ ਹੋਣ ਵਾਲਾ ਦੈਨਿਕ ਪੱਤਰ। ਇਸ ਨੂੰ ਰਾਈਨ ਦੀ ਬੁਰਜੂਆਜ਼ੀ ਦੇ ਪ੍ਰਤਿਨਿਧਾਂ ਨੇ ਸ਼ੁਰੂ ਕੀਤਾ ਸੀ ਜਿਹੜੇ ਪਰੂਸ਼ੀਆਈ ਨਿਰੰਕੁਸ਼ਵਾਦ ਦੇ ਵਿਰੋਧੀ ਸਨ। ਕੁਝ ਯੁਵਕ ਹੀਗਲਵਾਦੀਆਂ (ਖੱਬੇ ਹੀਗਲਵਾਦੀਆਂ) ਨੇ ਇਹਦੇ ਵਾਸਤੇ ਲੇਖ ਲਿਖੇ। ਮਾਰਕਸ ਅਪ੍ਰੈਲ ੧੮੪੨ ਤੋਂ ਇਸ ਵਿਚ ਲਿਖਦਾ ਰਿਹਾ ਅਤੇ ਅਕਤੂਬਰ ੧੮੪੨ ਤੋਂ ਸੰਪਾਦਕੀ ਮੰਡਲ ਦਾ ਮੈਂਬਰ ਰਿਹਾ। ਏਂਗਲਜ਼ ਦੇ ਕਈ ਲੇਖ ਇਸ ਵਿਚ ਪ੍ਰਕਾਸ਼ਤ ਹੋਏ। ਮਾਰਕਸ ਦੀ ਸੰਪਾਦਨਾ ਅਧੀਨ ਇਹ

ਵਧੇਰੇ ਤੋਂ ਵਧੇਰੇ ਇਨਕਲਾਬੀ-ਜਮਹੂਰੀ ਬਣਦਾ ਗਿਆ ਅਤੇ ਸਰਕਾਰ ਨੇ ਇਸ ਉਤੇ ਕਰੜਾ ਸੈਂਸਰਸ਼ਿਪ ਲਾਇਆ ਤੇ ਅਖੀਰ ਇਸ ਨੂੰ ਬੰਦ ਕਰਵਾ ਦਿਤਾ।

ਪੰਨਾ ੨੯

[10] "Kölnische Zeitung" ਦੇ ਸੰਪਾਦਕ , ਹਰਮੇਸ਼ ਵੱਲ ਇਸ਼ਾਰਾ ਹੈ ਜਿਸ ਨੇ ਆਪਣੀ ਜਵਾਨੀ ਵਿਚ ਜਰਮਨ ਵਿਦਿਆਰਥੀਆਂ ਵਲੋਂ ਚਲਾਈ ਵਿਰੋਧ ਦੀ ਲਹਿਰ ਵਿਚ ਹਿੱਸਾ ਲਿਆ ਸੀ।

ਪੰਨਾ ੨੯

[11] **ਕੋਰੀਬਾਂਤੀ** — ਏਸ਼ੀਆ ਮਾਈਨਰ ਦੀ ਦੇਵੀ ਕਿਬੇਲਾ ਦੇ ਪੁਜਾਰੀ; **ਕਾਬੀਰੀ** — ਇਸੇ ਨਾਂ ਦੇ ਪ੍ਰਾਚੀਨ ਯੂਨਾਨੀ ਦੇਵਤਿਆਂ ਦੇ ਪੁਜਾਰੀ। ਏਸ਼ੀਆ ਮਾਈਨਰ ਵਿਚ ਕੋਰੀਬਾਂਤੀ ਅਤੇ ਕਾਬੀਰੀ ਨੂੰ, ਜ਼ੀਊਸ ਦੀ ਮਾਂ, ਰੀਆ ਦੇਵੀ, ਦੇ ਪੁਜਾਰੀਆਂ, ਕਰੇਟ ਦੇ ਪੁਜਾਰੀਆਂ — ਕੁਰੇਤਾਂ — ਦਾ ਰੂਪ ਮੰਨਿਆਂ ਜਾਂਦਾ ਹੈ। ਮਿੱਥ ਅਨੁਸਾਰ ਕੁਰੇਤਾਂ ਨੇ ਆਪਣੀਆਂ ਢਾਲਾਂ ਉਤੇ ਆਪਣੀਆਂ ਤਲਵਾਰਾਂ ਦੀਆਂ ਚੋਟਾਂ ਕਰਕੇ ਨਵਜਾਤ ਜ਼ੀਊਸ ਦੀ ਆਵਾਜ਼ ਰੌਲੇ ਵਿਚ ਦਬਾ ਦਿਤੀ।

ਪੰਨਾ ੩੧

[12] ਧਰਮ ਦੀ ਦਾਰਸ਼ਨਿਕ ਆਲੋਚਨਾ ਦੇ ਖਿਲਾਫ, ਜਿਹੜੀ ਡੇ. ਫ਼. ਸ਼ਟਰਾਊਸ ਦੀ ਪੁਸਤਕ "ਈਸਾ ਦਾ ਜੀਵਨ" ਸੈਂਚੀ I, ੧੮੩੫; ਸੈਂਚੀ II, ੧੮੩੬ ਨਾਲ ਸ਼ੁਰੂ ਹੋਈ ਸੀ, ਜਰਮਨੀ ਦੇ ਪਿਛਾਂਹਖਿਚੂ ਅਖਬਾਰਾਂ ਦੇ ਸਖ਼ਤ ਵਾਦ-ਵਿਵਾਦ ਵੱਲ ਇਸ਼ਾਰਾ ਹੈ।

ਪੰਨਾ ੩੨

[13] "Allgemeine Zeitung" ("ਸਰਬੰਗੀ ਅਖ਼ਬਾਰ") — ੧੭੯੮ ਵਿਚ ਸ਼ੁਰੂ ਹੋਇਆ ਪਿਛਾਂਹਖਿਚੂ ਜਰਮਨ ਦੈਨਿਕ ਪੱਤਰ, ੧੮੧੦ ਤੋਂ ੧੮੮੨ ਤੱਕ ਆਊਗਸਬੁਰਗ ਤੋਂ ਪ੍ਰਕਾਸ਼ਤ ਹੋਇਆ।

ਪੰਨਾ ੩੨

[14] "Berliner politisches Wochenblatt" ("ਬਰਲਿਨ ਦਾ ਰਾਜਨੀਤਕ ਸਪਤਾਹਿਕ") — ਇੰਤਹਾਈ ਪਿਛਾਂਹਖਿਚੂ ਅਖ਼ਬਾਰ ਜਿਹੜਾ ੧੮੩੧ ਤੋਂ ੧੮੪੧ ਤੱਕ ਛਪਦਾ ਰਿਹਾ।

Hamburger Correspondent (ਹੈਂਬਰਗ ਦਾ ਪਤਰ-ਪ੍ਰੇਰਕ) ਇਹ ੧੯-ਵੀਂ ਸਦੀ ਦੇ ੫੦ ਵਿਆਂ ਵਿਚ ਨਿਕਲਦਾ ਸੀ ਅਤੇ ਪਿਛਾਂਹਖਿਚੂ ਅਤੇ ਬਾਦਸ਼ਾਹਪਸੰਦ ਸੀ।

ਪੰਨਾ ੩੨

15 "Deutsche Jahrbücher" ("ਜਰਮਨ ਸਾਲਮਾਨਾ") — ਯੁਵਕ ਹੀਗਲਵਾਦੀਆਂ ਦੇ ਸਾਹਿਤਕ ਤੇ ਦਾਰਸ਼ਨਿਕ ਰਸਾਲੇ ਦਾ ਸੰਖੇਪ ਨਾਂ, ਜਿਹੜਾ ੧੮੪੧ ਤੋਂ ੧੮੪੩ ਤੱਕ ਲਾਈਪਟਸਿਗ ਤੋਂ ਪ੍ਰਕਾਸ਼ਤ ਹੋਇਆ।

ਪੰਨਾ ੩੨

16 **ਕਾਪੂਚਨ** — ਕੈਥੋਲਿਕ ਭਿਖਸ਼ੂ ਸੰਪਰਦਾ ਦੇ ਮੈਂਬਰ ਜਿਸ ਦਾ ਮੁਢ ਇਟਲੀ ਵਿਚ ੧੫੨੫ ਵਿਚ ਬੱਝਾ।

ਪੰਨਾ ੩੩

17 ਸ਼ਾਇਦ, ਮਾਰਕਸ ਦੇ ਮਨ ਵਿਚ ਮੁਢਲੇ ਮਧ ਜੁਗ ਵਿਚ ਸਭਿਆਚਾਰ ਤੇ ਵਿਚਾਰਧਾਰਾ ਅੰਦਰ ਕੈਥੋਲਿਕ ਚਰਚ ਦੀ ਅਜਾਰੇਦਾਰੀ ਸਥਾਪਤੀ ਹੈ ਜਦੋਂ, ਏਂਗਲਜ਼ ਦੇ ਕਹਿਣ ਮੁਤਾਬਿਕ, ਪ੍ਰਾਚੀਨ ਸਭਿਅਤਾ, ਪ੍ਰਾਚੀਨ ਦਰਸ਼ਨ, ਰਾਜਨੀਤੀ ਅਤੇ ਕਾਨੂੰਨ-ਸ਼ਾਸਤ੍ਰ ਨੂੰ ਧਰਤੀ ਤੋਂ ਹੂੰਝ ਫੇਰ ਦਿਤਾ ਗਿਆ।

ਪੰਨਾ ੩੩

18 **ਬਾਰਥੋਲੋਮਿਊ ਦੀ ਰਾਤ** — ੨੪ ਅਗਸਤ, ੧੫੭੨ ਨੂੰ ਸੇਂਟ ਬਾਰਥੋਲੋਮਿਊ ਦੇ ਭੋਜ ਤੋਂ ਪਹਿਲਾਂ ਦੀ ਰਾਤ ਪੈਰਿਸ ਵਿਚ ਕੈਥੋਲਿਕਾਂ ਵਲੋਂ ਹਿਊਗੇਨਾਟਾਂ ਦਾ ਕਤਲਾਮ ਜਿਸ ਦਾ ਹੁਕਮ ਕੈਥੋਲਿਕ ਪਾਦਰੀਆਂ ਦੀ ਸ਼ਹਿ ਉਤੇ ਫ਼ਰਾਂਸ ਦੇ ਦਰਬਾਰ ਨੇ ਦਿਤਾ। ਤਿੰਨ ਦਿਨ ਤੱਕ ਕਤਲਾਮ ਜਾਰੀ ਰਿਹਾ ਅਤੇ ਕਈ ਹਜ਼ਾਰ ਹਿਊਗੇਨਾਟ ਮਾਰੇ ਗਏ। ਸਾਰੇ ਫਰਾਂਸ ਵਿਚ ਹੀ ਇਸ ਕਿਸਮ ਦੇ ਕਤਲਾਮ ਕੀਤੇ ਗਏ।

ਪੰਨਾ ੩੩

19 **ਇਨਕੁਈਜ਼ੀਸ਼ਨ** — ੧੩-ਵੀਂ-੧੯-ਵੀਂ ਸਦੀ ਵਿਚ ਧਰਮ-ਵਿਰੋਧਾਂ ਦਾ ਮੁਕਾਬਲਾ ਕਰਨ ਲਈ ਅਦਾਲਤੀ ਤੇ ਪੁਲਸੀ ਸੰਸਥਾ। ਮਧ ਜੁਗ ਵਿਚ ਇਨਕੁਈਜ਼ੀਸ਼ਨ ਸਾਮੰਤ-ਵਿਰੋਧੀ ਤੇ ਕੈਥੋਲਿਕਾਂ-ਵਿਰੋਧੀ ਲਹਿਰਾਂ ਦੇ ਖਿਲਾਫ, ਕਿਸੇ ਕਿਸਮ ਦੇ ਸੁਤੰਤਰ ਚਿੰਤਨ ਦੇ ਖਿਲਾਫ, ਲੜਾਈ ਦਾ ਇਕ ਸਾਧਨ ਸੀ। ਲੱਖਾਂ ਹੀ ਮਾਸੂਮਾਂ

ਨੂੰ ਖੰਭਿਆਂ ਨਾਲ ਬੰਨ੍ਹ ਕੇ ਸਾੜਿਆ ਗਿਆ ਅਤੇ ਇਨਕੁਈਜ਼ੀਸ਼ਨ ਦੀਆਂ ਕਾਰਾਗਾਹਾਂ ਵਿਚ ਤਬਾਹ ਕੀਤਾ ਗਿਆ। ੧੯-ਵੀਂ ਸਦੀ ਦੇ ਮਧ ਵਿਚ ਇਨਕੁਈਜ਼ੀਸ਼ਨ ਕੋਲੋਂ ਇਹਦੇ ਕੰਮਾਂ ਦਾ ਵੱਡਾ ਹਿੱਸਾ ਖੁਸ ਗਿਆ, ਪਰ, ਇਸ ਵਲੋਂ ਅਗਾਂਹਵਧੂ ਤੇ ਇਨਕਲਾਬੀ ਵਿਚਾਰਾਂ ਉਤੇ ਜ਼ੁਲਮ ਕੀਤਾ ਜਾਂਦਾ ਰਿਹਾ।

ਪੰਨਾ ੩੩

20 **ਪਾਵਨ ਇਤਿਹਾਦ** — ਜ਼ਾਰਸ਼ਾਹੀ ਰੂਸ, ਆਸਟਰੀਆ ਅਤੇ ਪਰੂਸ਼ੀਆ ਵਲੋਂ ੧੮੧੫ ਵਿਚ ਕਾਇਮ ਕੀਤੀ ਯੂਰਪੀ ਮਹਾਰਾਜਿਆਂ ਦਾ ਪਿਛਾਂਹਖਿਚੂ ਸਗਠਨ ਜਿਸ ਦਾ ਮਨੋਰਥ ਵੱਖ ਵੱਖ ਦੇਸਾਂ ਵਿਚ ਇਨਕਲਾਬੀ ਲਹਿਰਾਂ ਨੂੰ ਕੁਚਲਣਾ ਅਤੇ ਉਥੇ ਸਾਮੰਤੀ-ਰਾਜਤੰਤਰੀ ਹਕੂਮਤਾਂ ਨੂੰ ਕਾਇਮ ਰਖਣਾ ਸੀ।

ਪੰਨਾ ੩੬

21 **ਹਿਊਗੇਨਾਟ** — ੧੬-ਵੀਂ ਤੇ ੧੭-ਵੀਂ ਸਦੀ ਵਿਚ ਫ਼ਰਾਂਸ ਅੰਦਰ ਕਾਲਵਿਨਵਾਦੀ ਪ੍ਰੋਟੈਸਟੈਂਟ। ਲਹਿਰ ਦੇ ਸ਼ੁਰੂ ਵਿਚ ਇਸ ਵਿਚ ਮੁਖ ਕਰਕੇ ਬੁਰਜੂਆਜ਼ੀ ਤੇ ਦਸਤਕਾਰ ਸਨ ਪਰ ਬਾਅਦ ਵਿਚ ਫ਼ਰਾਂਸ ਦੇ ਦਖਣ ਦੀ ਰਾਠਸ਼ਾਹੀ ਅਤੇ ਸੱਤਾ ਦੇ ਕੇਂਦਰੀਕਰਨ ਦੀ ਰਾਜਤੰਤਰੀ ਨੀਤੀ ਤੋਂ ਅਸੰਤੁਸ਼ਟ, ਸਾਮੰਤੀ ਪ੍ਰਭੂਆਂ ਦਾ ਇਕ ਹਿੱਸਾ ਲਹਿਰ ਵਿਚ ਭਾਰੂ ਹੋ ਗਿਆ। ਲਹਿਰ ਦੇ ਵਿਕਾਸ ਦੇ ਸਿੱਟੇ ਵਜੋਂ ਕੈਥੋਲਿਕਾਂ ਅਤੇ ਹਿਊਗੇਨਾਟਾਂ ਵਿਚਕਾਰ ਖਾਨਾਜੰਗੀ ਛਿੜ ਪਈ ਜਿਹੜੀ ੧੫੬੨ ਵਿਚ ਸ਼ੁਰੂ ਹੋਈ ਸੇਂਟ ਬਾਰਥੋਲੋਮਿਊ ਦੀ ਰਾਤ ਮਗਰੋਂ (ਵੇਖੋ ਨੋਟ ਨੰਬਰ ੧੮) ਤੇਜ਼ ਹੋ ਗਈ ਅਤੇ ੧੫੯੪ ਤੱਕ ਰੁਕ ਰੁਕ ਕੇ ਜਾਰੀ ਰਹੀ। ੧੫੯੮ ਵਿਚ ਨਾਂਤ ਦੇ ਫਰਮਾਨ ਨਾਲ ਹਿਊਗੇਨਾਟਾਂ ਨੂੰ ਧਾਰਮਿਕ ਵਿਸ਼ਵਾਸ ਦੀ ਆਜ਼ਾਦੀ ਦਿਤੀ ਗਈ ਪਰ ਸਰਕਾਰ ਤੇ ਕੈਥੋਲਿਕ ਚਰਚ ਵਲੋਂ ਉਹਨਾਂ ਉਤੇ ਅਤਿਆਚਾਰ ੧੮-ਵੀਂ ਸਦੀ ਦੇ ਅੰਤ ਵਿਚ ਫ਼ਰਾਂਸੀਸੀ ਬੁਰਜੂਆ ਇਨਕਲਾਬ ਤੱਕ ਹੁੰਦੇ ਹੀ ਰਹੇ।

ਪੰਨਾ ੩੬

22 "Königsberger Zeitung" ("ਕਿਓਨਿਗਸਬਰਗ ਦਾ ਅਖਬਾਰ") — ੧੭੫੨ ਤੋਂ ੧੮੫੦ ਤੱਕ ਕਿਓਨਿਗਸਬਰਗ ਤੋਂ ਪ੍ਰਕਾਸ਼ਤ ਹੋਇਆ, ੧੯-ਵੀਂ ਸਦੀ ਦੇ ੪੦-ਵਿਆਂ ਵਿਚ ਇਹ ਇਕ ਅਗਾਂਹਵਧੂ ਬੁਰਜੂਆ ਅਖਬਾਰ ਸੀ।

ਪੰਨਾ ੩੯

23 **ਸੋਰਬੋਨ** — ਪੈਰਿਸ ਦੀ ਯੂਨੀਵਰਸਿਟੀ ਦਾ ਨਾਂ।

ਪੰਨਾ ੩੯

[24] **ਪੁਰਾਤਨ ਸਾਖ ਅਤੇ ਨਵੀਂ ਸਾਖ**—ਅੰਜੀਲ ਦੀਆਂ ਦੋ ਪੁਸਤਕਾਂ। ਯਹੂਦੀ ਤੇ ਈਸਾਈ ਧਰਮ ਦੀਆਂ "ਪਾਵਨ" ਪੁਸਤਕਾਂ ਦੇ ਸੰਗ੍ਰਹਿ।

**ਪੁਰਾਤਨ ਸਾਖ**—ਪੂਰਬ-ਈਸਾਈ ਮੂਲ ਦੀ ਅੰਜੀਲ ਦਾ ਅਤਿ ਪ੍ਰਾਚੀਨ ਭਾਗ, ਇਬਰਾਨੀ ਵਿਚ ਲਿਖੀ ਹੋਈ ਹੈ ਅਤੇ ਯਹੂਦੀਅਤ ਦੀ "ਪਾਵਨ ਲਿਖਤ" ਹੈ।

**ਨਵੀਂ ਸਾਖ** (੨-੩ ਈਸਵੀ)—ਮੁਢਲੇ ਈਸਾਈ ਸਾਹਿਤ ਨਾਲ ਸੰਬੰਧ ਰਖਦੀ ਹੈ। ਨਵੀਂ ਸਾਖ਼ ਦੀਆਂ ਪੁਸਤਕਾਂ ਵਿਚ ਅੰਜੀਲ ਦੀਆਂ ਕਥਾਵਾਂ, ਈਸਾ ਦੇ ਆਦਿ ਸ਼ਿਸ਼ਾਂ ਦੇ ਕਾਰਨਾਮੇ ਅਤੇ ਪੱਤਰ ਅਤੇ ਸੰਤ ਜਾਨ ਉਤੇ ਪ੍ਰਗਟ ਅਗੰਮ-ਗਿਆਨ ਸ਼ਾਮਲ ਹੈ।

ਪੰਨਾ ੩੯

[25] **ਰੂਹਪ੍ਰਸਤੀ**—ਆਦਰਸ਼ਵਾਦੀ ਸਿਧਾਂਤ ਜਿਹੜਾ ਆਤਮਾ ਨੂੰ ਸੰਸਾਰ ਦਾ ਮੁਢਲਾ ਆਧਾਰ ਮੰਨਦਾ ਹੈ। ਇਸ ਦੇ ਅਨੁਆਈ ਮੰਨਦੇ ਹਨ ਕਿ ਸਰੀਰ ਤੋਂ ਸੁਤੰਤਰ ਆਤਮਾ ਦੀ ਹੋਂਦ ਹੋ ਸਕਦੀ ਹੈ।

ਪੰਨਾ ੪੧

[26] **ਧਰਮ ਸੁਧਾਰ ਲਹਿਰ**—੧੬-ਵੀਂ ਸਦੀ ਦੇ ਪਹਿਲੇ ਅੱਧ ਵਿਚ ਯੂਰਪ ਦੀ ਇਕ ਵਿਸ਼ਾਲ ਸਾਮੰਤ-ਵਿਰੋਧੀ ਤੇ ਕੈਥੋਲਿਕ-ਵਿਰੋਧੀ ਲਹਿਰ ਜਿਸ ਨੇ ਪ੍ਰੋਟੈਸਟੈਂਟਵਾਦ ਦਾ ਮੁੱਢ ਬੰਨ੍ਹਿਆ।

ਧਰਮ ਸੁਧਾਰ ਲਹਿਰ ਜਰਮਨੀ ਵਿਚੋਂ ਸ਼ੁਰੂ ਹੋਈ ਅਤੇ ਯੂਰਪ ਦੇ ਕਈ ਦੇਸਾਂ ਵਿਚ ਫੈਲ ਗਈ। ਇਸ ਦੇ ਨਤੀਜੇ ਵਜੋਂ ਇੰਗਲੈਂਡ, ਸਕਾਟਲੈਂਡ, ਡੈਨਮਾਰਕ, ਸਵੀਡਨ, ਨਾਰਵੇ, ਨੀਦਰਲੈਂਡ, ਭਾਗਸਮ ਰੂਪ ਵਿਚ ਜਰਮਨੀ, ਚੈਕੋਸਲੋਵਾਕੀਆ ਤੇ ਹੰਗਰੀ ਦੇ ਕੈਥੋਲਿਕ ਚਰਚ ਵਖ ਵਖ ਹੋ ਗਏ। ਧਰਮ ਸੁਧਾਰ ਲਹਿਰ ਨੇ ਚਰਚ ਸਸਤਾ ਬਣਾਇਆ, ਇਸ ਨੂੰ ਇਕਸਾਰ ਤੇ ਵਧੇਰੇ ਜਮਹੂਰੀ ਬਣਾਇਆ, ਅਤੇ ਇਸ ਨੇ ਅੰਦਰਲੇ ਨਿੱਜੀ ਵਿਸ਼ਵਾਸ ਨੂੰ ਧਾਰਮਿਕਤਾ ਦੇ ਬਾਹਰਲੇ ਵਿਖਾਵਿਆਂ ਨਾਲੋਂ ਉਚੇਰੀ ਥਾਂ ਦਿਤੀ। ਜਿਨ੍ਹਾਂ ਦੇਸਾਂ ਵਿਚ ਧਰਮ ਸੁਧਾਰ ਲਹਿਰ ਦੀ ਜਿੱਤ ਹੋਈ ਉਹਨਾਂ ਵਿਚ ਚਰਚ ਰਾਜ ਉਤੇ ਨਿਰਭਰ ਹੋ ਗਿਆ ਅਤੇ ਕੈਥੋਲਿਕ ਦੇਸਾਂ ਦੇ ਮੁਕਾਬਲੇ ਇਸ ਦੀ ਤਾਕਤ ਘਟ ਗਈ ਜਿਸ ਨਾਲ ਵਿਗਿਆਨ ਤੇ ਸੰਸਾਰਕ ਸਭਿਆਚਾਰ ਨੂੰ ਵਿਕਾਸਤ ਕਰਨਾ ਸੌਖੇਰਾ ਹੋ ਗਿਆ।

ਲੂਥਰ, ਕਾਲਵਿਨ, ਯਾਨ ਹੂਸ, ਥਾਮਸ ਮਿਊਨਟਸਰ ਅਤੇ ਦੂਜੇ ਧਰਮ ਸੁਧਾਰ ਲਹਿਰ ਦੇ ਸਭ ਤੋਂ ਵਡੇ ਪ੍ਰਤਿਨਿਧ ਸਨ। ਕੈਥੋਲਿਕਾਂ ਨੇ ਇਸ ਦੇ ਵਿਰੁਧ

ਇਕ ਲਹਿਰ ਚਲਾਈ ਜਿਹੜੀ ਯੂਰਪ ਵਿਚ ਪ੍ਰੋਟੈਸਟੈਂਟਵਾਦ ਨੂੰ ਅੱਗੇ ਫੈਲਣ ਤੋਂ ਰੋਕਣ ਅਤੇ ਫਰਾਂਸ ਤੇ ਪੋਲੈਂਡ ਵਿਚ ਇਸ ਨੂੰ ਖਤਮ ਕਰਨ ਵਿਚ ਸਫਲ ਹੋਈ।

ਪੰਨਾ ੪੩

27 **੧੫੨੫ ਵਿਚ ਜਰਮਨੀ ਦੀ ਕਿਸਾਨ ਜੰਗ**—ਇਕ ਵੱਡੀ ਕਿਸਾਨ ਬਗ਼ਾਵਤ ਜਿਹੜੀ ਜਰਮਨੀ ਦੇ ਵਡੇਰੇ ਹਿੱਸੇ ਵਿਚ ਫੈਲ ਗਈ ਅਤੇ ਜਿਹੜੀ ਜਾਗੀਰਦਾਰਾਂ ਦੇ ਸਾਮੰਤੀ ਜਬਰ ਤੇ ਆਪਹੁਦਰੇਪਨ ਦੇ ਖਿਲਾਫ ਸੀ। ਥਾਮਸ ਮਿਊਨਟਸਰ ਕਿਸਾਨਾਂ ਤੇ ਨਿਮਨ-ਵਰਗ ਜਨਸਮੂਹ ਦਾ ਆਗੂ ਸੀ। ਕਿਸਾਨ ਦਸਤਿਆਂ ਦੀ ਫੁਟ ਅਤੇ ਬਰਗਰਾਂ ਤੇ ਸਾਮੰਤੀ ਸੂਰਮਾਵਾਂ ਦੇ ਹਲਕਿਆਂ ਵਲੋਂ ਜਿਹੜੇ ਬਗ਼ਾਵਤ ਵਿਚ ਸ਼ਾਮਲ ਹੋ ਗਏ ਸਨ ਪਿਠ ਦੇਣ ਕਾਰਨ, ਕਿਸਾਨਾਂ ਦੀ ਹਾਰ ਹੋਈ ਜਿਨ੍ਹਾਂ ਨੂੰ ਅਤਿਅੰਤ ਜ਼ਾਲਮਾਨਾ ਸਜ਼ਾਵਾਂ ਦਿਤੀਆਂ ਗਈਆਂ।

ਪੰਨਾ ੪੪

28 **ਦੇਵਵਾਦ**—ਦਰਸ਼ਨ ਤੇ ਧਰਮ-ਸ਼ਾਸਤ੍ਰ ਵਿਚ ਇਕ ਪ੍ਰਵਿਰਤੀ ਜਿਸ ਨੇ ਦੇਵਤੇ ਨੂੰ ਸੰਸਾਰ ਦਾ ਅਨਿਜੀ ਮੁਢਲਾ ਕਾਰਨ ਸਮਝਿਆ ਅਤੇ ਪ੍ਰਕਿਰਤੀ ਦੇ ਵਿਕਾਸ ਵਿਚ ਉਸ ਦੇ ਦਖਲ ਨੂੰ ਰੱਦ ਕੀਤਾ। ਸੰਸਾਰ ਦੀ ਸਿਰਜਣਾ ਕਰਕੇ ਇਸ ਨੂੰ ਇਸਦੇ ਆਪਣੇ ਨੇਮਾਂ ਦੇ ਪਰਕਾਰਜ ਦੇ ਅਧੀਨ ਛੱਡ ਦਿਤਾ ਗਿਆ।

ਪੰਨਾ ੪੫

29 **੧੮-ਵੀਂ ਸਦੀ ਦੀ ਫ਼ਰਾਂਸੀਸੀ ਪ੍ਰਬੁਧਤਾ ਲਹਿਰ**—ਇਕ ਸਮਾਜੀ-ਰਾਜਸੀ ਲਹਿਰ ਜਿਸ ਦੇ ਪ੍ਰਤਿਨਿਧਾਂ ਨੇ ਉਸ ਵੇਲੇ ਦੇ ਸਮਾਜ ਦੀਆਂ ਤਰੁਟੀਆਂ ਦੂਰ ਕਰਨ, ਨੇਕੀ, ਇਨਸਾਫ ਅਤੇ ਵਿਗਿਆਨਕ ਗਿਆਨ ਦੇ ਵਿਚਾਰਾਂ ਦੇ ਪਸਾਰ ਰਾਹੀਂ ਉਸ ਸਮਾਜ ਦੀ ਨੈਤਿਕਤਾ, ਨੀਤੀ ਅਤੇ ਜੀਵਨ ਜਾਚ ਨੂੰ ਤਬਦੀਲ ਕਰਨ ਦੀ ਕੋਸ਼ਿਸ਼ ਕੀਤੀ। ਵਾਲਟੇਅਰ, ਰੂਸੋ ਅਤੇ ਮਾਨਟਸਕਿਊ, ਆਦਿ ਪ੍ਰਬੁਧਤਾਵਾਦੀਆਂ ਨੇ ਪਾਦਰੀਆਂ ਤੇ ਸਾਮੰਤਾਂ ਦੀ ਵਿਚਾਰਧਾਰਾ ਦੇ ਪ੍ਰਭਾਵ ਨੂੰ ਬੜੀ ਵੱਡੀ ਢਾਹ ਲਾਈ। ਪ੍ਰਬੁਧਤਾਵਾਦੀ ਕੇਵਲ ਚਰਚ ਦੇ ਖਿਲਾਫ ਹੀ ਨਹੀਂ ਸਗੋਂ ਪਾਦਰੀਆਂ ਦੇ ਕਟੜ ਮੱਤ ਅਤੇ ਪੰਡਤਾਊ ਚਿੰਤਨ ਵਿਧੀ ਦੇ ਖਿਲਾਫ ਵੀ ਲੜੇ।

ਪੰਨਾ ੪੬

30 **ਪਰਾਭੌਤਿਕਵਾਦ**—ਚਿੰਤਨ ਅਤੇ ਬੋਧ ਵਿਚ ਦਵੰਦਾਤਮਕ -ਵਿਰੋਧੀ ਵਿਧੀ ਜਿਹੜੀ ਵਸਤਾਂ ਤੇ ਵਰਤਾਰਿਆਂ ਨੂੰ ਅੰਤਮ, ਅਬਦਲ, ਇਕ ਦੂਜੇ ਤੋਂ ਸੁਤੰਤਰ ਅਤੇ ਅੰਦਰਲੇ ਵਿਰੋਧਾਂ ਤੋਂ ਮੁਕਤ ਸਮਝਦੀ ਹੈ।

ਇਸ ਅੰਸ਼ ਵਿਚ ਪਰਾਭੌਤਿਕਵਾਦ ਦਾ ਮਸਲਾ ਉਸ ਸੰਕਲਪ ਦੇ ਰੂਪ ਵਿਚ ਉਠਾਇਆ ਗਿਆ ਹੈ ਜਿਸ ਵਿਚ ਇਹ ੧੯-ਵੀਂ ਸਦੀ ਤੱਕ ਦਰਸ਼ਨ ਦੇ ਉਸ ਭਾਗ ਵਜੋਂ ਪ੍ਰਚਲਤ ਸੀ ਜਿਹੜਾ ਅਨੁਭਵ ਦੇ ਖੇਤਰ ਅੰਦਰ ਨਾ ਆਉਣ ਵਾਲੇ ਸਵਾਲਾਂ ਨੂੰ, ਜਿਵੇਂ ਹੋਂਦ ਦਾ ਮੂਲ, ਸੰਸਾਰ ਦਾ ਤੱਤ-ਸਾਰ, ਰੱਬ, ਆਤਮਾ, ਸੁਤੰਤਰ ਰਜ਼ਾ ਆਦਿ, ਬਾਰੇ ਕਿਆਸੀ ਤੌਰ ਤੇ ਵਿਚਾਰ ਕਰਦਾ ਹੈ। ੧੭-ਵੀਂ ਸਦੀ ਦੇ ਪਰਾਭੌਤਿਕਵਾਦੀਆਂ ਤੋਂ ਮਾਰਕਸ ਦਾ ਭਾਵ ਹੈ ਤਰਕਵਾਦੀ ਜਿਹੜੇ ਤਰਕ ਨੂੰ ਅਸਲ ਗਿਆਨ ਦਾ ਇਕੋ ਇਕ ਸੋਮਾ ਸਮਝਦੇ ਸਨ ਅਤੇ ਇੰਦਰਿਆਵੀ ਅਨੁਭਵ ਨੂੰ ਭਰੋਸੇਯੋਗ ਨਾ ਜਾਣ ਕੇ ਰੱਦ ਕਰਦੇ ਸਨ। ਜਿਥੇ ਇਸ ਪ੍ਰਵਿਰਤੀ ਨੇ ਧਾਰਮਿਕ ਕਟੜਤਾ ਦੀ ਪ੍ਰਵਿਰਤੀ ਦੇ ਖਿਲਾਫ ਸੰਗਰਾਮ ਵਿਚ ਤਰਕ ਦੀ ਸਰਬ-ਸ਼ਕਤੀਮਾਨਤਾ ਕਾਇਮ ਰਖ ਕੇ ੧੭-ਵੀਂ ਸਦੀ ਵਿਚ ਅਗਾਂਹਵਧੂ ਰੋਲ ਅਦਾ ਕੀਤਾ ਸੀ, ਉਥੇ ੧੮-ਵੀਂ ਸਦੀ ਵਿਚ ਇਹ ਪਦਾਰਥਵਾਦੀ ਦਰਸ਼ਨ ਤੇ ਵਿਗਿਆਨ ਦੇ ਵਿਕਾਸ ਲਈ ਰੋੜਾ ਬਣ ਗਈ।

ਪੰਨਾ ੪੬

[31] ਵੇਖੋ ਨੋਟ ੨।

ਪੰਨਾ ੪੬

[32] **ਡੇਸਕਾਰਟੀਆਈ ਪਦਾਰਥਵਾਦ** — ੧੭ਵੀਂ ਸਦੀ ਦੇ ਫ਼ਰਾਂਸੀਸੀ ਦਰਸ਼ਨਵੇਤਾ, ਡੇਸਕਾਰਟ (Cartesius) ਦੇ ਅਨੁਯਾਈਆਂ ਦਾ ਸਿਧਾਂਤ ਜਿਨ੍ਹਾਂ ਨੇ ਉਸ ਦੇ ਦਰਸ਼ਨ ਵਿਚੋਂ ਪਦਾਰਥਵਾਦੀ ਨਿਰਣੇ ਕੱਢੇ।

ਪੰਨਾ ੪੭

[33] ਵੇਖੋ ਨੋਟ ੨।

ਪੰਨਾ ੪੭

[34] **ਯਸੂਹੀ** — ਕੈਥੋਲਿਕ ਚਰਚ ਦੇ ਇਕ ਅਤਿ ਪਿਛਾਂਹਖਿਚੂ ਅਤੇ ਖਾੜਕੂ ਸੰਗਠਨ ਦੇ ਮੈਂਬਰ — ਯਸੂਹੀ ਸੰਪਰਦਾ ("ਯਸੂਹੀ ਸਮਾਜ") ਦੀ ਬੁਨਿਆਦ ੧੫੩੪ ਵਿਚ ਰੱਖੀ ਗਈ। ਯਸੂਹੀ ਸੰਪਰਦਾ ਨੇ, ਜਿਸ ਦਾ ਨਿਸ਼ਾਨਾ ਕੈਥੋਲਿਕ ਮੱਤ ਨੂੰ ਮਜ਼ਬੂਤ ਕਰਨਾ ਅਤੇ ਪੋਪ ਦੀ ਸੱਤਾ ਨੂੰ ਪਾਇਦਾਰ ਬਣਾਉਣਾ ਸੀ, ਵਿਸ਼ਾਲ ਤੌਰ ਤੇ ਵਿਸਾਹਘਾਤ, ਜਾਸੂਸੀ, ਗੁਪਤ ਕਤਲਾਂ ਅਤੇ ਕਈ ਰਾਜਾਂ ਦੇ ਅੰਦਰਲੇ ਮਾਮਲਿਆਂ ਵਿਚ ਦਖਲ ਦੇਣ ਦਾ ਰਾਹ ਫੜਿਆ। ਯਸੂਹੀ, ਬਹੁਤ ਹੱਦ ਤੱਕ,

ਇਨਕੁਈਜ਼ੀਸ਼ਨ ਦੀਆਂ ਸਰਗਰਮੀਆਂ ਦੀ ਅਗਵਾਈ ਕਰਦੇ ਸਨ ਜਿਹੜੀ ਧਰਮ-ਵਿਰੋਧੀਆਂ ਤੇ ਜ਼ੁਲਮ ਢਾਹੁੰਦੀ, ਅਗਾਂਹਵਧੂ ਚਿੰਤਕਾਂ ਨੂੰ ਕਤਲ ਕਰਦੀ ਸੀ, ਅਤੇ ਸਾਰੀਆਂ ਮੁਕਤੀ ਲਹਿਰਾਂ ਦਾ ਵਿਰੋਧ ਕਰਦੀ ਸੀ।

**ਯਾਨਸੇਨਵਾਦੀ** (ਡੱਚ ਧਰਮ-ਸ਼ਾਸਤ੍ਰੀ ਯਾਨਸੇਨਸ ਦੇ ਨਾਂ ਉਤੇ)—੧੭-ਵੀਂ ਅਤੇ ੧੮-ਵੀਂ ਸਦੀ ਵਿਚ ਫ਼ਰਾਂਸ ਤੇ ਹਾਲੈਂਡ ਵਿਚ ਕੈਥੋਲਿਕਾਂ ਵਿਚ ਵਿਰੋਧ ਦੀ ਪ੍ਰਵਿਰਤੀ ਦੇ ਪ੍ਰਤਿਨਿਧ। ਕੈਥੋਲਿਕ ਚਰਚ ਦੀ ਅਧਿਸ਼੍ਰੇਣੀ ਦੇ ਖਿਲਾਫ, ਇਸ ਦੇ ਪਾਦਰੀ ਵਰਗ ਦੇ ਸੰਸਾਰਕ ਜੀਵਨ ਦੇ ਖਿਲਾਫ ਲੜਦਿਆਂ, ਸਾਦਾ ਤੇ ਪਵਿਤਰ ਜ਼ਿੰਦਗੀ ਦੀ ਅਪੀਲ ਕਰਦਿਆਂ, ਯਾਨਸੇਨਵਾਦੀਆਂ ਨੇ ਯਸੂਹੀਆਂ ਦੀ ਅਤੇ ਉਹਨਾਂ ਦੇ ਦੰਭੀ ਇਖਲਾਕ ਦੀ ਜ਼ਬਰਦਸਤ ਆਲੋਚਨਾ ਕੀਤੀ, ੧੭-ਵੀਂ ਸਦੀ ਦੇ ਦੂਜੇ ਅੱਧ ਵਿਚ ਯਸੂਹੀਆਂ ਅਤੇ ਯਾਨਸੇਨਵਾਦੀਆਂ ਵਿਚਕਾਰ ਸ਼ੁਰੂ ਹੋਈ ਲੜਾਈ ਵਿਚ ਪੋਪ ਅਤੇ ਫ਼ਰਾਂਸ ਦੀ ਸ਼ਾਹੀ ਸੱਤਾ ਨੇ ਯਸੂਹੀਆਂ ਦਾ ਪੱਖ ਲਿਆ ਅਤੇ ਯਾਨਸੇਨਵਾਦੀਆਂ ਉਤੇ ਅਤਿਆਚਾਰ ਕੀਤੇ।

ਪੰਨਾ ੪੮

35 **ਪੰਡਤਾਊਵਾਦ**—ਮਧ ਜੁਗ ਦੇ ਧਾਰਮਿਕ-ਆਦਰਸ਼ਵਾਦੀ ਦਰਸ਼ਨ ਵਿਚ ਪ੍ਰਬਲ ਪ੍ਰਵਿਰਤੀਆਂ ਦਾ ਆਮ ਨਾਮ। ਇਹ ਦਰਸ਼ਨ ਸਕੂਲਾਂ ਅਤੇ ਯੂਨੀਵਰਸਿਟੀਆਂ ਵਿਚ ਪੜ੍ਹਾਇਆ ਜਾਂਦਾ ਸੀ।

ਇਹ ਪੰਡਤ ਆਪਣੇ ਆਲੇ ਦੁਆਲੇ ਦੀ ਪ੍ਰਕਿਰਤੀ ਜਾਂ ਯਥਾਰਥ ਦੀ ਖੋਜ ਨਹੀਂ ਸੀ ਕਰਦੇ ਸਗੋਂ ਆਪਣੇ ਆਪ ਨੂੰ ਈਸਾਈ ਧਰਮ ਦੇ ਮੱਤਾਂ ਉਤੇ ਆਧਾਰਤ ਰਖ ਕੇ ਕਿਆਸਾਂ ਨਾਲ ਹੀ ਇਸ ਦੇ ਵਿਆਪਕ ਨੇਮਾਂ ਵਿਚੋਂ ਨਿਗਰ ਸਿੱਟੇ ਕਢਣ ਅਤੇ ਮਨੁਖੀ ਵਿਹਾਰ ਨਿਸਚਿਤ ਕਰਨ ਦਾ ਜਤਨ ਕਰਦੇ ਸਨ।

ਪੰਨਾ ੫੦

36 **ਨਾਂਵਾਦ** (Nominalism)—ਮਧ ਜੁਗੀ ਦਰਸ਼ਨ ਦੀ ਇਕ ਪ੍ਰਵਿਰਤੀ ਜਿਸ ਦਾ ਮੱਤ ਹੈ ਕਿ ਵਿਆਪਕ ਸੰਕਲਪ ਵਖ ਵਖ ਵਸਤਾਂ ਨੂੰ ਦਿਤੇ ਗਏ ਕੇਵਲ ਨਾਂ ਹਨ। ਮਧ ਜੁਗ ਦੇ ਯਥਾਰਥਵਾਦੀਆਂ ਦੇ ਉਲਟ ਨਾਂਵਾਦੀਆਂ ਦਾ ਦਾਹਵਾ ਸੀ ਕਿ ਯਥਾਰਥ ਵਿਚ ਕੇਵਲ ਵੱਖ ਵੱਖ ਵਸਤਾਂ ਦੀ ਉਹਨਾਂ ਦੇ ਵਖੋ ਵੱਖ ਗੁਣਾ ਸਹਿਤ ਹੋਂਦ ਹੈ। ਦੂਜੇ ਸ਼ਬਦਾਂ ਵਿਚ, ਉਹ ਵਸਤਾਂ ਨੂੰ ਮੁਢਲਾ ਅਤੇ ਸੰਕਲਪਾਂ ਨੂੰ ਦੂਜੈਲਾ ਥਾਂ ਦੇਂਦੇ ਸਨ। ਇਸ ਅਰਥ ਵਿਚ ਨਾਂਵਾਦ ਮਧ ਜੁਗ ਵਿਚ ਪਦਾਰਥਵਾਦ ਦਾ ਪਹਿਲਾ ਪ੍ਰਗਟਾ ਸੀ।

ਪੰਨਾ ੫੦

[37] **ਹੋਮੀਓਮੇਰੀਆ** (Homeomeriae) — ਪ੍ਰਾਚੀਨ ਯੂਨਾਨੀ ਦਰਸ਼ਨਵੇਤਾ ਅਨਾਕਸਾਗੋਰਸ ਦੇ ਸਿਧਾਂਤ ਦੇ ਅਨੁਸਾਰ ਨਿੱਕੇ ਤੋਂ ਨਿੱਕੇ ਗੁਣਾਮਤਕ ਤੌਰ ਤੇ ਨਿਸਚਿਤ ਪਦਾਰਥਕ ਕਣ ਜਿਨ੍ਹਾਂ ਦੀ ਅਨੰਤ ਵੰਡ ਹੋ ਸਕਦੀ ਹੈ। ਅਨਾਕਸਾਗੋਰਸ ਅਨੁਸਾਰ, ਹੋਮੀਓਮੇਰੀਆ ਉਸ ਸਭ ਕੁਝ ਦਾ ਜੋ ਵਿਦਮਾਨ ਹੈ ਮੂਲ ਆਧਾਰ ਹਨ ਅਤੇ ਇਹਨਾਂ ਦੇ ਮਿਸ਼ਰਣਾਂ ਤੋਂ ਅਨੇਕ ਵਸਤਾਂ ਹੋਂਦ ਵਿਚ ਆਈਆਂ।

ਪੰਨਾ ੫੦

[38] **ਈਸ਼ਵਰਵਾਦ** — ਇਕ ਦਾਰਸ਼ਨਿਕ ਤੇ ਧਰਮ-ਸ਼ਾਸਤ੍ਰਿਕ ਮੱਤ ਜਿਹੜਾ ਇਕ ਨਿੱਜੀ ਈਸ਼ਵਰ ਦੀ, ਬ੍ਰਹਿਮੰਡ ਦੇ ਸਿਰਜਣਕਾਰ ਦੀ ਹੋਂਦ ਸਵੀਕਾਰ ਕਰਦਾ ਹੈ।

ਪੰਨਾ ੫੨

[39] **ਅਨੁਭਵਵਾਦ** — ਬੋਧ ਦੇ ਸਿਧਾਂਤ ਵਿਚ ਇਕ ਪ੍ਰਵਿਰਤੀ ਹੈ ਜਿਸਦੇ ਅਨੁਸਾਰ ਬੋਧ ਦਾ ਇਕੋ ਇਕ ਸੋਮਾ ਅਨੁਭਵ ਹੈ।

ਪੰਨਾ ੫੨

[40] ਵੇਖੋ ਨੋਟ ੨੮।

ਪੰਨਾ ੫੨

[41] "Rheinische Beobachter" ("ਰਾਈਨ ਦਾ ਅਬਜ਼ਰਵਰ") — ੧੮੪੪ ਤੋਂ ੧੮੪੮ ਤੱਕ ਕਾਲੋਨ ਤੋਂ ਪ੍ਰਕਾਸ਼ਤ ਹੋਣ ਵਾਲਾ ਇਕ ਕਨਜ਼ਰਵੇਟਿਵ ਅਖ਼ਬਾਰ।

ਪੰਨਾ ੬੭

[42] ਇਸ਼ਾਰਾ ੧੧ ਅਪ੍ਰੈਲ, ੧੮੪੭ ਨੂੰ ਫਰੀਡਰਿਖ ਵਿਲਹੈਲਮ ਚੌਥੇ ਵਲੋਂ ਬਾਦਸ਼ਾਹ ਦੀ ਤਕਰੀਰ ਵੱਲ ਹੈ। ਇਸ ਤਕਰੀਰ ਵਿਚ ਬਾਦਸ਼ਾਹ ਨੇ ਆਖਿਆ ਸੀ ਕਿ ਉਹ ਕਦੇ ਇਸ ਗੱਲ ਦੀ ਆਗਿਆ ਨਹੀਂ ਦੇਵੇਗਾ ਕਿ "ਸ਼ਹਿਨਸ਼ਾਹ ਤੇ ਲੋਕਾਂ ਵਿਚਕਾਰ ਕੁਦਰਤੀ ਸੰਬੰਧ "ਸ਼ਰਤੀ, ਸੰਵਿਧਾਨਿਕ" ਬਣ ਜਾਣ ਅਤੇ "ਇਕ ਲਿਖਤੀ ਕਾਗ਼ਜ਼ ਮੂਲਿਕ ਪਾਵਨ ਵਫ਼ਾਦਾਰੀ" ਦੀ ਥਾਂ ਲੈ ਲਵੇ।

ਪੰਨਾ ੭੧

[43] **ਤਾਮਪਲ** — ਪੈਰਿਸ ਵਿਚ ਇਕ ਕਿਲਾ ਤੇ ਬੁਰਜ। ੧੮-ਵੀਂ ਸਦੀ ਦੇ ਅਖੀਰ ਵਿਚ ਫ਼ਰਾਂਸ ਦੇ ਬੁਰਜੂਆ ਇਨਕਲਾਬ ਸਮੇਂ ਤਾਮਪਲ ਬੁਰਜ ਨੂੰ ਰਾਜਕੀ ਜੇਲ੍ਹ

ਬਣਾ ਦਿਤਾ ਗਿਆ। ੧੯-ਵੀਂ ਸਦੀ ਵਿਚ ਇਸ ਨੂੰ ਢਾਹ ਦਿਤਾ ਗਿਆ ਸੀ।

ਪੰਨਾ ੭੩

44 **ਸਾਮੰਤੀ ਸੋਸ਼ਲਿਜ਼ਮ**—ਵਿਗਿਆਨਕ ਸਮਾਜਵਾਦ ਤੋਂ ਪਹਿਲਾਂ ਦੇ ਸਮਾਜਵਾਦ ਦੀ ਇਕ ਪ੍ਰਕਾਰ ਜਿਸ ਦੇ ਪ੍ਰਤਿਨਿਧਾਂ ਨੇ ਪੂੰਜੀਵਾਦ ਦੀ ਨੁਕਤਾਚੀਨੀ ਕਰਦਿਆਂ ਹੋਇਆਂ ਇਸ ਦੇ ਅੰਤਰ-ਵਿਰੋਧਾਂ ਉਤੇ ਕਾਬੂ ਪਾਉਣ ਲਈ ਸਾਮੰਤੀ-ਪਿਤਾ-ਪ੍ਰਥਾ ਦੇ ਸੰਬੰਧਾਂ ਵੱਲ ਪਰਤਣ ਦਾ ਸੱਦਾ ਦਿਤਾ।

ਪੰਨਾ ੭੫

45 **ਈਸਾਈ ਸੋਸ਼ਲਿਜ਼ਮ**—ਇਕ ਸਿਧਾਂਤ ਜਿਹੜਾ ਈਸਾਈ ਧਰਮ ਨੂੰ ਸਮਾਜਵਾਦੀ ਰੰਗ ਦੇਣ ਦਾ, ਈਸਾਈਅਤ ਨੂੰ ਕਿਰਤੀ ਲੋਕਾਂ ਦੇ ਹਿਤਾਂ ਦੀ ਰਖਿਅਕ ਅਤੇ ਸਭਨਾਂ ਸਮਾਜਕ ਬੁਰਾਈਆਂ ਤੋਂ ਨਿਜਾਤ ਦੇ ਸਾਧਨ ਵਜੋਂ ਪੇਸ਼ ਕਰਨ ਦਾ ਜਤਨ ਕਰਦਾ ਹੈ। ਇਸ ਦਾ ਜਨਮ ੧੮੩੦ ਵਿਆਂ-੧੮੪੦ ਵਿਆਂ ਵਿਚ ਸਾਮੰਤੀ ਸੋਸ਼ਲਿਜ਼ਮ ਦੀ ਇਕ ਕਿਸਮ ਵਜੋਂ ਹੀ ਹੋਇਆ ਸੀ।

ਪੰਨਾ ੭੬

46 "Neue Rheinische Zeitung. Politisch-ökonomische Revue" ("ਨਵਾਂ ਰਾਈਨ ਦਾ ਅਖ਼ਬਾਰ। ਰਾਜਸੀ ਤੇ ਆਰਥਕ ਰੀਵੀਊ")—ਮਾਰਕਸ ਤੇ ਏਂਗਲਜ਼ ਵਲੋਂ ਦਸੰਬਰ ੧੮੪੯ ਵਿਚ ਜਾਰੀ ਕੀਤਾ ਪੱਤਰ। ਨਵੰਬਰ ੧੮੫੦ ਤੱਕ ਉਹਨਾਂ ਇਹ ਚਲਾਇਆ।

ਪੰਨਾ ੭੭

47 ਇਸ਼ਾਰਾ ੧੮੪੮ ਵਿਚ ਪੈਰਿਸ ਦੇ ਪ੍ਰੋਲਤਾਰੀ ਦੀ ਜੂਨ ਬਗ਼ਾਵਤ ਨੂੰ ਕੁਚਲ ਦੇਣ ਵੱਲ ਹੈ।

ਪੰਨਾ ੭੯

48 **ਕੁਰਾਨ**—ਮੁਸਲਮਾਨਾਂ ਦੀ ਮੁਖ ਪਵਿਤਰ ਕਿਤਾਬ, ਦੀਨੀ ਸਿਖਿਆ, ਨਬੀਆਂ ਦੀਆਂ ਕਥਾਵਾਂ ਅਤੇ ਸ਼ਰੀਅਤ ਦੇ ਆਦੇਸ਼ਾਂ ਦਾ ਸੰਗ੍ਰਹਿ ਜਿਨ੍ਹਾਂ ਦਾ ਮੁਹੰਮਦ ਨੇ ਮੱਕੇ ਤੇ ਮਦੀਨੇ ਵਿਚ ਉਪਦੇਸ਼ ਦਿਤਾ।

"**ਨਵੇਂ ਕੁਰਾਨ ਦੇ ਸੂਰਾ**"—ਡਾਊਮਰ ਦੀ ਪੁਸਤਕ "ਮਹੁੰਮਦ ਤੇ ਉਹਦੀ ਰਚਨਾ" ਵੱਲ ਵਿਅੰਗਮਈ ਇਸ਼ਾਰਾ।

**ਸੂਰਾਂ**—ਕੁਰਾਨ ਦੇ ਕਾਂਡਾਂ ਦਾ ਅਰਬੀ ਨਾਂ।

ਪੰਨਾ ੮੦

[49] **ਨੋਸਤਰਾਦਾਮਸ ਦੀਆਂ ਭਵਿਖਬਾਣੀਆਂ**—੧੬-ਵੀਂ ਸਦੀ ਵਿਚ ਬਾਦਸ਼ਾਹ ਸ਼ਾਰਲ ਨੌਂਵੇਂ ਦੇ ਡਾਕਟਰ ਅਤੇ ਪ੍ਰਸਿਧ ਫ਼ਰਾਂਸੀਸੀ ਖਗੋਲ-ਵਿਗਿਆਨੀ ਨੇ ਕਵਿਤਾ ਵਿਚ ਲਿਖੀਆਂ। ਅਤਿ ਦਾ ਧੁੰਧਵਲਾਪਨ ਅਤੇ ਰਹਸਮਈਤਾ ਇਹਨਾਂ ਦਾ ਵਿਸ਼ੇਸ਼ ਲਛਣ ਹੈ।

**ਸਕਾਟਾਂ ਦੀ ਗੈਬੀ ਸੋਝੀ**—ਭਵਿਖ ਨੂੰ ਜਾਣ ਲੈਣ ਅਤੇ ਆਮ ਲੋਕਾਂ ਦੀ ਸਮਝ ਤੋਂ ਪਾਰ ਦੇ ਵਰਤਾਰਿਆਂ ਨੂੰ ਸਮਝ ਸਕਣ ਦੀ ਅਖੌਤੀ ਯੋਗਤਾ। ਵਹਿਮਾਂ-ਭਰਮਾਂ ਅਨੁਸਾਰ ਸਕਾਟਲੈਂਡ ਦੇ ਪਹਾੜੀ ਇਲਾਕਿਆਂ ਦੇ ਵਸਨੀਕ ਇਸ ਯੋਗਤਾ ਦੇ ਮਾਲਕ ਹਨ।

**ਪਸ਼ੂ ਚੁੰਬਕ-ਸ਼ਕਤੀ**—੧੮-ਵੀਂ ਸਦੀ ਦੇ ਆਸਟ੍ਰੀਆਈ ਡਾਕਟਰ, ਮੈਸਮਰ ਦਾ ਸਿਧਾਂਤ, ਜਿਹੜਾ ਹਿੱਪਨਾਟਿਕ ਸੰਕੇਤਾਂ ਨਾਲ ਮਨੁਖੀ ਵਰਤੋਂ-ਵਿਹਾਰ ਉਤੇ ਅਸਰ ਪਾਉਣ ਦੀ ਸੰਭਾਵਨਾ ਦਾ ਦਾਅਵਾ ਕਰਦਾ ਹੈ।

ਪੰਨਾ ੮੩

[50] ਇਸ਼ਾਰਾ ਗੋਇਥੇ ਦੀ ਰਚਨਾ "ਵਿਲਹੈਲਮ ਮਾਈਸਟਰ ਦੇ ਸ਼ਾਗਿਰਦੀ ਦੇ ਸਾਲ" ਵੱਲ ਹੈ ਜਿਸ ਵਿਚ ਵਿਗਿਆਨੀਆਂ ਦੀ ਅਧਿਕਾਰੀ ਬੰਦਿਆਂ ਉਤੇ ਕਠਰ ਨਿਰਭਰਤਾ ਨੂੰ ਬਿਆਨ ਕਰਦੇ ਕਿਸਿਆਂ ਦਾ ਵਰਣਨ ਕੀਤਾ ਗਿਆ ਹੈ।

ਪੰਨਾ ੮੪

[51] ਇਸ਼ਾਰਾ **੧੭੮੯-੧੭੯੪ ਦੇ ਫ਼ਰਾਂਸੀਸੀ ਬੁਰਜੂਆ ਇਨਕਲਾਬ** ਵੱਲ ਜਿਸ ਨੇ ਫ਼ਰਾਂਸ ਵਿਚ ਸਾਮੰਤੀ-ਨਿਰੰਕੁਸ਼ ਸੰਬੰਧਾਂ ਦਾ ਖਾਤਮਾ ਕਰ ਦਿਤਾ, **੧੮੩੦ ਦੇ ਬੁਰਜੂਆ ਜੁਲਾਈ ਇਨਕਲਾਬ** ਵੱਲ ਜਿਸ ਨੇ ਵਿੱਤੀ ਅਮੀਰਸ਼ਾਹੀ ਦੇ ਹਥਠੋਕੇ, ਲੂਈ ਫਿਲਿਪ, ਨੂੰ ਸੱਤਾ ਸੌਂਪੀ, ਅਤੇ **ਫਰਵਰੀ ੧੮੪੮ ਦੇ ਇਨਕਲਾਬ** ਵੱਲ ਹੈ ਜਿਹੜਾ ਮੁਖ ਕਰਕੇ ਮਜ਼ਦੂਰਾਂ ਨੇ ਸਿਰੇ ਚਾੜ੍ਹਿਆ। ਫਰਵਰੀ ਇਨਕਲਾਬ ਦੇ ਸਿੱਟੇ ਵਜੋਂ ਫ਼ਰਾਂਸ ਵਿਚ ਬੁਰਜੂਆ ਗਣਰਾਜ ਸਥਾਪਤ ਹੋਇਆ।

ਪੰਨਾ ੮੬

[52] **ਵਾਲਦੇਨਸ**—ਇਕ ਧਾਰਮਿਕ ਫਿਰਕਾ ਜਿਹੜਾ ੧੨-ਵੀਂ ਸਦੀ ਦੇ ਅਖੀਰ ਵਿਚ ਦਖਣੀ ਫ਼ਰਾਂਸ ਦੀਆਂ ਹੇਠਲੀਆਂ ਸ਼ਹਿਰੀ ਜਮਾਤਾਂ ਵਿਚ ਪੈਦਾ ਹੋਇਆ। ਆਖਿਆ

ਜਾਂਦਾ ਹੈ ਕਿ ਲੀਓਨ ਦਾ ਵਪਾਰੀ, ਪੀਟਰ ਵਾਲਦ ਇਸ ਦਾ ਮੋਢੀ ਸੀ। ਵਾਲਦੇਨਸਾਂ ਨੇ ਜਾਇਦਾਦ ਦੇ ਖਾਤਮੇ ਦੀ ਹਮਾਇਤ ਕੀਤੀ, ਕੈਥੋਲਿਕ ਚਰਚ ਵਲੋਂ ਦੌਲਤ ਇਕੱਠੀ ਕਰਨ ਦੀ ਨਿਖੇਧੀ ਕੀਤੀ ਅਤੇ ਮੁਢਲੀ ਈਸਾਈਅਤ ਦੀਆਂ ਰੀਤਾਂ ਵੱਲ ਪਰਤਣ ਦਾ ਸੱਦਾ ਦਿਤਾ। ਵਾਲਦੇਨਸਾਂ ਦਾ ਧਰਮ-ਵਿਰੋਧ ਦਖਣ-ਪਛਮੀ ਸਵਿਟਜ਼ਰਲੈਂਡ ਤੇ ਸਾਵੋਈ ਦੇ ਪਹਾੜੀ ਇਲਾਕਿਆਂ ਦੀ ਪੇਂਡੂ ਵਸੋਂ ਵਿਚ ਖਾਸ ਕਰਕੇ ਫੈਲਿਆ ਜਿਥੇ ਉਹਨਾਂ ਨੇ ਆਦਿ-ਕਾਲਿਨ ਭਾਈਚਾਰਕ ਪ੍ਰਬੰਧ ਅਤੇ ਪਿਤਾ-ਪ੍ਰਥਾ ਪ੍ਰਧਾਨ ਸੰਬੰਧਾਂ ਦੀ ਰਹਿੰਦ-ਖੂੰਹਦ ਦੀ ਹਮਾਇਤ ਕੀਤੀ ਸੀ।

ਪੰਨਾ ੮੭

53 **ਅਲਬੀਗੇਨਸ** — ੧੨-ਵੀਂ ਤੇ ੧੩-ਵੀਂ ਸਦੀ ਵਿਚ ਦਖਣੀ ਫਰਾਂਸ ਤੇ ਉਤਰੀ ਇਟਲੀ ਦੇ ਸ਼ਹਿਰਾਂ ਵਿਚ ਵਿਸ਼ਾਲ ਰੂਪ ਵਿਚ ਫੈਲਿਆ ਇਕ ਧਾਰਮਿਕ ਫਿਰਕਾ। ਫ਼ਰਾਂਸ ਦੇ ਦਖਣ ਵਿਚ, ਅਲਬੀ ਇਸ ਦਾ ਕੇਂਦਰ ਸੀ। ਅਲਬੀਗੇਨਸ ਨੇ ਕੈਥੋਲਿਕ ਚਰਚ ਦੀਆਂ ਧੂਮਧਾਮ ਵਾਲੀਆਂ ਰਹੁ-ਰੀਤਾਂ ਅਤੇ ਅਧਿਸ਼੍ਰੇਣੀ ਦਾ ਵਿਰੋਧ ਕੀਤਾ ਅਤੇ ਦਖਣ ਦੇ ਸ਼ਹਿਰਾਂ ਦੇ ਵਪਾਰੀਆਂ ਤੇ ਦਸਤਕਾਰਾਂ ਦੇ ਸਾਮੰਤਵਾਦ-ਵਿਰੋਧੀ ਰੋਸ ਨੂੰ ਇਕ ਧਾਰਮਿਕ ਰੂਪ ਵਿਚ ਪ੍ਰਗਟ ਕੀਤਾ। ਫ਼ਰਾਂਸ ਦੇ ਦਖਣ ਦੇ ਰਾਠ ਵੀ ਉਹਨਾਂ ਦੇ ਨਾਲ ਰਲ ਗਏ ਜਿਹੜੇ ਚਰਚ ਦੀਆਂ ਜ਼ਮੀਨਾਂ ਨੂੰ ਸੰਸਾਰਕ ਮਾਲਕੀ ਬਣਾਉਣਾ ਚਾਹੁੰਦੇ ਸਨ। ੧੨੦੯ ਵਿਚ ਪੋਪ ਇਨੋਸੈਂਟ III ਨੇ ਉਹਨਾਂ ਦੇ ਖਿਲਾਫ ਜਹਾਦ ਜਥੇਬੰਦਕ ਕੀਤਾ ਅਤੇ ਲੰਮੇ ਸੰਗਰਾਮ ਤੇ ਘੋਰ ਅਤਿਆਚਾਰਾਂ ਮਗਰੋਂ ਲਹਿਰ ਕੁਚਲ ਦਿਤੀ ਗਈ।

ਪੰਨਾ ੮੭

54 ੧੨੫੧ ਵਿਚ ਫ਼ਰਾਂਸ ਦੀ ਕਿਸਾਨ ("ਗਡਰੀਏ") ਬਗ਼ਾਵਤ ਦੇ ਆਗੂਆਂ ਵਿਚੋਂ ਇਕ।

ਪੰਨਾ ੮੭

55 **ਕਲਿਕਸਤੀਨਸ** — ੧੫-ਵੀਂ ਸਦੀ ਦੇ ਪਹਿਲੇ ਅੱਧ ਵਿਚ ਬੋਹੀਮੀਆਂ ਵਿਚ ਜਰਮਨ ਰਾਠਸ਼ਾਹੀ, ਜਰਮਨ ਸਲਤਨਤ ਤੇ ਕੈਥੋਲਿਕ ਚਰਚ ਦੇ ਖਿਲਾਫ ਹੂਸਵਾਦੀ ਕੌਮੀ ਮੁਕਤੀ ਤੇ ਧਰਮ ਸੁਧਾਰ ਲਹਿਰ ਦੀਆਂ ਦੋ ਪ੍ਰਵਿਰਤੀਆਂ ਵਿਚੋਂ ਇਕ। ਕਲਿਕਸਤੀਨਸ ਦਾ ਮੱਤ ਸੀ ਕਿ ਰੱਬੀ ਭੋਜ ਦੌਰਾਣ ੨੫ ਵਿਚੋਂ ਸ਼ਰਾਬ ਤੇ ਰੋਟੀ ਮਿਲਣੀ ਚਾਹੀਦੀ ਹੈ। ਬੋਹੀਮੀਆ ਦੀ ਰਾਠਸ਼ਾਹੀ ਤੇ ਬਰਗਰਾਂ ਨੇ ਉਹਨਾਂ

ਦੀ ਹਮਾਇਤ ਕੀਤੀ ਅਤੇ ਨਰਮ-ਖਿਆਲ ਚਰਚ ਸੁਧਾਰ ਤੇ ਚਰਚ ਦੀਆਂ ਜ਼ਮੀਨਾਂ ਨੂੰ ਸੰਸਾਰਕ ਮਾਲਕੀ ਬਣਾਉਣ ਦੀ ਮੰਗ ਕੀਤੀ।

ਪੰਨਾ ੮੮

56 ਇਸ਼ਾਰਾ ੧੩੮੧ ਦੀ ਬਸੰਤ ਤੇ ਗਰਮੀਆਂ ਦੀ ਰੁੱਤੇ ਇੰਗਲੈਂਡ ਵਿਚ ਹੋਈ ਮਹਾਨਤਮ ਕਿਸਾਨ ਬਗ਼ਾਵਤ ਵੱਲ ਹੈ। ਕਾਰੀਗਰਾਂ ਅਤੇ ਸ਼ਹਿਰੀ ਵਸੋਂ ਦੀ ਹੇਠਲੀ ਪਰਤ ਦੀ ਸਹਾਇਤਾ ਨਾਲ ਕਿਸਾਨਾਂ ਨੇ ਲੰਦਨ ਉਤੇ ਕਬਜ਼ਾ ਕਰ ਲਿਆ ਪਰ ਆਪਣੇ ਆਗੂ, ਵਾਟ ਟਾਈਲਰ, ਦੇ ਕਤਲ ਕਾਰਨ ਹਿੰਮਤ ਛਡ ਬੈਠੇ, ਬਾਦਸ਼ਾਹ ਰਿਚਰਡ ਦੂਜੇ ਦੇ ਝੂਠੇ ਇਕਰਾਰਾਂ ਉਤੇ ਇਤਬਾਰ ਕਰਕੇ ਆਪਣੇ ਘਰਾਂ ਨੂੰ ਮੁੜ ਗਏ। ਸਾਮੰਤਾਂ ਨੇ ਇਸ ਦਾ ਫਾਇਦਾ ਉਠਾਇਆ ਅਤੇ ਬਗ਼ਾਵਤ ਵਿਚ ਹਿੱਸਾ ਲੈਣ ਵਾਲਿਆਂ ਉਤੇ ਜਾਰਹਾਨਾ ਜ਼ੁਲਮ ਕੀਤੇ, ਪਰ, ਨਵੀਂ ਬਗ਼ਾਵਤ ਤੋਂ ਡਰਦਿਆਂ ਉਹਨਾਂ ਨੂੰ ਕਿਸਾਨਾਂ ਦੀਆਂ ਕੁਝ ਮੰਗਾਂ ਅਮਲ ਵਿਚ ਲਾਗੂ ਕਰਨੀਆਂ ਪਈਆਂ। ਇਸ ਬਗ਼ਾਵਤ ਨੇ, ਖਾਸ ਕਰਕੇ, ਇੰਗਲੈਂਡ ਵਿਚੋਂ ਖੇਤ-ਗੁਲਾਮੀ ਖਤਮ ਕਰਨ ਵਿਚ ਅਹਿਮ ਰੋਲ ਅਦਾ ਕੀਤਾ।

ਪੰਨਾ ੮੯

57 **ਫਲਾਗੇਲਾਂਤ** — ੧੩-ਵੀਂ ਤੋਂ ੧੫-ਵੀਂ ਸਦੀ ਤੱਕ ਯੂਰਪ ਵਿਚ ਫੈਲਿਆ ਹੋਇਆ ਤਿਆਗੀਆਂ ਦਾ ਇਕ ਫਿਰਕਾ। ਇਹ ਆਤਮ-ਦੰਡ ਨੂੰ ਗੁਨਾਹ ਤੋਂ ਪਸ਼ਚਾਤਾਪ ਦਾ ਸਾਧਨ ਮੰਨਦੇ ਸਨ।

**ਲਾਲਰਡ** — ਇੰਗਲੈਂਡ ਤੇ ਦੂਜੇ ਯੂਰਪੀ ਦੇਸ਼ਾਂ ਵਿਚ ਇਕ ਧਾਰਮਿਕ ਫਿਰਕਾ। ਇਹ ੧੪-ਵੀਂ ਸਦੀ ਵਿਚ ਪੈਦਾ ਹੋਇਆ ਸੀ ਤੇ ਇਸ ਨੇ ਕੈਥੋਲਿਕ ਚਰਚ ਦਾ ਸਖ਼ਤ ਵਿਰੋਧ ਕੀਤਾ। ਇਹ ਅੰਗ੍ਰੇਜ਼ ਸੁਧਾਰਵਾਦੀ ਵਿਕਲਿਫ ਦੇ ਅਨੁਯਾਈ ਸਨ ਅਤੇ ਇਹਨਾਂ ਨੇ ਉਹਦੀ ਸਿਖਿਆ ਤੋਂ ਅਤਿ ਉਗਰਵਾਦੀ ਨਿਰਣੇ ਕੱਢੇ ਸਨ। ਸਾਮੰਤੀ ਵਿਸ਼ੇਸ਼-ਅਧਿਕਾਰਾਂ ਦੇ ਖਿਲਾਫ ਉਹਨਾਂ ਦਾ ਰੋਸ ਧਾਰਮਿਕ ਤੇ ਰਹੱਸਵਾਦੀ ਰੂਪ ਵਿਚ ਪ੍ਰਗਟ ਹੋਇਆ। ਇਹਨਾਂ ਵਿਚੋਂ ਕਈਆਂ ਨੇ ਜਿਨ੍ਹਾਂ ਵਿਚ ਆਮ ਲੋਕਾਂ ਅਤੇ ਹੇਠਲੇ ਪਾਦਰੀਆਂ ਦੇ ਪ੍ਰਤਿਨਿਧਾਂ ਦੀ ਪ੍ਰਬਲਤਾ ਸੀ ੧੩੮੧ ਵਿਚ ਵਾਟ ਟਾਈਲਰ ਦੀ ਬਗਾਵਤ ਵਿਚ ਹਿੱਸਾ ਲਿਆ। ੧੪-ਵੀਂ ਸਦੀ ਦੇ ਅੰਤ ਤੋਂ ਉਹਨਾਂ ਉਤੇ ਜ਼ਾਲਮਾਨਾ ਅਤਿਆਚਾਰ ਕੀਤੇ ਗਏ।

ਪੰਨਾ ੯੦

58 **ਸਹਸਰਵਾਦ** (Chiliasm) — (ਯੂਨਾਨੀ ਸ਼ਬਦ chiliasmos ਤੋਂ ਜਿਸ

ਦਾ ਧਾਤੂ ਹੈ chilias, ਭਾਵ "ਇਕ ਹਜ਼ਾਰ")—ਇਕ ਧਾਰਮਿਕ-ਰਹੱਸਵਾਦੀ ਮੱਤ ਜੋ ਈਸਾ ਦੇ ਦੂਜੇ ਆਗਮਨ ਦੀ ਸਿਖਿਆ ਦੇਂਦਾ ਹੈ ਜਿਸ ਨਾਲ ਇਨਸਾਫ, ਬਰਾਬਰੀ ਅਤੇ ਖੁਸ਼ਹਾਲੀ ਦਾ "ਹਜ਼ਾਰ ਵਰ੍ਹਾ" ਸ਼ੁਰੂ ਹੋਵੇਗਾ।

ਪੰਨਾ ੯੦

59 **ਆਊਗਸਬੁਰਗ ਇਕਬਾਲ**—੧੫੩੦ ਵਿਚ ਆਊਗਸਬੁਰਗ ਵਿਖੇ ਸ਼ਹਿਨਸ਼ਾਹੀ ਪਾਰਲੀਮੈਂਟ ਸਮੇਂ ਸ਼ਹਿਨਸ਼ਾਹੀ ਚਾਰਲਸ ਪੰਜਵੇਂ ਨੂੰ ਪੜ੍ਹਕੇ ਸੁਣਾਇਆ ਲੂਥਰਵਾਦੀ ਮੱਤ ਦਾ ਇਕ ਬਿਆਨ; ਇਹ "ਸਸਤੇ ਚਰਚ"—ਧੂਮਧਾਮ ਵਾਲੀਆਂ ਰਹੁ-ਰੀਤਾਂ ਦਾ ਖਾਤਮਾ, ਚਰਚ ਦੀ ਅਧਿਸ਼੍ਰੇਣੀ ਦਾ ਸਰਲੀਕਰਨ, ਆਦਿ—ਦੇ ਬਰਗਰ ਆਦਰਸ਼ਾਂ ਨੂੰ ਰਜਵਾੜਿਆਂ ਦੇ ਹਿਤਾਂ ਦੇ ਅਨੁਕੂਲ ਬਣਾਉਣਾ ਸੀ। ਚਰਚ ਦਾ ਮੁਖੀ ਰੋਮ ਦੇ ਪੋਪ ਦੀ ਥਾਂ ਹਕੂਮਤ ਕਰਦਾ ਰਜਵਾੜਾ ਐਲਾਨ ਕੀਤਾ ਗਿਆ। ਸ਼ਹਿਨਸ਼ਾਹ ਨੇ ਇਸ ਨੂੰ ਰੱਦ ਕਰ ਦਿਤਾ। ਲੂਥਰਵਾਦੀ ਸੁਧਾਰ ਨੂੰ ਪ੍ਰਵਾਨ ਕਰਨ ਵਾਲੇ ਰਜਵਾੜਿਆਂ ਵਲੋਂ ਉਹਦੇ ਖਿਲਾਫ ਲੜਾਈ ਲੜੀ ਗਈ। ਲੜਾਈ ਆਊਗਸਬੁਰਗ ਦੇ ਧਾਰਮਿਕ ਅਮਨ ਸਮਝੌਤੇ ਨਾਲ ੧੫੫੫ ਵਿਚ ਬੰਦ ਹੋ ਗਈ। ਇਸ ਨਾਲ ਰਜਵਾੜਿਆਂ ਨੂੰ ਹੱਕ ਮਿਲ ਗਿਆ ਕਿ ਉਹ ਆਪਣੀ ਪਰਜਾ ਦਾ ਧਰਮ ਆਪਣੀ ਮਰਜ਼ੀ ਨਾਲ ਨਿਸਚਿਤ ਕਰ ਸਕਣ।

ਪੰਨਾ ੯੪

60 ਪਰੂਸ਼ੀਆ ਵਲੋਂ ਕਾਇਮ ਕੀਤੀ "ਜਰਮਨ ਯੂਨੀਅਨ" ਵਿਚ ਸ਼ਾਮਲ ਜਰਮਨ ਰਾਜਾਂ ਦੇ ਪ੍ਰਤਿਨਿਧਾਂ ਦੀ ਪਾਰਲੀਮੈਂਟ ਵੱਲ ਇਸ਼ਾਰਾ ਹੈ। ੨੦ ਮਾਰਚ ਤੋਂ ੨੯ ਅਪ੍ਰੈਲ ੧੮੫੦ ਤੱਕ ਐਰਫੁਰਟ ਵਿਚ ਇਸ ਦੀ ਬੈਠਕ ਹੋਈ ਅਤੇ ਇਸ ਨੇ ਪਿਛਾਂਹਖਿਚੂ ਰਾਜਤੰਤਰਵਾਦੀ ਪਰੂਸ਼ੀਆ ਦੀ ਸਰਦਾਰੀ ਹੇਠ ਜਰਮਨੀ ਦੇ ਏਕੀਕਰਨ ਦੀਆਂ ਯੋਜਨਾਵਾਂ ਉਲੀਕੀਆਂ। ਯੋਜਨਾਵਾਂ ਸਿਰੇ ਨਾ ਚੜ੍ਹੀਆਂ ਅਤੇ ਐਰਫੁਰਟ ਪਾਰਲੀਮੈਂਟ "ਜਰਮਨ ਯੂਨੀਅਨ" ਦੇ ਵਿਗਠਨ ਨਾਲ ਖ਼ਤਮ ਹੋ ਗਈ।

ਪੰਨਾ ੯੪

61 ਇਹ ਕਿਸਾਨ ਲਹਿਰ ਦੇ ਖਿਲਾਫ ਇਕ ਘਾਤਕ ਪੈਂਫਲਿਟ ਦਾ ਨਾਂ ਸੀ ਜਿਹੜਾ ਮਈ ੧੫੨੫ ਵਿਚ ਲੂਥਰ ਵਲੋਂ ਪ੍ਰਕਾਸ਼ਤ ਕੀਤਾ ਗਿਆ, ਜਦੋਂ ਕਿਸਾਨ ਜੰਗ ਆਪਣੇ ਪੂਰੇ ਜ਼ੋਰ ਉਤੇ ਸੀ।

ਪੰਨਾ ੯੬

62 ਜਰਮਨੀ ਵਿਚ ਇਨਕਲਾਬ ਮਾਰਚ ੧੮੪੮ ਵਿਚ ਸ਼ੁਰੂ ਹੋਇਆ।

ਪੰਨਾ ੯੭

63 **ਪੁਨਰ-ਬਪਤਿਸਮਾਵਾਦੀ** — ਉਸ ਫਿਰਕੇ ਦੇ ਮੈਂਬਰਾਂ ਦਾ ਨਾਂ ਜਿਸ ਨੇ ਮੰਗ ਕੀਤੀ ਕਿ ਬਾਲਗਾਂ ਨੂੰ ਜ਼ਿਮੇਦਾਰੀ ਦੀ ਉਮਰ ਤੇ ਪੁਜਣ ਉਤੇ ਦੂਜੀ ਵਾਰ ਬਪਤਿਸਮਾ ਦਿਤਾ ਜਾਏ।

ਪੰਨਾ ੯੯

64 **ਹੂਸਵਾਦੀ ਲਹਿਰ** (ਯਾਨ ਹੂਸ ਦੇ ਨਾਂ ਤੇ) — ਕੈਥੋਲਿਕ ਚਰਚ, ਸਾਮੰਤੀ ਜਬਰ ਅਤੇ ਜਰਮਨ ਗ਼ਲਬੇ ਦੇ ਖਿਲਾਫ ੧੫-ਵੀਂ ਸਦੀ ਦੇ ਪਹਿਲੇ ਅੱਧ ਵਿਚ ਚੈਕ ਲੋਕਾਂ ਵਲੋਂ ਲੜਿਆ ਗਿਆ ਸੰਗਰਾਮ, ਜਿਸ ਨੇ ੧੪੧੯-੧੪੩੭ ਦੀਆਂ ਅਖੌਤੀ ਹੂਸਵਾਦੀ ਜੰਗਾਂ ਦਾ ਰੂਪ ਲੈ ਲਿਆ।

ਪੰਨਾ ੯੯

65 **ਸਰਬ-ਈਸ਼ਵਰਵਾਦ** — ਇਕ ਧਾਰਮਿਕ - ਦਾਰਸ਼ਨਿਕ ਮੱਤ ਜਿਹੜਾ ਰੱਬ ਤੇ ਸਮੂਹ ਸੰਸਾਰ ਨੂੰ ਅਭੇਦ ਕਰ ਦੇਂਦਾ ਹੈ।

ਪੰਨਾ ੧੦੦

66 **ਕਿਆਸੀ ਵਿਚਾਰ** — ਵੇਖੋ ਨੋਟ ੨। ਏਂਗਲਜ਼ ਦਾ ਇਸ਼ਾਰਾ ਇਥੇ ਜਰਮਨ ਆਦਰਸ਼ਵਾਦੀ ਦਰਸ਼ਨਵੇਤਾ ਸ਼ਟਰਾਊਸ ਅਤੇ ਫਿਊਰਬਾਖ਼ ਦੇ ਵਿਚਾਰਾਂ ਵੱਲ ਹੀ ਹੈ, ਜਿਸਨੇ ਆਪਣੀਆਂ ਮੁਢਲੀਆਂ ਲਿਖਤਾਂ ਵਿਚ ਧਾਰਮਿਕ ਸਵਾਲਾਂ ਬਾਰੇ ਸਰਬ-ਈਸ਼ਵਰਵਾਦੀ ਪਹੁੰਚ ਅਪਣਾਈ।

ਪੰਨਾ ੧੦੦

67 ਵਧੇਰੇ ਸ਼ੁਧ ਜਾਣਕਾਰੀ ਅਨੁਸਾਰ, ਮਿਊਨਟਸਰ ਪਹਿਲਾਂ ਸ਼ਾਹੀ ਨਗਰ ਮਿਊਲਹਾਊਜ਼ਨ ਗਿਆ ਸੀ, ਜਿਥੋਂ ਉਸ ਨੂੰ ਸ਼ਹਿਰੀ ਗਰੀਬਾਂ ਦੀਆਂ ਵਿਦਰੋਹੀ ਕਾਰਵਾਈਆਂ ਵਿਚ ਹਿੱਸਾ ਲੈਣ ਕਾਰਨ ਸਤੰਬਰ ੧੫੨੪ ਨੂੰ ਬਦਰ ਕਰ ਦਿਤਾ ਗਿਆ। ਇਸ ਤੋਂ ਪਿਛੋਂ ਉਹ ਨੂਰਮਬਰਗ ਚਲਾ ਗਿਆ ਸੀ।

ਪੰਨਾ ੧੦੭

68 **ਇਕੀਸ਼ਵਰਵਾਦ** — ਬਹੁ-ਈਸ਼ਵਰਵਾਦ ਦੇ ਟਾਕਰੇ ਤੇ ਇਕ ਰੱਬ ਦੀ ਧਾਰਨਾ ਤੇ ਆਧਾਰਤ ਧਾਰਮਿਕ ਵਿਸ਼ਵਾਸਾਂ ਦੀ ਇਕ ਪ੍ਰਣਾਲੀ।

ਪੰਨਾ ੧੧੦

[69] “**ਐਡਾ**” — ਸਕੈਂਡੇਨੇਵੀਆ ਦੀਆਂ ਜਾਤੀਆਂ ਦੀਆਂ ਮਿੱਥਾਂ ਅਤੇ ਸੂਰਮਿਆਂ ਦੇ ਅਵਦਾਨਾਂ ਤੇ ਗੀਤਾਂ ਦਾ ਸੰਗ੍ਰਹਿ।

ਪੰਨਾ ੧੧੧

[70] ਤਾਤਾਰੀਆ ੧੯-ਵੀਂ ਸਦੀ ਵਿਚ ਮਧ ਏਸ਼ੀਆ ਅਤੇ ਤੁਰਕਿਸਤਾਨ ਦੇ ਇਕ ਹਿੱਸੇ ਦਾ ਨਾਂ ਸੀ।

ਪੰਨਾ ੧੧੫

[71] **ਐਸਟੈਬਲਿਸ਼ਡ ਅੰਗਲੀਕੀ ਚਰਚ** ਦੀ ਬੁਨਿਆਦ ਰੋਮ ਦੇ ਪੋਪ ਦੇ ਖਿਲਾਫ ਅੰਗ੍ਰੇਜ਼ ਬਾਦਸ਼ਾਹਾਂ ਦੇ ਸੰਗਰਾਮ ਦੌਰਾਨ ੧੬-ਵੀਂ ਸਦੀ ਵਿਚ ਰਖੀ ਗਈ। ਬਾਦਸ਼ਾਹ ਨੂੰ ਚਰਚ ਦਾ ਮੁਖੀ ਸਮਝਿਆ ਗਿਆ। ੧੭-ਵੀਂ ਸਦੀ ਦੇ ਸ਼ੁਰੂ ਤੋਂ ਇਸ ਚਰਚ ਨੇ ਇੰਗਲੈਂਡ ਦੇ ਰਾਜਨੀਤਕ ਜੀਵਨ ਦੀਆਂ ਕਨਜ਼ਰਵੇਟਿਵ ਪ੍ਰਵਿਰਤੀਆਂ ਦੀ ਲਗਾਤਾਰ ਹਮਾਇਤ ਕੀਤੀ।

ਪੰਨਾ ੧੧੮

[72] “**ਉੱਚਾ**” ਅਤੇ “**ਨੀਵਾਂ**” ਚਰਚ — ਅੰਗਲੀਕੀ ਚਰਚ ਦੀਆਂ ਦੋ ਵਿਰੋਧੀ ਪ੍ਰਵਿਰਤੀਆਂ। ਪਹਿਲੀ ਦੇ ਅਨੁਯਾਈ ਬਹੁਤਾ ਕਰਕੇ ਅਮੀਰਸ਼ਾਹ ਸਨ, ਇਸ ਪ੍ਰਵਿਰਤੀ ਨੇ ਪੁਰਾਤਨ ਸ਼ਾਨਦਾਰ ਰੀਤਾਂ ਦੇ ਕਰੜੇ ਪਾਲਣ ਦੀ ਹਮਾਇਤ ਕੀਤੀ ਅਤੇ ਕੈਥੋਲਿਕ ਮੱਤ ਨਾਲ ਉਤਰ-ਅਧਿਕਾਰੀ ਸੰਬੰਧਾਂ ਉਤੇ ਜ਼ੋਰ ਦਿਤਾ। ਦੂਜੀ ਪ੍ਰਵਿਰਤੀ ਦੇ ਅਨੁਯਾਈ ਬਹੁਤਾ ਕਰਕੇ ਹੇਠਲੀ ਸਫ ਦੇ ਪਾਦਰੀ ਸਨ ਜਿਹੜੇ ਬਾਹਰੀ ਰੀਤਾਂ ਨੂੰ ਰੱਦ ਕਰਦੇ ਸਨ ਅਤੇ ਦੰਭੀ ਬੁਰਜੂਆ-ਈਸਾਈ ਸਦਾਚਾਰ ਦੀ ਭਾਵਨਾ ਵਿਚ ਧਾਰਮਿਕ ਉਪਦੇਸ਼ਾਂ ਦੀ ਮਹੱਤਤਾ ਉਤੇ ਜ਼ੋਰ ਦੇਂਦੇ ਸਨ।

ਪੰਨਾ ੧੧੮

[73] ਇਸ਼ਾਰਾ ਇੰਗਲੈਂਡ ਵਿਚ ਧਾਰਮਿਕ ਫਿਰਕਿਆਂ ਅਤੇ ਪ੍ਰਵਿਰਤੀਆਂ ਦੇ ਪ੍ਰਤਿਨਿਧਾਂ ਵੱਲ ਹੈ ਜੋ ਸਰਕਾਰੀ ਅੰਗਲੀਕੀ ਚਰਚ ਦੇ ਮੱਤਾਂ ਤੋਂ ਇਕ ਜਾਂ ਦੂਜੀ ਹੱਦ ਤੱਕ ਕੁਰਾਹੇ ਪੈ ਗਏ ਸਨ।

ਪੰਨਾ ੧੧੮

[74] ਇਸ਼ਾਰਾ ੧੮੫੩-੧੮੫੬ ਵਿਚ ਕਰੀਮੀਆਈ ਜੰਗ ਦੌਰਾਨ ਕਰੀਮੀਆ (ਪੂਰਬੀ) ਵਿਚ ਫੌਜੀ ਮੁਹਿੰਮ ਵੱਲ ਹੈ।

ਪੰਨਾ ੧੨੦

[75] **ਚਾਰਟਿਜ਼ਮ** — ੧੮੩੦-ਵਿਆਂ — ੧੮੪੦-ਵਿਆਂ ਵਿਚ ਬਰਤਾਨੀਆ ਵਿਚ ਮਜ਼ਦੂਰ ਜਮਾਤ ਦੀ ਇਤਿਹਾਸ ਵਿਚ ਪਹਿਲੀ ਵਿਸ਼ਾਲ ਲਹਿਰ। ਇਸ ਵਿਚ ਸ਼ਾਮਲ ਹੋਣ ਵਾਲਿਆਂ ਨੇ ਲੋਕਾਂ ਦਾ ਚਾਰਟਰ (ਅਰਥਾਤ "ਮੰਗ-ਪੱਤਰ" ਜਿਸ ਤੋਂ ਇਹ ਨਾਂ ਪਿਆ) ਜਾਰੀ ਕੀਤਾ ਅਤੇ ਇਸ ਵਿਚ ਪੇਸ਼ ਮੰਗਾਂ ਨੂੰ ਲਾਗੂ ਕਰਾਉਣ ਲਈ ਘੋਲ ਕੀਤਾ। ਮੰਗਾਂ ਸਨ: ਸਭ ਨੂੰ ਵੋਟ ਦਾ ਹੱਕ, ਪਾਰਲੀਮੈਂਟ ਦਾ ਉਮੀਦਵਾਰ ਹੋਣ ਲਈ ਜਾਇਦਾਦੀ ਸ਼ਰਤਾਂ ਦਾ ਖਾਤਮਾ, ਆਦਿ।

ਕਈ ਵਰ੍ਹੇ ਦੇਸ ਭਰ ਵਿਚ ਜਲਸੇ ਜਲੂਸ ਨਿਕਲਦੇ ਰਹੇ ਜਿਨ੍ਹਾਂ ਵਿਚ ਲਖੂਖਾ ਮਜ਼ਦੂਰਾਂ ਅਤੇ ਦਸਤਕਾਰਾਂ ਨੇ ਹਿੱਸਾ ਲਿਆ।

ਬਰਤਾਨੀਆ ਦੀ ਪਾਰਲੀਮੈਂਟ ਨੇ ਲੋਕਾਂ ਦਾ ਚਾਰਟਰ ਪਾਸ ਕਰਨੋਂ ਇਨਕਾਰ ਕੀਤਾ ਅਤੇ ਚਾਰਟਿਸਟਾਂ ਦੀਆਂ ਸਾਰੀਆਂ ਮੰਗਾਂ ਰੱਦ ਕੀਤੀਆਂ। ਸਰਕਾਰ ਨੇ ਚਾਰਟਿਸਟਾਂ ਦੇ ਖਿਲਾਫ ਜਾਰਹਾਨਾ ਅਤਿਆਚਾਰ ਕੀਤੇ ਅਤੇ ਲਹਿਰ ਦੇ ਆਗੂ ਗ੍ਰਿਫਤਾਰ ਕਰ ਲਏ। ਲਹਿਰ ਦਬਾ ਦਿਤੀ ਗਈ ਪਰ ਚਾਰਟਿਜ਼ਮ ਦਾ ਆਗਾਮੀ ਕੌਮਾਂਤਰੀ ਮਜ਼ਦੂਰ ਜਮਾਤ ਲਹਿਰ ਦੇ ਵਿਕਾਸ ਉਤੇ ਵੱਡਾ ਪ੍ਰਭਾਵ ਪਿਆ।

ਪੰਨਾ ੧੨੦

[76] "ਸਰਮਾਇਆ" ਦੀ ਪਹਿਲੀ ਸੈਂਚੀ ਵਿਚੋਂ ਇਹ ਅੰਸ਼ ਕਾਂਡ ਪਹਿਲਾ ਅਤੇ ਮਾਰਕਸ ਦੀਆਂ ਕਾਂਡ ੧੩ ਅਤੇ ਕਾਂਡ ੨੩ ਲਈ ਟਿਪਣੀਆਂ ਵਿਚੋਂ ਹਨ।

ਪੰਨਾ ੧੨੭

[77] ਪ੍ਰਾਚੀਨ ਯੂਨਾਨੀ ਦਰਸ਼ਨਵੇਤਾ ਅਤੇ, ਆਮ ਰੂਪ ਵਿਚ, ਪਦਾਰਥਵਾਦੀ ਤੇ ਅਨੀਸ਼ਵਰਵਾਦੀ, ਐਪੀਕਿਊਰਸ ਦੇ ਵਿਚਾਰਾਂ ਅਨੁਸਾਰ ਬਹੁਤ ਸਾਰੇ ਬ੍ਰਹਿਮੰਡ ਹਨ ਜਿਹੜੇ ਆਪੋ ਆਪਣੇ ਕੁਦਰਤੀ ਨੇਮਾਂ ਅਨੁਸਾਰ ਬਣਦੇ ਅਤੇ ਹੋਂਦ ਵਿਚ ਹਨ। ਦੇਵਤਿਆਂ ਦੀ ਹੋਂਦ ਵੀ ਹੈ ਪਰ ਉਹ ਇਹਨਾਂ ਬ੍ਰਹਿਮੰਡਾਂ ਤੋਂ ਬਾਹਰ ਰਹਿੰਦੇ ਹਨ, ਇਹਨਾਂ ਵਿਚਲੇ ਪੁਲਾੜ ਵਿਚ, ਅਤੇ ਬ੍ਰਹਿਸੰਡ ਦੇ ਵਿਕਾਸ ਉਤੇ ਜਾਂ ਮਨੁਖ ਦੇ ਜੀਵਨ ਉਤੇ ਕੋਈ ਵੀ ਅਸਰ ਨਹੀਂ ਪਾਉਂਦੇ ਹਨ।

ਪੰਨਾ ੧੨੭

[78] ਪਾਦਰੀ ਮਾਲਥਸ, (੧੭੬੬-੧੮੩੪) ਇਕ ਅੰਗ੍ਰੇਜ਼ ਅਰਥ-ਵਿਗਿਆਨੀ, ਆਪਣੀ ਕਿਤਾਬ "ਵਸੋਂ ਦੇ ਨੇਮ ਬਾਰੇ ਨਿਬੰਧ" ਵਿਚ ਲਿਖਦਾ ਹੈ ਕਿ ਵਸੋਂ ਵਿਚ ਵਾਧਾ ਉਪਭੋਗੀ ਵਸਤਾਂ ਅਤੇ ਖਾਧ ਖੁਰਾਕ ਵਿਚ ਵਾਧੇ ਦੇ ਮੁਕਾਬਲੇ ਤੇਜ਼ ਹੁੰਦਾ ਹੈ ਅਤੇ ਹਮੇਸ਼ਾ ਤੇਜ਼ ਹੀ ਹੁੰਦਾ ਰਹੇਗਾ, ਅਤੇ ਇਸ ਕਰਕੇ "ਵਸੋਂ ਦਾ ਨਿਰਪੇਖ ਨੇਮ"

ਆਮ ਲੋਕਾਂ ਦੀ ਗਰੀਬੀ ਅਤੇ ਕਾਲ ਅਟੱਲ ਹਨ। ਮਾਲਥਸ ਦੇ ਘੜੇ ਇਸ "ਨੇਮ" ਉਤੇ ਚਲਦਿਆਂ, ਇਸ ਪਿਛਾਂਹਖਿਚੂ ਸਿਧਾਂਤ ਦੇ ਅਨੁਯਾਈ (ਮਾਲਥਸ ਵਾਦੀ) ਦਾਅਵਾ ਕਰਦੇ ਸਨ ਕਿ ਜੰਗਾਂ, ਵਬਾਵਾਂ ਅਤੇ ਕੁਦਰਤੀ ਆਫਤਾਂ ਕਥਿਤ ਰੂਪ ਵਿਚ ਮਨੁਖਤਾ ਦੇ ਵਿਕਾਸ ਉਤੇ ਅਨੁਕੂਲ ਅਸਰ ਪਾਉਂਦੀਆਂ ਹਨ ਕਿਉਂਕਿ ਇਹਨਾਂ ਨਾਲ ਵਸੋਂ ਘਟਦੀ ਹੈ।

ਪੰਨਾ ੧੨੯

79 **ਬਲਾਂਕੀਵਾਦ** — ਫ਼ਰਾਂਸ ਦੀ ਸੋਸ਼ਲਿਸਟ ਲਹਿਰ ਦੀ ਇਕ ਪ੍ਰਵਿਰਤੀ ਜਿਸ ਦਾ ਆਗੂ ਫਰਾਂਸੀਸੀ ਯੂਟੋਪੀਅਨ ਕਮਿਊਨਿਜ਼ਮ ਦਾ ਸਿਰਕੱਢ ਪ੍ਰਤਿਨਿਧ, ਲੂਈ ਆਗਸਤ ਬਲਾਂਕੀ ਸੀ।

ਬਲਾਂਕੀਵਾਦੀਆਂ ਨੇ ਜਮਾਤੀ ਘੋਲ ਨੂੰ ਰੱਦ ਕੀਤਾ, ਇਨਕਲਾਬੀ ਪਾਰਟੀ ਦੀਆਂ ਸਰਗਰਮੀਆਂ ਦੀ ਥਾਂ ਗੁਪਤ ਸਾਜ਼ਸ਼ੀਆਂ ਦੇ ਟੋਲੇ ਦੇ ਐਕਸ਼ਨਾਂ ਨੂੰ ਦਿਤੀ, ਬਗ਼ਾਵਤ ਦੀ ਜਿੱਤ ਲਈ ਜ਼ਰੂਰੀ ਅਸਲ ਸਥਿਤੀ ਨੂੰ ਧਿਆਨ ਵਿਚ ਨਾ ਲਿਆਂਦਾ ਅਤੇ ਜਨਸਮੂਹ ਨਾਲ ਸੰਬੰਧਾਂ ਨੂੰ ਅਖੋਂ ਪਰੋਖੇ ਕੀਤਾ।

ਪੰਨਾ ੧੩੪

80 **ਬਾਕੂਨਿਨਵਾਦੀ** — ਰੂਸੀ ਇਨਕਲਾਬੀ ਅਤੇ ਅਰਾਜਕਤਾਵਾਦ ਦੇ ਵਿਚਾਰਵੇਤਾ, ਮਿ. ਅ. ਬਾਕੂਨਿਨ ਦੇ ਨਾਂ ਉਤੇ ਇਕ ਪ੍ਰਵਿਰਤੀ ਦੇ ਅਨੁਯਾਈ। ਬਾਕੂਨਿਨਵਾਦੀਆਂ ਨੇ ਮਜ਼ਦੂਰ ਜਮਾਤ ਲਹਿਰ ਦੇ ਮਾਰਕਸਵਾਦੀ ਸਿਧਾਂਤ ਅਤੇ ਦਾਅ-ਪੇਚਾਂ ਦੇ ਖਿਲਾਫ ਜ਼ਬਰਦਸਤ ਸੰਗਰਾਮ ਕੀਤਾ। ਬਾਕੂਨਿਨਵਾਦ ਦਾ ਮੁਖ ਲਛਣ ਕਿਸੇ ਵੀ ਰਾਜ ਨੂੰ ਰੱਦ ਕਰਨਾ ਅਤੇ ਪ੍ਰੋਲਤਾਰੀ ਦੇ ਸੰਸਾਰ-ਇਤਿਹਾਸਕ ਰੋਲ ਨੂੰ ਸਮਝਣੋਂ ਅਸਫਲ ਰਹਿਣਾ ਹੈ। ਬਾਕੂਨਿਨਵਾਦੀਆਂ ਦੀ ਰਾਏ ਵਿਚ ਇਕ ਗੁਪਤ ਇਨਕਲਾਬੀ ਸਭਾ, ਜਿਸ ਵਿਚ "ਸਿਰਕੱਢ" ਵਿਅਕਤੀ ਸ਼ਾਮਲ ਹੋਣ, ਨੂੰ ਲੋਕ ਬਗ਼ਾਵਤਾਂ ਦੀ ਅਗਵਾਈ ਕਰਨੀ ਹੈ ਜਿਨ੍ਹਾਂ ਦੇ ਸਿੱਟੇ ਵਜੋਂ ਰਾਜਹੀਣਤਾ ਦੀ ਅਵਸਥਾ ਦਾ ਐਲਾਨ ਹੋ ਜਾਏਗਾ।

ਪਹਿਲੀ ਇੰਟਰਨੇਸ਼ਨਲ ਵਿਚ ਬਾਕੂਨਿਨ ਹਰ ਕਿਸਮ ਦੀਆਂ ਚਲਾਕੀਆਂ ਤੇ ਹੇਰਾ-ਫੇਰੀਆਂ ਵਰਤ ਕੇ ਕ. ਮਾਰਕਸ ਦੇ ਖਿਲਾਫ ਲੜਿਆ। ਇਹਨਾਂ ਫੁਟਪਾਊ ਸਰਗਰਮੀਆਂ ਕਾਰਨ ੧੮੭੨ ਵਿਚ ਬਾਕੂਨਿਨ ਨੂੰ ਇੰਟਰਨੇਸ਼ਨਲ ਵਿਚੋਂ ਕੱਢ ਦਿਤਾ ਗਿਆ।

ਪੰਨਾ ੧੩੪

81 “Kulturkampf” (“ਸਭਿਆਚਾਰ ਲਈ ਸੰਗਰਾਮ”) — ਜਰਮਨ ਕੈਥੋਲਿਕ ਪਾਰਟੀ, “ਕੇਂਦਰ” ਦੀ ਪਾਰਟੀ ਦੇ ਖਿਲਾਫ ੧੮੭੦-ਵਿਆਂ ਵਿਚ ਕੈਥੋਲਿਕਾਂ ਉਤੇ ਪੁਲਸੀ ਅਤਿਆਚਾਰ ਦੁਆਰਾ ਬਿਸਮਾਰਕ ਵਲੋਂ ਲੜਿਆ ਗਿਆ ਸੰਗਰਾਮ।

ਪੰਨਾ ੧੩੫

82 ਇਥੇ ਮਾਰਕਸ ਜਰਮਨ ਸੋਸ਼ਲ-ਡੈਮੋਕ੍ਰੇਸੀ ਦੇ ਆਗੂਆਂ ਦੀ ਨੁਕਤਾਚੀਨੀ ਕਰਦਾ ਹੈ ਕਿਉਂਕਿ ਉਹਨਾਂ ਵਲੋਂ ਪੇਸ਼ ਕੀਤੇ ਪ੍ਰੋਗਰਾਮ ਵਿਚ ਉਹ ਧਰਮ ਵੱਲ ਮਜ਼ਦੂਰ ਜਮਾਤ ਪਾਰਟੀ ਦੇ ਵੈਰ-ਭਾਵੀ ਵਤੀਰੇ ਬਾਰੇ ਸਿੱਧੀ ਗੱਲ ਨਹੀਂ ਕਰਦੇ ਸਗੋਂ ਉਹਨਾਂ ਆਪਣੇ ਆਪ ਨੂੰ ਬੁਰਜੂਆ ਪਾਰਟੀਆਂ ਵਲੋਂ ਲਗਾਤਾਰ ਪੇਸ਼ ਕੀਤੀ “ਜ਼ਮੀਰ ਦੀ ਆਜ਼ਾਦੀ” ਦੀ ਮੰਗ ਨੂੰ ਮਹਿਜ਼ ਦੁਹਰਾ ਦੇਣ ਤੱਕ ਸੀਮਤ ਰਖਿਆ।

ਪੰਨਾ ੧੩੬

83 ਪਰੂਸ਼ੀਆ ਦੇ ਬਾਦਸ਼ਾਹ ਫਰੀਡਰਿਖ਼ ਦੂਜੇ ਦੇ ੨੨ ਜੁਲਾਈ, ੧੭੪੦ ਦੇ ਮਤੇ ਵਿਚੋਂ ਇਕ ਪ੍ਰਗਟਾ। ਮਤਾ ਇਸ ਸਵਾਲ ਬਾਰੇ ਸੀ ਕਿ ਕੀ ਇਸ ਗੱਲ ਦੀ ਆਗਿਆ ਹੋਵੇ ਕਿ ਪ੍ਰੋਟੈਸਟੈਂਟ ਪਰੂਸ਼ੀਆਈ ਰਾਜ ਵਿਚ ਕੈਥੋਲਿਕ ਸਕੂਲ ਕਾਇਮ ਰਹਿ ਸਕਣ।

ਪੰਨਾ ੧੩੯

84 ਮਈ ੧੮੭੩ ਵਿਚ ਕੈਥੋਲਿਕ ਚਰਚ ਦੇ ਖਿਲਾਫ “Kulturkampf” ਦੌਰਾਨ ਬਿਸਮਾਰਕ ਵਲੋਂ ਲਾਗੂ ਕੀਤੇ ਕਾਨੂੰਨ। ਵੇਖੋ ਨੋਟ ੮੧।

ਪੰਨਾ ੧੪੧

85 **ਆਜੀਅਨ ਅਸਤਬਲ** — ਯੂਨਾਨੀ ਮਿਥਿਹਾਸ ਵਿਚ ਐਲੀਦਾ ਦੇ ਬਾਦਸ਼ਾਹ ਆਜੀਅਸ ਦਾ ਲੰਮਾ ਚੌੜਾ ਅਸਤਬਲ ਜਿਸ ਦੀ ਕਈ ਵਰ੍ਹੇ ਸਫਾਈ ਨਹੀਂ ਸੀ ਹੋਈ ਤੇ ਜਿਸ ਨੂੰ ਇਕ ਦਿਨ ਹਰਕਲੀਜ਼ ਨੇ ਸਾਫ ਕੀਤਾ। “ਆਜੀਅਨ ਅਸਤਬਲ” ਦਾ ਮਤਲਬ ਹੈ ਕੂੜੇ ਤੇ ਗੰਦਮੰਦ ਦਾ ਢੇਰ ਜਾਂ ਲੰਮੀ ਅਣਗਹਿਲੀ ਕਾਰਨ ਵਪਾਰਕ ਮਾਮਲਿਆਂ ਵਿਚ ਅਤਿ ਦੀ ਗੜਬੜ।

ਪੰਨਾ ੧੪੬

86 ਕਾਪਰਨੀਕਸ ਦੀ ਕਿਤਾਬ “De Revolutionibus orbium coelestium” (“ਆਕਾਸ਼ੀ ਪਿੰਡਿਆਂ ਦੇ ਚੱਕਰਾਂ ਬਾਰੇ”), ੧੫੪੩ ਵੱਲ ਇਸ਼ਾਰਾ ਹੈ ਜਿਹੜੀ

ਸੂਰਜੀ-ਕੇਂਦਰਿਕ ਸਿਧਾਂਤ ਪੇਸ਼ ਕਰਦੀ ਹੈ। ਇਸ ਸਿਧਾਂਤ ਅਨੁਸਾਰ ਸਾਡੇ ਨਿਛੱਤਰੀ ਪ੍ਰਬੰਧ ਦਾ ਕੇਂਦਰ ਧਰਤੀ ਨਹੀਂ, ਜਿਵੇਂ ਪਹਿਲਾਂ ਮੰਨਿਆਂ ਜਾਂਦਾ ਸੀ, ਸਗੋਂ ਸੂਰਜ ਹੈ। ਧਰਤੀ ਸੂਰਜ ਦੇ ਦੁਆਲੇ ਘੁੰਮਦੀ ਹੈ ਅਤੇ ਨਾਲ ਹੀ ਆਪਣੇ ਧੁਰੇ ਦੁਆਲੇ ਚੱਕਰ ਕੱਟਦੀ ਹੈ।

ਪੰਨਾ ੧੪੭

87 **ਯੂਕਲੀਡ** — ਪ੍ਰਾਚੀਨ ਯੂਨਾਨ ਦਾ ਮਹਾਨ ਗਣਿਤ-ਵਿਗਿਆਨੀ, "ਰੇਖਾ-ਗਣਿਤ ਦੇ ਤੱਤ" ਲਿਖੀ, ਜੋ ਪੱਕੀ ਤਰ੍ਹਾਂ ਸਥਾਪਤ ਨੇਮਾਂ ਤੇ ਆਧਾਰਤ ਪੂਰੇ ਰੇਖ-ਗਣਿਤ ਨੂੰ ਪਹਿਲੀ ਵਾਰੀ ਪ੍ਰਣਾਲੀ ਬੱਧ ਕਰਦੀ ਹੈ। ਯੂਕਲੀਡ ਦੇ "ਤੱਤ" ਢੇਰ ਚਿਰ ਤੱਕ ਸੰਸਾਰ ਵਿਚ ਰੇਖਾ-ਗਣਿਤ ਦਾ ਇਕੋ ਇਕ ਪ੍ਰਮਾਣੀਕ ਤੱਤ ਸਨ।

ਪੰਨਾ ੧੪੭

88 ਯੂਨਾਨੀ ਖਗੋਲ-ਵਿਗਿਆਨੀ, ਪਟੋਲੇਮੀ ਦੀ ਅਖੌਤੀ ਭੂ-ਕੇਂਦਰਿਕ ਪ੍ਰਣਾਲੀ ਅਨੁਸਾਰ, ਧਰਤੀ ਬ੍ਰਹਿਮੰਡ ਦਾ ਕੇਂਦਰ ਸੀ। ਇਹ ਸਿਧਾਂਤ ਬ੍ਰਹਿਮੰਡ ਬਾਰੇ ਧਾਰਮਿਕ ਵਿਚਾਰਾਂ ਦਾ ਆਧਾਰ ਸੀ। ਕਾਪਰਨੀਕਸ ਦੀ ਮਹਾਨ ਖੋਜ ਤੱਕ ਖਗੋਲ-ਵਿਗਿਆਨ ਵਿਚ ਇਸ ਦੀ ਮਹੱਤਤਾ ਰਹੀ।

ਪੰਨਾ ੧੪੭

89 **ਕੀਮੀਆਗਰੀ** — ਮਧ ਜੁਗ ਵਿਚ ਰਸਾਇਣੀ ਖੋਜ ਦਾ ਨਾਂ ਜਿਸ ਦਾ ਨਿਸ਼ਾਨਾ ਕਿਸੇ ਅਣਹੋਏ "ਦਾਰਸ਼ਨਿਕ ਪੱਥਰ" ਦੀ ਮਦਦ ਨਾਲ ਘਟੀਆ ਧਾਤਾਂ ਨੂੰ ਸੋਨੇ ਜਾਂ ਚਾਂਦੀ ਵਿਚ ਬਦਲਣਾ ਸੀ। ਇਸ ਬੇਕਾਰ ਖੋਜ ਦੌਰਾਨ ਕਈ ਪਦਾਰਥ ਲਭੇ ਗਏ ਜਿਹੜੇ ਬਾਅਦ ਵਿਚ ਰਸਾਇਣ-ਵਿਗਿਆਨ ਵਿਚ ਵਰਤੇ ਗਏ।

ਪੰਨਾ ੧੪੭

90 ੧੭-ਵੀਂ ਤੇ ੧੮-ਵੀਂ ਸਦੀ ਵਿਚ ਪ੍ਰਚਲਤ ਗਲਤ ਸਿਧਾਂਤ ਵੱਲ ਇਸ਼ਾਰਾ ਹੈ ਜੋ ਸਮਝਦਾ ਸੀ ਕਿ ਬਲਣ ਦੀ ਪ੍ਰਕਿਰਿਆ ਪਿੰਡਿਆਂ ਵਿਚ ਇਕ ਵਿਸ਼ੇਸ਼ ਪਦਾਰਥ ਤੇ ਨਿਰਭਰ ਹੈ ਜਿਸ ਨੂੰ ਫਲੋਜਿਸਟਨ ਕਹਿੰਦੇ ਹਨ।

ਪੰਨਾ ੧੪੮

91 ਇਸ਼ਾਰਾ ਕਾਂਟ ਦੀ ਧੁੰਦਕਾਰਕ ਮਨੌਤ ਵੱਲ ਹੈ ਜਿਸ ਅਨੁਸਾਰ ਸੂਰਜੀ ਪਰਵਾਰ ਮੂਲਿਕ ਧੁੰਦ (nebula — ਲਾਤੀਨੀ ਸ਼ਬਦ ਜਿਸ ਦਾ ਅਰਥ ਹੈ "ਭਾਫ", "ਧੁੰਦ") ਤੋਂ ਬਣਿਆ ਸੀ।

ਪੰਨਾ ੧੫੨

92 **ਐਮਫਿਆਕਸਸ** (lancelet) — ਤਕਰੀਬਨ ੫ ਸੈਂਟੀਮੀਟਰ ਲੰਮਾ ਮੱਛੀ ਵਰਗਾ ਜਾਨਵਰ ਜਿਹੜਾ ਹਿੰਦ ਮਹਾਸਾਗਰ, ਸ਼ਾਂਤ ਮਹਾਸਾਗਰ, ਮਲਾਇਆ ਦੀਪ-ਸਮੂਹ ਤੇ ਜਾਪਾਨ ਦੇ ਪਾਣੀਆਂ, ਮਧ-ਸਾਗਰ, ਕਾਲੇ ਸਾਗਰ ਤੇ ਦੂਜੀਆਂ ਥਾਵਾਂ ਤੇ ਹੁੰਦਾ ਹੈ। ਇਹ ਕੰਗਰੋੜੀ ਅਤੇ ਬੇਕੰਗਰੋੜੀ ਜਾਨਵਰਾਂ ਦੇ ਵਿਚਕਾਰਲੀ ਅਵਸਥਾ ਦਾ ਹੈ।

**ਲੇਪਿਦੋਸੀਰਨ** — ਇਕ ਜਾਨਵਰ ਜੋ ਫੇਫੜਿਆਂ ਵਾਲੀਆਂ ਮੱਛੀਆਂ ਜਾਂ ਦਿਪਨੋਈ ਨਸਲ ਵਿਚੋਂ ਹੈ। ਇਸ ਦੇ ਦੋ ਫੇਫੜੇ ਅਤੇ ਗਲਫੜੇ ਹੁੰਦੇ ਹਨ। ਦਖਣੀ ਅਮ੍ਰੀਕਾ ਤੇ ਕਈ ਹੋਰ ਥਾਵਾਂ ਤੇ ਹੁੰਦਾ ਹੈ।

ਪੰਨਾ ੧੫੬

93 **ਸੇਰਾਤੋਦਸ** (ਬਾਰਾਮੂੰਡਾ) — ਆਸਟ੍ਰੇਲੀਆ ਵਿਚ ਹੁੰਦੀ ਫੇਫੜਾ-ਮੱਛੀ।

**ਅਰਕੇਓਪਤੇਰਿਕਸ** — ਵਿਨਾਸ਼ ਹੋ ਚੁਕਾ ਜਾਨਵਰ, ਪੰਛੀਆਂ ਦਾ ਅਤਿ ਪ੍ਰਾਚੀਨ ਰੂਪ ਸੀ ਅਤੇ ਨਾਲ ਹੀ ਇਸ ਵਿਚ ਰਿੜ੍ਹਨ ਵਾਲੇ ਜੀਵ ਦੇ ਗੁਣ ਹਨ।

ਪੰਨਾ ੧੫੬

94 **ਪਰੋਟਿਸਟ** — ਹੈਕਲ ਦੇ ਵਰਗੀਕਰਨ ਅਨੁਸਾਰ ਇਕ ਸੈਲ ਵਾਲੇ ਜਾਂ ਗੈਰ-ਸੈਲਮਈ ਜੀਵਾਂ ਤੇ ਪਸ਼ੂਆਂ ਦੀ ਇਕ ਵਿਸ਼ਾਲ ਟੋਲੀ ਜਿਹੜੀ, ਦੋ ਬਹੁ-ਸੈਲਮਈ ਜਗਤਾਂ (ਪੌਦਿਆਂ ਤੇ ਪਸ਼ੂਆਂ) ਨਾਲ ਮਿਲਕੇ, ਤੀਜੇ, ਵਿਸ਼ੇਸ਼, ਜੀਵਕ ਪ੍ਰਕਿਰਤੀ ਵਾਲੇ ਜਗਤ ਨੂੰ ਰੂਪ ਦੇਂਦੀ ਹੈ।

ਪੰਨਾ ੧੫੭

95 ਏਂਗਲਜ਼ ਦਾ ਇਸ਼ਾਰਾ ਸ਼ਾਇਦ ਹੈਕਲ ਦੇ ਦਾਹਵੇ ਵੱਲ ਹੈ ਕਿ ਅਤਿ ਦਾ ਸਰਲ ਜੀਵ ਜਿਹੜੇ ਉਸ ਨੇ ਖੋਜੇ ਪੜਤਾਲੇ, ਅਤੇ ਜਿਸ ਨੂੰ ਉਸ ਨੇ "ਮੋਨੇਰਾ" ਦਾ ਨਾਂ ਦਿਤਾ, ਪ੍ਰੋਟੀਨ ਦੇ ਪੂਰੀ ਤਰ੍ਹਾਂ ਸੰਰਚਨਾਹੀਣ ਕਣ ਸਨ ਪਰ ਇਸ ਦੇ ਬਾਵਜੂਦ ਉਹ ਜੀਵਨ ਦੇ ਸਾਰੇ ਬੁਨਿਆਦੀ ਕਾਰਜ ਸੰਪੂਰਨ ਕਰਦੇ ਸਨ।

ਪੰਨਾ ੧੬੦

96 Eozoon canadense — ਕਨੇਡਾ ਵਿਚ ਪੂਰਵ-ਕੈਂਬਰੇਨ ਖੁਦਾਈਆਂ ਵਿਚੋਂ ਲਭਾ ਪਥਰਾਇਆ ਜੀਵ। ਇਸ ਨੂੰ ਪ੍ਰਾਚੀਨ ਆਦਿ-ਕਾਲੀਨ ਜੀਵਾਂ ਦੀ ਰਹਿੰਦ-ਖੂੰਹਦ ਸਮਝਿਆ ਜਾਂਦਾ ਹੈ। ੧੮੭੮ ਵਿਚ ਮਿਓਬੀਅਸ ਨੇ ਇਸ ਪਥਰਾਏ ਜੀਵ ਦੇ ਜੀਵਕ ਮੂਲ ਦੀ ਇਸ ਕ੍ਰਿਸ਼ਟੀ ਨੂੰ ਰੱਦ ਕਰ ਦਿਤਾ।

ਪੰਨਾ ੧੬੦

[97] ਏਥੇ ਏਂਗਲਜ਼ ਇਤਾਲਵੀ ਖਗੋਲ-ਵਿਗਿਆਨੀ ਆਂਜੇਲੋ ਸੇਕੀ ਦੇ ਸ਼ਬਦਾਂ ਦੀ ਉਸ ਦੀ ਕਿਤਾਬ "Die Sonne" ("ਸੂਰਜ"), ਜਰਮਨ ਛਾਪ, ਬਰਾਊਨਸ਼ਵਾਏਗ, ੧੯੭੨, ਵਿਚੋਂ ਟੂਕ ਦੇਂਦਾ ਹੈ।

ਪੰਨਾ ੧੬੪

[98] **ਸੇਂਤ ਜਾਨ ਦਾ ਅਗੰਮ-ਗਿਆਨ** ਜਾਂ ਇਲਹਾਮ — ਅੰਜੀਲ ਦੀਆਂ ਪੁਸਤਕਾਂ ਵਿਚੋਂ ਇਕ।

ਪੰਨਾ ੧੬੯

[99] ਵੇਖੋ ਟਿਪਣੀ ੪੯।

ਪੰਨਾ ੧੭੦

[100] ੧੯-ਵੀਂ ਸਦੀ ਦੇ ਸ਼ੁਰੂ ਵਿਚ ਆਸਟਰੀਆ ਦੇ ਡਾਕਟਰ, ਫ. ਅਈ. ਗਾਲ ਦੇ ਬਣਾਏ ਬਾਜ਼ਾਰੂ ਪਦਾਰਥਵਾਦੀ ਸਿਧਾਂਤ, ਕਪਾਲ-ਵਿਗਿਆਨ ਅਨੁਸਾਰ, ਮਨੁਖ ਦੇ ਹਰ ਮਾਨਸਿਕ ਗੁਣ ਦਾ ਅੰਗ ਦਿਮਾਗ਼ ਦੇ ਕਿਸੇ ਨਾ ਕਿਸੇ ਹਿੱਸੇ ਵਿਚ ਟਿਕਿਆ ਹੁੰਦਾ ਹੈ; ਕਿਸੇ ਮਾਨਸਿਕ ਗੁਣ ਦੇ ਵਿਕਾਸ ਨਾਲ ਉਹ ਅੰਗ ਵਧ ਜਾਂਦਾ ਹੈ ਅਤੇ ਖੋਪੜੀ ਦੇ ਸੰਬੰਧਤ ਹਿੱਸੇ ਉਤੇ ਗਿਲਟੀ ਬਣ ਜਾਂਦੀ ਹੈ, ਜਿਸ ਨਾਲ ਅਖੌਤੀ ਤੌਰ ਤੇ ਮਨੁਖ ਦੀ ਖੋਪਰੀ ਦੀ ਰੂਪ-ਰੇਖਾ ਜਾਂ ਬਣਤਰ ਤੋਂ ਉਸ ਦੇ ਮਾਨਸਿਕ ਗੁਣਾਂ ਦਾ ਪਤਾ ਲਾਉਣਾ ਸੰਭਵ ਹੈ। ਕਪਾਲ-ਵਿਗਿਆਨ ਦੇ ਝੂਠੇ ਵਿਗਿਆਨਕ ਨਿਰਣਿਆਂ ਦੀ ਰੂਹਪ੍ਰਸਤਾਂ ਸਮੇਤ ਭਿੰਨ ਭਿੰਨ ਧੋਖੇਬਾਜ਼ਾਂ ਵਲੋਂ ਵਿਸ਼ਾਲ ਵਰਤੋਂ ਕੀਤੀ ਗਈ।

ਪੰਨਾ ੧੭੦

[101] **ਬਾਰਾਤਾਰੀਆ** (ਸਪੇਨੀ ਸ਼ਬਦ "barato", "ਸਸਤਾ", ਤੋਂ) ਸੇਰਵਾਂਟੇਸ ਵਲੋਂ ਆਪਣੀ ਰਚਨਾ "ਡਾਨ ਕੁਇਗਜ਼ੋਟ" ਵਿਚ ਇਕ ਟਾਪੂ ਨੂੰ, ਜਿਸ ਦਾ ਕੋਈ ਵਜੂਦ ਨਹੀਂ, ਅਤੇ ਸਾਂਚੋ ਪਾਂਸਾ ਜਿਸ ਦਾ ਹਾਕਮ ਸੀ, ਦਿਤਾ ਨਾਂ।

ਪੰਨਾ ੧੭੧

[102] **ਨੋਟਿੰਗ ਹਿਲ** — ਲੰਦਨ ਦੇ ਪਛਮੀ ਭਾਗ ਦਾ ਇਕ ਜ਼ਿਲਾ।

ਪੰਨਾ ੧੭੪

[103] "The Echo" ("ਗੂੰਜ")—੧੮੬੮ ਤੋਂ ੧੯੦੭ ਤੱਕ ਲੰਦਨ ਤੋਂ ਪ੍ਰਕਾਸ਼ਤ ਹੋਣ ਵਾਲਾ ਉਦਾਰਵਾਦੀ ਅਖ਼ਬਾਰ।

ਪੰਨਾ ੧੭੬

[104] **ਥੇਲੀਅਮ**—ਇਸ ਨੂੰ ੧੮੬੧ ਵਿਚ ਕਰੁਕਸ ਨੇ ਲਭਿਆ ਸੀ।

ਰੇਡੀਓਮੀਟਰ, ੧੮੭੩-੧੮੭੪ ਵਿਚ ਕਰੁਕਸ ਦਾ ਬਣਾਇਆ, ਵਿਕੀਰਣਤਾ ਦੀ ਤੀਬਰਤਾ ਨੂੰ ਮਾਪਣ ਦਾ ਇਕ ਯੰਤਰ ਹੈ।

ਪੰਨਾ ੧੭੬

[105] ਇਸ਼ਾਰਾ ੬ ਮਈ ੧੮੭੫ ਨੂੰ ਸੇਂਟ ਪੀਟਰਜ਼ਬਰਗ ਯੂਨੀਵਰਸਿਟੀ ਵਿਖੇ ਭੌਤਿਕ-ਵਿਗਿਆਨੀਆਂ ਦੀ ਸਭਾ ਵਲੋਂ ਕਾਇਮ ਕੀਤੇ "ਰੂਹਾਂ ਸੰਬੰਧੀ ਵਰਤਾਰਿਆਂ ਦੀ ਪੜਤਾਲ ਲਈ ਕਮਿਸ਼ਨ" ਵੱਲ ਹੈ। ਇਸ ਨੇ ਆਪਣਾ ਕੰਮ ੨੧ ਮਾਰਚ ੧੮੭੬ ਨੂੰ ਪੂਰਾ ਕਰ ਲਿਆ ਸੀ। ਇਸ ਨੇ ਰੂਸ ਵਿਚ ਰੂਹਪ੍ਰਸਤੀ ਫੈਲਾਉਣ ਵਾਲਿਆਂ ਨੂੰ—ਅਕਸਾਕੋਵ, ਬੁਤਲੇਰੋਵ ਤੇ ਦੂਜੇ—ਕਿਹਾ ਕਿ ਉਹ ਰੂਹਾਂ ਸੰਬੰਧੀ "ਸੱਚੇ" ਵਰਤਾਰਿਆਂ ਦੀ ਸੂਚਨਾ ਦੇਣ। ਕਮਿਸ਼ਨ ਇਸ ਨਤੀਜੇ ਤੇ ਪੁਜਾ ਕਿ "ਰੂਹਪ੍ਰਸਤੀ ਦੇ ਵਰਤਾਰੇ ਅਚੇਤ ਹਰਕਤਾਂ ਜਾਂ ਜਾਣ ਬੁਝ ਕੇ ਦਿਤੇ ਧੋਖੇ ਵਿਚੋਂ ਜਨਮ ਲੈਂਦੇ ਹਨ ਅਤੇ ਰੂਹਪ੍ਰਸਤੀ ਦਾ ਮੱਤ ਵਹਿਮ ਹੈ।" ਕਮਿਸ਼ਨ ਦੇ ਨਿਰਣੇ ਅਖ਼ਬਾਰ "ਗੋਲੋਸ" ("ਆਵਾਜ਼") ਦੇ ਅੰਕ ੮੫ ਵਿਚ ੨੫ ਮਾਰਚ, ੧੮੭੬ ਨੂੰ ਪ੍ਰਕਾਸ਼ਤ ਕੀਤੇ ਗਏ ਸਨ।

ਪੰਨਾ ੧੭੯

[106] ਏਂਗਲਜ਼ ਦਾ ਇਸ਼ਾਰਾ ਜਰਮਨੀ ਵਿਚ, ਖਾਸ ਕਰਕੇ ਪੈਰਿਸ ਕਮਿਊਨ, ੧੮੭੧ ਤੋਂ ਪਿਛੋਂ, ਡਾਰਵਿਨਵਾਦ ਵਿਰੁਧ ਪਿਛਾਂਹਖਿਚੂ ਹਮਲਿਆਂ ਵੱਲ ਹੈ। ਵਿਰਖੋਵ ਵਰਗਾ ਅਹਿਮ ਵਿਗਿਆਨੀ ਵੀ, ਜਿਸ ਨੇ ਪਹਿਲਾਂ ਡਾਰਵਿਨਵਾਦ ਦੀ ਹਮਾਇਤ ਕੀਤੀ ਸੀ, ੧੮੭੭ ਵਿਚ ਕਹਿ ਰਿਹਾ ਸੀ ਕਿ ਡਾਰਵਿਨ ਦੀ ਸਿਖਿਆ ਉਤੇ ਪਾਬੰਦੀ ਲਾਈ ਜਾਏ। ਉਸ ਦਾ ਦਾਹਵਾ ਸੀ ਕਿ ਇਹ ਸਿਖਿਆ ਸਮਾਜਵਾਦੀ ਲਹਿਰ ਨਾਲ ਡੂੰਘਾ ਸੰਬੰਧ ਰਖਦੀ ਹੈ ਅਤੇ ਇਸ ਲਈ ਮੌਜੂਦਾ ਸਮਾਜਕ ਪ੍ਰਬੰਧ ਲਈ ਖਤਰਨਾਕ ਹੈ।

ਪੰਨਾ ੧੮੧

[107] ਪੋਪ ਵਲੋਂ "ਗ਼ਲਤੀ ਨਾ ਕੀਤੇ ਜਾਣ" ਦੇ ਮੱਤ ਦੀ ਪ੍ਰੀਭਾਸ਼ਾ ੧੮ ਜੁਲਾਈ,

੧੮੭੦ ਨੂੰ ਵੈਟੀਕਨ ਦੀ ਪ੍ਰੀਸ਼ਦ ਨੇ ਕੀਤੀ ਸੀ। ਜਰਮਨ ਕੈਥੋਲਿਕ ਧਰਮ-ਸ਼ਾਸਤ੍ਰੀ ਡਿਓਲਿੰਗਰ ਨੇ ਇਸ ਮੱਤ ਨੂੰ ਰੱਦ ਕੀਤਾ। ਮਾਈਨਟਸ ਦੇ ਲਾਟ ਪਾਦਰੀ ਕੈਟਲਰ ਨੇ ਵੀ ਪਹਿਲਾਂ ਇਸ ਦਾ ਵਿਰੋਧ ਕੀਤਾ ਪਰ ਫੇਰ ਛੇਤੀ ਹੀ ਇਸ ਨਾਲ ਸਹਿਮਤ ਹੋ ਗਿਆ ਅਤੇ ਇਸ ਦਾ ਜ਼ਬਰਦਸਤ ਹਮਾਇਤੀ ਬਣ ਗਿਆ।

ਪੰਨਾ ੧੮੩

108 ਇਹ ਟੂਕ ਉਸ ਚਿੱਠੀ ਵਿਚੋਂ ਹੈ ਜਿਹੜੀ ਪ੍ਰਕਿਰਤੀ-ਵਿਗਿਆਨੀ ਥੋਮਸ ਹਕਸਲੇ ਨੇ ਲੰਦਨ "ਦਵੰਦਵਾਦੀ ਸਭਾ" ("Dialectical Society") ਨੂੰ ਲਿਖੀ, ਜਿਸ ਨੇ ਰੂਹਾਂ ਸੰਬੰਧੀ ਵਰਤਾਰਿਆਂ ਦੇ ਅਧਿਅਨ ਲਈ ਕਮੇਟੀ ਦੇ ਕੰਮ ਵਿਚ ਹਿੱਸਾ ਲੈਣ ਲਈ ਉਸ ਨੂੰ ਸੱਦਾ ਦਿਤਾ ਸੀ। ਹਕਸਲੇ ਨੇ ਨਾਂਹ ਕਰ ਦਿਤੀ ਅਤੇ ਰੂਹਪ੍ਰਸਤੀ ਬਾਰੇ ਕਈ ਵਿਅੰਗਾਤਮਕ ਟਿਪਣੀਆਂ ਕੀਤੀਆਂ। ੨੯ ਜਨਵਰੀ, ੧੮੬੯ ਦੀ ਉਹਦੀ ਚਿੱਠੀ ੧੭ ਅਕਤੂਬਰ ੧੮੭੧ ਦੇ "The Daily News" ਵਿਚ ਛਪੀ ਸੀ, ਇਹ ਡੇਵਿਸ ਦੀ ਕਿਤਾਬ "ਰਹੱਸਵਾਦੀ ਲੰਦਨ" (੧੮੭੫), ਜਿਸ ਦਾ ਉਪਰ ਜ਼ਿਕਰ ਹੈ, ਵਿਚ ਪੰਨਾ ੩੮੯ ਤੇ ਦਿਤੀ ਗਈ ਹੈ।

ਪੰਨਾ ੧੮੪

109 "**ਸੁਆਧੀਨਤਾ ਦਾ ਐਲਾਨ**" — ੪ ਜੁਲਾਈ, ੧੭੭੬ ਨੂੰ ਫਿਲਾਡੈਲਫੀਆ ਵਿਚ ਕਾਂਗਰਸ ਵਲੋਂ ਪ੍ਰਵਾਨ ਐਲਾਨ ਜਿਸ ਵਿਚ ਉਤਰ ਅਮ੍ਰੀਕੀ ਬਸਤੀਆਂ ਦੀ ਬਰਤਾਨੀਆ ਤੋਂ ਅਲਹਿਦਗੀ ਅਤੇ ਇਕ ਆਜ਼ਾਦ ਗਣਰਾਜ — ਸੰਯੁਕਤ ਰਾਜ ਅਮ੍ਰੀਕਾ — ਦੀ ਸਥਾਪਨਾ ਘੋਸ਼ਤ ਕੀਤੀ ਗਈ।

ਪੰਨਾ ੧੮੭

110 ਵੇਖੋ ਨੋਟ ੮੬।

ਪੰਨਾ ੧੮੭

111 ਪਰੇਵੋ ਦੇ ਨਾਵਲ "ਸੂਰਮਾ ਦੇ ਗਰਿਯੇ ਅਤੇ ਮਾਨੋਨ ਲੇਸਕੋ ਦੀ ਕਹਾਣੀ" ਦੇ ਨਾਇਕ। ਨਾਵਲ ੧੭੩੩ ਵਿਚ ਪੈਰਿਸ ਤੋਂ ਛਪਿਆ ਸੀ।

ਪੰਨਾ ੧੯੦

112 ਏਂਗਲਜ਼ ਨੇ ਏਥੇ ਸ਼ਬਦ "ਆਰੀਆਂ" ਦੀ ਵਰਤੋਂ ਹਿੰਦ-ਯੂਰਪੀ ਭਾਸ਼ਾਈ ਪ੍ਰਣਾਲੀ ਦੀਆਂ ਜਾਤੀਆਂ ਦੇ ਇਕ ਦਲ ਦੇ ਅਰਥ ਵਿਚ ਕੀਤੀ ਹੈ।

ਪੰਨਾ ੧੯੨

[113] ਏਂਗਲਜ਼ ਦਾ ਇਸ਼ਾਰਾ ਹਾਈਨੇ ਦੀ ਵਿਅੰਗਾਤਮਕ ਕਵਿਤਾ "ਦੇਵਤਾ ਅਪਾਲੋ" ਦੇ ਪਾਤਰ ਵੱਲ ਹੈ—ਆਪਣੇ ਆਪ ਨੂੰ ਅਪਾਲੋ ਦੇ ਰੂਪ ਵਿਚ ਪੇਸ਼ ਕਰ ਰਿਹਾ ਇਕ ਨੌਜਵਾਨ ਗੁਨਾਹਗਾਰ।

ਪੰਨਾ ੧੯੪

[114] **ਟੂਬਿੰਗਨ ਪਰਪਾਟੀ**—੧੯-ਵੀਂ ਸਦੀ ਦੇ ਪਹਿਲੇ ਅੱਧ ਵਿਚ ਫ. ਬਾਊਰ ਵਲੋਂ ਸਥਾਪਤ ਅੰਜੀਲੀ ਖੋਜ ਤੇ ਆਲੋਚਨਾ ਦੀ ਪਰਪਾਟੀ। ਇਸ ਦੇ ਅਨੁਯਾਈਆਂ ਵਲੋਂ ਅੰਜੀਲੀ ਕਥਾਵਾਂ ਦੀ ਤਰਕਸ਼ੀਲ ਆਲੋਚਨਾ ਦੀ ਉੱਘੀ ਗੱਲ ਇਕਸਾਰਤਾ ਦੀ ਘਾਟ ਹੈ ਜਿਹੜੀ ਬਾਈਬਲ ਦੇ ਕੁਝ ਪ੍ਰਸਤਾਵਾਂ ਨੂੰ ਇਤਿਹਾਸਕ ਤੌਰ ਤੇ ਭਰੋਸੇਯੋਗ ਸਮਝਣ ਦੀ ਇੱਛਾ ਤੋਂ ਪੈਦਾ ਹੁੰਦੀ ਹੈ। ਅਜਿਹਾ ਕਰਨ ਦੀ ਇੱਛਾ ਤੋਂ ਬਗੈਰ ਹੀ, ਇਸ ਪਰਪਾਟੀ ਨੇ ਆਪਣੀ ਆਲੋਚਨਾ ਨਾਲ ਬਾਈਬਲ ਨੂੰ ਇਕ ਭਰੋਸੇਯੋਗ ਇਤਿਹਾਸਕ ਸੋਮੇ ਦਾ ਪ੍ਰਮਾਣੀਕ ਗ੍ਰੰਥ ਹੋਣ ਦਾ ਖੰਡਨ ਕਰਨ ਵਿਚ ਵੱਡਾ ਹਿੱਸਾ ਪਾਇਆ।

ਪੰਨਾ ੨੦੪

[115] **ਪਿਏਤਵਾਦ** (ਲਾਤੀਨੀ ਭਾਸ਼ਾ ਦੇ ਸ਼ਬਦ "pietas"—"ਧਰਮਕਤਾ" ਤੋਂ)—ਪਛਮ ਯੂਰਪੀ ਪ੍ਰੋਟੈਸਟੈਂਟਾਂ ਵਿਚ ਇਕ ਧਾਰਮਿਕ-ਰਹੱਸਵਾਦੀ ਪ੍ਰਵਿਰਤੀ (ਲੂਥਰਵਾਦੀ ਤੇ ਕਾਲਵਿਨਵਾਦੀ) ਜਿਹੜੀ ੧੭-ਵੀਂ ਸਦੀ ਦੇ ਅਖੀਰ ਹੋਂਦ ਵਿਚ ਆਈ।

ਪੰਨਾ ੨੨੧

[116] **ਨੇਪਟਿਊਨ**—ਜਿਸ ਦਾ ਇਕ ਜਰਮਨ ਖਗੋਲ-ਵਿਗਿਆਨੀ, ਯੋਹਾਨ ਗਾਲੇ ਨੇ ੧੮੪੬ ਵਿਚ ਪਤਾ ਲਾਇਆ।

ਪੰਨਾ ੨੨੭

[117] ਵੇਖੋ ਨੋਟ ੯੦।

[118] ਇਸ਼ਾਰਾ "ਸਰਵੁਚ ਹਸਤੀ" ਦੀ ਪੂਜਾ ਸਥਾਪਤ ਕਰਨ ਸੰਬੰਧੀ ਰੋਬਸਪਿਯੇਰ ਦੀ ਕੋਸ਼ਿਸ਼ ਵੱਲ ਹੈ।

ਪੰਨਾ ੨੩੯

[119] **ਸਾਡੋਵਾ ਦਾ ਸਕੂਲ ਮਾਸਟਰ**—੧੮੬੬ ਦੀ ਆਸਟਰੀਆ-ਪਰੂਸ਼ੀਆ ਜੰਗ ਵਿਚ ਸਾਡੋਵਾ ਵਿਖੇ ਪਰੂਸ਼ੀਆ ਦੀ ਜਿੱਤ ਮਗਰੋਂ ਜਰਮਨ ਪਤਰਕਾਰਾਂ ਵਲੋਂ ਇਸ ਵੇਲੇ

ਵਰਤਿਆ ਜਾਂਦਾ ਪ੍ਰਗਟਾ। ਭਾਵ ਇਹ ਸੀ ਕਿ ਪਰੂਸ਼ੀਆ ਦੀ ਜਿੱਤ ਦਾ ਕਾਰਨ ਪਰੂਸ਼ੀਆ ਦੀ ਸਰਵਜਨਕ ਸਿਖਿਆ ਪ੍ਰਣਾਲੀ ਦੀ ਸ੍ਰੇਸ਼ਠਤਾ ਸੀ।

ਪੰਨਾ ੨੪੩

120 ਇਸ਼ਾਰਾ ਇਕ ਪਾਸੇ ਫ਼ਰਾਂਸ-ਵਿਰੋਧੀ ਜੁਟ ਵਿਚ ਹਿੱਸੇਦਾਰਾਂ—ਬਰਤਾਨੀਆ, ਆਸਟਰੀਆ, ਪਰੂਸ਼ੀਆ ਅਤੇ ਰੂਸ—ਅਤੇ ਦੂਜੇ ਪਾਸੇ ਫ਼ਰਾਂਸ ਵਿਚਕਾਰ ਪੈਰਿਸ ਅਮਨ ਸੰਧੀ ਵੱਲ ਹੈ ਜਿਸ ਉਤੇ ਨੈਪੋਲੀਅਨ ਦੀ ਸਲਤਨਤ ਦੀ ਪੂਰਨ ਤਬਾਹੀ ਪਿਛੋਂ, ੨੦ ਨਵੰਬਰ, ੧੮੧੫ ਨੂੰ ਦਸਖ਼ਤ ਹੋਏ।

ਪੰਨਾ ੨੫੬

121 **ਮੁੜ-ਸਥਾਪਤੀ**—ਦੌਰ ਜਦੋਂ ਬੂਰਬੋਨ ਖ਼ਾਨਦਾਨ ਨੇ ੧੮੧੪-੧੮੩੦ ਵਿਚ ਫ਼ਰਾਂਸ ਉਤੇ ਦੁਬਾਰਾ ਰਾਜ ਕੀਤਾ। ੧੮੩੦ ਦੇ ਜੁਲਾਈ ਇਨਕਲਾਬ ਨਾਲ ਰਾਠਸ਼ਾਹੀ ਅਤੇ ਪਾਦਰੀ-ਵਰਗ ਦੇ ਹਿਤਾਂ ਦੀ ਪ੍ਰਤਿਨਿਧਤਾ ਕਰਨ ਵਾਲੀ ਪਿਛਾਂਹਖਿਚੂ ਬੂਰਬੋਨ ਹਕੂਮਤ ਦਾ ਤਖ਼ਤਾ ਉਲਟਾ ਦਿਤਾ ਗਿਆ।

ਪੰਨਾ ੨੫੬

122 **ਨੀਕੇਈਆ ਦੀ ਕੌਂਸਲ**—੩੨੫ ਈਸਵੀ ਨੂੰ ਏਸ਼ੀਆ ਮਾਈਨਰ ਦੇ ਨੀਕੇਈਆ ਸ਼ਹਿਰ ਵਿਚ ਸ਼ਹਿਨਸ਼ਾਹ ਕਨਸਤਨਤੀਨ ਪਹਿਲੇ ਵਲੋਂ ਸੱਦੀ ਰੋਮਨ ਸ਼ਹਿਨਸ਼ਾਹੀ ਦੇ ਈਸਾਈ ਚਰਚ ਦੇ ਲਾਟ ਪਾਦਰੀਆਂ ਦੀ ਪਹਿਲੀ ਵਿਸ਼ਵ-ਵਿਆਪੀ ਕੌਂਸਲ। ਕੌਂਸਲ ਨੇ ਸਾਰੇ ਈਸਾਈਆਂ ਲਈ ਲਾਜ਼ਮੀ ਵਿਸ਼ਵਾਸ-ਪ੍ਰਤੀਕ ਤਿਆਰ ਕੀਤਾ (ਆਰਥੋਡਾਕਸ ਈਸਾਈ ਚਰਚ ਦੇ ਮੱਤ ਦੀਆਂ ਮੁਖ ਧਾਰਾਵਾਂ) ਜਿਸ ਨੂੰ ਨਾ ਮੰਨਣ ਵਾਲਾ ਰਾਜਕੀ ਮੁਜਰਮ ਸਜ਼ਾ ਦਾ ਭਾਗੀ ਸੀ।

ਪੰਨਾ ੨੬੨

123 ਵੇਖੋ ਨੋਟ ੫੩।

ਪੰਨਾ ੨੬੩

124 ਇਸ਼ਾਰਾ ਇੰਗਲੈਂਡ ਵਿਚ ੧੬੮੮ ਦੇ ਰਾਜ-ਪਲਟੇ ਵੱਲ ਹੈ ਜਿਸ ਦੇ ਨਤੀਜੇ ਵਜੋਂ ਬਾਦਸ਼ਾਹ ਜੈਕਬ ਦੂਜੇ ਸਟੂਆਰਟ ਨੂੰ ਦੇਸ ਨਿਕਲਾ ਦਿਤਾ ਗਿਆ ਅਤੇ ਹਾਲੈਂਡ ਗਣਰਾਜ ਦੇ ਹਾਕਮ ਵਿਲਹੈਲਮ ਤੀਜੇ (ਔਰੈਂਜ ਦੇ) ਨੂੰ ੧੬੮੯ ਵਿਚ ਇੰਗਲੈਂਡ ਦਾ ਬਾਦਸ਼ਾਹ ਐਲਾਨਿਆ ਗਿਆ। ੧੬੮੯ ਤੋਂ ਇੰਗਲੈਂਡ ਵਿਚ

ਸੰਵਿਧਾਨਕ ਰਾਜਤੰਤਰ ਸਥਾਪਤ ਹੋ ਗਿਆ, ਜਿਹੜਾ ਭੂਮੀਗਤ ਅਮੀਰਸ਼ਾਹੀ ਅਤੇ ਵੱਡੀ ਬੁਰਜੂਆਜ਼ੀ ਵਿਚਕਾਰ ਇਕ ਸਮਝੌਤੇ ਤੇ ਆਧਾਰਤ ਸੀ।

ਪੰਨਾ ੨੬੪

[125] ੧੬੮੫ ਵਿਚ, ਹਿਊਗੇਨਾਟਾਂ ਉਤੇ ਰਾਜਸੀ ਤੇ ਧਾਰਮਿਕ ਅਤਿਆਚਾਰਾਂ ਦੇ ਵਾਤਾਵਰਣ ਵਿਚ, ਜਿਸ ਵਿਚ ੧੬੨੦-ਵਿਆਂ ਤੋਂ ਵਾਧਾ ਹੋ ਗਿਆ ਸੀ, ਲੂਈ ਚੌਧਵੇਂ ਨੇ ੧੫੯੮ ਵਿਚ ਪ੍ਰਵਾਨ ਨਾਨਟੇਸ ਫਰਮਾਨ ਮਨਸੂਖ ਕਰ ਦਿਤਾ ਅਤੇ ਹਿਊਗੇਨਾਟਾਂ ਨੂੰ ਪੂਜਾ-ਪਾਠ ਤੇ ਧਰਮ ਦੀ ਆਜ਼ਾਦੀ ਦੇ ਦਿਤੀ ਗਈ। ਨਾਨਟੇਸ ਦੇ ਫਰਮਾਨ ਦੀ ਮਨਸੂਖੀ ਦੇ ਸਿੱਟੇ ਵਜੋਂ ਲਖੂਖਾ ਹਿਊਗੇਨਾਟ ਫਰਾਂਸ ਵਿਚੋਂ ਪਰਵਾਸੀ ਹੋ ਗਏ।

ਪੰਨਾ ੨੬੪

[126] ਇਹ ਸੰਕੇਤਕ ਸ਼ਬਦ ਪਰੂਸ਼ੀਆ ਦੀ ਸਰਦਾਰੀ ਹੇਠ ੧੮੭੧ ਵਿਚ ਸਥਾਪਤ ਜਰਮਨ ਸ਼ਹਿਨਸ਼ਾਹੀ (ਆਸਟਰੀਆ ਨੂੰ ਬਾਹਰ ਰਖਕੇ) ਲਈ ਵਰਤਿਆ ਜਾਂਦਾ ਹੈ।

ਪੰਨਾ ੨੬੬

[127] **ਅਬੋਧਵਾਦ** (Agnosticism) (ਯੂਨਾਨੀ ਅਗੇਤਰ "a"—"ਨਹੀਂ", ਅਤੇ "gnosis"—"ਬੋਧ", ਤੋਂ)। ਇਹ ਪਦਾਰਥਕ ਵਸਤਾਂ ਦੀ ਹੋਂਦ ਮੰਨਦਾ ਹੈ ਪਰ ਸਮਝਦਾ ਹੈ ਕਿ ਉਹਨਾਂ ਬਾਰੇ ਗਿਆਨ ਪ੍ਰਾਪਤ ਨਹੀਂ ਕੀਤਾ ਜਾ ਸਕਦਾ।

ਪੰਨਾ ੨੭੭

[128] ਵੇਖੋ ਨੋਟ ੩੬।

ਪੰਨਾ ੨੭੭

[129] ਵੇਖੋ ਨੋਟ ੩੭।

ਪੰਨਾ ੨੭੭

[130] **ਅਨੁਭਵਵਾਦ**—ਬੋਧ ਦੇ ਸਿਧਾਂਤ ਦੀ ਇਕ ਪ੍ਰਵਿਰਤੀ ਜਿਸ ਅਨੁਸਾਰ ਅਨੁਭਵ ਬੋਧ ਦਾ ਮੁਖ ਰੂਪ ਹੈ।

ਪੰਨਾ ੨੭੯

[131] ਇਸ਼ਾਰਾ ਮਈ–ਅਕਤੂਬਰ ੧੮੫੧ ਵਿਚ ਲੰਦਨ ਵਿਚ ਹੋਈ ਪਹਿਲੀ ਸੰਸਾਰ ਵਪਾਰ ਤੇ ਸਨਅਤੀ ਨੁਮਾਇਸ਼ ਵੱਲ ਹੈ।

ਪੰਨਾ ੨੮੧

[132] **ਬਪਤਿਸਮਾਵਾਦ** — ਪ੍ਰੋਟੈਸਟੈਂਟਵਾਦ ਦੀ ਇਕ ਕਿਸਮ ਜਿਸ ਨੇ ੧੭ਵੀਂ ਸਦੀ ਦੇ ਸ਼ੁਰੂ ਵਿਚ ਰੂਪ ਲਿਆ। ਬਪਤਿਸਮਾਵਾਦੀਆਂ ਨੇ ਰਹੁ–ਰੀਤਾਂ ਅਤੇ ਚਰਚ ਦੇ ਪ੍ਰਬੰਧ ਨੂੰ ਸਰਲ ਬਣਾਇਆ; ਕੇਵਲ ਬਾਲਗਾਂ ਨੂੰ ਹੀ ਬਪਤਿਸਮਾ ਦਿਤਾ ਜਾਂਦਾ ਹੈ।

ਪੰਨਾ ੨੮੧

[133] "**ਮੁਕਤੀ ਫੌਜ**" — ੧੮੬੫ ਵਿਚ ਇੰਗਲੈਂਡ ਵਿਚ ਕਾਇਮ ਹੋਈ ਇਕ ਪਿਛਾਂਹਖਿਚੂ ਧਾਰਮਿਕ ਤੇ ਪਰ–ਉਪਕਾਰਿਕ ਜਥੇਬੰਦੀ ਜਿਸ ਨੇ ਆਪਣੀਆਂ ਸਰਗਰਮੀਆਂ ਦੂਜੇ ਦੇਸਾਂ ਤੱਕ ਫੈਲਾਈਆਂ (ਇਸ ਦਾ ਵਰਤਮਾਨ ਨਾਂ ੧੮੮੦ ਵਿਚ ਫੌਜੀ ਪੈਟਰਨ ਉਤੇ ਇਸ ਦੀ ਪੁਨਰ–ਜਥੇਬੰਦੀ ਪਿਛੋਂ ਰਖਿਆ ਗਿਆ)। ਬੁਰਜੂਆਜ਼ੀ ਦੀ ਚੋਖੀ ਮਦਦ ਨਾਲ ਮੁਕਤੀ ਫੌਜ ਵਿਸ਼ਾਲ ਪੈਮਾਨੇ ਤੇ ਧਾਰਮਿਕ ਪਰਚਾਰ ਕਰਦੀ ਹੈ; ਇਸ ਨੇ ਕਿਰਤੀ ਲੋਕਾਂ ਨੂੰ ਲੋਟੂਆਂ ਵਿਰੁਧ ਸੰਗਰਾਮ ਤੋਂ ਕੁਰਾਹੇ ਪਾਉਣ ਦੇ ਮਨੋਰਥ ਨਾਲ ਖੈਰਾਤੀ ਜਥੇਬੰਦੀਆਂ ਦਾ ਜਾਲ ਵਿਛਾਇਆ ਹੋਇਆ ਹੈ।

ਪੰਨਾ ੨੮੧

[134] "**ਸ਼ਾਨਦਾਰ ਇਨਕਲਾਬ**" ਅੰਗ੍ਰੇਜ਼ ਇਤਿਹਾਸਕਾਰੀ ਵਿਚ ੧੬੮੮ ਦੇ ਰਾਜ–ਪਲਟੇ ਦਾ ਨਾਂ ਸੀ। (ਵੇਖੋ ਨੋਟ ੧੨੪)।

ਪੰਨਾ ੨੮੯

[135] **ਗੁਲਾਬਾਂ ਦਾ ਯੁਧ** (੧੪੫੫–੧੪੮੫) — ਦੋ ਅੰਗ੍ਰੇਜ਼ ਸਾਮੰਤੀ ਕਬੀਲਿਆਂ ਵਿਚਕਾਰ ਤਖ਼ਤ ਲਈ ਲੜਾਈ — ਲਾਨਕੈਸਟਰ ਅਤੇ ਯਾਰਕ: ਯਾਰਕਾਂ ਦਾ ਕੁਲ–ਚਿੰਨ੍ਹ ਚਿੱਟਾ ਗੁਲਾਬ ਸੀ ਅਤੇ ਲਾਨਕੈਸਟਰਾਂ ਦਾ — ਲਾਲ ਗੁਲਾਬ। ਦਖਣ ਦੇ ਵੱਡੇ ਸਾਮੰਤੀ ਪ੍ਰਭੂਆਂ ਦਾ ਇਕ ਭਾਗ ਜਿਹੜੇ ਆਰਥਕ ਤੌਰ ਤੇ ਬਹੁਤੇ ਵਿਕਸਤ ਸਨ ਅਤੇ ਸਾਮੰਤੀ ਸੂਰਮੇ ਤੇ ਸ਼ਹਿਰ–ਨਿਵਾਸੀ ਯਾਰਕਾਂ ਦੁਆਲੇ ਜੁੜ ਗਏ ਅਤੇ ਉਤਰ ਦੀਆਂ ਕਾਊਂਟੀਆਂ ਦੀ ਸਾਮੰਤੀ ਅਮੀਰਸ਼ਾਹੀ ਨੇ ਲਾਨਕੈਸਟਰਾਂ ਦੀ ਸਹਾਇਤਾ ਕੀਤੀ। ਲੜਾਈਆਂ ਦੇ ਸਿੱਟੇ ਵਜੋਂ ਪੁਰਾਤਨ ਸਾਮੰਤੀ ਪਰਵਾਰ ਲਗ ਭਗ ਮਲੀਆਮੇਟ

ਹੋ ਗਏ ਅਤੇ ਟਿਊਡਰਾਂ ਦਾ ਨਵਾਂ ਖਾਨਦਾਨ ਸੱਤਾਧਾਰੀ ਬਣ ਗਿਆ ਜਿਸ ਨੇ ਇੰਗਲੈਂਡ ਵਿਚ ਨਿਰੰਕੁਸ਼ਵਾਦ ਦੀ ਸਥਾਪਨਾ ਕੀਤੀ।

ਪੰਨਾ ੨੯੯

[136] ਵੇਖੋ ਨੋਟ ੩੨।

ਪੰਨਾ ੨੯੧

[137] ਬਰਤਾਨੀਆ ਵਿਚ ਬਦੇਸਾਂ ਤੋਂ ਦਰਾਮਦ ਨੂੰ ਸੀਮਤ ਕਰਨ ਜਾਂ ਬੰਦ ਕਰਨ ਦੇ ਆਸ਼ੇ ਨਾਲ ਅਖੌਤੀ **ਅਨਾਜ ਸੰਬੰਧੀ ਕਾਨੂੰਨ** ਵੱਡੇ ਜ਼ਮੀਨ ਮਾਲਕਾਂ ਦੇ ਹਿਤਾਂ ਵਿਚ ਲਾਗੂ ਕੀਤੇ ਗਏ ਸਨ। ਅਨਾਜ ਸੰਬੰਧੀ ਕਾਨੂੰਨਾਂ ਉਤੇ ਸਨਅਤੀ ਬੁਰਜੂਆਜ਼ੀ ਅਤੇ ਭੂਮੀਗਤ ਅਮੀਰਸ਼ਾਹੀ ਵਿਚਕਾਰ ਸਘਰਸ਼ ਦੀ ਸਮਾਪਤੀ ੧੮੪੬ ਵਿਚ ਇਹਨਾਂ ਨੂੰ ਮਨਸੂਖ ਕਰਨ ਵਾਲਾ ਬਿਲ ਪਾਸ ਕਰਨ ਨਾਲ ਹੋਈ।

ਪੰਨਾ ੨੯੪

[138] ਵੇਖੋ ਨੋਟ ੭੫।

ਪੰਨਾ ੨੯੪

[139] **ਅਨਾਜ ਸੰਬੰਧੀ ਕਾਨੂੰਨਾਂ ਦੀ ਵਿਰੋਧੀ ਪਾਰਟੀ**—੧੮੩੮ ਵਿਚ ਮਾਨਚੈਸਟਰ ਦੇ ਕਾਰਖਾਨੇਦਾਰਾਂ ਕੋਬਡਨ ਤੇ ਬਰਾਈਟ ਨੇ ਕਾਇਮ ਕੀਤੀ ਸੀ। ਵਪਾਰ ਦੀ ਮੁਕੰਮਲ ਆਜ਼ਾਦੀ ਦੀ ਮੰਗ ਪੇਸ਼ ਕਰਦਿਆਂ ਪਾਰਟੀ ਨੇ ਅਨਾਜ ਸੰਬੰਧੀ ਕਾਨੂੰਨਾਂ ਦੀ ਮਨਸੂਖੀ ਲਈ (ਵੇਖੋ ਨੋਟ ੧੩੭) ਜਤਨ ਕੀਤਾ ਤਾਂ ਜੋ ਮਜ਼ਦੂਰਾਂ ਦੀਆਂ ਉਜਰਤਾਂ ਘਟਾਈਆਂ ਜਾਣ ਅਤੇ ਭੂਮੀਗਤ ਅਮੀਰਸ਼ਾਹੀ ਦੀ ਆਰਥਕ ਤੇ ਰਾਜਸੀ ਪੁਜ਼ੀਸ਼ਨ ਕਮਜ਼ੋਰ ਕੀਤੀ ਜਾਏ।

ਅਨਾਜ ਸੰਬੰਧੀ ਕਾਨੂੰਨਾਂ ਦੀ ਮਨਸੂਖੀ ਤੋਂ ਬਾਅਦ ਪਾਰਟੀ ਦੀ ਹੋਂਦ ਮਿਟ ਗਈ।

ਪੰਨਾ ੨੯੪

[140] **੨ ਦਸੰਬਰ, ੧੮੫੧**—ਲੂਈ ਬੋਨਾਪਾਰਟ ਅਤੇ ਉਹਦੇ ਸਮਰਥਕਾਂ ਵਲੋਂ ਫ਼ਰਾਂਸ ਵਿਚ ਕੀਤੇ ਉਲਟ-ਇਨਕਲਾਬੀ ਰਾਜ-ਪਲਟੇ ਦਾ ਦਿਨ ਜਿਸ ਨੇ ਦੂਜੀ ਸ਼ਹਿਨਸ਼ਾਹੀ ਦੀ ਬੋਨਾਪਾਰਟ ਪੰਥੀ ਹਕੂਮਤ ਦੀ ਬੁਨਿਆਦ ਰਖੀ।

ਪੰਨਾ ੨੯੫

[141] **ਭਰਾ ਜਾਨਾਥਨ**—ਬਰਤਾਨੀਆ ਦੀਆਂ ਉਤਰ ਅਮ੍ਰੀਕੀ ਬਸਤੀਆਂ ਵਲੋਂ ਆਜ਼ਾਦੀ

ਲਈ ਲੜੀ ਜੰਗ (੧੭੭੫-੧੭੮੩) ਦੌਰਾਨ ਉਤਰੀ ਅਮ੍ਰੀਕੀਆਂ ਨੂੰ ਬਰਤਾਨੀਆ ਵਲੋਂ ਦਿਤਾ ਗਿਆ ਵਿਅੰਗਾਤਮਕ ਨਾਂ।

ਪੰਨਾ ੨੯੫

142 **ਜਾਗਰਤੀਵਾਦ** (ਧਾਰਮਿਕ ਪੁਨਰ ਸੁਰਜੀਤੀ ਦੀ ਲਹਿਰ)—ਪ੍ਰੋਟੈਸਟੈਂਟ ਚਰਚ ਦੀ ਇਕ ਪ੍ਰਵਿਰਤੀ ਜਿਹੜੀ ੧੮-ਵੀਂ ਸਦੀ ਦੇ ਪਹਿਲੇ ਅੱਧ ਵਿਚ ਇੰਗਲੈਂਡ ਵਿਚ ਪੈਦਾ ਹੋਈ ਅਤੇ ਉਤਰੀ ਅਮ੍ਰੀਕਾ ਵਿਚ ਫੈਲ ਗਈ। ਇਸ ਲਹਿਰ ਦੇ ਅਨੁਯਾਈ ਈਸਾਈ ਧਰਮ ਦੇ ਪ੍ਰਭਾਵ ਨੂੰ ਮਜ਼ਬੂਤ ਕਰਨਾ ਤੇ ਫੈਲਾਉਣਾ ਚਾਹੁੰਦੇ ਸਨ।

ਪੰਨਾ ੨੯੫

143 ਵੇਖੋ ਨੋਟ ੧੩੩।

ਪੰਨਾ ੨੯੫

144 ਇਸ਼ਾਰਾ ੧੮੬੭ ਦੇ ਪਾਰਲੀਮਾਨੀ ਸੁਧਾਰ ਵੱਲ ਹੈ। ਸੁਧਾਰ ਦੇ ਸਿੱਟੇ ਵਜੋਂ ਬਰਤਾਨੀਆ ਵਿਚ ਵੋਟਰਾਂ ਦੀ ਗਿਣਤੀ ਦੁਗਣੀ ਤੋਂ ਵਧ ਹੋ ਗਈ ਅਤੇ ਕਾਰੀਗਰ ਮਜ਼ਦੂਰਾਂ ਦੇ ਕੁਝ ਹਿੱਸੇ ਨੂੰ ਵੋਟ ਦਾ ਹੱਕ ਮਿਲ ਗਿਆ।

ਪੰਨਾ ੨੯੭

145 **ਵਿੱਗ ਅਤੇ ਟੋਰੀ**—੧੬੭੦-੧੬੮੦-ਵਿਆਂ ਵਿਚ ਉਭਰਣਾਵਾਲੀਆਂ ਬਰਤਾਨੀਆ ਦੀਆਂ ਰਾਜਸੀ ਪਾਰਟੀਆਂ।

ਵਿੱਗ ਪਾਰਟੀ ਵਿੱਤੀ ਹਲਕਿਆਂ ਅਤੇ ਵਪਾਰਕ ਬੁਰਜੂਆਜ਼ੀ ਅਤੇ ਅਮੀਰਸ਼ਾਹੀ ਦੇ ਇਕ ਹਿੱਸੇ ਦੇ ਹਿਤ ਪ੍ਰਗਟਾਉਂਦੀ ਸੀ ਜਿਹੜਾ ਬੁਰਜੂਆਜ਼ੀ ਬਣ ਗਿਆ ਹੋਇਆ ਸੀ। ਵਿੱਗਾਂ ਨੇ ਲਿਬਰਲ ਪਾਰਟੀ ਦੀ ਬੁਨਿਆਦ ਰਖੀ। ਟੋਰੀ ਪਾਰਟੀ ਜ਼ਮੀਨ ਮਾਲਕਾਂ ਅਤੇ ਅੰਗਲੀਕੀ ਪਾਦਰੀਆਂ ਦੇ ਉਪਰਲੇ ਹਿੱਸੇ ਦਾ ਪ੍ਰਤਿਨਿਧ ਸੀ, ਬਾਅਦ ਵਿਚ ਇਹ ਕਨਜ਼ਰਵੇਟਿਵ ਪਾਰਟੀ ਦਾ ਆਧਾਰ ਬਣੀ। ਰਾਜਭਾਗ ਵਿਚ ਦੋਵੇਂ ਪਾਰਟੀਆਂ ਇਕ ਦੂਜੀ ਦੀ ਥਾਂ ਲੈਂਦੀਆਂ ਸਨ।

ਪੰਨਾ ੨੯੮

146 **ਕਥੇਡਰ ਸੋਸ਼ਲਿਜ਼ਮ**—੧੮੭੦-ਵਿਆਂ—੧੮੯੦-ਵਿਆਂ ਵਿਚ ਬੁਰਜੂਆ ਵਿਚਾਰਧਾਰਾ ਦੀ ਇਕ ਪ੍ਰਵਿਰਤੀ ਜਿਸ ਦੇ ਪ੍ਰਤਿਨਿਧ, ਸਭ ਤੋਂ ਪਹਿਲਾਂ ਜਰਮਨ

ਯੂਨੀਵਰਸਿਟੀਆਂ ਦੇ ਪ੍ਰੋਫੈਸਰ, ਯੂਨੀਵਰਸਿਟੀ ਚੇਅਰਾਂ (ਜਰਮਨ ਭਾਸ਼ਾ ਵਿਚ "Katheder"—ਇਸ ਤੋਂ ਹੀ ਨਾਂ ਪਿਆ) ਤੋਂ ਬੁਰਜੂਆ ਸੁਧਾਰਵਾਦ ਨੂੰ ਸੋਸ਼ਲਿਜ਼ਮ ਦਾ ਬੁਰਕਾ ਚਾੜ੍ਹ ਕੇ ਇਸ ਦਾ ਪਰਚਾਰ ਕਰਦੇ ਸਨ। ਕਥੈਡਰ ਸੋਸ਼ਲਿਜ਼ਮ ਦੇ ਪ੍ਰਤਿਨਿਧ ਦਾਅਵਾ ਕਰਦੇ ਸਨ ਕਿ ਰਾਜ ਜਮਾਤਾਂ ਤੋਂ ਉਪਰਲੀ ਇਕ ਸੰਸਥਾ ਹੈ ਜੋ ਵੈਰੀ ਜਮਾਤਾਂ ਵਿਚ ਮੰਨ-ਮਨੌਤੀ ਕਰਾਉਣ ਅਤੇ ਪੂੰਜੀਪਤੀਆਂ ਦੇ ਹਿਤਾਂ ਨੂੰ ਸੱਟ ਮਾਰੇ ਬਿਨਾਂ ਸਹਿਜੇ ਸਹਿਜੇ "ਸਮਾਜਵਾਦ" ਲਾਗੂ ਕਰਨ ਦੇ ਸਮਰਥ ਹੈ। ਕਥੈਡਰ ਸੋਸ਼ਲਿਜ਼ਮ ਦੇ ਪ੍ਰੋਗਰਾਮ ਨੇ ਆਪਣੇ ਆਪ ਨੂੰ ਬੀਮਾਰੀ ਤੇ ਦੁਰਘਟਨਾ ਵਿਰੁਧ ਮਜ਼ਦੂਰਾਂ ਦੇ ਬੀਮੇ ਕਰਨ, ਫੈਕਟਰੀ ਕਾਨੂੰਨ ਸੰਬੰਧੀ ਕੁਝ ਕਦਮ ਚੁਕਣ, ਆਦਿ, ਤੱਕ ਸੀਮਤ ਰਖਿਆ, ਅਤੇ ਇਸ ਦਾ ਨਿਸ਼ਾਨਾ ਮਜ਼ਦੂਰਾਂ ਨੂੰ ਜਮਾਤੀ ਘੋਲ ਤੋਂ ਕੁਰਾਹੇ ਲਿਜਾਣਾ ਸੀ।

ਪੰਨਾ ੨੯੯

147 **ਰੀਤੀਵਾਦ** (ਵਧੇਰੇ ਪ੍ਰਸਿਧ ਸ਼ਬਦ "pewsism"—**ਪਿਊਜ਼ਿਜ਼ਮ**)-- ਅੰਗਲੀਕੀ ਚਰਚ ਦੀ ਇਕ ਪ੍ਰਵਿਰਤੀ ਜਿਹੜੀ ੧੮੩੦-ਵਿਆਂ ਵਿਚ ਪੈਦਾ ਹੋਈ। ਇਸ ਦੇ ਅਨੁਯਾਈਆਂ ਨੇ ਅੰਗਲੀਕੀ ਚਰਚ ਵਿਚ ਕੈਥੋਲਿਕ ਰੀਤਾਂ ਨੂੰ (ਇਸ ਕਰਕੇ ਇਹ ਨਾਂ ਪਿਆਂ) ਅਤੇ ਕੁਝ ਕੈਥੋਲਿਕ ਮੱਤਾਂ ਨੂੰ ਬਹਾਲ ਕਰਨ ਦਾ ਸੱਦਾ ਦਿਤਾ।

ਪੰਨਾ ੨੯੯

148 ਏਂਗਲਜ਼ ਦਾ ਇਸ਼ਾਰਾ ਮੁਸਲਮਾਨੀ ਪਰਚਾਰਕ ਮੁਹੰਮਦ ਅਹਿਮਦ, ਜਿਹੜਾ ਆਪਣੇ ਆਪ ਨੂੰ "ਮਹਿਦੀ" ("ਤਾਰਨਹਾਰ") ਕਹਿੰਦਾ ਸੀ, ਦੀ ਅਗਵਾਈ ਹੇਠ ਨੂਬੀਆਂ, ਅਰਬਾਂ ਅਤੇ ਸੂਡਾਨ ਦੀਆਂ ਦੂਜੀਆਂ ਜਾਤੀਆਂ ਦੀ ਕੌਮੀ ਆਜ਼ਾਦੀ ਦੀ ਬਗ਼ਾਵਤ ਵੱਲ ਹੈ। ਇਹ ਬਗਾਵਤ, ਜਿਹੜੀ ੧੮੮੧ ਤੋਂ ੧੮੮੫ ਤੱਕ ਚਲੀ, ਬਰਤਾਨੀਆ ਅਤੇ ਦੂਜੇ ਯੂਰਪੀ ਬਸਤੀਵਾਦੀਆਂ ਦੇ ਖਿਲਾਫ਼ ਸੀ ਅਤੇ ਦੇਸ ਵਿਚੋਂ ਉਹਨਾਂ ਦੇ ਆਰਜ਼ੀ ਤੌਰ ਤੇ (੧੮੯੮ ਤੱਕ) ਨਿਕਲ ਜਾਣ ਨਾਲ ਖਤਮ ਹੋਈ।

ਪੰਨਾ ੩੦੫

149 ਏਂਗਲਜ਼ ਦਾ ਇਸ਼ਾਰਾ ਜਰਮਨ ਮਜ਼ਦੂਰਾਂ ਅਤੇ ਦਸਤਕਾਰਾਂ ਦੀ ਗੁਪਤ ਜਥੇਬੰਦੀ, ਜਿਹੜੀ ਵਿਲਹੈਲਮ ਵਾਈਟਲਿੰਗ ਨੇ ੧੮੪੦-ਵਿਆਂ ਦੇ ਸ਼ੁਰੂ ਵਿਚ ਕਾਇਮ ਕੀਤੀ ਸੀ, ਦੀਆਂ ਭਾਈਚਾਰਿਆਂ ਵੱਲ ਹੈ।

ਪੰਨਾ ੩੦੯

150 "**ਸੁਤੰਤਰ ਭਾਈਚਾਰੇ**" — ਉਹ ਭਾਈਚਾਰੇ ਜੋ "ਚਾਨਣ ਦੇ ਮਿਤਰ" ਲਹਿਰ ਦੇ ਅਸਰ ਹੇਠ ੧੮੪੬ ਵਿਚ ਸਰਕਾਰੀ ਪ੍ਰੋਟੈਸਟੈਂਟ ਚਰਚ ਤੋਂ ਵੱਖ ਹੋ ਗਏ। ਇਹ ਲਹਿਰ ਇਕ ਧਾਰਮਿਕ ਪ੍ਰਵਿਰਤੀ ਸੀ ਜਿਹੜੀ ਪ੍ਰੋਟੈਸਟੈਂਟ ਚਰਚ ਵਿਚ ਭਾਰੂ ਪਿਏਤਵਾਦ ਦੇ ਖਿਲਾਫ ਸੀ ਜੋ ਅਤਿ ਦੇ ਰਹੱਸਵਾਦ ਤੇ ਦੰਭ ਦੀ ਲਖਣਾਇਕ ਸੀ। ੧੮੪੦-ਵਿਆਂ ਵਿਚ ਇਹ ਧਾਰਮਿਕ ਵਿਰੋਧ ਦੇਸ ਦੀ ਪਿਛਾਂਹਖਿਚੂ ਹਕੂਮਤ ਤੋਂ ਜਰਮਨ ਬੁਰਜੂਆਜ਼ੀ ਦੇ ਅਸੰਤੋਖ ਦੇ ਪ੍ਰਗਟਾਓ ਦਾ ਇਕ ਰੂਪ ਸੀ।

ਪੰਨਾ ੩੧੦

151 ਵੇਖੋ ਨੋਟ ੨।

ਪੰਨਾ ੩੧੩

152 ਕੋਮੋਦੀਅਨ ਦੇ "ਯਹੂਦੀਆਂ ਤੇ ਮੂਰਤੀ-ਪੂਜਕਾਂ ਵੱਲ ਖਿਮਾ ਜਾਚਨਾ ਦਾ ਗੀਤ" ਵੱਲ ਇਸ਼ਾਰਾ ਹੈ।

ਪੰਨਾ ੩੧੫

153 **ਕੱਬਾਲਾ** — ਜਾਦੂ ਟੂਣੇ ਨਾਲ ਸੰਬੰਧਤ ਇਕ ਰਹੱਸਮਈ ਧਾਰਮਿਕ ਮੱਤ ਜਿਹੜਾ ਯਹੂਦੀਆਂ ਵਿਚ ਬਹੁਤ ਫੈਲਿਆ ਹੋਇਆ ਸੀ।

ਪੰਨਾ ੩੧੫

154 **ਬੋਧਵਾਦੀ** — ਰਹੱਸਮਈ ਬੋਧ ਬਾਰੇ ਇਕ ਧਾਰਮਿਕ-ਦਾਰਸ਼ਨਿਕ ਮੱਤ ਦੇ ਪਾਲਕ। ਇਸ ਬਾਰੇ ਆਖਿਆ ਜਾਂਦਾ ਹੈ ਕਿ ਇਹ ਹਸਤੀ ਦੇ ਰਹੱਸ ਖੋਲਦਾ ਹੈ ਅਤੇ ਮੁਕਤੀ ਦਾ ਰਾਹ ਵਿਖਾਉਂਦਾ ਹੈ। ਪਹਿਲੀ ਤੇ ਦੂਜੀ ਸਦੀ ਵਿਚ ਸ਼ੁਰੂ ਹੋਇਆ।

ਪੰਨਾ ੩੧੫

155 **ਸਿਬੀਲਾ ਦੀਆਂ ਪੁਸਤਕਾਂ** — ਭਵਿਖਬਾਣੀਆਂ ਦਾ ਸੰਗ੍ਰਹਿ ਜਿਸ ਨੂੰ ਇਕ ਪ੍ਰਾਚੀਨ ਰੋਮ ਦੇ ਜੋਤਸ਼ੀ (ਕੂਮ ਦੀ ਸਿਬੀਲਾ) ਦੇ ਨਾਂ ਨਾਲ ਜੋੜਿਆ ਜਾਂਦਾ ਹੈ। ਇਸ ਨੇ ਪ੍ਰਾਚੀਨ ਰੋਮ ਦੇ ਧਾਰਮਿਕ ਜੀਵਨ ਵਿਚ ਅਹਿਮ ਰੋਲ ਅਦਾ ਕੀਤਾ।

ਪੰਨਾ ੩੧੬

156 ਵੇਖੋ ਨੋਟ ੧੨੨।

ਪੰਨਾ ੩੧੭

[157] **ਕਮਿਊਨਿਸਟ ਲੀਗ** — ਜੂਨ ੧੮੪੭ ਦੇ ਸ਼ੁਰੂ ਵਿਚ ਲੰਦਨ ਵਿਖੇ ਮਾਰਕਸ ਤੇ ਏਂਗਲਜ਼ ਦੀ ਰਾਹਨੁਮਾਈ ਹੇਠ ਕਾਇਮ ਹੋਈ ਪਹਿਲੀ ਕੌਮਾਂਤਰੀ ਕਮਿਊਨਿਸਟ ਜਥੇਬੰਦੀ; ਇਹ ਨਵੰਬਰ ੧੮੫੨ ਤੱਕ ਕਾਇਮ ਰਹੀ ਅਤੇ ਕਿਰਤੀ ਲੋਕਾਂ ਦੀ ਕੌਮਾਂਤ੍ਰੀ ਜਥੇਬੰਦੀ (ਪਹਿਲੀ ਇੰਟਰਨੇਸ਼ਨਲ) ਦੀ ਅਗਵਾਨੂੰ ਬਣੀ।

ਪੰਨਾ ੩੧੯

[158] **ਪਰੂਧੋਨਵਾਦ** — ਮਾਰਕਸਵਾਦ ਦੀ ਦੁਸ਼ਮਣ ਨਿਕ-ਬੁਰਜੂਆ ਸੋਸ਼ਲਿਜ਼ਮ ਦੀ ਇਸ ਪ੍ਰਵਿਰਤੀ ਦਾ ਨਾਂ ਇਸ ਦੇ ਮੋਢੀ, ਫ਼ਰਾਂਸੀਸੀ ਅਰਾਜਕਤਾਵਾਦੀ ਪਰੂਧੋਨ (੧੮੦੯-੧੮੬੫) ਦੇ ਨਾਂ ਤੇ ਪਿਆ। ਵੱਡੀ ਪੂੰਜੀਵਾਦੀ ਜਾਇਦਾਦ ਦੀ ਨੁਕਤਾਚੀਨੀ ਕਰਦਿਆਂ ਪਰੂਧੋਨ ਨੇ ਛੋਟੇ ਜਿਨਸ ਉਤਪਾਦਨ ਨੂੰ ਸਦੀਵੀ ਬਣਾਉਣ ਦਾ ਸੁਪਨਾ ਲਿਆ; ਰਾਜਸੀ ਘੋਲ ਅਤੇ ਰਾਜਸੀ ਪਾਰਟੀਆਂ ਨੂੰ ਰੱਦ ਕਰਦਿਆਂ ਪਰੂਧੋਨਵਾਦੀਆਂ ਨੇ ਉਤਪਾਦਨ ਕਰਜ਼ੇ ਤੇ ਉਪਭੋਗੀਆਂ ਦੀਆਂ ਸੰਸਥਾਵਾਂ ਬਣਾਕੇ, ਬਿਨਾਂ ਪੈਸਾ ਖਰਚਿਆਂ ਚੰਗੀ ਆਮਦਨ ਕਰਕੇ ਅਤੇ ਅਮਨਪਸੰਦ ਤਰੀਕੇ ਨਾਲ ਰਾਜ ਦਾ, ਜਿਸ ਨੂੰ ਉਹ ਸਮਾਜਕ ਬੇਇਨਸਾਫ਼ੀ ਦਾ ਮੁਖ ਕਾਰਨ ਸਮਝਦੇ ਸਨ, ਖਾਤਮਾ ਕਰਕੇ ਲੁਟ-ਖਸੁਟ ਨੂੰ ਖਤਮ ਕਰਨ ਦੀਆਂ ਯੂਟੋਪੀਆਈ ਯੋਜਨਾਵਾਂ ਪੇਸ਼ ਕੀਤੀਆਂ। ਮਾਰਕਸ ਅਤੇ ਏਂਗਲਜ਼ ਨੇ ਪਰੂਧੋਨਵਾਦੀਆਂ ਵਲੋਂ ਪਹਿਲੀ ਇੰਟਰਨੇਸ਼ਨਲ ਉਤੇ ਆਪਣੇ ਵਿਚਾਰ ਠੋਸਣ ਲਈ ਉਹਨਾਂ ਦੇ ਜਤਨਾਂ ਵਿਰੁਧ ਨਿਰੰਤਰ ਸੰਗਰਾਮ ਕੀਤਾ।

ਪੰਨਾ ੩੧੯

[159] ਵੇਖੋ ਨੋਟ ੭੯, ੮੦।

ਪੰਨਾ ੩੧੯

[160] **ਪਰੀਟੋਰੀਅਨ** — ਪ੍ਰਾਚੀਨ ਰੋਮ ਵਿਚ, ਸ਼ਹਿਨਸ਼ਾਹ ਦੇ ਨਿਜੀ ਅੰਗ-ਰਖਿਅਕ ਫੌਜੀ ਜਿਨ੍ਹਾਂ ਨੂੰ ਉਚੇਚੇ ਅਧਿਕਾਰਾਂ ਵਾਲੀ ਪੁਜ਼ੀਸ਼ਨ ਹਾਸਲ ਸੀ।

ਪੰਨਾ ੩੩੦

[161] **ਜ਼ੈਂਦ-ਅਵੇਸਤਾ** — ੧੮-ਵੀਂ — ੧੯-ਵੀਂ ਸਦੀ ਵਿਚ ਅਪਣਾਇਆ ਅਵੇਸਤਾ ਦਾ ਵਿਗੜਿਆ ਨਾਂ। ਅਵੇਸਤਾ — ਜ਼ੋਰੋਆਸਤਰੀ ਧਰਮ ਦੀਆਂ ਪਵਿਤਰ ਲਿਖਤਾਂ, ਜਿਹੜਾ ਪ੍ਰਾਚੀਨ ਫਾਰਸ, ਆਜ਼ਰਬਾਈਜਾਨ ਅਤੇ ਮਧ ਏਸ਼ੀਆ ਵਿਚ ਫੈਲਿਆ ਹੋਇਆ ਸੀ। ਜ਼ੋਰੋਆਸਤਰੀ ਧਰਮ ਦਾ ਆਧਾਰ ਸੰਸਾਰ ਵਿਚ ਨੇਕੀ ਅਤੇ ਬਦੀ ਵਿਚਕਾਰ ਘੋਲ ਦਾ ਦਵੈਤੀ ਵਿਚਾਰ ਹੈ। ਮੰਨਿਆ ਜਾਂਦਾ ਹੈ ਕਿ ਅਵੇਸਤਾ ਨੂੰ

੯-ਵੀਂ ਸਦੀ ਪੂਰਬ ਈਸਾ ਤੋਂ ਲੈਕੇ ਤੀਜੀ-ਚੌਥੀ ਸਦੀ ਈਸਵੀ ਤੱਕ ਸੰਗ੍ਰਹਿਤ ਕੀਤਾ ਗਿਆ।

ਪੰਨਾ ੩੩੪

162 ਇਸ਼ਾਰਾ ੬-ਵੀਂ ਸਦੀ ਪੂਰਬ ਈਸਾ ਵਿਚ ਪ੍ਰਾਚੀਨ ਯਹੂਦੀਆਂ ਦੇ **ਬਾਬਲ ਵਿਚ** ਅਖੌਤੀ **ਦੇਸ ਨਿਕਾਲੇ** ( ਜਾਂ **ਬਾਬਲ ਵਿਚ ਕੈਦ** ) ਵੱਲ ਹੈ। ੫੯੭ ਪੂਰਬ ਈਸਾ ਵਿਚ ਯਰੂਸ਼ਲਮ ਤੇ ਕਬਜ਼ੇ ਅਤੇ ੫੮੬ ਪੂਰਬ ਈਸਾ ਵਿਚ ਬਾਬਲ ਦੇ ਬਾਦਸ਼ਾਹ, ਨੇਬੂਖਾਦਨੇਜ਼ਾਰ ਵਲੋਂ ਯਹੂਦੀ ਬਾਦਸ਼ਾਹੀ ਦੀ ਅੰਤਮ ਭਾਂਜ ਤੋਂ ਮਗਰੋਂ ਰਾਠਾਂ, ਅਧਿਕਾਰੀਆਂ, ਵਪਾਰੀਆਂ ਤੇ ਦਸਤਕਾਰਾਂ ਨੂੰ ਬਾਬਲ ਵਿਚ ਜ਼ਬਰਦਸਤੀ ਲਿਜਾ ਬਿਠਾਉਣਾ। **੫੩੦**-ਵੀਆਂ ਪੂਰਬ ਈਸਾ ਵਿਚ, ਫਾਰਸ ਦੇ ਬਾਦਸ਼ਾਹ, ਸਾਈਰ ਨੇ, ਜਿਸ ਨੇ ਬਾਬਲ ਦੀ ਬਾਦਸ਼ਾਹੀ ਤੇ ਕਬਜ਼ਾ ਕਰ ਲਿਆ ਸੀ, ਕਾਬੂ ਕੀਤੇ ਯਹੂਦੀਆਂ ਦੀ ਬਹੁ-ਗਿਣਤੀ ਨੂੰ ਆਪਣੀ ਮਾਤਭੂਮੀ ਪਰਤ ਜਾਣ ਦੀ ਆਗਿਆ ਦੇ ਦਿਤੀ।

ਪੰਨਾ ੩੩੪

163 **ਇਬਰਾਨੀਅਤ** — ਇਬਰਾਨੀ ਭਾਸ਼ਾ ਦਾ ਵਿਸ਼ੇਸ਼ ਲਖਣਾਇਕ ਸ਼ਬਦ ਜਾਂ ਅਲੰਕਾਰ।

ਪੰਨਾ ੩੩੬

164 ਵੇਖੋ ਨੋਟ ੬੯।

ਪੰਨਾ ੩੩੭

# ਨਾਮਾਵਲੀ

## ਓ

**ਓਕਨ** (Oken), ਲੋਰਨਟਸ (੧੭੭੯-੧੮੫੧) — ਜਰਮਨ ਪ੍ਰਕਿਰਤੀ-ਵਿਗਿਆਨੀ ਅਤੇ ਪ੍ਰਾਕਿਰਤਕ ਦਰਸ਼ਨਵੇਤਾ। — ੧੫੭

**ਓਥੋ** (ਮਾਰਕੁਸ ਸਾਲਵੀਅਸ ਓਥੋ) (੩੨-੬੯ ਈਸਵੀ) — ਰੋਮ ਦਾ ਸ਼ਹਿਨਸ਼ਾਹ (੬੯)। — ੨੧੧, ੩੩੦, ੩੩੨

**ਓਰਤੇਸ** (Ortes), ਜਾਪਮਾਰੀਆ (੧੭੧੩-੧੭੯੦) — ਵੀਨਸ ਦਾ ਭਿਖਸ਼ੂ, ਅਰਥ-ਵਿਗਿਆਨੀ, ਲੇਖਕ। — ੧੩੦

**ਓਵਨ** (Owen), ਰਾਬਰਟ (੧੭੭੧-੧੮੫੮) — ਮਹਾਨ ਅੰਗ੍ਰੇਜ਼ ਯੂਟੋਪੀਆਈ ਸੋਸ਼ਲਿਸਟ। — ੫੬, ੧੬੯-੧੭੦, ੨੭੧

## ਅ

**ਅਕਸਾਕੋਵ, ਅਲੇਕਸਾਂਦਰ ਨਿਕੋਲਾਯੇਵਿਚ** (੧੮੩੨-੧੯੦੩) — ਰੂਸੀ ਰੂਹਪ੍ਰਸਤੀ ਅਤੇ ਰਹੱਸਵਾਦੀ। — ੧੭੯

**ਅਗਾਸਿਸ** (Agassiz), ਲੂਈ ਜਾਂ ਰੁਡੋਲਫ (੧੮੦੭-੧੮੭੩) — ਸਵਿਟਜ਼ਰਲੈਂਡ ਦਾ ਪ੍ਰਾਣੀ-ਵਿਗਿਆਨੀ ਅਤੇ ਭੂ-ਗਰਭ-ਵਿਗਿਆਨੀ, ਡਾਰਵਿਨਵਾਦ ਦਾ ਵਿਰੋਧੀ; ਪ੍ਰਲੋ ਦੇ ਆਦਰਸ਼ਵਾਦੀ ਸਿਧਾਂਤ ਅਤੇ "ਦੈਵੀ ਸਿਰਜਣਾ" ਦੇ ਵਿਚਾਰ ਦਾ ਹਮਾਇਤੀ। — ੧੮੮, ੧੯੦

**ਅਨਾਕਸਾਗੋਰਸ**, ਕਲਾਜ਼ਾਮੇਨ ਦਾ (ਏਸ਼ੀਆ ਮਾਈਨਰ) (ਅਨੁਮਾਨਿਤ ੫੦੦-੪੨੮ ਪੂਰਬ ਈਸਾ) — ਪ੍ਰਾਚੀਨ ਯੂਨਾਨੀ ਪਦਾਰਥਵਾਦੀ ਦਰਸ਼ਨਵੇਤਾ; ਕੁਫਰ ਦਾ ਦੋਸ਼ੀ ਠਹਿਰਾਇਆ ਗਿਆ ਅਤੇ ਏਥਨਜ਼ ਵਿਚੋਂ ਉਮਰ ਭਰ ਲਈ ਬਦਰ ਕਰ ਦਿਤਾ ਗਿਆ। — ੫੦, ੨੭੭

**ਅਪੀਆਨ** (ਪਹਿਲੀ ਸਦੀ ਦੇ ਅਖੀਰ-ਦੂਜੀ ਸਦੀ ਈਸਵੀ ਦੇ ੭੦-ਵਿਆਂ ਤੱਕ)—ਪ੍ਰਾਚੀਨ ਰੋਮ ਦਾ ਪ੍ਰਸਿਧ ਇਤਿਹਾਸਕਾਰ।—੨੬੦

**ਅਫਲਾਤੂਨ** (ਅਨੁਮਾਨਿਤ ੪੨੭-ਅਨੁਮਾਨਿਤ ੩੪੭ ਪੂਰਬ ਈਸਾ)—ਪ੍ਰਾਚੀਨ ਯੂਨਾਨ ਦਾ ਆਦਰਸ਼ਵਾਦੀ ਦਰਸ਼ਨਵੇਤਾ।—੩੩੦

**ਅਰਸਤੂ** (੩੮੪-੩੨੨ ਪੂਰਬ ਈਸਾ)—ਪ੍ਰਾਚੀਨ ਕਾਲ ਦਾ ਮਹਾਨ ਚਿੰਤਕ।—੨੨, ੩੯

**ਅਰਸ਼ਮੀਦਸ** (ਅਨੁਮਾਨਿਤ ੨੮੭-੨੧੨ ਪੂਰਬ ਈਸਾ)—ਮਹਾਨ ਪ੍ਰਾਚੀਨ ਯੂਨਾਨੀ ਗਣਿਤ-ਵਿਗਿਆਨੀ ਅਤੇ ਗਤੀ-ਵਿਗਿਆਨੀ।—੧੨੨

**ਅਲਮੁਹਿਦ**—ਬਰਬਰ ਸਾਮੰਤੀ ਖਾਨਦਾਨ, ਜਿਸ ਨੇ ਉਤਰੀ ਅਫ੍ਰੀਕਾ ਅਤੇ ਦਖਣੀ ਸਪੇਨ ਵਿਚ ੧੨ਵੀਂ-੧੩ਵੀਂ ਸਦੀ ਵਿਚ ਰਾਜ ਕੀਤਾ।—੩੦੬

**ਅਵੇਰਬਾਖ਼** (Auerbach), ਬਰਥੋਲਡ (੧੮੧੨-੧੮੮੨)—ਉਦਾਰਵਾਦੀ ਪ੍ਰਵਿਰਤੀ ਦਾ ਜਰਮਨ ਲੇਖਕ।—੮੧

**ਆਈਖਖੋਰਨ** (Eichhorn), ਯੋਹਾਨ ਐਲਬ੍ਰੈਖ਼ਟ ਫ਼ਰੀਡਰਿਖ (੧੭੭੯-੧੮੫੬)—ਪਰੂਸ਼ੀਆ ਦਾ ਰਾਜਨੇਤਾ ਅਤੇ ਧਰਮ, ਸਰਵਜਨਕ ਵਿਦਿਆ ਅਤੇ ਚਿਕਿਤਸਾ ਬਾਰੇ ਮੰਤਰੀ (੧੮੪੦-੧੮੪੮)—੭੧

**ਆਸਟਨ** (Aston), ਲੂਈਜ਼ਾ (੧੮੧੪-੧੮੭੧)—ਜਰਮਨ ਨਿਕ-ਬੁਰਜੂਆ ਲੇਖਕ।—੭੯

**ਆਗਸਟਸ** (੬੩ ਪੂਰਬ ਈਸਾ-੧੪ ਈਸਵੀ)—ਰੋਮ ਦਾ ਸ਼ਹਿਨਸ਼ਾਹ (੨੭ ਪੂਰਬ ਈਸਾ ਤੋਂ ੧੪ ਈਸਵੀ ਤੱਕ)—੧੯੪, ੨੧੧, ੩੩੦

**ਆਗਸਟੀਨ** ("ਭਾਗਵਾਨ" ਸੇਂਟ) (੩੫੪-੪੩੦ ਈਸਵੀ)—ਹਿਪੋ (ਉਤਰੀ ਅਫਰੀਕੀ) ਦਾ ਲਾਟ ਪਾਦਰੀ, ਈਸਾਈ ਧਰਮ-ਸ਼ਾਸਤ੍ਰੀ ਅਤੇ ਆਦਰਸ਼ਵਾਦੀ ਦਰਸ਼ਨਵੇਤਾ, ਧਾਰਮਕ ਸੰਸਾਰ-ਦ੍ਰਿਸ਼ਟੀਕੋਣ ਦਾ ਜੂਝਾਰ ਪ੍ਰਚਾਰਕ।—੩੫

**ਆਨਤੋਨੀਅਸ ਪਾਈਅਸ** (੮੬-੧੬੧ ਈਸਵੀ)—ਰੋਮ ਦਾ ਸ਼ਹਿਨਸ਼ਾਹ (੧੩੮-੧੬੧)—੩੧੩

**ਆਰਕਰਾਈਟ** (Arkwright), ਰਿਚਰਡ (੧੭੩੨-੧੭੯੨)—ਸਨਅਤੀ ਇਨਕਲਾਬ ਦੇ ਦੌਰ ਦਾ ਵੱਡਾ ਅੰਗ੍ਰੇਜ਼ ਵਪਾਰੀ; ਬਹੁਤ ਸਾਰੀਆਂ ਪਹਿਲੀਆਂ ਕਾਢਾਂ ਦੀ ਵਰਤੋਂ ਕਰਕੇ ਉਸ ਨੇ ਕਤਾਈ ਫਰੇਮ ਡੀਜ਼ਾਈਨ ਕੀਤਾ ਅਤੇ ਸਨਅਤ ਵਿਚ ਵੱਡੇ ਪੈਮਾਨੇ ਉਤੇ ਇਸ ਨੂੰ ਵਰਤੋਂ ਵਿਚ ਲਿਆਉਣ ਵਿਚ ਹਿੱਸਾ ਪਾਇਆ।—੨੯੩

**ਆਰਨੋ** (Arnaud), ਆਨਤੁਆਨ (੧੬੧੨-੧੬੯੪)— ਫ਼ਰਾਂਸੀਸੀ ਦਰਸ਼ਨਵੇਤਾ, ਬੋਧ ਦੇ ਕਾਰਟੀਜ਼ੀਅਨਵਾਦੀ ਆਦਰਸ਼ਵਾਦੀ ਸਿਧਾਂਤ ਦਾ ਸਮਰਥਕ, ਪਰਾਭੌਤਿਕਵਾਦੀ।— ੪੮

**ਆਰਨਲਡ** (Arnold), ਬਰੇਸ਼ੀਆ ਦਾ (ਅਨੁਮਾਨਿਤ ੧੧੦੦-੧੧੫੫)— ਇਟਲੀ ਦਾ ਮਧ ਕਾਲ ਦਾ ਰਾਜਨੀਤਕ ਸੁਧਾਰਕ, ਪੋਪ ਅਤੇ ਪਾਦਰੀ ਵਰਗ ਦੇ ਖਿਲਾਫ਼ ਲਹਿਰ ਦਾ ਵਿਚਾਰਵੇਤਾ, ਕੁਫਰ ਦੇ ਦੋਸ਼ ਵਿਚ ਫਾਹੇ ਲੱਗਾ।— ੮੭, ੮੮

**ਆਲਮੁਰਾਵੀ**— ਬਰਬਰ ਸਾਮੰਤੀ ਖਾਨਦਾਨ, ਜਿਸ ਨੇ ਉਤਰੀ ਅਫ਼ਰੀਕਾ ਤੇ ਦਖਣੀ ਸਪੇਨ ਵਿਚ ੧੧ਵੀਂ-੧੨ਵੀਂ ਸਦੀ ਵਿਚ ਰਾਜ ਕੀਤਾ।— ੩੦੬

**ਆਲਬਰਖ਼ਟ** (Albrecht), ਕਾਰਲ (੧੭੮੮-੧੮੪੪)— ਵਾਈਟਲਿੰਗ ਦਾ ਅਨੁਯਾਈ, ਸਵਿਟਜ਼ਰਲੈਂਡ ਵਿਚ ਈਸਾਈ ਸੋਸ਼ਲਿਜ਼ਮ ਦਾ ਪ੍ਰਚਾਰ ਕੀਤਾ।— ੩੦੮

**ਐਸ਼ਲੇ** (Ashley), ਐਨਥਨੀ (੧੮੦੧-੧੮੫੫), ੧੮੫੧ ਵਿਚ ਸ਼ੈਫਟਸਬਰੀ (Schaftesbury) ਦਾ ਅਰਲ ਬਣਿਆ— ਬਰਤਾਨਵੀ ਨੀਤੀਵਾਨ, ਟੋਰੀ।— ੧੧੮, ੧੧੯

**ਐਸ਼ੂਲੀਅਸ** (੫੨੫-੪੫੬ ਪੂਰਬ ਈਸਾ)— ਪ੍ਰਾਚੀਨ ਯੂਨਾਨ ਦਾ ਸਿਰਕੱਢ ਤ੍ਰਾਸਦਿਕ ਨਾਟਕਕਾਰ, ਕਲਾਸੀਕੀ ਤ੍ਰਾਸਦੀਆਂ ਦਾ ਕਰਤਾ।— ੧੧, ੧੨

**ਐਕਰਮਾਨ** (Eckermann), ਯੋਹਾਨ ਪੀਟਰ (੧੭੯੨-੧੮੫੪)— ਜਰਮਨ ਲੇਖਕ; "ਗੋਇਥੇ ਨਾਲ ਉਸ ਦੇ ਜੀਵਨ ਦੇ ਅੰਤਮ ਸਾਲਾਂ ਵਿਚ ਵਾਰਤਾਲਾਪ" ਦਾ ਲੇਖਕ ਤੇ ਪ੍ਰਕਾਸ਼ਕ।— ੭੮

**ਐਂਡਰਸਨ** (Anderson), ਜੇਮਜ਼ (੧੭੩੯-੧੮੦੮)— ਅੰਗ੍ਰੇਜ਼ ਅਰਥ-ਵਿਗਿਆਨੀ, ਜਿਸ ਨੇ ਅਵਕਲ ਲਗਾਨ ਦੇ ਮੁਖ ਲਛਣ ਨਿਸਚਿਤ ਕੀਤੇ।— ੧੩੩

**ਐਂਤੀਓਕਸ** IV ਐਪੀਫ਼ਾਨਸ— ਸੀਰੀਆ ਦਾ ਬਾਦਸ਼ਾਹ (੧੭੫-੧੬੪ ਪੂਰਬ ਈਸਾ), ਸੇਲੂਸਾਈਡੇ ਖਾਨਦਾਨ ਵਿਚੋਂ।— ੩੧੬

**ਐਨਗਲਹਾਰਡ** (Engelhard), ਮਾਫਲਾਲੇਨਾ ਫਿਲਪੀਨਾ (ਗਾਟਰਰ) (੧੭੫੬-੧੮੩੧)— ਘਟ ਜਾਣੀ ਜਾਂਦੀ ਜਰਮਨ ਕਵਿਤਰੀ।— ੭੮

**ਐਪੀਕਿਊਰਸ** (ਅਨੁਮਾਨਿਤ ੩੪੧-ਅਨੁਮਾਨਿਤ-੨੭੦ ਪੂਰਬ ਈਸਾ)— ਪ੍ਰਾਚੀਨ ਯੂਨਾਨ ਦਾ ਉੱਘਾ ਪਦਾਰਥਵਾਦੀ ਦਰਸ਼ਨਵੇਤਾ; ਅਨੀਸ਼ਵਰਵਾਦੀ।— ੫, ੯-੧੧, ੨੨, ੪੭, ੧੨੭, ੨੦੦

**ਐਵਾਲਡ** (Ewald), ਗਿਓਰਗ ਹਾਈਨਰਿਖ਼ (੧੮੦੩-੧੮੭੫) — ਜਰਮਨ ਦਰਸ਼ਨਵੇਤਾ ਅਤੇ ਪੂਰਬ-ਵਿਗਿਆਨੀ, ਬਾਈਬਲ ਦਾ ਖੋਜੀ। — ੧੯੫, ੩੨੯

**ਔਰੰਗਜ਼ੇਬ** (੧੬੧੮-੧੭੦੭) — ਹਿੰਦੁਸਤਾਨ ਦਾ ਸ਼ਹਿਨਸ਼ਾਹ (੧੬੫੮-੧੭੦੭), ਮਹਾਨ ਮੁਗਲ ਖਾਨਦਾਨ ਵਿਚੋਂ। — ੧੧੨

## ੲ

**ਇਆਮਬਲੀਕਸ** (ਮੌਤ ਅਨੁਮਾਨਿਤ, ੩੩੦ ਈਸਵੀ) — ਇਕ ਦਰਸ਼ਨਵੇਤਾ ਜਿਹੜਾ ਰੋਮਨ ਸ਼ਹਿਨਸ਼ਾਹੀ ਦੇ ਪਤਨ ਵੇਲੇ ਜੀਊਂਦਾ ਸੀ; ਰਹੱਸਵਾਦੀ। — ੧੭੩-੧੭੪

**ਇਰੇਨਾਈਅਸ** (ਅਨੁਮਾਨਿਤ ੧੩੦ — ਅਨੁਮਾਨਿਤ ੨੦੨ ਈਸਵੀ) — ਏਸ਼ੀਆ ਮਾਈਨਰ ਤੋਂ ਯੂਨਾਨੀ, ੧੭੭ ਈਸਵੀ ਦੇ ਸ਼ੁਰੂ ਤੋਂ ਉਹ ਲੀਓਨ ਦਾ ਲਾਟ-ਪਾਦਰੀ ਸੀ; "ਕੁਫ਼ਰਾਂ ਦੇ ਖਿਲਾਫ਼" ਅਤੇ ਦੂਜੀਆਂ ਕਿਤਾਬਾਂ ਦਾ ਲੇਖਕ ਜਿਨ੍ਹਾਂ ਵਿਚ ਉਸ ਨੇ ਈਸਾਈਅਤ ਦੀ ਹਮਾਇਤ ਕੀਤੀ। — ੨੧੦, ੩੩੧, ੩੩੨

## ਸ

**ਸ਼ਟਰਨਬਰਗ** (Sternberg), ਅਲੈਗਜ਼ਾਂਡਰ, ਬਾਰੋਨ ਫ਼ੋਨ (੧੮੦੬-੧੮੬੮) — ਪਿਛਾਂਹਖਿਚੂ ਜਰਮਨ ਲੇਖਕ। — ੭੯

**ਸ਼ਟਰਾਊਸ** (Strauß), ਡੇਵਿਡ ਫ਼ਰੀਡਰਿਖ (੧੮੦੮-੧੮੭੪) — ਜਰਮਨ ਦਰਸ਼ਨਵੇਤਾ ਅਤੇ ਨਿਬੰਧ-ਲੇਖਕ; ਅੰਜੀਲੀ ਮਿੱਥਾਂ ਦੀ ਖੋਜ ਲਈ ਉਘਾ। — ੩੪, ੧੯੩, ੨੦੪, ੨੨੧, ੨੨੩, ੨੪੫, ੩੧੨

**ਸਟਰਾਹਨ** (Strahan), ਵਿਲੀਅਮ (੧੭੧੫-੧੭੮੫) — ਹਿਊਮ, ਐਡਮ ਸਮਿਥ ਆਦਿ ਦੀਆਂ ਰਚਨਾਵਾਂ ਦਾ ਅੰਗ੍ਰੇਜ਼ ਪ੍ਰਕਾਸ਼ਕ। — ੧੩੧-੧੩੨

**ਸ਼ਟਾਰਕੇ** (Starcke), ਕਾਰਲ ਨਿਕੋਲਾਈ (੧੮੫੮-੧੯੨੬) — ਡੈਨਮਾਰਕ ਦਾ ਦਰਸ਼ਨਵੇਤਾ ਅਤੇ ਸਮਾਜ-ਵਿਗਿਆਨੀ। — ੨੧੩, ੨੨੮, ੨੩੩-੨੩੬, ੨੪੦, ੨੪੨, ੨੪੩

**ਸ਼ਟਿਰਨਰ** (Stirner), ਮਾਕਸ (ਕਾਸਪਰ ਸ਼ਮਿਡਟ ਦਾ ਕਲਮੀ ਨਾਂ) (੧੮੦੬-੧੮੫੬) — ਜਰਮਨ ਦਰਸ਼ਨਵੇਤਾ, ਯੁਵਕ ਹੀਗਲਵਾਦੀ, ਵਿਅਕਤੀਵਾਦ ਅਤੇ ਅਰਾਜਕਤਾਵਾਦ ਦਾ ਇਕ ਵਿਚਾਰਵੇਤਾ। — ੬੫, ੨੨੨, ੨੪੫, ੨੪੬

**ਸਟੂਆਰਟ** (Steuart), ਸਰ ਜੇਮਜ਼ (੧੭੧੨-੧੭੮੦) — ਅੰਗ੍ਰੇਜ਼ ਅਰਥ-ਵਿਗਿਆਨੀ, ਵਣਜਵਾਦ ਦੇ ਆਖਰੀ ਪ੍ਰਤਿਨਿਧਾਂ ਵਿਚੋਂ ਇਕ। — ੧੨੯

**ਸਟੂਆਰਟ** — ਸਕਾਟਲੈਂਡ ਵਿਚ (੧੩੭੧-੧੭੧੪) ਅਤੇ ਇੰਗਲੈਂਡ ਵਿਚ (੧੬੦੩-੧੭੧੪) ਬਾਦਸ਼ਾਹੀ ਦਾ ਖ਼ਾਨਦਾਨ। — ੨੯੧

**ਸ਼ਟੋਰਖ਼** (Storch), ਨਿਕਲਸ — ਟਸਵਿਕਾਊ ਦਾ ਜੁਲਾਹਾ; ਪੁਨਰ-ਬਪਤਿਸਮਾਵਾਦੀ ਫਿਰਕੇ ਦਾ ਮੁਖੀ; ਮਿਊਨਟਸਰ ਅਧੀਨ ਇਹ ਪਾਦਰੀਆਂ ਤੇ ਸਸਾਰਕ ਸਾਮੰਤੀ ਪ੍ਰਭੂਆਂ ਦੇ ਖਿਲਾਫ ਲੋਕ ਬਗ਼ਾਵਤ ਦਾ ਪਰਚਾਰਕ ਬਣ ਗਿਆ। — ੯੯

**ਸਪਾਰਟਾਕਸ** (ਮੌਤ ੭੧ ਪੂਰਬ ਈਸਾ) — ੭੩-੭੧ ਪੂਰਬ ਈਸਾ ਵਿਚ ਪ੍ਰਾਚੀਨ ਰੋਮ ਦੇ ਗੁਲਾਮਾਂ ਦੀ ਸਭ ਤੋਂ ਵੱਡੀ ਬਗ਼ਾਵਤ ਦਾ ਆਗੂ। — ੧੯੮

**ਸਪੀਨੋਜ਼ਾ** (Spinoza), ਬਾਰੁਖ (ਬੇਨੇਡਿਕਟ) (੧੬੩੨-੧੬੭੭) — ਸਿਰਕੱਢ ਡੱਚ ਪਦਾਰਥਵਾਦੀ ਦਰਸ਼ਨਵੇਤਾ, ਅਨੀਸ਼ਵਰਵਾਦੀ। — ੩੯, ੪੬, ੪੯, ੫੨, ੫੪, ੧੫੦, ੧੯੧

**ਸਮਿਥ** (Smith), ਐਡਮ (੧੭੨੩-੧੭੯੦) — ਅੰਗ੍ਰੇਜ਼ ਅਰਥ-ਵਿਗਿਆਨੀ, ਰਾਜਨੀਤਕ ਆਰਥਕਤਾ ਦੀ ਕਲਾਸੀਕੀ ਪਰਪਾਟੀ ਦੀ ਬੁਨਿਆਦ ਰੱਖੀ; ਪਾਦਰੀਆਂ ਵੱਲ ਆਪਣੇ ਖੁਣਸੀ ਵਤੀਰੇ ਲਈ ਅਤੇ ਇਕ ਸੁਤੰਤਰ-ਚਿੰਤਕ ਵਜੋਂ ਪ੍ਰਸਿਧ। — ੧੩੧-੧੩੩, ੨੭੦

**ਸਰਵੀਟਸ** (Servet), ਮੀਗੇਲ (੧੫੧੧-੧੫੫੩) — ਸਪੇਨ ਦਾ ਡਾਕਟਰ, ਲਹੂ ਦੇ ਗੇੜ ਵਿਚ ਅਹਿਮ ਖੋਜ ਕੀਤੀ; ਸੁਤੰਤਰ-ਚਿੰਤਕ ਹੋਣ ਕਾਰਨ ਕਾਲਵਿਨ ਦੁਆਰਾ ਸਾੜ ਕੇ ਮਰਦਾ ਦਿਤਾ ਗਿਆ। — ੧੪੭, ੧੮੬

**ਸਾਸਾਨੀ** — ਫਾਰਸ ਦਾ ਖਾਨਦਾਨ (੨੨੬-੬੫੧ ਈਸਵੀ) — ੧੧੬

**ਸਾਖ਼ਸ** (Sachs), ਹਾਂਸ (੧੪੯੪-੧੫੭੬) — ਜਰਮਨ ਦਸਤਕਾਰ, ਧਰਮ-ਸੁਧਾਰ ਲਹਿਰ ਸਮੇਂ ਦਾ ਕਵੀ ਤੇ ਸਵਰਕਾਰ; ਲੂਥਰ ਦਾ ਅਨੁਯਾਈ। — ੮੪

**ਸਾਂਕੇ** (Sankey), ਆਈਰਾ ਡੇਵਿਡ (੧੮੪੦-੧੯੦੮) — ਅਮ੍ਰੀਕੀ ਪ੍ਰੋਟੈਸਟੈਂਟ ਪਰਚਾਰਕ, "ਜਾਗਰਤੀਵਾਦ" ਲਹਿਰ ਦੇ ਜਥੇਬੰਦਕਾਂ ਵਿਚੋਂ ਇਕ। — ੨੯੫

**ਸ਼ਾਟ** (Schott) — ੩੦੬

**ਸ਼ਾਪਲਰ** (Schappeler), ਕ੍ਰਿਸਟੋਫ (੧੪੭੨-੧੫੫੧) — ਜਰਮਨ ਧਰਮ-ਸ਼ਾਸਤ੍ਰ ਦਾ ਡਾਕਟਰ, ਮਿਊਨਟਸਰ ਦਾ ਅਨੁਯਾਈ; ੧੫੨੪-੧੬੨੫ ਵਿਚ ਮੇਮਿੰਗਨ (ਉਤਲਾ ਸ਼ਵਾਬੀਆ) ਵਿਚ ਨਿਮਨ-ਵਰਗਾਂ ਦੇ ਵਿਰੋਧ ਦੀ ਅਗਵਾਈ ਕੀਤੀ। — ੧੦੮

**ਸਾਫਿਰ** (Saphir), ਮੋਰਿਟਜ਼ ਗੋਟਲੀਬ (੧੭੯੫-੧੮੫੮)— ਆਸਟਰੀਆ ਦਾ ਹਾਸ-ਰੱਸੀ ਕਵੀ।— ੭੯

**ਸਾਲੋਮਨ** — ਸੰਯੁਕਤ ਇਜ਼ਰਾਈਲੀ ਯਹੂਦੀ ਬਾਦਸ਼ਾਹੀ ਦਾ ਬਾਦਸ਼ਾਹ (ਅਨੁਮਾਨਿਤ ੯੬੦-੯੩੫ ਪੂਰਬ ਈਸਾ)— ੮੨

**ਸਿਸਰੋ**, ਮਾਰਕੁਸ ਤੁਲੀਊਸ (੧੦੬-੪੩ ਪੂਰਬ ਈਸਾ)— ਰੋਮ ਦਾ ਭਾਸ਼ਨਕਾਰ, ਰਾਜਨੇਤਾ ਅਤੇ ਸਰਬ-ਗ੍ਰਹੀ ਦਰਸ਼ਨਵੇਤਾ।— ੯, ੨੨

**ਸਿਕੰਦਰ ਮਹਾਨ, ਮਕਦੂਨੀਆ ਦਾ** (੩੫੬-੩੨੩ ਪੂਰਬ ਈਸਾ)— ਪ੍ਰਾਚੀਨ ਰੋਮ ਦਾ ਪ੍ਰਸਿਧ ਸੈਨਿਕ ਤੇ ਰਾਜਨੇਤਾ; ਮਕਦੂਨੀਆ ਦਾ ਬਾਦਸ਼ਾਹ (੩੩੬-੩੨੩ ਪੂਰਬ ਈਸਾ)— ੨੧, ੨੨, ੩੨੪

**ਸ਼ਿਲਰ** (Schiller), ਯੋਹਾਨ ਕ੍ਰਿਸਟੋਫ ਫਰੀਡਰਿਖ਼ (੧੭੫੯-੧੮੦੫)— ਮਹਾਨ ਜਰਮਨ ਲੇਖਕ।— ੭੮, ੨੩੪

**ਸੁਕਰਾਤ** (ਅਨੁਮਾਨਿਤ ੪੬੯-ਅਨੁਮਾਨਿਤ ੩੯੯ ਪੂਰਬ ਈਸਾ)— ਪ੍ਰਾਚੀਨ ਯੂਨਾਨ ਦਾ ਆਦਰਸ਼ਵਾਦੀ ਦਰਸ਼ਨਵੇਤਾ, ਗੁਲਾਮ-ਮਾਲਕ ਅਮੀਰਸ਼ਾਹੀ ਦਾ ਵਿਚਾਰਵੇਤਾ।— ੨੧, ੩੦੭

**ਸੂਲੀ** (Sully), ਡਿਊਕ, ਮਕਸੀਮਿਲਿਯੇ (੧੫੫੯-੧੬੪੧)— ਫ਼ਰਾਂਸੀਸੀ ਅਰਥ-ਵਿਗਿਆਨੀ, ਫ਼ਰਾਂਸ ਦੇ ਬਾਦਸ਼ਾਹ, ਆਂਰੀ ਚੌਥੇ ਦਾ, ਪਹਿਲਾ ਮੰਤਰੀ।— ੧੩੧

**ਸ਼ੇਕਸਪੀਅਰ** (Shakespeare), ਵਿਲੀਅਮ (੧੫੬੪-੧੬੧੬)— ਮਹਾਨ ਅੰਗ੍ਰੇਜ਼ ਲੇਖਕ।— ੨੯

**ਸੇਕੀ** (Secchi), ਆਂਜੇਲੋ (੧੮੧੮-੧੮੭੮)— ਇਟਲੀ ਦਾ ਕੈਥੋਲਿਕ ਪਾਦਰੀ ਤੇ ਖਗੋਲ-ਵਿਗਿਆਨੀ; ਉਸ ਦੀ ਰਚਨਾਵਾਂ ਨੇ ਬ੍ਰਹਿਮੰਡ ਦੇ ਮੂਲ ਦੀ ਧਾਰਮਿਕ ਵਿਆਖਿਆ ਨੂੰ ਚੋਖੀ ਸੱਟ ਮਾਰੀ।— ੧੪੩, ੧੫੮, ੧੬੪, ੧੯੦

**ਸੇਂਤ ਸਾਈਮਨ** (Saint-Simon), ਆਂਰੀ (੧੭੬੦-੧੮੨੫)— ਫ਼ਰਾਂਸ ਦਾ ਮਹਾਨ ਯੂਟੋਪੀਆਈ ਸੋਸ਼ਲਿਸਟ।— ੧੫੧, ੨੭੧, ੩੨੨

**ਸੈਨੇਕਾ**, ਲੂਸੀਅਸ ਐਨਾਈਉਸ (ਅਨੁਮਾਨਿਤ ੪ ਪੂਰਬ ਈਸਾ-੬੫ ਈਸਵੀ)— ਰੋਮ ਦਾ ਸਹਿਜ-ਮਾਰਗੀ ਦਰਸ਼ਨਵੇਤਾ; ਨੀਤੀਵਾਨ, ਲੇਖਕ। ਸੈਨੇਕਾ ਦੇ ਨੈਤਿਕ ਵਿਚਾਰ ਈਸਾਈਅਤ ਦਾ ਇਕ ਵਿਚਾਰਧਾਰਕ ਸੋਮਾ ਬਣੇ।— ੧੯੪, ੧੯੬, ੧੯੭, ੧੯੯, ੨੦੬, ੩੧੩

**ਸ਼ੈਫਟਸਬਰੀ** (Shaftesbury), ਐਨਥਨੀ, ਕਾਊਂਟ (੧੬੭੧-੧੭੧੩) — ਅੰਗ੍ਰੇਜ਼ ਦਰਸ਼ਨਵੇਤਾ-ਦੇਵਵਾਦੀ ਅਤੇ ਰਾਜਨੇਤਾ; ਵਿੱਗ। — ੧੧੮, ੨੯੧

**ਸੈਲਿਊਕਿਸ** — ਸੀਰੀਆਈ ਬਾਦਸ਼ਾਹੀ ਦਾ ਖਾਨਦਾਨ (੩੧੨-੬੪ ਪੂਰਬ ਈਸਾ) — ੩੨੯

**ਸ਼ੈਲਿੰਗ** (Schelling), ਫਰੀਡਰਿਖ਼ ਵਿਲਹੈਲਮ ਯੋਜ਼ੇਫ਼ (੧੭੭੫-੧੮੫੪) — ਸਿਰਕੱਢ ਜਰਮਨ ਦਰਸ਼ਨਵੇਤਾ; ਜਰਮਨ ਕਲਾਸੀਕੀ ਦਰਸ਼ਨ ਦਾ ਇਕ ਪ੍ਰਤਿਨਿਧ; ਵਸਤੂਮੁਖੀ ਆਦਰਸ਼ਵਾਦੀ। ਬਾਅਦ ਵਿਚ ਪਿਛਾਂਹਖਿਚੂ ਬਣ ਗਿਆ ਜਿਸ ਨੂੰ ਧਰਮ ਵਿਚ ਵਿਗਿਆਨ ਤੇ ਦਰਸ਼ਨ ਤੋਂ ਵਧ ਵਿਸ਼ਵਾਸ ਸੀ। — ੩੨

ਹ

**ਹਕਸਲੇ** (Huxley), ਥਾਮਸ ਹੈਨਰੀ (੧੮੨੫-੧੮੯੫) — ਅੰਗ੍ਰੇਜ਼ ਪ੍ਰਕਿਰਤੀਵਾਦੀ, ਚਾਰਲਸ ਡਾਰਵਿਨ ਦਾ ਨਿਕਟਵਰਤੀ ਸਾਥੀ ਅਤੇ ਉਸ ਦੇ ਮੱਤ ਦਾ ਪਰਚਾਰ ਕਰਨ ਵਾਲਾ। — ੧੮੩

**ਹਰਮੇਜ਼** (Hermes), ਕਾਰਲ ਹਾਈਨਰਿਖ (੧੮੦੦-੧੮੫੬) — ਪਿਛਾਂਹਖਿਚੂ ਜਰਮਨ ਲੇਖਕ ਤੇ ਪਤਰਕਾਰ; ੧੮੪੨ ਵਿਚ "Kölnische Zeitung" ਦੇ ਸੰਪਾਦਕਾਂ ਵਿਚੋਂ ਇਕ, ਪਰੂਸ਼ੀਆ ਦੀ ਸਰਕਾਰ ਦਾ ਗੁਪਤ ਏਜੰਟ। — ੧੬-੨੦, ੨੧-੨੯

**ਹਲਵੇਟੀਅਸ** (Helvétius), ਕਲੋਦ ਆਦਰੀਆਨ (੧੭੧੫-੧੭੭੧) — ਫ਼ਰਾਂਸ ਦਾ ਪਦਾਰਥਵਾਦੀ ਦਰਸ਼ਨਵੇਤਾ, ਅਨੀਸ਼ਵਰਵਾਦੀ; ਫ਼ਰਾਂਸ ਦੀ ਇਨਕਲਾਬੀ ਬੁਰਜੂਆਜ਼ੀ ਦੇ ਵਿਚਾਰਵੇਤਾਵਾਂ ਵਿਚੋਂ ਇਕ। — ੪੮, ੫੨, ੫੩

**ਹਾਈਨੇ** (Heine), ਹਾਈਨਰਿਖ਼ (੧੭੯੭-੧੮੫੬) — ਮਹਾਨ ਜਰਮਨ ਇਨਕਲਾਬੀ ਕਵੀ। — ੧੯੪, ੨੧੪, ੩੨੨

**ਹਾਦ੍ਰੀਅਨ** (ਜਾਂ **ਆਦਰੀਆਨ**) — ਪੁਬਲਿਅਸ ਐਲਿਅਸ ਆਦਰੀਆਨ (੭੬-੧੩੮ ਈਸਵੀ) — ਰੋਮ ਦਾ ਸ਼ਹਿਨਸ਼ਾਹ (੧੧੭-੧੩੮ ਈਸਵੀ)। — ੩੧੩

**ਹਾਫਿਜ਼**, ਸ਼ਮਸ-ਉ-ਦੀਨ ਮੁਹੰਮਦ (ਅਨੁਮਾਨਿਤ ੧੩੦੦-ਅਨੁਮਾਨਿਤ ੧੩੮੯) — ਫ਼ਾਰਸੀ ਦਾ ਕਵੀ; ਤਾਜਿਕ ਸਾਹਿਤ ਦਾ ਪ੍ਰਮਾਣੀਕ ਪ੍ਰਤਿਨਿਧ, ਜਨਮ ਤੋਂ ਤਾਜਿਕ। — ੮੧

**ਹਾਬਸ** (Hobbes), ਥਾਮਸ (੧੫੮੮-੧੬੭੯) — ਅੰਗ੍ਰੇਜ਼ ਪਦਾਰਥਵਾਦੀ

**ਦ**ਰਸ਼ਨਵੇਤਾ। ਉਸ ਦੇ ਸਮਾਜਕ ਤੇ ਰਾਜਨੀਤਕ ਵਿਚਾਰ ਜ਼ਬਰਦਸਤ ਜਮਹੂਰੀਅਤ-**ਵਿ**ਰੋਧੀ ਸਨ। — ੩੯, ੪੭, ੫੦-੫੨, ੭੨, ੧੩੧, ੨੨੭, ੨੭੮-੨੮੦, ੨੯੦, ੨੯੧

**ਹਾਰਟਲੇ** (Hartley), ਡੇਵਿਡ (੧੭੦੫-੧੭੫੭) — ਅੰਗ੍ਰੇਜ਼ ਡਾਕਟਰ ਅਤੇ **ਪ**ਦਾਰਥਵਾਦੀ ਦਰਸ਼ਨਵੇਤਾ। — ੫੨, ੨੭੯

**ਹਾਲ** (Hall), ਸਪੈਨਸਰ ਟਿਮਥੀ (੧੮੧੨-੧੮੮੫) — ਅੰਗ੍ਰੇਜ਼ ਰੂਹਪ੍ਰਸਤੀ **ਅ**ਤੇ ਕਪਾਲ ਗਿਆਨ ਦਾ ਮਾਹਰ। — ੧੭੦, ੧੭੧

**ਹਿਊਮ** (Hume), ਡੇਵਿਡ (੧੭੧੧-੧੭੭੬) — ਅੰਗ੍ਰੇਜ਼ ਦਰਸ਼ਨਵੇਤਾ, **ਆ**ਤਮਮੁਖੀ ਆਦਰਸ਼ਵਾਦੀ, ਅਬੋਧਵਾਦੀ; ਬੁਰਜੂਆ ਇਤਿਹਾਸਕਾਰ ਤੇ ਅਰਥ-**ਵਿ**ਗਿਆਨੀ; ਸ਼ੰਕਾਵਾਦੀ ਅਤੇ ਧਰਮ ਦੇ ਮਸਲਿਆਂ ਬਾਰੇ ਸੁਤੰਤਰ-ਚਿੰਤਕ। — ੧੦, ੧੧, ੧੩੧-੧੩੩, ੨੨੬

**ਹੁਮਬੋਲਡਟ** (Humbolbt), ਅਲੇਗਜ਼ਾਂਡਰ (੧੭੬੯-੧੮੫੯) — ਸਿਰਕੱਢ **ਜ**ਰਮਨ ਪ੍ਰਕਿਰਤੀਵਾਦੀ। — ੧੮੭-੧੮੮

**ਹੀਗਲ** (Hegel), ਗਿਓਰਗ, ਵਿਲਹੈਲਮ ਫਰੀਡਰਿਖ (੧੭੭੦-੧੮੩੧) — **ਮ**ਹਾਨ ਜਰਮਨ ਦਰਸ਼ਨਵੇਤਾ, ਵਸਤੂਮੁਖੀ ਆਦਰਸ਼ਵਾਦੀ, ਆਦਰਸ਼ਵਾਦੀ ਦਵੰਦਵਾਦ **ਨੂੰ** ਸਰਬੰਗੀ ਵਿਸਥਾਰ ਦੇਣ ਵਾਲਾ। — ੧੦, ੩੨, ੩੯, ੪੧, ੪੬, ੫੩, ੧੦੧, ੧੯੨, **੨**੧੩, ੨੧੪-੨੨੩, ੨੨੫-੨੨੯, ੨੩੧, ੨੩੯, ੨੪੦, ੨੪੬-੨੪੯, ੨੫੨, ੨੫੫, **੨**੫੮, ੨੮੩

**ਹੁਟਨ** (Hutten), ਊਲਰਿਖ਼ ਫ਼ੋਨ (੧੪੮੮-੧੫੨੩) — ਜਰਮਨ ਮਾਨਵਵਾਦੀ ਅਤੇ ਕਵੀ; ਧਰਮ-ਸੁਧਾਰ ਦਾ ਹਮਾਇਤੀ; ਰੋਮਨ ਕੈਥੋਲਿਕ ਚਰਚ ਦੇ ਖਿਲਾਫ਼ ਲੜਿਆ; ਸਾਮੰਤੀ ਸੂਰਮਾਸ਼ਾਹੀ ਦਾ ਇਕ ਵਿਚਾਰਵੇਤਾ ਅਤੇ ੧੫੨੨-੧੫੨੩ ਦੀ ਸਾਮੰਤੀ ਸੂਰਮਾਵਾਂ ਦੀ ਬਗ਼ਾਵਤ ਵਿਚ ਹਿੱਸਾ ਲੈਣ ਵਾਲਾ। — ੯੬

**ਹੁਸ** (Hus), ਯਾਨ (ਅਨੁਮਾਨਿਤ ੧੩੬੯-੧੪੧੫) — ਸਿਰਕੱਢ ਬੋਹੇਮੀਅਨ ਸੁਧਾਰਕ; ਪਰਾਗ ਯੂਨੀਵਰਸਿਟੀ ਦਾ ਪ੍ਰੋਫੈਸਰ; ਚੈਕ ਕੌਮੀ-ਮੁਕਤੀ ਲਹਿਰ ਦਾ ਪ੍ਰੇਰਕ; ਕੁਫਰ ਦਾ ਦੋਸ਼ੀ ਠਹਿਰਾਇਆ ਗਿਆ ਅਤੇ ਅੱਗ ਵਿਚ ਸਾੜਿਆ ਗਿਆ। — ੮੮

**ਹੂਬਮਾਈਰ** (Hubmaier), ਬਾਲਥਾਜ਼ਾਰ (ਮੌਤ ੧੫੨੮) — ਮਿਊਨਟਸਰ ਦਾ ਅਨੁਯਾਈ ਅਤੇ ਲੋਕ-ਪ੍ਰੀਯ ਧਰਮ-ਸੁਧਾਰ ਦਾ ਪਰਚਾਰਕ; ਸ਼ਵਾਰਟਸਵਾਲਡ ਵਿਚ

ਕਿਸਾਨਾਂ ਤੇ ਸ਼ਹਿਰ-ਨਿਵਾਸੀਆਂ ਦੀ ਬਗਾਵਤ ਨੂੰ ਪ੍ਰੇਰਨ ਵਾਲਿਆਂ ਵਿਚੋਂ ਇਕ; ੧੫੨੯ ਵਿਚ ਬੰਨ੍ਹ ਕੇ ਸਾੜ ਦਿਤਾ ਗਿਆ।— ੧੦੮

**ਹੇਰਾਕਲਾਈਟਸ** (ਅਨੁਮਾਨਿਤ ੫੪੦-ਅਨੁਮਾਨਿਤ ੪੮੦ ਪੂਰਬ ਈਸਾ)— ਪ੍ਰਾਚੀਨ ਯੂਨਾਨ ਦਾ ਪਦਾਰਥਵਾਦੀ ਦਰਸ਼ਨਵੇਤਾ, ਦਵੰਦਵਾਦ ਦੇ ਬਾਨੀਆਂ ਵਿਚੋਂ ਇਕ।— ੩੯

**ਹੈਨਰੀ ਸਤਵਾਂ** (੧੪੫੭-੧੫੦੯)— ਇੰਗਲੈਂਡ ਦਾ ਬਾਦਸ਼ਾਹ (੧੪੮੫-੧੫੦੯)।— ੨੮੯

**ਹੈਨਰੀ ਅਠਵਾਂ** (੧੪੯੧-੧੫੪੭) — ਇੰਗਲੈਂਡ ਦਾ ਬਾਦਸ਼ਾਹ (੧੫੦੯-੧੫੪੭)।— ੨੮੯

**ਹੈਰਸ਼ਲ** (Herschel), ਵਿਲੀਅਮ ਫਰੀਡਰਿਖ ਵਿਲਹੈਲਮ (੧੭੩੮-੧੮੨੨) — ਸਿਰਕੱਢ ਅੰਗ੍ਰੇਜ਼ ਖਗੋਲ-ਵਿਗਿਆਨੀ ਅਤੇ ਦ੍ਰਿਸ਼ਟੀ-ਵਿਗਿਆਨੀ; ਜਨਮ ਤੋਂ ਜਰਮਨ।— ੧੫੨

**ਹੋਰਨ** (Horne), ਜਾਰਜ (੧੭੩੦-੧੭੯੨)— ਐਸਟੈਬਲਿਸ਼ਡ ਚਰਚ ਦਾ ਲਾਟ-ਪਾਦਰੀ।— ੧੩੨

**ਹੋਲਬਾਖ਼** (Holbach), ਪਾਲ ਆਨਰੀ (੧੭੨੩-੧੭੮੯)— ਫ਼ਰਾਂਸ ਦਾ ਪਦਾਰਥਵਾਦੀ ਦਰਸ਼ਨਵੇਤਾ, ਅਨੀਸ਼ਵਰਵਾਦੀ, ਫ਼ਰਾਂਸ ਦੀ ਇਨਕਲਬੀ ਬੁਰਜੂਆਜ਼ੀ ਦੇ ਵਿਚਾਰਵੇਤਾਵਾਂ ਵਿਚੋਂ ਇਕ।— ੫੩

## ਕ

**ਕਨਸਤਨਤੀਨ** ("ਮਹਾਨ") (ਅਨੁਮਾਨਿਤ ੨੭੪-੩੩੭ ਈਸਵੀ) — ਰੋਮ ਦਾ ਸ਼ਹਿਨਸ਼ਾਹ (੩੦੬-੩੩੭)।— ੧੯੩, ੩੧੩, ੩੧੭

**ਕਨੀਗੇ** (Knigge), ਅਡੋਲਫ (੧੭੫੨-੧੭੯੬)— ਜਰਮਨ ਲੇਖਕ।— ੮੧

**ਕ੍ਰਾਮਵੈਲ** (Cromwell), ਆਲਿਵਰ (੧੫੯੯-੧੬੫੮)— ੧੭-ਵੀਂ ਸਦੀ ਦੇ ਅੰਗ੍ਰੇਜ਼ ਬੁਰਜੂਆ ਇਨਕਲਾਬ ਦੀ ਅਗਵਾਈ ਕੀਤੀ, ਬੁਰਜੂਆਜ਼ੀ ਅਤੇ "ਨਵੀਂ ਰਾਠਸ਼ਾਹੀ" ਦਾ ਆਗੂ, ੧੬੫੩ ਤੋਂ— ਇੰਗਲੈਂਡ, ਸਕਾਟਲੈਂਡ ਤੇ ਆਇਰਲੈਂਡ ਦਾ ਲਾਰਡ ਪ੍ਰੋਟੈਕਟਰ।— ੨੮੮

**ਕਰੁਕਸ** (Crookes), ਵਿਲੀਅਮ (੧੮੩੨-੧੯੧੯)— ਅੰਗ੍ਰੇਜ਼ ਭੌਤਿਕ-ਵਿਗਿਆਨੀ ਅਤੇ ਰਸਾਇਣ-ਵਿਗਿਆਨੀ; ਰੂਹਪ੍ਰਸਤੀ ਦਾ ਸ਼ੌਕ ਸੀ।— ੧੭੬, ੧੭੮, ੧੮੨, ੧੮੩

**ਕਰੂਗ** (Krug), ਵਿਲਹੈਲਮ ਟਰਾਊਗੌਟ (੧੭੭੦-੧੮੪੨) — ਜਰਮਨ ਆਦਰਸ਼ਵਾਦੀ ਦਰਸ਼ਨਵੇਤਾ। — ੭੮

**ਕਲਾਊਦੀਅਸ** (੧੦ ਪੂਰਬ ਈਸਾ-੫੪ ਈਸਵੀ) — ਰੋਮ ਦਾ ਸ਼ਹਿਨਸ਼ਾਹ (੪੧-੫੪ ਈਸਵੀ)। — ੨੧੧, ੩੩੦

**ਕਲਾਰਕ** (Clarke), ਸੈਮੂਅਲ (੧੬੭੫-੧੭੨੯) — ਅੰਗ੍ਰੇਜ਼ ਧਰਮ-ਸ਼ਾਸਤ੍ਰੀ ਅਤੇ ਆਦਰਸ਼ਵਾਦੀ ਦਰਸ਼ਨਵੇਤਾ। — ੨੩

**ਕਲੋਪਸ਼ਟੋਕ** (Klopstock), ਫਰੀਡਰਿਖ਼ ਗੋਟਲੀਬ (੧੭੨੪-੧੮੦੩) — ਜਰਮਨ ਕਵੀ, ਜਰਮਨੀ ਵਿਚ ਬੁਰਜੂਆ ਪ੍ਰਬੁਧਤਾ ਲਹਿਰ ਦੇ ਪਹਿਲੇ ਪ੍ਰਤਿਨਿਧਾਂ ਵਿਚੋਂ ਇਕ। — ੮੩

**ਕਾਂਟ** (Kant), ਐਮਾਨੂਐਲ (੧੭੨੪-੧੮੦੪) — ਕਲਾਸੀਕੀ ਜਰਮਨ ਦਰਸ਼ਨ ਦਾ ਮੋਢੀ, ਆਦਰਸ਼ਵਾਦੀ, ਜਰਮਨ ਬੁਰਜੂਆਜ਼ੀ ਦਾ ਵਿਚਾਰਵੇਤਾ, ਪ੍ਰਾਕਿਰਤਕ ਵਿਗਿਆਨਾਂ ਦੇ ਖੇਤਰ ਵਿਚ ਆਪਣੀਆਂ ਲਿਖਤਾਂ ਕਰਕੇ ਵੀ ਉਘਾ। — ੧੫੧-੧੫੩, ੧੫੫, ੧੫੬, ੧੮੮, ੨੧੫, ੨੨੬-੨੨੮, ੨੩੪, ੨੪੪, ੨੮੩

**ਕਾਪ** (Kopp), ਗੈਰਮਾਨ ਫਰਾਂਟਸ (੧੮੧੭-੧੮੯੨) — ਜਰਮਨ ਰਸਾਇਣ-ਵਿਗਿਆਨੀ ਅਤੇ ਰਸਾਇਣ-ਵਿਗਿਆਨ ਦਾ ਇਤਿਹਾਸਕਾਰ। — ੨੩੮

**ਕਾਪਰਨੀਕਸ** (Kopernik), ਨਿਕਲਾਊਸ (੧੪੭੩-੧੫੪੩) — ਪੋਲੈਂਡ ਦਾ ਮਹਾਨ ਖਗੋਲ-ਵਿਗਿਆਨੀ, ਬ੍ਰਹਿਮੰਡ ਦੀ ਸੂਰਜ-ਕੇਂਦਰਿਕ ਪ੍ਰਣਾਲੀ ਦਾ ਮੋਢੀ ਜਿਸ ਨੇ ਬ੍ਰਹਿਮੰਡ ਦੇ ਧਾਰਮਿਕ ਸੰਕਲਪਾਂ ਨੂੰ ਕਰਾਰੀ ਸੱਟ ਮਾਰੀ; ਕੈਥੋਲਿਕ ਚਰਚ ਨੇ ਉਸ ਦੇ ਮੱਤ ਉਤੇ ਸਖ਼ਤ ਜ਼ੁਲਮ ਕੀਤੇ। — ੩੯, ੧੪੭, ੧੫੦, ੧੮੭, ੨੨੭

**ਕਾਬਡਨ** (Cobden), ਰਿਚਰਡ (੧੮੦੪-੧੮੬੫) — ਅੰਗ੍ਰੇਜ਼ ਮਿਲ ਮਾਲਕ, ਨੀਤੀਵਾਨ, ਅਨਾਜ ਸੰਬੰਧੀ ਕਾਨੂੰਨਾਂ ਦੀ ਵਿਰੋਧੀ ਪਾਰਟੀ ਦੇ ਮੋਢੀਆਂ ਵਿਚੋਂ ਇਕ। — ੨੯੭

**ਕਾਬਾਨਿਸ** (Cabanis), ਪਿਯੇਰ ਜਾਂ ਜਾਰਜ (੧੭੫੭-੧੮੦੮) — ਫ਼ਰਾਂਸੀਸੀ ਡਾਕਟਰ, ਪਦਾਰਥਵਾਦੀ ਦਰਸ਼ਨਵੇਤਾ। — ੪੭

**ਕਾਮਪਾਨੇਲਾ** (Campanella), ਥੋਮਾਜ਼ੋ (੧੫੬੮-੧੬੩੯) — ਇਤਾਲਵੀ ਦਰਸ਼ਨਵੇਤਾ, ਯੂਟੋਪੀਆਈ ਕਮਿਊਨਿਜ਼ਮ ਦੇ ਪ੍ਰਤਿਨਿਧਾਂ ਵਿਚੋਂ ਇਕ, ਕੈਥੋਲਿਕ ਚਰਚ ਨੇ ਧਰਮ ਤੇ ਰਾਜਨੀਤੀ ਬਾਰੇ ਉਹਦੇ ਅਗਾਂਹ-ਵਧੂ ਵਿਚਾਰਾਂ ਬਦਲੇ ਉਸ ਨੂੰ ਤਸੀਹੇ ਦਿਤੇ। — ੩੯

**ਕਾਰਟਰਾਈਟ** (Cartwright), ਐਡਮੰਡ (੧੭੪੩-੧੮੨੩) — ਉੱਘਾ ਅੰਗ੍ਰੇਜ਼ ਕਾਢਕਾਰ। — ੨੯੩

**ਕਾਰੀਯੇਰ** (Carrière), ਮੌਰਿਟਸ (੧੮੧੭-੧੮੯੫) — ਜਰਮਨ ਆਦਰਸ਼ਵਾਦੀ ਦਰਸ਼ਨਵੇਤਾ, ਸੁਹਜ-ਸ਼ਾਸਤ੍ਰ ਦਾ ਪ੍ਰੋਫੈਸਰ। — ੭੮

**ਕਾਲਵਿਨ** (Calvin), ਜਾਂ (੧੫੦੯-੧੫੬੪) — ਧਰਮ ਸੁਧਾਰ ਲਹਿਰ ਦੀ ਸਿਰਕੱਢ ਸ਼ਖਸੀਅਤ, ਕਾਲਵਿਨਵਾਦ ਦੀ ਬੁਨਿਆਦ ਰੱਖੀ, ਪ੍ਰੋਟੈਸਟੈਂਟਵਾਦ ਦਾ ਇਕ ਮੱਤ ਜਿਹੜਾ ਸਵਿਟਜ਼ਰਲੈਂਡ, ਨੀਦਰਲੈਂਡ, ਬਰਤਾਨੀਆ ਅਤੇ ਫ਼ਰਾਂਸ ਵਿਚ ਵਿਸ਼ਾਲ ਰੂਪ ਵਿਚ ਫੈਲਿਆ। — ੧੪੭, ੨੬੪, ੨੮੭, ੨੮੮

**ਕਾਲਿਨਜ਼** (Collins), ਐਨਥਨੀ (੧੬੭੬-੧੭੨੯) — ਅੰਗ੍ਰੇਜ਼ ਪਦਾਰਥਵਾਦੀ ਦਰਸ਼ਨਵੇਤਾ, ਅਮਰ ਆਤਮਾ ਦੇ ਧਾਰਮਿਕ ਮੱਤ ਨੂੰ ਰੱਦ ਕੀਤਾ। — ੫੨, ੨੭੯

**ਕਾਲੀਗੂਲਾ** (੧੨-੪੧ ਈਸਵੀ) — ਰੋਮ ਦਾ ਸ਼ਹਿਨਸ਼ਾਹ (੩੭-੪੧ ਈਸਵੀ)। — ੨੧੧, ੩੩੦

**ਕਾਵਾਰਡ** (Coward), ਵਿਲੀਅਮ (ਅਨੁਮਾਨਿਤ ੧੬੫੬-੧੭੨੫) — ਅੰਗ੍ਰੇਜ਼ ਡਾਕਟਰ ਅਤੇ ਪਦਾਰਥਵਾਦੀ ਦਰਸ਼ਨਵੇਤਾ, ਅਮਰ ਆਤਮਾ ਅਤੇ ਅਣਪਦਾਰਥਕ ਮੂਲ-ਤੱਤ ਦੀ ਹੋਂਦ ਦੇ ਮੱਤ ਨੂੰ ਰੱਦ ਕਤਾ। — ੫੨, ੨੭੯

**ਕਿਉਪਨ** (Köppen), ਕਾਰਲ ਫਰੀਡਰਿਖ (੧੮੦੮-੧੮੬੩) — ਜਰਮਨ ਪਤਰਕਾਰ ਤੇ ਇਤਿਹਾਸਕਾਰ, ਯੁਵਕ ਹੀਗਲਵਾਦੀ। — ੧੦

**ਕੁਵੀਯੇ** (Cuvier), ਜਾਰਜ (੧੭੬੯-੧੮੩੨) — ਫ਼ਰਾਂਸੀਸੀ ਪ੍ਰਕਿਰਤੀਵਾਦੀ, ਜੀਵ-ਵਿਗਿਆਨੀ ਅਤੇ ਪਥਰਾਏ ਜੀਵਾਂ ਦੇ ਅਧਿਅਨ ਦਾ ਮਾਹਿਰ; ਇਸ ਦੇ ਨਾਲ ਹੀ ਪਰਲੋ ਦੇ ਆਦਰਸ਼ਵਾਦੀ ਸਿਧਾਂਤ ਦੀ ਹਮਾਇਤ ਕੀਤੀ। — ੧੫੩, ੧੮੮

**ਕੂਹਲਮਾਨ** (Kuhlmann), ਗੇਓਰਗ — ਆਸਟਰੀਆ ਦੀ ਸਰਕਾਰ ਦੀ ਸੇਵਾ ਵਿਚ ਲੱਗਾ ਭੜਕਾਹਟ ਪੈਦਾ ਕਰਨ ਵਾਲਾ ਏਜੰਟ; "ਪੈਗੰਬਰ" ਹੋਣ ਦਾ ਦੰਭ ਰਚਿਆ ਸਵਿਟਜ਼ਰਲੈਂਡ ਵਿਚ ਵਾਈਟਲਿੰਗ ਦੇ ਹਮਾਇਤੀ ਜਰਮਨ ਦਸਤਕਾਰਾਂ ਵਿਚ ਧਾਰਮਿਕ ਲਫਾਜ਼ੀ ਦੀ ਵਰਤੋਂ ਕਰਕੇ "ਸੱਚੇ ਸੋਸ਼ਲਿਜ਼ਮ" ਦੇ ਵਿਚਾਰਾਂ ਦਾ ਪਰਚਾਰ ਕੀਤਾ। — ੩੦੯, ੩੧੦

**ਕੂਨਟਸੇ**, ਅ.। — ੭੯

**ਕੇਨੇ** (Qnesnay), ਫ਼ਰਾਂਸੂਆ (੧੬੯੪-੧੭੭੪) — ਫ਼ਰਾਂਸੀਸੀ ਅਰਥ-ਵਿਗਿਆਨੀ, ਭੂਅਰਥ-ਵਿਗਿਆਨਕ ਪਰਪਾਟੀ ਦਾ ਮੋਢੀ। — ੧੩੧

**ਕੈਸਰ**, ਗੇਈਅਸ ਜੂਲੀਅਸ (ਅਨੁਮਾਨਿਤ ੧੦੦-੪੪ ਪੂਰਬ ਈਸਾ) — ਰੋਮਨ ਫ਼ੌਜੀ ਅਤੇ ਰਾਜਨੇਤਾ। — ੧੯੪

**ਕੈਟਲਰ** (Ketteler), ਵਿਲਹੈਲਮ (੧੮੧੧-੧੮੭੭) — ਮਾਈਨਟ ਦਾ ਲਾਟ ਪਾਦਰੀ। — ੧੮੩

**ਕੈਂਟੀਲੋਂਨ** (Cantillon), ਰਿਚਰਡ (ਅਨੁਮਾਨਿਤ ੧੬੮੦-੧੭੩੪) — ਅੰਗ੍ਰੇਜ਼ ਅਰਥ-ਵਿਗਿਆਨੀ ਤੇ ਵਪਾਰੀ, ਕੂਅਰਥ-ਵਿਗਿਆਨਕ ਪਰਪਾਟੀ ਦਾ ਉਤਰ-ਅਧਿਕਾਰੀ। — ੧੩੧

**ਕੈਪਲਰ** (Kepler), ਯੋਹਾਨ (੧੫੭੧-੧੬੩੦) — ਜਰਮਨ ਖਗੋਲ-ਵਿਗਿਆਨੀ; ਕਾਪਰਨੀਕਸ ਦੀ ਸਿਖਿਆ ਨੂੰ ਆਧਾਰ ਬਣਾਕੇ ਨਿਛੱਤਰੀ ਗਤੀਆਂ ਦੇ ਨੇਮ ਲਭੇ; ਇਹਨਾਂ ਲਭਤਾਂ ਨੇ ਬ੍ਰਹਿਮੰਡ ਬਾਰੇ ਧਾਰਮਿਕ ਸੰਕਲਪਾਂ ਨੂੰ ਮਾਰੂ ਸੱਟ ਲਾਈ। — ੧੪੮, ੧੮੭

**ਕੋਨਦੀਲਯਾਕ** (Condillac), ਐਤਏਨ ਬੋਨੋ (੧੭੧੫-੧੭੮੦) — ਫ਼ਰਾਂਸੀਸੀ ਦੇਵਵਾਦੀ ਦਰਸ਼ਨ ਵੇਤਾ, ਅਨੁਭਵਵਾਦੀ, ਲਾਕ ਦਾ ਅਨੁਯਾਈ। — ੪੮, ੫੨, ੫੩

**ਕੋਨਦੋਰਸੇ** (Condorcet), ਜਾਂ ਆਨਤੁਆਨ (੧੭੪੩-੧੭੯੪) — ਫ਼ਰਾਂਸੀਸੀ ਸਮਾਜ-ਵਿਗਿਆਨੀ ਅਤੇ ਪ੍ਰਬੁਧਤਾਵਾਦੀ, ੧੮ਵੀਂ ਸਦੀ ਦੇ ਅਖੀਰ ਵਿਚ ਫ਼ਰਾਂਸੀਸੀ ਬੁਰਜੂਆ ਇਨਕਲਾਬ ਦੌਰਾਨ ਜੀਰਾਂਦਵਾਦੀਆਂ ਦਾ ਸਾਥ ਦਿਤਾ। — ੩੯, ੧੩੦

**ਕੋਮੋਦੀਅਨ** (ਅਨੁਮਾਨਿਤ ਤੀਜੀ ਈਸਵੀ) — ਲਾਤੀਨੀ ਕਵੀ, ਮੂਰਤੀ ਪੂਜਾਂ ਵਿਰੁਧ ਉਹਦੀਆਂ ਦੋ ਈਸਾਈ ਧਾਰਮਕ ਕਵਿਤਾਵਾਂ ਸੁਰਖਿਅਤ ਹਨ। — ੩੧੫

## ਗ

**ਗਫ਼ਰਿਓਰਰ** (Gfrörer), ਆਗੁਸਟ ਫਰੀਡਰਿਖ਼ (੧੮੦੩-੧੮੬੧) — ਈਸਾਈਅਤ ਅਤੇ ਚਰਚ ਦਾ ਜਰਮਨ ਇਤਿਹਾਸਕਾਰ; ਟੂਬਿੰਗਨ ਪਰਪਾਟੀ ਦਾ ਪ੍ਰਤਿਨਿਧ। — ੧੦੪

**ਗਰਾਸਵੈਨਰ** (Grosvenor), ਰਾਬਰਟ (੧੮੦੧-੧੮੯੩) — ਅੰਗ੍ਰੇਜ਼ ਅਮੀਰਸ਼ਾਹ, ਸੱਜੇ ਪੱਖੀ ਵਿੱਗ। — ੧੨੧, ੧੨੬

**ਗਰਿਊਨ** (Grün), ਕਾਰਲ (੧੮੧੭-੧੮੮੭) — ਜਰਮਨ ਨਿਕ-ਬੁਰਜੂਆ ਪਰਚਾਰਕ-ਲੇਖਕ, ਅਖੌਤੀ "ਸੱਚੇ ਸੋਸ਼ਲਿਜ਼ਮ" ਦਾ ਇਕ ਪ੍ਰਤਿਨਿਧ। — ੨੨੩

**ਗਰੂਵ** (Grove), ਵਿਲੀਅਮ ਰਾਬਰਟ (੧੮੧੧-੧੮੯੬) — ਅੰਗ੍ਰੇਜ਼ ਕਾਨੂੰਨਦਾਨ ਅਤੇ ਭੌਤਿਕ-ਵਿਗਿਆਨੀ। — ੧੫੪, ੧੮੮

**ਗਰੇਬਲ** (Grebel), ਕੋਨਰਾਡ, ਜ਼ਿਊਰਿਖ਼ (ਸਵਿਟਜ਼ਰਲੈਂਡ) ਵਿਚ ਪੁਨਰ-ਬਪਤਿਸਮਾਵਾਦੀ ਫਿਰਕੇ ਦਾ ਆਗੂ; ਮਿਊਨਟਸਰ ਦਾ ਅਨੁਯਾਈ; ਦਖਣੀ ਜਰਮਨੀ ਦਾ ਇਨਕਲਾਬੀ ਅੰਦੋਲਨਕਾਰ।— ੧੦੮

**ਗਰੋਸ਼ਸ** (Grotius), ਹਿਊਗੋ (੧੫੮੩-੧੬੪੫)— ਡੱਚ ਕਾਨੂੰਨਦਾਨ, ਬੁਰਜੂਆ ਕੌਮਾਂਤਰੀ ਕਾਨੂੰਨ ਦਾ ਮੋਢੀ, ਕਥਿਤ ਪ੍ਰਾਕਿਰਤਕ ਕਾਨੂੰਨ ਦੇ ਪਹਿਲੇ ਸਿਧਾਂਤਕਾਰਾਂ ਵਿਚੋਂ ਇਕ।— ੩੯

**ਗਾਸੇਂਦੀ** (Gassendi), ਪਿਯੇਰ (੧੫੯੨-੧੬੫੫)— ਫ਼ਰਾਂਸ ਦਾ ਪਦਾਰਥਵਾਦੀ ਦਰਸ਼ਨਵੇਤਾ; ਐਪੀਕਿਊਰਸ ਦੇ ਪ੍ਰਮਾਣੂਵਾਦੀ ਸਿਧਾਂਤ ਦਾ ਅਨੁਆਈ ਅਤੇ ਪ੍ਰਚਾਰਕ; ਭੌਤਿਕ-ਵਿਗਿਆਨੀ ਤੇ ਗਣਿਤ-ਵਿਗਿਆਨੀ।— ੯, ੪੭, ੧੬੮

**ਗਾਟਰਰ** (Gatterer)— ਵੇਖੋ ਐਨਗੇਲਹਾਰਡ ਮਾਗਡਾਲੇਨਾ ਫਿਲਪੀਨਾ।

**ਗਾਲਬਾ**, ਸੇਰਵੀਅਸ ਸੁਲਪੀਸੀਅਸ (ਅਨੁਮਾਨਿਤ ੫ ਪੂਰਬ ਈਸਾ-੬੯ ਈਸਵੀ)— ਰੋਮ ਦਾ ਸ਼ਹਿਨਸ਼ਾਹ (੬੮-੬੯)।— ੨੧੧, ੩੩੦, ੩੩੧

**ਗਾਲੇ** (Galle), ਯੋਹਾਨ ਗੋਟਫਰੀਡ (੧੮੧੨-੧੯੧੦)— ਜਰਮਨ ਖਗੋਲ-ਵਿਗਿਆਨੀ, ੧੮੪੬ ਵਿਚ ਨੈਪਟਿਊਨ ਤਾਰੇ ਦੀ ਲਭਤ ਕੀਤੀ।— ੨੨੭

**ਗਿਓਰਗ** (੧੪੭੧-੧੫੩੯)— ਸੈਕਸੋਨੀ ਦਾ ਡਿਊਕ (੧੫੦੦-੧੫੩੯); ੧੫੨੫ ਵਿਚ ਥੂਰਿੰਗੀਆ ਵਿਚ ਕਿਸਾਨਾਂ ਦੀ ਬਗ਼ਾਵਤ ਦਾ ਕਤਲਾਮ ਜਥੇਬੰਦ ਕਰਨ ਵਾਲਿਆਂ ਵਿਚੋਂ ਇਕ।— ੧੦੬

**ਗਿਓਰੇਸ** (Görres), ਯੋਜ਼ਫ ਫੋਨ (੧੭੭੬-੧੮੪੮)— ਜਰਮਨੀ ਦਾ ਲੇਖਕ, ਭਾਸ਼ਾ ਵਿਗਿਆਨੀ ਤੇ ਇਤਿਹਾਸਕਾਰ; ਕੈਥੋਲਿਕ ਮੱਤ ਦਾ ਹਮਾਇਤੀ।— ੩੬

**ਗਿਬਨ** (Gibbon), ਐਡਵਰਡ (੧੭੩੭-੧੭੯੪)— ਅੰਗ੍ਰੇਜ਼ ਇਤਿਹਾਸਕਾਰ; "ਰੋਮਨ ਸ਼ਹਿਨਸ਼ਾਹੀ ਦੀ ਅਧੋਗਤੀ ਤੇ ਪਤਨ ਦਾ ਇਤਿਹਾਸ" ਦਾ ਕਰਤਾ ਜਿਸ ਵਿਚ ਉਸ ਨੇ ਸਾਬਤ ਕੀਤਾ ਕਿ ਈਸਾਈਅਤ ਉਹਨਾਂ ਅਨਸਰਾਂ ਵਿਚੋਂ ਇਕ ਸੀ ਜਿਨ੍ਹਾਂ ਨੇ ਪਹਿਲਾਂ ਰੋਮ ਨੂੰ ਕਮਜ਼ੋਰ ਕੀਤਾ ਅਤੇ ਫੇਰ ਉਸ ਦੇ ਪਤਨ ਦਾ ਕਾਰਨ ਬਣੇ।— ੧੦੯

**ਗੀਜ਼ੋ** (Guizot), ਫਰਾਂਸੂਆ ਪਿਯੇਰ ਗਿਯੋਮ (੧੭੮੭-੧੮੭੪)— ਫ਼ਰਾਂਸ ਦਾ ਇਤਿਹਾਸਕਾਰ ਅਤੇ ਰਾਜਨੇਤਾ।— ੨੫੬

**ਗੁਟਸਕੋਵ** (Gutzkow), ਕਾਰਲ (੧੮੧੧-੧੮੭੮)— ਜਰਮਨ ਲੇਖਕ।—੭੯

**ਗੈਲੀਲਿਓ ਗਾਲਲੀ** (Galilei Galileo), (੧੫੬੪-੧੬੪੨)—

ਮਹਾਨ ਇਤਾਲਵੀ ਭੌਤਿਕ-ਵਿਗਿਆਨੀ ਅਤੇ ਖਗੋਲ-ਵਿਗਿਆਨੀ, ਗਤੀ-ਵਿਗਿਆਨ ਦੀ ਬੁਨਿਆਦ ਰੱਖੀ; ਅਗਾਂਹਵਧੂ ਸੰਸਾਰ ਦ੍ਰਿਸ਼ਟੀਕੋਣ ਦਾ ਝੰਡਾਬਰਦਾਰ; ੧੬੩੩ ਵਿਚ ਇਨਕਵੀਜ਼ੀਸ਼ਨ ਵਲੋਂ ਉਸ ਉਤੇ ਇਸ ਵਿਚਾਰ ਦਾ ਪਰਚਾਰ ਕਰਨ ਲਈ ਕਿ ਧਰਤੀ ਸੂਰਜ ਦੁਆਲੇ ਘੁੰਮਦੀ ਹੈ ਮੁਕਦਮਾ ਚਲਾਇਆ ਗਿਆ।—੧੮੭

**ਗੋਇਥੇ** (Goethe), ਯੋਹਾਨ ਵੋਲਫਗਾਂਗ ਫੋਨ (੧੭੪੯-੧੮੩੨)—ਮਹਾਨ ਜਰਮਨ ਲੇਖਕ ਤੇ ਚਿੰਤਕ।—੭੮, ੧੬੩, ੨੧੫, ੨੩੧

**ਘ**

**ਘਿਲਾਨੀ** (Ghillany), ਫਰੀਡਰਿਖ ਵਿਲਹੈਲਮ (੧੮੦੭-੧੮੭੬)—ਘਟ ਪ੍ਰਸਿਧ ਜਰਮਨ ਇਤਿਹਾਸਕਾਰ ਅਤੇ ਧਰਮ-ਸ਼ਾਸਤ੍ਰੀ।— ੭੯

**ਚ**

**ਚਾਰਲਸ ਪਹਿਲਾ** (੧੬੦੦-੧੬੪੯)— ਇੰਗਲੈਂਡ ਦਾ ਬਾਦਸ਼ਾਹ (੧੬੨੫-੧੬੪੯), ੧੭ਵੀਂ ਸਦੀ ਦੇ ਅੰਗ੍ਰੇਜ਼ ਬੁਰਜੂਆ ਇਨਕਲਾਬ ਦੌਰਾਨ ਇਸ ਦਾ ਸਿਰ ਲਾਹ ਦਿਤਾ ਗਿਆ। ੭੨; ੨੮੮

**ਚਾਲਮਰਸ** (Chalmers), ਥਾਮਸ (੧੭੮੦-੧੮੪੭) ਅੰਗ੍ਰੇਜ਼ ਪ੍ਰੋਟੈਸਟੈਂਟ ਧਰਮ-ਸ਼ਾਸਤ੍ਰੀ ਅਤੇ ਅਰਥ-ਵਿਗਿਆਨੀ, ਮਾਲਥਸ ਦਾ ਅਨੁਯਾਈ।—੧੩੧

**ਜ**

**ਜਾਰਜ ਚੌਥਾ** (੧੭੬੨-੧੮੩੦) ਇੰਗਲੈਂਡ ਦਾ ਬਾਦਸ਼ਾਹ (੧੮੨੦-੧੮੩੦)।—੧੨੦

**ਜ਼ਿਕਿੰਗੇਨ** (Sickingen), ਫਰਾਨਟਸ ਫੋਨ (੧੪੮੧-੧੫੨੩)—ਜਰਮਨ ਸਾਮੰਤੀ ਸੂਰਮਾ; ਧਰਮ ਸੁਧਾਰ ਲਹਿਰ ਵਿਚ ਸ਼ਾਮਲ ਹੋਇਆ; ੧੫੨੨-੧੫੨੩ ਵਿਚ ਸਾਮੰਤੀ ਸੂਰਮਾਵਾਂ ਦੀ ਬਗ਼ਾਵਤ ਦੀ ਅਗਵਾਈ ਕੀਤੀ।—੯੪, ੨੮੭

**ਜ਼ੀਜ਼ਕਾ** (Žižka), ਯਾਨ ਅਨੁਮਾਨਿਤ (੧੩੬੦-੧੪੨੪)—ਸਿਰਕੱਢ ਚੈੱਕ ਫ਼ੌਜੀ ਅਤੇ ਨੀਤੀਵਾਨ, ਹੂਸਵਾਦੀ ਲਹਿਰ ਦੇ ਆਗੂਆਂ ਵਿਚੋਂ ਇਕ, ਚੈੱਕ ਕੌਮੀ ਸੂਰਮਾ।—੩੦੫

**ਜੂਲ** (Joule), ਜੇਮਜ਼ ਪਰੇਸਕੋਟ (੧੮੧੮-੧੮੮੯)—ਅੰਗ੍ਰੇਜ਼ ਭੌਤਿਕ-ਵਿਗਿਆਨੀ ਜਿਸ ਨੇ ਤਜਰਬੇ ਕਰਕੇ ਸ਼ਕਤੀ ਦੇ ਸੁਰਖਿਅਣ ਤੇ ਪਰਿਵਰਤਨ ਦਾ ਨੇਮ ਸਿਧ ਕੀਤਾ।—੧੫੪

**ਜੂਲੀਅਨ** ("ਵਿਧਰਮੀ") (ਅਨੁਮਾਨਿਤ ੩੩੧-੩੬੩ ਈਸਵੀ)—ਰੋਮ ਦਾ ਸ਼ਹਿਨਸ਼ਾਹ (੩੬੧-੩੬੩)।—੨੨

**ਜੋਚਿਮ, ਫਲੋਰਿਸ (ਕਲਾਬਰੀ) ਦਾ** (ਅਨੁਮਾਨਿਤ ੧੧੩੨-੧੨੦੨)—ਇਤਾਲਵੀ ਪਾਦਰੀ ਅਤੇ ਰਹੱਸਵਾਦੀ, "ਈਸਾ ਦੇ ਦੂਜੇ ਆਗਮਨ" ਦਾ ਇਕ ਹਮਾਇਤੀ; ਕੈਥੋਲਿਕ ਚਰਚ ਨੇ ਉਹਦੀ ਸਿਖਿਆ ਨੂੰ ਕੁਫ਼ਰ ਐਲਾਨ ਕਰ ਦਿਤਾ।—੯੮

## ਟ

**ਟਸਿਓਲਨਰ** (Zöllner), ਯੋਹਾਨ ਕਾਰਲ ਫਰੀਡਰਿਖ਼ (੧੮੩੪-੧੮੮੨)—ਜਰਮਨ ਭੌਤਿਕ-ਵਿਗਿਆਨੀ ਅਤੇ ਖਗੋਲ-ਵਿਗਿਆਨੀ; ਰੂਹਪ੍ਰਸਤੀ ਦਾ ਹਮਾਇਤੀ।—੧੭੯, ੧੮੦

**ਟਸਿਮਰਮਾਨ** (Zimmermann), ਵਿਲਹੈਲਮ (੧੮੦੭-੧੮੭੮)—ਜਰਮਨ ਇਤਿਹਾਸਕਾਰ, ੧੮੪੧-੧੮੪੩ ਵਿਚ ਪ੍ਰਕਾਸ਼ਤ ਹੋਈ "ਜਰਮਨੀ ਵਿਚ ਕਿਸਾਨੀ ਜੰਗ ਦੇ ਇਤਿਹਾਸ" ਦਾ ਲੇਖਕ।—੧੦੪

**ਟੱਕਰ** (Tucker), ਜੋਜ਼ਾਯਾਹ (੧੭੧੨-੧੭੯੯)—੧੮ ਵੀਂ ਸਦੀ ਦੇ ਅੱਧ ਦਾ ਅੰਗ੍ਰੇਜ਼ ਪਾਦਰੀ ਤੇ ਅਰਥ-ਵਿਗਿਆਨੀ; ਐਡਮ ਸਮਿਥ ਦਾ ਪੂਰਵ-ਅਧਿਕਾਰੀ।—੧੩੧

**ਟਾਊਨਸੈਂਡ** (Townsend), ਜੋਜ਼ਫ (੧੭੩੯-੧੮੧੬)—ਅੰਗ੍ਰੇਜ਼ ਪਾਦਰੀ, ਭੂ-ਗਰਭ-ਵਿਗਿਆਨੀ ਅਤੇ ਸਮਾਜ-ਵਿਗਿਆਨੀ, ਮਾਲਥਸ ਦਾ ਸਿਧਾਂਤਕ ਪੂਰਵ-ਅਧਿਕਾਰੀ; ਵਸੋਂ ਬਾਰੇ ਵਿਗਿਆਨ-ਵਿਰੋਧੀ ਸਿਧਾਂਤ ਦਾ ਝੰਡਾਬਰਦਾਰ।—੧੨੯, ੧੩੧

**ਟਾਈਲਰ** (Tyler), ਵਾਟ (ਮੌਤ ੧੩੮੧)—੧੩੮੧ ਵਿਚ ਇੰਗਲੈਂਡ ਦੀ ਸਭ ਤੋਂ ਵੱਡੀ ਕਿਸਾਨ ਬਗ਼ਾਵਤ ਦਾ ਆਗੂ।—੮੯

**ਟਿੰਡਲ** (Tyndall), ਜਾਨ (੧੮੨੦-੧੮੯੩)—ਅੰਗ੍ਰੇਜ਼ ਭੌਤਿਕ-ਵਿਗਿਆਨੀ, ਪਦਾਰਥਵਾਦੀ; ਆਪਣੀਆਂ ਲਿਖਤਾਂ ਵਿਚ ਉਸ ਨੇ ਪ੍ਰਕਿਰਤੀ ਵਿਕਾਸ ਵਿਚੋਂ ਪਰਾ-ਪ੍ਰਾਕਿਰਤਕ ਸ਼ਕਤੀਆਂ ਨੂੰ ਰੱਦ ਕੀਤਾ।—੧੯੦, ੧੯੧

**ਟੈਂਪਲ** (Temple), ਵਿਲੀਅਮ (੧੬੨੮-੧੬੯੯)—ਅੰਗ੍ਰੇਜ਼ ਡਿਪਲੋਮੈਟ, ਆਰਥਕਤਾ ਬਾਰੇ ਕਈ ਪੁਸਤਕਾਂ ਦਾ ਕਰਤਾ, ਵਣਜਵਾਦੀ।—੧੩੧

**ਡਨਜ਼ ਸਕਾਟਸ** (Duns Scotus), ਜਾਨ (ਅਨੁਮਾਨਿਤ ੧੨੬੫-੧੩੦੮)— ਪੰਡਤਾਊ ਦਰਸ਼ਨਵੇਤਾ, ਨਾਂਵਾਦ ਦਾ ਪ੍ਰਤਿਨਿਧ।—੫੦, ੨੭੭

**ਡਰੇਪਰ** (Draper), ਜਾਨ ਵਿਲੀਅਮ (੧੮੧੧-੧੮੮੨)—ਅਮ੍ਰੀਕੀ ਸਰੀਰ-ਕਿਰਿਆ-ਵਿਗਿਆਨੀ, ਰਸਾਇਣ-ਵਿਗਿਆਨੀ ਅਤੇ ਸਭਿਆਚਾਰ ਦਾ ਇਤਿਹਾਸਕਾਰ।—੧੬੭

**ਡਾਊਮਰ** (Daumer), ਗੇਓਰਗ ਫਰੀਡਰਿਖ਼ (੧੮੦੦-੧੮੭੫)—ਜਰਮਨ ਲੇਖਕ, ਧਰਮ ਦੇ ਇਤਿਹਾਸ ਬਾਰੇ ਪੁਸਤਕਾਂ ਦਾ ਕਰਤਾ।—੭੯-੮੪

**ਡਾਡਵੈਲ** (Dodwell), ਹੈਨਰੀ (ਅਨੁਮਾਨਿਤ ੧੭੦੦-੧੭੮੪)—ਅੰਗ੍ਰੇਜ਼ ਪਦਾਰਥਵਾਦੀ ਦਰਸ਼ਨਵੇਤਾ, ਬਾਈਬਲ ਦੇ ਵਿਸ਼ੈ-ਵਸਤੂ ਉਤੇ ਕਿੰਤੂ ਕੀਤਾ।—੫੨, ੨੭੯

**ਡਾਰਵਿਨ** (Darwin), ਚਾਰਲਸ (੧੮੦੯-੧੮੮੨)—ਮਹਾਨ ਅੰਗ੍ਰੇਜ਼ ਪ੍ਰਕਿਰਤੀਵਾਦੀ, ਨਸਲਾਂ-ਜਾਤੀਆਂ ਦੇ ਮੂਲ ਤੇ ਵਿਕਾਸ ਦੇ ਸਿਧਾਂਤ ਦਾ ਮੋਢੀ; ਉਸ ਦੇ ਸਿਧਾਂਤ ਨੇ ਪ੍ਰਕਿਰਤੀ ਬਾਰੇ ਧਾਰਮਿਕ ਤੇ ਆਦਰਸ਼ਵਾਦੀ ਸੰਕਲਪਾਂ ਨੂੰ ਲੱਕ ਤੋੜਵੀਂ ਸੱਟ ਮਾਰੀ।—੧੨੮, ੧੫੭, ੧੬੨, ੧੭੦, ੧੮੮, ੨੦੩, ੨੩੨

**ਡਿਊਰਰ** (Dürer), ਆਲਬਰਖ਼ਟ (੧੪੭੧-੧੫੨੮)—ਮਹਾਨ ਜਰਮਨ ਚਿਤਰਕਾਰ ਤੇ ਚਿਤੇਰਾ, ਮੂਰਤੀਕਾਰ ਤੇ ਭਵਨ ਨਿਰਮਾਣ ਮਾਹਿਰ।—੧੪੬

**ਡਿਓਲਿੰਗਰ** (Döllinger), ਇਗਨਾਟਸ (੧੭੯੯-੧੮੯੦)—ਜਰਮਨ ਧਰਮ-ਸ਼ਾਸਤ੍ਰੀ, ਇਕ ਸਮੇਂ ਪੁਰਾਣੀ ਕੈਥੋਲਿਕ ਲਹਿਰ ਦਾ ਆਗੂ ਸੀ ਜਿਹੜੀ ਇਸ ਮੱਤ ਨੂੰ ਨਹੀਂ ਸੀ ਮੰਨਦੀ ਕਿ ਪੋਪ ਤੋਂ ਭੁਲ ਨਹੀਂ ਹੋ ਸਕਦੀ।—੧੮੩

**ਡਿਸਰਾਇਲੀ** (Disraeli), ਬੈਂਜਾਮਿਨ, ਅਰਲ ਆਫ਼ ਬੀਕਨਜ਼ਫੀਲਡ (੧੮੦੪-੧੮੮੧); —ਬਰਤਾਨਵੀ ਰਾਜਨੇਤਾ ਅਤੇ ਲੇਖਕ; ਕਨਜ਼ਰਵੇਟਿਵ ਪਾਰਟੀ ਦਾ ਆਗੂ, ਪ੍ਰਧਾਨ ਮੰਤਰੀ (੧੮੬੮ ਅਤੇ ੧੮੭੪-੧੮੮੦)।—੨੯੮

**ਡਿੰਗਲਸ਼ਟਡਟ** (Dingelstedt), ਫਰਾਂਟਸ ਬਾਰੋਨ ਫੋਨ (੧੮੧੪-੧੮੮੧)—ਜਰਮਨ ਲੇਖਕ ਤੇ ਕਵੀ; ਰਾਜਤੰਤਰਵਾਦੀ।—੭੮

**ਡਿਟਸਗਨ** (Dietzgen), ਯੋਸਫ (੧੮੨੮-੧੮੮੦)—ਜਰਮਨ ਸੋਸ਼ਲ-ਡੈਮੋਕ੍ਰੈਟ, ਸਵੈ-ਸਿਖਿਅਤ ਦਰਸ਼ਨਵੇਤਾ, ਜਿਹੜਾ ਆਪਣੇ ਆਪ ਹੀ ਦ੍ਵੰਦਵਾਦੀ ਪਦਾਰਥਵਾਦ ਦੇ ਆਧਾਰ ਤੱਕ ਪਹੁੰਚਿਆ।—੨੪੮

**ਡੂਹਰਿੰਗ** (Dühring), ਯੂਜੇਨ (੧੮੩੩-੧੯੨੧)— ਜਰਮਨ ਸਰਬ-ਗ੍ਰਾਹੀ ਦਰਸ਼ਨਵੇਤਾ ਅਤੇ ਬਾਜ਼ਾਰੂ ਅਰਥ-ਵਿਗਿਆਨੀ, ਆਦਰਸ਼ਵਾਦੀ, ਬਾਜ਼ਾਰੂ ਆਰਥਕਤਾਵਾਦੀ ਅਤੇ ਪਰਤੱਖਵਾਦੀ; ਨਿਕ-ਬੁਰਜੂਆ ਸੋਸ਼ਲਿਜ਼ਮ ਦਾ ਪ੍ਰਤਿਨਿਧ, ਮਾਰਕਸਵਾਦ ਦਾ ਦੁਸ਼ਮਣ।— ੧੩੭-੧੩੯

**ਡੇਸਕਾਰਟ** (Descartes), ਰੇਨੇ (੧੫੯੬-੧੬੫੦) — ਉਘਾ ਫ਼ਰਾਂਸੀਸੀ ਦਰਸ਼ਨਵੇਤਾ, ਗਣਿਤ-ਵਿਗਿਆਨੀ, ਪ੍ਰਕਿਰਤੀਵਾਦੀ।— ੪੬-੪੭, ੫੨-੫੪, ੧੪੮, ੧੫੪, ੨੨੭, ੨੩੦

**ਡੇਫੋ** (Defoe), ਡੇਨੀਅਲ (ਅਨੁਮਾਨਿਤ ੧੬੬੦-੧੭੩੧)— ਅੰਗ੍ਰੇਜ਼ ਲੇਖਕ ਤੇ ਪਤਰਕਾਰ।— ੧੨੯

**ਡੇਮੋਕ੍ਰਾਈਟਸ** (ਅਨੁਮਾਨਿਤ ੪੬੦-ਅਨੁਮਾਨਿਤ ੩੭੦ ਪੂਰਬ ਈਸਾ)— ਪ੍ਰਾਚੀਨ ਯੂਨਾਨ ਦਾ ਮਹਾਨ ਪਦਾਰਥਵਾਦੀ ਦਰਸ਼ਨਵੇਤਾ, ਪ੍ਰਮਾਣੂਵਾਦੀ ਸਿਧਾਂਤ ਦੇ ਮੋਢੀਆਂ ਵਿਚ ਇਕ।— ੫, ੯, ੪੭, ੫੦, ੨੭੭

**ਡੇਵਿਜ਼** (Davies), ਚਾਰਲਸ ਮਾਰਿਸ (੧੮੨੮-੧੯੧੦)— ਅੰਗ੍ਰੇਜ਼ ਪਾਦਰੀ, ਧਰਮ ਸੰਬੰਧੀ ਕਈ ਲਿਖਤਾਂ ਦਾ ਕਰਤਾ।— ੧੭੮

## ਤ

**ਤਿਬੇਰੀਅਸ** (੪੨ ਪੂਰਬ ਈਸਾ -੩੭ ਈਸਵੀ)— ਰੋਮ ਦਾ ਸ਼ਹਿਨਸ਼ਾਹ (੧੪-੩੭)— ੧੯੭, ੨੧੧, ੩੩੦

**ਤੇਰਤੂਲੀਅਨ** (ਕੁਇਨਤੁਸ ਸੈਪਤੀਮੁਸ) ਫਲੋਰੈਂਸ (ਅਨੁਮਾਨਿਤ ੧੫੦-ਅਨੁਮਾਨਿਤ ੨੨੨ ਈਸਵੀ)— ਈਸਾਈ ਧਰਮ-ਸ਼ਾਸਤ੍ਰੀ, ਵਿਗਿਆਨ ਦਾ ਕੱਟੜ ਦੁਸ਼ਮਣ; ਰਹੱਸਵਾਦ ਅਤੇ ਈਸਾਈ ਮੱਤਾਂ ਵਿਚ ਅੰਨ੍ਹੇ ਵਿਸ਼ਵਾਸ ਦਾ ਪ੍ਰਚਾਰਕ।— ੨੩

**ਤੇਸੀਤਸ**, ਪੁਬਲੀਉਸ ਕਾਰਨੇਲੀਉਸ (ਅਨੁਮਾਨਿਤ ੫੫-ਅਨੁਮਾਨਿਤ ੧੨੦ ਈਸਵੀ)— ਰੋਮ ਦਾ ਉਘਾ ਇਤਿਹਾਸਕਾਰ।— ੧੯੮, ੨੧੦, ੩੩੧, ੩੩੭

**ਤੋਰੀਚੇਲੀ** (Torricelli,) ਏਵਾਨਜੇਲੀਸਤਾ (੧੬੦੮-੧੬੪੭)— ਇਟਲੀ ਦਾ ਭੌਤਿਕ-ਵਿਗਿਆਨੀ ਤੇ ਗਣਿਤ-ਵਿਗਿਆਨੀ; ਗਾਲੀਲਿਓ ਦਾ ਸ਼ਾਗਿਰਦ।— ੧੪੮

## ਥ

**ਥੀਯੇਰ** (Thiers,), ਅਦੋਲਫ (੧੭੯੭-੧੮੭੭)— ਫ਼ਰਾਂਸ ਦਾ ਇਤਿਹਾਸਕਾਰ ਤੇ ਰਾਜਨੇਤਾ; ਪ੍ਰਧਾਨ ਮੰਤਰੀ (੧੮੩੬, ੧੮੪੦), ਫ਼ਰਾਂਸੀਸੀ ਗਣਰਾਜ ਦਾ ਪ੍ਰਧਾਨ (੧੮੭੧-੧੮੭੩); ਪੈਰਿਸ ਕਮਿਊਨ ਦਾ ਕਾਤਲ।— ੨੫੬

**ਥੀਯੇਰੀ** (Thierry), ਆਗੁਸਤੈਂ (੧੭੯੫-੧੮੫੬)—ਫ਼ਰਾਂਸ ਦਾ ਉਦਾਰਵਾਦੀ ਇਤਿਹਾਸਕਾਰ।—੨੫੬

**ਦ**

**ਦਾਲਤੋਨ** (Dalton), ਜਾਨ (੧੭੬੬-੧੮੪੪)—ਅੰਗ੍ਰੇਜ਼ ਰਸਾਇਣ-ਵਿਗਿਆਨੀ ਅਤੇ ਭੌਤਿਕ-ਵਿਗਿਆਨੀ; ਰਸਾਇਣ-ਵਿਗਿਆਨ ਵਿਚ ਪ੍ਰਮਾਣੂਵਾਦ ਦਾ ਸਿਧਾਂਤ ਵਿਕਸਤ ਕੀਤਾ।—੧੫੫

**ਦੀਦਰੋ** (Diderot), ਦੇਨੀ (੧੭੧੩-੧੭੮੪)—ਉਘਾ ਫ਼ਰਾਂਸੀਸੀ ਪਦਾਰਥਵਾਦੀ ਦਰਸ਼ਨਵੇਤਾ, ਅਨੀਸ਼ਵਰਵਾਦੀ, ਫ਼ਰਾਂਸ ਦੀ ਇਨਕਲਾਬੀ ਬੁਰਜੂਆਜ਼ੀ ਦਾ ਇਕ ਵਿਚਾਰਵੇਤਾ। ਉਸ ਦੀਆਂ ਅਨੀਸ਼ਵਰਵਾਦੀ ਲਿਖਤਾਂ ਕਰਕੇ ਉਸ ਨੂੰ ਕੈਦ ਕੀਤਾ ਗਿਆ।—੫੩, ੨੩੫

**ਦੂਪੂਈ** (Dupuis), ਸ਼ਾਰਲ ਫਰਾਂਸੂਆ (੧੭੪੨-੧੮੦੯)—ਫ਼ਰਾਂਸੀਸੀ ਬੁਰਜੂਆ ਪ੍ਰਬੁਧਤਾਵਾਦੀ; ਧਾਰਮਕ ਸੰਪ੍ਰਦਾਵਾਂ ਦੇ ਮੂਲ ਬਾਰੇ ਇਕ ਕਿਤਾਬ ਦਾ ਕਰਤਾ।—੫੩

**ਨ**

**ਨਾਰਥ** (North), ਡਡਲੇ (੧੬੪੧-੧੬੯੧)—ਅੰਗ੍ਰੇਜ਼ ਵਪਾਰੀ ਅਤੇ ਅਰਥ-ਵਿਗਿਆਨੀ, ਰਾਜ ਅਧਿਕਾਰੀ।—੧੩੧

**ਨਿਊਟਨ** (Newton), ਆਈਜ਼ਕ (੧੬੪੨-੧੭੨੭)—ਅੰਗ੍ਰੇਜ਼ ਭੌਤਿਕ-ਵਿਗਿਆਨੀ, ਖਗੋਲ-ਵਿਗਿਆਨੀ ਅਤੇ ਗਣਿਤ-ਵਿਗਿਆਨੀ; ਵਿਗਿਆਨ ਵਜੋਂ ਗਤੀ-ਵਿਗਿਆਨ ਦਾ ਮੋਢੀ।—੨੩, ੪੬, ੧੪੮, ੧੫੦, ੧੫੨, ੧੬੯, ੧੮੭, ੧੯੦

**ਨੀਰੋ**, (੩੭-੬੮ ਈਸਵੀ)—ਰੋਮ ਦਾ ਸ਼ਹਿਨਸ਼ਾਹ (੫੪-੬੮)—੧੯੭, ੧੯੯, ੨੧੦, ੨੧੧, ੨੧੨, ੩੩੦, ੩੩੧, ੩੩੨

**ਨੇਪੀਅਰ** (Napier), ਜਾਨ (੧੫੫੦-੧੬੧੭)—ਸਕਾਟਲੈਂਡ ਦਾ ਗਣਿਤ-ਵਿਗਿਆਨੀ, ਲਘੂ ਗਣਕ ਦਾ ਕਾਢਕਾਰ।—੧੪੮

**ਨੇਬੂਖਾਦਨੇਜ਼ਾਰ** II—ਬਾਬਲ ਦਾ ਬਾਦਸ਼ਾਹ (ਅਨੁਮਾਨਿਤ ੬੦੪-ਅਨੁਮਾਨਿਤ ੫੬੨ ਪੂਰਬ ਈਸਾ।)।—੩੧੬

**ਨੈਪੋਲੀਅਨ ਪਹਿਲਾ**, ਬੋਨਾਪਾਰਟ (੧੭੬੯-੧੮੨੧)—ਫ਼ਰਾਂਸ ਦਾ ਸ਼ਹਿਨਸ਼ਾਹ (੧੮੦੪-੧੮੧੪ ਅਤੇ ੧੮੧੫)।—੩੯, ੧੮੯, ੨੩੬, ੨੮੧

**ਨੈਪੋਲੀਅਨ ਤੀਜਾ**, (ਲੂਈ-ਨੈਪੋਲੀਅਨ ਬੋਨਾਪਾਰਟ) (੧੮੦੮-੧੮੭੩)— ਫ਼ਰਾਂਸ ਦਾ ਸ਼ਹਿਨਸ਼ਾਹ (੧੮੫੨-੧੮੭੦)।—੨੯੫, ੨੯੬

**ਨੋਆਕ** (Noack), ਲੁਡਵਿਗ (੧੮੧੯-੧੮੮੫)—ਜਰਮਨ ਧਰਮ-ਸ਼ਾਸਤ੍ਰੀ ਅਤੇ ਦਰਸ਼ਨਵੇਤਾ।—੭੯

**ਨੋਸਤਰਾਦਾਮੂਸ** (Nostradamus), ਮੀਸ਼ੈਲ (੧੫੦੩-੧੫੬੬)—ਫ਼ਰਾਂਸੀਸੀ ਡਾਕਟਰ ਅਤੇ ਜੋਤਸ਼ੀ; ਰਹੱਸਵਾਦੀ।—੮੩

**ਨੋਵੇਰੀ** (ਅਨੁਮਾਨਿਤ ੧੨੮੦-ਅਨੁਮਾਨਿਤ ੧੩੩੨)—ਅਰਬ ਇਤਿਹਾਸਕਾਰ।— ੧੧੬

## ਪ

**ਪਟੋਲੇਮੀ**, ਕਲਾਊਦੀਅਸ (ਦੂਜੀ ਸਦੀ ਈਸਵੀ)—ਪ੍ਰਾਚੀਨ ਯੂਨਾਨ ਦਾ ਗਣਿਤ-ਵਿਗਿਆਨੀ, ਖਗੋਲ-ਵਿਗਿਆਨੀ ਅਤੇ ਭੂਗੋਲ-ਵਿਗਿਆਨੀ; ਬ੍ਰਹਿਮੰਡ ਦੀ ਭੂ-ਕੇਂਦਰਿਕ ਪ੍ਰਣਾਲੀ ਦੇ ਮੱਤ ਦਾ ਮੋਢੀ।—੧੪੭

**ਪਰਸੀਅਸ**, ਅਵਲੂਸ ਫਲਾਕੁਸ (੩੪-੬੨ ਈਸਵੀ)—ਰੋਮ ਦਾ ਵਿਅੰਗਕਾਰ, ਸਹਿਜ-ਮਾਰਗੀ।—੧੯੯, ੨੦੬

**ਪਰੀਸਟਲੇ** (Priestley), ਜੋਜ਼ਫ (੧੭੩੩-੧੮੦੪)—ਅੰਗ੍ਰੇਜ਼ ਵਿਗਿਆਨੀ, ਰਸਾਇਣ-ਵਿਗਿਆਨੀ ਅਤੇ ਪਦਾਰਥਵਾਦੀ ਦਰਸ਼ਨਵੇਤਾ।—੫੨, ੨੭੯

**ਪਰੂਧੋਨ** (Proudhon), ਪਿਯੇਰ ਜੋਜ਼ੇਫ (੧੮੦੯-੧੮੬੫)—ਫ਼ਰਾਂਸੀਸੀ ਪਤਰਕਾਰ, ਅਰਥ-ਵਿਗਿਆਨੀ ਅਤੇ ਸਮਾਜ-ਵਿਗਿਆਨੀ; ਨਿਕੀ ਬੁਰਜੂਆਜ਼ੀ ਦਾ ਵਿਚਾਰਵੇਤਾ, ਅਰਾਜਕਤਾਵਾਦ ਦੇ ਸਿਧਾਂਤਕਾਰਾਂ ਵਿਚੋਂ ਇਕ।—੨੪੬

**ਪਲਾਤੋਨ** (Platton), (੪੨੭-੩੪੭ ਪੂਰਬ ਇਸਾ)—ਪ੍ਰਾਚੀਨ ਯੂਨਾਨੀ ਆਦਰਸ਼ਵਾਦੀ ਦਰਸ਼ਨਵੇਤਾ।—੩੧੩

**ਪਲੂਟਾਰਕ** (ਅਨੁਮਾਨਿਤ ੪੬-ਅਨੁਮਾਨਿਤ ੧੨੫ ਈਸਵੀ)—ਪ੍ਰਾਚੀਨ ਯੂਨਾਨ ਦਾ ਲੇਖਕ ਅਤੇ ਆਦਰਸ਼ਾਵਦੀ ਦਰਸ਼ਨਵੇਤਾ।—੯, ੧੦

**ਪਾਮਰਸਟਨ** (Palmerston), ਹੈਨਰੀ ਜਾਨ **ਟੈਂਪਲ**, ਲਾਰਡ (੧੭੮੪-੧੮੬੫)—ਅੰਗ੍ਰੇਜ਼ ਰਾਜਨੇਤਾ, ੧੮੩੦ ਤੋਂ ਵਿੱਗ ਲੀਡਰਾਂ ਵਿਚੋਂ ਇਕ; ਪ੍ਰਧਾਨ ਮੰਤਰੀ (੧੮੫੫-੧੮੫੮ ਅਤੇ ੧੮੫੯-੧੮੬੫)।—੧੨੬

**ਪੇਰੀਕਲੀਜ਼** (ਅਨੁਮਾਨਿਤ ੪੯੩-੪੨੯ ਪੂਰਬ ਈਸਾ)—ਏਥਨਜ਼ ਦਾ ਰਾਜਨੇਤਾ; ਗੁਲਾਮ-ਮਾਲਕੀ ਦੀ ਜਮਹੂਰੀਅਤ ਨੂੰ ਮਜ਼ਬੂਤ ਕਰਨ ਦਾ ਹਿਮਾਇਤੀ।—੧੬, ੨੧

**ਪੈਟੀ** (Petty), ਵਿਲੀਅਮ (੧੬੨੩-੧੬੮੭)—ਅੰਗ੍ਰੇਜ਼ ਅਰਥ-ਵਿਗਿਆਨੀ ਅਤੇ ਅੰਕੜਾ-ਵਿਗਿਆਨੀ; ਇੰਗਲੈਂਡ ਵਿਚ ਕਲਾਸੀਕੀ ਬੁਰਜੂਆ ਅਰਥ-ਵਿਗਿਆਨ ਦਾ ਮੋਢੀ।—੧੩੧, ੧੩੨

**ਪੈਤ੍ਰੋਨੀਅਸ**, ਗਾਈਅਸ ਆਰਬੀਤਰ (ਮੌਤ ੬੬ ਈਸਵੀ)—ਰੋਮ ਦਾ ਲੇਖਕ, ਨੀਰੋ ਦੇ ਰਾਜ ਸਮੇਂ ਪਤਨਮੁਖ ਰੋਮਨ ਸਮਾਜ ਦੇ ਜੀਵਨ ਬਾਰੇ—"ਸਾਤੀਰੀਕੋਨ" ਦਾ ਖ਼ਿਆਲ ਕੀਤਾ ਜਾਂਦਾ ਲੇਖਕ।—੧੯੭

ਫ

**ਫਰੈਂਕਲਿਨ** (Franklin), ਬੈਂਜਾਮਿਨ (੧੭੦੬-੧੭੯੦)—ਅਮ੍ਰੀਕੀ ਵਿਗਿਆਨੀ ਅਤੇ ਰਾਜਨੇਤਾ; ਉਤਰੀ ਅਮ੍ਰੀਕਾ ਵਿਚ ਅੰਗ੍ਰੇਜ਼ ਬਸਤੀਆਂ ਦੀ ਆਜ਼ਾਦੀ ਦੀ ਲੜਾਈ ਵਿਚ ਹਿੱਸਾ ਲਿਆ; ਅਰਥ-ਵਿਗਿਆਨੀ।—੧੨੯

**ਫਰੈਡਰਿਖ਼ ਦੂਜਾ** ("ਮਹਾਨ") (੧੭੧੨-੧੭੮੬)—ਪਰੂਸ਼ੀਆ ਦਾ ਬਾਦਸ਼ਾਹ (੧੭੪੦-੧੭੮੬)।—੧੦, ੧੩੯

**ਫ਼ਰੈਡਰਿਖ-ਵਿਲਹੈਲਮ ਤੀਜਾ** (੧੭੭੦-੧੮੪੦)—ਪਰੂਸ਼ੀਆ ਦਾ ਬਾਦਸ਼ਾਹ (੧੭੯੭-੧੮੪੦)।—੧੯੦, ੨੧੪, ੨੧੮

**ਫ਼ਰੈਡਰਿਖ-ਵਿਲਹੈਲਮ ਚੌਥਾ** (੧੭੯੫-੧੮੬੧)—ਪਰੂਸ਼ੀਆ ਦਾ ਬਾਦਸ਼ਾਹ (੧੮੪੦-੧੮੬੧)।—੭੧, ੨੨੧

**ਫਲਾਵੀਅਨ**, —ਰੋਮ ਦੇ ਸ਼ਹਿਨਸ਼ਾਹਾਂ ਦਾ ਖਾਨਦਾਨ (੬੯-੯੬ ਈਸਵੀ)।—੩੧੩

**ਫ਼ਾਰਸਟਰ** (Forster), ਚਾਰਲਸ—ਅੰਗ੍ਰੇਜ਼ ਧਰਮ-ਸ਼ਾਸਤ੍ਰੀ ਅਤੇ ਯਾਤ੍ਰੀ, ਬਾਈਬਲ ਦੇ ਇਤਿਹਾਸ ਸੰਬੰਧੀ ਕਈ ਲਿਖਤਾਂ ਦਾ ਕਰਤਾ।—੧੦੯

**ਫ਼ਾਰਸਟਰ** (Forster), ਵਿਲੀਅਮ (੧੮੧੯-੧੮੮੬)—ਅੰਗ੍ਰੇਜ਼ ਕਾਰਖਾਨੇਦਾਰ ਲਿਬਰਲ ਪਾਰਟੀ ਦੇ ਆਗੂਆਂ ਵਿਚੋਂ ਇਕ।—੨੯੬, ੨੯੭

**ਫਾਲਮੇਰਾਯਰ** (Fallmerayer), ਯਾਕੋਬ ਫਿਲਿਪ (੧੭੯੦-੧੮੬੧)—ਜਰਮਨ ਇਤਿਹਸਕਾਰ ਅਤੇ ਮੁਸਾਫਰ।—੧੯੮, ੩੩੪

**ਫਾਲੇਸ, ਮੀਲੇਤੁਸ ਦਾ** (ਅਨੁਮਾਨਿਤ ੬੨੪-ਅਨੁਮਾਨਿਤ ੫੪੭ ਪੂਰਬ ਈਸਾ)—ਪ੍ਰਾਚੀਨ ਯੂਨਾਨ ਦਾ ਦਰਸ਼ਨਵੇਤਾ, ਮੀਲੇਤੁਸ ਦੀ ਆਪਮੁਹਾਰੇ ਪਦਾਰਥਵਾਦ ਦੀ ਪਰਪਾਟੀ ਦਾ ਮੋਢੀ।—੨੫

**ਫ਼ਿਊਰਬਾਖ਼** (Feuerbach), ਲੁਡਵਿਗ (੧੮੦੪-੧੮੭੨) — ਪੂਰਬ-ਮਾਰਕਸੀ ਦੌਰ ਦਾ ਜਰਮਨ ਪਦਾਰਥਵਾਦੀ ਦਰਸ਼ਨਵੇਤਾ ਤੇ ਅਨੀਸ਼ਵਰਵਾਦੀ; ਆਦਰਸ਼ਵਾਦ ਅਤੇ ਈਸਾਈ ਧਰਮ ਦੀ ਸ਼ਾਨਦਾਰ ਆਲੋਚਨਾ ਕੀਤੀ। — ੩੨, ੩੪, ੪੬, ੪੮, ੫੫-੫੮, ੨੧੩, ੨੨੨, ੨੨੩, ੨੨੭-੨੨੯, ੨੩੨-੨੪੫

**ਫ਼ਿਖ਼ਟੇ** (Fichte), ਯੋਹਾਨ ਗੋਟਲੀਬ (੧੭੬੨-੧੮੧੪) — ਜਰਮਨ ਆਦਰਸ਼ਵਾਦੀ ਦਰਸ਼ਨਵੇਤਾ। — ੩੯

**ਫਿਨਲੇਨ** (Finlen), ਜੇਮਜ਼ — ਚਾਰਟਿਸਟ, ੧੮੫੨-੧੮੫੪ ਵਿਚ ਚਾਰਟਿਸਟ ਕੌਮੀ ਕਾਰਜਕਾਰੀ ਕਮੇਟੀ ਦਾ ਮੈਂਬਰ। — ੧੨੨

**ਫਿਲਿਪ ਦੂਜਾ** (ਅਨੁਮਾਨਿਤ ੩੮੨-੩੩੬ ਪੂਰਬ ਈਸਾ) — ਮਕਦੂਨੀਆ ਦਾ ਬਾਦਸ਼ਾਹ (੩੫੯-੩੩੬ ਪੂਰਬ ਈਸਾ); ਮਹਾਨ ਸਿਕੰਦਰ ਦਾ ਪਿਤਾ। — ੩੨੪

**ਫਿਲੋ, ਸਿਕੰਦਰੀਆ ਦਾ** (ਅਨੁਮਾਨਿਤ ੨੦ ਪੂਰਬ ਈਸਾ-ਅਨੁਮਾਨਿਤ ੫੪ ਈਸਵੀ) — ਪਹਿਲੀ ਸਦੀ ਈਸਵੀ ਦੇ ਸ਼ੁਰੂ ਵਿਚ ਸਿਕੰਦਰੀਆਂ ਦੇ ਯਹੂਦੀ ਧਾਰਮਿਕ ਦਰਸ਼ਨ ਦਾ ਮੁਖ ਪ੍ਰਤਿਨਿਧ; ਉਸ ਨੇ ਈਸਾਈ ਧਰਮ-ਸ਼ਾਸਤ੍ਰ ਦੀ ਰਚਨਾ ਉਤੇ ਬੜਾ ਅਸਰ ਪਾਇਆ। — ੧੯੪-੧੯੬, ੨੦੬, ੩੧੩, ੩੧੭

**ਫੂਰਯੇ** (Fourier), ਸ਼ਾਰਲ (੧੭੭੨-੧੮੩੭) — ਫ਼ਰਾਂਸ ਦਾ ਮਹਾਨ ਯੂਟੋਪੀਆਈ ਸੋਸ਼ਲਿਸਟ। — ੨੭੧, ੩੨੨

**ਫ਼ੋਗਟ** (Vogt), ਕਾਰਲ (੧੮੧੭-੧੮੯੫) — ਜਰਮਨ ਪ੍ਰਕਿਰਤੀਵਾਦੀ, ਬਾਜ਼ਾਰੂ ਪਦਾਰਥਵਾਦੀ। — ੨੨੯

**ਬ**

**ਬਕਲੈਂਡ** (Buckland), ਵਿਲੀਅਮ (੧੭੮੪-੧੮੫੬) — ਅੰਗ੍ਰੇਜ਼ ਭੂ-ਗਰਭ-ਵਿਗਿਆਨੀ ਅਤੇ ਪਾਦਰੀ, ਜਿਸ ਨੇ ਭੂ-ਵਿਗਿਆਨਕ ਅਤੇ ਬਾਈਬਲ ਦੇ ਅਵਦਾਨਾਂ ਦੇ ਵੇਰਵਿਆਂ ਵਿਚ ਸੁਮੇਲ ਸਿਧ ਕਰਨ ਦਾ ਯਤਨ ਕੀਤਾ। — ੨੮੦

**ਬਰੱਕਨਰ** (Bruckner), ਜਾਨ (੧੭੨੬-੧੮੦੪) — ਅੰਗ੍ਰੇਜ਼ ਪ੍ਰੋਟੈਸਟੈਂਟ ਪਾਦਰੀ। — ੧੩੨

**ਬਰਨੀਯੇ** (Bernier), ਫ਼ਰਾਂਸੂਆ (੧੬੨੫-੧੬੮੮) — ਫ਼ਰਾਂਸੀਸੀ ਡਾਕਟਰ ਅਤੇ ਸੈਲਾਨੀ। — ੧੧੨-੧੧੪

**ਬ੍ਰਾਈਟ** (Bright), ਜਾਨ (੧੮੧੧-੧੮੮੯) — ਅੰਗ੍ਰੇਜ਼ ਮਿਲ-ਮਾਲਕ, ਨੀਤੀਵਾਨ, ਆਜ਼ਾਦ ਵਪਾਰੀਆਂ ਵਿਚੋਂ ਇਕ ਆਗੂ, ਅਨਾਜ ਸੰਬੰਧੀ ਕਾਨੂੰਨਾਂ ਦੀ ਵਿਰੋਧੀ ਪਾਰਟੀ ਦਾ ਇਕ ਬਾਨੀ, ੬੦-ਵਿਆਂ ਦੇ ਅਖੀਰ ਤੋਂ ਲਿਬਰਲ ਪਾਰਟੀ ਦੇ ਆਗੂਆਂ ਵਿਚੋਂ ਇਕ। — ੨੯੭

**ਬਰੂਨੋ** (Bruno), ਜੀਓਰਦਾਨੋ (੧੫੪੮-੧੬੦੦)—ਇਟਲੀ ਦਾ ਮਹਾਨ ਚਿੰਤਕ, ਪਦਾਰਥਵਾਦੀ ਅਤੇ ਅਨੀਸ਼ਵਰਵਾਦੀ; ਬ੍ਰਹਿਮੰਡ ਦੀ ਬਣਤਰ ਬਾਰੇ ਕਾਪਰਨੀਕਸ ਦੀ ਸਿਖਿਆ ਨੂੰ ਵਿਕਸਤ ਕੀਤਾ; ਉਸ ਵਲੋਂ ਆਪਣੇ ਵਿਚਾਰ ਤਿਆਗਣੋਂ ਇਨਕਾਰ ਕਰਨ ਤੇ ਇਨਕਵੀਜ਼ੀਸ਼ਨ ਨੇ ਸੜਵਾ ਦਿਤਾ।—੧੪੭, ੧੮੬

**ਬਰੈਨਟਾਨੋ** (Brentano), ਲੂਯੋ (੧੮੪੪-੧੯੩੧)—ਜਰਮਨ ਅਰਥ-ਵਿਗਿਆਨੀ, ਕਥੈਡਰ ਸੋਸ਼ਲਿਜ਼ਮ ਦੇ ਮੁਖ ਪ੍ਰਤਿਨਿਧਾਂ ਵਿਚੋਂ ਇਕ।—੩੦੧

**ਬਲਾਂ** (Blanc), ਲੂਈ (੧੮੧੧-੧੮੮੨)—ਫ਼ਰਾਂਸੀਸੀ ਨਿਕ-ਬੁਰਜੂਆ ਸੋਸ਼ਲਿਸਟ ਤੇ ਇਤਿਹਾਸਕਾਰ, ੧੮੪੮ ਦੇ ਇਨਕਲਾਬ ਦੀ ਸ਼ਖਸੀਅਤ, ਬੁਰਜੂਆਜ਼ੀ ਨਾਲ ਮਨ-ਮਨੌਤੀ ਦੀ ਹਮਾਇਤ ਕੀਤੀ।—੨੩੬

**ਬਲਾਈ** (Bligh), ਜੇਮਜ਼—੧੮੫੦-ਵਿਆਂ ਦੀ ਚਾਰਟਿਸਟ ਲਹਿਰ ਦੇ ਅਤਿਅੰਤ ਸਰਗਰਮ ਆਗੂਆਂ ਵਿਚੋਂ ਇਕ।—੧੨੨, ੧੨੩

**ਬਲੋਖ਼** (Bloch), ਯੋਸਫ਼ (੧੮੭੧-੧੯੩੬) — "Sozialistische Monatshefte" ਦਾ ਸੰਪਾਦਕ।—੨੭੩

**ਬਾਊਰ** (Baur), ਫਰਡੀਨਾਂਡ ਕਰਿਸਟੀਅਨ (੧੭੯੨-੧੮੬੦)—ਜਰਮਨ ਧਰਮ-ਸ਼ਾਸਤ੍ਰੀ, ਧਰਮ-ਸ਼ਾਸਤ੍ਰ ਦੀ ਟੂਬਿੰਗਨ ਪਰਪਾਟੀ ਦਾ ਬਾਨੀ, ਪ੍ਰੋਫੈਸਰ।—੨੦੪

**ਬਾਕੂਨਿਨ, ਮਿਖਾਇਲ ਅਲੇਕਸਾਂਦਰੋਵਿਚ** (੧੮੧੪-੧੮੭੬)—ਰੂਸੀ ਇਨਕਲਾਬੀ ਅਤੇ ਪਰਚਾਰਕ ਲੇਖਕ, ਅਰਾਜਕਤਾਵਾਦ ਦੇ ਵਿਚਾਰਵੇਤਾਵਾਂ ਵਿਚੋਂ ਇਕ; ਮਾਰਕਸਵਾਦ ਦਾ ਦੁਸ਼ਮਣ।—੨੨੦, ੨੪੬

**ਬਾਬਿਓਫ਼** (Babeuf), ਗਰਾਕੂਸ (੧੭੬੦-੧੭੯੭)—ਫ਼ਰਾਂਸੀਸੀ ਇਨਕਲਾਬੀ, ਸਮਤਾਵਾਦੀ ਯੂਟੋਪੀਅਨ ਕਮਿਊਨਿਜ਼ਮ ਦਾ ਸਿਰਕੱਢ ਪ੍ਰਤਿਨਿਧ।—੧੪੨

**ਬਾਰਬਨ** (Barbon), ਨਿਕੋਲਾਈ (ਅਨੁਮਾਨਿਤ ੧੬੪੦-੧੬੯੮)—ਅੰਗ੍ਰੇਜ਼ ਅਰਥ-ਵਿਗਿਆਨੀ, ਕਲਾਸੀਕੀ ਬੁਰਜੂਆ ਅਰਥ-ਵਿਗਿਆਨ ਦੇ ਅਗਵਾਨੂਆਂ ਵਿਚੋਂ ਇਕ।—੧੩੧

**ਬਾਲ** (Ball), ਜਾਨ (ਮੌਤ ੧੩੮੧)—ਅੰਗ੍ਰੇਜ਼ ਪੇਂਡੂ ਪਾਦਰੀ, ਲੋਕ ਉਪਦੇਸ਼ਕ, ੧੩੮੧ ਦੀ ਕਿਸਾਨ ਬਗ਼ਾਵਤ ਦਾ ਇਕ ਆਗੂ।—੮੭, ੮੯

**ਬਾਵੇਰ** (Bauer), ਬਰੂਨੋ (੧੮੦੯-੧੮੮੨)—ਜਰਮਨ ਆਦਰਸ਼ਵਾਦੀ ਦਰਸ਼ਨਵੇਤਾ, ਯੁਵਕ ਹੀਗਲਵਾਦੀਆਂ ਵਿਚੋਂ ਇਕ ਸਿਰਕੱਢ, ਬਾਈਬਲ ਦੀ ਆਲੋਚਨਾ

ਕੀਤੀ, ਮੁਢਲੀ ਈਸਾਈਅਤ ਦੇ ਇਤਿਹਾਸ ਬਾਰੇ ਪੁਸਤਕਾਂ ਦਾ ਲੇਖਕ।— ੩੨, ੪੫, ੬੫, ੧੯੨-੧੯੬, ੨੦੪, ੨੨੧-੨੨੩, ੨੪੫, ੩੧੨-੩੧੪, ੩੩੬

**ਬਿਊਖ਼ਨਰ** (Büchner), ਲੁਡਵਿਗ (੧੮੨੪-੧੮੯੯)— ਜਰਮਨ ਡਾਕਟਰ, ਸਰੀਰ-ਕਿਰਿਆ-ਵਿਗਿਆਨੀ ਅਤੇ ਬਾਜ਼ਾਰੂ ਪਦਾਰਥਵਾਦੀ ਦਰਸ਼ਨਵੇਤਾ।— ੨੨੯

**ਬਿਓਮੇ** (Böhme), ਯਾਕੋਬ (੧੫੭੫-੧੬੨੪)— ਜਰਮਨ ਦਸਤਕਾਰ, ਰਹੱਸਵਾਦੀ ਦਰਸ਼ਨਵੇਤਾ, ਉਸ ਦੇ ਮੱਤ ਵਿਚ ਦਵੰਦਵਾਦ ਦੇ ਤੱਤ ਹਨ।— ੨੩, ੫੦, ੨੭੮

**ਬਿਸਮਾਰਕ** (Bismarck), ਓਟੋ (੧੮੧੫-੧੮੯੮)— ਪਰੂਸ਼ੀਆ ਅਤੇ ਜਰਮਨੀ ਦਾ ਰਾਜਨੇਤਾ ਅਤੇ ਡਿਪਲੋਮੈਟ; ਪਰੂਸ਼ੀਆ ਦੇ ਮੰਤਰੀ-ਮੰਡਲ ਦਾ ਪ੍ਰਧਾਨ, ੧੮੭੧ ਤੋਂ ਜਰਮਨ ਸ਼ਹਿਨਸ਼ਾਹੀ ਦਾ ਪਹਿਲਾ ਚਾਂਸਲਰ।— ੨੩੫, ੧੪੧

**ਬੁਤਲੇਰੋਵ, ਅਲੇਕਸਾਂਦਰ ਮਿਖਾਈਲੋਵਿਚ** (੧੮੨੮-੧੮੮੬)— ਰੂਸੀ ਰਸਾਇਣ-ਵਿਗਿਆਨੀ, ਜੀਵਕ ਜੋਗਕਾਂ ਦੀ ਬਣਤਰ ਤੇ ਸਿਧਾਂਤ ਦਾ ਬਾਨੀ, ਜੋ ਆਧੁਨਿਕ ਜੀਵਕ ਰਸਾਇਣ-ਵਿਗਿਆਨ ਦਾ ਆਧਾਰ ਹੈ।— ੧੭੯

**ਬੂਰਬੋਨ**— ਫ਼ਰਾਂਸ ਵਿਚ ਬਾਦਸ਼ਾਹੀ ਖ਼ਾਨਦਾਨ (੧੫੮੯-੧੭੯੨, ੧੮੧੪-੧੮੧੫ ਅਤੇ ੧੮੧੫-੧੮੩੦)।— ੨੫੬

**ਬੇਈਲ** (Bayle), ਪਿਯੇਰ (੧੬੪੭-੧੭੦੬)— ਫ਼ਰਾਂਸੀਸੀ ਸ਼ੰਕਾਵਾਦੀ ਦਰਸ਼ਨਵੇਤਾ, ਪਰਾਭੌਤਿਕਵਾਦ, ਪਰੋਹਿਤੀ ਮੱਤਵਾਦ, ਅਤੇ ਧਾਰਮਿਕ ਵਹਿਮਾਂ ਦਾ ਵਿਰੋਧੀ।— ੪੮, ੪੯, ੨੬੪

**ਬੇਕਨ** (Bacon), ਫ਼ਰਾਂਸਿਸ, ਬੈਰਨ ਆਫ ਵੇਰੂਲਮ (੧੫੬੧-੧੬੨੬)— ਅੰਗ੍ਰੇਜ਼ ਦਰਸ਼ਨਵੇਤਾ, ਅੰਗ੍ਰੇਜ਼ ਪਦਾਰਥਵਾਦ ਦਾ ਬਾਨੀ, ਪ੍ਰਕਿਰਤੀਵਾਦੀ ਅਤੇ ਇਤਿਹਾਸਕਾਰ।— ੩੮, ੫੦-੫੨, ੧੬੯, ੨੭੭-੨੮੦

**ਬੇਕਰ** (Becker), ਆਗਸਟ (੧੮੧੪-੧੮੭੧)— ਜਰਮਨ ਪਰਚਾਰਕ ਲੇਖਕ; ਵਾਈਟਲਿੰਗ ਦਾ ਅਨੁਯਾਈ।— ੩੦੯

**ਬੇਂਗਲ** (Bengel), ਯੋਹਾਨ ਆਲਬ੍ਰੈਖ਼ਟ (੧੬੮੭-੧੭੫੨)— ਜਰਮਨ ਪ੍ਰੋਟੈਸਟੈਂਟ ਧਰਮ-ਸ਼ਾਸਤ੍ਰੀ।— ੩੩੩

**ਬੇਨਾਰੀ** (Benary) ਫ਼ਰਡੀਨਾਂਡ (੧੮੦੫-੧੮੮੦)— ਜਰਮਨ ਭਾਸ਼ਾ-ਵਿਗਿਆਨੀ ਅਤੇ ਪੂਰਬ-ਵਿਗਿਆਨੀ, ਬਾਈਬਲ ਦੇ ਇਤਿਹਾਸ ਬਾਰੇ ਅਧਿਕਾਰੀ ਵਿਦਵਾਨ, ਬਰਲਿਨ ਵਿਚ ਪ੍ਰੋਫ਼ੈਸਰ।— ੨੦੯, ੨੧੧, ੩੨੯, ੩੩੩

**ਬੇਰਥਲੋ** (Berthelot), ਮਾਰਸੇਲੇਨ (੧੮੨੭-੧੯੦੭) — ਫ਼ਰਾਂਸੀਸੀ ਰਸਾਇਣ-ਵਿਗਿਆਨੀ, ਜੀਵਕ ਪਦਾਰਥਾਂ ਦੇ ਸੰਸਲੇਸ਼ਣ ਦਾ ਕਰਤਾ, ਰਸਾਇਣ-ਵਿਗਿਆਨ ਦੇ ਇਤਿਹਾਸ ਬਾਰੇ ਲਿਖਿਆ। — ੨੩੮

**ਬੈਰ, ਕਾਰਲ, ਮਕਸੀਮੋਵਿਚ** (੧੭੯੨-੧੮੭੬) — ਰੂਸੀ ਅਕਾਦਮੀਸ਼ਨ, ਵਿਗਿਆਨਕ ਭਰੂਣ-ਵਿਗਿਆਨ ਦਾ ਮੋਢੀ। — ੧੫੭, ੧੮੮

**ਬੋਕਾਚੀਓ** (Boccaccio), ਜੋਵਾਨੀ (੧੩੧੩-੧੩੭੫) — ਪੁਨਰ-ਜਾਗ੍ਰਤੀ ਕਾਲ ਦਾ ਸਿਰਕੱਢ ਇਤਾਲਵੀ ਨਾਵਲਕਾਰ ਅਤੇ ਵਿਅੰਗਕਾਰ, ਪਾਦਰੀਵਾਦ ਦਾ ਵਿਰੋਧੀ। — ੮੮

**ਬੋਲਿੰਗਬਰੋਕ** (Bolingbroke), ਹੈਨਰੀ (੧੬੭੮-੧੭੫੧) — ਅੰਗ੍ਰੇਜ਼ ਦੇਵਵਾਦੀ ਦਰਸ਼ਨਵੇਤਾ ਅਤੇ ਰਾਜਨੇਤਾ, ਟੋਰੀ ਆਗੂ। — ੨੯੧

## ਮ

**ਮਾਈਸਨਰ** (Meißner), ਅਲਫ਼ਰੈਡ (੧੮੨੨-੧੮੮੫) — ਜਰਮਨ ਜਮਹੂਰੀ ਲੇਖਕ। — ੭੮, ੨੪੮

**ਮਾਕੀਆਵੇਲੀ** (Machiavelli), ਨਿਕੋਲੋ (੧੪੬੯-੧੫੨੭) — ਇਤਾਲਵੀ ਨੀਤੀਵਾਨ, ਇਤਿਹਾਸਕਾਰ ਅਤੇ ਲੇਖਕ; ਉਭਰਦੇ ਪੂੰਜੀਵਾਦੀ ਸੰਬੰਧਾਂ ਦੇ ਦੌਰ ਵਿਚ ਇਤਾਲਵੀ ਬੁਰਜੂਆਜ਼ੀ ਦੇ ਵਿਚਾਰਵੇਤਾਵਾਂ ਵਿਚੋਂ ਇਕ। — ੩੯, ੧੪੬

**ਮਾਨਟਸਕਿਊ** (Montesquieu), ਸ਼ਾਰਲ (੧੬੮੯-੧੭੫੫) — ਫ਼ਰਾਂਸੀਸੀ ਸਮਾਜ-ਵਿਗਿਆਨੀ, ਅਰਥ-ਵਿਗਿਆਨੀ ਅਤੇ ਲੇਖਕ; ੧੮-ਵੀਂ ਸਦੀ ਦੀ ਬੁਰਜੂਆ ਪ੍ਰਬੁਧਤਾ ਲਹਿਰ ਦਾ ਪ੍ਰਤਿਨਿਧ; ਸੰਵਿਧਾਨਿਕ ਰਾਜਤੰਤਰ ਦਾ ਸਿਧਾਂਤਕਾਰ। — ੩੯

**ਮਾਨਟਲ** (Mantell), ਗਿਡਿਓਨ ਅਲਜਰਨੋਨ (੧੭੯੦-੧੮੫੨) — ਅੰਗ੍ਰੇਜ਼ ਭੂ-ਗਰਭ-ਵਿਗਿਆਨੀ ਅਤੇ ਪਥਰਾਏ ਜੀਵਾਂ ਦੇ ਅਧਿਅਨ ਦਾ ਮਾਹਿਰ; ਆਪਣੀਆਂ ਲਭਤਾਂ ਨੂੰ ਬਾਈਬਲ ਦੇ ਅਵਦਾਨਾਂ ਨਾਲ ਸੁਮੇਲਣ ਦੀ ਕੋਸ਼ਿਸ਼ ਕੀਤੀ। — ੨੮੦

**ਮਾਨਟਲ** (Mantel), ਯੋਹਾਨ (ਅਨੁਮਾਨਿਤ ੧੪੬੮-੧੫੩੦) — ਜਰਮਨ ਧਰਮ-ਸ਼ਾਸਤ੍ਰੀ, ਸਟੁਟਗਾਰਟ ਦਾ ਪਰਚਾਰਕ, ਥਾਮਸ ਮਿਊਨਟਸਰ ਦਾ ਅਨੁਯਾਈ। — ੧੦੮

**ਮਾਯਰ** (Mayer), ਜੂਲੀਅਸ ਰਾਬਰਟ (੧੮੧੪-੧੮੭੮) — ਜਰਮਨ ਪ੍ਰਕਿਰਤੀ-ਵਿਗਿਆਨੀ, ਉਹਨਾਂ ਪਹਿਲਿਆਂ ਵਿਚੋਂ ਇਕ ਜਿਨ੍ਹਾਂ ਨੇ ਸ਼ਕਤੀ ਦੇ ਸੁਰੱਖਿਅਣ ਤੇ ਪਰਿਵਰਤਨ ਦੇ ਨੇਮਾਂ ਨੂੰ ਸੂਤਰਬੱਧ ਕੀਤਾ। — ੭੮

**ਮਾਰਕਸ** (Marx), ਕਾਰਲ (੧੮੧੮-੧੮੮੩)—੬੨, ੨੨੨, ੨੪੫-੨੪੭, ੨੭੧, ੨੭੩, ੨੭੫, ੨੮੦, ੨੯੨

**ਮਾਰਕੁਸ ਆਵਰੇਲੀਅਸ ਆਨਤੋਨੀਨਸ** (੧੨੧-੧੮੦ ਈਸਵੀ)—ਰੋਮ ਦਾ ਸ਼ਹਿਨਸ਼ਾਹ (੧੬੧-੧੮੦), ਸਹਿਜ-ਮਾਰਗੀ ਦਰਸ਼ਨਵੇਤਾ।—੩੧੩

**ਮਾਰੀ** (Murray), ਲਿੰਡਲੇ (੧੭੪੫-੧੮੨੬)—ਅੰਗ੍ਰੇਜ਼ ਵਿਆਕਰਣੀ।—੧੭੫-੨੭੬

**ਮਾਲਥਸ** (Malthus), ਥਾਮਸ ਰਾਬਰਟ (੧੭੬੬-੧੮੩੪)—ਅੰਗ੍ਰੇਜ਼ ਪਾਦਰੀ, ਅਰਥ-ਵਿਗਿਆਨੀ, ਵਸੋਂ ਬਾਰੇ ਮਨੁਖੀ-ਨਫਰਤ ਦੇ ਸਿਧਾਂਤ ਦਾ ਪਰਚਾਰਕ।—੧੨੯-੧੩੧

**ਮਾਲਬਰਾਂਸ਼** (Malebranche), ਨਿਕੋਲਾ (੧੬੩੮-੧੭੧੫)—ਫਰਾਂਸੀਸੀ ਆਦਰਸ਼ਵਾਦੀ ਦਰਸ਼ਨਵੇਤਾ, ਪਰਾ-ਭੌਤਿਕ-ਵਿਗਿਆਨੀ ।—੨੩, ੪੬, ੪੮, ੫੨, ੫੪

**ਮਿਊਨਟਸਰ** (Münzer), ਥਾਮਸ (ਅਨੁਮਾਨਿਤ ੧੪੯੦-੧੫੨੫)—ਜਰਮਨ ਇਨਕਲਾਬੀ; ੧੫੨੫ ਵਿਚ ਕਿਸਾਨ ਜੰਗ ਤੇ ਧਰਮ-ਸੁਧਾਰ ਲਹਿਰ ਸਮੇਂ ਨਿਮਨ-ਵਰਗ ਕਿਸਾਨ ਧੜੇ ਦਾ ਆਗੂ ਤੇ ਵਿਚਾਰਵੇਤਾ; ਸੰਮਤਵਾਦੀ ਯੂਟੋਪੀਆਈ ਕਮਿਊਨਿਜ਼ਮ ਦਾ ਪਰਚਾਰਕ।—੮੭, ੯੧, ੯੨, ੯੬, ੯੮-੧੦੮

**ਮਿਓਈਰਰ** (Mäurer), ਹਰਮਾਨ (੧੮੧੩—ਅਨੁਮਾਨਿਤ ੧੮੮੨)—ਜਰਮਨ ਜਮਹੂਰੀ ਲੇਖਕ।—੭੯

**ਮਿਨਿਯੇ** (Mignet), ਫਰਾਂਸੁਆ ਆਗੁਸਤ ਮਾਰੀ (੧੭੯੬-੧੮੮੪)—ਫ਼ਰਾਂਸੀਸੀ ਇਤਿਹਾਸਕਾਰ; ਸਾਮੰਤੀ ਸਮਾਜ ਦੇ ਇਤਿਹਾਸ ਵਿਚ ਜਮਾਤੀ ਸੰਗਰਾਮ ਦਾ ਰੋਲ ਮੰਨਣ ਤੱਕ ਪੁਜਾ।—੨੫੬

**ਮਿਰਾਬੋ** (Mirabeau), ਓਨੋਰੇ ਗਾਬਰੀਅਲ (੧੭੪੯-੧੭੯੧)—੧੮-ਵੀਂ ਸਦੀ ਦੇ ਅਖੀਰ ਫ਼ਰਾਂਸੀਸੀ ਇਨਕਲਾਬ ਵਿਚ ਵਿਰੋਧੀ ਰਾਠਸ਼ਾਹੀ ਅਤੇ ਵੱਡੀ ਬੁਰਜੁਆਜ਼ੀ ਦਾ ਸਿਰਕੱਢ ਆਗੂ।—੩੯

**ਮਿਰਾਬੋ** (Mirabeau), (ਵੱਡਾ) ਵਿਕਤੋਰ, ਮਾਰਕੁਇਸ ਦੇ (੧੭੧੫-੧੭੮੯)—ਫ਼ਰਾਂਸ ਦਾ ਅਰਥ-ਵਿਗਿਆਨੀ, ਭੂਅਰਥ-ਵਿਗਿਆਨੀ।—੧੩੧

**ਮੁਹੰਮਦ** (ਅਨੁਮਾਨਿਤ ੫੭੦-੬੩੨)—ਅਰਬ, ਮੱਕੇ ਦਾ ਜੰਮਿਆ, ਇਸਲਾਮ

ਦਾ ਬਾਨੀ ਸਮਝਿਆ ਜਾਣ ਵਾਲਾ। ਮੁਸਲਮਾਨਾਂ ਦੀ ਧਾਰਨਾ ਅਨੁਸਾਰ ਮੁਹੰਮਦ ਅੱਲਾ ਦਾ ਪੈਗੰਬਰ ਸੀ।—੮੧, ੧੧੦, ੧੧੨, ੧੧੬

**ਮੁੰਡਟ** (Mundt), ਥਿਓਡਰ (੧੮੦੮-੧੮੬੧)—ਜਰਮਨ ਜਮਹੂਰੀਅਤਪਸੰਦ ਲੇਖਕ, ਬਰੇਸਲਾਵਲ ਤੇ ਬਰਲਿਨ ਵਿਚ ਸਾਹਿਤ ਤੇ ਇਤਿਹਾਸ ਦਾ ਪ੍ਰੋਫੈਸਰ।—੭੯

**ਮੂਡੀ** (Moody), ਡਵਾਈਟ (੧੮੩੭-੧੮੯੯)—ਅੰਜੀਲੀ ਕਥਾਵਾਂ ਦਾ ਅਮ੍ਰੀਕੀ ਪਰਚਾਰਕ, ਮਿਸ਼ਨਰੀ; "ਜਾਗਰਤੀਵਾਦ" ਲਹਿਰ ਦੇ ਜਥੇਬੰਦਕਾਂ ਵਿਚੋਂ ਇਕ।—੨੯੫

**ਮੇਲਾਂਖ਼ਟੋਨ** (Melanchton), ਫਿਲਿਪ (੧੪੯੭-੧੫੬੦)—ਜਰਮਨ ਧਰਮ-ਸ਼ਾਸਤ੍ਰੀ, ਲੂਥਰ ਦਾ ਨਿਕਟਵਰਤੀ ਸਾਥੀ ।—੧੦੫

**ਮੈਂਗਰ** (Menger), ਆਨਟਨ (੧੮੪੧-੧੯੦੬) —ਆਸਟਰੀਆ ਦਾ ਕਾਨੂੰਨਦਾਨ, ਵੀਆਨਾ ਯੂਨੀਵਰਸਿਟੀ ਦਾ ਪ੍ਰੋਫੈਸਰ; ਬੁਰਜੂਆ ਸੋਸ਼ਲਿਜ਼ਮ, ਅਖੌਤੀ ਕਾਨੂੰਨੀ ਸੋਸ਼ਲਿਜ਼ਮ, ਦੀ ਪਰਪਾਟੀ ਦਾ ਪ੍ਰਤਿਨਿਧ।—੩੦੩

**ਮੈਡਲਰ** (Mädler), ਯੋਹਾਨ ਹਾਈਨਰਿਖ ਫੋਨ (੧੭੯੪-੧੮੭੪)—ਜਰਮਨ ਖਗੋਲ-ਵਿਗਿਆਨੀ।—੧੫੨, ੧੫੮, ੧੬੫

**ਮੈਂਡਵਿਲ** (Mandeville), ਬਰਨਰਡ (੧੬੭੦-੧੭੩੩)—ਅੰਗ੍ਰੇਜ਼ ਜਮਹੂਰੀ ਨੈਤਿਕਤਾਵਾਦੀ, ਲੇਖਕ ਅਤੇ ਅਰਥ-ਵਿਗਿਆਨੀ।—੧੩੧

**ਮੈਨਰਜ਼** (Manners), ਜਾਨ (੧੮੧੮-੧੯੦੬) —ਅੰਗ੍ਰੇਜ਼ ਰਾਜਨੇਤਾ, ਟੋਰੀ।—੨੯੮

**ਮੋਂਤਲਾਂਬੇਰ** (Montalembert), ਮਾਰੀ ਰੇਨੇ (੧੭੧੪-੧੮੦੦)—ਫ਼ਰਾਂਸੀਸੀ ਸੈਨਿਕ ਇੰਜੀਨੀਅਰ ਅਤੇ ਸਿਧਾਂਤਕਾਰ।—੧੪੬

**ਮੋਰ** (More), ਥਾਮਸ (੧੪੭੮-੧੫੩੫)—ਅੰਗ੍ਰੇਜ਼ ਨੀਤੀਵਾਨ, ਲਾਰਡ ਚਾਂਸਲਰ; ਮਾਨਵਵਾਦੀ ਲੇਖਕ, ਮੁਢਲੀ ਯੂਟੋਪੀਆਈ ਕਮਿਊਨਿਜ਼ਮ ਦਾ ਇਕ ਪ੍ਰਤਿਨਿਧ; "ਯੂਟੋਪੀਆ" ਦਾ ਲੇਖਕ।—੧੩੧

**ਮੋਲੇਸ਼ੋਟ** (Moleschott), ਯਾਕੋਬ (੧੮੨੨-੧੮੯੩)—ਸਰੀਰ-ਕਿਰਿਆ-ਵਿਗਿਆਨੀ, ਹਾਲੈਂਡ ਦਾ ਜੰਮਪਲ, ਬਾਜ਼ਾਰੂ ਪਦਾਰਥਵਾਦੀ ਦਰਸ਼ਨਵੇਤਾ। ਜਰਮਨੀ, ਸਵਿਟਜ਼ਰਲੈਂਡ ਅਤੇ ਇਟਲੀ ਦੀਆਂ ਵਿਦਿਆਂ ਦੀਆਂ ਸੰਸਥਾਵਾਂ ਵਿਚ ਅਧਿਆਪਕ।—੨੨੯

## ਯ

**ਯੂਕਲੀਡ** (ਚੌਥੀ ਸਦੀ ਪੂਰਬ ਈਸਾ ਦੇ ਅਖੀਰ ਤੇ ਤੀਜੀ ਸਦੀ ਪੂਰਬ ਈਸਾ ਦੇ ਆਰੰਭ ਵਿਚ)—ਪ੍ਰਾਚੀਨ ਯੂਨਾਨ ਦਾ ਗਣਿਤ-ਵਿਗਿਆਨੀ।—੧੪੭

**ਯੋਹਾਨ** (੧੪੬੮-੧੫੩੨)—ਸੈਕਸੋਨੀ ਦਾ ਡਿਊਕ, ੧੫੨੫ ਤੋਂ ਸੈਕਸੋਨੀ ਦਾ ਇਲੈਕਟਰ; ਥਾਮਸ ਮਿਊਨਟਸਰ ਤੇ ਜ਼ੁਲਮ ਢਾਹੁਣ ਵਾਲਿਆਂ ਵਿਚੋਂ ਇਕ, ੧੫੨੫ ਵਿਚ ਥੁਰਿੰਗੀਆ ਦੀ ਕਿਸਾਨ ਬਗ਼ਾਵਤ ਦੇ ਖ਼ਿਲਾਫ਼ ਬਦਲੇ ਦੀ ਕਾਰਵਾਈ ਵਜੋਂ ਹਿੰਸਾ ਕਰਨ ਵਾਲਾ।—੧੦੪

## ਰ

**ਰਾਊਮਰ** (Raumer), ਫ਼ਰੀਡਰਿਖ਼ (੧੭੮੧-੧੮੭੩)—ਜਰਮਨ ਪਿਛਾਂਹ-ਖਿਚੂ ਇਤਿਹਾਸਕਾਰ।—੭੮

**ਰਾਬਮਾਨ** (Rabmann), ਫਰਾਂਟਸ (ਮੌਤ ੧੫੨੫)—ਜਰਮਨ ਪਰਚਾਰਕ; ਮਿਊਨਟਸਰ ਦਾ ਅਨੁਆਈ ਅਤੇ ਲੋਕ ਧਰਮ ਸੁਧਾਰ ਲਹਿਰ ਦਾ ਹਮਾਇਤੀ; ੧੫੨੫ ਵਿਚ ਕਿਸਾਨ ਬਗ਼ਾਵਤ ਵਿਚ ਹਿੱਸਾ ਲਿਆ; ਕਿਸਾਨ ਲਹਿਰ ਦੇ ਕੁਚਲੇ ਜਾਣ ਮਗਰੋਂ ਤਸੀਹੇ ਦੇਕੇ ਮਾਰਿਆ ਗਿਆ।—੧੦੮

**ਰੂਸੋ** (Rousseau), ਜਾਂ ਜਾਕ (੧੭੧੨-੧੭੭੮)—ਫ਼ਰਾਂਸ ਦਾ ਪ੍ਰਬੁਧਤਾਵਾਦੀ, ਜਮਹੂਰੀਅਤਪਸੰਦ, ਨਿਕੀ ਬੁਰਜੂਆਜ਼ੀ ਦਾ ਵਿਚਾਰਵੇਤਾ; ਦੇਵਵਾਦੀ ਦਰਸ਼ਨਵੇਤਾ।—੩੯, ੧੪੨, ੨੩੪

**ਰੇਨਾਨ** (Renan), ਆਰਨੈਸਟ (੧੮੨੩-੧੮੯੨)—ਫ਼ਰਾਂਸ ਦਾ ਭਾਸ਼ਾ-ਵਿਗਿਆਨੀ, ਆਦਰਸ਼ਵਾਦੀ ਦਰਸ਼ਨਵੇਤਾ ਅਤੇ ਇਤਿਹਾਸਕਾਰ, ਈਸਾਈਅਤ ਦੇ ਇਤਿਹਾਸ ਬਾਰੇ ਖੋਜ ਪੁਸਤਕਾਂ ਦਾ ਲੇਖਕ।—੧੯੨, ੨੦੪, ੨੪੫, ੩੧੨, ੩੧੫, ੩੨੯, ੩੩੩

**ਰੋਖੋਊ** (Rochow), ਗੁਸਟਾਵ ਅਡੋਲਫ (੧੭੯੨-੧੮੪੭)—ਪਰੂਸ਼ੀਆ ਦਾ ਘਰੇਲੂ ਮਾਮਲਿਆਂ ਦਾ ਮੰਤਰੀ (੧੮੩੪-੧੮੪੨)।—੧੩੮

**ਰੋਨਗੇ** (Ronge), ਯੋਹਾਨਸ (੧੮੧੩-੧੮੮੭)—ਜਰਮਨ ਪਾਦਰੀ, ਉਹਨਾਂ ਜਰਮਨ ਕੈਥੋਲਿਕਾਂ ਵਿਚੋਂ ਇਕ ਜਿਨ੍ਹਾਂ ਨੇ ਕੈਥੋਲਿਕ ਮੱਤ ਨੂੰ ਜਰਮਨ ਬੁਰਜੂਆਜ਼ੀ ਦੇ ਹਿਤਾਂ ਦੇ ਅਨੁਕੂਲ ਬਣਾਉਣ ਦਾ ਜਤਨ ਕੀਤਾ।—੭੭, ੭੮

**ਰੋਬਸਪਿਯੇਰ** (Robespierre), ਮਕਸੀਮਿਲੀਆਨ (੧੭੫੮-੧੭੯੪)—੧੮-ਵੀਂ ਸਦੀ ਦੇ ਅਖੀਰ ਤੇ ਫ਼ਰਾਂਸੀਸੀ ਬੁਰਜੂਆ ਇਨਕਲਾਬ ਦਾ ਨੀਤੀਵਾਨ; ਜੈਕੋਬਿਨਾਂ

ਦਾ ਆਗੂ; ਇਨਕਲਾਬੀ ਸਰਕਾਰ (੧੭੯੩-੧੭੯੪) ਦਾ ਮੁਖੀ; "ਸਰਵੁਚ ਹਸਤੀ" ਦੀ ਭਗਤੀ ਨੂੰ ਈਸਾਈਅਤ ਦੀ ਥਾਂ ਸਥਾਪਤ ਕਰਨ ਦਾ ਅਸਫਲ ਜਤਨ ਕੀਤਾ।—੨੩੯

**ਰੋਬੀਨੇ** (Robinet), ਜਾਂ ਬਾਪਤਿਸਤ ਰੇਨੇ (੧੭੩੫-੧੮੨੦)—ਫ਼ਰਾਂਸੀਸੀ ਪਦਾਰਥਵਾਦੀ ਦਰਸ਼ਨਵੇਤਾ।—੫੩

**ਲ**

**ਲਾ** (Law), ਜਾਨ (੧੬੭੧-੧੭੨੯)—ਅੰਗ੍ਰੇਜ਼ ਅਰਥ-ਵਿਗਿਆਨੀ ਅਤੇ ਪੂੰਜੀਦਾਰ; ਫ਼ਰਾਂਸ ਵਿਚ (੧੭੧੯-੧੭੨੦) ਵਿਤ ਮੰਤਰੀ: ਕਾਗਜ਼ ਦੀ ਕਰੰਸੀ ਜਾਰੀ ਕਰਨ ਲਈ ਉਘਾ ਜਿਸ ਦਾ ਅੰਤ ਅਸਫਲਤਾ ਵਿਚ ਹੋਇਆ।—੪੮, ੧੩੧

**ਲਾਈਬਨਿਟਸ** (Leibniz), ਗੋਟਫਰੀਡ ਵਿਲਹੈਲਮ (੧੬੪੬-੧੭੧੬)—ਜਰਮਨ ਗਣਿਤ-ਵਿਗਿਆਨੀ, ਆਦਰਸ਼ਵਾਦੀ ਦਰਸ਼ਨਵੇਤਾ।—੨੩, ੪੮, ੪੯, ੫੨-੫੪, ੧੪੮

**ਲਾਕ** (Locke), ਜਾਨ (੧੬੩੨-੧੭੦੪)—ਅੰਗ੍ਰੇਜ਼ ਪਦਾਰਥਵਾਦੀ ਦਰਸ਼ਨਵੇਤਾ। ਆਪਣੀ ਮੁਖ ਦਾਰਸ਼ਨਿਕ ਰਚਨਾ "ਮਨੁਖੀ ਤਰੱਕ ਬਾਰੇ ਨਿਬੰਧ" ਵਿਚ ਉਸ ਨੇ ਬੋਧ ਦਾ ਸਾਰ ਰੂਪ ਵਿਚ ਪਦਾਰਥਵਾਦੀ ਪਰ ਅਨੁਭਵਵਾਦੀ ਸਿਧਾਂਤ ਪੇਸ਼ ਕੀਤਾ। ਉਸ ਨੇ ਵਿਸ਼ਵਾਸ ਨੂੰ ਤਰੱਕ ਨਾਲ ਜੋੜਨ, "ਆਮ ਬੁੱਧੀ" ਨੂੰ ਪ੍ਰਵਾਨ ਧਰਮ ਸਥਾਪਤ ਕਰਨ ਦਾ ਜਤਨ ਕੀਤਾ।—੪੬, ੪੯, ੫੨, ੫੩, ੧੩੧, ੨੭੯, ੨੮੦

**ਲਾਂਗੇ** (Lange), ਯੋਆਹਿਮ (੧੬੭੦-੧੭੪੪)—ਜਰਮਨ ਧਰਮ-ਸ਼ਾਸਤ੍ਰੀ, ਹਾਲੇ ਵਿਚ ਪ੍ਰੋਫੈਸਰ; ਅਤਿ ਦਰਜੇ ਦਾ ਪਿਛਾਂਹਖਿਚੂ।—੩੯

**ਲਾਜ਼ਾਰਸ**—ਆਂਜੀਲ ਦੀ ਕਹਾਣੀ ਦੇ ਇਕ ਗਰੀਬ ਦਾ ਨਾਂ। ੧੯੯

**ਲਾਪਲਾਸ** (Laplace), ਪਿਯੇਰ ਸਾਈਮਨ (੧੭੪੯-੧੮੨੭)—ਫ਼ਰਾਂਸੀਸੀ ਖਗੋਲ-ਵਿਗਿਆਨੀ, ਗਣਿਤ-ਵਿਗਿਆਨੀ ਅਤੇ ਭੌਤਿਕ-ਵਿਗਿਆਨੀ; ਗੈਸੀ ਧੁੰਦੂਕਾਰ ਪੁੰਜ ਤੋਂ ਸੂਰਜੀ ਪ੍ਰਬੰਧ ਦੇ ਮੂਲ ਬਾਰੇ ਮਨੌਤ ਦਾ ਕਰਤਾ।—੧੫੧, ੧੫੨, ੧੫੮, ੧੮੮, ੧੮੯, ੨੮੧

**ਲਾਮਾਰਕ** (Lamarck), ਜਾਂ ਬਾਪਤਿਸਤ (੧੭੪੪-੧੮੨੯)—ਫ਼ਰਾਂਸੀਸੀ ਪਦਾਰਥਵਾਦੀ ਪ੍ਰਕਿਰਤੀ-ਵਿਗਿਆਨੀ; ਡਾਰਵਿਨ ਤੋਂ ਪਹਿਲਾਂ ਜੀਵ-ਵਿਗਿਆਨ ਵਿਚ ਇਨਕਲਾਬੀ ਮੱਤ ਦੀ ਨੀਂਹ ਰੱਖੀ।—੧੫੭, ੧੮੮, ੨੩੧

**ਲਾ ਮੇਤਰੀ** (Lamettrie), ਜੂਲੀਯੇਂ (੧੭੦੯-੧੭੫੧)—ਫ਼ਰਾਂਸੀਸੀ ਡਾਕਟਰ, ਪਦਾਰਥਵਾਦੀ ਦਰਸ਼ਨਵੇਤਾ।—੪੭, ੪੮, ੫੩

**ਲਾਮੇਨੇ** (Lamennais), ਫੇਲੀਸੀਤੇ (੧੭੮੨-੧੮੫੪) —ਫ਼ਰਾਂਸੀਸੀ ਪਾਦਰੀ; ਪਤਰਕਾਰ; ਈਸਾਈ ਸੋਸ਼ਲਿਜ਼ਮ ਦੇ ਵਿਚਾਰਵੇਤਾਵਾਂ ਵਿਚੋਂ ਇਕ।—੩੦੯

**ਲਾਯੇਲ** (Lyell), ਚਾਰਲਸ (੧੭੯੭-੧੮੭੫)—ਅੰਗ੍ਰੇਜ਼ ਵਿਗਿਆਨੀ, ਭੂ-ਗਰਭ-ਵਿਗਿਆਨੀ।—੧੫੩, ੧੫੪, ੧੮੮

**ਲਾਵੂਆਜ਼ੀਯੇ** (Lavoisier), ਆਂਤੂਆਨ ਲੋਰਾਂ (੧੭੪੩-੧੭੯੪)—ਫ਼ਰਾਂਸੀਸੀ ਰਸਾਇਣ-ਵਿਗਿਆਨੀ।—੧੫੫

**ਲਿਓਨਾਰਦੋ ਦਾ ਵਿਨਚੀ** (Leonardo da Vinci), (੧੪੫੨-੧੫੧੯)—ਮਹਾਨ ਇਤਾਲਵੀ ਚਿਤਰਕਾਰ; ਪੁਨਰ-ਜਾਗ੍ਰਤੀ ਕਾਲ ਦਾ ਵਿਸ਼ਵਕੋਸ਼ਵਾਦੀ ਅਤੇ ਇੰਜੀਨੀਅਰ।—੧੪੫

**ਲਿਨੀਅਸ** (Linné); ਕਾਰਲਸ (੧੭੦੭-੧੭੭੮)—ਸਵੀਡਿਸ਼ ਪ੍ਰਕਿਰਤੀ-ਵਿਗਿਆਨੀ, ਬਨਸਪਤ-ਵਿਗਿਆਨੀ, ਪੌਦਿਆਂ ਤੇ ਜਾਨਵਰਾਂ ਦਾ ਵਰਗੀਕਰਨ ਕਰਨ ਵਾਲਾ।—੧੪੮, ੧੪੯

**ਲੂਈ ਚੌਦਵਾਂ** (੧੬੩੮-੧੭੧੫)—ਫ਼ਰਾਂਸ ਦਾ ਬਾਦਸ਼ਾਹ (੧੬੪੩-੧੭੧੫)।—੭੦, ੨੬੪

**ਲੂਈ ਸੋਲ੍ਹਵਾਂ** (੧੭੫੪-੧੭੯੩)—ਫ਼ਰਾਂਸ ਦਾ ਬਾਦਸ਼ਾਹ (੧੭੭੪-੧੭੯੨)—੧੮ਵੀਂ ਸਦੀ ਦੇ ਅਖੀਰ ਵਿਚ ਫ਼ਰਾਂਸੀਸੀ ਬੁਰਜੂਆ ਇਨਕਲਾਬ ਦੌਰਾਨ ਫਾਹੇ ਲਾਇਆ ਗਿਆ।—੭੦, ੭੨, ੭੩

**ਲੂਈ ਫ਼ਿਲਿਪ** (੧੭੭੩-੧੮੫੦)—ਫ਼ਰਾਂਸ ਦਾ ਬਾਦਸ਼ਾਹ (੧੮੩੦-੧੮੪੮)—੨੮੯

**ਲੂਈ ਬੋਨਾਪਾਰਟ** —ਵੇਖੋ ਨੈਪੋਲੀਅਨ ਤੀਜਾ।

**ਲੂਕ**—ਅੰਜੀਲਾਂ ਵਿਚੋਂ ਇਕ ਦਾ ਕਰਤਾ।—੧੦੦

**ਲੂਕਰੀਸ਼ਸ** (ਤੀਤੁਸ ਲੂਕਰੀਸ਼ਸ ਕਾਰੁਸ) (ਅਨੁਮਾਨਿਤ ੯੯-ਅਨੁਮਾਨਿਤ ੫੫ ਪੂਰਬ ਈਸਾ)—ਰੋਮ ਦਾ ਪਦਾਰਥਵਾਦੀ ਦਰਸ਼ਨਵੇਤਾ ਅਤੇ ਕਵੀ; ਅਨੀਸ਼ਵਰਵਾਦੀ।—੨੨

**ਲੂਕਿਅਨ** (ਅਨੁਮਾਨਿਤ ੧੨੦-ਅਨੁਮਾਨਿਤ ੧੮੦ ਈਸਵੀ।—ਪ੍ਰਾਚੀਨ ਯੂਨਾਨ ਦਾ ਵਿਅੰਗ ਲੇਖਕ, ਅਨੀਸ਼ਵਰਵਾਦੀ।—੧੪, ੨੨, ੧੩੨, ੩੦੬, ੩੦੭

**ਲੂਕੇ** (Lücke), ਫਰੀਡਰਿਖ਼ (੧੭੯੧-੧੮੫੫)—ਜਰਮਨ ਪ੍ਰੋਟੈਸਟੈਂਟ ਧਰਮ-ਸ਼ਾਸਤ੍ਰੀ, ਅੰਜੀਲ ਦੀਆਂ ਕਥਾਵਾਂ ਸੰਬੰਧੀ ਟਿਪਣੀਆਂ ਦਾ ਕਰਤਾ।—੩੨੯

**ਲੂਥਰ** (Luther), ਮਾਰਟਿਨ (੧੪੮੩-੧੫੪੬)—ਧਰਮ ਸੁਧਾਰ ਲਹਿਰ

ਦਾ ਸਿਰਕੱਢ ਆਗੂ, ਜਰਮਨੀ ਵਿਚ ਪ੍ਰੋਟਸਟੈਂਟਵਾਦ (ਲੂਥਰਵਾਦ) ਦਾ ਬਾਨੀ; ੧੫੨੫ ਵਿਚ ਕਿਸਾਨ ਜੰਗ ਦੌਰਾਨ ਉਸ ਨੇ ਬਾਗੀ ਕਿਸਾਨਾਂ ਅਤੇ ਗਰੀਬ ਸ਼ਹਿਰਵਾਸੀਆਂ ਦੇ ਖਿਲਾਫ ਰਜਵਾੜਿਆਂ ਦਾ ਪੱਖ ਲਿਆ। — ੨੮, ੪੩, ੯੩-੯੬, ੧੦੩-੧੦੫, ੧੦੭, ੧੦੮, ੧੪੬, ੧੪੭, ੧੮੭, ੨੬੪, ੨੮੭

**ਲੇ ਰੂਆ** (Le Roy), ਆਂਰੀ (੧੫੯੮-੧੬੭੯) — ਡੱਚ ਡਾਕਟਰ; ਪਦਾਰਥਵਾਦੀ ਦਰਸ਼ਨਵੇਤਾ । — ੪੭

**ਲੇਵੀਆਥੱਨ** — ਬਾਈਬਲ ਦੀਆਂ ਕਹਾਣੀਆਂ ਦੇ ਅਨੁਸਾਰ ਇਕ ਵੱਡਾ ਸਮੁੰਦਰੀ ਦੇਵਤਾ। — ੩੨

**ਲੇਵੇਰੀਯੇ** (Leverrier), ਉਰਬੇਨ ਜਾਂ ਜੋਜ਼ੇਫ (੧੮੧੧-੧੮੭੭) — ਫ਼ਰਾਂਸੀਸੀ ਖਗੋਲ-ਵਿਗਿਆਨੀ ਅਤੇ ਗਣਿਤ-ਵਿਗਿਆਨੀ; ਉਸ ਨੇ ਨੈਪਟਿਊਨ ਨਿਛੱਤਰ ਜਿਸ ਦਾ ਉਸ ਵੇਲੇ ਕੋਈ ਪਤਾ ਨਹੀਂ ਸੀ ਦੇ ਪਰਕਰਮਾ-ਪੰਧ ਦਾ ਲੇਖਾ ਜੋਖਾ ਕੀਤਾ ਅਤੇ ਆਕਾਸ਼ ਵਿਚ ਉਸ ਨਿਛੱਤਰ ਦੀ ਸਥਿਤੀ ਨਿਸਚਿਤ ਕੀਤੀ। — ੨੨੭

**ਲੋਖਨਰ** (Lochner), ਗੇਓਰਗ (੧੭੯੮-੧੮੮੨) — ਜਰਮਨ ਭਾਸ਼ਾ-ਵਿਗਿਆਨੀ। — ੭੮

## ਵ

**ਵਾਈਟਲਿੰਗ** (Weitling), ਵਿਲਹੈਲਮ (੧੮੦੮-੧੮੭੧) — ਜਰਮਨੀ ਵਿਚ ਮਜ਼ਦੂਰਾਂ ਦੀ ਲਹਿਰ ਦੀ ਰਚਨਾ ਦੇ ਦੌਰ ਵਿਚ ਇਸ ਦਾ ਸਿਰਕੱਢ ਆਗੂ; ਧਾਰਮਿਕ ਵਿਚਾਰਾਂ ਦੇ ਤੱਤਾਂ ਨਾਲ ਯੂਟੋਪੀਆਈ ਸਾਮੰਤਵਾਦੀ ਕਮਿਊਨਿਜ਼ਮ ਦੀ ਪ੍ਰਣਾਲੀ ਦਾ ਮੋਢੀ; ਕਿੱਤੇ ਦੇ ਪੱਖੋਂ ਦਰਜ਼ੀ। — ੩੦੫, ੩੦੬, ੩੦੯, ੩੧੭

**ਵਾਟ** (Watt), ਜੇਮਜ਼ (੧੭੩੬-੧੮੧੯) — ਇੰਗਲੈਂਡ ਦਾ ਕਾਢਕਾਰ; ਭਾਫ ਦਾ ਇੰਜਨ ਬਣਾਇਆ। — ੨੯੩

**ਵਾਲਟੇਅਰ** (Voltaire), ਫ਼ਰਾਂਸੂਆ ਮਾਰੀ (੧੬੯੪-੧੭੭੮) — ੧੮ਵੀਂ ਸਦੀ ਦੀ ਪ੍ਰਬੁਧਤਾ ਲਹਿਰ ਦਾ ਸਿਰਕੱਢ ਫ਼ਰਾਂਸੀਸੀ ਪ੍ਰਤਿਨਿਧ; ਪ੍ਰਸਿਧ ਦੇਵਵਾਦੀ ਦਰਸ਼ਨਵੇਤਾ, ਵਿਅੰਗਕਾਰ, ਇਤਿਹਾਸਕਾਰ, ਨਿਰੰਕੁਸ਼ਵਾਦ ਅਤੇ ਕੈਥੋਲਿਕ ਮੱਤ ਦਾ ਵਿਰੋਧੀ। — ੩੯, ੪੮, ੧੧੯, ੨੩੪, ੨੬੪, ੩੦੬

**ਵਾਲਡਾਊ** (Waldau) ਮਾਕਸ (ਰਿਖ਼ਰਡ ਗੇਓਰਗ ਹਾਵਨਸ਼ੀਲਡ ਦਾ ਸਾਹਿਤਕ ਨਾਂ) (੧੮੨੫-੧੮੫੫) — ਜਰਮਨ ਲੇਖਕ। — ੭੮

**ਵਾਲੇਸ** (Wallace), ਅਲਫ੍ਰੈਡ ਰਾਸਲ (੧੮੨੩-੧੯੧੩) — ਅੰਗ੍ਰੇਜ਼ ਪ੍ਰਾਣੀ-ਵਿਗਿਆਨੀ ਅਤੇ ਭੂ-ਗਰਭ-ਵਿਗਿਆਨੀ; ਡਾਰਵਿਨ ਦੇ ਨਾਲ ਹੀ ਪ੍ਰਾਕਿਰਤਕ

ਚੋਣ ਦਾ ਸਿਧਾਂਤ ਸਥਾਪਤ ਕੀਤਾ; ਰੂਹਪ੍ਰਸਤੀ ਦਾ ਹਮਾਇਤੀ। — ੧੩੧, ੧੭੦-੧੭੮, ੧੮੦, ੧੮੨, ੧੮੩

**ਵਾਲੇਸ** (Wallace), ਰਾਬਰਟ (੧੬੯੭-੧੭੭੧) — ਅੰਗ੍ਰੇਜ਼ ਪਾਦਰੀ ਅਤੇ ਅੰਕੜਾ-ਵਿਗਿਆਨੀ; ਮਾਲਥਸ ਦਾ ਪੂਰਵ-ਅਧਿਕਾਰੀ। — ੧੨੯

**ਵਿਕਲਫ਼** (Wicliffe), ਜਾਨ (ਅਨੁਮਾਨਿਤ ੧੩੨੦-੧੩੮੪) — ਅੰਗ੍ਰੇਜ਼ ਧਾਰਮਿਕ ਸੁਧਾਰਕ; ਰੋਮ ਤੋਂ ਸੁਤੰਤਰ ਅੰਗ੍ਰੇਜ਼ ਚਰਚ ਦੀ ਸਿਰਜਣਾ ਲਈ ਜੂਝਿਆ; ਕੈਥੋਲਿਕ ਚਰਚ ਨੇ ਉਸ ਨੂੰ ਅਧਰਮੀ ਆਖ ਕੇ ਭੰਡਿਆ। — ੮੮, ੮੯

**ਵਿੱਟ** (Witt), ਯਾਨ ਡੇ (੧੬੨੫-੧੬੭੨) — ਡੱਚ ਰਾਜਨੇਤਾ, ਹਾਲੈਂਡ ਪ੍ਰਾਂਤ ਦਾ ਅਸਲ ਹਾਕਮ (੧੬੫੩-੧੬੭੨); ਵਡੇ ਬੁਰਜੂਆਜ਼ੀ ਦੇ ਹਿਤਾਂ ਦਾ ਪ੍ਰਤਿਨਿਧ। — ੧੩੧

**ਵਿਤੇਲੀਅਸ**, ਆਊਲੁਸ (੧੫-੬੯ ਈਸਵੀ) — ਰੋਮ ਦਾ ਸ਼ਹਿਨਸ਼ਾਹ (੬੯)। — ੩੧੫, ੩੩੦

**ਵਿਦੋਕ** (Vidocd), ਫਰਾਂਸਆ ਐਜੇਂ (੧੭੭੫-੧੮੫੭) — ਫ਼ਰਾਂਸੀਸੀ ਅਪਰਾਧੀ, ਖੁਫੀਆ ਪੁਲਸ ਦਾ ਏਜੰਟ, ਜਿਸ ਨਾਲ "ਵਿਦੋਕ ਦੀਆਂ ਯਾਦਾਂ" ਸੰਬੰਧਤ ਕੀਤੀ ਜਾਂਦੀ ਹੈ; ਉਸ ਦਾ ਨਾਂ ਇਕ ਚਾਲਬਾਜ਼ ਜਾਸੂਸ ਤੇ ਦਗਾਬਾਜ਼ ਦਾ ਪ੍ਰਤੀਕ ਬਣ ਗਿਆ। — ੪੦

**ਵਿਰਖੋਵ** (Virchow), ਰੁਡੋਲਫ (੧੮੨੧-੧੯੦੨) — ਜਰਮਨ ਰੋਗ-ਵਿਗਿਆਨੀ ਅਤੇ ਮਾਨਵ-ਵਿਗਿਆਨੀ; ਅਖੌਤੀ ਕੋਸ਼ (ਸੈੱਲਮਈ) ਰੋਗ-ਵਿਗਿਆਨ ਦੀ ਨੀਂਹ ਰਖੀ। — ੧੮੦

**ਵਿਲਕੇ** (Wilke), ਕ੍ਰਿਸਟੀਆਨ ਗੋਟਲੀਬ (੧੭੮੬-੧੮੫੪) — ਜਰਮਨ ਧਰਮ-ਸ਼ਾਸਤ੍ਰੀ, ਬਾਈਬਲ ਦਾ ਖੋਜੀ। — ੧੯੩

**ਵੀਕੋ** (Vico), ਜਮਬਤੀਸਤਾ (੧੬੬੮-੧੭੪੪) — ਇਟਲੀ ਦਾ ਸਮਾਜ-ਵਿਗਿਆਨੀ ਅਤੇ ਕਾਨੂੰਨਦਾਨ ਜਿਸ ਨੇ ਇਤਿਹਾਸਕ ਅਮਲ ਦੀ ਨਿਯਮਤਾ ਸਿਧ ਕਰਨ ਦੀ ਕੋਸ਼ਿਸ਼ ਕੀਤੀ। — ੧੨੯

**ਵੇਹੇ** (Wehe), ਯਾਕੋਬ (ਮੌਤ ੧੫੨੫) — ਲਾਈਪਹਾਇਮ ਦਾ ਪਾਦਰੀ, ਮਿਊਨਟਸਰ ਦਾ ਅਨੁਯਾਈ; ੧੫੨੫ ਵਿਚ ਲਾਈਪਹਾਇਮ ਦੇ ਕਿਸਾਨ ਦਸਤੇ ਦੇ ਆਗੂਆਂ ਵਿਚੋਂ ਇਕ; ਇਸ ਦੀ ਹਾਰ ਮਗਰੋਂ ਉਸ ਨੂੰ ਫਾਹੇ ਲਾ ਦਿਤਾ ਗਿਆ। — ੧੦੮

**ਵੈਂਡਰਲਿੰਟ** (Vanderlint), ਜੈਕਬ (ਮੌਤ ੧੭੪੦) — ਅੰਗ੍ਰੇਜ਼ ਅਰਥ-ਵਿਗਿਆਨੀ ਅਤੇ ਲਕੜੀ ਦਾ ਵਪਾਰੀ। — ੧੩੧

**ਵੋਲਨੇਈ** (Volney), ਕਨਸਤਨਤੀਨ ਫਰਾਂਸੂਆ (੧੭੫੭-੧੮੨੦) — ਫ਼ਰਾਂਸੀਸੀ ਬੁਰਜੂਆ ਪ੍ਰਬੁੱਧਤਾਵਾਦੀ ਅਤੇ ਦਰਸ਼ਨਵੇਤਾ, ਦੇਵਵਾਦੀ; ਆਪਣੀਆਂ ਲਿਖਤਾਂ "ਖੰਡਰ ਜਾਂ ਸ਼ਹਿਨਸ਼ਾਹੀਆਂ ਵਿਚ ਇਨਕਲਾਬਾਂ ਬਾਰੇ ਸੋਚ ਵਿਚਾਰ" ਵਿਚ ਉਸ ਨੇ ਪਿਛਾਖੜ ਦੇ ਹਥਠੋਕੇ ਵਜੋਂ ਧਰਮ ਅਤੇ ਚਰਚ ਦਾ ਰੋਲ ਵਿਖਾਇਆ। —੫੩

**ਵੋਲਫ਼** (Wolff), ਕ੍ਰਿਸਟੀਆਨ (੧੬੭੯-੧੭੫੪) — ਜਰਮਨ ਆਦਰਸ਼ਵਾਦੀ ਦਰਸ਼ਨਵੇਤਾ, ਪਰਾਭੌਤਿਕਵਾਦੀ। — ੩੯, ੧੫੦

**ਵੋਲਫ਼** (Wolff), ਕਾਸਪਰ ਫਰੀਡਰਿਖ਼ (੧੭੩੩-੧੭੯੪) — ਰੂਸੀ ਅਕਾਦਮੀਸ਼ਨ; ਜਰਮਨੀ ਵਿਚ ਪੈਦਾ ਹੋਇਆ; ਜੀਵ-ਵਿਗਿਆਨੀ, ਜੀਵਾਂ ਦੇ ਵਿਕਾਸ ਦੇ ਸਿਧਾਂਤ ਦਾ ਇਕ ਮੋਢੀ। — ੧੫੬

## ਸਾਹਿਤਕ ਅਤੇ ਮਿਥਿਹਾਸਕ
## ਨਾਮਾਵਲੀ

### ਅ

**ਅਪਾਲੋ** — ਪ੍ਰਾਚੀਨ ਯੂਨਾਨ ਦੇ ਮਿਥਿਹਾਸ ਵਿਚ ਚਾਣਨ, ਕਲਾ ਅਤੇ ਭਵਿਖਬਾਨੀ ਕਰਨ ਵਾਲਾ ਦੇਵਤਾ। — ੧੯੪

**ਐਜ਼ਰਾ** — ਬਾਈਬਲ ਦੀ ਕਥਾ ਅਨੁਸਾਰ ਬਾਈਬਲ ਦੀਆਂ ੫ ਪੁਸਤਕਾਂ ਦਾ ਕਰਤਾ। — ੩੧੬

### ੲ

**ਇਬਰਾਹੀਮ** — ਬਾਈਬਲ ਅਨੁਸਾਰ ਯਹੂਦੀਆਂ ਦਾ ਵਡੇਰਾ। — ੧੦੯

**ਈਸਾ, ਮਸੀਹ** — ਈਸਾਈਅਤ ਦਾ ਫਰਜ਼ੀ ਬਾਨੀ। — ੯੯-੧੦੧, ੧੦੨, ੧੧੬, ੧੨੧, ੧੯੩-੧੯੬, ੨੦੬, ੨੦੭, ੨੦੯, ੨੪੫, ੩੦੬, ੩੧੨, ੩੧੬, ੩੧੭, ੩੨੫, ੩੨੬, ੩੨੮, ੩੨੯, ੩੩੨, ੩੩੪-੩੩੬

**ਈਸਾਈਆ** — ਬਾਈਬਲ ਦੀਆਂ ਪੁਸਤਕਾਂ ਦੇ ਲੇਖਕਾਂ ਵਿਚੋਂ ਇਕ। — ੩੧੭, ੩੨੮, ੩੩੪

**ਏਕਾਰਟ** — ਜਰਮਨ ਮਧ ਕਾਲੀਨ ਕਥਾਵਾਂ ਦਾ ਪਾਤਰ, ਵਫਾਦਾਰ ਆਦਮੀ ਤੇ ਭਰੋਸੇਯੋਗ ਮੁਹਾਫਿਜ਼ ਦਾ ਬਿੰਬ। — ੭੭

**ਏਜ਼ੇਕੀਲ** — ਬਾਈਬਲ ਅਨੁਸਾਰ ਪੈਗੰਬਰ। — ੩੨੬

**ਏਰੀਆਦਨਾ** — ਯੂਨਾਨੀ ਮਿਥਿਹਾਸ ਵਿਚ ਕਰੀਟ ਦੇ ਬਾਦਸ਼ਾਹ ਮੀਨੋਸ ਦੀ ਧੀ, ਉਸ ਨੇ ਇਕ ਧਾਗੇ ਨਾਲ ਰਾਹ ਵਿਖਾਕੇ ਭੂਲ ਭਲੇਟੀਆਂ ਵਿਚੋਂ ਬਾਹਰ ਨਿਕਲਣ ਵਿਚ ਏਥਨਜ਼ ਦੇ ਸੂਰਮੇ ਤੇਜ਼ੇਊਸ ਦੀ ਮਦਦ ਕੀਤੀ। — ੧੫੬

### ਸ

**ਸਾਂਚੋ ਪਾਂਸਾ** — ਸੇਰਵਾਂਟਸ ਦੇ ਨਾਵਲ "ਡਾਨ ਕੁਇਗਜ਼ੋਤ" ਦਾ ਪਾਤਰ, ਡਾਨ ਕੁਇਗਜ਼ੋਤ ਦੀ ਤਲਵਾਰ ਚੁਕਣ ਵਾਲਾ। — ੮੪

**ਸਿਬੀਲਾ** — ਪ੍ਰਾਚੀਨਤਾ ਦਾ ਸਫਰ ਕਰਨ ਵਾਲੀਆਂ ਜੋਤਸ਼ਣਾਂ ਵਿਚੋਂ ਇਕ; ਉਹਦੇ ਨਾਂ ਨਾਲ ਜੁੜੀਆਂ ਜਾਣ ਵਾਲੀਆਂ ਭਵਿਖਬਾਨੀਆਂ, ਜਿਹੜੀਆਂ ਕਥਿਤ "ਸਿਬੀਲਾ ਦੀਆਂ ਪੁਸਤਕਾਂ" ਵਿਚ ਸ਼ਾਮਲ ਹਨ, ਪ੍ਰਾਚੀਨ ਰੋਮ ਦੇ ਧਾਰਮਕ ਜੀਵਨ ਵਿਚ ਵਡੀ ਮਹੱਤਤਾ ਵਾਲੀਆਂ ਸਨ। — ੩੨੬

**ਸਿਲਾ ਅਤੇ ਕਾਰਿਬਡਿਸ**-ਪ੍ਰਾਚੀਨ ਯੂਨਾਨ ਦੇ ਮਿਥਿਹਾਸ ਵਿਚ ਦੋ ਰਾਖਸ਼ਸ ਜਿਹੜੇ ਇਕ ਸੌੜੇ ਸਮੁੰਦਰੀ ਪਣਜੋੜ ਦੀਆਂ ਚਿਟਾਨਾਂ ਉਤੇ ਰਹਿੰਦੇ ਸਨ ਅਤੇ ਸਮੁੰਦਰ ਵਿਚੋਂ ਲੰਘਣ ਵਾਲਿਆਂ ਨੂੰ ਮਾਰ ਦੇਂਦੇ ਸਨ। — ੯੫

**ਸੇਂਟ ਜਾਨ** — ਈਸਾਈ ਧਰਮ ਵਿਚ ਈਸਾ ਦੇ ਆਦਿ-ਸ਼ਿਸ਼ਾਂ ਵਿਚੋਂ ਇਕ; ਬਾਈਬਲ ਦੀ ਪੁਸਤਕ "ਅਗੰਮ-ਗਿਆਨ" ਦਾ ਕਰਤਾ। — ੧੯੯, ੨੦੧, ੨੦੮-੨੧੦, ੨੧੨, ੩੧੪-੩੧੬, ੩੨੧, ੩੨੩, ੩੨੫-੩੨੭, ੩੩੩

**ਹ**

**ਹਰਮੇਜ਼** — ਯੂਨਾਨੀ ਮਿਥਿਹਾਸ ਵਿਚ ਚਰਾਂਦਾਂ ਅਤੇ ਵੱਗਾਂ, ਵਪਾਰ, ਮਾਰਗਾਂ ਦਾ ਦੇਵਤਾ, ਦੇਵਤਾਵਾਂ ਦਾ ਦੂਤ। — ੧੧, ੧੪, ੧੫

**ਹੇਨੋਖ** — ਕਥਿਤ "ਹੇਨੋਖ ਦੀ ਪੁਸਤਕ" ਦਾ ਕਰਤਾ ਜਿਹੜੀ ਬਾਈਬਲ ਵਿਚ ਸ਼ਾਮਲ ਨਹੀਂ ਹੋਈ। — ੨੦੮, ੩੧੬, ੩੨੧, ੩੨੬

**ਕ**

**ਕਾਰਨਵਾਲ** — ਸ਼ੇਕਸਪੀਅਰ ਦੇ ਦੁਖਾਂਤ ਨਾਤਕ "ਕਿੰਗ ਲੀਅਰ" ਦਾ ਪਾਤਰ। —੨੯

**ਕਾਰਿਬਡਿਸ** — ਵੇਖੋ ਸਿਲਾ ਅਤੇ ਕਾਰਿਬਡਿਸ।

**ਕਿਊਪਿਡ** — ਪ੍ਰਾਚੀਨ ਰੋਮਵਾਸੀਆਂ ਦੇ ਪ੍ਰੇਮ ਦਾ ਦੇਵਤਾ। — ੧੩੦

**ਜ**

**ਜਨਾ** — ਈਸਾਈਅਤ ਧਰਮ ਵਿਚ ਈਸਾ ਦਾ ਇਕ ਪੈਗੰਬਰ। ਬਾਈਬਲ ਦੇ "ਅਪੋਕਾਲੀਪਸੀਸ" ਦਾ ਕਰਤਾ। — ੧੯੯-੩੩੩

**ਜਿਹੋਵਾ** — ਯਹੂਦੀ ਧਰਮ ਵਿਚ ਮੁਖ ਦੇਵਤਾ। — ੩੬, ੧੪੦, ੧੯੫, ੩੩੩

**ਜ਼ੀਊਸ** — ਯਨਾਨੀ ਮਿਥਿਹਾਸ ਵਿਚ ਸਰਵੁਚ ਦੇਵਤਾ, ਗਰਜਣ ਵਾਲਾ। — ੧੨, ੩੧, ੧੪੦, ੧੯੮, ੨੧੮

**ਜੂਪੀਟਰ** — ਰੋਮ ਦੇ ਮਿਥਿਹਾਸ ਵਿਚ ਸਰਵੁਚ ਦੇਵਤਾ-ਗਰਜਣ ਵਾਲਾ, ਪ੍ਰਾਚੀਨ ਯੂਨਾਨ ਦੇ ਮਿਥਿਹਾਸ ਵਿਚ ਜੋ ਜ਼ੀਊਸ ਹੈ। — ੧੫, ੧੪੦, ੩੦੬, ੩੩੪

**ਜੈਜ਼ੇਬਲ**—ਪੁਰਾਤਨ ਸਾਖ ਦੀ ਕਥਾ ਅਨੁਸਾਰ ਇਸਰਾਈਲ ਦੀ ਜ਼ਾਲਮ ਤੇ ਪਥਰ-ਦਿਲ ਮਲਕਾ ਜਿਸ ਨੇ ਇਬਰਾਨੀ ਧਰਮ ਦੀ ਥਾਂ ਅਸਤਾਰਤਾ ਦੇਵੀ (ਫਿਨਿਸ਼ੀਆ ਦੇ ਮਿਥਿਹਾਸ ਵਿਚ ਉਪਜਾਇਕਤਾ ਤੇ ਪਿਆਰ ਦੀ ਦੇਵੀ) ਦੀ ਭਗਤੀ ਨੂੰ ਦੇਣ ਦਾ ਜਤਣ ਕੀਤਾ; ਇਹ ਨਾਂ ਨਵੀਂ ਸਾਖ ਦੀ "ਅਗੰਮ-ਗਿਆਨ ਦੀ ਪੁਸਤਕ" ਵਿਚ ਕਾਮੁਕਤਾ ਅਤੇ ਕੁਧਰਮ ਦੇ ਸਾਕਾਰ ਰੂਪ ਵਜੋਂ ਵਰਤਿਆ ਗਿਆ ਹੈ।—੨੦੫, ੩੨੦

**ਜੋਸ਼ੂਆ**—ਬਾਈਬਲ ਦਾ ਸੂਰਮਾ ਜਿਸ ਨੇ ਕਥਾ ਅਨੁਸਾਰ ਆਪਣੇ ਪਵਿਤਰ ਤੁਰਗਾਂ ਅਤੇ ਆਪਣੇ ਜੰਗੀ ਸੂਰਮਿਆਂ ਦੇ ਨਾਹਰਿਆਂ ਦੀਆਂ ਆਵਾਜ਼ਾਂ ਨਾਲ ਜੇਰੀਕੋ ਸ਼ਹਿਰ ਦੀਆਂ ਕੰਧਾਂ ਢਾਹ ਦਿਤੀਆਂ।—੩੯

## ਡ

**ਡਾਨ ਕੁਇਗਜ਼ੋਤ**—ਸੇਰਵਾਂਟਸ ਦੇ ਨਾਵਲ "ਡਾਨ ਕੁਇਗਜ਼ੋਤ" ਦਾ ਮੁਖ ਪਾਤਰ।—੧੯੦

**ਡੇਨੀਅਲ**—ਬਾਈਬਲ ਅਨੁਸਾਰ ਪੈਗੰਬਰ, ਬਾਈਬਲ ਦੀਆਂ ਪੁਸਤਕਾਂ ਵਿਚੋਂ ਇਕ—"ਡੇਨੀਅਲ ਦੀ ਪੁਸਤਕ" ਦੇ ਲੇਖਕਾਂ ਵਿਚੋਂ ਇਕ।—੧੦੦, ੩੧੫, ੩੧੬, ੩੨੬, ੩੨੮

## ਦ

**ਦੇ ਗਰਿਯੋ**—ਪਰੇਵੋ ਦੇ ਨਾਵਲ "ਸੂਰਮਾ ਦੇ ਗਰਿਯੋ ਅਤੇ ਮਾਨੋਨ ਲੇਸਕੋ ਦੀ ਕਹਾਣੀ" ਦਾ ਪਾਤਰ।—੧੯੧

## ਨ

**ਨਿਕੋਲਸ**—ਬਾਈਬਲ ਦੀ ਕਥਾ ਅਨੁਸਾਰ ਯਰੂਸ਼ਲਮ ਦਾ ਪਾਦਰੀ, ਧਰਮ-ਵਿਰੋਧੀ ਸੰਪਰਦਾਵਾਂ ਵਿਚੋਂ ਇਕ ਦਾ ਬਾਨੀ।—੩੨੦

**ਨੂਹ**—ਬਾਈਬਲ ਦੀ ਕਥਾ ਅਨੁਸਾਰ ਮਨੁਖਜਾਤੀ ਦਾ ਵਡੇਰਾ, ਜਿਹੜਾ ਪਰਲੋ ਤੋਂ ਮਗਰੋਂ ਸੁਰਜੀਤ ਹੋ ਗਿਆ।—੧੦੯

## ਪ

**ਪ੍ਰੋਮੀਥੀਅਸ**—ਯੂਨਾਨੀ ਮਿਥਿਹਾਸ ਵਿਚ ਦੈਂਤਾਂ ਵਿਚੋਂ ਇਕ ਜਿਸ ਨੇ ਦੇਵਤਾਵਾਂ ਤੋਂ ਅੱਗ ਚੁਰਾ ਲਈ ਅਤੇ ਲੋਕਾਂ ਨੂੰ ਪੁਚਾ ਲਈ; ਸਜ਼ਾ ਵਜੋਂ ਉਸ ਨੂੰ ਚਿਟਾਨ ਨਾਲ ਬੰਨ੍ਹ ਦਿਤਾ ਗਿਆ ਜਿਥੇ ਉਕਾਬ ਨੇ ਉਸ ਦਾ ਜਿਗਰ ਚੂੰਢ ਸੁਟਿਆ।—੧੧, ੧੨

**ਪਲੂਟੋ**—ਪ੍ਰਾਚੀਨ ਰੋਮਵਾਸੀਆਂ ਦਾ ਸਮੁੰਦਰੀ ਦੇਵਤਾ, ਜੋ ਪ੍ਰਾਚੀਨ ਯੂਨਾਨ ਦੇ ਮਿਥਿਹਾਸ ਵਿਚ ਪਾਸਾਈਦੋਨ ਹੈ।—੧੫

**ਪਾਨ**—ਪ੍ਰਾਚੀਨ ਯੂਨਾਨ ਦੇ ਮਿਥਿਹਾਸ ਵਿਚ ਜੂਹਾਂ, ਜੰਗਲਾਂ ਦਾ ਦੇਵਤਾ, ਵਾਗੀਆਂ ਦਾ ਰਖਿਅਕ।—੧੫

**ਪਾਲ**—ਬਾਈਬਲ ਦੀ ਕਥਾ ਅਨੁਸਾਰ ਈਸਾਈ ਆਦਿ-ਸ਼ਿਸ਼ਾਂ ਵਿਚੋਂ ਇਕ, ਨਵੀਂ ਸਾਖ ਵਿਚ ਸ਼ਾਮਲ ਕਈ ਪਤਰਾਂ ਦਾ ਕਰਤਾ।—੧੩੧, ੩੧੨, ੩੨੦, ੩੨੧

**ਪੈਰੇਗਰੀਨਸ**—ਲੂਕਿਅਨ ਦੇ ਵਿਅੰਗ ਸਾਹਿਤ "ਪੈਰੇਗਰੀਨ ਦੀ ਮੌਤ ਬਾਰੇ" ਦਾ ਪਾਤਰ, ਪੱਕਾਰ ਅਤੇ ਮੁਜਰਮ, ਉਪਦੇਸ਼ਕ ਦਾ ਦੰਭ ਕਰਦਾ ਹੈ।—੩੦੬-੩੧੧

## ਬ

**ਬਲਾਕ**—ਬਾਈਬਲ ਦੀ ਕਥਾ ਅਨੁਸਾਰ ਮੋਆਬੀਤਵਾਸੀਆਂ ਦਾ ਬਾਦਸ਼ਾਹ।—੩੧੯

**ਬਲਾਮ**—ਬਾਈਬਲ ਦੇ ਅਵਦਾਨਾਂ ਅਨੁਸਾਰ ਮੈਸੋਪੁਟੇਮੀਆ ਦਾ ਜਾਦੂਗਰ, ਜਿਸ ਨੂੰ ਬਲਾਕ ਨੇ ਸਦਿਆ (ਵੇਖੋ ਬਲਾਕ) ਤਾਂ ਜੋ ਇਜ਼ਰਾਈਲੀ ਲੋਕਾਂ ਨੂੰ ਲਾਹਨਤ ਪਾਈ ਜਾਏ।—੩੧੯-੩੨੦

**ਬਾਰੂਖ**—ਬਾਈਬਲ ਦੀ ਕਥਾ ਅਨੁਸਾਰ ਬਾਈਬਲ ਦੀਆਂ ਪੁਸਤਕਾਂ ਦੇ ਲੇਖਕਾਂ ਵਿਚੋਂ ਇਕ।—੩੧੬

## ਮ

**ਮਰੀਅਮ, ਕੁਆਰੀ**—ਈਸਾਈ ਧਰਮ ਵਿਚ ਈਸਾ ਮਸੀਹ ਦੀ ਮਾਂ।—੧੩੪

**ਮਾਈਆ**—ਪ੍ਰਾਚੀਨ ਯੂਨਾਨ ਦੀ ਦੇਵੀ।—੧੪

**ਮਾਈਕਲ**—ਬਾਈਬਲ ਦੀ ਕਥਾ ਅਨੁਸਾਰ ਵਡੇ ਫਰਿਸ਼ਤਿਆਂ ਵਿਚੋਂ ਇਕ।—੩੨੮

**ਮਾਨੋਨ ਲੇਸਕੋ**—ਪਰੇਵੋ ਦੇ ਨਾਵਲ "ਸ਼ੂਮਾ ਦੇ ਗਰਿਯੋ ਅਤੇ ਮਾਨੋਨ ਲੇਸਕੋ ਦੀ ਕਹਾਣੀ" ਦੀ ਪਾਤਰ।—੧੯੦

**ਮੂਸਾ**—ਬਾਈਬਲ ਦੀ ਕਥਾ ਅਨੁਸਾਰ ਪੈਗੰਬਰ ਅਤੇ ਕਾਨੂੰਨਸਾਜ਼।—੧੦੦, ੨੦੭, ੩੧੭

**ਮੈਥੀਉ**—ਬਾਈਬਲ ਦੀ ਕਥਾ ਅਨੁਸਾਰ ਈਸਾ ਦੇ ੧੨ ਆਦਿ-ਸ਼ਿਸਾਂ ਵਿਚੋਂ ਇਕ, ਅੰਜੀਲਾਂ ਦੇ ਲੇਖਕਾਂ ਵਿਚੋਂ ਇਕ।—੭੦

**ਮੇਫ਼ਿਸਟਫ਼ਲੀਜ਼**—ਗੋਇਥੇ ਦੇ ਦੁਖਾਂਤ ਨਾਟਕ "ਫ਼ਾਊਸਟ" ਦੇ ਮੁਖ ਪਤਰਾਂ ਵਿਚੋਂ ਇਕ।—੧੨੪, ੧੬੩, ੨੧੫

**ਮੋਲੋਕ**—ਪ੍ਰਾਚੀਨ ਫਿਨੀਸ਼ੀਆ ਅਤੇ ਕਾਰੀਥਜ ਧਰਮ ਵਿਚ ਸੂਰਜ ਦਾ ਦੇਵਤਾ ਜਿਸ ਦੀ ਪੂਜਾ ਨਾਲ ਮਨੁਖੀ ਕੁਰਬਾਨੀ ਦਿਤੀ ਜਾਂਦੀ ਸੀ, ਬਾਅਦ ਵਿਚ ਮੋਲੋਕ ਦਾ ਨਾਮ ਕਠੋਰ ਮਹਾਂ ਸ਼ਕਤੀ ਦਾ ਪ੍ਰਤੀਕ ਬਣ ਗਿਆ।—੭੯

**ਯ**

**ਯਹੂਦਾ ਆਦਿ-ਸ਼ਿਸ਼**—ਨਵੀਂ ਸਾਖ ਦੇ ਇਕ ਪਤਰ ਦਾ ਕਰਤਾ।—੩੧੬

**ਰ**

**ਰਹਾਦਾਮਾਨਥਮ**—ਪ੍ਰਾਚੀਨ ਯੂਨਾਨ ਦੇ ਮਿਥਿਹਾਸ ਵਿਚ ਸਿਆਣਾ, ਨਿਆਂ ਕਰਨ ਵਾਲਾ ਜੱਜ।—੨੪੪

**ਲ**

**ਲਾਜ਼ਾਰਸ**—ਅੰਜੀਲ ਦੀ ਇਕ ਕਥਾ ਵਿਚੋਂ ਗ਼ਰੀਬ ਪਾਤਰ ਦਾ ਨਾਂ।—੧੯੯

**ਲੂਕ**—ਅੰਜੀਲੀ ਕਥਾਵਾਂ ਦੇ ਲੇਖਕਾਂ ਦੇ ਵਿਚੋਂ ਇਕ।—੧੦੦

**ਲੇਵੀਆਥਨ**—ਬਾਈਬਲ ਦੀਆਂ ਕਥਾਵਾਂ ਅਨੁਸਾਰ ਇਕ ਵਡਾ ਸਮੁੰਦਰੀ ਰਾਖਸ਼।—੩੨

**ਵ**

**ਵਿਹੇਲਮ ਮਾਈਸਟਰ**—ਗੋਇਥੇ ਦੀ ਪੁਸਤਕ "ਵਿਲਹੈਲਮ ਮਾਈਸਟਰ ਦੀ ਪੜ੍ਹਾਈ ਦੇ ਸਾਲ" ਦਾ ਮੁਖ ਪਾਤਰ।—੮੪

## ਪਾਠਕ ਨੂੰ

ਇਸ ਕਿਤਾਬ ਦੇ ਅਨੁਵਾਦ, ਡੀਜ਼ਾਈਨ ਤੇ ਛਪਾਈ ਬਾਰੇ ਤੁਹਾਡੀ ਰਾਏ ਜਾਣ ਕੇ ਸਾਨੂੰ ਬੜੀ ਖ਼ੁਸ਼ੀ ਹੋਵੇਗੀ। ਅਗੋਂ ਛਪਣ ਵਾਲੀਆਂ ਕਿਤਾਬਾਂ ਲਈ ਤੁਹਾਡੇ ਸੁਝਾਵਾਂ ਦਾ ਵੀ ਅਸੀਂ ਸੁਆਗਤ ਕਰਾਂਗੇ। ਸਾਡਾ ਪਤਾ ਹੈ:

ਪ੍ਰਗਤੀ ਪ੍ਰਕਾਸ਼ਨ,
੧੭ ਜ਼ੂਬੋਵਸਕੀ ਬੂਲੇਵਾਰ,
ਮਾਸਕੋ, ਸੋਵੀਅਤ ਯੂਨੀਅਨ।

К. МАРКС, Ф. ЭНГЕЛЬС

О РЕЛИГИИ

*на языке панджаби*

K. Marx, F. Engels

On Religion

*in Punjabi*